
ੴ ਸਤਿਗੁਰ ਪ੍ਰਸਾਦਿ ॥

# ਸੇਵਕ ਕਉ ਸੇਵਾ ਬਨਿ ਆਈ ॥ ਹੁਕਮੁ ਬੂਝਿ ਪਰਮ ਪਦੁ ਪਾਈ ॥

## ਵਿਸ਼ਵ ਸਦੀਵੀ ਸ਼ਾਂਤੀ



## ਜੀਵਨ ਕਥਾ

# ਗੁਰਮੁਖ ਪਿਆਰੇ ਸੰਤ ਅਤਰ ਸਿੰਘ ਜੀ ਮਹਾਰਾਜ ਮਸਤੂਆਣੇ ਵਾਲੇ

## (ਭਾਗ-2)

ੴ ਸਤਿਗੁਰ ਪ੍ਰਸਾਦਿ ॥

*ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥*
*ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥*

# ਜੀਵਨ ਕਥਾ

## ਗੁਰਮੁਖ ਪਿਆਰੇ
## ਸੰਤ ਅਤਰ ਸਿੰਘ ਜੀ ਮਹਾਰਾਜ

**ਦੇ ਅਨਿੰਨ ਸੇਵਕ**


**ਸੰਤ ਤੇਜਾ ਸਿੰਘ ਜੀ**

ਐਮ ਏ, ਐਲ ਐਲ ਬੀ (ਪੰਜਾਬ)
ਏ ਐਮ (ਹਾਰਵਰਡ, ਯੂ ਐਸ ਏ)


ਦੀ

*[ਆਪਣੀ ਕਲਮ ਤੋਂ ਲਿਖੀ ਹੋਈ]*

**ਭਾਗ–2**


## ਕਲਗੀਧਰ ਟਰੱਸਟ

ਸੰਤ ਅਤਰ ਸਿੰਘ ਹਰੀ ਸਾਧੂ ਆਸ਼੍ਰਮ, ਗੁਰਦੁਆਰਾ ਬੜੂ ਸਾਹਿਬ
ਜ਼ਿਲ੍ਹਾ ਸਿਰਮੌਰ, ਹਿਮਾਚਲ ਪ੍ਰਦੇਸ਼–173 101
Phone: 01799-275031 Mobile: 9816033303 Fax: 01799-275041
e-mail: info@barusahib.org www.barusahib.org

© ( ਸਭ ਹੱਕ ਟਰੱਸਟ ਦੇ ਰਾਖਵੇਂ ਹਨ )


| | |
|---|---|
| ਪਹਿਲੀ ਵਾਰ (ਫਰਵਰੀ 1989) | 1100 |
| ਦੂਸਰੀ ਵਾਰ (ਅਗਸਤ 1991) | 1100 |
| ਤੀਜੀ ਵਾਰ (ਜੁਲਾਈ 1992) | 2100 |
| ਚੌਥੀ ਵਾਰ (ਜੂਨ 1994) | 1200 |
| ਪੰਜਵੀਂ ਵਾਰ (ਜੂਨ 1996) | 2100 |
| ਛੇਵੀਂ ਵਾਰ (ਜਨਵਰੀ 2000) | 2100 |
| ਸੱਤਵੀਂ ਵਾਰ (ਜਨਵਰੀ 2005) | 5100 |
| ਅੱਠਵੀਂ ਵਾਰ (ਜਨਵਰੀ 2006) | 3100 |
| ਨੌਵੀਂ ਵਾਰ (ਨਵੰਬਰ 2006) | 5100 |
| ਦਸਵੀਂ ਵਾਰ (ਜੂਨ 2008) | 2000 |

***ਭੇਟਾ: 51 ਰੁਪਏ*** *(ਕੇਵਲ ਗੁਰਮਤਿ ਪ੍ਰਚਾਰ ਲਈ)*

***ਛਪਾਈ ਦੀ ਲਾਗਤ: 151 ਰੁਪਏ ਜੋ ਖਰਚ ਕਲਗੀਧਰ ਟਰੱਸਟ ਕਰਦਾ ਹੈ***

ਪ੍ਰਕਾਸ਼ਕ

# ਕਲਗੀਧਰ ਟਰੱਸਟ

ਸੰਤ ਅਤਰ ਸਿੰਘ ਹਰੀ ਸਾਧੂ ਆਸ਼੍ਰਮ, ਗੁਰਦੁਆਰਾ ਬੜੂ ਸਾਹਿਬ
ਜ਼ਿਲ੍ਹਾ ਸਿਰਮੌਰ, ਹਿਮਾਚਲ ਪ੍ਰਦੇਸ਼-173 101
Phone: 01799-276031 Mobile: 9816033303 Fax: 01799-276041
e-mail: info@barusahib.org www.barusahib.org

Printed at: Akal Printing Press, Baru Sahib.

# ਭੂਮਿਕਾ

ਬੇਗਮ ਪੁਰਾ ਸਹਰ ਕੋ ਨਾਉ ॥ ਦੂਖੁ ਅੰਦੋਹੁ ਨਹੀ ਤਿਹਿ ਠਾਉ ॥
ਨਾਂ ਤਸਵੀਸ ਖਿਰਾਜੁ ਨ ਮਾਲੁ ॥ ਖਉਫੁ ਨ ਖਤਾ ਨ ਤਰਸੁ ਜਵਾਲੁ ॥੧॥
ਅਬ ਮੋਹਿ ਖੂਬ ਵਤਨ ਗਹ ਪਾਈ ॥ ਊਹਾਂ ਖੈਰਿ ਸਦਾ ਮੇਰੇ ਭਾਈ ॥੧॥ਰਹਾਉ॥
ਕਾਇਮੁ ਦਾਇਮੁ ਸਦਾ ਪਾਤਿਸਾਹੀ ॥ ਦੋਮ ਨ ਸੇਮ ਏਕ ਸੋ ਆਹੀ ॥
ਆਬਾਦਾਨੁ ਸਦਾ ਮਸਹੂਰ ॥ ਊਹਾਂ ਗਨੀ ਬਸਹਿ ਮਾਮੂਰ ॥੨॥
ਤਿਉ ਤਿਉ ਸੈਲ ਕਰਹਿ ਜਿਉ ਭਾਵੈ ॥ ਮਹਰਮ ਮਹਲ ਨ ਕੋ ਅਟਕਾਵੈ ॥
ਕਹਿ ਰਵਿਦਾਸ ਖਲਾਸ ਚਮਾਰਾ ॥ ਜੋ ਹਮ ਸਹਰੀ ਸੁ ਮੀਤੁ ਹਮਾਰਾ ॥੩॥੨॥ (੩੪੫)

ਰਾਜ ਜੋਗੀ ਸੰਤ ਅਤਰ ਸਿੰਘ ਜੀ ਮਹਾਰਾਜ ਵੀਹਵੀਂ ਸਦੀ ਦੇ ਉਹ ਮਹਾਂਪੁਰਸ਼ ਹੋਏ ਹਨ, ਜਿਨ੍ਹਾਂ ਨੇ ਆਪਣੇ ਆਪ ਨੂੰ ਗੁਰੂ ਨਾਨਕ ਦੇ ਗੁਰਮਤਿ ਮਾਰਗ ਵਿੱਚ ਢਾਲ ਕੇ ਅਤੇ ਸਾਰੀ ਸ੍ਰਿਸ਼ਟੀ ਵਿੱਚ ਇਸ ਦੀ ਸੋਅ ਫੈਲਾ ਕੇ, ਮਾਨਵਤਾ ਨੂੰ ਸਦੀਵੀ ਸ਼ਾਂਤੀ ਲਈ ਸੱਚ ਦੇ ਮਾਰਗ 'ਤੇ ਚੱਲਣ ਦਾ ਸੰਦੇਸ਼ ਦਿੱਤਾ। ਉਹਨਾਂ ਦੇ ਵਰੋਸਾਏ ਹੋਏ ਗੁਰਮੁਖ ਪਿਆਰੇ ਸੰਤ ਤੇਜਾ ਸਿੰਘ ਜੀ MA, LLB, (PUNJAB), AM (HARVARD, USA) ਨੇ ਆਪਣਾ ਜੀਵਨ ਗੁਰਬਾਣੀ ਅਨੁਸਾਰ ਢਾਲ ਕੇ ਸਾਰੀ ਸ੍ਰਿਸ਼ਟੀ ਵਿੱਚ ਆਤਮਿਕ ਭਾਈਚਾਰੇ (Spiritual Brotherhood) ਲਈ ਗੁਰਮਤਿ ਦਾ ਸੰਦੇਸ਼ ਦਿੱਤਾ। ਉਹਨਾਂ ਨੇ ਆਪਣੀ ਜੀਵਨ ਕਹਾਣੀ ਲਿਖ ਕੇ ਦਰਸਾਇਆ ਕਿ ਉਹ ਆਪ ਕਿਸ ਤਰ੍ਹਾਂ ਨਾਸਤਿਕ (Etheist) ਤੋਂ ਆਸਤਿਕ (Theist) ਬਣੇ। ਉਹਨਾਂ ਨੇ ਬ੍ਰਹਮ ਗਿਆਨੀ ਸੰਤ ਅਤਰ ਸਿੰਘ ਜੀ ਮਹਾਰਾਜ ਦੀ ਵਿਸਥਾਰ ਰੂਪ ਵਿੱਚ ਜੀਵਨ ਕਥਾ ਲਿਖੀ। ਆਤਮ-ਪਦ ਦੀ ਪ੍ਰਾਪਤੀ ਅਤੇ ਨਿਰਾਕਾਰ ਦੇ ਦੇਸ਼ ਵਿੱਚ ਪੁੱਜਣ ਲਈ ਗੁਰਮਤਿ ਸਿਧਾਂਤ ਦੀ ਵਿਆਖਿਆ ਕੀਤੀ ਅਤੇ ਇਸ ਦਾ ਸਾਰੇ ਸੰਸਾਰ ਵਿੱਚ ਸੰਦੇਸ਼ ਦਿੱਤਾ। ਇਸ ਆਸ਼ੇ ਦੇ ਪ੍ਰਸਾਰਨ ਲਈ ਉਹਨਾਂ ਨੇ ਕਲਗੀਧਰ ਟਰੱਸਟ ਸਥਾਪਿਤ ਕੀਤਾ। ਕਲਗੀਧਰ ਟਰੱਸਟ ਦੇ ਸੇਵਾਦਾਰਾਂ ਨੇ ਯਤਨ ਕੀਤਾ ਹੈ ਕਿ ਸੰਤ ਤੇਜਾ ਸਿੰਘ ਜੀ ਦੀ ਦੋ ਭਾਗਾਂ ਵਿੱਚ ਲਿਖੀ "ਜੀਵਨ ਕਥਾ ਸੰਤ ਅਤਰ ਸਿੰਘ ਜੀ ਮਹਾਰਾਜ" ਲਿਖਤ ਦੇ ਕਾਂਡਾਂ ਵਿੱਚੋਂ ਜੋ ਕਾਂਡ ਸੰਤ ਅਤਰ ਸਿੰਘ ਜੀ ਮਹਾਰਾਜ ਜੀ ਦੀ ਜੀਵਨ ਕਥਾ ਨਾਲ ਸਿੱਧੇ ਸਬੰਧ ਰੱਖਦੇ ਹਨ, ਉਹਨਾਂ ਨੂੰ ਤਰਤੀਬਵਾਰ ਜੋੜ ਕੇ ਪਹਿਲੇ ਭਾਗ ਵਿੱਚ ਦਰਜ ਕੀਤਾ ਗਿਆ ਹੈ। ਉਹ ਲਿਖਤ ਦੇ ਕਾਂਡ ਜਿਨ੍ਹਾਂ ਵਿੱਚ ਸੰਤ ਤੇਜਾ ਸਿੰਘ ਜੀ ਦੀ ਮੁੱਢਲੀ ਜੀਵਨੀ ਸੀ ਅਤੇ ਜਿਨ੍ਹਾਂ ਵਿੱਚ ਸੰਤ ਤੇਜਾ ਸਿੰਘ ਨੇ ਸੰਤ ਅਤਰ ਸਿੰਘ ਜੀ ਦੀ ਅਗਵਾਈ ਹੇਠ ਬਚਨ-ਬਧ ਹੋ ਅਕਾਲ ਪੁਰਖ ਦਾ ਹੁਕਮ ਮੰਨ ਇਸ ਸੰਸਾਰ ਵਿੱਚ ਗੁਰੂ ਪੰਥ ਦੀ ਸੇਵਾ ਕੀਤੀ, ਉਹ ਮੁੜ ਤਰਤੀਬਵਾਰ (Rearrange) ਕਰਕੇ ਦੂਜੇ ਭਾਗ ਵਿੱਚ ਦਰਜ਼ ਕਰ ਦਿੱਤੇ ਹਨ ਤਾਂ ਕਿ ਪਾਠਕਾਂ ਦੀ, ਜੀਵਨ ਕਥਾ ਪੜ੍ਹਣ ਵਿੱਚ ਇਕਸਾਰਤਾ ਰਹੇ। ਦੋਨਾਂ ਭਾਗਾਂ ਵਿੱਚ ਕੁਝ ਹੋਰ ਸਾਖੀਆਂ ਜੋ ਮਿਲੀਆਂ ਹਨ, ਉਹ ਵੀ ਠੀਕ ਥਾਂਵਾਂ ਤੇ ਦਰਜ਼ ਕਰ ਦਿੱਤੀਆਂ ਹਨ ਤਾਂ ਕਿ ਪਾਠਕ ਹੋਰ ਲਾਹਾ ਲੈ ਸਕਣ।

ਸਾਧ ਸੰਗਤ ਦੇ ਦਾਸਨ ਦਾਸ
ਸੇਵਕ
ਕਲਗੀਧਰ ਟਰੱਸਟ
ਸੰਤ ਅਤਰ ਸਿੰਘ ਹਰੀ ਸਾਧੂ ਆਸ਼੍ਰਮ
ਡਾਕਖਾਨਾ ਬੜੂ ਸਾਹਿਬ, ਜ਼ਿਲ੍ਹਾ ਸਿਰਮੌਰ, ਹਿਮਾਚਲ ਪ੍ਰਦੇਸ਼।

# ਤਤਕਰਾ


| ਕਾਂਡ | | ਪੰਨਾ |
|---|---|---|
| | ਮੁੱਖ ਲੇਖ | ੳ-ਚ |
| 1. | ਜਨਮ ਅਤੇ ਬਾਲਪਨ | 1 |
| 2. | ਪੜ੍ਹਾਈ ਅਤੇ ਜਵਾਨ ਅਵਸਥਾ ਦੇ ਰੰਗ | 9 |
| 3. | ਵਿੱਦਿਆ ਦਾਨ ਅਤੇ ਸੇਵਾ ਭਾਵ | 27 |
| 4. | ਮਸਤਾਨੀ ਦਸ਼ਾ, ਸੰਤਾਂ ਦੇ ਮਿਲਣ ਦੀ ਖਿੱਚ, ਸੰਤ ਬਾਬਾ ਸ਼ਾਮ ਸਿੰਘ ਜੀ ਮਹਾਰਾਜ ਦੇ ਦਰਸ਼ਨ ਕਰਨਾ, ਸੰਤ ਅਤਰ ਸਿੰਘ ਜੀ ਮਹਾਰਾਜ ਦੇ ਦਰਸ਼ਨ, ਅੰਮ੍ਰਿਤ ਛਕਣ ਲਈ ਅਕਾਸ਼-ਬਾਣੀ | 36 |
| 5. | ਨਾਮ ਦਾ ਖੁੱਲ੍ਹਾ ਚੱਕਰ ਚੱਲਣਾ, ਹੁਕਮ ਵਿੱਚ ਵਲਾਇਤ ਅਮਰੀਕਾ ਜਾਣਾ | 47 |
| 6. | ਸੰਤ ਜੀ ਮਹਾਰਾਜ ਦੇ ਦਾਸ ਲਈ ਚਾਰ ਅਮੋਲਕ ਬਚਨ, ਹੁਕਮ ਵਿੱਚ ਪੱਛਮੀ ਦੇਸ਼ਾਂ ਦੀ ਯਾਤਰਾ | 54 |
| 7. | ਲੰਡਨ ਵਿੱਚ ਪੜ੍ਹਾਈ, ਕੈਮਬਰਿਜ਼ ਯੂਨੀਵਰਸਿਟੀ ਵਿੱਚ ਪਹਿਲੀ ਵਾਰ ਸਿੱਖ ਵਿਦਿਆਰਥੀ ਪਗੜੀ ਸਮੇਤ | 58 |
| 8. | ਅਮਰੀਕਾ ਜਾਣਾ, ਜਿਸ ਦਾ ਜੀਅ ਲੈਕਚਰ ਕਰਨ ਨੂੰ ਕਰੇ, ਉਹ ਨਾ ਕਰੇ; ਜਿਸ ਦਾ ਜੀਅ ਨਾ ਕਰੇ ਉਹ ਕਰੇ, ਰਿੱਧੀ-ਸਿੱਧੀ ਤੁੱਛ ਹੈ ਆਤਮ ਪਦ ਇਸ ਤੋਂ ਬਹੁਤ ਅੱਗੇ ਹਨ | 62 |
| 9. | ਕੈਨੇਡਾ ਵਿੱਚ ਗੁਰਮਤਿ ਪ੍ਰਚਾਰ | 65 |
| 10. | ਕੈਨੇਡਾ ਵਿੱਚ ਹਿੰਦੁਸਤਾਨੀ ਵੀਰਾਂ ਦੇ ਹੱਕ ਦੁਆਉਣੇ, ਕੈਨੇਡਾ ਵਿੱਚ ਅੰਮ੍ਰਿਤ ਪ੍ਰਚਾਰ ਅਤੇ ਗੁਰਦੁਆਰੇ ਬਣਾਉਣੇ | 70 |
| 11. | ਕੈਨੇਡਾ ਵਿੱਚ ਅੰਮ੍ਰਿਤ ਪ੍ਰਚਾਰ, ਗਿਆਨ ਦਾ ਪ੍ਰਕਾਸ਼ ਮਸ਼ਰਕ ਪੂਰਬ ਵੱਲੋਂ ਹੀ ਆਵੇਗਾ Audit ਦਾ ਝੂਠਾਂ ਕੇਸ, ਲੰਡਨ ਵਿੱਚ ਗੁਰਦੁਆਰਾ ਬਣਾਉਣਾ ਦੀ ਵਿਚਾਰ, ਜਰਮਨੀ ਵਿੱਚ ਸਰਬ ਧਰਮੀ ਕਾਂਗਰਸ ਵਿੱਚ ਗੁਰਮਤਿ ਲੈਕਚਰ, ਲੰਡਨ ਵਿੱਚ ਪਹਿਲੇ ਗੁਰਦੁਆਰੇ ਦੀ ਅਸਥਾਪਨਾ | 80 |
| 12. | ਸੇਵਾ ਲਈ ਔਕੜਾਂ ਦਾ ਸਾਮ੍ਹਣਾ, ਕਰਮ ਕਰਤ ਹੋਵੈ ਨਿਹਕਰਮ, ਪੜ੍ਹਾਈ ਨਾਲ ਗੁਰਬਾਣੀ ਦਾ ਨਿੱਤਨੇਮ, ਬਾਬਾ ਵਿਸਾਖਾ ਸਿੰਘ ਜੀ ਦਦੇਹਰ ਵਾਲਿਆਂ ਦਾ ਮੇਲ, ਸਟਾਕਟਨ ਵਿੱਚ ਗੁਰਦੁਆਰਾ ਬਣਾਉਣਾ | 90 |
| 13. | ਕੈਨੇਡਾ ਵਿੱਚ ਹਿੰਦੁਸਤਾਨੀਆਂ ਦੇ ਹੱਕਾਂ ਲਈ ਅਗਵਾਈ ਕਰਨਾ, ਵਿਕਟੋਰੀਆ ਵਿਖੇ ਗੁਰਦੁਆਰਾ ਬਣਾਉਣਾ ਅਤੇ ਗੁਰਮਤਿ ਚਮਤਕਾਰ, ਛੋਟੇ ਭੁਝੰਗੀ ਦੇ ਇਲਾਹੀ ਕੌਤਕ, ਸੇਵਾ ਉਪਰੰਤ ਹਿੰਦੁਸਤਾਨ ਵਾਪਸੀ, ਸੂਰ ਦਾ ਸ਼ਿਕਾਰ ਛਕ ਲਿਆ ਅਤੇ ਕੁੱਕੜੀ ਦਾ ਮਾਸ ਛੱਡ ਦਿੱਤਾ | 97 |
| 14. | ਮਸਤੂਆਣੇ ਸੰਤ ਜੀ ਮਹਾਰਾਜ ਦੇ ਸੇਵਾ ਵਿੱਚ ਹਾਜ਼ਰ ਹੋਣਾ, ਮਸਤੂਆਣਾ ਇੱਕ ਮੀਲ ਏਧਰ ਇੱਕ ਮੀਲ ਏਧਰ ਵਧੂ, ਦ੍ਰਿਸਟਮਾਨ ਹੈ ਸਗਲ ਮਿਥੇਨਾ, ਪ੍ਰੀਖਿਆ ਦੀ ਕਸਵੱਟੀ, ਮਨ ਦੀ ਸਹਿਜ ਅਵਸਥਾ ਸਵਾਸ-ਸਵਾਸ ਸਿਮਰਨ ਨਾਲ ਆਉਂਦੀ ਹੈ, ਭਸੌੜ ਕੰਨਿਆ ਵਿਦਿਆਲੇ ਦੀ ਸੇਵਾ | 108 |

15. ਕੱਲਰ ਖ਼ਾਲਸਾ ਹਾਈ ਸਕੂਲ ਦੇ ਪ੍ਰਬੰਧ ਦੀ ਸੇਵਾ, ਪੋਠੋਹਾਰ ਵਿੱਚ ਗੁਰਮਤਿ ਪ੍ਰਚਾਰ, ਸੂਫ਼ੀ ਫ਼ੱਕਰ ਦਾ ਪ੍ਰੇਮ 123
16. ਸ਼ਿਮਲੇ ਵਿੱਚ ਅੰਮ੍ਰਿਤ ਪ੍ਰਚਾਰ, ਦੋ ਉੱਚੀਆਂ ਦੇਗਾਂ ਬਣਾਉਣਾ 129
17. ਬਨਾਰਸ ਹਿੰਦੂ ਯੂਨੀਵਰਸਿਟੀ ਵਿੱਚ ਪ੍ਰਿੰਸੀਪਲ ਲੱਗਣਾ, ਅਕਾਲ ਕਾਲਜ ਲਈ ਮਹਾਰਾਜ ਨਾਭਾ ਨਾਲ ਵਿਚਾਰ, ਬਨਾਰਸ ਯੂਨੀਵਰਸਿਟੀ ਛੱਡ ਅਕਾਲ ਕਾਲਜ ਦੀ ਸੇਵਾ ਕਰਨੀ, ਸਿੱਖ ਲੀਗ ਸਮਾਗਮ ਵਿੱਚ ਭਾਗ ਲੈਣਾ, ਗੁਰੂ ਘਰ ਦਾ ਸਤਿਆਗ੍ਰਹਿ, ਅਕਾਲ ਤਖ਼ਤ ਦੀ ਸੇਵਾ ਕਰਨੀ, ਪੰਚ ਮਿਲੇ ਸੋ ਪੀਰਨ ਪੀਰ 136
18. ਪੰਥ ਦੀ ਜਥੇਬੰਦੀ, ਅਤਿ ਦੀ ਆਤਮਕ ਗਰੀਬੀ ਨਾਲ ਸੇਵਾ, ਸੇਵਾ ਵਿੱਚ ਅਤਿ ਦੀ ਪ੍ਰੀਖਿਆ, ਕਲਯੁਗ ਵਿੱਚ ਆਤਮਕ ਸ਼ਾਂਤੀ ਦੀ ਲਹਿਰ, ਗੁਰੂ ਕੀ ਕੈਦ, ਊਭੀ ਸੇਵ 156
19. ਹੁਕਮ ਅੰਦਰ 172
20. ਜੇ ਗੁਰੂ ਝਿੜਕੇ ਤਾ ਮੀਠਾ ਲਾਗੈ ਬਖਸੇ ਤ ਗੁਰ ਵਡਿਆਈ ॥ 177
21. ਦਮਦਮਾ ਸਾਹਿਬ ਗੁਰੂ ਕਾਂਸ਼ੀ ਕੀ ਸੇਵਾ, ਫ਼ਕੀਰੀ – ਫਫਾ ਫ਼ਨਾਹ, ਕਕਾ ਕਿਨਾਰੇ, ਰਾਰਾ ਰਹਿਮ ਦਿਲ 182
22. 189
23. ਹੁਕਮ ਮੰਨ ਗੁਜਰਾਂਵਾਲੇ ਕਾਲਜ ਤੋਂ ਅਸਤੀਫਾ ਦੇ, ਸੰਤਾਂ ਦੀ ਸੇਵਾ ਵਿੱਚ ਹਾਜ਼ਰ ਹੋਣਾ 193
24. ਸੰਤ ਚਰਨ ਧਰਉ ਮਾਥੈ, ਏਕ ਚਿਤ ਜਿਹ ਇਕ ਛਿਨ ਧਿਆਇਓ ਕਾਲ ਫਾਸ ਕੇ ਬੀਚ ਨ ਆਇਓ। 199
25. ਇਕਿ ਸੇਵਕ ਗੁਰ ਪਾਸਿ ਇਕਿ ਗੁਰਿ ਕਾਰੈ ਲਾਈਆ ॥ 202
26. ਸੰਤ ਜੀ ਮਹਾਰਾਜ ਦੇ ਸੇਵਾ ਦੇ ਤਿੰਨ ਬਚਨ 206
27. ਪੱਛਮੀ ਪੰਜਾਬ ਦਾ ਉਚੇਚਾ ਦੌਰਾ, ਸੰਤ ਕਰਤਾਰ ਸਿੰਘ ਜੀ ਬਾੜੀਵਾਲੇ, ਭਾਈ ਕਰਤਾਰ ਸਿੰਘ ਜੀ (ਸੰਤ) ਵਾਇਲਨ ਵਾਲੇ, ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਵਿਦਿਆਰਥੀਆਂ ਨੂੰ ਉਪਦੇਸ਼, ਗਰੀਬੀ ਗਦਾ ਹਮਾਰੀ, ਪਿਛਲੇ ਜਨਮ ਦਾ ਅਨੁਭਵ ਕਰਕੇ ਉਪਦੇਸ਼ ਕਰਨਾ, ਬੈਂਕਾਕ, ਮਲਾਇਆ ਅਤੇ ਸਿੰਘਾਪੁਰ ਵਿੱਚ ਗੁਰਮਤਿ ਪ੍ਰਚਾਰ, ਪੂਰਬੀ ਅਫ਼ਰੀਕਾ ਵਿੱਚ ਨਾਮ-ਬਾਣੀ ਅਤੇ ਅੰਮ੍ਰਿਤ ਪ੍ਰਚਾਰ, ਮਲਾਇਆ, ਜਪਾਨ, ਅਮਰੀਕਾ ਅਤੇ ਕੈਨੇਡਾ ਵਿੱਚ ਗੁਰਮਤਿ ਪ੍ਰਚਾਰ, ਕਸ਼ਮੀਰ ਵਿੱਚ ਨਾਮ-ਬਾਣੀ ਸਿਮਰਨ ਦਾ ਪ੍ਰਚਾਰ। 217
28. ਵਿਸ਼ਵ ਸਦੀਵੀ ਸ਼ਾਂਤੀ ਦਾ ਸੰਦੇਸ਼, ਐਲਬਰਟ ਆਈਨਸਟਾਈਨ (ALBERT EINSTEIN), ਕ੍ਰਿਟਲੇ ਐਫ ਮੇਦਰ (KIRTLY F. MATHER), ਭਗਤ ਰਾਮਾਨੰਦ ਜੀ, ਭਗਤ ਕਬੀਰ ਜੀ ਭਗਤ ਨਾਮਦੇਵ ਜੀ, ਭਗਤ ਸ਼ੇਖ ਫ਼ਰੀਦ ਜੀ, ਭਗਤ ਭੀਖਣ ਜੀ, ਭਗਤ ਰਵਿਦਾਸ ਜੀ, ਭਗਤ ਪੀਪਾ ਜੀ, ਸਿਮਰਨ ਦਾ ਸਮਾਂ, ਸਿਮਰਨ ਦਾ ਤਰੀਕਾ, ਸਿਮਰਨ ਦਾ ਪ੍ਰਭਾਵ ਅਤੇ ਕਰਾਮਾਤ 228
29. ਚੋਣਵੀਆਂ ਸਾਖੀਆਂ: ਇੱਕ ਅਭਿਲਾਸੀ ਅਮਰੀਕਨ ਬੀਬੀ ਦੀ ਬੱਚੀ ਦਾ ਮੇਲ, ਅਮਰੀਕਾ ਹੈਨਰੀ ਫੋਰਡ ਨਾਲ ਮੇਲ, ਮਸਤੂਆਣੇ ਦਾ ਕੋਟ ਵੱਡਾ ਕਰਨਾ, ਮਸਤੂਆਣੇ ਦੀ ਜਥੇਦਾਰੀ ਭਾਈ ਕਰਮ ਸਿੰਘ ਜੀ, ਭਾਈ ਚੰਦ ਸਿੰਘ ਜੀ, ਸ਼ਰਾਬ ਨਾ ਪੀਣ ਦਾ ਉਪਦੇਸ਼, ਮਾਲਕ ਦੀ

ਰਜ਼ਾ ਵਿੱਚ ਰਹਿਣਾ, ਬੋਲ-ਕਬੋਲ ਸਹਾਰਨਾ, ਗ੍ਰੰਥੀ ਸਿੰਘ ਦਾ ਆਚਰਨ ਉੱਚਾ ਹੋਣਾ ਚਾਹੀਦਾ ਹੈ, ਪਤਿਤ ਹੋਏ ਸਿੱਖਾਂ ਨੂੰ ਪ੍ਰੇਰਨਾ, ਦਸਵੰਧ ਕੱਢਣ ਦਾ ਉਪਦੇਸ਼, ਅਵਗੁਣ ਨਾ ਚਿਤਾਰਨਾ, ਅਖੌਤੀ ਨਿਹਕਲੰਕ ਅਵਤਾਰ, ਭਾਈ ਕੌਰ ਸਿੰਘ ਜੀ, ਬੀਬੀ ਪ੍ਰੀਤਮ ਕੌਰ, ਭਾਈ ਗੁਰਦਿਆਲ ਸਿੰਘ, ਮਾਈ ਪ੍ਰਸਿੰਨ ਕੌਰ, ਇੱਕ ਮਾਈ ਦਾ ਲੋਭ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਵੱਗਿਆ ਦੀ ਭੁੱਲ ਮੰਗਣੀ, ਸਾਧੂ ਰੁੱਖੜ ਦਾਸ ਦਾ ਪ੍ਰੇਮ, ਇਸ ਸੇਵਾ ਸੁਪਨਾ ਹੀ ਹੈ, ਭਾਈ ਹਰਨਾਮ ਸਿੰਘ 260

30. ਗੁਰਦੁਆਰਾ ਜਨਮ ਅਸਥਾਨ ਚੀਮਾਂ 275

31. ਹੋਰ ਚੋਣਵੀਆਂ ਸਾਖੀਆਂ: ਸੰਤ ਤੇਜਾ ਸਿੰਘ ਜੀ ਦਾ ਪਾਉਂਟਾ ਸਾਹਿਬ ਨਿਵਾਸ, ਭਾਣਾ ਮੰਨਣਾ, ਪਾਉਂਟਾ ਸਾਹਿਬ ਗੁਰਦੁਆਰੇ ਦੀ ਸੇਵਾ, ਭਾਈ ਕੇਸਰ ਸਿੰਘ ਜੀ, ਭਵਿੱਖਤ ਬਚਨ, ਬਾਵਾ ਅਮਰਜੀਤ ਸਿੰਘ ਜੀ, ਬਲਦੀ ਅੱਗ ਵਿੱਚੋਂ ਕੱਢਣਾ, ਬੋਲ ਵਾਹਿਗੁਰੂ, ਭਾਈ ਪ੍ਰੇਮ ਕੁਮਾਰ ਕੋਛੜ, ਇੱਕ ਨਿਹੰਗ ਸਿੰਘ, ਭਾਈ ਰਾਧਾ ਲਾਲ ਜੀ, ਬ੍ਰਹਮ ਦ੍ਰਿਸ਼ਟੀ 278

32. ਖ਼ਾਲਸੇ ਦਾ ਗੁਪਤ ਤਪੋ ਅਸਥਾਨ ਬੜੂ ਸਾਹਿਬ ਪ੍ਰਗਟ ਕਰਨਾ, ਇੱਕ ਸਾਧ ਬਚਨ ਅਟਲਾਧਾ (ਜ਼ਬਾਨੀ ਦਾਸ ਇਕਬਾਲ ਸਿੰਘ ਜੀ), ਇਲਾਹੀ ਤਾਕਤਾਂ ਦਾ ਪਹਿਰਾ, ਬੜੂ ਸਾਹਿਬ ਬਾਰੇ ਭਾਈ ਖੇਮ ਸਿੰਘ ਜੀ ਨੂੰ ਚਿੱਠੀ ਲਿਖੀ, ਮੁਜ਼ਾਰਿਆਂ ਨੂੰ ਮਲਕੀਅਤ ਦੇਣੀ, ਭਾਈ ਉਮਰਾਉ ਸਿੰਘ ਜੀ, ਭਾਈ ਆਸਾ ਸਿੰਘ, ਭਾਈ ਹਰਭਜਨ ਸਿੰਘ ਅਤੇ ਭਾਈ ਸੰਤੋਖ ਸਿੰਘ (ਜ਼ਬਾਨੀ ਭਾਈ ਹਰਬੰਸ ਸਿੰਘ) 289


33. ਸੰਤ ਜੀ ਮਹਾਰਾਜ ਦੇ ਉੱਘੇ ਸੇਵਕ ਅਤੇ ਚੋਣਵੀਆਂ ਸਾਖੀਆਂ: ਬਾਬਾ ਜੰਗ ਸਿੰਘ ਜੀ, ਬਾਬਾ ਸੰਤੋਖ ਸਿੰਘ ਜੀ, ਬਾਬਾ ਅਰਜਨ ਸਿੰਘ ਜੀ (ਜ਼ਬਾਨੀ ਬਾਬਾ ਇਕਬਾਲ ਸਿੰਘ ਜੀ) ਬਾਬਾ ਟਿੱਕਾ ਸਿੰਘ ਜੀ, ਬਾਬਾ ਘਨਈਆ ਸਿੰਘ ਜੀ, ਬਾਬਾ ਗਿਆਨ ਸਿੰਘ ਜੀ, ਬੀਬੀ ਜਸਵੀਰ ਕੌਰ ਜੀ, ਭਾਈ ਗੰਭੀਰ ਸਿੰਘ ਸੋਢੀ, ਭਾਈ ਹਰਿੰਦਰ ਸਿੰਘ ਜੀ 299

34. (ਜ਼ਬਾਨੀ ਭਾਈ ਇਕਬਾਲ ਸਿੰਘ ਜੀ), ਦਰਸ਼ਨਾਂ ਦੀ ਖਿੱਚ, ਪਾਉਂਟਾ ਸਾਹਿਬ ਗੁਰਮਤਿ ਦੀ ਟਰੇਨਿੰਗ, ਪਾਉਂਟਾ ਸਾਹਿਬ ਰਹਿੰਦੀਆਂ ਉਪਦੇਸ਼, ਬੋਲ-ਕਬੋਲ ਸਹਾਰਨੇ, ਸ਼ਬਦ ਗੁਰੂ, ਬ੍ਰਹਮ-ਗਿਆਨੀ -ਕਾਮਲ ਫ਼ਕੀਰੀ, ਸੇਵਾ ਦਾ ਅਨੰਦ, ਆਸਾ ਦੀ ਵਾਰ ਦਾ ਕੀਰਤਨ, ਸਾਦਾ ਪਹਿਰਾਵਾ, ਆਤਮ ਮਾਰਗ ਦੇ ਕੁਝ ਉਪਦੇਸ਼, ਬਾਬਾ ਹਰਦੀਪ ਸਿੰਘ ਜੀ, ਸੰਤ ਜੀ ਮਹਾਰਾਜ ਨੇ ਆਪਣੇ ਸਰੀਰ 'ਤੇ ਕਸ਼ਟ ਲੈਣਾ, ਕੋਈ ਚਿੰਤਾ ਨਹੀਂ, ਨਾਨਕਸਰ ਚੀਮੇਂ ਸਰੋਵਰ ਪਾਣੀ ਭਰਨ ਦੀ ਸ਼ਿਕਾਇਤ, ਭਾਈ ਅਜਾਇਬ ਸਿੰਘ ਜੀ, ਸੇਵਾ ਵਿੱਚ ਹਿੱਸਾ ਪਾਉਣਾ ਚਾਹੀਦਾ ਹੈ, ਇੱਕ ਬੀਬੀ ਦਾ ਵਿਸ਼ਵਾਸ 312

35. ਜੋਤੀ-ਜੋਤ ਸਮਾਉਣਾ 344

36. ਗੁਰਦੁਆਰਾ ਅੰਗੀਠਾ ਸਾਹਿਬ ਦੀ ਸੇਵਾ 349

37. ਸੰਤ ਅਤਰ ਸਿੰਘ ਜੀ ਹਰੀ ਸਾਧੂ ਆਸ਼ਰਮ, ਗੁਰਦੁਆਰਾ ਬੜੂ ਸਾਹਿਬ, ਹਿਮਾਚਲ ਪ੍ਰਦੇਸ਼ ਗੁਰਮਤਿ ਵਿਦਿਆਲੇ, ਅਕਾਲ ਗੁਰਮਤਿ ਸੰਗੀਤ ਕਲਾ ਕੇਂਦਰ, ਯਤੀਮਖਾਨਾ, ਬਿਰਧ ਆਸ਼ਰਮ ਵਿਧਵਾ ਆਸ਼ਰਮ, ਫ੍ਰੀ ਚੈਰੀਟੇਬਲ ਹਸਪਤਾਲ, ਅਕਾਲ ਅਕਾਦਮੀ, ਕਲਗੀਧਰ ਟਰੱਸਟ ਅਧੀਨ ਗੁਰਮਤਿ ਅਸਥਾਨ 351



ਸੰਤ ਅਤਰ ਸਿੰਘ ਜੀ (ਮਸਤੂਆਣੇ ਵਾਲੇ)

ੴ ਸਤਿਗੁਰ ਪ੍ਰਸਾਦਿ॥

# ਮੁਖ ਲੇਖ

ਅੱਜ-ਕੱਲ੍ਹ ਦੇ ਮਾਦਾ ਪ੍ਰਸਤੀ ਦੇ ਸਮੇਂ ਵਿੱਚ ਆਤਮਿਕ ਮੰਡਲ ਦੀਆਂ ਗੱਲਾਂ ਨੂੰ ਪ੍ਰੇਮੀ ਰਾਮ ਕਹਾਣੀਆਂ ਆਖ ਕੇ ਨੱਕ ਚੜ੍ਹਾ ਦਿੰਦੇ ਹਨ। ਦਾਸ ਵੀ ਜਦ M. A., L. L. B. ਦਾ ਕੋਰਸ ੧੯●੧ ਈਸਵੀ ਵਿੱਚ ਪੂਰਾ ਕਰ ਚੁੱਕਾ ਤਾਂ ਖੁੱਲ੍ਹਾ ਘੋੜ ਚੜ੍ਹ ਸੀ ਅਤੇ ਕਿਸੇ ਸੰਤ, ਸਾਧੂ, ਗੁਰਮੁਖ ਨੂੰ ਨਹੀਂ ਸੀ ਮੰਨਦਾ। ਇੱਥੋਂ ਤਕ ਬਿਰਤੀ ਖੁਸ਼ਕ ਦਲੀਲ ਦੇ ਅਧੀਨ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਨੂੰ ਮੱਥਾ ਟੇਕਣਾ ਬੁੱਤ ਪ੍ਰਸਤੀ ਸਮਝਦਾ ਸੀ ਅਤੇ ਗੁਰਸਿੱਖੀ ਰਹਿਤ ਮਰਯਾਦਾ ’ਤੇ ਨਿਸ਼ਚਾ ਨਹੀਂ ਸੀ ਰੱਖਦਾ।

ਪਰ ਪੂਰਬਲੇ ਜਨਮਾਂ ਦੀ ਕਮਾਈ ਦਾ ਸਦਕਾ ਅਤੇ ਤੇਜ਼ ਦਲੀਲਬਾਜ਼ ਹੋਵਣ ਦੇ ਬਾਵਜੂਦ ਵੀ ਦਾਸ ਵਿੱਚ ਚਾਰ ਗੁਣ ਸਨ:

**੧) ਹਿਰਦਾ ਨਿਸ਼ਕਪਟ ਸੀ ਅਤੇ ਝੂਠ ਬੋਲਣ ਤੋਂ ਨਫ਼ਰਤ ਕਰਦਾ ਸੀ।**

**੨) ਹਠ ਧਰਮੀ ਉੱਕੀ ਨਹੀਂ ਸੀ, ਜਿਹੜੀ ਗੱਲ ਵਿਚਾਰ ਕਰਨ ਦੇ ਮਗਰੋਂ ਹਿਰਦੇ ਵਿੱਚ ਬੈਠ ਜਾਵੇ, ਉਸ ’ਤੇ ਅਮਲ ਕਰਨਾ ਸ਼ੁਰੂ ਕਰ ਲੈਂਦਾ ਸੀ।**

**੩) ਮਨ ਸਦਾ ਹੀ ਗ਼ਰੀਬਾਂ ਦਾ ਦੁੱਖ ਦੇਖ ਕੇ ਦ੍ਰਵ ਜਾਂਦਾ।**

**੪) ਆਪਣੇ ਫ਼ਰਜ਼ ਨੂੰ ਧਰਮ ਸਮਝ ਕੇ ਪੂਰਾ ਕਰਦਾ ਸੀ, ਦੂਜਾ ਪਾਸਾ ਭਾਵੇਂ ਆਪਣੇ ਧਰਮ ’ਤੇ ਕਾਇਮ ਨਾ ਰਹੇ।**

ਐਲ. ਐਲ. ਬੀ. ਪਾਸ ਕਰਨ ਦੇ ਮਗਰੋਂ ਦਾਸ ਨੇ ਉਸ ਵੇਲੇ ਦੀ ਚੀਫ਼ ਕੋਰਟ ਲਾਹੌਰ ਪਾਸੋਂ ਕਚਹਿਰੀ ਵਿੱਚ ਕੰਮ (Practice) ਕਰਨ ਦਾ ਲਾਇਸੈਂਸ ਲਿਆ ਅਤੇ ਗੁਜਰਾਂਵਾਲੇ ਲਾਲਾ ਜੀਵਨ ਕਿਸ਼ਨ ਵਕੀਲ ਨਾਲ ਕਚਹਿਰੀ ਵਿੱਚ ਜਾਣਾ ਸ਼ੁਰੂ ਕੀਤਾ, ਪਰ ਸੱਤ ਦਿਨ ਵਿੱਚ ਹੀ ਦਾਸ ਦਾ ਮਨ ਇਸ ਪਾਸੇ ਤੋਂ ਖੱਟਾ ਹੋ ਗਿਆ, ਚਿੱਤ ਨੇ ਸਮਝ ਲਿਆ ਕਿ ਇਸ ਕੰਮ ਵਿੱਚ ਝੂਠ ਦਾ ਆਸਰਾ ਲੈਣਾ ਪਵੇਗਾ।

ਇਸ ਲਈ ਦਾਸ ਨੇ ਲਾਲਾ ਜੀਵਨ ਕਿਸ਼ਨ ਜੀ ਨਾਲ ਵਿਚਾਰ ਕੀਤੀ ਅਤੇ ਉਨ੍ਹਾਂ ਨੇ ਆਖਿਆ ਨਿਰੰਜਨ ਸਿੰਘ! ਜੇ ਤੇਰਾ ਇਹ ਖ਼ਿਆਲ ਹੈ, ਤਦ ਇਹ ਵਕਾਲਤ ਦਾ ਕੰਮ ਨਾ ਕਰ। ਮੈਂ ਵੀ ਕਈ ਵਾਰੀ ਦੁਖੀ ਹੋ ਜਾਂਦਾ ਹਾਂ ਪਰ ਹੁਣ ਬੁੱਢਾ ਹੋ ਗਿਆ ਹਾਂ ਅਤੇ ਹੋਰ ਕਿਸੇ ਕੰਮ ਵਿੱਚ ਲੱਗ ਨਹੀਂ ਸਕਦਾ। ਤੂੰ ਜਵਾਨ ਹੈ ਕੋਈ ਹੋਰ ਕੰਮ ਕਰ ਲੈ।

ਸ਼ਾਮ ਨੂੰ ਇਹ ਫੈਸਲਾ ਕੀਤਾ ਦੂਜੇ ਦਿਨ ਹੀ ਦਾਸ ਨੂੰ ਲਾਲਾ ਰੋਚੀ ਰਾਮ ਸਾਹਨੀ ਵੱਲੋਂ ਤਾਰ ਆ ਗਈ ਕਿ ਭੇਰੇ ਸਕੂਲ (Bhera Anglo Sanskrit High School) ਦੀ ਹੈਡਮਾਸਟਰੀ ਸੰਭਾਲ ਲੈ।

ਸੋ ਦਾਸ ਉੱਥੇ ਚਲਾ ਗਿਆ। ਇੱਕ ਸਾਲ ਸਕੂਲ ਦੀ ਸੇਵਾ ਕੀਤੀ ਅਤੇ Salt Department ਦਾ ਇਮਤਿਹਾਨ ਦਿੱਤਾ। ੧੯●੨ ਈਸਵੀਂ ਵਿੱਚ ਦਾਸ Northern India Salt Revenue ਵਿੱਚ Asstt. Supdt. ਹੋ ਕੇ ਸਾਂਭਰ (Sambhar Lake) ਚਲਾ ਗਿਆ। ਇੱਥੋਂ ੧੯●੩ ਈਸਵੀਂ ਵਿੱਚ ਦਾਸ ਦੀ ਬਦਲੀ ਰਾਜਨਪੁਰ ਜ਼ਿਲ੍ਹਾ ਡੇਰਾ ਗਾਜ਼ੀ ਖਾਂ ਹੋ ਗਈ। ਸਾਂਭਰ ਤਾਂ ਦਾਸ ਦਾ ਫ਼ਰਜ਼ ਬੜਾ ਸਿੱਧਾ-ਸਾਦਾ ਸੀ, ਜਿਹੜਾ ਲੂਣ ਵਪਾਰੀਆਂ ਨੇ ਖ਼ਰੀਦਿਆ ਹੋਇਆ ਹੁੰਦਾ ਸੀ, ਸੌ ਬੋਰੀਆਂ ਦੀ ਧਾਂਗ ਵਿੱਚੋਂ ਵੀਹ ਬੋਰੀਆਂ ਤੋਲ ਕੇ

ਅਜ਼ਮਾਇਸ਼ ਕਰ ਲੈਂਦਾ ਤਾਂ ਕਿ ਲੂਣ ਘੱਟ-ਵੱਧ ਨਾ ਚਲਾ ਜਾਵੇ। ਦੂਜਾ ਕੰਮ ਇਹ ਸੀ ਕਿ ਰਾਤ ਦੇ ਹਰ ਹਿੱਸੇ ਵਿੱਚ ਬਦਲ-ਬਦਲ ਦੌਰਾ ਕਰਦਾ ਅਤੇ ਦੇਖਦਾ ਕਿ ਲੂਣ ਦੇ ਅੰਬਾਰਾਂ ਦੇ ਰਾਖੇ ਆਪਣੇ ਪਹਿਰੇ 'ਤੇ ਸਾਵਧਾਨ ਹਨ ਕਿ ਨਹੀਂ।

ਰਾਜਨਪੁਰ ਆ ਕੇ ਕੰਮ ਨੇ ਪੁਲੀਸ ਡਿਊਟੀ ਦੀ ਸ਼ਕਲ ਅਖ਼ਤਿਆਰ ਕਰ ਲਈ। ਇਸ ਇਲਾਕੇ ਦੇ ਜੰਗਲਾਂ ਵਿੱਚ ਕਈ-ਕਈ ਮੀਲ ਲੂਣ ਧਰਤੀ ਤੋਂ ਉੱਠ ਕੇ ਬਾਹਰ ਆਇਆ ਹੋਇਆ ਸੀ। ਪ੍ਰੇਮੀ ਚੋਰੀ ਲੂਣ ਤਿਆਰ ਕਰਦੇ ਅਤੇ ਦਾਸ ਨੂੰ ਉਨ੍ਹਾਂ ਨੂੰ ਫੜ੍ਹਾ ਕੇ ਕੈਦ ਕਰਵਾਉਣਾ ਪੈਂਦਾ। ਚਿੱਤ ਵਿੱਚ ਖ਼ਿਆਲ ਆਉਂਦਾ ਸੀ ਕਿ ਕਰਤਾਰ ਦੀ ਕੁਦਰਤ ਨੇ ਇਹ ਲੂਣ ਦਾ ਖੁੱਲ੍ਹਾ ਗੱਫ਼ਾ ਗ਼ਰੀਬਾਂ ਨੂੰ ਬਖ਼ਸ਼ਿਆ ਹੈ ਅਤੇ ਤੂੰ ਇਹਨਾਂ ਨੂੰ ਪੇਟ ਦੀ ਖ਼ਾਤਰ ਕੈਦ ਕਰਵਾਉਂਦਾ ਹੈਂ।

ਇਸ ਖ਼ਿਆਲ ਦੇ ਨਾਲ-ਨਾਲ ਦਾਸ ਦੀ ਕੁਦਰਤੀ ਰੁਚੀ ਜਿਹੜੀ ਕਿ ਸ਼ੁਰੂ ਤੋਂ ਹੀ ਵਿੱਦਿਆ ਦਾਨ ਦੇਣ ਦੀ ਸੀ, ਦਿਨੋਂ-ਦਿਨ ਵਧਣ ਲੱਗ ਪਈ ਅਤੇ ਇਸ ਦੇ ਨਾਲ ਇਹ ਵੀ ਖ਼ਿਆਲ ਜ਼ੋਰ ਪਕੜਨ ਲੱਗਾ ਕਿ ਅੰਗਰੇਜ਼ ਲੋਕ ਹੋਣਹਾਰ ਸਿੱਖਾਂ ਨੂੰ ਆਪਣੇ ਅਸਰ ਹੇਠਾਂ ਰੱਖ ਕੇ ਗੁਲਾਮੀ ਦੇ ਖ਼ਿਆਲ ਇਹਨਾਂ ਦੇ ਹਿਰਦਿਆਂ ਵਿੱਚ ਭਰਨਾ ਚਾਹੁੰਦੇ ਹਨ, ਤੂੰ ਇਹਨਾਂ ਵਿੱਚ ਆ ਕੇ ਅਜ਼ਾਦੀ ਦੇ ਖ਼ਿਆਲ ਭਰ।

ਇਨ੍ਹਾਂ ਤਿੰਨਾਂ ਖ਼ਿਆਲਾਂ ਦੇ ਅਸਰ ਨੇ ਦਾਸ ਪਾਸੋਂ ਸਰਦਾਰ ਸੁੰਦਰ ਸਿੰਘ ਮਜੀਠੀਆ, ਸੈਕਟਰੀ ਖ਼ਾਲਸਾ ਕਾਲਜ ਅੰਮ੍ਰਿਤਸਰ ਵੱਲ ਚਿੱਠੀ ਲਿਖਵਾਈ ਕਿ ਜੇਕਰ ਕੋਈ ਐਮ. ਏ. ਐਲ. ਐਲ. ਬੀ. ਤੁਹਾਡੇ ਕਾਲਜ ਵਿੱਚ ਆਉਣਾ ਚਾਹੇ ਤਾਂ ਤੁਸੀਂ ਉਸ ਨੂੰ ਲੈ ਲਵੋਗੇ? ਵਾਪਸੀ ਡਾਕ ਤਾਰ ਆਈ ਕਿ ਉਹ ਐਮ. ਏ. ਐਲ. ਐਲ. ਬੀ. ਤੂੰ ਆਪ ਤਾਂ ਨਹੀਂ? ਦਾਸ ਦੇ ਉੱਤਰ ਦੇਣ ਪਰ ਖ਼ਾਲਸਾ ਕਾਲਜ ਅੰਮ੍ਰਿਤਸਰ ਦੀ ਵਾਇਸ ਪ੍ਰਿੰਸੀਪਲ ਦੀ ਪਦਵੀ ਮਿਲ ਗਈ।

ਕੁਦਰਤੀ ਦਾਸ ਦਾ ਅਫ਼ਸਰ F. M. Buckly, Assistant Commissioner ਆਗਰਾ ਸਰਕਲ ਦੌਰੇ 'ਤੇ ਰਾਜਨਪੁਰ ਆਇਆ ਹੋਇਆ ਸੀ, ਜਦ ਦਾਸ ਨੇ ਉਸ ਦੀ ਸਲਾਹ ਪੁੱਛੀ ਤਾਂ ਉਸ ਨੇ ਬੜੇ ਪ੍ਰੇਮ ਨਾਲ ਇਹ ਬਚਨ ਆਖੇ, ਨਿਰੰਜਨ ਸਿੰਘ! ਉਂਝ ਤਾਂ ਨੇਕ ਆਦਮੀ ਹਰ ਜਗ੍ਹਾ ਭਲਾ ਕਰ ਸਕਦਾ ਹੈ, ਪਰ ਮੈਨੂੰ ਵੀ ਇੱਕ ਵਾਰੀ ਮਿਸ਼ਨਰੀ ਦੀ ਸੇਵਾ ਪੇਸ਼ ਹੋਈ ਸੀ ਤਾਂ ਮੈਂ ਨਾਂਹ ਕੀਤੀ, ਤੂੰ ਜ਼ਰੂਰ ਖ਼ਾਲਸਾ ਕਾਲਜ ਵਿੱਚ ਜਾ, ਤੂੰ ਇੱਕ ਲੜਕੇ ਦਾ ਜੀਵਨ ਵੀ ਸੁਧਾਰ ਦਿੱਤਾ ਤਦ ਤੇਰਾ ਦੁਨੀਆਂ 'ਤੇ ਆਉਣਾ ਸਫ਼ਲ ਹੋ ਜਾਵੇਗਾ। ਮੈਂ ਤੈਨੂੰ ਇੱਕ ਸਾਲ ਦੀ ਬਿਨਾਂ ਤਨਖ਼ਾਹ ਤੋਂ ਛੁੱਟੀ ਲੈ ਦਿੰਦਾ ਹਾਂ, ਜੇਕਰ ਤੇਰਾ ਚਿੱਤ ਖ਼ਾਲਸਾ ਕਾਲਜ ਵਿੱਚ ਲੱਗ ਜਾਵੇ ਤਾਂ ਉੱਥੇ ਹੀ ਰਹੀਂ, ਨਹੀਂ ਤਾਂ ਆਪਣੀ ਨੌਕਰੀ 'ਤੇ ਮੁੜ ਕੇ ਆ ਜਾਈਂ ਦਾਸ ਨੂੰ ਛੁੱਟੀ ਮਿਲ ਗਈ ਤਾਂ ਦਾਸ ਨੇ ਸਰਦਾਰ ਸੁੰਦਰ ਸਿੰਘ ਜੀ ਮਜੀਠੀਆ ਦੀ ਪੇਸ਼ਕਸ਼ ਉਸੇ ਵੇਲੇ ਪ੍ਰਵਾਨ ਕਰ ਲਈ ਅਤੇ ਛੁੱਟੀ ਮਿਲਣ 'ਤੇ ਖ਼ਾਲਸਾ ਕਾਲਜ ਦੀ ਸੇਵਾ ਵਿੱਚ ਹਾਜ਼ਰ ਹੋ ਗਿਆ।

ਅਜੇ ਦਾਸ ਰਾਜਨਪੁਰ ਹੀ ਸੀ ਕਿ ਦਾਸ ਦੇ ਹਿਰਦੇ ਵਿੱਚ ਖ਼ਿਆਲ ਆਇਆ ਕਿ ਤੂੰ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਨੂੰ ਮੱਥਾ ਨਹੀਂ ਟੇਕਦਾ, ਸਿੱਖ ਭੁਝੰਗੀਆਂ 'ਤੇ ਤੇਰਾ ਕੀ ਅਸਰ ਪਵੇਗਾ? ਅੰਦਰੋਂ ਹੀ ਜਵਾਬ ਆਇਆ ਕਿ ਤੂੰ ਸਭ ਤੋਂ ਪਹਿਲਾਂ ਗੁਰਦੁਆਰੇ ਚਲੇ ਜਾਇਆ ਕਰੀਂ। ਮਨ ਨੇ ਫੌਰਨ ਪਕੜਿਆ ਕਿ ਗ੍ਰੰਥੀ ਦੇਖ ਲਵੇਗਾ ਅਤੇ ਉਹ ਸਾਰੇ ਵਿਦਿਆਰਥੀਆਂ ਨੂੰ ਦੱਸ ਦੇਵੇਗਾ, ਇਸ ਤਰ੍ਹਾਂ ਤੇਰਾ ਆਸ਼ਾ ਪੂਰਾ ਨਹੀਂ ਹੋ ਸਕੇਗਾ, ਬਿਜਲੀ ਵਤ ਫੁਰਨਾ ਫੁਰਿਆ ਕਿ ਤੂੰ ਕਿਹੜਾ ਮਾਇਆ ਦੇ ਲਾਲਚ ਕਰਕੇ ਖ਼ਾਲਸਾ ਕਾਲਜ ਚੱਲਿਆ ਏਂ, ਸੇਵਾ ਪੂਰੀ ਕਰਨ ਦੀ ਖ਼ਾਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਨਮਸਕਾਰ ਕਰ ਦਿਆਂ ਕਰੀਂ।

ਖ਼ਾਲਸਾ ਕਾਲਜ ਵਿੱਚ ਵਾਈਸ ਪ੍ਰਿੰਸੀਪਲਸ਼ਿਪ ਦਾ ਕੰਮ ਸੰਭਾਲਣ ਦੇ ਥੋੜ੍ਹੇ ਦਿਨਾਂ ਮਗਰੋਂ ਦਾਸ ਨੇ ਦੇਖਿਆ ਕਿ ਬਹੁਤ ਸਾਰੇ ਲੋੜਵੰਦ ਵਿਦਿਆਰਥੀਆਂ ਦੀ ਮਦਦ ਕਰਨ ਲਈ ਕੋਈ ਪੱਕਾ ਪ੍ਰਬੰਧ ਹੋਣਾ ਚਾਹੀਦਾ ਹੈ, ਇਸ ਖ਼ਿਆਲ ਬਾਰੇ ਕਾਲਜ ਦੇ ਵਿਦਿਆਰਥੀਆਂ ਦੀ ਮੀਟਿੰਗ ਬੁਲਾ ਕੇ ਫੈਸਲਾ ਕੀਤਾ ਕਿ 'ਗੁਰੂ ਨਾਨਕ ਕਲੱਬ' ਕਾਇਮ ਕੀਤਾ ਜਾਵੇ ਅਤੇ ਹਰ ਇੱਕ ਪੁਜਦਾ ਵਿਦਿਆਰਥੀ ਇਸ ਵਿੱਚ ਮਾਹਵਾਰੀ ਚੰਦਾ ਦੇਵੇ, ਜਿਸ ਨਾਲ ਗ਼ਰੀਬ ਵਿਦਿਆਰਥੀਆਂ ਦੀ ਮਦਦ ਕੀਤੀ ਜਾਵੇ।

ਨਾਲ ਹੀ ਹਰ ਹਫ਼ਤੇ ਦਾਸ ਐਤਵਾਰ ਵਾਲੇ ਦਿਨ ਛੇ-ਸੱਤ ਭੁਝੰਗੀਆਂ ਨੂੰ ਆਪਣੇ ਕੁਵਾਟਰ ਵਿੱਚ (ਜਿਹੜਾ ਕਿ ਅੱਜ-ਕੱਲ੍ਹ ਕਾਲਜ ਦੇ ਬੋਰਡਿੰਗ ਹਾਊਸ ਦੀ ਛੱਤ ਦੇ ਚੜ੍ਹਦੇ ਵੱਲ ਹੈ) ਪ੍ਰਸ਼ਾਦ ਛਕਣ ਲਈ ਸੱਦ ਲੈਂਦਾ ਅਤੇ ਬਚਨ-ਬਿਲਾਸ ਦੁਆਰਾ ਇਨ੍ਹਾਂ ਦੇ ਮਨ ਵਿੱਚ ਅਜ਼ਾਦੀ ਦੇ ਖ਼ਿਆਲ ਭਰਦਾ।

ਇਸ ਸਮੇਂ ਦੇ ਉੱਘੇ ਵਿਦਿਆਰਥੀਆਂ ਦੇ ਨਾਮ ਇਹ ਹਨ:

(੧) ਮਾਸਟਰ ਤਾਰਾ ਸਿੰਘ ਜੀ

(੨) ਭਾਈ ਮਾਨ ਸਿੰਘ ਜੀ ਵਕੀਲ, ਅੰਬਾਲਾ

(੩) ਬਾਵਾ ਹਰਿ ਕਿਸ਼ਨ ਸਿੰਘ ਜੀ, ਪੁਲੀਸ ਸੀ. ਪੀ.

(੪) ਬਾਵਾ ਗੁਰਬਖਸ਼ ਸਿੰਘ ਜੀ, ਅਨੰਦਪੁਰ ਸਾਹਿਬ

(੫) ਸਰਦਾਰ ਰਛਪਾਲ ਸਿੰਘ ਜੀ, ਐਸ. ਪੀ. ਸੀ. ਪੀ.

(੬) ਸਰਦਾਰ ਸੰਤ ਸਿੰਘ ਜੀ, ਡੀ. ਐਸ. ਪੀ. ਸੀ. ਪੀ.

(੭) ਸਰਦਾਰ ਸੰਪੂਰਨ ਸਿੰਘ ਜੀ, ਬਾਰ-ਐਟ-ਲਾ, ਲਾਇਲਪੁਰ

ਇਸ ਤਰ੍ਹਾਂ ਨਿਸ਼ਕਾਮ ਸੇਵਾ ਕਰਦਿਆਂ ਮਨ-ਰੂਪੀ ਭਾਂਡਾ ਕੁਝ ਮਾਂਜਿਆ ਗਿਆ ਅਤੇ ਰੱਬੀ ਬਾਣੀ ਦੀ ਆਕਰਖਨ ਸ਼ਕਤੀ (Magnetic Power) ਨੇ ਆਪਣਾ ਅਸਰ ਕਰਨਾ ਸ਼ੁਰੂ ਕਰ ਦਿੱਤਾ, ਸਰੀਰ ਜਿਹੜਾ ਕਿ ਮੱਥਾ ਟੇਕਣ ਤੋਂ ਵੀ ਮੁਨਕਰ ਸੀ, ਉਹ ਜਿੱਥੇ ਵੀ ਰੱਬੀ ਕੀਰਤਨ ਹੁੰਦਾ, ਖਿੱਚਿਆ ਹੋਇਆ, ਉਸੇ ਪਾਸੇ ਤੁਰਿਆ ਜਾਂਦਾ, ਜਿਸ ਤਰ੍ਹਾਂ ਲੋਹੇ ਨੂੰ ਮਿਕਨਾਤੀਸ ਖਿੱਚ ਲੈਂਦਾ ਹੈ, ਦਾਸ ਦੇ ਸਰੀਰ ਨੂੰ ਗੁਰਬਾਣੀ ਦੀ Magnetic Power ਖਿੱਚ ਲੈਂਦੀ। ਆਖ਼ਰ ਇਹ ਦਸ਼ਾ ਆ ਗਈ, ਜਦ ਅਰਦਾਸ ਦਾ ਭੋਗ **"ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬਤ ਦਾ ਭਲਾ"** ਤੇ ਪੈਂਦਾ ਤਦ ਦਾਸ ਵਾਸਤੇ ਸਾਰੀ ਦੁਨੀਆਂ ਫ਼ਨਾਹ ਹੋ ਜਾਂਦੀ ਅਤੇ ਦਾਸ ਮੱਥੇ ਭਾਰ ਸ੍ਰੀ ਗੁਰੂ ਗ੍ਰੰਥ ਜੀ ਮਹਾਰਾਜ ਦੇ ਹਜ਼ੂਰ ਡਿੱਗ ਪੈਂਦਾ ਅਤੇ ਭੁਝੰਗੀ ਫੜ੍ਹ ਕੇ ਉਠਾਉਂਦੇ, ਦੋ-ਚਾਰ ਦਿਨ ਮਗਰੋਂ ਇਹ ਕਰਮ ਪੱਕਾ ਦੇਖ ਕੇ ਵਿਦਿਆਰਥੀ ਅਰਦਾਸ ਦੇ ਸਮੇਂ ਦਾਸ ਨੂੰ ਫੜ੍ਹ ਲੈਂਦੇ ਅਤੇ ਡਿੱਗਣ ਨਾ ਦੇਂਦੇ, ਹੌਲੀ-ਹੌਲੀ ਮੱਥਾ ਟਿਕਾ ਦਿੰਦੇ।

ਇਸ ਮਸਤਾਨੀ ਦਸ਼ਾ ਵਿੱਚ ਦਾਸ ਨੂੰ ਦੇਖ ਕੇ ਭਾਈ ਮਾਨ ਸਿੰਘ ਜੀ ਜਿਹੜੇ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੇ ਸ਼ਰਧਾਲੂ ਸਨ, ਦਾਸ ਪਾਸ ਆਏ ਅਤੇ ਆਖਿਆ, "ਤੁਸੀਂ ਕੋਈ ਡਾਕਟਰ ਅਥਵਾ ਸੰਤ ਲੱਭੋ, ਜਿਹੜਾ ਕਿ ਤੁਹਾਡੇ ਇਸ ਕਰਮ ਦਾ ਇਲਾਜ ਕਰੇ।" ਦਾਸ ਨੇ ਜਵਾਬ ਦਿੱਤਾ, "ਦਾਸ ਨੂੰ ਸੰਤ-ਅਸੰਤ ਦੀ ਸੋਝੀ ਨਹੀਂ, ਜਿੱਥੇ ਸਤਿਗੁਰੂ ਸੱਚੇ ਪਾਤਸ਼ਾਹ ਲੈ ਜਾਣਗੇ, ਉੱਥੇ ਦਾਸ ਚਲਾ ਜਾਵੇਗਾ।"

ਇਸ ਬਚਨ-ਬਿਲਾਸ ਦੇ ਦੋ ਕੁ ਦਿਨ ਮਗਰੋਂ ਦਾਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਆਪਣੇ

ਕੁਆਟਰ ਵਿੱਚ ਪ੍ਰਕਾਸ਼ ਕੀਤਾ, ਜਦ ਪਹਿਲੇ ਦਿਨ ਸੱਚੇ ਪਾਤਸ਼ਾਹ ਦੀ ਬੀੜ ਖੋਲ੍ਹੀ ਤਦ ਕੁਦਰਤੀ ਸੋਰਠਿ ਰਾਗ ਅਰੰਭ ਹੋਇਆ, (ਦਾਸ ਅਜੇ ਮਰਿਯਾਦਾ ਵਿੱਚ ਨਹੀਂ ਸੀ ਆਇਆ ਖੁੱਲ੍ਹਾ ਘੋੜ ਚੜ੍ਹਾ ਸੀ) ਇੱਥੋਂ ਪਾਠ ਅਰੰਭ ਕਰ ਦਿੱਤਾ। ਪਿਆਰੇ ਪਾਠਕ ਜੀ! ਦਾਸ ਨੇ ਬੀ. ਏ. ਵਿੱਚ Physics, Chemistry ਦਾ ਕੋਰਸ ਲਿਆ ਸੀ, ਸਾਰੇ ਪੰਜਾਬ ਵਿਚੋਂ ਐਫ. ਏ. ਵਿੱਚ Physical Science ਅਤੇ ਬੀ. ਏ. ਵਿੱਚ Chemistry ਵਿੱਚ ਫ਼ਸਟ ਰਿਹਾ। ਸੋ ਆਪਣੇ ਵਿੱਦਿਆ ਦੇ ਤਜ਼ਰਬੇ ਦੇ ਅਧਾਰ ਤੇ ਦਾਸ ਨੇ ਪ੍ਰਤੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰੂਹਾਨੀ ਬਾਣੀ ਦੀ ਖਿੱਚ ਪ੍ਰਤੀਤ ਕੀਤੀ। ਮਨ ਦੇ ਵਹਿਨ Hallucination ਕਰਕੇ ਨਹੀਂ ਸਗੋਂ ਸੱਚਮੁਚ ਸਰੀਰਕ (Physical) ਤੌਰ 'ਤੇ ਦਾਸ ਦੇ ਸੀਸ ਨੂੰ ਗੁਰਬਾਣੀ ਦੀ ਆਕਰਸ਼ਨ ਸ਼ਕਤੀ (Magnetic Power) ਇਸ ਤਰ੍ਹਾਂ ਖਿੱਚ ਲੈਂਦੀ, ਜਿਸ ਤਰ੍ਹਾਂ ਲੋਹੇ ਦੇ ਟੁਕੜੇ ਨੂੰ ਇੱਕ Magnet। ਦਾਸ ਦਾ ਸੀਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਜੁੜ ਜਾਂਦਾ ਅਤੇ ਬਹੁਤ ਸਾਰਾ ਚਿਰ ਹਰ ਰੋਜ ਇਹ ਦਸ਼ਾ ਰਹਿੰਦੀ।

ਇਹਨਾਂ ਦਿਨਾਂ ਵਿੱਚ ਦਾਸ ਨੂੰ ਰੱਬੀ ਅਥਵਾ Spiritual experience ਹੋਇਆ। ਦਾਸ ਦੇ ਗ੍ਰਹਿ ਵਿੱਚ ਰਹਿਣ ਵਾਲੇ ਵਾਰੀ-ਵਾਰੀ ਪਾਠ ਅਤੇ ਅਰਦਾਸ ਕਰਦੇ। ਇੱਕ ਦਿਨ ਦਾਸ ਦੀ ਮਾਤਾ ਜੀ ਦੀ ਵਾਰੀ ਆਈ, ਦਾਸ ਨੇ ਮਾਤਾ ਜੀ ਅੱਗੇ ਅਰਦਾਸ ਕਰਨ ਲਈ ਬੇਨਤੀ ਕੀਤੀ। ਮਾਤਾ ਜੀ ਨੇ ਆਖਿਆ, "ਪੁੱਤ ਮੈਨੂੰ ਤਾਂ ਅਰਦਾਸ ਕੰਠ ਨਹੀਂ।" ਦਾਸ ਅਜੇ ਮਰਯਾਦਾ ਤੋਂ ਬਾਹਰ ਸੀ, ਬੇਨਤੀ ਕੀਤੀ, "ਮਾਤਾ ਜਿਵੇਂ ਆਉਂਦੀ ਹੈ ਬੇਨਤੀ ਕਰ ਲਵੋ।" ਗੁਰਮੁਖ ਭੋਲੀ ਮਾਤਾ ਜੀ ਨੇ ਬਚਨ ਮੰਨ ਲਏ ਤੇ ਦਸਾਂ ਪਾਤਸ਼ਾਹੀਆਂ ਦਾ ਨਾਂ ਲਏ ਬਿਨਾਂ ਅਰਦਾਸ ਕਰ ਦਿੱਤੀ। ਜਿਸ ਵੇਲੇ ਮਾਤਾ ਜੀ ਦੀ ਅਰਦਾਸ ਸਮਾਪਤ ਹੋਈ ਦਾਸ ਚੋਫਾਲ ਸੁਹਾਗੇ ਵਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਮੱਥੇ ਦੇ ਭਾਰ ਡਿੱਗ ਪਿਆ। ਜਦ ਤੀਕਰ Telegraphically ਦਾਸ ਦੇ ਹਿਰਦੇ ਵਿੱਚੋਂ ਦਸਾਂ ਪਾਤਸ਼ਾਹੀਆਂ ਦੇ ਨਾਵਾਂ ਦੀ ਲੜੀ ਨਹੀਂ ਨਿਕਲੀ, ਖੜ੍ਹਾ ਨਹੀਂ ਹੋ ਸਕਿਆ। ਸਤਿਗੁਰੂ ਸੱਚੇ ਪਾਤਸ਼ਾਹ ਨੇ ਇਸ ਆਪਣੇ ਪੁਰਾਣੇ ਦਲੀਲ ਬਾਜ਼ ਅਤੇ Western Education ਦੇ ਮਾਦਾ ਪ੍ਰਸਤ ਨੂੰ Spiritually ਅਨੁਭਵ (ਦਿਖਾ) ਕਰਵਾ ਦਿੱਤਾ ਕਿ ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੈ, ਉੱਥੇ ਦਸੇ ਪਾਤਸ਼ਾਹੀਆਂ ਹਾਜ਼ਰ-ਨਾਜ਼ਰ ਹਨ।

ਹੁਣ ਨਿੱਤਨੇਮ ਸੋਰਠਿ ਰਾਗ ਦਾ ਪਾਠ ਕਰਦਿਆਂ ਮਨ ਤੇ ਠੋਕਰ ਲਗਣੀ ਸ਼ੁਰੂ ਹੋ ਗਈ ਅਤੇ ਸੰਤਾਂ ਦੇ ਮਿਲਾਪ ਦੀ ਖਿੱਚ ਪੈਦਾ ਹੋਈ। ਹੇਠ ਲਿਖੇ ਸ਼ਬਦਾਂ ਨੇ ਆਪਣਾ ਪ੍ਰਭਾਵ ਇਤਨਾ ਪਾਇਆ ਕਿ ਸੰਤ ਦਰਸ਼ਨ ਦੀ ਤਾਂਘ ਦਿਨੋਂ-ਦਿਨ ਵਧਦੀ ਗਈ।

**ਸੋਰਠਿ ਮਹਲਾ ੫ ॥**

**ਤਨੁ ਸੰਤਨ ਕਾ ਧਨੁ ਸੰਤਨ ਕਾ ਮਨੁ ਸੰਤਨ ਕਾ ਕੀਆ ॥**
**ਸੰਤ ਪ੍ਰਸਾਦਿ ਹਰਿ ਨਾਮੁ ਧਿਆਇਆ ਸਰਬ ਕੁਸਲ ਤਬ ਥੀਆ ॥੧॥**
**ਸੰਤਨ ਬਿਨੁ ਅਵਰੁ ਨ ਦਾਤਾ ਬੀਆ ॥**
**ਜੋ ਜੋ ਸਰਣਿ ਪਰੈ ਸਾਧੂ ਕੀ ਸੋ ਪਾਰਗਰਾਮੀ ਕੀਆ ॥ ਰਹਾਉ ॥**
**ਕੋਟਿ ਪਰਾਧ ਮਿਟਹਿ ਜਨ ਸੇਵਾ ਹਰਿ ਕੀਰਤਨੁ ਰਸਿ ਗਾਈਐ ॥**
**ਈਹਾ ਸੁਖੁ ਆਗੈ ਮੁਖ ਊਜਲ ਜਨ ਕਾ ਸੰਗੁ ਵਡਭਾਗੀ ਪਾਈਐ ॥੨॥**

ਰਸਨਾ ਏਕ ਅਨੇਕ ਗੁਣ ਪੂਰਨ ਜਨ ਕੀ ਕੇਤਕ ਉਪਮਾ ਕਹੀਐ ॥
ਅਗਮ ਅਗੋਚਰ ਸਦ ਅਬਿਨਾਸੀ ਸਰਣਿ ਸੰਤਨ ਕੀ ਲਹੀਐ ॥੩॥
ਨਿਰਗੁਨ ਨੀਚ ਅਨਾਥ ਅਪਰਾਧੀ ਓਟ ਸੰਤਨ ਕੀ ਆਹੀ ॥
ਬੂਡਤ ਮੋਹ ਗ੍ਰਿਹ ਅੰਧ ਕੂਪ ਮਹਿ ਨਾਨਕ ਲੇਹੁ ਨਿਬਾਹੀ ॥੪॥੭॥ (੬੧੦)

ਸੋਰਠਿ ਮਹਲਾ ੫ ॥

ਹਮ ਸੰਤਨ ਕੀ ਰੇਨੁ ਪਿਆਰੇ ਹਮ ਸੰਤਨ ਕੀ ਸਰਣਾ ॥
ਸੰਤ ਹਮਾਰੀ ਓਟ ਸਤਾਣੀ ਸੰਤ ਹਮਾਰਾ ਗਹਣਾ ॥੧॥
ਹਮ ਸੰਤਨ ਸਿਉ ਬਣਿ ਆਈ ॥ ਪੂਰਬਿ ਲਿਖਿਆ ਪਾਈ ॥
ਇਹੁ ਮਨੁ ਤੇਰਾ ਭਾਈ ॥ ਰਹਾਉ ॥
ਸੰਤਨ ਸਿਉ ਮੇਰੀ ਲੇਵਾ ਦੇਵੀ ਸੰਤਨ ਸਿਉ ਬਿਉਹਾਰਾ ॥
ਸੰਤਨ ਸਿਉ ਹਮ ਲਾਹਾ ਖਾਟਿਆ ਹਰਿ ਭਗਤਿ ਭਰੇ ਭੰਡਾਰਾ ॥੨॥
ਸੰਤਨ ਮੋ ਕਉ ਪੂੰਜੀ ਸਉਪੀ ਤਉ ਉਤਰਿਆ ਮਨ ਕਾ ਧੋਖਾ ॥
ਧਰਮ ਰਾਇ ਅਬ ਕਹਾ ਕਰੈਗੋ ਜਉ ਫਾਟਿਓ ਸਗਲੋ ਲੇਖਾ ॥੩॥
ਮਹਾ ਅਨੰਦ ਭਏ ਸੁਖੁ ਪਾਇਆ ਸੰਤਨ ਕੈ ਪਰਸਾਦੇ ॥
ਕਹੁ ਨਾਨਕ ਹਰਿ ਸਿਉ ਮਨੁ ਮਾਨਿਆ ਰੰਗਿ ਰਤੇ ਬਿਸਮਾਦੇ ॥੪॥੮॥੧੯॥ (੬੧੪)

ਸੋਰਠਿ ਮਹਲਾ ੫ ਪੰਚਪਦਾ ॥

ਬਿਨਸੈ ਮੋਹੁ ਮੇਰਾ ਅਰੁ ਤੇਰਾ ਬਿਨਸੈ ਅਪਨੀ ਧਾਰੀ ॥੧॥
ਸੰਤਹੁ ਇਹਾ ਬਤਾਵਹੁ ਕਾਰੀ ॥
ਜਿਤੁ ਹਉਮੈ ਗਰਬੁ ਨਿਵਾਰੀ ॥੧॥ ਰਹਾਉ ॥
ਸਰਬ ਭੂਤ ਪਾਰਬ੍ਰਹਮੁ ਕਰਿ ਮਾਨਿਆ ਹੋਵਾਂ ਸਗਲ ਰੇਨਾਰੀ ॥੨॥
ਪੇਖਿਓ ਪ੍ਰਭ ਜੀਉ ਅਪੁਨੈ ਸੰਗੇ ਚੂਕੈ ਭੀਤਿ ਭ੍ਰਮਾਰੀ ॥੩॥
ਅਉਖਧੁ ਨਾਮੁ ਨਿਰਮਲ ਜਲੁ ਅੰਮ੍ਰਿਤੁ ਪਾਈਐ ਗੁਰੂ ਦੁਆਰੀ ॥੪॥
ਕਹੁ ਨਾਨਕ ਜਿਸੁ ਮਸਤਕਿ ਲਿਖਿਆ ਤਿਸੁ ਗੁਰ ਮਿਲਿ ਰੋਗ ਬਿਦਾਰੀ ॥੫॥੧੭॥੨੮॥(੬੧੬)

ਸੋਰਠਿ ਮਹਲਾ ੫ ॥

ਮਾਇਆ ਮੋਹ ਮਗਨੁ ਅੰਧਿਆਰੈ ਦੇਵਨਹਾਰੁ ਨ ਜਾਨੈ ॥
ਜੀਉ ਪਿੰਡੁ ਸਾਜਿ ਜਿਨਿ ਰਚਿਆ ਬਲੁ ਅਪੁਨੋ ਕਰਿ ਮਾਨੈ ॥੧॥
ਮਨ ਮੂੜੇ ਦੇਖਿ ਰਹਿਓ ਪ੍ਰਭ ਸੁਆਮੀ ॥
ਜੋ ਕਿਛੁ ਕਰਹਿ ਸੋਈ ਸੋਈ ਜਾਣੈ ਰਹੈ ਨ ਕਛੂਐ ਛਾਨੀ ॥ ਰਹਾਉ ॥
ਜਿਹਵਾ ਸੁਆਦ ਲੋਭ ਮਦਿ ਮਾਤੋ ਉਪਜੇ ਅਨਿਕ ਬਿਕਾਰਾ ॥
ਬਹੁਤੁ ਜੋਨਿ ਭਰਮਤ ਦੁਖੁ ਪਾਇਆ ਹਉਮੈ ਬੰਧਨ ਕੇ ਭਾਰਾ ॥੨॥
ਦੇਇ ਕਿਵਾੜ ਅਨਿਕ ਪੜਦੇ ਮਹਿ ਪਰ ਦਾਰਾ ਸੰਗਿ ਫਾਕੈ ॥
ਚਿਤ੍ਰ ਗੁਪਤੁ ਜਬ ਲੇਖਾ ਮਾਗਹਿ ਤਬ ਕਉਣੁ ਪੜਦਾ ਤੇਰਾ ਢਾਕੈ ॥੩॥
ਦੀਨ ਦਇਆਲ ਪੂਰਨ ਦੁਖ ਭੰਜਨ ਤੁਮ ਬਿਨੁ ਓਟ ਨ ਕਾਈ ॥
ਕਾਢਿ ਲੇਹੁ ਸੰਸਾਰ ਸਾਗਰ ਮਹਿ ਨਾਨਕ ਪ੍ਰਭ ਸਰਣਾਈ ॥੪॥੧੫॥੨੬॥ (੬੧੬)

ਸੋਰਠਿ ਮਹਲਾ ੫ ॥

ਸਾਧੂ ਸੰਗਿ ਭਇਆ ਮਨਿ ਉਦਮੁ ਨਾਮੁ ਰਤਨੁ ਜਸੁ ਗਾਈ ॥
ਮਿਟਿ ਗਈ ਚਿੰਤਾ ਸਿਮਰਿ ਅਨੰਤਾ ਸਾਗਰੁ ਤਰਿਆ ਭਾਈ ॥੧॥
ਹਿਰਦੈ ਹਰਿ ਕੇ ਚਰਣ ਵਸਾਈ ॥
ਸੁਖੁ ਪਾਇਆ ਸਹਜ ਧੁਨਿ ਉਪਜੀ ਰੋਗਾ ਘਾਣਿ ਮਿਟਾਈ ॥ ਰਹਾਉ ॥
ਕਿਆ ਗੁਣ ਤੇਰੇ ਆਖਿ ਵਖਾਣਾ ਕੀਮਤਿ ਕਹਣੁ ਨ ਜਾਈ ॥
ਨਾਨਕ ਭਗਤ ਭਏ ਅਬਿਨਾਸੀ ਅਪੁਨਾ ਪ੍ਰਭੁ ਭਇਆ ਸਹਾਈ ॥੨॥੧੩॥੪੧॥ (੬੧੯)

ਕਰਤਾਰ ਦਾ ਕੁਦਰਤੀ ਨੇਮ ਹੈ ਕਿ ਜਿਸ ਗੱਲ ਦੀ ਅੰਦਰੋਂ ਧੂ ਪੈਣ ਲੱਗ ਪਵੇ, ਉਹ ਜ਼ਰੂਰ ਪ੍ਰਾਪਤ ਹੋ ਜਾਂਦੀ ਹੈ, "**ਬਾਰਿਕੁ ਮੁਖਿ ਮਾਂਗੈ ਸੋ ਦੇਨਾ ॥**" ਪਰ ਅਸੀਂ ਤਾਂ ਮਾਦਾ ਪ੍ਰਸਤੀ ਵਿੱਚ ਫਸੇ ਹੋਏ ਹੋਰ ਹੋਰ ਖਿੱਚਾਂ ਕਰੀ ਜਾਂਦੇ ਹਾਂ। ਜਿੰਨੀ ਖਿੱਚ ਅੱਜ-ਕੱਲ੍ਹ ਦੇ ਨੌਜਵਾਨ ਬੱਚੇ ਜਾਂ ਬੱਚੀ ਨੂੰ ਇੱਕ ਨਵੇਂ ਬੂਟ-ਸੂਟ ਜਾਂ ਸਾੜ੍ਹੀ ਦੀ ਹੈ, ਜੇ ਇਨੀ ਖਿੱਚ ਆਤਮਿਕ ਖੋਜ ਵੱਲ ਹੋ ਜਾਵੇ ਤਦ ਸੰਸਾਰ ਦਾ ਬੇੜਾ ਪਾਰ ਹੋ ਜਾਵੇ ਅਤੇ ਕਲਜੁਗ ਵਿੱਚ ਸਤਿਜੁਗ ਵਰਤ ਜਾਵੇ।

ਬਸ ਦਾਸ ਦੇ ਹਿਰਦੇ ਵਿੱਚ ਖਿੱਚ ਪੈਦਾ ਹੋਣ ਦੀ ਦੇਰ ਹੀ ਸੀ ਕਿ ਸੰਤ ਮਿਲਾਪ ਦੇ ਸਾਧਨ ਆਪਣੇ ਆਪ ਦਰ 'ਤੇ ਆ ਹਾਜ਼ਰ ਹੋਏ।

ਲਾਲਾ ਜਗਨ ਨਾਥ ਜੀ ਖ਼ਾਲਸਾ ਕਾਲਜ ਵਿੱਚ Chemistry ਦੇ ਪ੍ਰੋਫ਼ੈਸਰ ਬੜੇ ਖੋਜੀ ਅਤੇ ਫ਼ਕੀਰ ਦੋਸਤ ਸਨ।

ਇਹ ਪਹਿਲਾਂ ਡੀ. ਏ. ਵੀ. ਸਕੂਲ ਦਾਸ ਦੇ ਉਸਤਾਦ ਸਨ ਅਤੇ ੧੯●੩ ਈਸਵੀਂ ਵਿੱਚ ਦਾਸ ਨੇ ਇਨ੍ਹਾਂ ਨੂੰ ਖ਼ਾਲਸਾ ਕਾਲਜ ਅੰਮ੍ਰਿਤਸਰ ਵਿੱਚ Chemistry ਪੜ੍ਹਾਉਣ ਵਾਸਤੇ ਲੈ ਆਂਦਾ ਸੀ। ਇਹ ਆਪਣੇ ਆਪ ਖਿੱਚੇ ਹੋਏ ਮੇਰੇ ਪਾਸ ਆਏ, ਉਸ ਵੇਲੇ ਦਾਸ ਵੈਰਾਗ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ ਪਾਠ ਕਰ ਰਿਹਾ ਸੀ। ਇਹ ਬੜੇ ਪ੍ਰੇਮ ਨਾਲ ਬੈਠ ਕੇ ਸੁਣਦੇ ਰਹੇ, ਜਦ ਦਾਸ ਨੇ ਭੋਗ ਪਾਇਆ ਤਦ ਕਹਿਣ ਲੱਗੇ, ਤੁਹਾਨੂੰ ਇੱਕ ਫ਼ਕੀਰ ਪਾਸ ਲੈ ਚੱਲੀਏ, ਸਾਧੂ ਮਿਲਣ ਦੀ ਖਿੱਚ ਬਹੁਤ ਤੀਬਰ ਹੋ ਚੁੱਕੀ ਸੀ, ਦਾਸ ਉਸੇ ਵੇਲੇ ਇਨ੍ਹਾਂ ਦੇ ਨਾਲ ਤੁਰ ਪਿਆ।

ਇਹ ਮੈਨੂੰ ਸ੍ਰੀ ਹਰਿਮੰਦਰ ਸਾਹਿਬ ਗੁਰੂ ਕੇ ਬਾਗ਼ ਵਿੱਚ ਲੈ ਆਏ। ਜਿਸ ਵਿੱਚ ਉਸ ਸਮੇਂ ਸਾਧੂ, ਸੰਤ, ਫ਼ਕੀਰ ਆਪਣੇ ਆਸਣ ਜਮਾਈ ਦਰਖ਼ਤਾਂ ਹੇਠ ਬੈਠੇ ਹੁੰਦੇ ਸਨ।

ਦਾਸ ਨੂੰ ਇੱਕ ਦਰਖ਼ਤ ਹੇਠਾਂ ਬਿਠਾ, ਇਹ ਇੱਕ ਮੁਸਲਮਾਨ ਫ਼ਕੀਰ ਨੂੰ ਲੱਭਣ ਚਲੇ ਗਏ, ਪਰ ਉਹ ਨਾ ਮਿਲਿਆ। ਆ ਕੇ ਕਹਿਣ ਲਗੇ ਕਿ ਉਹ ਫ਼ਕੀਰ ਤਾਂ ਨਹੀਂ ਮਿਲਿਆ, ਆਉ ਤੁਹਾਨੂੰ ਸੰਤ ਦੂਲਾ ਸਿੰਘ ਜੀ ਪਾਸ ਲੈ ਚੱਲੀਏ। ਜਦ ਦਾਸ ਉਹਨਾਂ ਪਾਸ ਪਹੁੰਚਿਆ ਤਦ ਉਹ ਮੇਰੇ ਅੱਗੇ-ਅੱਗੇ ਹੋ ਤੁਰੇ ਅਤੇ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਲੈ ਆਏ, ਇੱਥੇ ਸੰਤ ਸ਼ਾਮ ਸਿੰਘ ਜੀ ਮਹਾਰਾਜ ਆਪਣੇ ਜੱਥੇ ਸਮੇਤ ਕੀਰਤਨ ਕਰ ਰਹੇ ਸਨ।

ਉਨ੍ਹਾਂ ਦਾ ਦਰਸ਼ਨ ਕਰਦੇ ਸਾਰ ਹੀ ਦਾਸ ਨੂੰ ਪ੍ਰਤੀਤ ਹੋਇਆ ਕਿ ਸੰਤ ਦੂਲਾ ਸਿੰਘ ਜੀ ਨੇ ਮੈਨੂੰ ਇਨ੍ਹਾਂ ਪਾਸ ਲੈ ਆਂਦਾ ਹੈ।

ਦੂਜੇ ਦਿਨ ਹੀ ਦਾਸ ਸੰਤ ਬਾਬਾ ਸ਼ਾਮ ਸਿੰਘ ਜੀ ਦੀ ਧਰਮਸਾਲਾ ਪਹੁੰਚਿਆ, ਸੰਤ ਜੀ ਮਹਾਰਾਜ ਨੇ ਬੜੇ ਪ੍ਰੇਮ ਨਾਲ ਪੁੱਛਿਆ, ਭਾਈ ਕਿਸ ਤਰ੍ਹਾਂ ਆਏ ਹੋ? ਦਾਸ ਨੇ ਬੇਨਤੀ ਕੀਤੀ ਕਿ ਸੇਵਾ ਦੀ ਦਾਤ ਲੈਣ ਲਈ (ਦਾਸ ਦੇ ਚਿੱਤ ਵਿੱਚ ਫ਼ੁਰਨਾ ਸੀ ਕਿ ਦਾਸ ਪਿੰਡ-ਪਿੰਡ ਫਿਰ ਕੇ ਸਾਧ-ਸੰਗਤ ਵਿੱਚ ਪ੍ਰਚਾਰ ਕਰੇ)।

ਅੰਤਰਜਾਮੀ ਸੰਤ ਜੀ ਨੇ ਆਖਿਆ ਕਿ ਤੁਸੀਂ ਇਸ ਸੇਵਾ ਦੇ ਕਾਬਲ ਨਹੀਂ, ਅਜੇ ਕਾਮ, ਕ੍ਰੋਧ ਨੂੰ ਵੱਸ ਕਰਨ ਦੀ ਲੋੜ ਹੈ, ਨਾਲ ਹੀ ਇਹ ਫ਼ੁਰਮਾ ਦਿੱਤਾ ਕਿ ਸੁਣਿਆ ਹੈ ਕਿ ਸੰਤ ਭਾਈ ਅਤਰ ਸਿੰਘ ਜੀ ਲਾਹੌਰ ਆਏ ਹੋਏ ਹਨ, ਫਿਰ ਸ਼ਬਦ ਕੀਰਤਨ ਸ਼ੁਰੂ ਹੋ ਗਿਆ ਅਤੇ ਦਾਸ ਨੇ ਇਹ ਰੰਗ ਮਾਣਿਆ।

ਜਦ ਦੀਵਾਨ ਦਾ ਭੋਗ ਪੈ ਗਿਆ, ਸੰਤ ਸ਼ਾਮ ਸਿੰਘ ਜੀ ਆਪਣੀ ਕੁਟੀਆ ਵਿੱਚ ਚਲੇ ਗਏ, ਦਾਸ ਫੇਰ ਉਹਨਾਂ ਦੇ ਚਰਨਾਂ ਵਿੱਚ ਹਾਜ਼ਰ ਹੋਇਆ ਕਿ ਮਹਾਰਾਜ ਜੀ ਬਖ਼ਸ਼ੋ।

ਸੰਤ ਜੀ ਮਹਾਰਾਜ ਨੇ ਬੜੇ ਪ੍ਰੇਮ ਅਤੇ ਗ਼ਰੀਬੀ ਭਰੇ ਅੱਖਰਾਂ ਵਿੱਚ ਕਿਹਾ, ਅਸੀਂ ਤਾਂ ਨਿਮਾਣੇ ਹਾਂ, ਨਿਰਾਸ਼ ਬਿਲਕੁਲ ਨਹੀਂ ਜਾਉ, ਜੋ ਕੁਝ ਦੱਸਣਾ ਸੀ, ਉਹ ਦੱਸ ਦਿੱਤਾ। ਇਹ ਬਚਨ ਸੁਣ ਕੇ ਦਾਸ ਨੂੰ ਨਿਸਚਾ ਹੋ ਗਿਆ ਕਿ ਬਾਬਾ ਸ਼ਾਮ ਸਿੰਘ ਜੀ ਨੇ ਦਾਸ ਨੂੰ ਸੰਤ ਅਤਰ ਸਿੰਘ ਜੀ ਮਹਾਰਾਜ ਪਾਸ ਭੇਜਿਆ ਹੈ।

ਇੱਥੇ ਹੀ ਇਹ ਗੱਲ ਦੱਸਣੀ ਜ਼ਰੂਰੀ ਹੈ ਕਿ ਹਰ ਇੱਕ ਜਗਿਆਸੂ ਦਾ ਕਿਸੇ ਖ਼ਾਸ ਸੰਤ ਨਾਲ ਪੁਰਾਣਾ ਸੰਜੋਗ ਹੁੰਦਾ ਹੈ ਅਤੇ ਇਹ ਗੱਲ ਸਾਧੂ ਜਾਣਦੇ ਹੁੰਦੇ ਹਨ। ਸੰਤ ਬਾਬਾ ਸ਼ਾਮ ਸਿੰਘ ਜੀ ਆਪ ਬ੍ਰਹਮ ਗਿਆਨੀ ਸਨ ਅਤੇ ਦਾਸ ਨੂੰ ਰਸਤੇ ਪਾ ਸਕਦੇ ਸਨ, ਪਰ ਦਾਸ ਦਾ ਸੰਜੋਗ ਜਿੱਥੇ ਸੀ, ਉੱਥੇ ਭੇਜ ਦਿੱਤਾ।

ਤੀਸਰੇ ਦਿਨ ਦਾਸ ਲਾਹੌਰ ਗਿਆ, ਪ੍ਰਿੰਸੀਪਲ ਜੋਧ ਸਿੰਘ ਜਿਹੜੇ ਉਸ ਵੇਲੇ ਖ਼ਾਲਸਾ ਕਾਲਜ ਵਿੱਚ ਅਸਿਸਟੈਂਟ ਪ੍ਰੋਫ਼ੈਸਰ ਸਨ, ਦਾਸ ਦੇ ਨਾਲ ਸਨ। ਦਰਿਆ ਰਾਵੀ ਦੇ ਕਿਨਾਰੇ 'ਤੇ ਸੰਤ ਜੀ ਮਹਾਰਾਜ ਦਾ ਦਰਸ਼ਨ ਮੇਲਾ ਹੋਇਆ, ਸੰਤ ਜੀ ਮਹਾਰਾਜ ਇੱਕ ਸ਼ਤੀਰੀਆਂ ਦੇ ਚੱਠੇ 'ਤੇ ਸਜੇ ਹੋਏ ਸਨ, ਦਾਸ ਬਿਨਾਂ ਮੱਥਾ ਟੇਕਣ ਦੇ ਸਾਹਮਣੇ ਮਸਤ ਹੋ ਕੇ ਬੈਠ ਗਿਆ। ਕਈ ਮਹੀਨਿਆਂ ਤੋਂ ਦਾਸ ਮਸਤਾਨੀ ਦਸ਼ਾ ਵਿੱਚ ਕਈ-ਕਈ ਘੰਟੇ ਟਿਬਿਆਂ 'ਤੇ ਲੰਮਾ ਪਿਆ ਰਹਿੰਦਾ ਅਤੇ ਜਦ ਕਦੀ ਨੱਚਣ ਨੂੰ ਜੀਅ ਕਰਦਾ ਤਾਂ ਆਪਣੇ ਕਮਰੇ ਵਿੱਚ ਨੱਚ ਲੈਂਦਾ।

ਅੰਤਰਜਾਮੀ ਸੰਤ ਜੀ ਮਹਾਰਾਜ ਨੇ ਭਾਈ ਜੋਧ ਸਿੰਘ ਜੀ ਨੂੰ, ਜਿਸ ਨੇ ਕਈ ਸਾਲ ਪਹਿਲਾਂ ਕਹੂਟੇ ਮਹਾਰਾਜ ਜੀ ਪਾਸੋਂ ਅੰਮ੍ਰਿਤ ਛਕਿਆ ਸੀ, ਦਾਸ ਵਲ ਇਸ਼ਾਰਾ ਕਰਕੇ ਪੁੱਛਿਆ ਕਿ ਇਹ ਕੌਣ ਹੈ? ਜਦ ਭਾਈ ਜੋਧ ਸਿੰਘ ਜੀ ਨੇ ਦਾਸ ਦਾ ਨਾਮ (ਨਿਰੰਜਨ ਸਿੰਘ) ਅਤੇ ਖ਼ਾਲਸਾ ਕਾਲਜ ਦੀ ਸੇਵਾ ਦਾ ਜ਼ਿਕਰ ਕੀਤਾ ਤਦ ਸੰਤ ਜੀ ਮਹਾਰਾਜ ਦੇ ਮੁਖਾਰਬਿੰਦ ਤੋਂ ਸਹਿਜ-ਸੁਭਾਏ ਨਿਕਲਿਆ, "ਭਾਈ! ਇਹ ਤਾਂ ਪ੍ਰੇਮੀ ਹੈ।"

ਇਸ ਬਚਨ ਦੇ ਨਿਕਲਣ ਸਾਰ ਹੀ ਇੱਕ Dove like ਸ਼ਕਤੀ ਦਾਸ ਦੇ ਸਰੀਰ ਵਿੱਚ ਪ੍ਰਵੇਸ਼ ਕਰ ਗਈ। ਉਸ ਦਿਨ ਤੋਂ ਹੀ ਦਾਸ ਦੀ ਮਸਤਾਨੀ ਦਸ਼ਾ ਜ਼ਰੀ ਗਈ ਅਤੇ ਡਿਗਣਾ-ਢਹਿਣਾ ਬੰਦ ਹੋ ਗਿਆ।

ਆਤਮ ਮੰਡਲ ਵਿੱਚ ਇਹ ਤਿੰਨ ਦਸ਼ਾ ਜ਼ਰੂਰੀ ਹਨ, ਦਾਨੀ, ਮਸਤਾਨੀ ਅਤੇ ਦੀਵਾਨੀ। ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਇਹ ਤਿੰਨੇ ਹੀ ਦਸ਼ਾ ਸਾਨੂੰ ਸੰਬੋਧਨ ਕਰਨ ਵਾਸਤੇ ਆਪਣੇ ਆਪ 'ਤੇ ਵਰਤਾਈਆਂ, ਦਾਨੇ ਤਾਂ ਉਹ ਜਨਮ ਤੋਂ ਹੀ ਸਨ, ਜਿਸ ਨੇ ਦਰਸ਼ਨ ਕੀਤਾ, ਉਪਦੇਸ਼ ਸੁਣ ਕੇ ਨਿਹਾਲ ਹੋ ਗਿਆ।

ਮਸਤਾਨੇ ਉਦੋਂ ਹੋਏ, ਜਦ ਖਾਣਾ-ਪੀਣਾ ਛੱਡ ਕੇ ਚੁੱਪ-ਚਾਪ ਪਏ ਰਹਿੰਦੇ ਅਤੇ ਮਾਤਾ-ਪਿਤਾ ਨੇ ਵੈਦ ਨੂੰ ਬੁਲਾ ਭੇਜਿਆ। ਦੀਵਾਨੀ ਦਸ਼ਾ ਉਸ ਵੇਲੇ ਸੀ ਜਦ ਸੁਲਤਾਨਪੁਰ ਮੋਦੀਖਾਨਾ ਛੱਡ ਕੇ ਮੜ੍ਹੀਆਂ ਵਿੱਚ ਜਾ ਬੈਠੇ।

**ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ ॥ ਕੋਈ ਆਖੈ ਆਦਮੀ ਨਾਨਕੁ ਵੇਚਾਰਾ ॥੧॥**

**ਭਇਆ ਦਿਵਾਨਾ ਸਾਹ ਕਾ ਨਾਨਕੁ ਬਉਰਾਨਾ॥ ਹਉ ਹਰਿ ਬਿਨੁ ਅਵਰੁ ਨ ਜਾਨਾ ॥ (੯੯੧)**

ਰਾਵੀ ਤੋਂ ਸੰਤ ਜੀ ਮਹਾਰਾਜ ਪਿੱਛਲੇ ਪਹਿਰ ਆਪਣੇ ਡੇਰੇ 'ਤੇ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ 'ਤੇ ਆਏ ਅਤੇ ਪ੍ਰੇਮੀਆਂ ਨੂੰ ਵਿਦਾ ਕਰਨ ਵਾਸਤੇ ਸਮਾਧ ਦੇ ਸੱਜੇ ਪਾਸੇ ਖੜ੍ਹੇ ਹੋ ਗਏ। ਦਾਸ ਦਾ ਮਸਤਕ ਸੰਤ ਜੀ ਮਹਾਰਾਜ ਦੇ ਚਰਨਾਂ 'ਤੇ ਖਿੱਚਿਆ ਗਿਆ ਅਤੇ ਜਿਸ ਤਰ੍ਹਾਂ ਲੋਹਾ ਚੁੰਬਕ ਨਾਲ ਚੰਬੜ ਜਾਂਦਾ ਹੈ, ਚੰਬੜ ਗਿਆ। ਸੰਤ ਜੀ ਮਹਾਰਾਜ ਦੇ ਦੋ-ਤਿੰਨ ਵਾਰੀ ਕਹਿਣ 'ਤੇ ਬਸ ਪ੍ਰੇਮੀਆਂ ਬਸ, ਹੋਰ ਸੰਗਤ ਵੀ ਵਿਦਾ ਹੋਣ ਨੂੰ ਖੜ੍ਹੀ ਹੈ, ਮੁਸ਼ਕਲ ਨਾਲ ਉੱਠਿਆ।

ਦੋ ਜਾਂ ਤਿੰਨ ਦਿਨ ਸੰਤ ਜੀ ਮਹਾਰਾਜ ਪਾਸ ਰਿਹਾ, ਸਵੇਰ ਦਾ ਕੀਰਤਨ ਡੇਰੇ ਸਾਹਿਬ ਸਜਦਾ ਅਤੇ ਸ਼ਾਮ ਦਾ ਬਾਉਲੀ ਸਾਹਿਬ। ਦਾਸ ਆਪਣੇ ਰੰਗ ਵਿੱਚ ਮਸਤ ਦੂਰ ਇੱਕ ਗੁੱਠ ਵਿੱਚ ਬੈਠ ਜਾਂਦਾ। ਮਨ ਵਿੱਚ ਕਈ ਪ੍ਰਸ਼ਨ ਉੱਠਦੇ, ਪਰ Wireless ਦੁਆਰਾ ਅੰਦਰੋਂ ਹੀ ਅੰਦਰ ਜਵਾਬ ਮਿਲ ਜਾਂਦਾ, ਸਿਰਫ਼ ਇੱਕ ਸੰਕਲਪ ਬਾਕੀ ਰਹਿ ਗਿਆ ਕਿ ਸੰਤ ਜੀ ਮਹਾਰਾਜ ਨੂੰ ਇਕੱਲੇ ਮਿਲੀਏ। ਤੀਸਰੀ ਸਵੇਰ ਜਦ ਦੀਵਾਨ ਦੇ

ਭੋਗ ਮਗਰੋਂ ਸੰਤ ਜੀ ਮਹਾਰਾਜ ਸਮਾਧ ਵਿੱਚ ਆ ਕੇ ਸਜ ਗਏ ਤਦ ਦਾਸ ਸਾਹਮਣੇ ਬੈਠਾ ਸੀ ਦਾਸ ਨੂੰ ਥੁੱਕ ਸਾਫ਼ ਕਰਨ ਦਾ ਇਸ਼ਾਰਾ ਕੀਤਾ। ਜਦ ਦਾਸ ਸੇਵਾ ਕਰਕੇ ਮੁੜ ਆਇਆ ਤਦ ਫੁਰਮਾਇਆ, "ਭਾਈ ਕਈ ਪ੍ਰੇਮੀਆਂ ਦਾ ਖ਼ਿਆਲ ਹੁੰਦਾ ਹੈ ਕਿ ਸੰਤਾਂ ਨੂੰ ਇਕੱਲੇ ਮਿਲੀਏ।" ਇਹ ਬਚਨ ਸੁਣ ਕੇ ਦਾਸ ਦੀ ਨਿਸ਼ਾ ਹੋ ਗਈ ਅਤੇ ਇਕੱਲੇ ਮਿਲਣ ਦਾ ਖ਼ਿਆਲ ਦੂਰ ਹੋ ਗਿਆ।

ਜਦ ਦਾਸ ਨੇ ਵਿਦਾ ਹੋਣ ਦੀ ਆਗਿਆ ਮੰਗੀ ਤਦ ਸੰਤ ਜੀ ਮਹਾਰਾਜ ਨੇ ਫੁਰਮਾਇਆ ਕਿ ਜਿਸ ਕਿਸੇ ਨਾਲ ਮਨ ਵਿੱਚ ਵੈਰ ਹੈ, ਉਹ ਮਿਟਾ ਲਵੋ। ਹੁਕਮ ਮੰਨ ਪਹਿਲਾਂ ਦਾਸ ਗੁਜਰਾਂਵਾਲੇ ਆਪਣੀ ਮਤ੍ਰੇਈ ਮਾਤਾ ਪਾਸ ਗਿਆ ਅਤੇ ਚਰਨ ਫੜ੍ਹ ਉਸ ਪਾਸੋਂ ਖਿਮਾਂ ਪ੍ਰਾਪਤ ਕੀਤੀ। ਫਿਰ ਖ਼ਾਲਸਾ ਕਾਲਜ ਆ ਕੇ ਡਾਕਟਰ ਜਗਤ ਸਿੰਘ ਜੀ (ਜਿਹੜੇ ਕਿ ਉਹਨਾਂ ਦਿਨਾਂ ਵਿੱਚ ਖ਼ਾਲਸਾ ਕਾਲਜ ਦੀ ਡਿਸਪੈਂਸਰੀ ਵਿੱਚ ਸੇਵਾ ਕਰਦੇ ਸੀ) ਦੀ ਸੇਵਾ ਵਿੱਚ ਹਾਜ਼ਰ ਹੋ ਕੇ ਉਹਨਾਂ ਦਾ ਗੁੱਸਾ ਅਤੇ ਆਪਣਾ ਰੋਸ ਮਿਟਾਇਆ।

ਜਦ ਗੁਜਰਾਂਵਾਲੇ ਤੋਂ ਦਾਸ ਖ਼ਾਲਸਾ ਕਾਲਜ ਮੁੜ ਕੇ ਆ ਰਿਹਾ ਸੀ ਤਦ ਗੱਡੀ ਵਿੱਚ ਇੱਕ ਫ਼ਕੀਰ ਦੀ ਅਵਾਜ ਨੇ ਖਿੱਚ ਪਾਈ, ਉਸ ਨੂੰ ਅੰਮ੍ਰਿਤਸਰ ਸਟੇਸ਼ਨ 'ਤੇ ਮਿਲਣਾ ਅਤੇ ਬਾਕੀ ਸਾਰਾ ਬਿਰਤਾਂਤ ਜੋ ਵਰਤਿਆ ਇਹ ਸਾਰੀਆਂ ਆਤਮਿਕ (Spiritual) ਮੰਡਲ ਦੀਆਂ ਗੱਲਾਂ ਹਨ।

ਜਦ ਇਨਸਾਨ ਟੁਰ ਪਵੇ ਤਦ ਹਰ ਇੱਕ ਕਦਮ 'ਤੇ ਇਸ ਦੀ ਗਵਾਹੀ ਮਿਲਦੀ ਹੈ ਅਤੇ ਸਾਰਾ ਜੀਵਨ ਇਸ ਦੇ ਆਸਰੇ ਉੱਚਾ ਤੇ ਸੁੱਚਾ ਹੋ ਜਾਂਦਾ ਹੈ, ਦਿਨੋਂ-ਦਿਨ ਨਿਸਚਾ ਪ੍ਰਪੱਕ ਹੋ ਜਾਂਦਾ ਹੈ ਅਤੇ ਕਰਤਾਰ ਦੀ ਹੋਂਦ ਹਰ ਕਦਮ ਅਤੇ ਹਰ ਰੰਗ ਵਿੱਚ ਭਾਸਦੀ ਹੈ। ਸਿਰਫ਼ ਲੋੜ ਇਸ ਪਾਸੇ ਟੁਰਨ ਅਤੇ ਸਾਧਨ ਕਰਨ ਦੀ ਹੈ, ਆਮ ਮਾਦਾ ਪ੍ਰਸਤ ਆਦਮੀ ਬਿਨਾਂ ਸਾਧਨ ਕਰਨ ਦੇ ਅਗਰ-ਮਗਰ ਅਤੇ ਲੇਕਿਨ ਵਿੱਚ ਉਲਝ ਜਾਂਦਾ ਹੈ।

ਲਾਹੌਰ ਦਾਸ ਨੂੰ ਭਾਈ ਕਲਿਆਨ ਸਿੰਘ ਜੀ ਨੇ ਅੰਮ੍ਰਿਤ ਛਕਣ ਵਾਸਤੇ ਆਖਿਆ ਪਰ ਦਾਸ ਨੇ ਦਲੀਲ ਦੇ ਅਧੀਨ ਹੋ ਕੇ ਆਖਿਆ ਕਿ ਜਦ ਬਾਣੀ ਕੰਠ ਕਰ ਲਵਾਂਗਾ, ਫਿਰ ਛਕਾਂਗਾ ਪਰ ਤਰਨਤਾਰਨ ਹਰਿਮੰਦਰ ਸਾਹਿਬ ਦੀ ਦੂਜੀ ਮੰਜਲ 'ਤੇ ਕੀਰਤਨ ਸੁਣਦਿਆਂ ਅਕਾਸ਼-ਬਾਣੀ ਦੁਆਰਾ ਹੁਕਮ ਹੋਣਾ ਕਿ ਜੇ ਤੂੰ ਆਪਣਾ ਇਹ ਜਨਮ ਸਫ਼ਲਾ ਕਰਨਾ ਚਾਹੁੰਦਾ ਹੈਂ ਤਦ ਅੰਮ੍ਰਿਤ ਛੱਕ ਲੈ, ਦਾਸ ਦਾ ਅੰਮ੍ਰਿਤ ਛਕਣਾ ਅਤੇ ਨਿਰੰਜਨ ਸਿੰਘ ਮਹਿਤਾ ਤੋਂ ਤੇਜਾ ਸਿੰਘ ਬਣਨਾ, ਇਹ ਸਭ ਆਤਮਿਕ ਮੰਡਲ ਦੀ ਹੋਂਦ ਦੀ ਗਵਾਹੀ ਹੈ।

ਆਤਮਿਕ ਮੰਡਲ ਦੇ ਪਾਂਧੀਆਂ ਦੀ ਤਾਰ ਇੱਕ ਹੁੰਦੀ ਹੈ। ਬਾਬਾ ਕੇਸਰ ਸਿੰਘ ਜੀ (ਕੇਸਰ ਕਿੱਲੀ) ਇੱਕ ਬੜੇ ਪ੍ਰਸਿੱਧ ਨਾਮਧਾਰੀ ਸੰਤ ਦਾਸ ਨੂੰ ਖ਼ਾਲਸਾ ਕਾਲਜ ਦੀ ਧਰਮਸਾਲਾ ਵਿੱਚ ਮਿਲੇ। ਆਪਣੇ ਅਨੁਭਵ ਦੁਆਰਾ ਐਲਾਨ ਕੀਤਾ ਕਿ ਅਗੇ ਗੁਰ-ਮੰਤਰ ਕੰਨ ਵਿੱਚ ਮਿਲਦਾ ਸੀ (ਨਾਮਧਾਰੀ ਹੁਣ ਤੀਕਰ ਮੰਤਰ ਕੰਨ ਵਿੱਚ ਹੀ ਦਿੰਦੇ ਹਨ) ਪਰ ਹੁਣ ਸਤਿਗੁਰੂ ਦੇ ਹੁਕਮ ਵਿੱਚ ਗੁਰ-ਮੰਤਰ ਖੁੱਲ੍ਹਾ ਪ੍ਰਗਟ ਹੋ ਜਾਏਗਾ ਅਤੇ ਸਪੱਸ਼ਟ ਜਗਿਆਸੂ ਨੂੰ ਦੱਸਿਆ ਜਾਏਗਾ। ਉਸੇ ਸ਼ਾਮ ਸੰਤ ਜੀ ਮਹਾਰਾਜ ਜਦ ਉਹ ਦਾਸ ਦੇ ਪਾਸ ਪ੍ਰਸ਼ਾਦ ਛਕਣ ਲਈ ਆਏ ਤਦ ਪਹਿਲਾਂ ਧਰਮਸਾਲਾ ਵਿੱਚ ਲੱਗੇ ਦੀਵਾਨ ਵਿੱਚ ਹਾਜ਼ਰ ਹੋਏ ਅਤੇ ਪਹਿਲੀ ਵਾਰੀ ਬੜੀ ਉੱਚੀ ਅਵਾਜ ਵਿੱਚ ਸਤਿਨਾਮ! ਸਤਿਨਾਮ! ਸਤਿਨਾਮ ਜੀ! ਵਾਹਿਗੁਰੂ! ਵਾਹਿਗੁਰੂ! ਵਾਹਿਗੁਰੂ ਜੀ! ਸਾਰੀ ਸੰਗਤ ਨੂੰ ਪੜ੍ਹਾਇਆ ਤੇ ਬਾਬਾ ਕੇਸਰ ਸਿੰਘ ਜੀ ਦਾ ਅਨੁਭਵੀ ਬਚਨ ਪੂਰਾ ਕੀਤਾ।

ਕੈਨੇਡਾ ਦੇ ਸਿੱਖ ਅਤੇ ਹੋਰ ਹਿੰਦੁਸਤਾਨੀ ਭਰਾਵਾਂ ਦੀ ਜੋ ਸੇਵਾ ਸਤਿਗੁਰੂ ਨੇ ਦਾਸ ਪਾਸੋਂ ਕਰਵਾਈ ਉਸ ਵਿੱਚ ਸਤਿਗੁਰੂ ਦਾ ਆਪਣਾ ਹੱਥ ਸੀ ਤੇ ਉਨ੍ਹਾਂ ਦੀ ਪ੍ਰਤੱਖ ਆਤਮਿਕ ਅਗਵਾਈ ਦੇ ਅਨੁਸਾਰ ਹੋਈ।

ਦਾਸ ਦੇ ਜੋ ਲੈਕਚਰ ਕੋਲੰਬੀਆ ਯੂਨੀਵਰਸਿਟੀ ਦੇ ਹਾਲ ਵਿੱਚ ਜਿਹੜੇ ਕਿ ਇੱਕ ਪ੍ਰੋਫ਼ੈਸਰ ਦੀ ਖ਼ਾਸ ਪ੍ਰੇਰਨਾ ਕਰਕੇ ਹੋਏ ਉਹਨਾਂ ਦੇ ਦੋ ਨਤੀਜੇ ਨਿਕਲੇ। ਪਹਿਲਾ ਇਹ ਕਿ ਲੈਕਚਰ ਅਖ਼ਬਾਰਾਂ ਵਿੱਚ ਛਪਦੇ- ਛਪਦੇ ਨਿਊਯਾਰਕ ਤੋਂ ਵੈਨਕੂਵਰ ਬੀ. ਸੀ. ਪਹੁੰਚ ਗਏ। ਜਿਸ ਤੋਂ ਭਰਾਵਾਂ ਨੂੰ ਬਾਬੂ ਤਾਰਕਨਾਥ ਦਾਸ ਦੁਆਰਾ ਪਤਾ ਲੱਗਾ ਕਿ ਉਹਨਾਂ ਦਾ ਵਿਦਵਾਨ ਭਰਾ ਨਿਊਯਾਰਕ ਆਇਆ ਹੋਇਆ ਹੈ। ਇਹ ਖ਼ਬਰ ਸੁਣਦੇ ਹੀ ਭਰਾਵਾਂ ਨੇ ਆਪਣੀਆਂ ਔਕੜਾਂ ਸੁਲਝਾਉਣ ਲਈ ਕੈਨੇਡਾ ਬੁਲਾ ਭੇਜਿਆ ਤੇ ਸਾਰੀ ਹਾਲਤ ਦੇਖ ਕੇ ਦਾਸ ਫੇਰ ਕੋਲੰਬੀਆ ਯੂਨੀਵਰਸਿਟੀ ਵਿੱਚ ਪੜ੍ਹਨ ਲਈ ਆ ਗਿਆ।

ਦੂਜਾ ਨਤੀਜਾ ਇਹ ਹੋਇਆ ਕਿ ਦੋ-ਢਾਈ ਸੌ ਗੋਰੇ-ਗੋਰੀਆਂ ਲੈਕਚਰਾਂ ਦੇ ਦੂਜੇ ਦਿਨ ਹੀ ਦਾਸ ਪਾਸ ਆਏ ਅਤੇ ਹਰ ਐਤਵਾਰ ਧਾਰਮਿਕ ਸਿੱਖਿਆ ਪ੍ਰਾਪਤ ਕਰਨ ਲੱਗ ਪਏ।

ਸੰਤ ਜੀ ਮਹਾਰਾਜ ਦੀ ਬਖ਼ਸ਼ੀ ਆਗਿਆ ਅਨੁਸਾਰ ਦਾਸ ਨੇ ਸਾਰਿਆਂ ਨੂੰ ਵਾਹਿਗੁਰੂ ਗੁਰ-ਮੰਤਰ ਦਾ ਅਭਿਆਸ ਸ਼ੁਰੂ ਕਰਵਾ ਦਿੱਤਾ। ਇਹਨਾਂ ਵਿੱਚੋਂ ਟੀ. ਸੀ. ਕਰਾਫੋਰਡ (T.C. Crawford) ਜਿਸ ਦਾ ਨਾਮ ਦਾਸ ਨੇ ਹਿੰਮਤ ਦਾਸ ਰੱਖ ਦਿੱਤਾ ਸੀ, ਤਕੜਾ ਅਭਿਆਸੀ ਹੋ ਗਿਆ ਸੀ। ਇਸ ਨੂੰ ਬੜੀ ਭਾਰੀ ਭੀੜਾ ਆ ਬਣੀ। ਇਸ ਦਾ ਸਾਥੀ ਠੱਗੀ ਕਰਕੇ ਇਸ ਦੀ ਸਾਰੀ ਉਮਰ ਦੀ ਕਮਾਈ ਨੂੰ ਹੜੱਪ ਕਰਨਾ ਚਾਹੁੰਦਾ ਸੀ। ਸਾਰੀ ਰਾਤ ਇਹ ਵਾਹਿਗੁਰੂ ਜਪਦਾ ਰਿਹਾ ਤੇ ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਪਾਸ ਬੇਨਤੀ ਕਰਦਾ ਰਿਹਾ। ਅੰਮ੍ਰਿਤ ਵੇਲੇ ਪੰਜ ਵਜੇ ਦੇ ਕਰੀਬ ਉਸ ਨੂੰ ਹੁਕਮ ਹੋਇਆ ਕਿ ਜਾਹ, ਤੇਰੀ ਮਦਦ ਤੇਜਾ ਸਿੰਘ ਕਰੇਗਾ। ਛੇ ਵਜੇ ਦੇ ਕਰੀਬ ਅਜੇ ਦਾਸ ਨੇ ਆਪਣੇ ਨਿੱਤਨੇਮ ਦਾ ਭੋਗ ਪਾਇਆ ਹੀ ਸੀ ਕਿ ਉਸ ਨੇ ਮੇਰਾ ਬੂਹਾ ਆ ਖੜਕਾਇਆ। ਦਾਸ ਨੇ ਪੁੱਛਿਆ ਕਿ ਹਿੰਮਤ ਦਾਸ ਤੂੰ ਐਸ ਵੇਲੇ ਕਿਸ ਤਰ੍ਹਾਂ ਆ ਗਿਆ? ਉਸ ਨੇ ਆਪਣੀ ਸਾਰੀ ਵਿੱਥਿਆ ਆਖ ਸੁਣਾਈ ਅਤੇ ਆਖਿਆ ਕਿ ਮੈਨੂੰ ਦੋ ਲੱਖ ਡਾਲਰ ਦਿਓ ਤਦ ਮੈਂ ਬਚਦਾ ਹਾਂ। ਦਾਸ ਨੇ ਆਖਿਆ ਕਿ ਐਸ ਵੇਲੇ ਮੇਰੇ ਪਾਸ ਸਿਰਫ ਪੰਜ ਸੈਂਟ ਹਨ, ਮੈਂ ਤੈਨੂੰ ਦੋ ਲੱਖ ਕਿੱਥੋਂ ਲਿਆ ਕੇ ਦੇਵਾਂਗਾ। ਪ੍ਰੇਮੀ ਦਾ ਨਿਸ਼ਚਾ ਗੁਰੂ ਨਾਨਕ ਸਾਹਿਬ ’ਤੇ ਪ੍ਰਪੱਕ ਸੀ ਤੇ ਉਸ ਨੇ ਟੋਪੀ ਲਾਹ ਦਾਸ ਦੇ ਪੈਰਾਂ ’ਤੇ ਰੱਖ ਦਿੱਤੀ ਅਤੇ ਆਖਿਆ ਕਿ ਸਤਿਗੁਰੂ ਨਾਨਕ ਸਾਹਿਬ ਨੇ ਮੈਨੂੰ ਤੁਹਾਡੇ ਕੋਲ ਹੀ ਭੇਜਿਆ ਹੈ। ਉਸ ਵਕਤ ਦਾਸ ਨੇ ਕਿਹਾ ਕਿ ਜਾਹ ਹਿੰਮਤ ਦਾਸ ਮੈਨੂੰ ਕਿਰਾਇਆ ਲਿਆ ਦੇ। ਮੈਂ ਆਪਣੇ ਭਰਾਵਾਂ ਦੇ ਕੋਲ ਜਾਂਦਾ ਹਾਂ ਤੇ ਜਤਨ ਕਰਾਂਗਾ ਕਿ ਤੇਰਾ ਕਾਰਜ ਪੂਰਾ ਹੋ ਜਾਏ।

ਉਸ ਵੇਲੇ ਦਾਸ ਨੂੰ ਸੁਪਨੇ ਵਿੱਚ ਭੀ ਨਹੀਂ ਸੀ ਪਤਾ ਕਿ ਆਪਣੇ ਭਰਾਵਾਂ ’ਤੇ ਸਖ਼ਤ ਭੀੜਾ ਆਉਣ ਵਾਲੀ ਹੈ। ਸਤਿਗੁਰੂ ਸੱਚੇ ਪਾਤਸ਼ਾਹ ਨੇ T.C. Crawford ਦੁਆਰਾ ਆਪਣੀ ਤਾਰ ਹਿਲਾਈ ਤੇ ਆਪਣੇ ਬੱਚਿਆਂ ਦੀ ਮਦਦ ਲਈ ਤੋਰ ਦਿੱਤਾ।

ਦੂਜਾ ਆਤਮਿਕ ਕ੍ਰਿਸ਼ਮਾ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵਰਤਾਇਆ ਉਹ ਇਹ ਸੀ ਕਿ ੧੯੦੮ ਈਸਵੀਂ ਵਿੱਚ ਜਦ ਦਾਸ ਆਪਣੇ ਭਰਾਵਾਂ ਦੀ ਸੇਵਾ ਵਿੱਚ ਲੱਗਿਆ ਹੋਇਆ ਸੀ ਤਾਂ ਇੱਕ ਬੜਾ ਮੁਸ਼ਕਲ ਸਮਾਂ ਆਇਆ ਕਿ ਦਾਸ ਦੇ ਹਿਰਦੇ ਵਿੱਚ ਬੜਾ ਹੀ ਫ਼ਿਕਰ ਹੋ ਗਿਆ। ਬਿਰਦ ਪਾਲਕ ਸਤਿਗੁਰੂ ਨੇ:

**ਆਸਾ ਮਹਲਾ ੫॥**

**ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ ॥**
**ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ ॥੧॥**
**ਸੇਵਕ ਕਉ ਨਿਕਟੀ ਹੋਇ ਦਿਖਾਵੈ ॥**

**ਜੋ ਜੋ ਕਹੈ ਠਾਕੁਰ ਪਹਿ ਸੇਵਕੁ ਤਤਕਾਲ ਹੋਇ ਆਵੈ ॥੧॥ ਰਹਾਉ॥**

**ਤਿਸੁ ਸੇਵਕ ਕੈ ਹਉ ਬਲਿਹਾਰੀ ਜੋ ਅਪਨੇ ਪ੍ਰਭ ਭਾਵੈ ॥**

**ਤਿਸ ਕੀ ਸੋਇ ਸੁਣੀ ਮਨੁ ਹਰਿਆ ਤਿਸੁ ਨਾਨਕ ਪਰਸਣਿ ਆਵੈ॥੨॥੮॥੧੨੯॥** (੪੦੩)

ਅੰਮ੍ਰਿਤ ਵੇਲੇ ਤਿੰਨ ਵਜੇ ਫੁਰਮਾਇਆ ਬੱਚਾ! ਘਬਰਾ ਨਹੀਂ ਇਨ੍ਹਾਂ ਦਾ ਅਹੰਕਾਰ ਜਰਮਨ ਕੋਲੋਂ ਤੁੜਾਵਾਂਗੇ। ਸੋ ਦੋ ਵੱਡੇ ਜੰਗ ਹੋਏ ਅਤੇ ਇੰਗਲੈਂਡ ਦਾ ਸਾਰਾ ਧਨ ਖ਼ਰਚ ਹੋ ਗਿਆ ਤੇ ਦੇਸ਼ ਕਰਜ਼ਾਈ ਹੋ ਗਿਆ। ਮਜਬੂਰੀ ਤੌਰ 'ਤੇ ਉਹਨਾਂ ਨੂੰ ਹਿੰਦੁਸਤਾਨ ਛੱਡਣਾ ਪਿਆ।

ਪਾਠਕ ਜਨ ਜਿਸ ਤਰ੍ਹਾਂ ਦਾਸ ਦੇ ਦਲੀਲ਼ ਬਾਜ਼ ਖੁਸ਼ਕ ਜੀਵਨ ਨੂੰ ਭਰਾਵਾਂ ਦੀ ਦਰਦ ਭਰੀ ਨਿਸ਼ਕਾਮ ਸੇਵਾ, ਧਰਮ, ਕਿਰਤ ਤੇ ਵੰਡ ਛਕਣਾ ਅਤੇ ਸਤਿਗੁਰੂ ਦੀ ਬਾਣੀ ਨੇ ਹਰਾ-ਭਰਾ ਕਰ ਦਿੱਤਾ "**ਮਨ ਖਿੜਿਆ ਹਰਿਆ ਬਾਗ॥**" ਇਸ ਤਰ੍ਹਾਂ ਤੂੰ ਵੀ ਇਸ ਰਸਤੇ 'ਤੇ ਟੁਰਕੇ ਅਸਲੀ ਅਨੰਦ ਤੇ ਸ਼ਾਂਤੀ ਪ੍ਰਾਪਤ ਕਰ ਸਕਦਾ ਹੈਂ।

ਪਾਠਕ ਜੀ! ਸਿਮਰਨ ਅਤੇ ਕੀਰਤਨ ਦੇ ਨਾਲ-ਨਾਲ ਹੇਠ ਲਿਖੀਆਂ ਚਾਰ ਗੱਲਾਂ:

(੧) **ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ ॥੧॥** (੧੨੪੫)

(੨) **ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥** (੪੭੦)

(੩) **ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ ॥**
**ਆਪਨੜੇ ਗਿਰੀਵਾਨ ਮਹਿ ਸਿਰੁ ਨੀਂਵਾਂ ਕਰਿ ਦੇਖੁ ॥** (੧੩੭੮)

(੪) **ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ ॥** (੪੬੮)

ਮਨ ਵਿੱਚ ਵਸਾ ਕੇ ਅਮਲ ਕਰਨ ਨਾਲ ਤੇਰਾ ਆਤਮਿਕ ਜੀਵਨ ਜਾਗ ਪਵੇਗਾ। ਹਰ ਰੰਗ ਵਿੱਚ ਤੈਨੂੰ ਕਾਦਰ ਆਪਣੀ ਕੁਦਰਤ ਵਿੱਚ ਨਜ਼ਰ ਆਵੇਗਾ ਅਤੇ ਵਿਸਮਾਦ ਰੰਗਣ ਵਿੱਚ ਰੰਗਿਆ ਹੋਇਆ ਤੂੰ ਅੰਦਰੋਂ-ਬਾਹਰੋਂ ਪਰਤੀਤ ਕਰੇਂਗਾ:

**ਸਭ ਮਹਿ ਰਵਿ ਰਹਿਆ ਪ੍ਰਭੁ ਏਕੈ ॥**
**ਪੇਖਿ ਪੇਖਿ ਨਾਨਕ ਬਿਗਸਾਈ ॥** (੧੨੯੯)

ਸਾਧ ਸੰਗਤ ਦਾ ਦਾਸਨ ਦਾਸ
ਤੇਜਾ ਸਿੰਘ
ਨਾਨਕਸਰ ਚੀਮਾਂ
(ਜਨਮ ਅਸਥਾਨ ਸੰਤ ਅਤਰ ਸਿੰਘ ਜੀ ਮਹਾਰਾਜ)

ਗੁਰਮੁਖ ਪਿਆਰੇ



ਸੰਤ ਤੇਜਾ ਸਿੰਘ ਜੀ

ਐਮ ਏ. ਐਲ ਐਲ ਬੀ (ਪੰਜਾਬ), ਏ ਐਮ (ਹਰਵਰਡ, ਅਮਰੀਕਾ)

ੴ ਸਤਿਗੁਰ ਪ੍ਰਸਾਦਿ ॥

## ਜੀਵਨ ਕਹਾਣੀ

# ਰਾਜ ਜੋਗੀ ਸੰਤ ਅਤਰ ਸਿੰਘ ਜੀ ਮਹਾਰਾਜ

## ਦੇ ਵਰੋਸਾਏ ਸੇਵਕ

# ਸੰਤ ਤੇਜਾ ਸਿੰਘ ਜੀ ਦੀ

(ਆਪਣੀ ਕਲਮ ਤੋਂ ਲਿਖੀ ਹੋਈ)

# ਕਾਂਡ ੧

ਗੁਰ ਸੇਵਾ ਤੇ ਭਗਤਿ ਕਮਾਈ ॥ ਤਬ ਇਹ ਮਾਨਸ ਦੇਹੀ ਪਾਈ ॥
ਇਸ ਦੇਹੀ ਕਉ ਸਿਮਰਹਿ ਦੇਵ ॥ ਸੋ ਦੇਹੀ ਭਜੁ ਹਰਿ ਕੀ ਸੇਵ ॥੧॥
ਭਜਹੁ ਗੋੁਬਿੰਦ ਭੂਲਿ ਮਤ ਜਾਹੁ ॥ ਮਾਨਸ ਜਨਮ ਕਾ ਏਹੀ ਲਾਹੁ ॥੧॥ ਰਹਾਉ ॥
ਜਬ ਲਗੁ ਜਰਾ ਰੋਗੁ ਨਹੀ ਆਇਆ ॥ ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ ॥
ਜਬ ਲਗੁ ਬਿਕਲ ਭਈ ਨਹੀ ਬਾਨੀ ॥ ਭਜਿ ਲੇਹਿ ਰੇ ਮਨ ਸਾਰਿਗਪਾਨੀ ॥੨॥
ਅਬ ਨ ਭਜਸਿ ਭਜਸਿ ਕਬ ਭਾਈ ॥ ਆਵੈ ਅੰਤੁ ਨ ਭਜਿਆ ਜਾਈ ॥
ਜੋ ਕਿਛੁ ਕਰਹਿ ਸੋਈ ਅਬ ਸਾਰੁ ॥ ਫਿਰਿ ਪਛੁਤਾਹੁ ਨ ਪਾਵਹੁ ਪਾਰੁ ॥੩॥
ਸੋ ਸੇਵਕੁ ਜੋ ਲਾਇਆ ਸੇਵ ॥ ਤਿਨ ਹੀ ਪਾਏ ਨਿਰੰਜਨ ਦੇਵ ॥
ਗੁਰ ਮਿਲਿ ਤਾ ਕੇ ਖੁਲ੍ਹੇ ਕਪਾਟ ॥ ਬਹੁਰਿ ਨ ਆਵੈ ਜੋਨੀ ਬਾਟ ॥੪॥
ਇਹੀ ਤੇਰਾ ਅਉਸਰੁ ਇਹ ਤੇਰੀ ਬਾਰ ॥ ਘਟ ਭੀਤਰਿ ਤੂ ਦੇਖੁ ਬਿਚਾਰਿ ॥
ਕਹਤ ਕਬੀਰੁ ਜੀਤਿ ਕੈ ਹਾਰਿ॥ ਬਹੁ ਬਿਧਿ ਕਹਿਓ ਪੁਕਾਰਿ ਪੁਕਾਰਿ ॥੫॥੧॥੯॥
(੧੧੫੯)

### ਜਨਮ ਅਤੇ ਬਾਲਪਨ

ਸੈਦਪੁਰ ਪਠਾਣਾਂ (ਏਮਨਾਬਾਦ) ਪੰਜਾਬ (ਪਾਕਿਸਤਾਨ) ਵਿੱਚ ਇੱਕ ਵੱਡਾ ਉੱਘਾ ਸ਼ਹਿਰ ਹੈ। ਕਿਤੇ ਪਠਾਣਾਂ ਦੀਆਂ ਉੱਚੀਆਂ ਮਹਿਲ-ਮਾੜੀਆਂ ਤੇ ਕਿਤੇ ਵਿੱਚ-ਵਿੱਚ ਹਿੰਦੂਆਂ ਦੀਆਂ ਸੁੰਦਰ ਹਵੇਲੀਆਂ ਇਸ ਦੀ ਰੌਣਕ ਵਧਾ ਰਹੀਆਂ ਹਨ। ਇਸੇ ਸ਼ਹਿਰ ਦੀ ਇੱਕ ਨੁਕਰੇ ਇੱਕ ਗ਼ਰੀਬ ਕਿਰਤੀ ਸੱਜਣ ਦੀ ਝੁੱਗੀ ਹੈ।

ਇਸ ਝੁੱਗੀ ਦੇ ਦੁਆਲੇ ਕੱਚੀ ਕੰਧ ਹੈ ਤੇ ਅੰਦਰ ਵਾਰ ਚੰਗਾ ਖੁੱਲ੍ਹਾ ਵੇਹੜਾ ਹੈ। ਵੇਹੜੇ ਵਿੱਚ ਇੱਕ ਸੁੰਦਰ ਤੇ ਘਣੀ ਛਾਂ ਵਾਲਾ ਬ੍ਰਿਛ ਲੱਗਾ ਹੋਇਆ ਹੈ। ਨੇੜੇ ਜਿਹੇ ਕਰਕੇ ਇੱਕ ਛੋਟੀ ਜਿਹੀ ਨਵੇਕਲੀ ਕੁਟੀਆ ਵਿੱਚ ਇੱਕ ਕਿਰਤੀ ਸੱਜਣ ਬੈਠਾ ਲਕੜੀ ਦੇ ਕਿੱਲੇ ਘੜ ਰਿਹਾ ਹੈ। ਇਸ ਦੇ ਚਿਹਰੇ 'ਤੇ ਸਬਰ ਸੰਤੋਖ ਤੇ ਸ਼ਾਂਤ ਰਸ ਦੀ ਆਭਾ ਡੁੱਲ੍ਹ-ਡੁੱਲ੍ਹ ਪੈ ਰਹੀ ਹੈ। ਅੰਦਰ ਵੈਰਾਗ ਹੈ ਤੇ ਨੇਤਰਾਂ ਵਿੱਚ ਮਸਤੀ ਦੀ ਝਲਕ ਹੈ। ਕੱਦ ਭਾਵੇਂ ਮਧਰਾ ਹੈ, ਪਰ ਸਰੀਰ ਸੋਹਣਾ ਸੁਡੋਲ ਤੇ ਭਰਵਾਂ ਹੈ। ਕੰਮ ਕਰਦੇ-ਕਰਦੇ ਕਦੀ ਨੇਤਰ ਮੁੰਦ ਜਾਂਦੇ ਹਨ ਤੇ ਫਿਰ ਜਦ ਖੁੱਲ੍ਹਦੇ ਹਨ ਤਾਂ ਉਹਨਾਂ ਵਿੱਚੋਂ ਵੈਰਾਗ ਰੂਪੀ ਸੁੱਚੇ ਮੋਤੀ ਹੰਝੂ ਬਣ, ਲੱਕੜ 'ਤੇ ਛਾਈ ਮਾਈ ਹੋ ਜਾਂਦੇ ਹਨ।

ਇਸ ਡਾਢੇ ਮਿੱਠੇ ਪਿਆਰਾਂ ਭਰੇ ਸੱਜਣ ਦਾ ਨਾਮ ਹੈ; ਲਾਲੋ। ਕਦੇ-ਕਦੇ ਕੋਈ ਪ੍ਰੇਮੀ ਕੰਮ ਕਰੌਣ ਹਿਤ ਇਸ ਪਾਸ ਆ ਜਾਂਦਾ ਹੈ, ਨਹੀਂ ਤਾਂ ਬਾਕੀ ਵੱਸੋਂ ਸ਼ੂਦਰ ਸਮਝ ਕੇ ਇਸ ਤੋਂ ਦੂਰ-ਦੂਰ ਹੀ ਰਹਿੰਦੀ ਹੈ, ਪਰ ਉਸ ਦੇ ਭਲੇ ਵਤੀਰੇ ਤੇ ਉਸ ਦੇ ਠਰ੍ਹੰਮੇ ਅਤੇ ਜਜ਼ਬੇ ਵਾਲੇ ਚਿਹਰੇ ਤੋਂ ਹਰ ਕੋਈ ਪ੍ਰਭਾਵਤ ਹੈ। ਜੇ ਕੋਈ ਵੀ ਕੰਮ ਕਰਾਉਣ ਉਸ ਪਾਸ ਆ ਜਾਂਦਾ ਹੈ ਤਾਂ ਉਸ ਦੀ ਰਹਿਣੀ-ਬਹਿਣੀ ਤੇ ਸੰਜਮ ਭਰੀ ਜੀਵਨੀ ਨੂੰ ਤੱਕ ਕੇ ਮੁਗਧ ਹੋਏ ਬਿਨਾਂ ਨਹੀਂ ਰਹਿ ਸਕਦਾ। ਇਸ ਦੇ ਹੱਥ ਤਾਂ ਕਾਰ ਵੱਲ ਹੁੰਦੇ ਹਨ, ਪਰ ਦਿਲ ਹਰ-ਦਮ ਪ੍ਰਭੂ ਪਿਆਰੇ ਦੀ ਯਾਦ ਵਿੱਚ ਲੀਨ ਰਹਿੰਦਾ ਹੈ। ਕਦੇ-ਕਦੇ ਬੈਠੇ-ਬੈਠੇ ਇਹਦੇ ਅੰਦਰ ਕੋਈ ਅਗੰਮੀ ਧੂਹ ਪੈਂਦੀ ਹੈ। ਕੋਈ ਪ੍ਰੇਮ ਵੇਦਨ ਉੱਠਦੀ ਹੈ। ਹਿਰਦੇ ਦੀ ਕੰਦਰ ਵਿੱਚ ਕੋਈ ਅਮੋਘ ਬਾਣ ਵੱਜਦੇ ਹਨ, ਉਸ ਵੇਲੇ ਉਸ ਦੇ ਲੂੰ-ਲੂੰ 'ਚੋਂ ਇਕ ਝਰਨਾਟ ਜਹੀ ਛਿੜਨ ਲੱਗ ਪੈਂਦੀ ਹੈ ਤੇ ਇਸ ਆਤਮਿਕ ਲਹਿਰ ਸਦਕਾ ਉਸ ਨੂੰ ਭਾਸ ਹੋਣ ਲੱਗ ਪੈਂਦਾ ਹੈ ਕਿ ਜਗਤ ਦੇ ਤਾਰਕ ਜੀ ਜਗਤ ਦਾ ਭਾਰ ਹਰਨ ਲਈ ਧਰਤੀ 'ਤੇ ਆ ਚੁੱਕੇ ਹਨ।

ਤਦੋਂ ਬੇਨਤੀ ਰੂਪ ਹੋ ਅਰਦਾਸ ਵਿੱਚ ਜੁੜ ਜਾਂਦਾ ਹੈ ਤੇ ਡਾਢੇ ਪਿਆਰ ਤੇ ਸ਼ਰਧਾ ਭਰੇ ਬਚਨਾਂ ਰਾਹੀਂ ਮੰਗ ਕਰਦਾ ਹੈ, "ਹੇ ਕਰਤਾਰ! ਆਪ ਜੀ ਦੀ ਜੋਤਿ ਸੰਸਾਰ ਵਿੱਚ ਪ੍ਰਗਟ ਹੋ ਚੁੱਕੀ ਹੈ। ਮੈਂ ਕਰਮ-ਹੀਣ ਨਿਮਾਣੇ ਨੂੰ ਦਰਸ਼ਨ ਬਖਸ਼ੋ। ਉਹ ਰੂਹਾਨੀ ਦਰਸ਼ਨ, ਜਿਨ੍ਹਾਂ ਵਿੱਚ ਤੁਸਾਂ ਦੀ ਜੋਤਿ ਪ੍ਰਤੱਖ ਹੋ ਪ੍ਰਗਟ ਪਹਾਰੇ ਸੰਸਾਰ ਦਾ ਉਧਾਰ ਕਰ ਰਹੀ ਹੈ।"

ਇਸ ਤਰ੍ਹਾਂ ਦੀਆਂ ਜੋਦੜੀਆਂ ਕਰਦਾ-ਕਰਦਾ ਜੋਦੜੀ ਰੂਪ ਹੋ ਜਾਂਦਾ।

ਉਧਰ ਸੁਲਤਾਨਪੁਰ ਵਿੱਚ ਗੁਰੂ ਨਾਨਕ ਦੇਵ ਜੀ ਮੋਦੀਖਾਨੇ ਦੀ ਕਾਰ ਛੱਡ, ਸੰਸਾਰੀ ਕੱਪੜੇ ਲਾਹ, ਮੜ੍ਹੀਆਂ ਵਿੱਚ ਜਾਂ ਬਿਰਾਜਦੇ ਹਨ। ਹੁਕਮ ਹੁੰਦਾ ਹੈ, "ਪੁਰਖਾ! ਜਿਸ ਕਾਰਜ ਲਈ ਤੈਨੂੰ ਪਠਾਇਆ ਸੀ, ਉਹ ਅਰੰਭ ਕਰ ਤਾਂ ਉਸ ਵੇਲੇ ਮਿਹਰਾਂ ਦੇ ਸਾਈਂ ਆਪਣੇ ਦੋਹਾਂ ਬੱਚਿਆਂ ਨੂੰ ਭੈਣ ਨਾਨਕੀ ਤੇ ਭਾਈਆ ਜੈ ਰਾਮ ਦੇ ਸਪੁਰਦ ਕਰ ਉਹਨਾਂ ਦੋਹਾਂ ਤੋਂ ਅਤੇ ਸੁਪਤਨੀ ਸੁਲੱਖਣੀ ਕੋਲੋਂ ਆਗਿਆ ਲੈ, ਰਬਾਬੀ ਮਰਦਾਨੇ ਸਮੇਤ ਆਪ ਸੈਦਪੁਰ ਵੱਲ ਪਿਆਨਾ ਕਰ ਦੇਂਦੇ ਹਨ।

ਮੰਦ-ਮੰਦ ਚਾਲ ਚਲਦੇ ਭਾਈ ਮਰਦਾਨੇ ਨਾਲ ਪ੍ਰੇਮ ਦੇ ਬਚਨ-ਬਿਲਾਸ ਕਰਦੇ, ਸੱਚੇ ਪਾਤਸ਼ਾਹ ਸੈਦਪੁਰ ਜਾ ਪੁੱਜਦੇ ਹਨ। ਸ਼ਹਿਰ ਦੀਆਂ ਉੱਚੀਆਂ-ਉੱਚੀਆਂ ਅਟਾਰੀਆਂ ਤੇ ਹਵੇਲੀਆਂ ਛੱਡ ਸਿੱਧਾ ਭਾਈ ਲਾਲੋ ਦੀ ਝੁੱਗੀ ਵਿੱਚ ਪੁੱਜਦੇ ਨੇ। ਇਹ ਪ੍ਰੇਮੀ ਨੀਵੀਂ ਪਾਈ ਆਪਣੀ ਨਿੱਤ ਦੀ ਕ੍ਰਿਆ ਵਿੱਚ ਉਵੇਂ ਹੀ ਮਸਤ ਲੱਗਾ ਹੁੰਦਾ ਹੈ, ਹੱਥ ਕਿੱਲੇ ਘੜ ਰਹੇ ਹਨ ਪਰ ਹਿਰਦੇ ਵਿੱਚੋਂ ਉਹੀ ਪੁਕਾਰ ਉੱਠ ਰਹੀ ਹੈ, "ਹੇ ਕਰਤਾਰ! ਸਮੇਂ ਦੇ ਅਵਤਾਰ ਦੇ ਦਰਸ਼ਨ ਕਰਾ।"

ਅਚਨਚੇਤ ਬਿਰਦ ਪਾਲਕ ਨਾਨਕ ਨਿਰੰਕਾਰੀ ਜੀ ਮਰਦਾਨੇ ਨੂੰ ਨਾਲ ਲਈ ਇਸ ਦੇ ਵੇਹੜੇ ਵਿੱਚ ਪ੍ਰਵੇਸ਼ ਕਰਦੇ ਹਨ ਤੇ ਉੱਚੀ-ਉੱਚੀ ਬੋਲ ਕੇ ਆਖਦੇ ਹਨ, "ਭਾਈ ਲਾਲੋ! ਸਤਿ ਕਰਤਾਰ।"

ਕੰਨੀਂ ਅਵਾਜ਼ ਪੈਂਦਿਆਂ ਹੀ ਇੰਝ ਮਹਿਸੂਸ ਹੋਇਆ ਮਾਨੋਂ ਕੋਈ ਪ੍ਰੇਮ ਦਾ ਅਣਿਆਲਾ ਤੀਰ ਸਰ-ਸਰ ਕਰਦਾ ਸਿੱਧਾ ਹਿਰਦੇ ਨੂੰ ਵਿੰਨ੍ਹ ਗਿਆ ਹੈ। ਇੱਕ ਦਮ ਰੋਮ-ਰੋਮ ਵਿੱਚ ਝਰਨਾਟ ਛਿੜ ਪਈ। ਅੰਦਰਲੇ ਨੇ ਅਵਾਜ਼ ਦਿਤੀ, "ਆਪ ਆ ਗਏ, ਆਪ ਆ ਗਏ।" ਆਪਾ ਨਿਛਾਵਰ ਕਰਦਾ ਉਸੇ ਵੇਲੇ ਚਰਨਾਂ 'ਤੇ ਢਹਿ ਪਿਆ। ਚਰਨ ਪਰਸਨ ਦੀ ਦੇਰ ਸੀ ਕਿ ਪ੍ਰੇਮ ਦੀ ਨੈਂ ਹੰਝੂ ਧਾਰਾ ਬਣ ਵਹਿ ਪਈ, ਜੋ ਨਾ ਰੋਕਿਆਂ ਰੁਕੀਵੇ ਤੇ ਨਾ ਠਲ੍ਹਿਆਂ ਠਲ੍ਹੀਵੇ। ਪ੍ਰੇਮ ਦੇ ਦ੍ਰਿਸ਼ ਵੀ ਨਿਆਰੇ ਹਨ। ਕੌਣ ਬੰਨ੍ਹ ਬਹਾਲੇ ਪ੍ਰੇਮ ਦੀਆਂ ਤੀਖਣ ਕਾਂਗਾਂ ਨੂੰ। ਕੁਝ ਚਿਰ ਤਾਂ ਇਹੋ ਰੰਗ ਬੱਝਾ ਰਿਹਾ। ਆਖਰ ਮ੍ਰਿਦੁਲ ਮੂਰਤੀ ਨਿੰਰਕਾਰੀ ਜੀ ਨੇ ਬਾਹੋਂ ਫੜ੍ਹ ਉਠਾਇਆ, ਗਲੇ ਨਾਲ ਲਾਇਆ ਤੇ ਬਚਨ ਕੀਤਾ, "ਭਾਈ ਲਾਲੋ! ਬੋਲ ਸਤਿ ਕਰਤਾਰ।"

ਭਾਈ ਲਾਲੋ ਨਿਹਾਲ ਹੋ ਗਿਆ। ਕਈ ਜਨਮਾਂ ਦੀਆਂ ਆਸਾਂ ਅੱਜ ਸੰਪੂਰਨ ਹੋਈਆਂ। ਹੁਣ ਗੁਰੂ ਦੇ ਅਦਬ ਸਤਿਕਾਰ ਦਾ ਖਿਆਲ ਆਇਆ। ਕੁਟੀਆ ਦੇ ਨਾਲ ਲੱਗਦੇ ਬ੍ਰਿੱਛ ਹੇਠਾਂ ਮੰਜਾ ਡਾਹ ਕੇ ਉੱਪਰ ਖੇਸ ਵਿਛਾ ਦਿੱਤਾ। ਦਿਲ ਵਿੱਚ ਫੁਰਨਾ ਹੀ ਫੁਰਿਆ, ਜੋ ਐਡੇ ਵੱਡੇ ਨੂਰ ਦੇ ਬੁਕੇ ਨਿਰੰਕਾਰੀ ਜੋਤ, ਗੁਰੂ ਨਾਨਕ ਦੇਵ ਜੀ, ਜਿਨ੍ਹਾਂ ਅੱਗੇ ਸਾਰੀ ਦੁਨੀਆਂ ਨੇ ਨਿਵਣਾ ਹੈ, ਉਨ੍ਹਾਂ ਲਈ ਮੇਰੇ ਪਾਸ ਚੰਗਾ ਜਿਹਾ ਪਲੰਘ ਅਤੇ ਬਿਸਤਰ ਵਿਛਾਉਣਾ ਵੀ ਹੈ ਕਿ ਨਹੀਂ। **"ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥ ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥" (੧੫)** ਦੀ ਧਾਰਨਾ ਵਾਲੇ ਸ੍ਰੀ ਹਜ਼ੂਰ ਜੀ ਆਪਣੇ ਕਰਤਾਰ ਦੇ ਰੰਗ ਵਿੱਚ ਰੱਤੇ ਮੰਜੇ 'ਤੇ ਬਿਰਾਜ ਜਾਂਦੇ ਹਨ। ਭਾਈ ਲਾਲੋ ਚਰਨ ਧੂੜ ਮੁੱਖ 'ਤੇ ਲਾਂਦਾ ਹੈ ਤੇ ਮਰਦਾਨੇ ਨੂੰ ਇੱਕ ਪੱਛੀਆਂ ਦੇ ਮੂੜ੍ਹੇ 'ਤੇ ਬਿਠਾ ਕੇ, ਆਪ ਹੱਥ ਮੂੰਹ ਧੋ ਕੇ ਲੰਗਰ ਦੀ ਸੇਵਾ ਵਿੱਚ ਜੁੱਟ ਜਾਂਦਾ ਹੈ।

ਏਧਰ ਮਰਦਾਨਾ ਪੁੱਛ ਕਰਦਾ ਹੈ, "ਮਹਾਰਾਜ! ਏਨੀਆਂ ਮਹਿਲ-ਮਾੜੀਆਂ ਛੱਡ ਕੇ ਏਸ ਕੁੱਲੀ ਵਿੱਚ ਆ ਭਾਗ ਲਾਇਆ ਨੇ। ਇਹ ਭਾਗ ਸੁਲੱਖਣਾ ਲਾਲੋ ਕੌਣ ਹੈ, ਜਿਸ 'ਤੇ ਏਨੀਂ ਮਿਹਰਾਮਤ ਹੋਈ ਹੈ?" ਚੋਜੀ ਪ੍ਰੀਤਮ ਜੀ ਹੱਸ ਕੇ ਬੋਲੇ, "ਵੇਖ ਮਰਦਾਨਿਆ! ਕਰਤਾਰ ਦੇ ਰੰਗ।"

ਜਦ ਲੰਗਰ ਤਿਆਰ ਹੋ ਗਿਆ ਤਾਂ ਭਾਈ ਲਾਲੋ ਨੇ ਮਹਾਰਾਜ ਤੇ ਭਾਈ ਮਰਦਾਨੇ ਦੇ ਚਰਨ ਧੋ ਚਰਨਾਮ੍ਰਿਤ ਲਿਆ ਤੇ ਇੱਕ-ਇੱਕ ਫੂਹੜੀ 'ਤੇ ਬਿਠਾ ਦਿੱਤਾ। ਉਪਰੰਤ ਭਾਈ ਲਾਲੋ ਨੇ ਦੋ-ਦੋ ਤਹਿ ਤੋੜ ਰੋਟੀਆਂ ਅਤੇ ਸਰ੍ਹੋਂ ਦਾ ਸਾਗ ਹੱਥਾਂ 'ਤੇ ਰੱਖਿਆ।

ਮਰਦਾਨਾ ਰੋਟੀ ਹੱਥ ਵਿੱਚ ਲੈ ਤਿਰਛੀ ਨਿਗਾਹ ਨਾਲ ਸਤਿਗੁਰੂ ਦੇ ਚਿਹਰੇ ਵੱਲ ਤੱਕ ਆਪਣੀ ਬੋਲੀ ਵਿੱਚ ਇਹ ਇਸ਼ਾਰਾ ਕਰਨ ਦਾ ਹੌਸਲਾ ਕਰ ਬੈਠਾ, "ਮਹਾਰਾਜ ਜੀ! ਕੀ ਇਹ ਰੋਟੀਆਂ ਮੇਰੇ ਸੰਘੋ ਲੰਘ ਸਕਣਗੀਆਂ?" ਘਟ-ਘਟ ਦੇ ਜਾਨਣਹਾਰ ਗੁਰੂ ਜੀ ਬੋਲੇ, "ਮਰਦਾਨਿਆ! ਇਹ ਪ੍ਰੇਮ ਭੋਜਨ ਹੈ, ਨਿਸੰਙ ਹੋ ਕੇ ਛਕ। ਹਰ ਗਰਾਹੀ ਵਿੱਚ ਤੈਨੂੰ ਨਵਾਂ ਸਵਾਦ ਆਵੇਗਾ।" ਹੁਕਮ ਮੰਨ ਮਰਦਾਨੇ ਨੇ ਜਦ ਮੂੰਹ ਵਿੱਚ ਗਰਾਹੀ ਪਾਈ ਤਾਂ ਉਹ ਸਵਾਦ, ਉਹ ਰਸ ਉਹਨੂੰ ਪ੍ਰਾਪਤ ਹੋਇਆ, ਜਿਹੜਾ ਉਸ ਨੇ ਜੀਵਨ ਭਰ ਕਦੇ ਨਹੀਂ ਸੀ ਮਾਣਿਆ। ਮਰਦਾਨੇ ਦਾ ਚਿਹਰਾ ਖਿੜ ਆਇਆ ਤੇ ਡਾਢਾ ਪ੍ਰਸੰਨ ਚਿੱਤ ਹੋ ਉਸ ਲੰਗਰ ਪਾਨ ਕੀਤਾ। ਜਦ ਪ੍ਰਸ਼ਾਦਾ ਛਕ ਕੇ ਦਰਖੱਤ ਦੀ ਛਾਵੇਂ ਬੈਠੇ ਤਾਂ ਮਰਦਾਨੇ ਨੇ ਚਰਨ ਫੜ੍ਹ ਆਖਿਆ, "ਹਜ਼ੂਰ! ਮੈਂ ਬੜੇ ਬੜੇ ਪਕਵਾਨ ਤੇ ਭੋਜਨ ਖਾਧੇ ਹਨ, ਪਰ ਇਹ ਰਸ ਕਦੀ ਨਹੀਂ ਆਇਆ।"

ਦੂਜੇ ਦਿਨ ਮਰਦਾਨਾ ਛੁੱਟੀ ਲੈ ਕੇ ਆਪਣੇ ਪਰਿਵਾਰ ਨੂੰ ਮਿਲਣ ਤਲਵੰਡੀ ਚਲਾ ਗਿਆ। ਬਾਬਾ ਜੀ ਦੂਰ ਜੰਗਲ ਵਿੱਚ ਕਰਤਾਰ ਦੇ ਰੰਗ ਵਿੱਚ ਮਸਤ ਸਾਖੀ ਰੂਪ ਹੋ, ਉਸ ਰੱਬੀ ਖੇਲ ਨੂੰ ਦੇਖਦੇ ਰਹੇ, ਜਿਸ ਦਾ ਨਕਸ਼ਾ ਮਹਾਰਾਜ ਜੀ ਨੇ "**ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ ॥**" ਦੇ ਹੇਠ ਲਿਖੇ ਸ਼ਬਦ ਵਿੱਚ ਖਿੱਚਿਆ।

**ਰਾਗੁ ਆਸਾ ਮਹਲਾ ੧ ਅਸਟਪਦੀਆ ਘਰੁ ੩ ੧ੴ ਸਤਿਗੁਰ ਪ੍ਰਸਾਦਿ ॥**

**ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ ॥ ਸੇ ਸਿਰ ਕਾਤੀ ਮੁੰਨੀਅਨ੍ਹਿ ਗਲ ਵਿਚਿ ਆਵੈ ਧੂੜਿ ॥**
**ਮਹਲਾ ਅੰਦਰਿ ਹੋਦੀਆ ਹੁਣਿ ਬਹਣਿ ਨ ਮਿਲਨ੍ਹਿ ਹਦੂਰਿ ॥੧॥**
**ਆਦੇਸੁ ਬਾਬਾ ਆਦੇਸੁ ॥ਆਦਿ ਪੁਰਖ ਤੇਰਾ ਅੰਤੁ ਨ ਪਾਇਆ ਕਰਿ ਕਰਿ ਦੇਖਹਿ ਵੇਸ ॥੧॥ ਰਹਾਉ ॥**
**ਜਦਹੁ ਸੀਆ ਵੀਆਹੀਆ ਲਾੜੇ ਸੋਹਨਿ ਪਾਸਿ ॥ ਹੀਡੋਲੀ ਚੜਿ ਆਈਆ ਦੰਦ ਖੰਡ ਕੀਤੇ ਰਾਸਿ ॥**
**ਉਪਰਹੁ ਪਾਣੀ ਵਾਰੀਐ ਝਲੇ ਝਿਮਕਨਿ ਪਾਸਿ ॥੨॥ ਇਕੁ ਲਖੁ ਲਹਨ੍ਹਿ ਬਹਿਠੀਆ ਲਖੁ ਲਹਨ੍ਹਿ ਖੜੀਆ॥**
**ਗਰੀ ਛੁਹਾਰੇ ਖਾਂਦੀਆ ਮਾਣਨ੍ਹਿ ਸੇਜੜੀਆ ॥ ਤਿਨ੍ਹ ਗਲਿ ਸਿਲਕਾ ਪਾਈਆ ਤੁਟਨ੍ਹਿ ਮੋਤਸਰੀਆ ॥੩॥**
**ਧਨੁ ਜੋਬਨੁ ਦੁਇ ਵੈਰੀ ਹੋਏ ਜਿਨ੍ਹੀ ਰਖੇ ਰੰਗੁ ਲਾਇ ॥ ਦੂਤਾ ਨੋ ਫੁਰਮਾਇਆ ਲੈ ਚਲੇ ਪਤਿ ਗਵਾਇ ॥**
**ਜੇ ਤਿਸੁ ਭਾਵੈ ਦੇ ਵਡਿਆਈ ਜੇ ਭਾਵੈ ਦੇਇ ਸਜਾਇ ॥੪॥ ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ ॥**
**ਸਾਹਾਂ ਸੁਰਤਿ ਗਵਾਈਆ ਰੰਗਿ ਤਮਾਸੈ ਚਾਇ ॥ ਬਾਬਰਵਾਣੀ ਫਿਰਿ ਗਈ ਕੁਇਰੁ ਨ ਰੋਟੀ ਖਾਇ ॥੫॥**
**ਇਕਨਾ ਵਖਤ ਖੁਆਈਅਹਿ ਇਕਨ੍ਹਾ ਪੂਜਾ ਜਾਇ ॥ ਚਉਕੇ ਵਿਣੁ ਹਿੰਦਵਾਣੀਆ ਕਿਉ ਟਿਕੇ ਕਢਹਿ ਨਾਇ ॥**
**ਰਾਮੁ ਨ ਕਬਹੂ ਚੇਤਿਓ ਹੁਣਿ ਕਹਣਿ ਨ ਮਿਲੈ ਖੁਦਾਇ ॥੬॥**
**ਇਕਿ ਘਰਿ ਆਵਹਿ ਆਪਣੈ ਇਕਿ ਮਿਲਿ ਮਿਲਿ ਪੁਛਹਿ ਸੁਖ ॥**
**ਇਕਨ੍ਹਾ ਏਹੋ ਲਿਖਿਆ ਬਹਿ ਬਹਿ ਰੋਵਹਿ ਦੁਖ ॥**
**ਜੋ ਤਿਸੁ ਭਾਵੈ ਸੋ ਥੀਐ ਨਾਨਕ ਕਿਆ ਮਾਨੁਖ ॥੭॥੧੧॥** (੪੧੭)

ਇਸ ਤਰ੍ਹਾਂ ਕਦੀ ਭਾਈ ਲਾਲੋ ਦੇ ਘਰ ਟਿਕਦੇ, ਕਦੀ ਮੌਜ ਵਿੱਚ ਆ, ਜੰਗਲ ਵਿੱਚ ਜਾ ਬਿਰਾਜਦੇ। ਕੁਝ ਚਿਰ ਮਗਰੋਂ ਮਲਕ ਭਾਗੋ ਜੋ ਉੱਥੋਂ ਦਾ ਦੀਵਾਨ ਸੀ, ਉਸ ਨੇ ਇੱਕ ਬ੍ਰਹਮ ਭੋਜ ਕੀਤਾ ਅਤੇ ਦੂਰ ਨੇੜਿਉਂ ਸਭ ਨੂੰ ਨਿਉਤਾ ਦਿੱਤਾ। ਗੁਰੂ ਜੀ ਪਾਸ ਵੀ ਸੱਦਾ ਆਇਆ, ਪਰ ਮੌਜ ਦੇ ਮਾਲਕ ਸੱਚੇ ਪਾਤਸ਼ਾਹ ਨਾ ਗਏ। ਬ੍ਰਾਹਮਣਾਂ ਨੇ ਮਲਕ ਦੇ ਕੰਨ ਭਰੇ ਤੇ ਆਖਿਆ, "ਦੇਖੋ ਮਹਾਰਾਜ ਜੀ! ਹੋਰ ਤਾਂ ਸਾਰੇ ਆ ਗਏ ਹਨ ਪਰ ਇੱਕ ਤਪਾ ਹੈ, ਨਾਨਕ ਨਾਮ ਕਰਕੇ ਸਦੀਂਦਾ ਹੈ, ਉਹ ਨਹੀਂ ਆਇਆ। ਉਹ ਇੱਕ ਸ਼ੂਦਰ ਦੇ ਘਰ ਰਹਿੰਦਾ ਹੈ ਤੇ ਉਸ ਦੀ ਰੁੱਖੀ ਰੋਟੀ ਖਾਂਦਾ ਹੈ, ਪਰ ਤੁਹਾਡੇ ਉੱਚ ਕੁੱਲ ਛਤਰੀ ਦੇ ਛੱਤੀ ਪਦਾਰਥਾਂ ਵੱਲ ਨਿਗਾਹ ਤੱਕ ਨਹੀਂ ਕਰਦਾ। ਕਹਿੰਦਾ ਹੈ, ਸਾਡੇ ਫਕੀਰਾਂ ਦਾ ਉੱਥੇ ਜਾਣ ਦਾ ਕੀ ਵਾਸਤਾ?" ਬੱਸ, ਇਹ ਸੁਣਨਾ ਸੀ ਕਿ ਮਲਕ ਭਾਗੋ ਇਕ ਦਮ ਭੜਕ ਪਿਆ। ਆਖਣ ਲੱਗਾ, "ਜਾਓ ਤੇ ਉਸ ਤਪੇ ਨੂੰ ਲੈ ਕੇ ਆਓ, ਜੇਕਰ ਨਾ ਆਵੇ ਤਾਂ ਫੜ੍ਹ ਕੇ ਲੈ ਆਓ।"

ਹੁਕਮ ਪਾ ਕੇ ਮਲਕ ਦੇ ਨਫ਼ਰ ਗਏ ਤੇ ਮਹਾਰਾਜ ਜੀ ਨੂੰ ਮਲਕ ਦਾ ਸੁਨੇਹਾ ਦਿੱਤਾ। ਸੱਚੇ ਪਾਤਸ਼ਾਹ ਭਾਈ ਲਾਲੋ ਨੂੰ ਨਾਲ ਲੈ ਟੁਰ ਪਏ। ਜਦ ਮਲਕ ਭਾਗੋ ਪਾਸ ਪੁੱਜੇ ਤਾਂ ਉਹ ਬੜੇ ਹੰਕਾਰ ਵਿੱਚ ਬੋਲਿਆ ਕਿ ਤੁਸਾਂ ਸਾਡੇ ਬ੍ਰਹਮ ਭੋਜ ਦਾ ਪ੍ਰਸ਼ਾਦ ਅੰਗੀਕਾਰ ਨਹੀਂ ਕੀਤਾ ਤੇ ਇੱਕ ਸ਼ੂਦਰ ਦੇ ਟੁਕੜੇ ਖਾਣ ਚਲੇ ਜਾਂਦੇ ਹੋ, ਤਾਂ ਉਸ ਵੇਲੇ ਖਿੜੇ ਹੋਏ ਨੂਰਾਨੀ ਮਸਤਕ ਵਾਲੇ ਨਿਰੰਕਾਰੀ ਜੀ ਨੇ ਬਚਨ ਕੀਤਾ, "ਮਲਕ ਭਾਗੋ ਆਪਣਾ ਤਿਆਰ ਕੀਤਾ ਭੋਜਨ ਮੰਗਵਾ ਤੇ ਨਾਲ ਹੀ ਭਾਈ ਲਾਲੋ ਨੂੰ ਘਰੋਂ ਰੋਟੀ ਲਿਆਉਣ ਦਾ ਇਸ਼ਾਰਾ ਕੀਤਾ।"

ਥੋੜ੍ਹੇ ਚਿਰ ਮਗਰੋਂ ਇੱਕ ਖ਼ੂਬ ਸੱਜਿਆ-ਸਜਾਇਆ ਥਾਲ ਮਲਕ ਭਾਗੋ ਵੱਲੋਂ ਆ ਗਿਆ, ਏਨੇ ਨੂੰ ਭਾਈ ਲਾਲੋ ਵੀ ਕੋਧਰੇ ਦੀ ਰੋਟੀ ਹੱਥ ਵਿੱਚ ਫੜ੍ਹੀ ਆ ਗਿਆ, ਸਤਿਗੁਰੂ ਨਾਨਕ ਦੇਵ ਜੀ ਨੇ ਉਸ ਵੇਲੇ ਮਲਕ ਭਾਗੋ ਨੂੰ ਸਾਹਮਣੇ ਬੁਲਾਇਆ। ਨੌਕਰ-ਚਾਕਰ ਤੇ ਹੋਰ ਹਜ਼ਾਰਾਂ ਨਰ-ਨਾਰੀ ਆਸ-ਪਾਸ ਖੜ੍ਹੇ ਸਨ। ਗੁਰੂ ਜੀ ਨੇ ਸਭ ਦੇ ਸਾਹਮਣੇ ਭਾਈ ਲਾਲੋ ਦੀ ਕੋਧਰੇ ਦੀ ਰੋਟੀ ਸੱਜੇ ਹੱਥ ਵਿੱਚ ਅਤੇ ਮਲਕ ਭਾਗੋ ਦੇ ਲਿਆਏ ਥਾਲ ਵਿੱਚੋਂ ਪੂੜੀਆਂ ਤੇ ਕਚੌਰੀਆਂ ਖੱਬੇ ਹੱਥ ਵਿੱਚ ਫੜ੍ਹ ਲਈਆਂ।

ਉਸ ਵੇਲੇ ਕੌਤਕਹਾਰ ਜੀ ਨੇ ਦੋਵੇਂ ਮੁੱਠੀਆਂ ਨਪੀੜੀਆਂ ਤਾਂ ਸਾਰੇ ਹਾਜ਼ਰ ਸੱਜਣ ਵੇਖ ਕੇ ਦੰਗ ਰਹਿ ਗਏ ਕਿ ਗੁਰੂ ਜੀ ਦੇ ਸੱਜੇ ਹੱਥ ਵਿੱਚੋਂ ਦੁੱਧ ਦੀ ਧਾਰਾ ਵਹਿ ਰਹੀ ਹੈ ਅਤੇ ਖੱਬੇ ਹੱਥ ਵਿਚੋਂ ਲਹੂ ਦੀ। ਸਤਿਗੁਰੂ ਜੀ ਕਹਿਣ ਲੱਗੇ ਕਿਉਂ ਮਲਕ ਭਾਗੋ! ਇਸੇ ਰੋਟੀ ਦੀ ਤੂੰ ਏਨੀ ਤਾਰੀਫ਼ ਕਰਦਾ ਸੈਂ ਜਿਸ ਵਿੱਚ ਪਤਾ ਨਹੀਂ ਕਿੰਨੀ ਲੁਕਾਈ ਦੀ ਰੱਤ ਨਿਚੋੜ-ਨਿਚੋੜ ਕੇ ਤੂੰ ਇਕੱਤਰ ਕੀਤੀ ਹੋਈ ਹੈ, ਇਧਰ ਵੇਖ! ਮੇਰੇ ਸਬਰ-ਸੰਤੋਖ ਦੇ ਪੁਤਲੇ ਭਾਈ ਲਾਲੋ ਦੀ ਹੱਕ ਹਲਾਲ ਦੀ ਕਮਾਈ ਦੀ ਰੋਟੀ ਜੋ ਨਿਰਾ ਦੁੱਧ ਹੀ ਦੁੱਧ ਹੈ। ਮਲਕ ਇਹ ਕੌਤਕ ਦੇਖ ਕੇ ਕੰਬਿਆ, ਸਾਰੇ ਪਾਪ-ਕਰਮ ਸਾਹਮਣੇ ਆ ਹੋਏ। ਝੱਟ ਚਰਨਾਂ 'ਤੇ ਢਹਿ ਪਿਆ। ਮਹਾਰਾਜ ਜੀ ਨੇ ਪਕੜ ਕੇ ਉਠਾਇਆ ਤੇ ਬਚਨ ਕੀਤਾ, "ਜਾਹ ਇਹ ਪਾਪ ਦੀ ਕਮਾਈ ਗ਼ਰੀਬਾਂ ਵਿੱਚ ਵੰਡ ਦੇ ਤੇ ਅੱਗੋਂ ਲਈ ਧਰਮ ਦੀ ਕਮਾਈ ਕਰਕੇ ਫਿਰ ਵੰਡ ਕੇ ਛਕ।"

ਇਸ ਤਰ੍ਹਾਂ ਦੇ ਘੋਰ ਕਲਿਜੁਗ ਦੇ ਹਾਲਾਤ ਜੋ ਭਾਰਤ ਵਿੱਚ ਵਰਤ ਰਹੇ ਸਨ, ਉਸ ਨੂੰ ਅਨੁਭਵ ਕਰਿਆ ਅਤੇ ਮਹਾਰਾਜ ਜੀ ਦੇ ਹਿਰਦੇ ਵਿੱਚ ਇਹ ਬਾਣੀ ਆਈ:

**ਤਿਲੰਗ ਮਹਲਾ ੧ ॥**

**ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥**
**ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ ॥**
**ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ ॥**
**ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ ॥**
**ਮੁਸਲਮਾਨੀਆ ਪੜਹਿ ਕਤੇਬਾ ਕਸਟ ਮਹਿ ਕਰਹਿ ਖੁਦਾਇ ਵੇ ਲਾਲੋ ॥**
**ਜਾਤਿ ਸਨਾਤੀ ਹੋਰਿ ਹਿਦਵਾਣੀਆ ਏਹਿ ਭੀ ਲੇਖੈ ਲਾਇ ਵੇ ਲਾਲੋ ॥**
**ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ ॥੧॥**
**ਸਾਹਿਬ ਕੇ ਗੁਣ ਨਾਨਕੁ ਗਾਵੈ ਮਾਸ ਪੁਰੀ ਵਿਚਿ ਆਖੁ ਮਸੋਲਾ ॥**
**ਜਿਨਿ ਉਪਾਈ ਰੰਗਿ ਰਵਾਈ ਬੈਠਾ ਵੇਖੈ ਵਖਿ ਇਕੇਲਾ ॥**
**ਸਚਾ ਸੋ ਸਾਹਿਬੁ ਸਚੁ ਤਪਾਵਸੁ ਸਚੜਾ ਨਿਆਉ ਕਰੇਗੁ ਮਸੋਲਾ ॥**
**ਕਾਇਆ ਕਪੜੁ ਟੁਕੁ ਟੁਕੁ ਹੋਸੀ ਹਿਦੁਸਤਾਨੁ ਸਮਾਲਸੀ ਬੋਲਾ ॥**
**ਆਵਨਿ ਅਠਤਰੈ ਜਾਨਿ ਸਤਾਨਵੈ ਹੋਰੁ ਭੀ ਉਠਸੀ ਮਰਦ ਕਾ ਚੇਲਾ ॥**
**ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ ॥੨॥੩॥੫॥ (੭੨੨)**

ਹੁਣ ਭਾਈ ਮਰਦਾਨਾ ਵੀ ਤਲਵੰਡੀ ਤੋਂ ਹੋ ਕੇ ਵਾਪਸ ਆ ਗਿਆ। ਉਸ ਨੇ ਆ ਕੇ ਦੱਸਿਆ ਕਿ ਮਾਤਾ ਤ੍ਰਿਪਤਾ ਜੀ ਬਹੁਤ ਵੈਰਾਗ ਕਰਦੇ ਹਨ। ਮਹਿਤਾ ਕਾਲੂ ਜੀ ਵੀ ਯਾਦ ਕਰਦੇ ਹਨ ਪਰ ਰਾਏ ਬੁਲਾਰ ਜੀ ਤਾਂ ਦਿਨ-ਰਾਤ ਵਿਛੋੜੇ ਤੇ ਬਿਰਹੋਂ ਵਿੱਚ ਭੁੱਜਦੇ ਜਾ ਰਹੇ ਹਨ। ਸਭ ਨੇ ਹੀ ਹੱਥ ਜੋੜ ਕੇ ਤੇ ਨੇਤਰਾਂ ਵਿਚੋਂ ਨੀਰ ਵਗਾ ਕੇ ਬੇਨਤੀ ਕੀਤੀ ਹੈ ਕਿ ਇੱਕ ਵਾਰ ਜ਼ਰੂਰ ਦਰਸ਼ਨ ਦੇ ਕੇ ਠੰਡ ਪਾਉ। ਫਿਰ ਜਿਸ

ਤਰ੍ਹਾਂ ਆਪ ਨੂੰ ਕਰਤਾਰ ਪ੍ਰੇਰੇ ਕਰੀ ਜਾਣਾ। ਇਹ ਬੇਨਤੀ ਸੁਣ ਸਤਿਗੁਰੂ ਜੀ ਤਲਵੰਡੀ ਜਾਣ ਨੂੰ ਤਿਆਰ ਹੋ ਗਏ। ਜਾਣ ਲਗਿਆ ਭਾਈ ਲਾਲੋ ਨੂੰ ਕਹਿ ਗਏ ਕਿ ਫਿਰ ਮੁੜ ਕੇ ਤੇਰੇ ਪਾਸ ਛੇਤੀ ਆਵਾਂਗੇ।

ਤਲਵੰਡੀ ਪਹੁੰਚ ਕੇ ਪਹਿਲੇ ਸਿੱਧਾ ਮਾਤਾ ਜੀ ਪਾਸ ਗਏ। ਮਾਤਾ ਜੀ ਤੋਂ ਅਸੀਸ ਲੈ ਫਿਰ ਰਾਏ ਬੁਲਾਰ ਪਾਸ ਗਏ। ਬਿਰਧ ਰਾਏ ਬੁਲਾਰ ਚਰਨਾਂ 'ਤੇ ਢਹਿ ਪਿਆ ਤੇ ਨੈਣਾਂ ਤੋਂ ਨੀਰ ਦੀ ਨੈਂ ਵਹਾ ਮਹਾਰਾਜ ਜੀ ਦੇ ਚਰਨ ਧੋ ਦਿੱਤੇ। ਕੁਝ ਦਿਨ ਇੱਥੇ ਠਹਿਰ ਕੇ ਸਭ ਦਾ ਪ੍ਰੇਮ ਲਿਆ। ਮਹਿਤਾ ਕਾਲੂ ਜੀ ਨੇ ਬੜੀਆਂ ਜੋਦੜੀਆਂ ਕੀਤੀਆਂ। ਕਿਹਾ, "ਬੱਚਾ! ਇੱਥੇ ਹੀ ਰਹੋ। ਈਸ਼ਵਰ ਦਾ ਦਿੱਤਾ ਸਭ ਕੁਝ ਹੈ। ਦਿਲ ਕਰੇ ਤੇ ਕੋਈ ਵਿਹਾਰ ਕਰੋ, ਨਹੀਂ ਤਾਂ ਜਿਵੇਂ ਜੀਅ ਕਰੇ ਅਪਣੇ ਰੰਗ ਵਿੱਚ ਮਸਤ ਰਹੋ। ਤੇਰੇ ਦਰਸ਼ਨ ਸਦਕਾ ਸਾਨੂੰ ਠੰਡ ਪੈਂਦੀ ਰਹੇਗੀ।" ਰਾਏ ਬੁਲਾਰ ਨੇ ਵੀ ਬਹੁਤ ਬੇਨਤੀਆਂ ਕੀਤੀਆਂ। ਪਰ ਮਹਾਰਾਜ ਜੀ ਨੇ ਸਭ ਨੂੰ ਇੱਕ ਹੀ ਉੱਤਰ ਦਿੱਤਾ, "ਧਰਤੀ ਦੇ ਜੀਵ ਪਾਪਾਂ ਦੀ ਅੱਗ ਵਿੱਚ ਸੜ ਰਹੇ ਹਨ, ਸਤਿਨਾਮ ਦਾ ਛੱਟਾ ਦੇ ਕੇ ਸਭ ਨੂੰ ਠੰਡ ਪਾਉਣ ਦਾ ਅਜ਼ਲੀ ਹੁਕਮ ਹੋ ਚੁੱਕਾ ਹੈ।"

**ਇਸ ਤਰ੍ਹਾਂ ਸਭ ਕੋਲੋਂ ਵਿਦਾ ਹੋ ਸਤਿਗੁਰੂ ਫਿਰ ਭਾਈ ਲਾਲੋ ਦੀ ਝੁੱਗੀ ਵਿੱਚ ਪਹੁੰਚ ਗਏ। ਬਾਬਾ ਜੀ ਨੇ ਕੁਝ ਦਿਨ ਭਾਈ ਲਾਲੋ ਜੀ ਦਾ ਪ੍ਰੇਮ ਪੂਰਾ ਕਰਕੇ ਇੱਕ ਵੀਰਾਨ ਅਸਥਾਨ ਤੇ ਜਾ ਕੇ ਡੇਰਾ ਕਰ ਲਿਆ ਅਤੇ ਭਾਰੀ ਕਠਿਨ ਤਪੱਸਿਆ ਅਰੰਭ ਦਿੱਤੀ।**

**ਪਹਿਲਾ ਬਾਬੇ ਪਾਯਾ ਬਖਸੁ ਦਰਿ ਪਿਛੋਦੇ ਫਿਰਿ ਘਾਲਿ ਕਮਾਈ ।**
**ਰੇਤੁ ਅੱਕੁ ਆਹਾਰੁ ਕਰਿ ਰੋੜਾ ਕੀ ਗੁਰ ਕੀਅ ਵਿਛਾਈ ।**
**ਭਾਰੀ ਕਰੀ ਤਪਸਿਆ ਵਡੇ ਭਾਗਿ ਹਰਿ ਸਿਉ ਬਣਿ ਆਈ ।**
**ਬਾਬਾ ਪੈਧਾ ਸਚਿ ਖੰਡਿ ਨਉ ਨਿਧਿ ਨਾਮੁ ਗਰੀਬੀ ਪਾਈ ।**
**ਬਾਬਾ ਦੇਖੈ ਧਿਆਨੁ ਧਰਿ ਜਲਤੀ ਸਭਿ ਪ੍ਰਿਥਵੀ ਦਿਸਿ ਆਈ ।**
**ਬਾਝੁ ਗੁਰੂ ਗੁਬਾਰੁ ਹੈ, ਹੈ ਹੈ ਕਰਦੀ ਸੁਣੀ ਲੁਕਾਈ ।**
**ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ ।**
**ਚੜ੍ਹਿਆ ਸੋਧਣਿ ਧਰਤਿ ਲੁਕਾਈ ॥੨੪॥ (ਵਾਰ ੧, ਪਉੜੀ ੨੪) (ਭਾਈ ਗੁਰਦਾਸ ਜੀ)**

ਇਸ ਤਪ ਅਸਥਾਨ ਦੀ ਯਾਦ ਵਿੱਚ ਗੁਰਦੁਆਰਾ ਰੋੜੀ ਸਾਹਿਬ ਬਣਿਆ। ਬਾਬਾ ਜੀ ਦੇ ਇਸ ਭਾਰੀ ਤਪ ਅਸਥਾਨ ਤੋਂ ਕੋਈ ਤਿੰਨ ਮੀਲ ਦੀ ਵਿੱਥ ਤੇ ਇੱਕ ਛੋਟਾ ਜਿਹਾ ਪਿੰਡ ਹੈ, ਜਿਸ ਦਾ ਨਾਮ ਹੈ, ਬਲੋਵਾਲੀ। ਇਸ ਪਿੰਡ ਵਿੱਚ ਕੋਈ ਸੌਂ ਪੰਜਾਹ ਘਰ ਹੀ ਹੋਣਗੇ, ਪਰ ਜੱਟ, ਖਤਰੀ, ਅਰੋੜੇ, ਅਰਾਈ, ਘੁਮਿਆਰ, ਮਰਾਸੀ, ਤਰਖਾਣ ਆਦਿ ਸਾਰੀਆਂ ਹੀ ਜਾਤੀਆਂ ਦੇ ਵਸਨੀਕ ਸਨ। ਇਉਂ ਜਾਪਦਾ ਜਿਵੇਂ ਇਹ ਸਾਰੀਆਂ ਜਾਤਾਂ ਦਾ ਇੱਕ ਗੁਲਦਸਤਾ ਹੈ।

ਇਸੇ ਨਗਰੀ ਵਿੱਚ ਇੱਕ ਮਹਿਤੇ ਖੱਤਰੀਆਂ ਦੀ ਕੁੱਲ ਵਿੱਚੋਂ ਸਾਵਣ ਮਲ ਜੀ ਵਸਦੇ ਸਨ। ਆਪ ਸ਼ਾਹੂਕਾਰੇ ਦਾ ਕੰਮ ਕਰਦੇ, ਗੁਜ਼ਾਰੇ ਵੱਲੋਂ ਚੰਗੇ ਸੌਖੇ ਸਨ, ਪਰ ਪੁੱਤਰ ਦੀ ਦਾਤ ਨਾ ਹੋਣ ਕਰਕੇ ਦੁਖੀ ਸਨ। ਇਸ ਘਾਟ ਨੂੰ ਪੂਰਾ ਕਰਨ ਲਈ ਆਪ ਨੇ, ਡੇਲ੍ਹੇ ਚੱਠਿਆ ਤੋਂ ਇੱਕ ਬਾਲਕ ਜਿਸ ਦਾ ਨਾਮ ਨਾਨਕ ਚੰਦ ਸੀ ਲਿਆ ਕੇ ਆਪਣਾ ਪੁੱਤਰ ਥਾਪ ਲਿਆ ਤੇ ਮੁਤਬੰਨਾ ਬਣਾ ਲਿਆ। ਇਹ ਨਾਨਕ ਚੰਦ ਜੀ ਪੂਰਨ ਆਗਿਆ ਵਿੱਚ ਰਹੇ ਤੇ ਆਪਣੀ ਮਿਹਨਤ ਤੇ ਦਿਆਨਤਦਾਰੀ ਸਦਕਾ ਆਪਣੇ ਪਿਤਾ ਦੇ ਵਿਹਾਰ ਵਿੱਚ ਕਾਫ਼ੀ ਨਿਪੁੰਨ ਹੋ ਗਏ ਤੇ ਇਸ ਤਰ੍ਹਾਂ ਭਾਈ ਸਾਵਣ ਮਲ ਜੀ ਦੀ ਬ੍ਰਿਧ ਅਵਸਥਾ ਵਿੱਚ ਸਹਾਰਾ ਹੋ ਗਏ।

ਭਾਈ ਨਾਨਕ ਚੰਦ ਜੀ ਜੋ ਮੇਰੇ ਦਾਦਾ ਜੀ ਸਨ, ਭਾਈ ਸਾਵਣ ਮਲ ਜੀ ਦੇ ਪ੍ਰਲੋਕ ਪਿੱਛੋਂ ਸ਼ਾਹੂਕਾਰੇ ਦੇ ਕੰਮ ਵਿੱਚ ਕਾਫ਼ੀ ਤਰੱਕੀ ਕਰ ਗਏ। ਲੋਕੀਂ ਉਨ੍ਹਾਂ ਨੂੰ ਨਾਨਕ ਸ਼ਾਹ ਕਰਕੇ ਪੁਕਾਰਦੇ। ਆਪ ਵਿਹਾਰ ਦੇ ਬੜੇ ਸੱਚੇ-ਸੁੱਚੇ ਸਨ। ਚੁੱਪ ਕਰਕੇ ਬਿਨਾਂ ਕਿਸੇ ਨਾਵੇਂ ਲਿਖਣ ਦੇ ਹੱਥੋ-ਹੱਥੀ ਲੋੜਵੰਦਾਂ ਨੂੰ ਸੈਂਕੜੇ ਹਜ਼ਾਰਾਂ ਦੀ ਰਕਮ ਫੜ੍ਹਾ ਦਿੰਦੇ। ਸਾਮੀਆਂ ਤੋਂ ਵੀ ਕਈ ਵਾਰੀ ਜਦ ਵੇਖਦੇ ਕਿ ਅਮਕਾ ਪੀੜਤ ਹੈ, ਤਾਂ ਵਿਆਜ ਸਮੇਤ ਮੋੜ ਜਾਂਦੇ ਸਨ।

ਦਾਦਾ ਜੀ ਦੇ ਕੋਠੇ ਦਾਣਿਆਂ ਤੇ ਗੁੜ ਆਦਿ ਨਾਲ ਭਰੇ ਰਹਿੰਦੇ। ਆਪ ਕਿਰਸੀ ਅਤੇ ਮਿਹਨਤੀ ਬਹੁਤ ਸਨ। ਪਿੰਡ ਦੀਆਂ ਸਾਰੀਆਂ ਲੋੜਾਂ ਪੂਰੀਆਂ ਕਰਨ ਲਈ ਹੱਟੀ ਭੀ ਕਰਦੇ ਸਨ, ਇਹਨਾਂ ਦੀ ਹੱਟੀ ਤੇ ਘਰ ਪਿੰਡ ਵੜਦਿਆਂ ਹੀ ਆਹਮੋ-ਸਾਹਮਣੇ ਸਨ। ਸਾਰੇ ਰਾਹੀ ਪਾਂਧੀ ਏਹਨਾਂ ਦੀ ਹੱਟੀ ਤੇ ਆ ਬੈਠਦੇ। ਇਹ ਕਿਸੇ ਨੂੰ ਵੀ ਜਲ-ਪਾਣੀ ਛਕਾਏ ਬਿਨਾਂ ਨਾ ਜਾਣ ਦੇਂਦੇ। ਇਹਨਾਂ ਦੀ ਘਰ ਵਾਲੀ ਜਿਸ ਦਾ ਨਾਉਂ ਚੰਦ ਕੌਰ ਸੀ, ਚੰਗੇ ਭਲੇ ਤੇ ਸਾਊ ਸੁਭਾਅ ਵਾਲੀ ਇਸਤਰੀ ਸੀ, ਸਭ ਨੂੰ ਖਿੜੇ ਮੱਥੇ ਜਲ-ਪਾਣੀ ਤੇ ਪ੍ਰਸ਼ਾਦਾ ਛਕਾਂਦੀ। ਪਹਿਲਾਂ ਕਰਤਾਰ ਨੇ ਇਹਨਾਂ ਦੇ ਘਰ ਇੱਕ ਸਪੁਤਰੀ ਦੀ ਦਾਤ ਬਖਸ਼ੀ; ਫਿਰ ਕੋਈ ਚਾਰ ਸਾਲ ਮਗਰੋਂ ਮੇਰੇ ਪਿਤਾ ਜੀ ਨੇ ਜਨਮ ਲਿਆ। ਇਹਨਾਂ ਨੂੰ ਮੇਰੇ ਦਾਦਾ ਜੀ ਨੇ ਕੇਸਾਧਾਰੀ ਸਿੱਖ ਬਣਾਇਆ। ਬਾਬਾ ਬਿਕ੍ਰਮਾ ਸਿੰਘ ਜੀ ਕੋਟਲੀ ਫ਼ਕੀਰ ਚੰਦ ਵਾਲਿਆਂ ਨੇ ਇਹਨਾਂ ਦਾ ਜਨਮ ਸੰਸਕਾਰ ਕੀਤਾ ਤੇ ਨਾਮ ਰੱਲਾ ਸਿੰਘ ਰੱਖਿਆ। ਜਦ ਜ਼ਰਾ ਸਿਆਣੇ ਹੋਏ ਤਾਂ ਦਾਦਾ ਜੀ ਨੇ ਸਕੂਲ ਭੇਜ ਦਿੱਤਾ। ਪੜ੍ਹਾਈ ਵਿੱਚ ਬੜੇ ਹੋਣਹਾਰ ਸਾਬਤ ਹੋਏ। ਦਸਵੀਂ ਪਾਸ ਕਰਨ ਮਗਰੋਂ ਲਾਹੌਰ ਮੈਡੀਕਲ ਕਾਲਜ ਵਿੱਚ ਦਾਖ਼ਲ ਹੋ ਕੇ ਐਲ. ਐਮ. ਐਚ. ਦਾ ਡਿਪਲੋਮਾ ਹਾਸਲ ਕੀਤਾ।

ਅਜੇ ਇਹਨਾਂ ਦਸਵੀਂ ਪਾਸ ਨਹੀਂ ਸੀ ਕੀਤੀ ਕਿ ਇਹਨਾਂ ਦਾ ਵਿਆਹ ਸਿਆਲਕੋਟ ਭਾਈਆਂ ਦੇ ਖ਼ਾਨਦਾਨ ਵਿੱਚ ਹੋ ਗਿਆ। ਮੇਰੇ ਨਾਨਾ ਜੀ ਦਾ ਨਾਮ ਭਾਈ ਭਾਗ ਸਿੰਘ ਜੀ ਤੇ ਮਾਤਾ ਜੀ ਦਾ ਨਾਮ ਸਦਾ ਕੌਰ ਹੈ। ਮੇਰੇ ਨਾਨਾ ਜੀ ਗੁਰੂ ਗ੍ਰੰਥ ਸਾਹਿਬ ਦੇ ਲਿਖਾਰੀ ਸਨ ਅਤੇ ਇਹਨਾਂ ਨੂੰ ਸਾਰੀ ਪੰਜ ਗ੍ਰੰਥੀ ਕੰਠ ਸੀ। ਅੰਮ੍ਰਿਤ ਵੇਲੇ ਸਵਾ ਪਹਿਰ ਰਾਤ ਰਹਿੰਦੀ ਸਦਾ ਹੀ ਜਾਗਦੇ ਤੇ ਇਸ਼ਨਾਨ ਪਾਣੀ ਕਰ ਗੁਰਸਿੱਖਾਂ ਨੂੰ ਇਸ਼ਨਾਨ ਪਾਣੀ ਕਰਵਾਉਣ ਤੱਕ ਜਾਂਦੇ। ਖੂਹੀ ’ਤੇ ਸਵਾ ਮਣ ਪੱਕੇ ਦਾ ਡੋਲ ਸੀ, ਪਾਣੀ ਭਰੀ ਜਾਂਦੇ, ਨਾਲ ਪਾਠ ਕਰੀ ਜਾਂਦੇ, ਇਸ ਤਰ੍ਹਾਂ ਘਟੋ-ਘੱਟ ਪੰਜਾਹ (੫●) ਸਿੱਖਾਂ ਨੂੰ ਰੋਜ਼ ਇਸ਼ਨਾਨ ਕਰਾਂਦੇ। ਇਨ੍ਹਾਂ ਦਾ ਕੱਦ ਛੇ ਫੁੱਟ ਚਾਰ ਇੰਚ ਸੀ ਤੇ ਸੁਭਾਉ ਬੜਾ ਮਿੱਠਾ ਤੇ ਗ਼ਰੀਬੀ ਭਰਿਆ ਸੀ। ਗੁਰਬਾਣੀ ਦੀ ਇਹ ਤੁਕ “**ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤ ॥**” **(੪੭●)** ਇਨ੍ਹਾਂ ਅੰਦਰ ਘਰ ਕਰ ਚੁੱਕੀ ਸੀ।

ਮੇਰੇ ਮਾਤਾ ਸਦਾ ਕੌਰ ਜੀ ਗੁਰਸਿੱਖੀ, ਸੇਵਾ ਤੇ ਨਿਮਰਤਾ ਦੀ ਦਾਤ ਮੇਰੇ ਨਾਨਕੇ ਘਰ ਤੋਂ ਲਿਆਏ ਸਨ। ਇਨ੍ਹਾਂ ਦੇ ਇਸ ਸੁਭਾਉ ਨੇ ਸੱਸ-ਸਹੁਰੇ ਤੇ ਨਿਨਾਣਾਂ ਦਾ ਦਿਲ ਮੋਹ ਲਿਆ। ਹਰ ਵੇਲੇ ਲੰਗਰ ਦੀ ਸੇਵਾ ਵਿੱਚ ਲੱਗੇ ਰਹਿੰਦੇ ਅਤੇ ਲੋੜ ਅਨੁਸਾਰ ਘਰ ਦੀ ਚੱਕੀ ਵੀ ਪੀਹ ਲੈਂਦੇ ਅਤੇ ਆਏ ਗਏ ਪਾਂਧੀ, ਰਾਹੀ, ਗ਼ਰੀਬ-ਗੁਰਬੇ ਨੂੰ ਬੜੀ ਸ਼ਰਧਾ ਤੇ ਸਤਿਕਾਰ ਨਾਲ ਪ੍ਰਸ਼ਾਦਾ ਛਕਾਂਦੇ।

ਮੇਰੇ ਦਾਦਾ ਜੀ ਦੀ ਇੱਕ ਭੈਣ ਮੂਲਾਂ ਦੇਵੀ ਸੀ, ਉਸ ਦਾ ਪਤੀ ਜੋ ਫੌਜ਼ ਵਿੱਚ ਨੌਕਰ ਸੀ, ਕਰਤਾਰ ਦੇ ਹੁਕਮ ਵਿੱਚ ਸਰੀਰ ਛੱਡ ਗਿਆ ਤਾਂ ਮੂਲਾਂ ਦੇਵੀ ਦੀ ਪੈਨਸ਼ਨ ਲੱਗ ਗਈ। ਉਦੋਂ ਉਹ ਆਪਣੇ ਭਰਾ ਪਾਸ ਆ ਗਈ ਮੇਰੇ ਦਾਦਾ ਜੀ ਨੇ ਉਨ੍ਹਾਂ ਦਾ ਨਿਵਾਸ ਗੁਜਰਾਂਵਾਲੇ ਅਰਾਈਨਾ ਦੀ ਗਲੀ ਵਿੱਚ ਇੱਕ ਜੱਟੀ ਦੇ ਮਕਾਨ ਵਿੱਚ ਕਰਵਾਇਆ। ਮੇਰੇ ਮਾਤਾ ਜੀ ਕੁਝ ਚਿਰ ਬਲੋਵਾਲ ਰਹਿੰਦੇ ਤੇ ਕੁਝ ਚਿਰ ਮੂਲਾਂ ਦੇਵੀ ਜੀ ਉਨ੍ਹਾਂ ਨੂੰ ਆਪਣੇ ਪਾਸ ਗੁਜਰਾਂਵਾਲੇ ਲੈ ਆਉਂਦੇ।

ਅਜੇ ਮੇਰੇ ਪਿਤਾ ਜੀ ਲਾਹੌਰ ਮੈਡੀਕਲ ਕਾਲਜ ਵਿੱਚ ਹੀ ਪੜ੍ਹਦੇ ਸਨ ਕਿ ਦਾਸ ਦਾ ਜਨਮ ਪਿੰਡ ਬਲੋਵਾਲੀ ਵਿਖੇ ਸੰਮਤ ੧੯੩੪ ਬਿਕ੍ਰਮੀ, ੧੪ ਮਈ ੧੯੭੭ ਈਸਵੀ-ਜੇਠ ਦੀ ਪੂਰਨਮਾਸ਼ੀ ਦੀ ਰਾਤ ਕੋਈ ਇੱਕ ਵਜੇ ਮਗਰੋਂ ਹੋਇਆ।

ਦਾਦਾ ਜੀ ਨੇ ਖੁਸ਼ੀ ਮਨਾਈ ਤੇ ਜੱਗ ਕੀਤਾ। ਆਮ ਰਵਾਇਤ ਹੈ ਕਿ ਮੂਲ ਨਾਲੋਂ ਵਿਆਜ ਪਿਆਰਾ ਹੁੰਦਾ ਹੈ। ਜਦ ਦਾਸ ਰਿੜ੍ਹਣ ਲੱਗ ਪਿਆ ਤਦ ਬੇਬੇ ਮੂਲਾਂ ਦੇਵੀ ਮੇਰੀ ਮਾਤਾ ਜੀ ਨੂੰ ਗੁਜਰਾਂਵਾਲੇ ਲੈ ਗਏ। ਜਦ ਦਾਸ ਢਾਈ ਸਾਲ ਦਾ ਹੋਇਆ ਤਾਂ ਮੇਰੀ ਦਾਦੀ ਮੈਨੂੰ ਬਲੋਵਾਲੀ ਲੈ ਆਏ ਤੇ ਮੇਰੀ ਮਾਤਾ ਜੀ ਮੂਲਾਂ ਦੇਵੀ ਜੀ ਦੀ ਸੇਵਾ ਵਿੱਚ ਹੀ ਰਹੇ। ਆਪਣੀ ਦਾਦੀ ਜੀ ਦੀ ਜ਼ਬਾਨੀ ਦਾਸ ਨੇ ਸੁਣਿਆ ਕਿ ਜਦੋਂ ਕੋਈ ਪ੍ਰੇਮੀ ਮੈਨੂੰ ਕਹਿੰਦਾ ਕਿ ਚੱਲ ਤੈਨੂੰ ਗੁਜਰਾਂਵਾਲੇ ਤੇਰੀ ਮਾਤਾ ਪਾਸ ਲੈ ਚਲੀਏ ਤਾਂ ਮੈਂ ਆਪਣੀ ਤੋਤਲੀ ਜ਼ਬਾਨ ਵਿੱਚ ਕਹਿੰਦਾ-"ਮੈਂ ਨਹੀਂ ਜਾਂਦਾ ਗੁਜਰਾਂਵਾਲੇ" ਮੇਰੀ ਨਿੱਕੀ ਉਮਰ ਦੀਆਂ ਇੱਕ-ਦੋ ਹੋਰ ਗੱਲਾਂ ਦਾਦੀ ਜੀ ਨੇ ਦਾਸ ਨੂੰ ਸੁਣਾਈਆਂ ਸਨ। ਜਦੋਂ ਮੈਨੂੰ ਦਹੀਂ ਜਾਂ ਦੁੱਧ ਦੇਂਦੇ, ਤਦ ਮੈਂ ਬੜੀ ਰਿਆੜ ਕਰਦਾ ਕਿ ਮੈਨੂੰ ਛੰਨਾ ਭਰ ਕੇ ਦਿਓ। ਦਾਦੀ ਜੀ ਬੜੇ ਜੁਗਤੀ ਵਾਲੇ ਸਨ, ਉਹਨਾਂ ਨੇ ਅੱਧ ਕੁ ਪਾ ਦੀ ਕਟੋਰੀ ਮੰਗਵਾ ਲਈ ਅਤੇ ਮੈਨੂੰ ਭਰ ਕੇ ਦੇ ਦਿੰਦੇ। ਮੈਂ ਕੱਛਾਂ ਮਾਰ ਛੱਡਦਾ।

ਦਾਦੀ ਜੀ ਨੇ ਮੈਨੂੰ ਇਹ ਭੀ ਦੱਸਿਆ ਕਿ ਜਦ ਤੂੰ ਚਾਰ ਸਾਲ ਦਾ ਸੈਂ, ਤਾਂ ਤੈਨੂੰ ਬੜੀ ਜ਼ੋਰ ਦੀ ਮਾਤਾ ਨਿਕਲੀ। ਦੋਹਾਂ ਨੇਤ੍ਰਾਂ ਵਿੱਚ ਚਿੱਟੇ ਪੈ ਗਏ ਤੇ ਨਿਗਾਹ ਉੱਕੀ ਹੀ ਬੰਦ ਹੋ ਗਈ। ਸਾਰੇ ਪ੍ਰਵਾਰ ਨੂੰ ਬੜਾ ਹੀ ਫ਼ਿਕਰ ਪੈ ਗਿਆ। ਉਸ ਵੇਲੇ ਡਾਕਟਰਾਂ ਦੇ ਇਲਾਜ ਦਾ ਪਿੰਡਾਂ ਵਿੱਚ ਘੱਟ ਹੀ ਰਿਵਾਜ ਸੀ। ਮਾਈਆਂ ਮੰਤ੍ਰ ਤੰਤ੍ਰ ਕਰ ਲੈਂਦੀਆਂ। ਦਾਸ ਦੀ ਦਾਦੀ ਜੋ ਚੰਗੀ ਸਿਆਣੀ ਤੇ ਸੂਝ ਵਾਲੀ ਸੀ ਉਸ ਨੇ ਪ੍ਰਚਲਿਤ ਦੇਸੀ ਇਲਾਜ ਕਰਕੇ ਮੇਰੀਆਂ ਅੱਖਾਂ ਦੀ ਨਜ਼ਰ ਚਾਰ ਮਹੀਨੇ ਦੀ ਲਗਾਤਾਰ ਮਿਹਨਤ ਨਾਲ ਵਾਪਸ ਲੈ ਆਂਦੀ। ਅੱਖਾਂ ਵਿੱਚ ਮੁੜ ਜੋਤਨਾ ਵੇਖ ਕੇ ਸਾਰੇ ਪਰਿਵਾਰ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ। ਤਿੰਨ-ਚਾਰ ਮਹੀਨੇ ਮਗਰੋਂ ਨੇਤ੍ਰ ਸਾਫ਼ ਹੋ ਗਏ ਤੇ ਨਿਗਾਹ ਖੁੱਲ੍ਹ ਗਈ, ਸਿਰਫ਼ ਕੁਝ Myopia ਰਹਿ ਗਿਆ।

ਦਾਸ ਦਾ ਪਿੰਡ ਦੇ ਹਿੰਦੂ, ਮੁਸਲਮਾਨ ਸਭ ਬੱਚਿਆਂ ਨਾਲ ਪ੍ਰੇਮ ਹੋ ਗਿਆ। ਉਹਨਾਂ ਨਾਲ ਰਲ ਕੇ ਖੇਡਦਾ ਅਤੇ ਕਈ ਵਾਰੀ ਲੰਗੋਟੀ ਲਾਹ, ਕੁੱਤਿਆਂ ਦੇ ਮਗਰ ਦੌੜਦਾ, ਦਾਸ ਨੂੰ ਆਪ ਭੀ ਯਾਦ ਹੈ ਕਿ ਸਿਆਲ ਵਿੱਚ ਛੋਈ ਦੀ ਅੱਗ ਬਾਲ ਕੇ ਪਿੰਡ ਮੁੰਡਿਆਂ ਨਾਲ ਚੋਖਾ ਚਿਰ ਰਾਤ ਨੂੰ ਬਚਨ-ਬਿਲਾਸ ਕਰਦਾ ਰਹਿੰਦਾ। ਪਿੱਛਲੇ ਪਹਿਰ ਖਿਦੋਂ-ਖੂੰਡੀ ਖੇਡਦੇ ਅਤੇ ਚਾਨਣੀਆਂ ਰਾਤਾਂ 'ਚ ਪਿੰਡੋਂ ਬਾਹਰ ਖੁੱਲ੍ਹੇ ਮੈਦਾਨ ਵਿੱਚ ਪੜੁਲ ਬੰਨ੍ਹ ਛਾਲਾਂ ਮਾਰਦੇ।

# ਕਾਂਡ ੨

ਮਃ ੧ ॥

ਪਹਿਲੈ ਪਿਆਰਿ ਲਗਾ ਥਣ ਦੁਧਿ ॥ ਦੂਜੈ ਮਾਇ ਬਾਪ ਕੀ ਸੁਧਿ ॥
ਤੀਜੈ ਭਯਾ ਭਾਭੀ ਬੇਬ ॥ ਚਉਥੈ ਪਿਆਰਿ ਉਪੰਨੀ ਖੇਡ ॥
ਪੰਜਵੈ ਖਾਣ ਪੀਅਣ ਕੀ ਧਾਤੁ ॥ ਛਿਵੈ ਕਾਮੁ ਨ ਪੁਛੈ ਜਾਤਿ ॥
ਸਤਵੈ ਸੰਜਿ ਕੀਆ ਘਰ ਵਾਸੁ ॥ ਅਠਵੈ ਕ੍ਰੋਧੁ ਹੋਆ ਤਨ ਨਾਸੁ ॥
ਨਾਵੈ ਧਉਲੇ ਉਭੇ ਸਾਹ ॥ ਦਸਵੈ ਦਧਾ ਹੋਆ ਸੁਆਹ ॥
ਗਏ ਸਿਗੀਤ ਪੁਕਾਰੀ ਧਾਹ ॥ ਉਡਿਆ ਹੰਸੁ ਦਸਾਏ ਰਾਹ ॥
ਆਇਆ ਗਇਆ ਮੁਇਆ ਨਾਉ ॥ ਪਿਛੈ ਪਤਲਿ ਸਦਿਹੁ ਕਾਵ ॥
ਨਾਨਕ ਮਨਮੁਖਿ ਅੰਧੁ ਪਿਆਰੁ ॥ ਬਾਝੁ ਗੁਰੂ ਡੁਬਾ ਸੰਸਾਰੁ ॥੨॥
(੧੩੭-੩੮)

## ਪੜ੍ਹਾਈ ਅਤੇ ਜਵਾਨ ਅਵਸਥਾ ਦੇ ਰੰਗ

ਹੁਣ ਦਾਸ ਦੀ ਉਮਰ ਛੇ ਸਾਲਾਂ ਦੀ ਹੋਈ। ਦਾਦਾ ਜੀ ਬੜੇ ਉਤਸ਼ਾਹ ਨਾਲ ਸਵਾ ਰੁਪਏ ਤੇ ਪਤਾਸੇ ਥਾਲੀ ਵਿੱਚ ਰੱਖ ਕੇ ਮੈਨੂੰ ਮਸੀਤੀ ਮੀਆਂ ਮੁਹੰਮਦ ਦੀਨ ਪਾਸ ਲੈ ਗਏ। ਦੋ ਕੁ ਸਾਲ ਦਾਸ ਇਹਨਾਂ ਪਾਸੋਂ ਉਰਦੂ ਤੇ ਸਾਧਾਰਣ ਹਿਸਾਬ ਤੇ ਲਿਖਾਈ ਪੱਟੀ ਤੇ ਲਿਖਦਾ ਰਿਹਾ। ਇਹਨਾਂ ਅੱਠਾਂ ਸਾਲਾਂ ਵਿੱਚ ਮੇਰੀ ਛੋਟੀ ਭੈਣ ਨਾਰਾਇਣ ਦੇਵੀ ਅਤੇ ਭਰਾ ਨਾਰਾਇਣ ਸਿੰਘ ਦਾ ਜਨਮ ਹੋਇਆ। ਇਸ ਵੇਲੇ ਮੇਰੇ ਪਿਤਾ ਜੀ ਬੰਗਲਾ ਫ਼ਾਜ਼ਿਲਕਾ ਵਿੱਚ ਐਸਿਸਟੈਂਟ ਸਰਜਨ ਲੱਗ ਚੁੱਕੇ ਸਨ। ਪੜ੍ਹਾਈ ਦੇ ਦਿਨਾਂ ਵਿੱਚ ਹੀ ਪੁਰਾਣੇ ਸੰਜੋਗ ਕਰਕੇ ਇੱਕ ਵਿਧਵਾ ਜਵਾਨ ਬੀਬੀ ਨਾਲ ਮੇਰੇ ਪਿਤਾ ਜੀ ਦਾ ਪ੍ਰੇਮ ਹੋ ਗਿਆ ਅਤੇ ਆਪਣੇ ਸਾਰੇ ਪਰਿਵਾਰ ਤੋਂ ਚੋਰੀ ਪਿਤਾ ਜੀ ਨੇ ਉਸ ਨਾਲ ਚਾਦਰ ਪਾ ਲਈ । ਕੁਝ ਚਿਰ ਤਾਂ ਇਹ ਗੱਲਬਾਤ ਗੁਪਤ ਰਹੀ ਪਰ ਫਿਰ ਸਾਰੇ ਪਰਿਵਾਰ ਵਿੱਚ ਇਸ ਗੱਲ ਦੀ ਸੋਅ ਪੈ ਗਈ। ਮੇਰੇ ਦਾਦਾ ਜੀ ਨੂੰ ਬੜਾ ਫ਼ਿਕਰ ਹੋਇਆ। ਉਹਨਾਂ ਨੇ ਚਿੱਠੀ ਪੱਤਰ ਦੁਆਰਾ ਮੇਰੇ ਪਿਤਾ ਜੀ ਤੇ ਜ਼ੋਰ ਪਾਇਆ ਕਿ ਤੁਸੀਂ ਆਪਣੀ ਪਰਿਵਾਰ ਨੂੰ ਆਪਣੇ ਪਾਸ ਮੰਗਵਾ ਲਉ। ਭਾਵੇਂ ਮੇਰੇ ਪਿਤਾ ਜੀ ਆਪਣੀ ਨਵੀਂ ਮਹਿਬੂਬਾ ਦੇ ਪ੍ਰੇਮ ਜਾਲ ਵਿਚ ਬੁਰੀ ਤਰ੍ਹਾਂ ਫਸੇ ਹੋਏ ਸਨ, ਪਰ ਆਪਣੇ ਪਿਤਾ ਜੀ ਦਾ ਹੁਕਮ ਮੰਨ ਸਾਰੇ ਪਰਿਵਾਰ ਨੂੰ ਆਪਣੇ ਪਾਸ ਬੁਲਾ ਲਿਆ। ਇਹ ਪਹਿਲਾ ਹੀ ਮੌਕਾ ਸੀ ਕਿ ਮੇਰੀ ਮਾਤਾ ਜੀ ਦਾ ਮੇਲ ਆਪਣੀ ਸੌਂਕਣ ਨਾਲ ਹੋਇਆ। ਮਾਤਾ ਜੀ ਜੋ ਸਬਰ ਸ਼ੁਕਰ ਦਾ ਨਮੂਨਾ ਸਨ, ਇਸ ਨੂੰ ਬੜੇ ਖਿੜੇ ਮੱਥੇ ਮਿਲੇ ਅਤੇ ਘੁੱਟ ਕੇ ਛਾਤੀ ਨਾਲ ਲਾ ਲਿਆ। ਮੇਰੀ ਮਤ੍ਰੇਈ ਮਾਤਾ ਜੀ ਮੁਜੱਸਮ ਚਤੁਰਾਈ ਦਾ ਨਮੂਨਾ ਸਨ। ਇਹਨਾਂ ਦਾ ਸੁੰਦਰ ਸੁਡੌਲ ਤੇ ਮੱਧਰਾ ਸਰੀਰ ਸੀ, ਨੈਣ ਨਕਸ਼ ਡਾਢੇ ਤਿੱਖੇ ਤੇ ਢੁਕਵੇਂ ਸਨ। ਮੇਰੇ ਪਿਤਾ ਜੀ ਇਹਨਾਂ ਤੇ ਬਹੁਤ ਲੱਟੂ ਸਨ ਤੇ ਇਹਨਾਂ ਨੂੰ ਬੱਤ ਜੀ ਕਰਕੇ ਬੁਲਾਉਂਦੇ ਸਨ।

ਮੇਰੀ ਮਤ੍ਰੇਈ ਮਾਤਾ ਜੀ ਬੜੇ ਕੁਟਿਲ ਨੀਤੀ ਦੇ ਮਾਲਕ ਸਨ। ਕੁਝ ਚਿਰ ਤਾਂ ਮੇਰੇ ਮਾਤਾ ਜੀ ਨਾਲ ਪ੍ਰੇਮ ਕਰਦੇ ਰਹੇ। ਦਾਸ ਨਾਲ ਵੀ ਉਹ ਬੜੇ ਪ੍ਰੇਮ ਨਾਲ ਹੱਸਦੇ ਖੇਡਦੇ ਤੇ ਇੰਝ ਪਿਆਰ ਕਰਦੇ, ਜਿਵੇਂ

ਇੱਕ ਵੱਡੀ ਭੈਣ ਛੋਟੇ ਭਰਾ ਨਾਲ ਪਿਆਰ ਕਰਦੀ ਹੈ। ਆਮ ਲੋਕ ਸਾਨੂੰ ਦੋਹਾਂ ਨੂੰ ਭੈਣ ਭਰਾ ਹੀ ਸਮਝਦੇ। ਮੇਰੇ ਪਿਤਾ ਜੀ ਵੀ ਮੇਰੇ ਮਾਤਾ ਜੀ ਨਾਲ ਪ੍ਰੇਮ ਵਟਾਉਂਦੇ ਰਹੇ। ਮਤ੍ਰੇਈ ਮਾਤਾ ਜੀ ਕਦ ਤੀਕ ਸਹਿ ਸਕਦੀ ਸੀ ਕਿ ਉਸ ਦੇ ਪਤੀ ਦਾ ਪ੍ਰੇਮ ਹੋਰ ਕੋਈ ਵੰਡਾਵੇ। ਮੋਹ ਵਿੱਚ ਫਸੇ ਹੋਏ ਪਿਤਾ ਜੀ ਨੂੰ ਮਨਾ ਕੇ ਹੀ ਛੱਡਿਆ ਕਿ ਤੁਸੀਂ ਆਪਸੀ ਸੁਭਾਗ ਪਤਨੀ ਸਦਾ ਕੌਰ ਜੀ ਨੂੰ ਇਕਾਂਤ ਵਿੱਚ ਸੱਦ ਕੇ ਕਹਿ ਦਿਉ ਕਿ ਤੂੰ ਮੇਰੀ ਭੈਣ ਤੇ ਮੈਂ ਤੇਰਾ ਭਰਾ। ਪਿਤਾ ਜੀ ਨੇ ਇਸ ਤਰ੍ਹਾਂ ਹੀ ਕੀਤਾ। ਮੇਰੇ ਮਾਤਾ ਜੀ ਨੇ, ਜਿਹੜੇ ਕਿ ਰਜ਼ਾ ਦੇ ਪੁੰਜ ਸਨ, ਬੜੇ ਸ਼ੁਕਰ ਨਾਲ ਇਸ ਗੱਲ ਨੂੰ ਸਹਿ ਲਿਆ ਤੇ ਨਵੇਂ ਰਿਸ਼ਤੇ ਵਿੱਚ ਬੜੇ ਖਿੜੇ ਮੱਥੇ ਰਹਿੰਦੇ ਰਹੇ ਤੇ ਇਸ ਗੱਲ ਨੂੰ ਬਾਹਰ ਨਾ ਨਿਕਲਣ ਦਿੱਤਾ।

ਕੁਝ ਚਿਰ ਤਾਂ ਮਤ੍ਰੇਈ ਮਾਤਾ ਜੀ ਮੇਰੀ ਮਾਤਾ ਜੀ ਨਾਲ ਬੜਾ ਸੋਹਣਾ ਸਲੂਕ ਕਰਦੇ ਰਹੇ। ਅੰਨ ਪਾਣੀ ਜੋ ਲੰਗਰ ਵਿੱਚ ਤਿਆਰ ਹੁੰਦਾ, ਦੇਂਦੇ, ਪਰ ਕੁਝ ਚਿਰ ਮਗਰੋਂ ਤੇਲ ਵਿੱਚ ਸਾਗ ਸੂਗ ਦੀ ਭੁਰਜੀ ਬਣਾ ਕੇ ਦੇਂਦੇ ਤੇ ਮਾਤਾ ਜੀ ਬੜੇ ਸ਼ੁਕਰ ਵਿੱਚ ਛਕਦੇ ਤੇ ਪਤੀ ਜੀ ਦੀ ਕੰਡ ਪਿੱਛੇ ਵੀ ਉਲਾਂਭਾ ਨਾ ਦੇਂਦੇ। ਮੈਨੂੰ ਪਿਤਾ ਜੀ ਨੇ ਫ਼ਾਜ਼ਲਿਕਾ ਮਿਊਂਸੀਪਲ ਬੋਰਡ ਸਕੂਲ ਵਿੱਚ ਦਾਖਲ ਕਰਵਾ ਦਿੱਤਾ। ਉਰਦੂ, ਫਾਰਸੀ ਤੇ ਹਿਸਾਬ ਦਾਸ ਜਾਣਦਾ ਸੀ। ਇਮਤਿਹਾਨ ਲੈ ਕੇ ਹੈਡਮਾਸਟਰ ਨੇ ਤੀਸਰੀ ਜਮਾਤ ਵਿੱਚ ਦਾਖਲ ਕਰ ਲਿਆ। ਜੁਗਰਾਫ਼ੀਆ ਆਦਿ ਦੀ ਕਮਜ਼ੋਰੀ ਦੂਰ ਕਰਨ ਲਈ ਇੱਕ ਟਿਊਟਰ ਵੀ ਰੱਖ ਦਿੱਤਾ। ਇਸ ਪ੍ਰੇਮੀ ਨੂੰ ਸਾਰੇ ਹੀ ਭਗਤ-ਭਗਤ ਕਹਿੰਦੇ ਸਨ। ਇਹ ਉਤੋਂ ਬੜਾ ਮੀਸਣਾ ਤੇ ਹਿਰਦੇ ਵਿੱਚ ਕਪਟੀ ਸੀ, ਭਾਵ ਬਗਲੇ ਭਗਤ ਦਾ ਮੁਜੱਸਮ ਸਰੂਪ ਸੀ। ਇਸ ਨੂੰ ਬਦਮਾਸ਼ੀ ਦੀ ਆਦਤ ਸੀ। ਉਸਦਾ ਉੱਥੋਂ ਦੇ ਖਜ਼ਾਨਚੀ ਦੇ ਛੋਟੇ ਭਰਾ ਨਾਲ ਨਾਜਾਇਜ਼ ਤਅੱਲਕ ਸੀ। ਉਸ ਨੂੰ ਖੁਸ਼ ਕਰਨ ਲਈ ਵਿਸ਼ਵਾਸ਼ਘਾਤ ਕਰਕੇ ਦਾਸ ਨੂੰ ਇੱਕ ਦਿਨ ਉਹਦੇ ਜਾਲ ਵਿੱਚ ਫਸਾਉਣ ਦਾ ਉਪਰਾਲਾ ਕੀਤਾ। ਪਿਤਾ ਜੀ ਨੂੰ ਬੇਨਤੀ ਕਰਕੇ ਕਿ ਹੁਣ ਮੈਂ ਜਮਾਤ ਨਾਲ ਚੰਗੀ ਤਰ੍ਹਾਂ ਚਲ ਪਿਆ ਹਾਂ, ਮੈਨੂੰ ਟਿਊਸ਼ਨ ਦੀ ਲੋੜ ਨਹੀਂ, ਕਹਿ ਕੇ ਇਸ ਬਗਲੇ ਭਗਤ ਪਾਸੋਂ ਖਹਿੜਾ ਛੁਡਾਇਆ। ਇਸ ਪ੍ਰੇਮੀ ਦੀ ਬਾਹਰਲੀ ਤੇ ਅੰਦਰਲੀ ਕਿਰਿਆ ਦੇ ਅੰਤਰ ਨੇ ਦਾਸ ਦੇ ਹਿਰਦੇ ਤੇ ਗਹਿਰਾ ਅਸਰ ਕੀਤਾ। ਇਸ ਤਰ੍ਹਾਂ ਈਸ਼ਵਰੀ ਕਿਰਪਾ ਨਾਲ ਦਾਸ ਇਸ ਕੁਸੰਗ ਜਾਲ ਤੋਂ ਬਚ ਗਿਆ।

ਹੋਲੀਆਂ ਦੇ ਦਿਨਾਂ ਵਿੱਚ ਮੇਰੇ ਪਿਤਾ ਜੀ ਖੂਬ ਰੰਗ ਰਲੀਆਂ ਮਾਣਦੇ, ਸ਼ਰਾਬ ਪੀਂਦੇ ਅਤੇ ਹੋਰ ਖੇਹ ਖੁਆਰੀ ਕਰਦੇ। ਇੱਕ ਦਿਨ ਮੇਰੀ ਮਤੇਰ ਨੇ ਮੈਨੂੰ ਸ਼ਰਾਬ ਦੀ ਬੋਤਲ ਫੜ੍ਹਾ ਦਿੱਤੀ ਕਿ ਤੂੰ ਘੁੱਟ ਭਰ ਲੈ। ਬੋਤਲ ਦਾ ਡਾਟ ਖੋਲ੍ਹ ਕੇ ਇਸ ਨੂੰ ਮੂੰਹ ਨਾਲ ਲਾ ਲਿਆ ਤੇ ਇੱਕ ਘੁੱਟ ਭਰਿਆ। ਉਹ ਇੰਨਾ ਕੌੜਾ ਜ਼ਹਿਰ ਲੱਗਾ ਕਿ ਦਾਸ ਨੇ ਥੂਹ ਕਰਕੇ ਥੁੱਕ ਦਿੱਤਾ ਤੇ ਫਿਰ ਸਾਰੀ ਉਮਰ ਇਸ ਨੂੰ ਮੂੰਹ ਨਹੀਂ ਲਾਇਆ। ਅਜੇ ਮੈਂ ਫ਼ਾਜ਼ਿਲਕਾ ਵਿੱਚ ਹੀ ਪੜ੍ਹਦਾ ਸੀ ਕਿ ਛੁੱਟੀਆਂ ਵਿੱਚ ਮੈਂ ਦਾਦਾ ਜੀ ਪਾਸ ਬਲੋਵਾਲੀ ਆਇਆ। ਧਲੌੜ ਪਿੰਡ ਦਾ ਇੱਕ ਦੁੱਗਲ ਖਤਰੀ ਭਾਲਦਾ-ਭਾਲਦਾ ਬਲੋਵਾਲੀ ਪੁੱਜਾ। ਉਸ ਦੀ ਵੱਡੀ ਪੁੱਤਰੀ ਵਰ ਯੋਗ ਸੀ। ਦਾਦਾ ਜੀ ਨੇ ਆਪਣੇ ਸੁਭਾਵ ਅਨੁਸਾਰ ਉਹਨਾਂ ਨੂੰ ਜਲ-ਪਾਣੀ ਛਕਾਇਆ। ਥੋੜ੍ਹਾ ਚਿਰ ਆਰਾਮ ਕਰਨ ਦੇ ਮਗਰੋਂ ਝੰਡਾ ਸਿੰਘ ਜੀ ਨੇ ਆਪਣੇ ਆਉਣ ਦਾ ਮਨੋਰਥ ਦਾਦਾ ਜੀ ਪਾਸ ਪ੍ਰਗਟ ਕੀਤਾ। ਪੁਰਾਣੇ ਬਜੁਰਗਾਂ ਦੇ ਸੁਭਾ ਅਨੁਸਾਰ ਉਹ ਵੀ ਚਾਹੁੰਦੇ ਸਨ ਕਿ ਪੋਤੇ ਦਾ ਵਿਆਹ ਛੇਤੀ ਦੇਖੀਏ। ਮੈਨੂੰ ਹੱਟੀ ਤੇ ਸੱਦ ਭੇਜਿਆ। ਝੰਡਾ ਸਿੰਘ ਜੀ ਨੇ ਮੈਨੂੰ ਉਰਦੂ ਦੀ ਇੱਕ ਕਿਤਾਬ ਫੜ੍ਹਾਈ ਤੇ ਕਿਹਾ-ਕਾਕਾ! ਪੜ੍ਹ ਕੇ ਸੁਣਾ। ਦਾਸ ਨੇ ਇੱਕ ਦੋ ਸਫ਼ੇ ਤਾੜ-ਤਾੜ ਪੜ੍ਹ ਕੇ ਸੁਣਾਏ। ਪ੍ਰੇਮੀ ਪ੍ਰਸੰਨ ਹੋ ਗਿਆ ਤੇ ਉਸੇ ਵੇਲੇ ਮੇਰੇ ਸੱਜੇ ਹੱਥ ਤੇ ਇੱਕ ਰੁਪਿਆ ਧਰ ਦਿੱਤਾ ਤੇ ਹੱਟੀ ਵਿੱਚੋਂ ਛੁਹਾਰਾ ਲੈ, ਮੇਰੇ ਮੂੰਹ ਲਵਾ ਦਿੱਤਾ। ਉਹ ਬੜਾ ਪ੍ਰਸੰਨ ਹੋ ਕੇ ਚਾਂਈ-ਚਾਂਈ ਆਪਣੇ ਨਗਰ ਪਹੁੰਚਿਆ ਤੇ ਆਪਣੀ ਸੁਭਾਗ ਸੁਪਤਨੀ ਭਾਗਵੰਤੀ ਤੇ ਹੋਰ ਇਕੱਠੇ ਹੋਏ ਵਧਾਈ ਦੇਣ ਵਾਲੇ ਸਬੰਧੀਆਂ ਨੂੰ ਸੁਣਾਇਆ ਕਿ ਮੁੰਡਾ ਕੀ ਮੋਤੀਆਂ ਦਾ ਦਾਣਾ ਹੈ। ਸਾਰੇ ਹੀ ਬੜੇ ਪ੍ਰਸੰਨ ਹੋਏ ਤੇ ਸਾਲ ਦੇ ਅੰਦਰ-ਅੰਦਰ ਵਿਆਹ ਦੀ ਤਾਰੀਖ ਮੁਕੱਰਰ ਕਰ ਦਿੱਤੀ।

ਇੱਕ ਸਾਲ ਦੇ ਮਗਰੋਂ ਧਲੌੜ ਢੁੱਕੇ ਵਾਜੇ-ਗਾਜੇ ਵਜਾ ਮਿਲਣੀ ਕਰ ਪਿੱਛਲੀ ਰਾਤ ਦੋ ਵਜੇ ਤੋਂ ਮਗਰੋਂ ਗੁੱਡੀ-ਗੁੱਡੇ ਵਾਂਗਣ ਮੇਰਾ ਵਿਆਹ ਕਰ ਦਿੱਤਾ।

ਕੁਝ ਸਾਲ ਬਾਅਦ ਮੇਰੇ ਪਿਤਾ ਜੀ ਦੀ ਬਦਲੀ ਲਾਹੌਰ ਸੈਂਟਰਲ ਜੇਲ੍ਹ ਹੋ ਗਈ। ਪਿਤਾ ਜੀ ਨੇ ਡੀ. ਏ. ਵੀ. ਸਕੂਲ ਲਾਹੌਰ ਵਿੱਚ ਸੱਤਵੀਂ ਜਮਾਤ ਵਿੱਚ ਦਾਖਲ ਕਰਵਾ ਦਿੱਤਾ। ਸਕੂਲ ਜੇਲ੍ਹ ਤੋਂ ਤਿੰਨ ਮੀਲ ਤੇ ਸੀ। ਸਵੇਰੇ ਦਾਸ ਰੋਜ਼ ਟੁਰਦਾ ਜਾਂਦਾ ਤੇ ਛੁੱਟੀ ਮਿਲਣ ਦੇ ਵਕਤ ਪਿਤਾ ਜੀ ਇੱਕ ਬੜੀ ਤੇਜ਼ ਛੀਟਕੀ ਤੁਰੰਗਣ (ਘੋੜੀ) ਭੇਜ ਦਿੰਦੇ। ਇੱਕ ਦਿਨ ਦਾਸ ਘੋੜੀ ਚੜ੍ਹ ਸਕੂਲ ਤੋਂ ਆ ਰਿਹਾ ਸੀ। ਲਾਰੰਸ ਬੁਤ ਦੇ ਪਾਸ ਇੱਕ ਪੁਲੀਸ ਅਫਸਰ ਮਿਸਟਰ ਪਰਾਈਸ ਇੱਕ ਟਮਟਮ ਤੇ ਚੜ੍ਹ ਕੇ ਜਾ ਰਿਹਾ ਸੀ। ਇਸ ਦੀ ਘੋੜੀ ਹਵਾ ਨਾਲ ਗੱਲਾਂ ਕਰਦੀ ਸੀ। ਇਹਨੂੰ ਦੇਖ ਕੇ ਦਾਸ ਨੂੰ ਖ਼ਿਆਲ ਆਇਆ ਕਿ ਆਪਣੀ ਘੋੜੀ ਇਸ ਤੋਂ ਅੱਗੇ ਲੰਘਾਉਣੀ ਹੈ। ਘੋੜੀ ਅੱਗੇ ਲੰਘਾ ਜ਼ੇਲ੍ਹਖਾਨੇ ਦੇ ਚੌਂਕ ਤੋਂ ਸੱਜੇ ਹੱਥ ਮੁੜ ਪਿਆ। ਅਜੇ ਚਾਲੀ ਪੰਜਾਹ ਗਜ ਹੀ ਟੁਰਿਆ ਹੋਵਾਂਗਾ ਕਿ ਇੱਕ ਪੁਲਿਸ ਦੇ ਸਿਪਾਹੀ ਨੇ ਦੌੜ ਕੇ ਅਚਨਚੇਤ ਮੇਰੀ ਘੋੜੀ ਦੀਆਂ ਰਾਸਾਂ ਫੜ੍ਹ ਲਈਆਂ ਤੇ ਆਖਿਉ ਸੁ ਕਿ ਸਾਡਾ ਸਾਹਿਬ ਤੁਹਾਡਾ ਚਲਾਨ ਕਰਨ ਵਾਸਤੇ ਹੁਕਮ ਦੇ ਗਿਆ ਹੈ। ਭੋਲੇਪਨ ਵਿੱਚ ਦਾਸ ਨੂੰ ਇਹ ਪਤਾ ਹੀ ਨਹੀਂ ਸੀ ਕਿ ਮਾਲ ਰੋਡ ਤੇ ਘੋੜੀ ਤੇਜ਼ ਚਲਾਉਣ ਦਾ ਹੁਕਮ ਨਹੀਂ। ਇਸ ਘੋੜੀ ਤੇਜ਼ ਚਲਾਉਣ ਲਈ ਮੇਰਾ ਚਲਾਨ ਕੀਤਾ ਗਿਆ। ਅਜੇ ਦਾਸ ਤੇਰ੍ਹਾਂ ਕੁ ਹੀ ਸਾਲ ਦਾ ਸੀ। ਇਹੋ ਜਿਹੀ ਘਟਨਾ ਕਦੀ ਪੇਸ਼ ਨਹੀਂ ਸੀ ਆਈ, ਰੋਣ ਲੱਗ ਪਿਆ। ਪਰ ਸਿਪਾਹੀ ਕਦ ਛੱਡਦਾ ਸੀ, ਹੌਲੀ-ਹੌਲੀ ਜੇਲ੍ਹਖਾਨੇ ਪੁੱਜੇ ਤੇ ਮੇਰੇ ਪਿਤਾ ਜੀ ਨੇ ਮੁਚੱਲਕਾ ਭਰ ਦਿੱਤਾ। ਦੂਜੇ ਦਿਨ ਜ਼ਿਲ੍ਹੇ ਦੀ ਕਚਹਿਰੀ ਮੈਜਿਸਟਰੇਟ ਪਾਸ ਪੇਸ਼ੀ ਹੋਈ। ਲਾਲਾ ਰਣਪਤ ਰਾਏ ਬੈਰਿਸਟਰ ਮੇਰੇ ਪਿਤਾ ਜੀ ਦੇ ਮਿੱਤਰ ਸਨ। ਉਹ ਨਾਲ ਗਏ ਅਤੇ ਇਹ ਦਲੀਲ ਦਿੱਤੀ ਕਿ ਇਹ ਬੱਚਾ ਹੈ। ਇਸ ਨੂੰ ਇਸ ਗੱਲ ਦਾ ਪਤਾ ਨਹੀਂ ਕਿ ਮਾਲ ਰੋਡ ਤੇ ਘੋੜੀ ਤੇਜ਼ ਨਹੀਂ ਚਲਾਉਣੀ ਹੈ। ਮੈਜਿਸਟਰੇਟ ਦੇਖ ਕੇ ਮੁਸਕਰਾਇਆ ਅਤੇ ਦਾਸ ਨੂੰ ਛੱਡ ਦਿੱਤਾ।

ਮਿਡਲ ਦੀ ਯੂਨੀਵਰਸਿਟੀ ਦੇ ਇਮਤਿਹਾਨ ਦੀ ਦਾਸ ਤਿਆਰੀ ਕਰ ਰਿਹਾ ਸੀ। ਅਚਨਚੇਤ ਮੇਰੇ ਦਾਦਾ ਜੀ ਆ ਗਏ, ਕਹਿਣ ਲੱਗੇ ਕਿ ਨਿਰੰਜਨ ਸਿੰਘ ਮੁਕਲਾਵਾ ਲਿਆਉਣਾ ਹੈ। ਦਾਸ ਆਕੜ ਬੈਠਾ ਕਿ ਮੈਂ ਨਹੀਂ ਜਾਂਦਾ। ਬੜੀ ਮੁਸ਼ਕਲ ਨਾਲ ਸਮਝਾ ਬੁਝਾ ਕੇ ਪਿਤਾ ਜੀ ਨੇ ਦਾਦਾ ਜੀ ਨਾਲ ਤੋਰ ਦਿੱਤਾ। ਮੁਕਲਾਵਾ ਤਾਂ ਆ ਗਿਆ, ਪਰ ਜਿੱਥੇ ਮੇਰੀ ਵਹੁਟੀ ਬੈਠੀ ਹੁੰਦੀ, ਉੱਥੇ ਨਾ ਜਾਂਦਾ ਤੇ ਆਖਦਾ ਕਿ ਇਹਨੂੰ ਪਰੇ ਕਰ ਦਿਉ, ਫਿਰ ਮੈਂ ਆਉਂ। ਮਿਡਲ ਦਾ ਇਮਤਿਹਾਨ ਮੈਂ ਲਾਹੌਰ ਹੀ ਪਾਸ ਕੀਤਾ। ਇਸ ਤੋਂ ਮਗਰੋਂ ਪਿਤਾ ਜੀ ਦੀ ਬਦਲੀ ਮੁਲਤਾਨ ਹੋ ਗਈ ਅਤੇ ਤਿੰਨ ਕੁ ਮਹੀਨੇ ਮਗਰੋਂ ਲਯਾ ਜ਼ਿਲ੍ਹਾ ਡੇਹਰਾ ਅਸਮਾਈਲ ਖਾਂ ਭੇਜ ਦਿੱਤਾ। ਲਯੇ ਕੋਈ ਹਾਈ ਸਕੂਲ ਨਹੀਂ ਸੀ। ਇਸ ਲਈ ਇਹ ਸਲਾਹ ਬਣੀ ਕਿ ਮਿਸ਼ਨ ਹਾਈ ਸਕੂਲ ਗੁਜਰਾਂਵਾਲੇ ਵਿੱਚ ਪੜ੍ਹਾਂ। ਕੁਝ ਚਿਰ ਤਾਂ ਮਾਤਾ ਜੀ ਮੇਰੇ ਨਾਲ ਹੀ ਰਹੇ। ਫਿਰ ਬੋਰਡਿੰਗ ਹਾਊਸ ਵਿੱਚ ਦਾਖਲ ਹੋ ਗਿਆ। ਇਸ ਵੇਲੇ ਰੁਪਏ ਦਾ ਵੱਟੀ ਦਾਣੇਦਾਰ ਘਿਉ ਮਿਲਦਾ ਸੀ। ਦਾਸ ਨੂੰ ਸ਼ੁਰੂ ਤੋਂ ਹੀ ਅੰਮ੍ਰਿਤ ਵੇਲੇ ਚਾਰ ਵਜੇ ਜਾਗ ਕੇ ਕਸਰਤ ਕਰਨ ਦੀ ਆਦਤ ਸੀ। ਵਰਜਿਸ਼ ਕਰ ਇਸ਼ਨਾਨ ਕਰ ਲੈਂਦਾ ਤੇ ਫਿਰ ਦੋ ਘੰਟੇ ਸਕੂਲ ਦੀ ਪੜ੍ਹਾਈ ਨਾਲ ਜੁਟ ਜਾਂਦਾ। ਸਰੀਰ ਬੜਾ ਬਲੀ ਸੁਡੌਲ ਤੇ ਸੋਹਣਾ ਸੀ। ਆਮ ਲੜਕੇ ਮੈਨੂੰ Rosy Cheeks (ਗੁਲਾਬ ਵਾਂਗ ਖਿੜਿਆ ਚਿਹਰਾ) ਕਹਿੰਦੇ। ਪਹਿਲੀ ਵਾਰੀ ਜਦ ਗਰਮੀਆਂ ਦੀਆਂ ਛੁੱਟੀਆਂ ਹੋਈਆਂ ਤਾਂ ਦਾਸ ਲਯੇ ਪਿਤਾ ਜੀ ਪਾਸ ਗਿਆ। ਮੇਰੀ ਇਸਤਰੀ ਉੱਥੇ ਆਈ ਹੋਈ ਸੀ। ਉਹ ਲੰਗਰ ਦੀ ਬੜੀ ਸੇਵਾ ਕਰਦੀ ਅਤੇ ਤੰਦੂਰ ਵਿੱਚ ਬੜੇ ਪੋਲੇ-ਪੋਲੇ ਖਮੀਰੇ ਪ੍ਰਸ਼ਾਦੇ ਪਕਾਉਂਦੀ। ਪਿਤਾ ਜੀ ਬੜੇ ਪ੍ਰੇਮ ਨਾਲ ਛਕਦੇ ਤੇ ਮਤੇਰ ਜੀ ਵੀ ਪ੍ਰਸੰਨ ਰਹਿੰਦੇ। ਅਜੇ ਤੱਕ ਮੇਰੇ ਮਨ ਵਿੱਚ ਇਸਤਰੀ ਨੂੰ ਦੇਖ ਕੇ ਗ੍ਰਿਹਸਤ ਕਰਨ ਦੀ ਇੱਛਾ ਕਦੀ ਨਹੀਂ ਸੀ ਆਉਂਦੀ। ਇੱਕ ਦਿਨ ਰਾਤੀਂ ਮੈਂ ਸੁੱਤਾ ਪਿਆ ਸੀ ਕਿ ਮੇਰੀ

ਮਤੇਰ ਨੇ ਮੇਰੀ ਪਤਨੀ ਨੂੰ ਮੇਰੇ ਪਾਸ ਭੇਜ ਦਿੱਤਾ। ਇਸ ਨੇ ਮੇਰੇ ਪੈਰਾਂ ਨੂੰ ਹੱਥ ਲਾਇਆ ਤੇ ਮੈਂ ਲੱਤ ਮਾਰੀ, ਵਿਚਾਰੀ ਔਖੀ ਤੇ ਨਰਾਜ਼ ਹੋ ਗਈ ਤੇ ਚਲੀ ਗਈ। ਫਿਰ ਸਾਰੀਆਂ ਛੁਟੀਆਂ ਮੇਰੇ ਨੇੜੇ ਨਹੀਂ ਲੱਗੀ। ਛੁਟੀਆਂ ਮਗਰੋਂ ਗੁਜਰਾਂਵਾਲੇ ਮੁੜ ਆਇਆ ਤੇ ਦਸਵੀਂ ਜਮਾਤ ਦੇ ਮੁੰਡੇ ਜਨਾਨੀਆਂ ਦੀਆਂ ਗੱਲਾਂ ਕਰਦੇ। ਇੱਕ ਪ੍ਰੇਮੀ ਕੋਲ ਕੋਕ ਸ਼ਾਸਤਰ ਦਾ ਕੁਝ ਹਿੱਸਾ ਸੀ। ਉਸ ਵਿੱਚ ਕਈ ਤਰ੍ਹਾਂ ਦੇ ਆਸਣਾਂ ਦਾ ਨਕਸ਼ਾ ਸੀ। ਗੱਲਾਂ ਸੁਣ ਕੇ ਉਹਨਾਂ ਮੁੰਡਿਆਂ ਦੀ ਸੰਗਤ ਨੇ ਮੇਰੇ ਮਨ ਤੇ ਅਸਰ ਕੀਤਾ ਅਤੇ ਕਾਮ ਵਾਸ਼ਨਾ ਜਾਗ ਉੱਠੀ। ਜਦ ਇਸ ਸਾਲ ਲਯੇ ਛੁਟੀਆਂ ਵਿੱਚ ਗਿਆ ਤਾਂ ਮੇਰੀ ਇਸਤਰੀ ਕੋਠੇ ਤੇ ਮੇਰੇ ਕੋਲ ਆਈ ਤੇ ਸਾਡਾ ਇਸਤਰੀ ਪਤੀ ਵਾਲਾ ਰਿਸ਼ਤਾ ਸ਼ੁਰੂ ਹੋਇਆ।

ਮਾਰਚ, ੧੯੯੪ ਈਸਵੀਂ ਵਿੱਚ ਦਸਵੀਂ ਦਾ ਇਮਤਿਹਾਨ ਹੋਇਆ ਤੇ ਦਾਸ ਇਸ ਵਿੱਚੋਂ ਚੰਗੇ ਨੰਬਰਾਂ ਤੇ ਪਾਸ ਹੋ ਗਿਆ। ਜਦ ਅਕਤੂਬਰ ਵਿੱਚ ਸਕੂਲ ਖੁੱਲ੍ਹੇ ਤਾਂ ਪਿਤਾ ਜੀ ਨੇ ਮੈਨੂੰ ਗੌਰਮਿੰਟ ਕਾਲਜ ਵਿੱਚ ਦਾਖਲ ਕਰਵਾ ਦਿੱਤਾ। ਥੋੜ੍ਹਾ ਚਿਰ ਮਗਰੋਂ ਹੀ ਪਿਤਾ ਜੀ ਦੀ ਬਦਲੀ ਲਾਲੇ ਮੂੱਸੇ ਹੋ ਗਈ। ਪਰਿਵਾਰ ਗੁਜਰਾਂਵਾਲੇ ਪਿਤਾ ਜੀ ਦੇ ਨਵੇਂ ਖਰੀਦੇ ਮਕਾਨ ਵਿੱਚ ਰਹਿੰਦਾ। ਜਦ ਕਾਲਜ ਵਿੱਚ ਗਰਮੀਆਂ ਦੀਆਂ ਛੁਟੀਆਂ ਹੋਈਆਂ ਤਾਂ ਦਾਸ ਗੁਜਰਾਂਵਾਲੇ ਆਪਣੇ ਪਰਿਵਾਰ ਵਿੱਚ ਆਇਆ। ਅੱਗੇ ਮਾਤਾ ਜੀ ਨਾਲ ਮਤੇਰ ਦਾ ਦੂਜਾਇਗੀ ਵਾਲਾ ਸਲੂਕ ਦਾਸ ਕਦੇ-ਕਦੇ ਵੇਖਦਾ ਸੀ। ਪਰ ਹੁਣ ਛੁਟੀਆਂ ਲੰਮੀਆਂ ਹੋਣ ਕਰਕੇ ਦੋ ਕੁ ਮਹੀਨੇ ਰੋਜ਼ ਸਹਾਰਦਾ ਰਿਹਾ। ਇੱਕ ਦਿਨ ਮਤੇਰ ਜੀ ਨੇ ਮਾਤਾ ਜੀ ਨੂੰ ਇੱਕ ਬੜੀ ਭੈੜੀ ਗਾਲ੍ਹ ਕੱਢੀ। ਦਾਸ ਇਸ ਨੂੰ ਸਹਾਰ ਨਾ ਸਕਿਆ ਅਤੇ ਮੂੰਹੋਂ ਇਹ ਸਹਿਜ-ਸੁਭਾਅ ਨਿਕਲਿਆ ਕਿ ਤੂੰ ਆਪ ਇਸ ਤਰ੍ਹਾਂ ਹੋਵੇਂ। ਮਤੇਰ ਨੂੰ ਇਹ ਸੁਣ ਕੇ ਅੱਗ ਲਗ ਗਈ ਕਿ ਮੇਰੇ ਰਾਜ ਵਿੱਚ ਮੇਰੇ ਅੱਗੇ ਬੋਲਣ ਵਾਲਾ ਕੋਈ ਜੰਮ ਪਿਆ। ਮਤੇਰ ਦਾ ਕ੍ਰੋਧ ਭਰਿਆ ਚਿਹਰਾ ਵੇਖ ਕੇ ਇਹ ਲਹਿਰ ਉੱਠੀ ਕਿ ਭਲਿਆ ਲੋਕਾ ਕਿਉਂ ਇਹ ਅੱਖਰ ਆਖਣੇ ਸਨ। ਪ੍ਰਸ਼ਾਦ ਛੱਕਣਾ ਵੀ ਭੁੱਲ ਗਿਆ। ਭੁੱਖਾ ਤਿਹਾਇਆ ਸਿੱਧਾ ਲਾਲੇ ਮੂੱਸੇ ਆਪਣੇ ਪਿਤਾ ਜੀ ਪਾਸ ਪੁੱਜਾ। ਰੋਂਦਿਆਂ-ਰੋਂਦਿਆਂ ਸਾਰੀ ਗੁਜਰਾਂਵਾਲੇ ਬੀਤੀ ਗੱਲ ਸੁਣਾਈ। ਹੱਥ ਜੋੜ ਖਿਮਾ ਮੰਗੀ। ਪਿਤਾ ਜੀ ਦਾ ਸੁਭਾ ਦਿਆਲੂ ਸੀ। ਉਹਨਾਂ ਨੇ ਬੜੀ ਕਿਰਪਾ ਕਰਕੇ ਬਖਸ਼ ਦਿੱਤਾ ਅਤੇ ਆਖਿਆ ਕਿ ਬੱਚਾ ਕੋਈ ਗੱਲ ਨਹੀਂ, ਬੱਚੇ ਭੁਲਦੇ ਹੀ ਹੁੰਦੇ ਨੇ। ਉਸ ਦਿਨ ਸ਼ਨੀਚਰਵਾਰ ਸੀ ਅਤੇ ਪਿਤਾ ਜੀ ਨੇ ਐਤਵਾਰ ਛੁਟੀ ਦੇ ਕਾਰਨ ਗੁਜਰਾਂਵਾਲੇ ਆਉਣਾ ਸੀ। ਦਾਸ ਵੀ ਉਹਨਾਂ ਦੇ ਨਾਲ ਆਇਆ। ਮਤੇਰ ਜੀ ਆਪਣੇ ਕਮਰੇ ਵਿੱਚ ਲੈ ਗਏ। ਬੜੇ ਪ੍ਰੇਮ ਨਾਲ ਪ੍ਰਸ਼ਾਦ ਦਾ ਥਾਲ ਅੱਗੇ ਰੱਖ ਦਿੱਤਾ ਅਤੇ ਤ੍ਰਿਆ ਜੁਗਤੀ ਨਾਲ ਉਹਨਾਂ ਦੇ ਕੰਨ ਭਰੇ। ਬਸ ਫਿਰ ਕੀ ਸੀ। ਪਿਤਾ ਜੀ ਲੋਹੇ ਲਾਖੇ ਹੋ ਗਏ ਤੇ ਮੈਨੂੰ ਕੁੱਟ ਕੇ ਘਰੋਂ ਬਾਹਰ ਕੱਢ ਦਿੱਤਾ। ਇਸਤਰੀ ਦੇ ਮੋਹ ਦੇ ਜਾਲ ਨੇ ਉਹਨਾਂ ਦੇ ਦਇਆ ਦੇ ਸੁਭਾਅ ਤੇ ਪਰਦਾ ਪਾ ਦਿੱਤਾ ਸੀ। ਬਸ ਮੇਰਾ ਖਰਚ ਬੰਦ ਕਰ ਦਿੱਤਾ। ਮਤੇਰ ਜੀ ਦਾ ਇਹ ਖਿਆਲ ਸੀ ਕਿ ਇਹ ਕੋਈ ਬਾਬੂ-ਛਾਬੂ ਬਣ ਕੇ ਆਪਣੀ ਦਿਨ ਕਟੀ ਕਰ ਲਏਗਾ। ਪਰ ਕੌਣ ਜਾਣਦਾ ਸੀ ਕਿ ਸਤਿਗੁਰੂ ਨੇ ਦੇਸ਼-ਪ੍ਰਦੇਸ਼ ਦੀ ਪੜ੍ਹਾਈ ਪੂਰੀ ਕਰਵਾ ਕੇ ਆਪਣੇ ਘਰ ਦੀ ਸੇਵਾ ਬਖਸ਼ਣੀ ਹੈ। ਗੁਰੂ ਨਾਨਕ ਧੰਨ ਤੇ ਧੰਨ ਹੈ ਤੇਰੀ ਖੇਡ। ਦਾਸ ਨੂੰ ਵੀ ਇਸ ਗੱਲ ਦੀ ਕੋਈ ਸੋਝੀ ਨਹੀਂ ਸੀ। ਕੁਦਰਤ ਨੇ ਅੰਦਰੋਂ ਇੱਕ ਲਹਿਰ ਲਿਆਂਦੀ ਤੇ ਮਤੇਰ ਤੇ ਪਿਤਾ ਜੀ ਨੂੰ ਇਹ ਕਹਿ ਕੇ, "ਕੁਝ ਵੀ ਹੋਵੇ ਬੀ. ਏ. ਪਾਸ ਜ਼ਰੂਰ ਕਰਨਾ ਹੈ," ਘਰੋਂ ਨਿਕਲ ਆਏ।

ਜਦ ਮੈਂ ਕਾਲਜ ਵਿੱਚ ਦਾਖਲ ਹੋਇਆ ਸੀ, ਮੇਰੀ ਇਸਤਰੀ ਆਪਣੇ ਪੇਕੇ ਘਰ ਧਲੌੜ ਹਿੰਦਕੇ ਰੇਲਵੇ ਸਟੇਸ਼ਨ ਮੁਰੀਦਕੇ ਚਲੀ ਗਈ ਸੀ। ਸਭ ਤੋਂ ਪਹਿਲਾਂ ਇਹ ਖ਼ਿਆਲ ਆਇਆ ਕਿ ਸਿੰਘਣੀ ਪਾਸ ਕੁਝ ਗਹਿਣੇ ਹੋਣਗੇ, ਉਹਨਾਂ ਨੂੰ ਵੇਚ ਪੜ੍ਹਾਈ ਦਾ ਕੁਝ ਖਰਚ ਚਲਾਈਏ। ਪਿਤਾ ਜੀ ਨੇ ਆਪਣੀ ਨੂੰਹ ਵਾਸਤੇ ਬੜੇ ਪ੍ਰੇਮ ਨਾਲ ਕਈ ਹਜ਼ਾਰ ਰੁਪਏ ਦੇ ਗਹਿਣੇ ਬਣਵਾਏ ਸਨ। ਦਾਸ ਆਪਣੇ ਸਹੁਰੇ ਪੁੱਜਾ ਤੇ

ਆਪਣੇ ਜੀਵਨ ਸਾਥੀ ਨੂੰ ਸਾਰੀ ਗੱਲ ਆਖ ਸੁਣਾਈ। ਉਸ ਨੇ ਬੜੀ ਖੁਸ਼ੀ ਨਾਲ ਜੋ ਗਹਿਣੇ ਉਸ ਦੇ ਪਾਸ ਸਨ ਮੇਰੇ ਚਰਨਾਂ ਵਿੱਚ ਲਿਆ ਰੱਖੇ। ਪਰ ਮੇਰੀ ਮਤੇਰ ਮਾਂ ਨੇ ਜਿਸ ਦੀ ਕਿ ਮੇਰੀ ਘਰ ਵਾਲੀ ਨਾਲ ਪਿੱਛਲੇ ਜਨਮ ਦੀ ਖਾਸ ਜਿੱਦ ਸੀ, ਪੇਕੇ ਜਾਣ ਲੱਗਿਆਂ ਸਾਰੇ ਪੀਡੇ ਗਹਿਣੇ ਲਹਾ ਲਏ ਸਨ। ਇਸ ਦੇ ਪਾਸ ਸਿਰਫ਼ ਲਾਖ ਭਰੇ ਗਹਿਣੇ ਪਹੁਚੀਆਂ ਚੌਕ ਆਦਿ ਤੇ ਇੱਕ ਬੁਗਤੀਆਂ ਦਾ ਛੋਟਾ ਜਿਹਾ ਹਾਰ ਸੀ, ਭਾਵੇਂ ਜਿਹੜੀ ਆਸ ਗਹਿਣਿਆਂ ਦੀ ਰੱਖੀ ਹੋਈ ਸੀ ਉਹ ਪੂਰੀ ਨਾ ਹੋਈ। ਖਿੜੇ ਮੱਥੇ ਇਹਨਾਂ ਜੇਵਰਾਂ ਦਾ ਸੋਨਾ ਲਾਹ ਅਤੇ ਬੁਗਤੀਆਂ ਦਾ ਹਾਰ ਲੈ ਸਿੱਧਾ ਲਾਹੌਰ ਚਲਾ ਆਇਆ ਤੇ ਉੱਥੇ ਲਾਲਾ ਹੀਰਾ ਨੰਦ ਜੋ ਕਿ ਅਕਾਊਟੈਂਟ ਜਨਰਲ ਦੇ ਦਫਤਰ ਵਿੱਚ ਮੁਲਾਜ਼ਮ ਸਨ ਦੇ ਸਪੁਰਦ ਇਹ ਗਹਿਣੇ ਕੀਤੇ ਤੇ ਇਹਨਾਂ ਨੂੰ ਬੇਨਤੀ ਕੀਤੀ ਕਿ ਜੋ ਕੀਮਤ ਇਹਨਾਂ ਦੀ ਵੱਟੀ ਜਾਵੇ ਉਹ ਆਪਣੇ ਪਾਸ ਰੱਖਣ ਤੇ ਦਾਸ ਲੋੜ ਅਨੁਸਾਰ ਉਹਨਾਂ ਪਾਸੋਂ ਲਈ ਜਾਵੇਗਾ। ਮਾਤਾ ਜੀ ਦੇ ਠੰਡੇ ਸਤੋਗੁਣੀ ਅਤੇ ਸੰਤੋਖੀ ਸੁਭਾਉ ਦੇ ਕਰਕੇ ਦਾਸ ਦੀ ਸਤੋਗੁਣੀ ਬਿਰਤੀ ਕਾਲਜ ਪ੍ਰੋਗਰਾਮ ਵਿੱਚ ਲੱਗੀ ਰਹਿੰਦੀ ਤੇ ਰਾਤ ਵੇਲੇ ਪ੍ਰਸ਼ਾਦ ਛਕ ਸਵੱਖਤੇ ਹੀ ਸੌ ਜਾਂਦਾ ਅਤੇ ਸਵੇਰੇ ਹਾੜ ਸਿਆਲ ਚਾਰ ਵਜੇ ਉੱਠ ਸੈਂਡੋ ਸਿਸਟਮ ਡੰਬਲ ਦੀ ਕਸਰਤ ਕਰਦਾ ਅਤੇ ਇਸ਼ਨਾਨ ਕਰ ਆਪਣੀ ਕਾਲਜ ਦੀ ਪੜ੍ਹਾਈ ਵਿੱਚ ਲੱਗ ਜਾਂਦਾ। ਪਿੱਛਲੇ ਦਿਨ ਦੀ ਕੀਤੀ ਪੜ੍ਹਾਈ ਚਿਤਾਰਦਾ ਅਤੇ ਅਗਲੇ ਦਿਨ ਦੀ ਪੜ੍ਹਾਈ ਦੀ ਤਿਆਰੀ ਕਰਦਾ। ਛੁੱਟੀ ਵੇਲੇ ਕਾਲਜ ਤੋਂ ਆ ਪ੍ਰਸ਼ਾਦ ਛਕ ਥੋੜ੍ਹਾ ਅਰਾਮ ਕਰ ਕਾਲਜ ਦੀ ਪੜ੍ਹਾਈ ਨੂੰ ਕੁਝ ਵਕਤ ਦਿੰਦਾ ਤੇ ਫਿਰ ਕਾਲਜ ਜਮਨੇਜੀਅਮ ਅਤੇ ਫੁੱਟਬਾਲ ਗਰਾਊਂਡ ਵਿੱਚ ਕਸਰਤ ਕਰਦਾ ਤੇ ਫਿਰ ਪ੍ਰਸ਼ਾਦ ਛਕ ਥੋੜ੍ਹਾ ਜਿਹਾ ਆਪਣੇ ਸਾਥੀ ਨਾਲ ਬਚਨ-ਬਿਲਾਸ ਕਰ ਹੱਸ ਖੇਡ ਸੌਂ ਜਾਂਦਾ। ਕਿਸੇ ਤਾਸ਼ ਆਦਿਕ ਖੇਲ ਵਿੱਚ ਨੀਂਦ ਖਰਾਬ ਨਾ ਕਰਦਾ।

ਫਸਟ ਈਅਰ ਦੇ ਸ਼ੁਰੂ ਵਿੱਚ ਪਿਤਾ ਜੀ ਨੇ ਪੜ੍ਹਾਈ ਦੀਆਂ ਸਾਰੀਆਂ ਕਿਤਾਬਾਂ ਲੈ ਦਿੱਤੀਆਂ ਸਨ। ਜਿਹੜੀ ਕੋਈ ਰਹਿ ਗਈ, ਉਹ ਦਾਸ ਆਪਣੇ ਜਮਾਤੀਆਂ ਪਾਸੋਂ ਲੈ ਕੇ ਪੜ੍ਹ ਲੈਂਦਾ।

ਹਿੰਦੂ ਕੌਮਾਂ, ਮੁਸਲਮਾਨ ਕੌਮਾਂ ਦਾ ਸਿੱਖਾਂ ਨਾਲ ਪ੍ਰੇਮ ਸੀ। ਉਹ ਖਿੜੇ ਮੱਥੇ ਆਪਣੀਆਂ ਕਿਤਾਬਾਂ ਦਾਸ ਨੂੰ ਪੜ੍ਹਨ ਵਾਸਤੇ ਦਿੰਦੇ। ਕਈਆਂ ਦਾ ਇਨਾਂ ਜਿਆਦਾ ਪ੍ਰੇਮ ਸੀ ਕਿ ਮੇਰੇ ਨਾਲ ਵਰਤੀ ਹੋਈ ਖੇਲ ਜਾਣ ਕੇ ਆਪਣੇ ਵਸਤਰ ਆਦਿ ਵੀ ਵਰਤਨ ਵਾਸਤੇ ਦੇ ਦੇਂਦੇ। ਉਹਨਾਂ ਦਿਨਾਂ ਵਿੱਚ ਦਾਸ ਦੀ ਜਬਾਨ ਤੋਂ ਇਹ ਅੱਖਰ ਬੜੇ ਪ੍ਰੇਮ ਨਾਲ ਨਿਕਲਦੇ, “Things of friends are common” ਨਾਲ-ਨਾਲ ਟਿਊਸ਼ਨ ਦਾ ਵੀ ਯਤਨ ਕਰਦਾ। ਕਈ ਵਾਰ ਖਾਲੀ ਰਹਿਣਾ ਪੈਂਦਾ। ਕਈ ਵਾਰੀ ਘਿਉ ਵਾਸਤੇ ਪੈਸੇ ਨਾ ਹੁੰਦੇ, ਕਿਸੇ ਨੇ ਸੱਚ ਕਿਹਾ ਹੈ “ਗਰੀਬਾਂ ਦਾ ਰੱਬ ਵਾਲੀ” ਵਿਦਿਆਰਥੀਆਂ ਦੇ ਘਿਉ ਦੇ ਡੱਬੇ ਮੁਕੰਦੇ ਲਾਂਗਰੀ ਪਾਸ ਰਹਿੰਦੇ। ਉਸ ਦਾ ਮੇਰੇ ਨਾਲ ਕੁਝ ਪ੍ਰੇਮ ਹੋ ਗਿਆ। ਉਹ ਖਿੜੇ ਮੱਥੇ ਆਖਿਆ ਕਰੇ: ਸਰਦਾਰ ਜੀ ਫ਼ਿਕਰ ਨਾ ਕਰੋ, ਮੈਂ ਬੜੇ ਪ੍ਰੇਮ ਨਾਲ ਤੁਹਾਡੀ ਸੇਵਾ ਕਰੀ ਜਾਉਂ। ਜਿਸ ਵੇਲੇ ਤੁਹਾਡੇ ਪਾਸ ਦਮੜੇ ਆ ਜਾਣ। ਮੈਨੂੰ ਦੇ ਦੇਣੇ। ਇਹ ਪ੍ਰੇਮੀ ਮੈਨੂੰ ਰੋਜ਼ ਪਰਾਊਂਠੇ ਖਵਾਉਂਦਾ ਤੇ ਬੜੇ ਪ੍ਰੇਮ ਨਾਲ ਸੇਵਾ ਕਰਦਾ। ਹੁਣ ਗਰਮੀਆਂ ਦੀਆਂ ਛੁੱਟੀਆਂ ਨੇੜੇ ਆ ਗਈਆਂ। ਸਰਦਾਰ ਹਰੀ ਸਿੰਘ ਵਹਾਲੀ ਨੂੰ ਆਪਣੇ ਲੜਕੇ ਸਰਦਾਰ ਅਮਰ ਸਿੰਘ ਵਾਸਤੇ ਟਿਊਟਰ ਦੀ ਲੋੜ ਸੀ। ਮੇਰੀ ਲਿਆਕਤ ਅਤੇ ਸੁਭਾਓ ਦੀ ਚੰਗੀ ਸੋਅ ਸੁਣ ਕੇ ਇਹ ਕਾਰ ਪੇਸ਼ ਕੀਤੀ ਤੇ ਦਾਸ ਨੇ ਮਨਜ਼ੂਰ ਕਰ ਲਈ। ਵਕਤ ਆਏ ਦਾਸ ਇਹਨਾਂ ਨਾਲ ਜੇਹਲਮ ਤੱਕ ਰੇਲ ਗੱਡੀ ਵਿੱਚ ਗਿਆ ਅਤੇ ਇੱਕ ਦੋ ਦਿਨ ਇਹਨਾਂ ਦੀ ਕੋਠੀ ਜੇਹਲਮ ਠਹਿਰਿਆ। ਤੀਸਰੇ ਦਿਨ ਵਹਾਲੀ ਤੁਰਨ ਦਾ ਪ੍ਰੋਗਰਾਮ ਸੀ। ਮੇਰੇ ਵਾਸਤੇ ਤੇ ਹੋਰ ਕਈ ਸਾਥੀਆਂ ਵਾਸਤੇ ਜੇਹਲਮ ਤੋਂ ਬੇੜੀ ਦਾ ਇੰਤਜ਼ਾਮ ਕੀਤਾ ਗਿਆ। ਥੋੜ੍ਹੇ ਚਿਰ ਪਿੱਛੋਂ ਬੇੜੀ ਉਸ ਘਾਟ ਤੇ ਪਹੁੰਚੀ, ਜਿੱਥੋਂ ਜੋਗੀਆਂ ਦਾ ਟਿੱਲਾ ਛੇ ਸੱਤ ਮੀਲ ਦੀ ਵਿੱਥ ਤੇ ਸੀ। ਮਲਾਹਾਂ ਦਾ ਪ੍ਰੋਗਰਾਮ ਠੰਡੇ ਠੰਡੇ ਸਫ਼ਰ ਕਰਨ ਦਾ ਸੀ ਅਤੇ ਗਰਮੀ ਦਾ ਵਕਤ ਇਸ ਘਾਟ ਤੇ ਕੱਟਣ

ਦਾ ਸੰਕਲਪ ਸੀ। ਜਦ ਬੇੜੀ ਖਲੋ ਗਈ ਤਾਂ ਦਾਸ ਨੂੰ ਸਾਹਮਣੇ ਇੱਕ ਉੱਚਾ ਪਹਾੜ ਨਜ਼ਰ ਆਇਆ। ਪੁੱਛਣ ਤੇ ਪਤਾ ਲੱਗਾ ਕਿ ਇਹ ਜੋਗੀਆਂ ਦਾ ਟਿੱਲਾ ਹੈ। ਦਾਸ ਦੇ ਹਿਰਦੇ ਵਿੱਚ ਛੋਟੀ ਉਮਰ ਤੋਂ ਹੀ ਧਰਮ ਅਸਥਾਨਾਂ ਦੇ ਦਰਸ਼ਨ ਦੀ ਲਗਨ ਸੀ। ਬੇੜੀ ਖੁੱਲ੍ਹਦਿਆ ਸਾਰ ਹੀ ਦਾਸ ਜਲ-ਪਾਣੀ ਛਕ ਟਿੱਲੇ ਦਾ ਰਾਹ ਪੁੱਛ ਪੈਦਲ ਇਕੱਲਾ ਹੀ ਟੁਰ ਪਿਆ। ਥੋੜ੍ਹੀ ਦੂਰ ਤੱਕ ਤਾਂ ਰਸਤਾ ਪੱਧਰਾ ਸੀ। ਫਿਰ ਚੜ੍ਹਾਈ ਸ਼ੁਰੂ ਹੋ ਗਈ। ਚੜ੍ਹਾਈ ਬੜੀ ਤਕੜੀ ਸੀ। ਪਰ ਦਾਸ ਦਰਸ਼ਨ ਦੀ ਲਗਨ ਵਿੱਚ ਮਸਤ ਸਾਰਾ ਜੋਰ ਲਾ ਕੇ ਟੁਰੀ ਗਿਆ ਤੇ ਬਾਰਾਂ ਵਜੇ ਦੇ ਨੇੜੇ ਟਿੱਲੇ ਦੀ ਚੋਟੀ ਤੇ ਜਾ ਪਹੁੰਚਿਆ। ਏਥੇ ਇੱਕ ਖਾਸਾ ਲੰਮਾ ਚੌੜਾ ਪੱਧਰਾ ਮੈਦਾਨ ਸੀ ਅਤੇ ਬੰਗਲੇ ਦੀ ਸ਼ਕਲ ਵਿੱਚ ਜੋਗੀਆਂ ਅਤੇ ਮੁਸਾਫ਼ਰਾਂ ਦੇ ਰਹਿਣ ਲਈ ਮਕਾਨ ਤੇ ਲੰਗਰ ਅਸਥਾਨ ਸੀ। ਮੂੰਹ ਹੱਥ ਧੋ ਅਸਥਾਨ ਦਾ ਦਰਸ਼ਨ ਮੇਲਾ ਕੀਤਾ। ਹੁਣ ਲੰਗਰ ਖੁੱਲ੍ਹਣ ਦੇ ਸੰਖ ਤੇ ਨਰਸਿੰਘੇ ਵੱਜ ਗਏ ਪੰਗਤਾਂ ਸੱਜ ਗਈਆਂ। ਦਾਸ ਵੀ ਇੱਕ ਪਾਸੇ ਜਾ ਬੈਠਾ। ਪ੍ਰਸ਼ਾਦ ਛੱਕ ਥੋੜਾ ਚਿਰ ਆਰਾਮ ਕਰ ਤੁਰਨ ਦੀ ਤਿਆਰੀ ਕਰ ਲਈ। ਤੁਰਨ ਤੋਂ ਪਹਿਲਾਂ ਟਿੱਲੇ ਦੇ ਤਲਾਬ ਦਾ ਜਿਹੜਾ ਕਿ ਮੰਦਰ ਤੋਂ ਫਰਲਾਂਗ ਕੁ ਦੂਰ ਸੀ ਦਰਸ਼ਨ ਕੀਤਾ।

ਦਰਸ਼ਨ ਕਰ ਹੇਠਾਂ ਵੱਲ ਤੁਰ ਪਿਆ। ਚੜ੍ਹਦਿਆ ਤਾਂ ਸਿਰਫ ਉੱਚੀ ਚੋਟੀ ਦਾ ਨਿਸ਼ਾਨਾ ਸੀ। ਉੱਤਰਦਿਆਂ ਹੋਇਆਂ ਕਈ ਕਈ ਕੋਹ ਤੱਕ ਸਾਰੇ ਆਲੇ-ਦੁਆਲੇ ਦਾ ਉਹ ਸੁੰਦਰ ਦ੍ਰਿਸ਼ ਨਜ਼ਰ ਆਇਆ ਕਿ ਹੁਣ ਤੀਕਰ ਉਹ ਨਕਸ਼ਾ ਦਾਸ ਦੇ ਹਿਰਦੇ ਤੇ ਅੰਕਿਤ ਹੈ। ਕਿਧਰੇ ਹਰੀਆਂ ਭਰੀਆਂ ਖੇਤੀਆਂ ਲਹਿਰਾ ਰਹੀਆਂ ਸਨ ਅਤੇ ਥਾਂ-ਥਾਂ ਸੋਹਣੇ ਪਿੰਡ ਅਤੇ ਨਗਰ ਧਰਤੀ ਤੇ ਸ਼ੋਭਨੀਕ ਸਨ। ਇਹਨਾਂ ਦੇ ਘਰਾਂ ਉੱਤੇ ਧੂੰ ਦੇ ਬੱਦਲ ਕਈ ਸ਼ਕਲਾਂ ਵਿੱਚ ਕਿਧਰੇ ਮੀਂਹ ਅਤੇ ਕਿਧਰੇ ਕਈ ਅਨਹੋਣੀਆਂ ਸ਼ਕਲਾਂ ਵਿੱਚ ਚੱਕਰ ਲਾ ਰਹੇ ਸਨ। ਦੂਜੇ ਪਾਸੇ ਸ਼ਹਿਰ ਜੇਹਲਮ ਇੰਝ ਨਜ਼ਰ ਆਉਂਦਾ ਸੀ ਜਿਵੇਂ ਟਿੱਲੇ ਦੀਆਂ ਜੜ੍ਹਾਂ ਦੇ ਨੇੜੇ ਹੀ ਖੜ੍ਹਾ ਹੈ। ਦਰਿਆ ਜੇਹਲਮ ਵੀ ਆਪਣੇ ਸ਼ੌਹ ਸਮੁੰਦਰ ਦੇ ਮਿਲਾਪ ਲਈ ਕਈ ਵੱਲ ਵਿੰਗ ਖਾ ਵਾਹੋ-ਦਾਹੀ ਜਾ ਰਿਹਾ ਹੈ। ਇਸ ਨਜ਼ਾਰੇ ਦਾ ਅਨੰਦ ਲੈਂਦਾ ਦਾਸ ਵਾਹੋ-ਦਾਹੀ ਤੁਰਿਆ ਆਇਆ ਅਤੇ ਬੇੜੀ ਤੁਰਨ ਦੇ ਵਕਤ ਤੋਂ ਘੰਟਾ ਪਹਿਲਾਂ ਪਹੁੰਚ ਗਿਆ।

ਹੁਣ ਬੇੜੀ ਸਭ ਸਵਾਰੀਆਂ ਨੂੰ ਲੈ ਕੇ ਟੁਰ ਪਈ ਅਤੇ ਠੰਡੇ ਠੰਡੇ ਵਹਾਲੀ ਪਹੁੰਚ ਗਈ। ਸਾਹਮਣੇ ਸ. ਹਰੀ ਸਿੰਘ ਵਹਾਲੀ ਦੀ ਕੋਠੀ ਇੱਕ ਉੱਚੇ ਟਿੱਬੇ ’ਤੇ ਸੀ। ਪ੍ਰੇਮੀ ਜਨ ਆਏ ਤੇ ਦਾਸ ਨੂੰ ਬੜੇ ਪ੍ਰੇਮ ਅਤੇ ਸਤਿਕਾਰ ਨਾਲ ਉੱਥੇ ਲੈ ਗਏ। ਸ. ਹਰੀ ਸਿੰਘ ਦਾ ਲੜਕਾ ਸ. ਅਮਰ ਸਿੰਘ ਇੱਕ ਬੜਾ ਸੁੰਦਰ ਨੌਜਵਾਨ ਸੀ। ਇਸ ਦਾ ਦਿਮਾਗ ਬੜੀ ਉੱਚ ਕੋਟੀ ਦਾ ਸੀ। ਸੁਭਾਅ ਬੜਾ ਸੁਸ਼ੀਲ ਤੇ ਬੋਲੀ ਅਤਿ ਮਿੱਠੀ ਸੀ। ਦਾਸ ਦੀ ਬੜੀ ਇਜ਼ਤ ਕਰਦਾ ਤੇ ਹਾਰਦਿਕ ਪ੍ਰੇਮ ਰੱਖਦਾ। ਪਰ ਇਸ ਦਾ ਪੜ੍ਹਾਈ ਲਈ ਮਿਹਨਤ ਦਾ ਸੁਭਾਅ ਕੁਝ ਘੱਟ ਸੀ। ਘਰ ਦੇ ਸ਼ੁਗਲ ਅਤੇ ਸ਼ਿਕਾਰ ਵਿੱਚ ਪਰਚਿਆ ਰਹਿੰਦਾ। ਇੱਕ ਵਾਰੀ ਅਚਾਨਕ ਉਸ ਦੀ ਭਰੀ ਹੋਈ ਬੰਦੂਕ ਚਲ ਗਈ ਤੇ ਉਸ ਦਾ ਹੱਥ ਸਾਰਾ ਜਖ਼ਮੀ ਹੋ ਗਿਆ। ਗਰਮੀਆਂ ਦੇ ਦਿਨ ਇਸ ਰਮਣੀਕ ਠੰਡੇ ਅਸਥਾਨ ਵਿੱਚ ਬੜੇ ਪ੍ਰੇਮ ਅਤੇ ਆਦਰ ਨਾਲ ਵਾਯੂਮੰਡਲ ਵਿੱਚ ਕੱਟੇ। ਚੋਆਂ ਸੈਦਣ ਸ਼ਾਹ ਦਾ ਦਰਸ਼ਨ ਮੇਲਾ ਵੀ ਕੀਤਾ ਤੇ ਫਿਰ ਲਾਹੌਰ ਮੁੜ ਆਏ। ਇਸ ਭੁੱਲੇ ਹੋਣਹਾਰ ਨੌਜਵਾਨ ਸ. ਅਮਰ ਸਿੰਘ ਨੂੰ ਉਮਰ ਨੇ ਸਾਥ ਨਾ ਦਿੱਤਾ ਤੇ ਇਹ ਛੋਟੀ ਉਮਰ ਵਿੱਚ ਚੜ੍ਹਾਈ ਕਰ ਗਿਆ। ਇਹਨਾਂ ਦੇ ਘਰ ਕਰਤਾਰ ਨੇ ਕਾਕਾ ਦਰਸ਼ਨ ਸਿੰਘ ਬਖਸ਼ਿਆ ਜੋ ਕਿ ਇੱਕ ਉੱਚ ਸਰਕਾਰੀ ਆਹੁੱਦੇ ਤੇ ਬਿਰਾਜਮਾਨ ਰਹੇ ਤੇ ਅੱਜ-ਕੱਲ੍ਹ ਪੈਨਸ਼ਨ ਲੈ ਕੇ ਜਲੰਧਰ ਆਪਣੀ ਕੋਠੀ ਵਿੱਚ ਨਿਵਾਸ ਰੱਖਦੇ ਹਨ। (ਇਹ ਹੁਣ ਗੁਜ਼ਰ ਗਏ ਹਨ)

ਇਸ ਤਰ੍ਹਾਂ ਸਾਰੀਆਂ ਮੁਸ਼ਕਲਾਂ ਦਾ ਖਿੜੇ ਮੱਥੇ ਮੁਕਾਬਲਾ ਕਰਦਾ ਹੋਇਆ ਦਾਸ ਚੌਥੇ ਸਾਲ (Fourth year) ਤੱਕ ਸਹਿਜ-ਸੁਭਾਅ ਪੁੱਜ ਗਿਆ। ਪੜ੍ਹਾਈ ਵਿੱਚ ਚੰਗੀ ਬਿਰਤੀ ਲੱਗਦੀ ਅਤੇ ਬਕਾਇਦਾ

ਮਿਹਨਤ ਦੇ ਕਾਰਨ ਦਾਸ ਇੰਟਰਮੀਡੀਏਟ (ਐਫ. ਏ.) ਦੇ ਇਮਤਿਹਾਨ ਵਿੱਚ ਫਿਜ਼ੀਕਲ ਸਾਇੰਸ ਵਿੱਚੋਂ ਸਾਰੇ ਪੰਜਾਬ ਵਿੱਚੋਂ ਅਵੱਲ ਨਿਕਲਿਆ। ਹੁਣ ਬੀ. ਏ. ਪਾਸ ਕਰਨ ਦਾ ਆਖ਼ਰੀ ਸਾਲ ਸੀ।

ਮੇਰੀ ਇਸਤਰੀ ਦੇ ਪਿਤਾ ਦਾ ਹੁਣ ਹੱਥ ਖੁੱਲ੍ਹਾ ਹੋ ਗਿਆ, ਪਹਿਲਾਂ ਉਹ ਬੜੇ ਤੰਗ ਸਨ। ਮੇਰੀ ਸੱਸ ਨੇ ਪਿੱਛੋਂ ਜ਼ਿਕਰ ਕੀਤਾ ਕਿ ਜਦੋਂ ਤੁਸੀਂ ਸਾਨੂੰ ਮਿਲਣ ਆਉਂਦੇ, ਅਸੀਂ ਆਪ ਤਾਂ ਜਵਾਂ ਦੀ ਰੋਟੀ ਖਾਂਦੇ ਪਰ ਤੁਹਾਡੇ ਲਈ ਕਣਕ ਮੰਗ ਕੇ ਪਿਸਾ ਲੈਂਦੇ। ਦੁਨੀਆਂਦਾਰੀ ਦੇ ਲਿਹਾਜ਼ ਨਾਲ ਮੇਰੇ ਲਈ ਕੁੱਕੜ ਵੀ ਝਟਕਾ ਲੈਂਦੇ। ਇੱਕ ਦਿਨ ਮੈਂ ਆਪਣੇ ਮੰਜੇ ’ਤੇ ਬੈਠਾ ਸੀ ਕਿ ਮੇਰੇ ਸਹੁਰਾ ਸਾਹਿਬ ਨੇ ਇੱਕ ਨਾਲ ਦੇ ਪ੍ਰੇਮੀ ਨੂੰ ਆਖਿਆ ਕਿ ਸਰਦਾਰ ਸਾਹਿਬ ਆਪ ਤਾਂ ਮੰਜੀ ’ਤੇ ਬਹਿ ਰਹਿੰਦੇ ਹਨ ਅਤੇ ਸਾਨੂੰ ਉਹਨਾਂ ਵਾਸਤੇ ਹੱਥੀਂ ਕੁੱਕੜ ਮਾਰਨਾ ਪੈਂਦਾ ਹੈ। ਇਹ ਗੱਲ ਸੁਣ ਕੇ ਦੂਜੇ ਦਿਨ ਕੁੱਕੜ ਆਪ ਝਟਕਾਇਆ। ਸਿਰ ਤਾਂ ਮੇਰੇ ਹੱਥ ਵਿੱਚ ਰਿਹਾ ਪਰ ਧੜ ਕੁਝ ਚਿਰ ਤਾਂਈ ਬੁਰੀ ਤਰ੍ਹਾਂ ਤੜਫ਼ਦਾ ਰਿਹਾ। ਇਹ ਦੇਖ ਕੇ ਦਾਸ ਦੇ ਹਿਰਦੇ ਨੂੰ ਸੱਟ ਵੱਜੀ ਕਿ ਜੀਭ ਦੇ ਸੁਆਦ ਵਾਸਤੇ ਗ਼ਰੀਬ ਮਾਰ ਕਰਨੀ ਠੀਕ ਨਹੀਂ। ਇਸ ਤੋਂ ਪਹਿਲਾਂ ਵੀ ਇੱਕ ਵਾਰੀ ਜਦੋਂ ਕਿ ਦਾਸ ਨੇ ਅਜੇ ਮਿਡਲ ਦਾ ਇਮਤਿਹਾਨ ਪਾਸ ਕੀਤਾ ਸੀ, ਦਾਸ ਦੇ ਚਿੱਤ ਵਿੱਚ ਦਇਆ ਦੀ ਲਹਿਰ ਚੱਲੀ ਤੇ ਤਿੰਨ ਸਾਲ ਲਈ ਗ਼ਰੀਬ ਮਾਰ ਕਰਨੀ ਛੱਡ ਛੱਡੀ। ਮਤੇਰ ਤੇ ਪਿਤਾ ਜੀ ਬਹੁਤੇਰਾ ਕਹਿੰਦੇ ਕਿ ਬੱਚਾ ਛਕਿਆ ਕਰ ਸਰੀਰ ਤਕੜਾ ਹੋ ਜਾਵੇਗਾ, ਪਰ ਦਾਸ ਨੇ ਤਿੰਨ ਸਾਲ ਮਾਸ ਖਾਣ ਤੋਂ ਪਰਹੇਜ਼ ਕੀਤਾ। ਗੁਜਰਾਂਵਾਲੇ ਮਿਸ਼ਨ ਹਾਈ ਸਕੂਲ ਦੇ ਬੋਰਡਿੰਗ ਵਿੱਚ ਦਾਸ ਆਪਣੇ ਜਮਾਤੀਆਂ ਦੀ ਸੰਗਤ ਕਰਕੇ ਫਿਰ ਮਾਸ ਛਕਣ ਲੱਗ ਪਿਆ।

ਮੇਰੇ ਸਹੁਰਾ ਸਾਹਿਬ ਦਾ ਦਿਲ ਤਾਂ ਅੱਗੇ ਹੀ ਕਰਦਾ ਸੀ ਕਿ ਉਹ ਮੇਰੀ ਮਦਦ ਕਰਨ। ਹੁਣ ਹੱਥ ਖੁੱਲ੍ਹਾ ਹੋਣ ਕਰਕੇ ਕੋਈ ਥੁੜ ਨਾ ਰਹਿਣ ਦਿੱਤੀ। ਜਦ ਮੈਂ ਧਲੌੜ ਜਾਂਦਾ ਤਾਂ ਮੇਰੇ ਸਹੁਰਾ ਸਾਹਿਬ ਆਪਣੀ ਲੜਕੀ ਨੂੰ ਕਈ ਸਾਲ ਦੀ ਘਰ ਬੈਠੀ ਦੇਖ ਕੇ ਠੰਡਾ ਸਾਹ ਭਰਦੇ ਤੇ ਝੂਰਦੇ। ਉਹਨਾਂ ਦਾ ਵੱਡਾ ਭਰਾ ਨਿਹਾਲ ਸਿੰਘ ਸਦਾ ਹੀ ਆਖਦਾ, “ਝੰਡਾ ਸਿੰਘ! ਝੂਰ ਨਾ ਮੁੰਡਾ ਬੜਾ ਚੰਗਾ ਈ। ਤੇਰੀ ਲੜਕੀ ਬੜੀ ਸੁੱਖੀ ਵੱਸੇਗੀ ਤੇ ਇਸ ਨੂੰ ਬੜਾ ਭਾਗ ਲੱਗੇਗਾ।”

੧੮੯੮ ਈਸਵੀ ਵਿੱਚ ਬੀ. ਏ. ਦਾ ਇਮਤਿਹਾਨ ਹੋਇਆ, ਦਾਸ ਕੈਮਿਸਟਰੀ ਵਿੱਚ ਸਾਰੇ ਪੰਜਾਬ ਵਿੱਚੋਂ ਅਵੱਲ ਨਿਕਲਿਆ ਤੇ ਲਿਸਟ ਦੇ ਵਿੱਚ ਨੌਵਾਂ ਨੰਬਰ ਆਇਆ। ਇਸ ਤੋਂ ਪਹਿਲਾਂ ਦਾਸ ਕਈ ਵਾਰੀ ਗੁਜਰਾਂਵਾਲੇ ਜਾਂਦਾ। ਜਦੋਂ ਵੀ ਪਿਤਾ ਜੀ ਬਜ਼ਾਰ ਜਾਂ ਗਲੀ ਵਿੱਚ ਸਾਹਮਣੇ ਆਉਂਦੇ, ਮੈਂ ਪੈਰੀ-ਪੈਣਾ ਕਰਦਾ ਤਾਂ ਉਹ ਕੰਡ ਮੋੜ ਲੈਂਦੇ।

ਜਦ ਬੀ. ਏ. ਪਾਸ ਹੋ ਗਿਆ ਤਾਂ ਕਰਤਾਰ ਨੇ ਇਸ ਗ਼ਰੀਬ ਦਾ ਇਹ ਬਚਨ ਪੂਰਾ ਕਰ ਦਿੱਤਾ ਕਿ ਭਾਵੇਂ ਕੁਝ ਵੀ ਹੋਵੇ, ਬੀ. ਏ. ਜ਼ਰੂਰ ਪਾਸ ਕਰਨਾ ਹੈ। ਦਾਸ ਦਿਲ ਨੂੰ ਤਕੜਾ ਕਰ ਸਿੱਧਾ ਗੁਜਰਾਂਵਾਲੇ ਦੀ ਸਿਵਲ ਡਿਸਪੈਂਸਰੀ ਵਿੱਚ ਚਲਾ ਗਿਆ। ਅੱਗੇ ਮੇਰੇ ਪਿਤਾ ਜੀ ਅਸਿਸਟੈਂਟ ਸਰਜਨ ਦੀ ਕੁਰਸੀ ’ਤੇ ਸ਼ੋਭਨੀਕ ਸਨ। ਰਜਿਸਟਰ ਮੇਜ਼ ’ਤੇ ਪਿਆ ਸੀ। ਉਹ ਦਬਾ-ਦਬ ਬਿਮਾਰਾਂ ਦੀਆਂ ਪਰਚੀਆਂ ਫੜ੍ਹ ਰਜਿਸਟਰ ਵਿੱਚ ਦਰਜ਼ ਕਰਕੇ ਉਹਨਾਂ ਨੂੰ ਫੜ੍ਹਾਈ ਜਾਂਦੇ ਤੇ ਉਹ ਕੰਪਾਊਡਰ ਜਾਂ ਡਰੈਸਰ ਪਾਸ ਜਾ ਕੇ ਦਵਾ ਲੈ ਲੈਂਦੇ ਜਾਂ ਮਲ੍ਹਮ ਪੱਟੀ ਕਰਵਾ ਲੈਂਦੇ। ਜਦ ਪਿਤਾ ਜੀ ਕੁਝ ਵਿਹਲੇ ਹੋਏ ਤਾਂ ਉਹਨਾਂ ਪ੍ਰੇਮ ਨਾਲ ਮੇਰੇ ਵੱਲ ਤੱਕਿਆ ਤੇ ਪੁੱਛਿਆ ਕਿ ਕਾਕਾ ਕਿਸ ਤਰ੍ਹਾਂ ਆਇਆਂ ਹੈ? ਮੇਰੀ ਹਿੰਮਤ ਬੀ. ਏ. ਪਾਸ ਹੋਣ ਵਾਲੀ ਨੇ ਕੁਝ ਪਿਤਾ ਵਾਲਾ ਪ੍ਰੇਮ ਜਗਾ ਦਿੱਤਾ। ਦਾਸ ਨੇ ਅਰਜ਼ ਕੀਤੀ ਕਿ ਰਾਜਾ ਨਰਿੰਦਰ ਨਾਥ ਡਿਪਟੀ ਦੇ ਤੁਸੀ ਫੈਮਲੀ ਡਾਕਟਰ ਹੋ, ਆਪਣੇ ਨਾਲ ਮੈਨੂੰ ਉਹਨਾਂ ਪਾਸ ਲੈ ਚੱਲੋ ਤੇ ਮੇਰਾ ਨਾਮ ਮੁਨਸਫ਼ੀ ਜਾਂ ਈ. ਏ. ਸੀ. ਦੇ ਮੁਕਾਬਲੇ ਦੇ ਇਮਤਿਹਾਨ ਵਿੱਚ ਦਾਖਲ ਕਰਵਾ ਦਿਉ।

ਉਸ ਵੇਲੇ ਟਮਟਮ ਜੜਵਾ ਮੈਨੂੰ ਨਾਲ ਬਿਠਾ ਰਾਜਾ ਜੀ ਪਾਸ ਪਹੁੰਚੇ ਅਤੇ ਮੇਰਾ ਨਾਮ ਮੁਕਾਬਲੇ ਦੇ ਇਮਤਿਹਾਨ ਲਈ ਦਰਜ਼ ਕਰਵਾ ਲਿਆ। ਮੁੜਦਿਆਂ ਹੋਇਆਂ ਮੈਨੂੰ ਪਿਤਾ ਜੀ ਨੇ ਆਖਿਆ ਕਿ ਬੱਚਾ! ਐਮ. ਏ. ਵੀ ਪੜ੍ਹ ਲੈ। ਦਾਸ ਨੇ ਆਪਣੇ ਸਰਲ ਸੁਭਾਅ ਅਨੁਸਾਰ ਆਖਿਆ ਕਿ ਪੈਸੇ ਹੈ ਨਹੀਂ। ਕੁਝ ਦਿਲ ਨੇ ਉਛਾਲਾ ਖਾਧਾ ਤੇ ਨੇਤਰਾਂ ਵਿੱਚੋਂ ਨੀਰ ਵੀ ਵਹਿ ਤੁਰਿਆ। ਪਿਤਾ ਜੀ ਨੇ ਆਖਿਆ ਕਿ ਬੱਚਾ! ਖਰਚ ਅਸੀਂ ਦਿਆਂਗੇ। ਕੈਮਿਸਟਰੀ ਵਿੱਚ ਫ਼ਸਟ ਹੋਣ ਕਾਰਨ ਦਾਸ ਕੈਮੀਕਲ ਲੈਬੋਰਟਰੀ ਵਿੱਚ ਡੈਮੋਨਸਟਰੇਟਰ ਲੱਗ ਗਿਆ। ਇਹਨਾਂ ਦਿਨਾਂ ਵਿੱਚ ਕੇਵਲ ਫ਼ੀਸ ਮੁਆਫ਼ ਹੁੰਦੀ ਸੀ। ਫਿਰ ਘਰ ਵਿੱਚ ਆਉਣਾ ਜਾਣਾ ਖੁੱਲ੍ਹ ਗਿਆ। ਮਾਤਾ ਜੀ ਦੇ ਖੁੱਲ੍ਹੇ ਦਰਸ਼ਨ ਹੋਣ ਲੱਗ ਪਏ। ਮਤੇਰ ਦੀ ਆਪਣੀ ਉਹ ਪੁਰਾਣੀ ਚਾਲ ਤੇ ਮਾਤਾ ਜੀ ਦਾ ਸਬਰ ਸ਼ੁਕਰ ਦਾ ਨਮੂਨਾ ਸਾਹਮਣੇ ਆਉਣ ਲੱਗਾ।

ਪਤਾ ਨਹੀਂ ਕਿ ਮੇਰੀ ਮਤੇਰ ਜੀ ਨੂੰ ਮੇਰੀ ਇਸਤਰੀ ਨਾਲ ਕੋਈ ਪਿੱਛਲੇ ਜਨਮ ਦੀ ਰਗੜ ਸੀ ਕਿ ਉਸ ਨੇ ਮੇਰੇ ਪਿਤਾ ਜੀ ਅਤੇ ਮਾਤਾ ਜੀ ਨੂੰ ਪ੍ਰੇਰ ਲਿਆ ਕਿ ਨਿਰੰਜਨ ਸਿੰਘ ਦਾ ਵਿਆਹ ਕੀਤਿਆਂ, ਕਈ ਸਾਲ ਹੋ ਗਏ ਹਨ, ਪਰ ਅਜੇ ਤੱਕ ਕੋਈ ਸੰਤਾਨ ਨਹੀਂ ਹੋਈ। ਇਸ ਦਾ ਹੁਣ ਹੋਰ ਵਿਆਹ ਕਰ ਦਿੱਤਾ ਜਾਵੇ। ਮੇਰੇ ’ਤੇ ਵੀ ਸਾਰਿਆਂ ਪਾਸੋਂ ਦਬਾਅ ਪਾਇਆ ਗਿਆ। ਭਾਵੇਂ ਦਾਸ ਨੂੰ ਇਸ ਉਮਰ ਵਿੱਚ ਸੋਹਣਾ ਸਰੂਪ ਪਰਖਣ ਦੀ ਆਦਤ ਸੀ ਅਤੇ ਮੇਰੀ ਇਸਤਰੀ ਦੀ ਸ਼ਕਲ ਕੋਈ ਖਾਸ ਖ਼ੂਬਸੂਰਤ ਨਹੀਂ ਸੀ। ਇਹ ਕਹਿ ਕੇ ਕਿ ਮੈਂ ਕਿਸੇ ਇਸਤਰੀ ਨੂੰ ਸਾਰੀ ਉਮਰ ਲਈ ਦੁਖ ਦੇਣਾ ਪਸੰਦ ਨਹੀਂ ਕਰਦਾ, ਨਾਂਹ ਕਰ ਦਿੱਤੀ। ਦਾਸ ਦੇ ਹਿਰਦੇ ਵਿੱਚ ਔਲਾਦ ਦੀ ਕੋਈ ਖਿੱਚ ਨਹੀਂ ਸੀ ਪਰ ਇਹ ਵਿਸ਼ਵਾਸ ਦ੍ਰਿੜ੍ਹ ਸੀ ਕਿ ਆਪਣਾ ਧਰਮ ਨਿਭਾਉਣਾ ਹੈ।

ਇਸ ਖੇਲ ਤੋਂ ਸਮਝ ਆ ਗਈ ਕਿ ਮੇਰੀ ਮਤੇਰ ਮੇਰੀ ਸਿੰਘਣੀ ਦੇ ਸਖ਼ਤ ਬਰਖ਼ਿਲਾਫ਼ ਹੈ। ਪਹਿਲਾਂ ਤਾਂ ਦਾਸ ਦੂਏ-ਤੀਏ ਮਹੀਨੇ ਜਦ ਵੀ ਛੁੱਟੀ ਮਿਲਦੀ ਸਹੁਰੇ ਘਰ ਫੇਰਾ ਮਾਰ ਆਪਣੀ ਸਿੰਘਣੀ ਨੂੰ ਮਿਲ-ਗਿਲ ਆਉਂਦਾ। ਹੁਣ ਇਸ ਖਿਆਲ ਨਾਲ ਕਿ ਕਿਧਰੇ ਫਿਰ ਖਰਚ ਬੰਦ ਨਾ ਕਰਵਾ ਦੇਵੇ, ਸਹੁਰੇ ਘਰ ਜਾਣਾ ਬੰਦ ਕਰ ਦਿੱਤਾ। ਦੀਨ-ਦੁਨੀਆਂ ਦੇ ਵਾਲੀ ਗੁਰੂ ਹਰਿਗੋਬਿੰਦ ਮਹਾਰਾਜ ਨੇ ਜੋ ਉੱਤਰ ਸ਼ਾਹ ਦੌਲਾ ਦੇ ਪੁੱਛਣ ’ਤੇ ਦਿੱਤਾ ਕਿ ਜਾਉ ਲਾਲ, ਇਸਤਰੀ ਪੁੱਤਰ ਕੀ ਤੇ ਫ਼ਕੀਰੀ ਕੀ? ਕਿ ਫਕੀਰ ਸਾਈਂ, ਇਸਤਰੀ ਈਮਾਨ, ਦੌਲਤ ਗੁਜ਼ਰਾਨ, ਪੁੱਤਰ ਨਿਸ਼ਾਨ ਸਦਾ ਲਈ ਅੱਟਲ ਹੈ। ਇਸ ਵੇਲੇ ਦਾਸ ਦੀ ਉਮਰ ਤ੍ਰੇਈ ਸਾਲ ਦੀ ਸੀ। ਮਾਇਆ ਦੀ ਗਿਣਤੀ ਨੇ ਸਹੁਰੇ ਘਰ ਜਾਣਾ ਬੰਦ ਕਰ ਦਿੱਤਾ। ਕਾਮ ਦੇਵ ਮਹਾਰਾਜ ਨੇ ਆਪਣੀਆਂ ਲਹਿਰਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਡੇਢ ਕੁ ਸਾਲ ਲਈ ਦਾਸ ਨੇ ਇਹ ਲਹਿਰਾਂ ਕਾਬੂ ਰੱਖੀਆਂ। ਦਾਸ ਦੇ ਮਨ ਵਿੱਚ ਜਿਹੜੀ ਗੱਲ ਥਰਡ ਈਅਰ ਵਿੱਚ ਸਵਾਮੀ ਵਿਵੇਕਾ ਨੰਦ ਦੇ ਕਰਮ ਯੋਗ ਵਿੱਚੋਂ ਪੜ੍ਹੀ ਸੀ ਉਸ ਦਾ ਡੂੰਘਾ ਅਸਰ ਹੋ ਚੁੱਕਾ ਸੀ। “Grumblers can never accomplish any thing. If a poor comes to your door, Thank God that He has given you a chance to uplift yourself.”

**ਮਨ ਦੇ ਵਿੱਚ ਕਾਮ ਵਾਸ਼ਨਾਂ ਦੀਆਂ ਲਹਿਰਾਂ ਅਤੇ ਉਤਰਾਉ ਚੜਾਉ ਤਾਂ ਆਉਂਦੇ ਰਹੇ ਪਰ ੧੯●੬ ਈਸਵੀ ਵਿੱਚ ਅੰਮ੍ਰਿਤ ਛਕਣ ਦੇ ਮਗਰੋਂ ਇਹ ਲਹਿਰਾਂ ਘਟਦੀਆਂ ਗਈਆਂ ਅਤੇ ਬਾਹਰਮੁੱਖੀ ਬਿਰਤੀ ਅੰਦਰ ਆਤਮਿਕ-ਰਸ ਵਿੱਚ ਲੀਨ ਹੋਣ ਲਈ ਖਿੱਚ ਵਧਦੀ ਗਈ।**

ਸਾਡੇ ਵਕਤ ਫੋਰਥ ਈਅਰ ਵਿੱਚ ਹੀ ਲਾਅ ਕਾਲਜ ਦੇ ਨਿਯਮ (Rule) ਐਲ. ਐਲ. ਬੀ. ਦੇ ਕੋਰਸ ਵਿੱਚ ਦਾਖ਼ਲ ਹੋਣ ਵਾਸਤੇ ਆਗਿਆ ਦੇ ਦੇਂਦੇ। ਇਸ ਦੇ ਤਿੰਨ ਇਮਤਿਹਾਨ ਹੁੰਦੇ: Preliminary, Intermediate ਅਤੇ Final L.L.B. ਐਮ. ਏ. ਦੀ ਪੜ੍ਹਾਈ ਦੇ ਨਾਲ-ਨਾਲ ਦਾਸ ਨੇ ਇਹ ਤਿੰਨੇ ਹੀ

ਇਮਤਿਹਾਨ ਪਾਸ ਕਰ ਲਏ ਅਤੇ **ਦਸੰਬਰ, ੧੯●● ਵਿੱਚ ਐਲ. ਐਲ. ਬੀ. ਦੀ ਡਿਗਰੀ ਪ੍ਰਾਪਤ ਕਰ ਲਈ। ਦਾਸ ਆਪਣੀ ਉਸ ਸਾਲ ਦੀ ਜਮਾਤ ਵਿੱਚ ਅਵੱਲ ਰਿਹਾ।**

ਐਮ. ਏ. ਲਈ ਦਾਸ ਨੇ ਇੰਗਲਿਸ਼ ਲਿਟਰੇਚਰ ਦਾ ਮਜ਼ਮੂਨ ਲਿਆ ਹੋਇਆ ਸੀ। ਕਾਲਜ ਨਾਲ ਪੜ੍ਹਾਈ ਤਾਂ ਕਰੀ ਗਿਆ ਪਰ ਬਹੁਤ ਵਕਤ ਤੇ ਤਾਕਤ ਲਾਅ (Law) ਦੇ ਇਮਤਿਹਾਨ 'ਤੇ ਖਰਚ ਹੁੰਦੀ ਰਹੀ। ਐਲ. ਐਲ. ਬੀ. ਦਾ ਇਮਤਿਹਾਨ ਪਾਸ ਕਰਨ ਮਗਰੋਂ ਕੇਵਲ ਤਿੰਨ ਕੁ ਮਹੀਨੇ ਐਮ. ਏ. ਦੇ ਇਮਤਿਹਾਨ ਦੇਣ ਵਿੱਚ ਰਹਿੰਦੇ ਸਨ। ਤਿਆਰੀ ਸ਼ੁਰੂ ਕਰ ਦਿੱਤੀ। ਅਪ੍ਰੈਲ, ੧੯●੧ ਵਿੱਚ ਐਮ. ਏ. ਦਾ ਇਮਤਿਹਾਨ ਪਾਸ ਕਰ ਲਿਆ।

ਹੁਣ ਵਕਾਲਤ ਦੀ ਪ੍ਰੈਕਟਿਸ ਕਰਨ ਦੇ ਖ਼ਿਆਲ ਨਾਲ ਚੀਫ਼ ਕੋਰਟ ਤੋਂ ਲਾਇਸੈਂਸ ਲੈ ਕੇ ਗੁਜਰਾਂਵਾਲੇ ਆ ਗਿਆ ਅਤੇ ਉੱਥੇ ਆ ਕੇ ਲਾਲਾ ਜੀਵਨ ਕਿਸ਼ਨ ਨਾਲ Apprentice ਬਣ ਕੇ ਵਕਾਲਤ ਦਾ ਕੰਮ ਸ਼ੁਰੂ ਕਰ ਲਿਆ, ਪਰ ਸੱਤ ਦਿਨਾਂ ਵਿੱਚ ਹੀ ਦਾਸ ਦੀ ਬਿਰਤੀ ਵਕਾਲਤ ਕਰਨ ਤੋਂ ਉਪਰਾਮ ਹੋ ਗਈ। ਇੱਕ ਤਾਂ ਬਾਰ ਰੂਮ ਵਿੱਚ ਨੌਜਵਾਨ ਬਿਰਧ ਵਕੀਲ ਬੜੇ ਬੈਹਸ ਮਖੌਲ ਤੇ ਟਿਚਰਾਂ ਕਰਦੇ। ਦਾਸ ਉਹਨਾਂ ਪਾਸੋਂ ਉੱਠ ਕੇ ਬੇਰੀ ਹੇਠ ਆ ਬੈਠਦਾ ਅਤੇ ਦੂਜੇ ਪਾਸੇ ਜਦ ਵੀ ਮੈਂ ਲਾਲਾ ਜੀਵਨ ਕਿਸ਼ਨ ਨਾਲ ਕਿਸੇ ਮੁੱਕਦਮੇ ਵਿੱਚ ਪੇਸ਼ ਹੁੰਦਾ ਤਾਂ ਦਿਲ 'ਤੇ ਇਹ ਠੋਕਰ ਵੱਜਦੀ ਕਿ ਇਸ ਕੰਮ ਵਿੱਚ ਝੂਠ ਬੋਲਣਾ ਜਾਂ ਬੁਲਾਉਣਾ ਪਏਗਾ ਅਤੇ ਭਾਵੇਂ ਕਿਤਨਾ ਵੀ ਯਤਨ ਕਰੇ, ਝੂਠ ਦੀ ਮਦਦ ਜ਼ਰੂਰ ਲੈਣੀ ਪਵੇਗੀ।

ਦੂਸਰੇ ਦਿਨ ਹੀ ਲਾਲਾ ਜੀਵਨ ਕਿਸ਼ਨ ਪਾਸ ਜਾ ਕੇ ਮਨ ਦੀ ਵਿੱਥਿਆ ਆਖ ਸੁਣਾਈ। ਉਹ ਬੜੇ ਨੇਕ ਤੇ ਸੱਜਣ ਪੁਰਸ਼ ਸਨ। ਮੇਰੀ ਗੱਲ ਸੁਣ ਕੇ ਉਹਨਾਂ ਬੜੇ ਪ੍ਰੇਮ ਨਾਲ ਕਿਹਾ ਕਿ ਨਿਰੰਜਨ ਸਿੰਘ! ਕਈ ਵਾਰੀ ਮੇਰਾ ਚਿੱਤ ਵੀ ਉਪਰਾਮ ਹੋ ਜਾਂਦਾ ਹੈ ਪਰ ਮੈਂ ਹੁਣ ਬੁੱਢਾ ਹੋ ਗਿਆ ਹਾਂ। ਹੋਰ ਕੋਈ ਕੰਮ ਨਹੀਂ ਕਰ ਸਕਦਾ ਪਰ ਤੂੰ ਤਾਂ ਜਵਾਨ ਹੈ ਕੋਈ ਹੋਰ ਕੰਮ ਕਰ ਲੈ। ਉਸੇ ਸ਼ਾਮ ਨੂੰ ਲਾਲਾ ਰੁਚੀ ਰਾਮ ਸਾਹਨੀ ਜੋ ਮੇਰੇ ਉਸਤਾਦ ਸਨ, ਦੀ ਤਾਰ ਆ ਗਈ ਕਿ ਅਸਾਂ ਤੈਨੂੰ ਐਂਗਲੋ ਹਾਈ ਸਕੂਲ ਭੇਹਰਾ ਦਾ ਹੈਡਮਾਸਟਰ ਬਣਾ ਦਿੱਤਾ ਹੈ। ਤੂੰ ਫੌਰਨ ਆ ਜਾ। ਦੂਸਰੇ ਦਿਨ ਸਵੇਰੇ ਹੀ ਦਾਸ ਨੇ ਗੱਡੀ ਚੜ੍ਹ ਭੇਹਰੇ ਦਾ ਰਾਹ ਫੜ੍ਹ ਲਿਆ ਤੇ ਕਮੇਟੀ ਦੇ ਪ੍ਰਧਾਨ ਤੇ ਸਕੱਤਰ ਨੂੰ ਮਿਲ ਕੇ ਸਕੂਲ ਦਾ ਚਾਰਜ਼ ਲੈ ਲਿਆ। ਵੀਹ ਕੁ ਦਿਨਾਂ ਪਿੱਛੋਂ ਦਾਸ ਨੇ ਆਪਣੀ ਸਿੰਘਣੀ ਨੂੰ ਆਪਣੇ ਪਾਸ ਮੰਗਵਾ ਲਿਆ ਅਤੇ ਹਫ਼ਤੇ ਦੇ ਮਗਰੋਂ ਗੁਜਰਾਂਵਾਲੇ ਜਾ ਕੇ ਆਪਣੀ ਮਾਤਾ ਨੂੰ ਵੀ ਲੈ ਆਂਦਾ। ਹੱਥ ਜੋੜ ਕੇ ਪਿਤਾ ਜੀ ਨੂੰ ਬੇਨਤੀ ਕੀਤੀ ਕਿ ਮੈਨੂੰ ਹੋਰ ਕਿਸੇ ਚੀਜ਼ ਦੀ ਲੋੜ ਨਹੀਂ। ਤੁਸੀ ਕਿਰਪਾ ਕਰਕੇ ਮੇਰੀ ਮਾਤਾ ਜੀ ਨੂੰ ਮੇਰੇ ਨਾਲ ਤੋਰ ਦਿਉ, ਮੈਂ ਉਹਨਾਂ ਦੀ ਸੇਵਾ ਕਰਾਂਗਾ ਤੇ ਮੇਰਾ ਜਨਮ ਸਫ਼ਲਾ ਹੋਏਗਾ। ਮਤੇਰ ਮਾਂ ਨੇ ਆਪਣਾ ਸਾਰਾ ਜ਼ੋਰ ਲਾਇਆ ਪਰ ਪਿਤਾ ਜੀ ਦਾ ਸੁਭਾਅ ਨਰਮ ਸੀ। ਦਾਸ ਦੀ ਬੇਨਤੀ ਪ੍ਰਵਾਨ ਕਰ ਲਈ ਤੇ ਮਾਤਾ ਜੀ ਨੂੰ ਮੇਰੇ ਨਾਲ ਟੋਰ ਦਿੱਤਾ। ਚਾਈਂ-ਚਾਈਂ ਮੈਂ ਮਾਤਾ ਜੀ ਨੂੰ ਨਾਲ ਲੈ ਕੇ ਭੇਹਰੇ ਪਹੁੰਚਿਆ।

**ਹੁਣ ਇੱਕ ਹੋਰ ਟੰਟਾ ਸ਼ੁਰੂ ਹੋ ਗਿਆ ਜਿਹੜਾ ਕਿ ਅੱਜ ਕਲ ਤਕਰੀਬਨ ਸਾਰੇ ਘਰਾਂ ਵਿੱਚ ਹੁੰਦਾ ਹੈ ਅਤੇ ਜਿਸ ਦਾ ਕਾਰਨ ਆਮ ਤੌਰ 'ਤੇ ਮਰਦ ਹੁੰਦੇ ਹਨ। ਉਹ ਕਾਮ ਵੱਸ ਹੋ ਕੇ ਆਪਣੀ ਜਨਮ ਦਾਤਾ ਮਾਤਾ ਦੀ ਨਿਰਾਦਰੀ ਨਿੱਤ ਸਹਾਰਦੇ ਹਨ।**

**ਮੇਰੀ ਸਿੰਘਣੀ ਮਾਤਾ ਜੀ ਨਾਲ ਕੁਝ ਹੇਠਾਂ ਉਤਾਂਹ ਹੋਣ ਲੱਗ ਪਈ। ਦੋ-ਚਾਰ ਦਿਨ ਤਾਂ ਦਾਸ ਇਹ ਖੇਲ ਵੇਖਦਾ ਰਿਹਾ। ਪੰਜਵੇਂ ਦਿਨ ਆਪਣੀ ਘਰਵਾਲੀ ਨੂੰ ਵੱਖਰਾ ਲਿਜਾ ਕੇ ਸਮਝਾਇਆ ਕਿ ਭਲੀਏ**

**ਲੋਕੇ ਜੇ ਤੂੰ ਮਾਤਾ ਜੀ ਨਾਲ ਏਦਾਂ ਦਾ ਸਲੂਕ ਕਰਨਾ ਹੈ ਤਾਂ ਅੱਗੇ ਪੇਕੇ ਤੂੰ ਦਸ ਸਾਲ ਗੁਜ਼ਾਰ ਆਈ ਏਂ। ਉੱਥੇ ਹੀ ਚਲੀ ਜਾਹ ਮੈਨੂੰ ਤੇਰੀ ਕੋਈ ਲੋੜ ਨਹੀਂ। ਇਸ ਗੱਲ ਦਾ ਸਿੰਘਣੀ 'ਤੇ ਡੂੰਘਾ ਅਸਰ ਹੋਇਆ। ਉਸ ਨੇ ਮਾਤਾ ਜੀ ਦਾ ਅਦਬ ਕਰਨਾ ਸ਼ੁਰੂ ਕਰ ਦਿੱਤਾ। ਮੇਰੀ ਮਾਤਾ ਅੱਗੇ ਹੀ ਸਬਰ-ਸੰਤੋਖ ਦਾ ਸਰੂਪ ਸਨ। ਮੈਂ ਹਰ ਮਹੀਨੇ ਜੋ ਤਨਖ਼ਾਹ ਹੁੰਦੀ, ਮਾਤਾ ਜੀ ਦੀ ਝੋਲੀ ਵਿੱਚ ਪਾ ਦੇਂਦਾ। ਉਹ ਸਾਰੇ ਦਾ ਸਾਰਾ ਨੂੰਹ ਦੇ ਸਪੁਰਦ ਕਰਕੇ ਕਹਿੰਦੇ, "ਲੈ ਪੁੱਤ! ਘਰ ਦਾ ਕੰਮ ਜੁਗਤ ਨਾਲ ਚਲਾ।" ਦੋਵੇਂ ਨੂੰਹ ਸੱਸ ਇੱਕ ਰੂਪ ਹੋ ਗਏ ਤੇ ਘਰ ਸਵਰਗ ਬਣ ਗਿਆ।**

ਹੁਣ ਇੱਕ ਹੋਰ ਸਵਾਲ ਦਾਸ ਦੇ ਸਾਹਮਣੇ ਆ ਗਿਆ। ਸਿਹਤ ਦੀਆਂ ਪੁਸਤਕਾਂ ਪੜ੍ਹ ਕੇ ਮੈਨੂੰ ਇਹ ਪਤਾ ਸੀ ਕਿ ਬੀਰਜ ਸਰੀਰ ਦਾ ਥੰਮ ਹੈ। ਸੌ ਬੂੰਦ ਲਹੂ ਨਾਲ ਇੱਕ ਬੂੰਦ ਬੀਰਜ ਬਣਦਾ ਹੈ। ਭਾਵੇਂ ਘਰਵਾਲੀ ਪਾਸ ਆ ਗਈ ਹੈ, ਪਰ ਇਸ ਸੰਜੋਗ ਨੂੰ ਵਿਸ਼ੇ-ਭੋਗ ਦਾ ਪਾਤਰ ਨਹੀਂ ਬਣਾਉਣਾ ਅਤੇ ਗ੍ਰਹਿਸਤ ਨੂੰ ਸੰਜਮ ਨਾਲ ਨਿਭਾਉਣਾ ਹੈ।

**ਦੂਏ-ਤੀਏ ਮਹੀਨੇ ਹੀ ਮੇਰਾ ਪਹਿਲਾ ਭੁਝੰਗੀ ਮੁਕੰਦ ਸਿੰਘ ਮਾਤਾ ਦੇ ਗਰਭ ਵਿੱਚ ਆ ਗਿਆ। ਕੁਦਰਤੀ ਅੰਦਰ ਅਵਾਜ਼ ਉੱਠੀ ਕਿ ਜਦ ਤੱਕ ਬੱਚਾ ਗਰਭ ਵਿੱਚ ਹੈ ਤੇ ਬੱਚਾ ਪੈਦਾ ਹੋਣ ਤੋਂ ਬਾਅਦ ਦੁੱਧ ਪੀਂਦਾ ਹੈ ਇਸਤਰੀ ਨਾਲ ਸੰਜੋਗ ਨਹੀਂ ਕਰਨਾ "ਜਤੀ ਸਦਾਵੇ ਜੁਗਤ ਨਾ ਜਾਨੇ ਛਡ ਬਹੇ ਘਰਬਾਰ॥" ਈਸ਼ਵਰ ਦੀ ਕਿਰਪਾ ਨਾਲ ਇਹ ਇਰਾਦਾ ਤੋੜ ਨਿਭ ਗਿਆ।**

ਦਾਸ ਦਾ ਨਾਮ Northern Indian Salt Revenue Official Grade ਦੇ ਮੁਕਾਬਲੇ ਦੇ ਇਮਤਿਹਾਨ ਲਈ ਦਰਜ ਹੋ ਚੁੱਕਾ ਸੀ। ਭੇਹਰੇ ਇਮਤਿਹਾਨ ਦੀ ਤਾਰੀਖ ਤੇ ਸੈਂਟਰ ਦਾ ਨਾਂ ਆ ਗਿਆ। ਸੈਂਟਰ ਕਲਕੱਤਾ ਸੀ। ਇਮਤਿਹਾਨ ਦੀ ਤਿਆਰੀ ਅੱਗੇ ਹੀ ਕੀਤੀ ਹੋਈ ਸੀ। ਚਿੱਠੀ ਪੁੱਜਦੇ ਹੀ ਸਕੂਲ ਤੋਂ ਛੁੱਟੀ ਲੈ ਸਿੱਧਾ ਕਲਕੱਤੇ ਪਹੁੰਚਿਆ। ਡੇਰਾ ਬੜੀ ਸਿੱਖ ਸੰਗਤ ਸੂਤਾ ਪਟੀ ਹੈਰੀਸਨ ਰੋਡ ਕੀਤਾ। ਦਾਸ ਦੇ ਹਿਰਦੇ ਤੀਰਥ ਅਸਥਾਨਾਂ ਤੇ ਪੁਰਾਣੇ ਤਵਾਰੀਖੀ ਮੁਕਾਮਾਂ ਦੇ ਦਰਸ਼ਨ ਕਰਨ ਦਾ ਸ਼ੌਂਕ ਸੀ। ਕੁਦਰਤ ਨੇ ਇਹ ਮੌਕਾ ਬਖ਼ਸ਼ ਦਿੱਤਾ। ਸਭ ਤੋਂ ਪਹਿਲਾਂ ਰਵਿੰਦਰ ਨਾਥ ਟੈਗੋਰ ਦੇ ਪਿਤਾ ਮਹਾਂਰਿਖੀ ਟੈਗੋਰ ਦੇ ਦਰਸ਼ਨ ਕੀਤੇ। ਇਹ ਧੋਤੀ ਸਜਾਈ ਨੰਗੇ ਧੜ ਬੈਠੇ ਸਨ। ਬੜਾ ਸੁੰਦਰ ਅਤੇ ਲੰਮਾ ਚਿੱਟਾ ਦਾਹੜਾ ਸੀ। ਸਰੀਰ ਬੜਾ ਸਡੌਲ ਤੇ ਲੰਮਾ, ਨੇਤਰਾਂ ਵਿੱਚ ਮਸਤੀ ਤੇ ਚਿਹਰੇ 'ਤੇ ਸਿਮਰਨ ਦਾ ਰੰਗ ਸੀ। ਮੇਰੇ ਪਹੁੰਚਣ ਤੇ ਗੁਰੂ ਨਾਨਕ ਸਾਹਿਬ ਦਾ ਇੱਕ ਸ਼ਬਦ ਉਹਨਾਂ ਨੇ ਸੁਣਾਇਆ ਅਤੇ ਬੜੇ ਪ੍ਰੇਮ ਨਾਲ ਆਪਣੀ ਰਸਨਾ ਤੋਂ ਸ਼ੁਭ ਉਪਦੇਸ਼ ਕੀਤਾ। ਇਸ ਦਿਬ ਮੂਰਤ ਦਾ ਦਰਸ਼ਨ ਕਰਕੇ ਚਿੱਤ ਬੜਾ ਹੀ ਪ੍ਰਸੰਨ ਹੋਇਆ। ਫਿਰ ਕਲਕੱਤੇ ਦਾ ਚਿੜੀਆ ਘਰ, ਅਜਾਇਬ ਘਰ ਆਦਿ ਵੇਖ ਕੇ ਗੱਡੀ ਚੜ੍ਹ ਪਟਨੇ ਸਾਹਿਬ ਆ ਉਤਰਿਆ ਅਤੇ ਸਿੱਧਾ ਤਖ਼ਤ ਜਨਮ ਅਸਥਾਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਦੀਦਾਰ ਕੀਤੇ। ਪੁਜਾਰੀ ਸਾਹਿਬ ਨੇ ਮਹਾਰਾਜ ਦੇ ਭੰਗੂੜੇ ਅਤੇ ਸ਼ਸਤਰਾਂ ਦੇ ਦਰਸ਼ਨ ਕਰਾਏ ਅਤੇ ਮਹਾਰਾਜ ਦੇ ਛੋਟੀ ਉਮਰ ਦੇ ਕੌਤਕ ਬੜੇ ਪ੍ਰੇਮ ਨਾਲ ਸੁਣਾਏ।

ਕਿਸ ਤਰ੍ਹਾਂ ਮਹਾਰਾਜ ਗੁਲੇਲ ਨਾਲ ਜਿਹੜੀਆਂ ਮਾਈਆਂ ਬੀਬੀਆਂ ਖੂਹੀ ਵਿੱਚੋਂ ਪਾਣੀ ਭਰਨ ਆਉਂਦੀਆਂ, ਉਹਨਾਂ ਦੇ ਭਰੇ ਭਰਾਏ ਘੜੇ ਤੋੜ ਦਿੰਦੇ। ਦੁੱਖੀ ਹੋ ਕੇ ਮਾਈਆਂ ਬੀਬੀਆਂ ਮਾਤਾ ਗੁਜਰੀ ਜੀ ਪਾਸ ਫ਼ਰਿਆਦੀ ਹੋਈਆਂ ਤੇ ਮਾਤਾ ਜੀ ਨੇ ਉਹਨਾਂ ਨੂੰ ਲੋਹੇ ਦੀਆਂ ਗਾਗਰਾਂ ਬਣਵਾ ਦਿੱਤੀਆਂ। ਚੋਜੀ ਲਾਲ ਜੀ ਉਸੇ ਦਿਨ ਜਨਮ ਅਸਥਾਨ ਦੇ ਨੇੜੇ ਹੀ ਇੱਕ ਲੋਹਾਰ ਦੀ ਦੁਕਾਨ 'ਤੇ ਗਏ ਤੇ ਲੋਹੇ ਦਾ ਤੀਰ ਬਣਵਾ ਲਿਆਏ। ਹੁਣ ਗਾਗਰਾਂ ਵਿੰਨ੍ਹਣੀਆਂ ਸ਼ੁਰੂ ਕਰ ਦਿੱਤੀਆਂ। ਮਾਤਾ ਜੀ ਬੜਾ ਸਮਝਾਉਂਦੇ ਲਾਲ ਜੀ ਤੁਰਕ ਦਾ

ਰਾਜ ਹੈ। ਸਾਨੂੰ ਬੱਚ ਕੇ ਰਹਿਣਾ ਚਾਹੀਦਾ ਹੈ। ਕਿਧਰੇ ਇਹ ਪ੍ਰੇਮੀ ਮੁਗਲ ਬਾਦਸ਼ਾਹ ਦੇ ਸੂਬੇ ਪਾਸ ਆਪਣੀ ਪੁਕਾਰ ਭੇਜ ਦੇਣ ਅਤੇ ਅਜਾਈ ਕੋਈ ਬੱਦਲ ਸਿਰ ਤੇ ਟੁੱਟ ਪਵੇ। ਪਰ ਇਹ ਰੱਬੀ ਨਿਰਭੈ, ਨਿਰਵੈਰ ਰੱਬੀ ਰੂਹ ਕਦ ਡਰਦੀ ਸੀ। ਆਪਣੇ ਕਰਤਾਰੀ ਰੰਗ ਵਿੱਚ ਮਸਤ ਆਪਣੇ ਕੌਤਕ ਕਰੀ ਗਏ। ਦਾਸ ਗੋਬਿੰਦ ਘਾਟ ਦੇ ਦਰਸ਼ਨ ਵਾਸਤੇ ਗਿਆ, ਘਾਟ ਦੇ ਐਨ ਪੈਰਾਂ ਵਿੱਚ ਗੰਗਾ ਆਪਣੇ ਰੰਗ ਵਿੱਚ ਠਾਠਾਂ ਮਾਰ ਰਹੀ ਸੀ। ਇਸ ਦਾ ਦੂਜਾ ਕਿਨਾਰਾ ਨਜ਼ਰ ਨਹੀਂ ਸੀ ਆਉਂਦਾ। ਮੱਛੀ ਫੜ੍ਹਣ ਵਾਲਿਆਂ ਦੀਆਂ ਕਿਸ਼ਤੀਆਂ, ਬਾਦਬਾਨ ਵਾਲੇ ਸਮਾਨ ਦੇ ਲੱਧੇ ਹੋਏ ਜਹਾਜ਼ ਤੇ ਅਗਨ ਬੋਟ ਉਸ ਤੇ ਚੱਲ ਰਹੇ ਸਨ। ਘਾਟ ਦੇ ਪੁਜਾਰੀ ਨੇ ਇਸ ਘਾਟ ਦੇ ਕੌਤਕ ਬੜੇ ਪ੍ਰੇਮ ਨਾਲ ਸੁਣਾਏ ਕਿ ਕਿਸ ਤਰ੍ਹਾਂ ਬਾਲਾ ਪ੍ਰੀਤਮ ਜੀ ਆਪਣੇ ਸਾਥੀਆਂ ਨਾਲ ਇਸ਼ਨਾਨ ਕਰਨ ਆਉਂਦੇ ਅਤੇ ਉਹਨਾਂ ਨੂੰ ਦੋ ਹਿੱਸਿਆਂ ਵਿੱਚ ਵੰਡ ਦਿੰਦੇ। ਇੱਕ ਜਥੇ ਨੂੰ ਮੁਗਲ ਫੌਜ ਅਤੇ ਦੂਜੇ ਜੱਥੇ ਨੂੰ ਸਿੱਖ ਫੌਜ ਦਾ ਨਾਮ ਦੇ ਦੇਂਦੇ। ਹੁਣ ਦੋਹਾਂ ਪਾਸਿਆਂ ਦਾ ਯੁੱਧ ਸ਼ੁਰੂ ਹੋ ਜਾਂਦਾ। ਪਾਣੀ ਦੇ ਛਿੱਟੇ ਬੜੇ ਜ਼ੋਰ ਨਾਲ ਇਕ ਦੂਸਰੇ ਦੇ ਮੂੰਹ ਤੇ ਮਾਰਦੇ ਤੇ ਬਾਲਾ ਪ੍ਰੀਤਮ ਦੀ ਸਦਾ ਹੀ ਜਿੱਤ ਹੁੰਦੀ। ਪੁਜਾਰੀ ਨੇ ਫਿਰ ਇਹ ਵੀ ਦਸਿਆ ਕਿ ਪੰਡਿਤ ਸ਼ਿਵ ਦੱਤ ਰੋਜ਼ ਸਵੇਰੇ ਪਾਠ ਪੂਜਾ ਕਰਦੇ। ਇਹਨਾਂ ਦੇ ਚਿੱਤ ਵਿੱਚ ਬੇਤਾਰ ਤਾਰ ਆ ਚੁੱਕੀ ਸੀ ਕਿ ਇਸ ਸਮੇਂ ਦੇ ਅਵਤਾਰ ਬਾਲਾ ਪ੍ਰੀਤਮ ਦੇ ਰੂਪ ਵਿੱਚ ਜਨਮ ਲੈ ਚੁੱਕੇ ਹਨ। ਪਰ ਪੰਡਿਤ ਜੀ ਰਾਮ ਚੰਦਰ ਜੀ ਦੇ ਉਪਾਸ਼ਕ ਸਨ। ਉਹ ਦੇ ਮਨ ਵਿੱਚ ਇਹ ਚਾਅ ਸੀ ਕਿ ਜੇ ਬਾਲਾ ਪ੍ਰੀਤਮ ਜੀ ਸੱਚਮੁਚ ਹੀ ਸਮੇਂ ਦੇ ਅਵਤਾਰ ਹਨ ਤਾਂ ਮੈਨੂੰ ਰਾਮ, ਲਛਮਣ ਤੇ ਸੀਤਾ ਦੇ ਰੂਪ ਬਣਕੇ ਦਰਸ਼ਨ ਦੇਣ। ਕੁਝ ਸਮਾਂ ਤਾਂ ਚੋਜੀ ਪ੍ਰੀਤਮ ਜੀ ਪੰਡਿਤ ਜੀ ਦੀ ਪ੍ਰੀਖਿਆ ਕਰਦੇ ਰਹੇ। ਇਹਨਾਂ ਦੇ ਕੋਲ ਜਾਂਦੇ ਤੇ ਕੰਨ ਦੇ ਨੇੜੇ ਆਪਣਾ ਸੁੰਦਰ ਮੁਖੜਾ ਕਰਕੇ ਬੜੀ ਉੱਚੀ ਅਵਾਜ਼ ਵਿੱਚ ਬੋਲਦੇ, "ਪੰਡਿਤ ਜੀ ਬੂ।" ਸ਼ਿਵਦੱਤ ਜੀ ਆਪਣੇ ਰੰਗ ਵਿੱਚ ਮਸਤ ਇਸ ਬੂ ਵਿਚੋਂ ਇਕੋ ਇੱਕ ਰੱਬੀ ਮੁਕਤੀ ਦੇ ਪ੍ਰਕਾਸ਼ ਦਾ ਅਨੁਭਵ ਕਰ ਗਏ। ਬਾਲਾ ਪ੍ਰੀਤਮ ਜੀ ਤਰੁਠ ਪਏ ਤਾਂ ਇੱਕ ਦਿਨ ਆਪਣਾ ਸਰੂਪ ਰਾਮ ਜੀ ਦੇ ਸਰੂਪ ਵਿੱਚ ਬਦਲ ਦਿੱਤਾ ਤੇ ਆਪਣੇ ਦੋ ਸਾਥੀਆਂ ਨੂੰ ਲਛਮਣ ਤੇ ਸੀਤਾ ਦਾ ਸਰੂਪ ਬਖਸ਼ ਕੇ ਪੰਡਤ ਜੀ ਦੇ ਸਾਹਮਣੇ ਆ ਖੜ੍ਹੇ ਹੋਏ। ਬਾਲਾ ਪ੍ਰੀਤਮ ਦੇ ਪ੍ਰਕਾਸ਼ ਨੇ ਉਹਨਾਂ ਦੇ ਮੁੰਦੇ ਨੇਤਰ ਖੋਲ੍ਹ ਦਿੱਤੇ। ਪੰਡਿਤ ਜੀ ਆਪਣੀ ਦਿਲੀ ਮੰਗ ਪੂਰੀ ਵੇਖ ਕੇ ਚਰਨੀਂ ਢਹਿ ਪਏ। ਨੇਤਰਾਂ ਵਿਚੋਂ ਨੀਰ ਵਹਿ ਤੁਰਿਆ ਅਤੇ ਪ੍ਰੇਮ ਜਲ ਨਾਲ ਮਹਾਰਾਜ ਦੇ ਚਰਨ ਧੋ ਦਿੱਤੇ। ਬਾਲਾ ਪ੍ਰੀਤਮ ਨੇ ਸਿਰ ਤੇ ਹੱਥ ਰੱਖਿਆ ਤੇ ਚਰਨਾਂ ਤੋਂ ਉਠਾ ਦਿੱਤਾ। ਬਸ ਹੁਣ ਕੀ ਸੀ, ਪੰਡਿਤ ਜੀ ਮਹਾਰਾਜ ਦੇ ਸਾਦਕ ਮੁਰੀਦ ਬਣ ਗਏ।

ਗੋਬਿੰਦ ਘਾਟ ਦਾ ਦਰਸ਼ਨ ਕਰਕੇ ਦਾਸ ਮੈਣੀ ਸੰਗਤ ਆ ਗਿਆ। ਏਥੋਂ ਦੇ ਸੇਵਾਦਾਰ ਨੇ ਇਸ ਅਸਥਾਨ ਦੀ ਸਾਰੀ ਵਿਥਿਆ ਆਖ ਸੁਣਾਈ ਕਿ ਕਿਸ ਤਰ੍ਹਾਂ ਰਾਜਾ ਮੈਣੀ ਤੇ ਉਹਨਾਂ ਦੀ ਸੁਪਤਨੀ ਪੁੱਤਰ ਦੀ ਇੱਛਾ ਤੇ ਡੂੰਘੇ ਸਮੰਦੁਰ ਵਿੱਚ ਡੁੱਬੇ ਰਹਿੰਦੇ। ਇੱਕ ਦਿਨ ਪੰਡਿਤ ਸ਼ਿਵ ਦੱਤ ਪਾਸ ਗਏ ਅਤੇ ਆਪਣੀ ਵਿੱਥਿਆ ਆਖ ਸੁਣਾਈ। ਪੰਡਿਤ ਜੀ ਨੇ ਦਿਲਾਸਾ ਦਿੱਤਾ ਤੇ ਆਖਿਆ ਕਿ ਸਮੇਂ ਦੇ ਅਵਤਾਰ ਇਸ ਸੁਭਾਗ ਨਗਰੀ ਵਿੱਚ ਪਰਗਟ ਹੋ ਚੁੱਕੇ ਹਨ। ਤੁਸੀਂ ਸਾਰਾ ਫਿਕਰ ਛੱਡ ਕੇ ਉਹਨਾਂ ਦੇ ਚਰਨਾਂ ਵਿੱਚ ਲੀਨ ਹੋ ਜਾਉ। ਉਹ ਆਪ ਹੀ ਤੁਹਾਡੇ ਘਰ ਆ ਕੇ ਦਰਸ਼ਨ ਦੇਣਗੇ ਤੇ ਤੁਹਾਡਾ ਦੁੱਖ ਦੂਰ ਕਰਨਗੇ। ਹੁਣ ਰਾਜਾ ਮੈਣੀ ਤੇ ਉਸ ਦੀ ਰਾਣੀ ਦੀਆਂ ਵਾਗਾਂ ਮੁੜ ਪਈਆਂ ਅਤੇ ਪੁੱਤਰ ਦੀ ਇੱਛਾ ਤੇ ਫ਼ਿਕਰ ਦੀ ਥਾਂ ਬਾਲਾ ਪ੍ਰੀਤਮ ਦੇ ਦਰਸ਼ਨ ਦੀ ਲਹਿਰ ਜਾਗ ਪਈ। ਦੋਵੇਂ ਦਰਸ਼ਨ ਦੀ ਤਾਂਘ ਵਿੱਚ ਅੰਮ੍ਰਿਤ ਵੇਲੇ ਇਸ਼ਨਾਨ ਪਾਣੀ ਕਰਕੇ ਚੌਕੜਾ ਮਾਰ ਬੈਠ ਜਾਂਦੇ। ਮੈਣੀ ਰਾਣੀ ਰੋਜ਼ ਘੁੰਗਣੀਆਂ ਤੇ ਪੂਰੀਆਂ ਦਾ ਪ੍ਰਸ਼ਾਦ ਤਿਆਰ ਕਰਕੇ ਆਪਣੇ ਕੋਲ ਰੱਖ ਲੈਂਦੀ ਕਿ ਕਦ ਬਾਲਾ ਪ੍ਰੀਤਮ ਜੀ ਆਉਣ ਤੇ ਭੋਗ ਲਾਉਣ। ਇਹਨਾਂ ਦੀ ਯਾਦ ਨੇ ਆਪਣਾ ਰੰਗ ਲਿਆਂਦਾ ਤੇ ਕੁਝ ਦਿਨਾਂ ਮਗਰੋਂ ਆਪਣੇ ਸਾਥੀਆਂ ਨਾਲ ਖੇਡਦੇ-ਖੇਡਦੇ ਬਾਲਾ ਪ੍ਰੀਤਮ ਜੀ ਇਹਨਾਂ ਦੇ ਵਿਹੜੇ ਵਿੱਚ ਆ ਗਏ। ਕੁਝ ਚਿਰ

ਤਾਂ ਆਪਣੇ ਸਾਥੀਆਂ ਨਾਲ ਖੇਡਦੇ ਰਹੇ ਅਤੇ ਮੈਣੀ ਰਾਣੀ ਨੇਤਰ ਮੁੰਦ ਪ੍ਰੇਮ ਦੀ ਖਿੱਚ ਵਿੱਚ ਮਸਤ ਬੈਠੀ ਦੀ ਤਾਰ ਚੋਜੀ ਪ੍ਰੀਤਮ ਦੇ ਹਿਰਦੇ ਵਿੱਚ ਪੁੱਜੀ ਅਤੇ ਉਹ ਅਛੋਪ ਹੀ ਮੈਣੀ ਰਾਣੀ ਦੀ ਗੋਦ ਵਿੱਚ ਜਾ ਬੈਠੇ ਤੇ ਆਖਿਆ, 'ਮਾਂ' ਮੈਂ ਆ ਗਿਆ ਹਾਂ। ਡਾਢੀ ਭੁੱਖ ਲੱਗੀ ਹੈ ਮੈਨੂੰ ਘੁੰਗਣੀਆਂ ਤੇ ਪੂਰੀ ਦੇ। ਮੈਨੀ ਰਾਣੀ ਦੇ ਨੇਤਰ ਖੁੱਲ੍ਹ ਸਾਰੇ ਸਰੀਰ ਵਿੱਚ ਝਰਨਾਹਟ ਛਿੜ ਪਈ। ਆਪਣੀ ਗੋਦੀ ਵਿੱਚ ਬਾਲਾ ਪ੍ਰੀਤਮ ਬੈਠਾ ਦੇਖ ਕੇ ਗਦ-ਗਦ ਹੋਈ। ਚਰਨਾਂ ਤੇ ਸੀਸ ਰੱਖਿਆ ਤੇ ਛੇਤੀ-ਛੇਤੀ ਉੱਠ ਕੇ ਬਾਲਾ ਪ੍ਰੀਤਮ ਜੀ ਨੂੰ ਘੁੰਗਣੀਆਂ ਤੇ ਪੂਰੀ ਪ੍ਰਸ਼ਾਦ ਛਕਾਇਆ ਤੇ ਫਿਰ ਸਾਰੇ ਸਾਥੀਆਂ ਵਿੱਚ ਵਰਤਾਇਆ। ਪ੍ਰੀਤਮ ਜੀ ਨੇ ਪ੍ਰਸੰਨ ਹੋ ਕੇ ਬਚਨ ਕੀਤੇ "ਮਾਤਾ ਜੀ ਰੋਜ਼ ਇਸ ਵੇਲੇ ਪਹਿਲਾਂ ਤੇਰਾ ਹੀ ਪ੍ਰਸ਼ਾਦ ਛਕਾਂਗਾ ਤੇ ਫਿਰ ਮਾਂ ਗੁਜਰੀ ਦਾ।"

ਦੂਜੇ ਦਿਨ ਗੁਰੂ ਕੇ ਬਾਗ਼ ਦਾ ਦਰਸ਼ਨ ਕਰਕੇ ਪਟਨੇ ਸਾਹਿਬ ਤੋਂ ਤੁਰ ਬਨਾਰਸ ਪੁੱਜਾ ਅਤੇ ਸਿੱਧਾ ਗੰਗਾ ਦੇ ਘਾਟ ਵੱਲ ਤੁਰ ਪਿਆ। ਇੱਥੇ ਵਿਸ਼ਵਾ ਨਾਥ ਦੇ ਮੰਦਰ ਦੇ ਦਰਸ਼ਨ ਕੀਤੇ। ਜਿਸ ਦੀ ਇੱਕ ਬਾਹੀ ਢਾਹ ਕੇ ਔਰੰਗਜ਼ੇਬ ਨੇ ਮਸਜਿਦ ਦੀ ਸ਼ਕਲ ਦੇ ਦਿੱਤੀ ਸੀ। ਕਰਵਤ ਖੂਹ ਅਤੇ ਸਾਰੀਆਂ ਉੱਘੀਆਂ ਥਾਵਾਂ ਤੇ ਮਸਾਨ ਘਾਟ ਦੇ ਦਰਸ਼ਨ ਕੀਤੇ। ਮਸਾਨ ਘਾਟ ਦੇ ਸੇਵਾਦਾਰ ਨੇ ਰਾਜਾ ਹਰੀਸ਼ ਚੰਦਰ ਦੀ ਸਾਖੀ ਸੁਣਾਈ ਕਿ ਕਿਸ ਤਰ੍ਹਾਂ ਰਾਜਾ ਚੂਹੜਿਆਂ ਦੇ ਹੱਥ ਵਿਕਿਆ ਤੇ ਮਸਾਨ ਘਾਟ ਦੇ ਮੁਰਦੇ ਜਲਾਣ ਦੀ ਸੇਵਾ 'ਤੇ ਲੱਗਾ। ਕਿਸ ਤਰ੍ਹਾਂ ਉਸ ਦੀ ਰਾਣੀ ਆਪਣੇ ਸੱਪ ਦੇ ਡਸੇ ਹੋਏ ਪੁੱਤਰ ਦੀ ਲਾਸ਼ ਫੂਕਣ ਵਾਸਤੇ ਲਿਆਈ। ਕਿਸ ਤਰ੍ਹਾਂ ਰਾਜੇ ਨੇ ਬਗੈਰ ਜਲਾਈ ਦਾ ਟਕਾ ਲੈਣ ਤੋਂ ਫੂਕਣ ਤੋਂ ਨਾਂਹ ਕਰ ਦਿੱਤੀ। ਕਿਸ ਤਰ੍ਹਾਂ ਉਸ ਦੀ ਰਾਣੀ ਦਿਲ ਤੋੜ ਬੈਰਾਗ ਵਿੱਚ ਰੋਣ ਲੱਗ ਪਈ। ਕਿਸ ਤਰ੍ਹਾਂ ਵਿਸ਼ਵਾ ਮਿਤਰ ਜੀ ਆਏ। ਹਰੀਸ਼ ਚੰਦਰ ਦੀ ਜੈ ਜੈ ਕਾਰ ਬੁਲਾਈ, ਪੁੱਤਰ ਨੂੰ ਸੁਰਜੀਤ ਕੀਤਾ ਅਤੇ ਆਖਿਆ ਕਿ ਧੰਨ ਧੰਨ ਰਾਜਾ ਹਰੀਸ਼ ਚੰਦਰ ਤੇਰੀ ਪ੍ਰੀਖਿਆ ਸੰਪੂਰਨ ਹੋਈ, ਜਾਓ ਆਪਣਾ ਰਾਜ ਕਮਾਓ ਤੇ ਧਰਤੀ ਤੇ ਧਰਮ ਫੈਲਾਓ।

ਬਨਾਰਸ ਤੋਂ ਦਾਸ ਅਯੁਧਿਆ ਆਇਆ। ਉੱਥੇ ਸਰਜੂ ਨਦੀ ਦੇ ਉਸ ਘਾਟ ਦੇ ਦਰਸ਼ਨ ਕੀਤੇ ਜਿੱਥੇ ਰਾਮ ਚੰਦਰ ਜੀ ਲਛਮਣ ਦੇ ਵੈਰਾਗ ਵਿਚ ਡੁੱਬ ਮੋਏ ਸਨ। ਕਿਸ ਤਰ੍ਹਾਂ ਇਹ ਕਾਰਣ ਬਣਿਆ। ਕਿਸ ਤਰ੍ਹਾਂ ਰਾਮ ਚੰਦਰ ਜੀ ਮਹਾਰਾਜ ਆਪਣਾ ਸਰੀਰ ਛੱਡਣ ਤੋਂ ਪਹਿਲਾਂ ਸਮਾਧੀ ਅਸਥਿਤ ਹੋ ਬੈਠੇ। ਬਾਹਰ ਵੀਰ ਲਛਮਣ ਨੂੰ ਇਹ ਹੁਕਮ ਦੇ ਕੇ ਕਿਸੇ ਨੂੰ ਅੰਦਰ ਨਹੀਂ ਆਉਣ ਦੇਣਾ ਅਤੇ ਖੜ੍ਹਾ ਕਰ ਦਿੱਤਾ। ਕਿਸ ਤਰ੍ਹਾਂ ਦੁਰਬਾਸਾ ਰਿਸ਼ੀ ਆਇਆ ਕਿ ਮੈਂ ਰਾਮ ਜੀ ਦੇ ਜ਼ਰੂਰ ਦਰਸ਼ਨ ਕਰਨੇ ਹਨ। ਇੱਕ ਪਾਸੇ ਦੁਰਬਾਸ਼ਾ ਜੀ ਦਾ ਡਰ ਤੇ ਦੂਜੇ ਪਾਸੇ ਭਰਾਤਾ ਜੀ ਦਾ ਹੁਕਮ। ਡਰਦੇ-ਡਰਦੇ ਅੰਦਰ ਜਾ ਵੜੇ, ਅਵਾਜ਼ ਦਿੱਤੀ ਕਿ ਦੁਰਬਾਸ਼ਾ ਜੀ ਆਏ ਹਨ। ਅਚਾਨਕ ਇਹ ਅਵਾਜ਼ ਸੁਣ ਕੇ ਰਾਮ ਚੰਦਰ ਜੀ ਜੋ ਆਪਣੇ ਸਰੀਰ ਤਿਆਗ ਕੇ ਰੰਗ ਵਿੱਚ, ਸਮਾਧੀ ਅਸਥਿਤ ਸਨ। ਇਹ ਅਵਾਜ਼ ਨਿਕਲੀ ਜਾਹ ਡੁਬ ਮਰ। ਭਰਾਤਾ ਆਗਿਆ ਦੇ ਪੁੰਜ ਲਛਮਣ ਜੀ ਇਸ ਘਾਟ ਤੇ ਡੁੱਬ ਮੋਏ। ਕਿਸ ਤਰ੍ਹਾਂ ਇਹ ਖਬਰ ਰਾਮ ਚੰਦਰ ਜੀ ਨੂੰ ਪੁੱਜੀ ਤੇ ਕਿਸ ਤਰ੍ਹਾਂ ਵੀਰ ਦੇ ਵੈਰਾਗ ਵਿੱਚ ਆਪਣਾ ਸਰੀਰ ਸਰਜੂ ਨਦੀ ਦੇ ਵਿੱਚ ਪ੍ਰਵਾਹ ਕਰ ਦਿੱਤਾ।

ਫੇਰ ਲਖਨਊ, ਆਗਰੇ ਰੋਜ਼ਾ ਤਾਜ ਮੱਹਲ ਦੇ ਦਰਸ਼ਨ ਕਰਦਾ ਹੋਇਆ ਮੱਥਰਾ ਪੁੱਜਾ। ਇੱਥੇ ਕ੍ਰਿਸ਼ਨ ਮਹਾਰਾਜ ਦੇ ਜਨਮ, ਉਹਨਾਂ ਦੇ ਲੁਕਾ ਕੇ ਪਾਲਣ ਦੀ ਸਾਖੀ, ਕੰਸ ਨੂੰ ਕੇਸੀਂ ਪਛਾੜਨ ਦਾ ਸਾਰਾ ਸਾਕਾ ਸੁਣਿਆ। ਫੇਰ ਬਿੰਦਰਾਬਨ ਦੇ ਕ੍ਰਿਸ਼ਨ ਮੰਦਰਾਂ ਦੇ ਦਰਸ਼ਨ ਕੀਤੇ। ਇਸ ਦੇ ਪਿੱਛੋਂ ਹੋਰ ਧਾਰਮਿਕ ਜਾਂ ਤਵਾਰੀਖੀ ਥਾਵਾਂ ਦੇਖਦਾ, ਖੋਜਦਾ ਅਤੇ ਸਬਕ ਸਿਖਦਾ ਭੇਹਰਾ ਪੁੱਜਾ।

ਮਹੀਨੇ ਕੁ ਮਗਰੋਂ Salt Department ਦੇ ਇਮਤਿਹਾਨ ਦਾ ਨਤੀਜਾ ਨਿਕਲ ਗਿਆ। ਲਾਲਾ ਅਮੋਲਕ ਰਾਮ ਹੁਣ ਪਹਿਲੇ ਨੰਬਰ ਤੇ ਆਏ ਤੇ ਜਿਹੜੀ ਆਫੀਸਰ ਗਰੇਡ ਦੀ ਪੋਸਟ ਖਾਲੀ ਸੀ ਉਹਨਾਂ

ਨੂੰ ਮਿਲ ਗਈ। ਥੋੜ੍ਹੇ ਚਿਰ ਮਗਰੋਂ ਮੈਟ੍ਰਿਕ ਦਾ ਇਮਤਿਹਾਨ ਸ਼ੁਰੂ ਹੋ ਗਿਆ। ਨਤੀਜਾ ਨਿਕਲਣ ਤੇ Anglo Sanskrit High School Bhera ਦਾ ਨਤੀਜਾ ਬੜਾ ਚੰਗਾ ਨਿਕਲਿਆ। ਪ੍ਰਧਾਨ ਤੇ ਕਮੇਟੀ ਵਾਲੇ ਬੜੇ ਪ੍ਰਸੰਨ ਹੋਏ ਤੇ ਚਾਹੁੰਦੇ ਸਨ ਕਿ ਦਾਸ ਉੱਥੇ ਹੀ ਰਹੇ। ਦਾਸ ਦੇ ਹਿਰਦੇ ਵਿੱਚ ਤਾਂ ਵਿਦਿਅਕ ਕੰਮ ਲਈ ਸ਼ੁਰੂ ਤੋਂ ਹੀ ਬੜੀ ਲਗਨ ਸੀ। ਚਿੱਤ ਵਿੱਚ ਉਛਾਲਾ ਆਇਆ ਕਿ ਪ੍ਰੇਮੀਆਂ ਜੇ ਸਾਰੀ ਉਮਰ ਇਹ ਕੰਮ ਲਈ ਕਰਨਾ ਹੈਈ ਤਾਂ ਬੀ.ਟੀ. ਦੀ ਟਰੇਨਿੰਗ ਲੈ ਲਾ। ਮੈਂ ਲਾਹੌਰ ਪੁੱਜਾ ਤੇ ਟਰੇਨਿੰਗ ਕਾਲਜ ਦੇ ਪ੍ਰਿੰਸੀਪਲ ਮਿਸਟਰ ਨੌਲਟਨ ਨੂੰ ਮਿਲਿਆ। ਉਹ ਗੱਲਬਾਤ ਕਰਕੇ ਬੜਾ ਹੀ ਖੁਸ਼ ਹੋਇਆ ਅਤੇ ਆਖਿਆ, "Naranjan Singh you have all the qualities that go to make up a good teacher," ਮੈਂ ਬੜੀ ਖੁਸ਼ੀ ਨਾਲ ਤੁਹਾਨੂੰ ਦਾਖਲ ਕਰ ਲਵਾਂਗਾ। ਦਾਖਲੇ ਤੋਂ ਹਫਤਾ ਕੁ ਪਹਿਲਾਂ ਆਪਣਾ ਪਰਿਵਾਰ ਲੈ ਲਾਹੌਰ ਪੁੱਜਾ ਅਤੇ ਕਿਰਾਏ ਤੇ ਇੱਕ ਮਕਾਨ ਦਾ ਇੰਤਜ਼ਾਮ ਕਰ ਲਿਆ। ਹੁਣ ਖਰਚ ਦਾ ਇੰਤਜ਼ਾਮ ਕਰਨਾ ਸੀ। ਦਾਸ ਡਬਲਯੂ ਬੈੱਲ ਜਿਹੜੇ ਕਿ ਮੇਰੇ ਵਕਤ ਗੌਰਮਿੰਟ ਕਾਲਜ ਦੇ ਪ੍ਰਿੰਸੀਪਲ ਸਨ ਤੇ ਉਹਨਾਂ ਦਿਨਾਂ ਵਿੱਚ Director of  Public Instruction Punjab ਦੇ ਆਹੁੱਦੇ ਤੇ ਕੰਮ ਕਰ ਰਹੇ ਸਨ, ਦੀ ਕੋਠੀ ਗਿਆ। ਉਹ ਬੜੀ ਖੁਸ਼ੀ ਨਾਲ ਦਾਸ ਨੂੰ ਮਿਲੇ। ਥੋੜ੍ਹੀ ਗੱਲਬਾਤ ਦੇ ਮਗਰੋਂ ਦਾਸ ਨੇ ਸਾਰੀ ਵਿੱਥਿਆ ਆਖ ਸੁਣਾਈ। ਉਹਨਾਂ ਨੇ ਆਖਿਆ "ਨਰਿੰਜਨ ਸਿੰਘ ਫ਼ਿਕਰ ਨਾ ਕਰ ਮੈਂ ਤੇਰੇ ਪਾਸੋਂ ਪੰਜਾਬੀ ਪੜ੍ਹਿਆ ਕਰਾਂਗਾ ਤੇ ਤੇਰਾ ਖਰਚ ਪੂਰਾ ਕਰ ਦਿਆ ਕਰਾਂਗਾ। ਟਰੇਨਿੰਗ ਲੈਣ ਤੇ ਮੈਂ ਤੈਨੂੰ ਕਿਸੇ ਨਾ ਕਿਸੇ ਹਾਈ ਸਕੂਲ ਦਾ ਹੈਡਮਾਸਟਰ ਬਣਾ ਦਿਆਂਗਾ। ਦਾਖਲੇ ਦੀ ਮੁਕਰੱਰ ਤਾਰੀਖ ਤੇ ਮਿਸਟਰ ਨੌਲਟਨ ਸਾਰੇ ਵਿਦਿਆਰਥੀਆਂ ਨੂੰ ਕੱਲਾ ਕੱਲਾ ਮਿਲਦਾ ਤੇ ਇੰਟਰਵਿਊ ਦੇ ਮਗਰੋਂ ਕਿਸੇ ਨੂੰ ਦਾਖਲ ਕਰਦਾ ਤੇ ਕਿਸੇ ਨੂੰ ਜਵਾਬ ਦੇ ਦਿੰਦਾ। ਜਿਸ ਵੇਲੇ ਦਾਸ ਦੀ ਵਾਰੀ ਆਈ ਤਾਂ ਉਸ ਬੜੀ ਖੁਸ਼ੀ ਨਾਲ ਆਖਿਆ ਮੈਂ ਤੈਨੂੰ ਚੁਣ ਲਿਆ। ਆਪਣਾ ਧਰਮ ਸਮਝ ਕੇ ਮੈਂ ਮਿਸਟਰ ਨੌਲਟਨ ਨੂੰ ਪੰਜਾਬੀ ਪੜ੍ਹਾਉਣ ਦੀ ਗੱਲ ਸੁਣਾਈ। ਇਹ ਗੱਲ ਸੁਣ ਕੇ ਮਿਸਟਰ ਨੌਲਟਨ ਨੇ ਆਖਿਆ, "Mr. Naranjan Singh, I am very sorry the training college do not permit to take tuition work."

ਉਦਾਸ ਚਿੱਤ ਮੈਂ ਆਪਣੇ ਘਰ ਮੁੜ ਆਇਆ ਪਰ ਸਿਆਣਿਆਂ ਨੇ ਸੱਚ ਕਿਹਾ ਹੈ ਕਿ ਗਰੀਬਾਂ ਦਾ ਰੱਬ ਵਾਲੀ ਅਜੇ ਦੋ ਕੁ ਘੰਟੇ ਹੀ ਹੋਏ ਸਨ ਕਿ ਮੈਨੂੰ ਚਿੱਠੀ ਮਿਲੀ ਜਦ ਇਸ ਨੂੰ ਪੜ੍ਹਿਆ ਤਾਂ ਇਹ ਚਿੱਠੀ Deputy Commissioner Northern India Salt Revenue ਦੀ ਸੀ। ਉਸ ਲਿਖਿਆ ਕਿ ਮੈਂ ਲਾਹੌਰ ਤੋਂ ਫਲਾਣੇ ਵਕਤ ਗੱਡੀ ਤੇ ਲੰਘ ਰਿਹਾ ਹਾਂ। ਅਸੀਂ ਤੈਨੂੰ Salt Department ਦੇ Assistant Superintendent ਦੀ ਜਗ੍ਹਾ ਦੇਣਾ ਚਾਹੁੰਦੇ ਹਾਂ। ਤੂੰ ਮੈਨੂੰ ਮਿਲ ਕੇ ਦਸ ਕਿ ਕੀ ਤੈਨੂੰ ਇਹ ਮਨਜ਼ੂਰ ਹੈ। ਵਕਤ ਸਿਰ ਦਾਸ ਰੇਲਵੇ ਸਟੇਸ਼ਨ ਤੇ ਪੁੱਜਾ ਤੇ ਪੋਸਟ ਪ੍ਰਵਾਨ ਕਰ ਲਈ। ਉਸੇ ਵਕਤ ਡਿਪਟੀ ਕਮਿਸ਼ਨਰ ਨੇ appointment letter ਦੇ ਦਿੱਤਾ ਤੇ ਆਖਿਆ ਕਿ ਤੂੰ ਸਿੱਧਾ ਸਾਂਬਰ ਲੇਕ ਚਲਾ ਜਾ ਤੇ ਉੱਥੋਂ ਦੇ ਸੁਪਰਿਨਟੈਂਡੈਂਟ ਇੰਨਚਾਰਜ ਨੂੰ ਮਿਲ ਕੇ ਜਿਸ ਕੰਮ ਨੂੰ ਉਹ ਆਖੇ, ਸ਼ੁਰੂ ਕਰ ਦੇ। ਹੁਣ ਦਾਸ ਨੇ ਆਪਣੀ ਘਰਵਾਲੀ ਨੂੰ ਉਸ ਦੇ ਪੇਕੇ ਧਲੌੜ ਛੱਡ ਦਿੱਤਾ ਤੇ ਮਾਤਾ ਜੀ ਨੂੰ ਨਾਲ ਲੈ ਸਾਂਬਰ ਪੁੱਜਾ। ਉੱਥੇ ਪਹੁੰਚਦਿਆਂ ਹੀ Mr. Obrien ਦੀ ਕੋਠੀ ਗਿਆ ਤੇ ਆਪਣਾ appointment letter ਉਸ ਨੂੰ ਪੇਸ਼ ਕੀਤਾ। ਉਸੇ ਵੇਲੇ ਉਹਨੇ ਆਪਣਾ ਅਰਦਲੀ ਭੇਜ ਕੇ ਲੂਣ ਦੇ ਮਹਿਕਮੇ ਦਾ ਇੱਕ ਬੰਗਲਾ ਮੇਰੇ ਲਈ ਖਾਲੀ ਕਰਵਾ ਦਿੱਤਾ।

ਕੁਦਰਤ ਨੇ ਇਹ ਜਗ੍ਹਾ ਅਚਾਨਕ ਹੀ ਦਾਸ ਨੂੰ ਦਿਵਾ ਦਿੱਤੀ। ਲਾਲਾ ਅਮੋਲਕ ਰਾਮ ਨੂੰ ਪੰਚ ਭਦਰੇ ਪੋਸਟ ਕੀਤਾ ਗਿਆ। ਉੱਥੇ ਸੱਪ ਕੀੜਿਆਂ ਵਾਗੂੰ ਫਿਰਦੇ। ਇਹ ਗੱਲ ਦੇਖ ਉਹ ਅਸਤੀਫਾ ਦੇ ਕੇ ਚਲੇ ਆਏ। ਦੂਜੇ ਦਿਨ ਸਵੇਰੇ ਹੀ ਦਾਸ ਆਪਣੇ ਕੰਮ ਤੇ ਚਲਾ ਗਿਆ। ਚਾਰ ਕੁ ਦਿਨ ਮਗਰੋਂ ਜਿਹੜਾ

ਅਫਸਰ ਰਿਟਾਇਰ ਹੋ ਕੇ ਚਲਿਆ ਸੀ ਉਸ ਪਾਸੋਂ ਇੱਕ ਬੜਾ ਮਜ਼ਬੂਤ ਸੁੰਦਰ ਅਤੇ ਚੰਗੀ ਚਾਲ ਵਾਲਾ ਊਠ 250 ਰੁਪਏ ਤੇ ਖਰੀਦ ਲਿਆ। ਲੂਣ ਦੇ ਵਪਾਰੀ ਲੋਕ ਮਾਲ ਸਾਂਬਰ ਲੂਣ ਖਰੀਦਦੇ ਤੇ ਉਹਨਾਂ ਦੀ ਸੌ ਸੌ ਬੋਰੀਆਂ ਦੀ ਧਾਂਗ ਲੱਗੀ ਹੁੰਦੀ। ਅਫਸਰ ਦਾ ਇਹ ਕੰਮ ਸੀ ਕਿ ਉਹ ਬਾਰਾਂ ਕੁ ਬੋਰੀਆਂ ਥਾਂ ਥਾਂ ਤੋਂ ਚੁਣ ਕੇ ਤੋਲ ਲਵੇ ਤੇ ਇਸ ਤੋਲ ਦੀ ਔਸਤ ਕੱਢ ਕੇ ਸਾਰੀ ਧਾਂਗ ਦਾ ਵਜ਼ਨ ਗਿਣ ਲਵੇ। ਇਸ ਦੇ ਇਲਾਵਾ ਰਾਤ ਦੇ ਵਕਤ ਜਿਹੜੇ ਪਹਿਰੇਦਾਰ ਲੂਣ ਦੇ ਢੇਰਾਂ ਦੇ ਚਾਰੇ ਪਾਸੇ ਰਾਖੀ ਕਰਦੇ, ਵਕਤ ਬਦਲ ਬਦਲ ਕੇ ਅਫਸਰ ਪੜਤਾਲ ਰੱਖੇ ਤਾਂ ਕਿ ਸਿਪਾਹੀ ਆਪਣੇ ਪਹਿਰੇ ਤੇ ਚੌਕੰਨੇ ਰਹਿਣ (ਸਾਂਬਰ ਝੀਲ ਵਿੱਚ ਨਮਕ ਬਣਾਉਣ ਦਾ ਇਹ ਤਰੀਕਾ ਸੀ ਕਿ ਝੀਲ ਦੇ ਖਾਰੇ ਪਾਣੀ ਨੂੰ ਬੜੇ ਕਿਆਰਿਆਂ ਵਿੱਚ ਭਰ ਦਿੰਦੇ। ਸੂਰਜ ਦੀ ਗਰਮੀ ਨਾਲ ਹੌਲੀ-ਹੌਲੀ ਇਹ ਪਾਣੀ ਸੁੱਕ ਜਾਂਦਾ। ਜਦ ਪਾਣੀ ਦੀ Specific gravity ਖ਼ਾਸ ਦਰਜੇ ਤੇ ਪਹੁੰਚ ਜਾਂਦੀ, ਤਦ ਲੂਣ ਦੇ Crystal ਅਥਵਾ ਸੁੰਦਰ ਝੱਲੀਆਂ ਹੇਠ ਬੈਠ ਜਾਂਦੀਆਂ। ਥੋੜ੍ਹਾ ਚਿਰ ਹੋਰ ਮਗਰੋਂ ਸਾਰਾ ਪਾਣੀ ਸੁੱਕ ਜਾਂਦਾ ਤੇ ਖੁਸ਼ਕ ਲੂਣ ਰਹਿ ਜਾਂਦਾ। ਫਿਰ ਕੁੱਲੀ ਇਹਨੂੰ ਇਕੱਠਾ ਕਰ ਕੇ, ਇਸ ਲੂਣ ਦੇ ਉੱਚੇ-ਉੱਚੇ ਢੇਰ ਲਾ ਦਿੰਦੇ।) ਦਾਸ ਆਪਣਾ ਕੰਮ ਬੜੀ ਮਿਹਨਤ ਨਾਲ ਕਰਦਾ ਤੇ ਆਪਣੀ ਰਾਤ ਦੀ ਗਸ਼ਤ ਦੀ ਡਾਇਰੀ ਵਿੱਚ ਸਹੀ ਵਕਤ ਦਰਜ ਕਰਦਾ। ਸਾਂਬਰ ਹੀ ਦਾਸ ਦੇ ਚਿੱਤ ਵਿੱਚ ਖਿਆਲ ਆਇਆ ਕਿ ਤੇਰਾ ਜਨਮ ਕਰਤਾਰ ਨੇ ਸਿੱਖਾਂ ਦੇ ਘਰ ਦੇ ਦਿੱਤਾ ਹੈ ਤੂੰ ਗੁਰਮੁੱਖੀ ਸਿੱਖ ਲੈ। ਚਿੱਠੀ ਪਾ ਕੇ ਲਾਹੌਰ ਤੋਂ ਬਾਲ ਉਪਦੇਸ਼ ਮੰਗਵਾ ਲਿਆ ਤੇ ਸੱਤ ਦਿਨ ਵਿੱਚ ਪੂਰੀ ਲਗਨ ਨਾਲ ਮਿਹਨਤ ਕਰ ਕੇ ਗੁਰਮੁਖੀ ਪੜ੍ਹਨੀ ਸਿੱਖ ਲਈ। ਥੋੜ੍ਹੇ ਮਹੀਨਿਆਂ ਦੇ ਸਾਧਨ ਮਗਰੋਂ ਅੰਦਰੋਂ ਹੀ ਇਹ ਖਿਆਲ ਆਇਆ ਕਿ ਤੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛੋਟੀ ਬੀੜ ਮੰਗਵਾ ਕੇ ਗੁਰਬਾਣੀ ਪੜ੍ਹਿਆ ਕਰ। ਉਸੇ ਵੇਲੇ ਖੱਤ ਲਿਖ ਮੁਨਸ਼ੀ ਗੁਲਾਬ ਸਿੰਘ ਦੇ ਮੁਫੀਦ ਆਮ ਪ੍ਰੈਸ ਲਾਹੌਰ ਤੋਂ ਛੋਟੀ ਬੀੜ ਵੀ. ਪੀ. ਦੁਆਰਾ ਮੰਗਵਾ ਲਈ। ਦਾਸ ਅਜੇ ਕਿਸੇ ਮਰਿਯਾਦਾ ਵਿੱਚ ਨਹੀਂ ਸੀ ਆਇਆ। ਆਪਣੇ ਵੱਲੋਂ ਅਦਬ ਨਾਲ ਗੁਰੂ ਗ੍ਰੰਥ ਸਾਹਿਬ ਦੀ ਬੀੜ ਮੇਜ਼ ਤੇ ਰੱਖ ਕੁਰਸੀ ਤੇ ਬੈਠ ਕੇ ਪਾਠ ਕਰਦਾ। ਗੌਰਮਿੰਟ ਕਾਲਜ ਦੀ ਮਗਰਬੀ ਤਾਲੀਮ ਤੇ ਮਾਦਾ ਪ੍ਰਸਤੀ ਅਤੇ ਕੁਸੰਗਤ ਦੇ ਵਾਤਾਵਰਨ ਨੇ ਦਾਸ ਦੇ ਹਿਰਦੇ ਉੱਤੇ ਬੜਾ ਅਸਰ ਪਾਇਆ ਹੋਇਆ ਸੀ। ਏਥੋਂ ਤੀਕਰ ਕਿ ਜਦ ਆਪਣੇ ਮਾਦਾ ਪ੍ਰਸਤ ਸਾਥੀਆਂ ਨਾਲ ਸ਼ਾਲੀਮਾਰ ਬਾਗ ਪਿਕਨਿਕ ਤੇ ਜਾਂਦਾ ਤੇ ਇਸ਼ਨਾਨ ਕਰ ਨੰਗੇ ਸਿਰ ਖੁੱਲ੍ਹੇ ਕੇਸਾਂ ਤੇ ਕਿਸੇ ਸਾਥੀ ਦੀ Mat-hat ਸਿਰ ਧਰ ਲੈਂਦਾ ਤਾਂ ਸਾਥੀ ਬੜਾ ਹੱਸਦੇ ਤੇ ਖਿੱਲੀ ਪਾਉਂਦੇ। ਇੱਥੋਂ ਤੀਕਰ ਕੁਸੰਗਤ ਦਾ ਅਸਰ ਹੋਇਆ ਕਿ ਦਾਸ ਦੇ ਹਿਰਦੇ ਵਿੱਚ ਕੇਸ ਕਟਾਉਣ ਦੇ ਵੀ ਖਿਆਲ ਪੈਦਾ ਹੋ ਗਏ। ਪਰ ਮਾਤਾ ਜੀ ਦੇ ਪ੍ਰੇਮ ਨੇ ਇਹ ਗੱਲ ਨਾ ਕਰਨ ਦਿੱਤੀ। ਦੂਜੇ ਪਾਸੇ ਚਿੱਤ ਵਿੱਚ ਚੰਗੇ ਸੰਸਕਾਰ ਵੀ ਹੈ ਸਨ। ਇੱਕ ਰਾਤ ਲਾਲਾ ਯੋਗ ਧਿਆਨ ਤੇ ਹੋਰ ਸਾਥੀ ਮੈਨੂੰ ਲਾਹੌਰ North western Railway ਦੇ European ਤੇ Eurasian Staff ਦੇ moon light dance ਦੇਖਣ ਲਈ ਲੈ ਗਏ। ਬੜੀ ਸੁੰਦਰ ਖੁੱਲ੍ਹੀ ਹਰੇ ਘਾਹ ਦੀ ਲਾਨ ਸੀ ਅਤੇ ਮਰਦ-ਜ਼ਨਾਨੀਆਂ ਦੇ ਕਈ ਜੋੜੇ ਇੱਕ ਦੂਜੇ ਦੀ ਕਮਰ ਵਿੱਚ ਹੱਥ ਮੋਢੇ ਤੇ ਸਿਰ ਜੋੜ ਨੱਚ ਰਹੇ ਸਨ। ਪੰਦਰਾਂ ਵੀਹ ਮਿੰਟ ਤਾਂ ਦਾਸ ਨੇ ਦੇਖਿਆ, ਪਰ ਦਾਸ ਨੂੰ ਇਹ ਚੰਗੇ ਨਾ ਲੱਗੇ ਤੇ ਇੰਝ ਭਾਸਿਆ, ਜਿਵੇਂ ਟਿੱਡੇ-ਟਿੱਡੀਆਂ ਟੱਪ ਰਹੇ ਹਨ। ਦੂਰ ਜਾ ਕੇ ਘਾਹ 'ਤੇ ਲੰਮਾ ਪੈ ਗਿਆ ਤੇ ਆ ਕੇ ਸੌਂ ਗਿਆ। ਸਾਥੀ ਨਾਚ ਦੇਖਦੇ ਰਹੇ ਤੇ ਇਸ ਦੇ ਖਤਮ ਹੋਣ ਤੇ ਮੈਨੂੰ ਜਗਾ ਕੇ ਆਖਿਆ "ਯਾਰ ਤੂੰ ਕਿੱਥੇ ਆ ਕੇ ਸੌਂ ਗਿਆ ਹੈ ਤੇ ਏਨੇ ਅਨੰਦ ਦਾ ਰੰਗ ਨਾ ਮਾਣਿਆ।" ਦਾਸ ਨੇ ਹੱਸ ਕੇ ਆਖਿਆ ਕਿ ਭਰਾਓ ਡਾਹਡੀ ਨੀਂਦ ਆਈ ਸੀ, ਉਸ ਨੇ ਦਬਾ ਲਿਆ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਭਾਵੇਂ ਮੈਂ ਇੱਕ ਉੱਚ ਕੋਟੀ ਦੀ ਪੁਸਤਕ ਸਮਝ ਕੇ ਪੜ੍ਹਦਾ, ਪਰ ਗੁਰਬਾਣੀ ਹਿਰਦੇ ਤੇ ਆਪਣਾ ਪ੍ਰਭਾਵ ਪਾਣ ਲੱਗ ਪਈ।

ਸਾਂਬਰ ਹੀ ਦਾਸ ਨੂੰ ਆਪਣੀ ਇਸਤਰੀ ਦੇ ਪਿਤਾ ਵੱਲੋਂ ਧਲੌੜ ਤੋਂ ਇੱਕ ਕੇਸਰ ਦੇ ਛਿੱਟੇ ਪਾਈ ਚਿੱਠੀ ਆਈ ਕਿ ਤੁਹਾਡੇ ਘਰ ਗੁਰੂ ਨੇ ਜੇਠ ਦੀ ਪੂਰਨਮਾਸ਼ੀ ਵਾਲੇ ਦਿਨ ਪੁੱਤਰ ਬਖਸ਼ਿਆ ਹੈ ਤੇ ਇਸ ਦੇ ਦਾਦਾ ਜੀ ਨੇ ਇਸ ਦਾ ਨਾਂ ਕੁਲਦੀਪ ਸਿੰਘ ਰੱਖਿਆ ਹੈ। ਇਹ ਈਸਵੀ ੧੯●੨ ਦਾ ਸਾਲ ਸੀ।

ਗੌਰਮਿੰਟ ਕਾਲਜ ਦੇ ਬਾਕੀ ਜੀਵਨ ਦੇ ਤਜ਼ਰਬੇ ਤੋਂ ਦਾਸ ਨੇ ਇਹ ਤੱਤ ਕੱਢਿਆ ਹੈ ਕਿ ਮਗਰਬ਼ੀ ਮਾਦਾ ਪ੍ਰਸਤ ਵਿੱਦਿਆ ਇਨਸਾਨ ਦੇ ਧਾਰਮਿਕ ਜੀਵਨ ਵਾਸਤੇ ਕੱਚਾ ਸੰਖੀਆ ਹੈ, ਪਰ ਜੇ ਇਸ ਦੇ ਨਾਲ ਸਤਿਸੰਗ ਤੇ ਆਤਮਿਕ ਵਿਚਾਰ ਰੱਲ ਜਾਵੇ ਤਾਂ ਸੰਖੀਆ ਮਰ ਜਾਂਦਾ ਹੈ। ਕੱਚਾ ਸੰਖੀਆਂ ਜੀਵਨ ਲਈ ਜ਼ਹਿਰ ਕਾਤਲ ਹੈ ਤੇ ਮਾਰਿਆ ਹੋਇਆ ਸੰਖੀਆ ਇਸ ਨੂੰ ਤਾਕਤ ਦਿੰਦਾ ਹੈ। "**ਵਿਦਿਆ ਵੀਚਾਰੀ ਤਾਂ ਪਰਉਪਕਾਰੀ ॥**"

ਸਾਂਬਰ ਆਪਣੇ ਕੰਮ ਤੇ ਪੜ੍ਹਾਈ ਵਿੱਚ ਲੱਗਾ ਰਹਿੰਦਾ। ਆਪਣੇ ਅਫਸਰ ਨੂੰ ਕਦੀ ਕਦਾਈ ਮਿਲਣ ਜਾਂਦਾ। ਇੱਕ ਦਿਨ ਜਦ ਮਿਲਣ ਵਾਸਤੇ ਗਿਆ ਤਾਂ Mr. Obrien ਨੇ ਆਖਿਆ ਕਿ ਤੂੰ ਮੈਨੂੰ ਮਿਲਣ ਨਹੀਂ ਆਉਂਦਾ। ਦਾਸ ਨੇ ਉੱਤਰ ਦਿੱਤਾ, ਕੰਮ ਲੱਗਾ ਰਹਿੰਦਾ ਹਾਂ। ਜਦ ਮੌਕਾ ਮਿਲਦਾ ਹੈ ਤਾਂ ਮਿਲ ਜਾਂਦਾ ਹਾਂ। ਕੁਝ ਚਿਰ ਪਾ ਕੇ ਪਤਾ ਲੱਗਿਆ ਕਿ ਪ੍ਰੇਮੀ ਨੇ ਇਸ ਗੱਲ ਦਾ ਗੁੱਸਾ ਮਨਾਇਆ ਹੈ ਅਤੇ ਮੇਰੇ ਬਰਖਿਲਾਫ਼ ਰਿਪੋਰਟ ਕਰ ਦਿੱਤੀ।

ਅਜੇ ਸਾਂਬਰ ਆਇਆਂ ਕੋਈ ਸਾਲ ਤੋਂ ਘੱਟ ਹੀ ਹੋਇਆ ਸੀ ਕਿ ਪਿਤਾ ਜੀ ਚੜ੍ਹਾਈ ਕਰ ਗਏ। ਉਹਨਾਂ ਆਪਣੀ ਬਿਮਾਰੀ ਦੀ ਇਸ ਵਾਸਤੇ ਖਬਰ ਨਾ ਭੇਜੀ ਕਿ ਮੁੰਡਾ ਨਵਾਂ-ਨਵਾਂ ਨੌਕਰ ਹੋਇਆ ਹੈ, ਉਹਨੂੰ ਖੇਚਲ ਨਹੀਂ ਦੇਣੀ। ਜੀਵਨ ਦੇ ਪਿਛਲੇ ਦਿਨਾਂ ਵਿੱਚ ਪਿਤਾ ਜੀ ਦੀ ਬਿਰਤੀ ਬਦਲ ਗਈ ਸੀ। ਉਹ ਸਿੱਧਾ ਆਖਿਆ ਕਰਦੇ ਕਿ ਅਗਰ ਮੇਰਾ ਲੜਕਾ ਹੈ ਤਾਂ ਨਰਿੰਜਨ ਸਿੰਘ ਹੈ ਤੇ ਇਸਤਰੀ ਸਦਾ ਕੌਰ ਹੈ। ਇਹ ਚੁੜੇਲ ਮੈਨੂੰ ਐਵੇਂ ਚਿੰਬੜ ਗਈ ਹੈ। ਚੰਗਾ ਹੁੰਦਾ, ਮੈਂ ਡਾਕਟਰ ਨਾ ਹੁੰਦਾ, ਫਿਰ ਤਾਂ ਇਹ ਮੇਰੇ ਨੇੜੇ ਨਾ ਆਉਂਦੀ। ਚਲਾਣੇ ਦੇ ਵਕਤ ਉਹਨਾਂ ਦੇ ਮੁਖਾਰਬਿੰਦ ਤੇ ਜਪੁਜੀ ਦੀ ਇਹ ਤੁੱਕ ਸੀ "**ਜੋ ਤੁਧੁ ਭਾਵੈ ਸਾਈ ਭਲੀ ਕਾਰ ਤੂ ਸਦਾ ਸਲਾਮਤਿ ਨਿਰੰਕਾਰ ॥**" ਇਹ ਤੁੱਕ ਪੜ੍ਹ ਕੇ ਤੇ ਆਖ ਕੇ ਕਿ ਅਸੀਂ ਅੰਮ੍ਰਿਤਸਰ ਚੱਲ੍ਹੇ ਹਾਂ, ਸਾਡੇ ਪਿਤਾ ਜੀ ਵੀ ਉੱਥੇ ਹੀ ਹਨ। ਸਰੀਰ ਛੱਡ ਗਏ। ਚਲਾਣੇ ਤੋਂ ਪਹਿਲਾਂ ਨਾ ਪਹੁੰਚਣ ਦਾ ਮੇਰੇ ਮਤੇਰ ਭਰਾ ਲਛਮਣ ਸਿੰਘ ਨੇ ਨਾਜਾਇਜ਼ ਫਾਇਦਾ ਉਠਾਇਆ। ਜਾਹਲੀ ਵਸੀਅਤ ਬਣਾ ਲਈ ਤੇ ਜਿਹੜਾ ਘਰ ਵਿੱਚ ਸੋਨਾ ਆਦਿ ਸੀ ਉਹ ਸਾਰਾ ਆਪਣੇ ਨਾਂ ਕਰਵਾ ਲਿਆ। ਗੁਜਰਾਂਵਾਲੇ ਦੀ ਹਵੇਲੀ ਤਾਂ ਪਿਤਾ ਜੀ ਪਹਿਲਾਂ ਹੀ ਮਤੇਰ ਦੇ ਨਾਂ ਕਰਵਾ ਚੁੱਕੇ ਸਨ। ਕਈ ਪ੍ਰੇਮੀਆਂ ਨੇ ਆਖਿਆ ਕਿ ਤੁਸੀਂ ਜਾਹਲੀ ਵਸੀਅਤ ਤੁੜਾ ਸਕਦੇ ਹੋ। ਦਾਸ ਨੇ ਜਵਾਬ ਦਿੱਤਾ ਕਿ ਕਿਉਂ ਪਿਤਾ ਜੀ ਦਾ ਨਾਂ ਕਚਹਿਰੀਆਂ ਵਿੱਚ ਰੁਲਾਉਣਾ ਹੈ। ਕਰਤਾਰ ਸਾਨੂੰ ਆਪ ਦੇਵੇਗਾ। ਕੁਝ ਜੱਦੀ ਦੁਕਾਨਾਂ ਤੇ ਮਕਾਨ ਸਨ ਤੇ ਬਾਰਾਂ ਹਜ਼ਾਰ ਦਮੜਾ ਸ਼ਾਹੂਕਾਰਾਂ ਪਾਸ ਜਮਾਂ ਸੀ। ਉਹ ਅਸਾਂ ਘਰ ਹੀ ਬੈਠ ਕੇ ਆਪਸ ਵਿੱਚ ਵੰਡ ਲਿਆ। ਅਜੇ ਪਿਤਾ ਜੀ ਦਾ ਤੇਰਵਾਂ ਵੀ ਨਹੀਂ ਸੀ ਹੋਇਆ ਕਿ ਦਾਸ ਨੂੰ ਡਿਪਾਰਟਮੈਂਟਲ ਦੀ ਚਿੱਠੀ ਆ ਗਈ ਕਿ ਤੇਰੀ ਛੁੱਟੀ ਵਧ ਨਹੀਂ ਸਕਦੀ। ਤੂੰ ਡਿਪਾਰਟਮੈਂਟਲ ਇਮਤਿਹਾਨ ਵਿਚ ਜ਼ਰੂਰ ਹਾਜ਼ਰ ਹੋਣਾ ਹੈ। ਇਸ ਚਿੱਠੀ ਦਾ ਕਾਰਨ ਮਿਸਟਰ ਉਬਰਾਈਨ ਦੀ ਗੁਪਤ ਰਿਪੋਰਟ ਸੀ। ਇਮਤਿਹਾਨ ਵਿੱਚ ਸਿਰਫ ਤਿੰਨ ਮਹੀਨੇ ਰਹਿ ਗਏ ਸਨ। ਕਾਨੂੰਨ ਅਤੇ ਹੋਰ ਮਜ਼ਮੂਨਾਂ ਤੋਂ ਛੁੱਟ ਇਸ ਇਮਤਿਹਾਨ ਵਿੱਚ ਡਰਾਇੰਗ, Planning estimating ਅਤੇ Plan table Survey ਵੀ ਸਨ। ਇਹ ਦਾਸ ਨੂੰ ਉੱਕਾ ਹੀ ਨਹੀਂ ਆਉਂਦੇ ਸਨ। ਇਹ ਵੀ ਪਤਾ ਸੀ ਕਿ ਜੇ ਡਿਪਾਰਟਮੈਂਟਲ ਇਮਤਿਹਾਨ ਪਾਸ ਨਾ ਕੀਤਾ ਤਾਂ ਨੌਕਰੀ ਤੋਂ ਜਵਾਬ ਮਿਲ ਸਕਦਾ ਹੈ। ਉਸੇ ਵਕਤ ਮੈਨੂੰ

ਆਪਣਾ ਦੋਸਤ ਮੁਹੰਮਦ ਕਾਸਮ ਯਾਦ ਆਇਆ। ਇਹ ਇਹਨਾਂ ਦਿਨਾਂ ਵਿੱਚ ਟਾਮਸਨ ਇੰਜੀਨੀਅਰਿੰਗ ਕਾਲਜ ਰੁੜਕੀ ਵਿੱਚ ਪੜ੍ਹਦੇ ਸਨ। ਅੰਦਰੋਂ ਅਵਾਜ਼ ਆਈ ਕਿ ਤੂੰ ਆਪਣੇ ਮਿਤਰ ਪਾਸ ਚੱਲ ਤੇ ਡਰਾਇੰਗ ਆਦਿ ਉਹਦੇ ਪਾਸ ਚਲ ਕੇ ਸਿਖ। ਉਸੇ ਦਿਨ ਪਿਤਾ ਜੀ ਦਾ ਤੇਰਵਾਂ ਛੱਡ ਰੁੜਕੀ ਦੇ ਰਾਹ ਪਿਆ।

੧੯●੫ ਈਸਵੀ ਵਿੱਚ ਜਦੋਂ ਦਾਸ ਨੂੰ ਘਰ ਵਿਚੋਂ ਦੇਸ ਨਿਕਾਲਾ ਮਿਲਿਆ, ਭਾਈ ਕਾਸਮ ਗੁਜਰਾਂਵਾਲੇ ਤਾਰ ਬਾਬੂ ਸਨ। ਇਹਨਾਂ ਨਾਲ ਦਾਸ ਦਾ ਕੁਦਰਤੀ ਪ੍ਰੇਮ ਹੋ ਗਿਆ ਸੀ। ਕਾਲਜ ਦੀ ਪੜ੍ਹਾਈ ਲਈ ਜਿੰਨਾਂ ਉਹਨਾਂ ਪਾਸੋਂ ਹੋ ਸਕਿਆ, ਮੇਰੀ ਮਦਦ ਕਰਦੇ ਰਹੇ। ਇਹਨਾਂ ਦੇ ਅੰਦਰ ਸੇਵਾ ਕਰਨ ਦਾ ਕੁਦਰਤੀ ਸ਼ੌਕ ਸੀ। ਦਾਸ ਵੀ ਇਹਨਾਂ ਦੇ ਉਤਸ਼ਾਹ ਨੂੰ ਵਧਾਉਂਦਾ ਰਿਹਾ ਅਤੇ ਇਹਨਾਂ ਨੂੰ ਸਲਾਹ ਦਿੱਤੀ ਕਿ ਐਫ. ਏ. ਪਾਸ ਕਰਕੇ ਰੁੜਕੀ ਇੰਜਨੀਅਰਿੰਗ ਕਾਲਜ ਵਿੱਚ ਦਾਖਲੇ ਦੀ ਤਿਆਰੀ ਕਰੋ। ਮਿਹਨਤੀ ਤਾਂ ਇਹ ਅੱਗੇ ਹੀ ਸਨ। ਇਸ ਉਤਸ਼ਾਹ ਨੇ ਇਹਨਾਂ ਦਾ ਹੋਰ ਹੌਸਲਾ ਵਧਾਇਆ ਤੇ ਇਹਨਾਂ ਨੇ ਰੁੜਕੀ ਇੰਜਨੀਅਰਿੰਗ ਦੇ ਦਾਖਲੇ ਦਾ ਇਮਤਿਹਾਨ ਪਾਸ ਕਰ ਲਿਆ ਤੇ ਉੱਥੇ ਪੜ੍ਹਨ ਚਲੇ ਗਏ। ਇਸ ਵੇਲੇ ਦਾਸ ਲੂਣ ਦੇ ਮਹਿਕਮੇ ਵਿੱਚ ਨੌਕਰ ਹੋ ਚੁੱਕਾ ਸੀ, ਜੋ ਕੁਝ ਸਰਿਆ ਪੜ੍ਹਾਈ ਦੇ ਖਰਚ ਵਿੱਚ ਇਹਨਾਂ ਦਾ ਹੱਥ ਵਟਾਇਆ।

ਰੁੜਕੀ ਪਹੁੰਚਦਿਆਂ ਹੀ ਦਾਸ ਭਾਈ ਕਾਸਮ ਦੇ ਹੋਸਟਲ ਵਿੱਚ ਗਿਆ। ਉਹ ਮੇਰਾ ਨਾਂ ਸੁਣਦੇ ਹੀ ਖਿੜੇ ਮੱਥੇ ਬਾਂਹ ਪਸਾਰ ਮਿਲੇ ਤੇ ਮੈਨੂੰ ਜੱਫੀ ਵਿੱਚ ਲੈ ਲਿਆ। ਇਹਨਾਂ ਨਾਲ ਮੈਂ ਡਿਪਾਰਟਮੈਂਟਲ ਇਮਤਿਹਾਨ ਦਾ ਜ਼ਿਕਰ ਕੀਤਾ ਤਾਂ ਇਹਨਾਂ ਆਖਿਆ, "ਮਹਿਤਾ ਘਬਰਾ ਨਹੀਂ, ਮੈਂ ਤੈਨੂੰ ਇਹ ਸਭ ਕੰਮ ਸਿਖਾ ਦਿਆਂਗਾ।" ਬਸ ਹੁਣ ਦਾਸ ਪੜ੍ਹਾਈ ਵਿੱਚ ਜੁਟ ਗਿਆ ਅਤੇ ਮੁਕਰੱਰ ਤਾਰੀਖ ਤੋਂ ਦੋ ਦਿਨ ਪਹਿਲਾਂ ਆਗਰੇ ਪੁੱਜ ਗਿਆ। ਮਹਿਕਮੇ ਵੱਲੋਂ ਰਿਹਾਇਸ਼ ਦਾ ਪ੍ਰਬੰਧ ਸੀ। ਬੜੀ ਸ਼ਾਂਤੀ ਤੇ ਹੌਸਲੇ ਨਾਲ ਡੇਰਾ ਜਮਾ ਲਿਆ। ਪਹਿਲੇ ਦਿਨ ਕਾਨੂੰਨ ਦਾ ਪਰਚਾ ਸੀ। ਜਦ ਸਾਰੇ ਪਰਚੇ ਦਾ ਜਵਾਬ ਦੇ ਕੇ ਦਾਸ ਇਮਤਿਹਾਨ ਦੇ ਕਮਰੇ ਵਿੱਚੋਂ ਬਾਹਰ ਆ ਕੇ ਬੈਠਾ, ਅਜੇ ਪੰਦਰਾਂ ਕੁ ਮਿੰਟ ਹੀ ਹੋ ਹੋਏ ਸਨ ਕਿ ਇੱਕ ਅੰਗਰੇਜ਼ ਲੂਣ ਮਹਿਕਮੇ ਦਾ ਅਫ਼ਸਰ ਮੇਰੇ ਪਾਸ ਆ ਬੈਠਾ ਅਤੇ ਪ੍ਰਸੰਨਤਾ ਨਾਲ ਆਖਿਆ ਮਿਸਟਰ ਸਿੰਘ ਤੇਰਾ ਕਾਨੂੰਨ ਦਾ ਪਰਚਾ ਨਿਹਾਇਤ ਹੀ ਚੰਗਾ ਹੈ। ਮੈਂ ਪੜ੍ਹ ਕੇ ਬੜਾ ਹੀ ਖੁਸ਼ ਹੋਇਆ ਹਾਂ। ਆਪਣੇ ਸਰਲ ਸੁਭਾਅ ਵਿੱਚ ਦਾਸ ਨੇ ਆਖਿਆ ਕਿ ਕਾਨੂੰਨ ਦਾ ਪਰਚਾ ਤਾਂ ਚੰਗਾ ਹੋ ਗਿਆ ਹੈ ਪਰ ਮੈਨੂੰ Plan table Survey ਦੀ ਮਸ਼ਕ (Practice) ਥੋੜ੍ਹੀ ਹੈ। ਪ੍ਰੇਮੀ ਨੇ ਖਿੜੇ ਮੱਥੇ ਆਖਿਆ ਕਿ ਇਹ ਪਰਚਾ ਮੇਰੇ ਕੋਲ ਹੈ। ਮੈਂ ਤੁਹਾਨੂੰ ਸਾਰਿਆਂ ਇਮਤਿਹਾਨ ਦੇਣ ਵਾਲਿਆਂ ਨੂੰ ਆਪਣੀ ਕੋਠੀ ਸਦ ਕੇ ਇਸ ਪਰਚੇ ਦੇ ਇਮਤਿਹਾਨ ਤੋਂ ਦੋ ਤਿੰਨ ਦਿਨ ਪਹਿਲਾਂ Survey ਕਰਵਾਵਾਂਗਾ। ਇਸ ਅਫਸਰ ਦਾ ਨਾਮ F. M. Bukley ਸੀ ਅਤੇ ਇਹ Salt Department Agra Division ਦਾ Assistant Commissioner ਸੀ। ਇਮਤਿਹਾਨ ਬੜਾ ਤਸੱਲੀ ਬਖਸ਼ ਹੋ ਗਿਆ। ਨਤੀਜਾ ਨਿਕਲਣ ਤੇ ਸਿਰਫ਼ ਦਾਸ ਜੀ ਪਾਸ ਹੋਇਆ, ਨੌਕਰੀ ਤੋਂ ਨਿਕਲਣ ਤੋਂ ਤਾਂ ਬੱਚ ਗਿਆ ਪਰ ਮੇਰੀ ਤਬਦੀਲੀ ਸਾਂਬਰ ਤੋਂ ਪੰਚ ਭਦਰੇ ਸੱਪਾਂ ਵਾਲੀ ਧਰਤੀ ਹੋ ਗਈ। ਇਥੇ ਸੱਪ ਦਿਨ ਰਾਤ ਖੁੱਲੇ ਟੁਰਦੇ ਫਿਰਦੇ। ਰਾਤ ਵੀ ਕੋਠੀ ਦੇ ਅੰਦਰ ਸੌਣਾ ਪੈਂਦਾ, ਰੇਤਲਾ ਮੁਲਕ ਹੋਣ ਕਰਕੇ ਰਾਤਾਂ ਠੰਡੀਆਂ ਹੋ ਜਾਂਦੀਆਂ ਤੇ ਜਾਲੀ ਦੇ ਦਰਵਾਜਿਆਂ ਵਿੱਚੋਂ ਦੀ ਠੰਡੀ ਹਵਾ ਆਉਂਦੀ ਰਹਿੰਦੀ। ਪਾਣੀ ਵੀ ਨੌਂ ਦਸ ਮੀਲ ਤੋਂ ਸਤਵੇਂ ਦਿਨ ਖਾਲ ਵਿੱਚ ਆਉਂਦਾ। ਇਹਨੂੰ ਮੱਟਾਂ ਵਿੱਚ ਭਰ ਛੱਡਦੇ ਤੇ ਸਾਰਾ ਹਫ਼ਤਾ ਵਰਤਦੇ ਰਹਿੰਦੇ। ਏਥੇ ਕੁਝ ਚਿਰ ਮਗਰੋਂ ਦਾਸ ਨੇ ਆਪਣੇ ਘਰ ਵਾਲੀ ਮੰਗਵਾ ਲਈ। ਕਾਕਾ ਕੁਲਦੀਪ ਸਿੰਘ ਬੜਾ ਬਲੀ ਤੇ ਉਸਦੀ ਮਾਤਾ ਬੜੀ ਕਮਜ਼ੋਰ ਸੀ। ਪੁੱਛਣ ਤੇ ਪੱਤਾ ਲੱਗਿਆ ਇਸ ਕਾਕੇ ਦੇ ਜਨਮ ਵੇਲੇ ਇਸਦੀ ਮਾਤਾ ਨੂੰ ਬੜੀ ਹੀ ਤਕਲੀਫ ਹੋਈ। ਕਈ ਵਾਰੀ ਗਸ਼ ਆਏ ਤੇ ਮਸਾਂ ਹੀ ਮਰਨ ਤੋਂ ਬਚੀ।

ਕੰਮ ਸਾਂਬਰ ਵਾਲਾ ਹੀ ਸੀ। ਪਰ ਜਿੱਥੇ ਪੰਚ ਭਦਰੇ ਦੇ ਸਾਰੇ ਘਾਟੇ ਸਨ, ਏਥੋਂ ਦੇ ਵੱਡੇ ਅਫ਼ਸਰ ਦੇ ਸੁਭਾਅ ਨੇ ਪੂਰੇ ਕਰ ਦਿੱਤੇ। ਇਹ ਬੜਾ ਫਰਜ਼ ਸ਼ਨਾਸ਼, ਮਿਲਣਸਾਰ ਤੇ ਖੁਸ਼ਦਿਲ ਆਦਮੀ ਸੀ। ਇਸ ਦੀ ਇਸਤਰੀ ਤੇ ਜਵਾਨ ਬੱਚੀਆਂ ਵੀ ਬੜੀਆਂ ਪ੍ਰੇਮਣਾਂ ਸਨ। ਇਹ ਦਾਸ ਨੂੰ ਖਿੜੇ ਮੱਥੇ ਮਿਲਦੀਆਂ ਤੇ ਇਹਨਾਂ ਦੇ ਕਹਿਣ ਤੇ ਦਾਸ ਰੋਜ਼ ਇਹਨਾਂ ਦੀ ਕੋਠੀ ਟੈਨਿਸ ਖੇਡਣ ਜਾਂਦਾ। ਮੇਰੇ ਕੰਮ ਤੇ ਇੰਨਾ ਖੁਸ਼ ਹੋਇਆ ਕਿ ਉਸ ਨੇ ਇੱਕ Confidential Report ਭੇਜ ਦਿੱਤੀ। ਮੈਂ ਅੱਜ ਤੱਕ ਇਹੋ ਜਿਹਾ ਫਰਜ਼ ਦਾ ਪਾਬੰਦ ਅਫਸਰ ਨਹੀਂ ਵੇਖਿਆ। ਇਸ ਰਿਪੋਰਟ ਨੇ ਸਾਂਬਰ ਵਾਲੀ ਰਿਪੋਰਟ ਨੂੰ ਕੈਂਸਲ ਕਰ ਦਿੱਤਾ ਤੇ ਦਾਸ ਦੀ ਤਬਦੀਲੀ ਬੜੀ ਛੇਤੀ ਰਾਜਨਪੁਰ ਜ਼ਿਲ੍ਹਾ ਗਾਜ਼ੀ ਖਾਂ ਹੋ ਗਈ। ਰਾਜਨਪੁਰ ਹਰ ਵਕਤ ਬਹੁਤਾ ਕੰਮ ਦੌਰੇ ਦਾ ਸੀ। ਮਿਸਟਰ Nanu ਪਾਸੋਂ ਜੋ ਛੇਤੀ ਪੈਨਸ਼ਨ ਜਾ ਰਿਹਾ ਸੀ, ਇੱਕ ਸਫੈਦ ਘੋੜੀ ੨੫● ਰੁਪਏ ਤੋਂ ਰਿਆਇਤੀ ਮਿਲ ਗਈ। ਸਾਡੇ ਮਹਿਕਮੇ ਦੇ ਅਫ਼ਸਰ ਨੂੰ ਘੋੜੀ ਆਦਿ ਤੇ ਸਾਰਾ ਸਮਾਨ ਲੈ ਜਾਣ ਦਾ ਮਹਿਕਮੇ ਵਲੋਂ ਕਿਰਾਇਆ ਮਿਲਦਾ। ਇਸ ਘੋੜੀ ਨੂੰ ਦਾਸ ਰਾਜਨਪੁਰ ਲੈ ਗਿਆ।

ਇਸ ਦੇਸ ਵਿੱਚ ਲੂਣੀ ਅਫ਼ਸਰ ਦੀ ਬਹੁਤ ਕਦਰ ਸੀ ਤੇ ਇਸ ਨੂੰ ਲੂਣੀ ਸਾਹਿਬ ਕਹਿ ਕੇ ਪੁਕਾਰਦੇ ਸਨ ਤੇ ਇਸ ਦੀ ਅਰਦਲ ਵਿੱਚ ਹਮੇਸ਼ਾਂ ਅੱਠ ਦਸ ਸਿਪਾਹੀ ਦੌਰੇ ਵਿੱਚ ਰਹਿੰਦੇ। ਤੰਬੂ ਆਦਿ ਨਾਲ ਊਠਾਂ ਤੇ ਲੱਦੇ ਹੋਏ ਰਹਿੰਦੇ। ਜਿੱਥੇ ਮੁਕਾਮ ਹੁੰਦਾ ਕੈਂਪ ਲੱਗ ਜਾਂਦੇ। ਇਸ ਇਲਾਕੇ ਵਿੱਚ ਸ਼ੋਰ ਧਰਤੀ ਤੇ ਲੂਣ ਉਭਰਿਆ ਰਹਿੰਦਾ। ਪ੍ਰੇਮੀ ਚੋਰੀ ਕੱਠਾ ਕਰ ਕੇ ਲੂਣ ਤਿਆਰ ਕਰਕੇ ਵੇਚਦੇ ਰਹਿੰਦੇ। ਮਹਿਕਮੇ ਦਾ ਕੰਮ ਇਹਨਾਂ ਨੂੰ ਰੋਕਣਾ, ਪਕੜਨਾ ਤੇ ਚਲਾਣ ਕਰਕੇ ਸਜ਼ਾਵਾਂ ਦਿਵਾਣਾ ਸੀ। ਜਿਹੜਾ ਕੋਈ ਗਰੀਬ ਥੋੜ੍ਹਾ ਬਹੁਤ ਖਾਣ ਵਾਸਤੇ ਬਣਾ ਲੈਂਦਾ, ਉਸ ਨੂੰ ਦਰ ਗੁਜ਼ਰ (ignore) ਕੀਤਾ ਜਾਂਦਾ।

ਰਹੁਜਾਣ ਇਸ ਇਲਾਕੇ ਵਿੱਚ ਸੀ। ਇੱਥੋਂ ਦਾ ਨਵਾਬ ਲੂਣ ਦੇ ਅਫ਼ਸਰਾਂ ਦੀ ਬੜੀ ਖ਼ਾਤਰ ਤਵੱਜੋ ਕਰਦਾ ਤੇ ਸਦਾ ਹੀ ਮਿਲ ਕੇ ਰਹਿੰਦਾ। ਦਾਸ ਨੇ ਆਪਣੇ ਸੁਭਾਅ ਅਨੁਸਾਰ ਏਥੇ ਵੀ ਪੂਰੇ ਜ਼ੋਰ ਅਤੇ ਮਿਹਨਤ ਨਾਲ ਕੰਮ ਕੀਤਾ ਤੇ ਬਹੁਤ ਸਾਰੇ ਚੋਰੀ ਨਮਕ ਬਣਾਉਣ ਵਾਲਿਆਂ ਨੂੰ ਸਜ਼ਾ ਵੀ ਦਿਵਾਈ। ਪਰ ਚਿੱਤ ਵਿੱਚ ਸਦਾ ਹੀ ਇਹ ਖਿਆਲ ਆਉਂਦਾ ਕਿ ਪ੍ਰਮਾਤਮਾ ਨੇ ਆਪਣੇ ਜੀਵਾਂ ਲਈ ਖੁੱਲ੍ਹਾ ਲੂਣ ਬਖਸ਼ਿਆ ਹੈ। ਤੂੰ ਐਵੈਂ ਹੀ ਇਹਨਾਂ ਨੂੰ ਕੈਦ ਕਰਵਾ ਕੇ ਦੁੱਖੀ ਕਰਦਾ ਹੈਂ। ਚੱਲ ਕੋਈ ਹੋਰ ਕੰਮ ਕਰ ਲੈ। ਵਿਦਿਆ ਦੇ ਮਹਿਕਮੇ ਲਈ ਦਿਲੀ ਖਿੱਚ ਸੀ। ਦਾਸ ਨੇ ਸਰਦਾਰ ਸੁੰਦਰ ਸਿੰਘ ਮਜੀਠੀਆ ਸੈਕਟਰੀ ਖ਼ਾਲਸਾ ਕਾਲਜ ਅੰਮ੍ਰਿਤਸਰ ਨੂੰ ਲਿਖਿਆ ਕਿ ਅਗਰ ਕੋਈ ਐਮ. ਏ. ਐਲ. ਐਲ. ਬੀ. ਤੁਹਾਡੇ ਕੋਲ ਆਉਣਾ ਚਾਹੇ ਤਾਂ ਕੀ ਤੁਸੀਂ ਲੈ ਲਓਗੇ। ਮੁੜਦੀ ਡਾਕੇ ਉਹਨਾਂ ਦਾ ਜਵਾਬ ਆਇਆ ਕਿ ਕੀ ਉਹ ਐਮ. ਏ. ਐਲ. ਐਲ. ਬੀ. ਤੂੰ ਤਾਂ ਨਹੀਂ। ਇਸ ਚਿੱਠੀ ਦਾ ਦਾਸ ਵੱਲੋਂ ਜਵਾਬ ਜਾਣ ਤੇ ਤਾਰ ਆ ਗਈ ਕਿ ਅਸੀਂ ਤੈਨੂੰ ਖ਼ਾਲਸਾ ਕਾਲਜ ਦਾ ਵਾਈਸ ਪ੍ਰਿੰਸੀਪਲ ਮੁਕੱਰਰ ਕੀਤਾ ਤੂੰ ਫੋਰਨ ਆ ਜਾ।

ਇਹਨਾਂ ਦਿਨਾਂ ਵਿੱਚ ਕੁਝ ਪ੍ਰੇਮੀਆਂ ਨੇ ਦਾਸ ਦੇ ਬਰਖਿਲਾਫ਼ ਕੁਝ ਰਿਪੋਰਟ ਵੀ ਕੀਤੀ ਕਿ ਇਹ ਆਪਣਾ ਟੀ. ਏ. ਓਵਰ ਚਾਰਜ ਕਰਦਾ ਹੈ। ਦਾਸ ਨੂੰ ਇਸ ਗੱਲ ਦਾ ਬੜਾ ਫ਼ਿਕਰ ਹੋ ਗਿਆ। ਗੱਲ ਤਾਂ ਭਾਵੇਂ ਝੂਠੀ ਸੀ ਪਰ ਰਿਪੋਰਟ ਚੂੰਕਿ ਬੜੀ ਟੇਡੀ ਸੀ ਮੈਥੋਂ ਵੀ ਇੱਕ ਝੂਠੀ ਕਾਰਵਾਈ ਹੋ ਗਈ। ਪਰ ਇਸ ਝੂਠ ਦੀ ਦਾਸ ਦੇ ਹਿਰਦੇ ਨੂੰ ਏਨੀ ਤਕਲੀਫ ਹੋਈ, ਜਿੰਨੀ ਕਿ Macbeth ਨੂੰ Wimken ਦੇ ਮਾਰਨ ਦੀ ਹੋਈ ਸੀ। ਇਹ ਤਕਲੀਫ ਤਾਂ ਬੇਹੱਦ ਹੋਈ ਪਰ ਇਸ ਨੇ ਦਾਸ ਕੋਲੋਂ ਕੰਨਾਂ ਨੂੰ ਹੱਥ ਲਗਵਾ ਦਿੱਤੇ ਕਿ ਭਾਵੇਂ ਕੁਝ ਵੀ ਹੋਵੇ, ਕਦੀ ਝੂਠ ਨਹੀਂ ਬੋਲਣਾ।

ਰਾਜਨਪੁਰ, ਆਗਰਾ ਡਵੀਜ਼ਨ ਵਿੱਚ ਸੀ। ਅਸਿਸਟੈਂਟ ਕਮਿਸ਼ਨਰ Mr. F. M. Bukley ਦੌਰੇ ਤੇ ਆਏ ਹੋਏ ਸਨ। ਹੋਰ ਕੰਮ ਤੋ ਛੁੱਟ ਇਹਨਾਂ ਨੇ ਮੇਰੇ ਬਰਖਿਲਾਫ਼ ਜੋ ਰਿਪੋਰਟ ਹੋਈ ਸੀ ਉਸ ਦੀ ਛਾਣ-

ਬੀਨ ਕੀਤੀ ਅਤੇ ਨਤੀਜਾ ਕੱਢਿਆ ਕਿ ਮੈਂ ਜੋ ਟੀ. ਏ. ਚਾਰਜ਼ ਕੀਤਾ ਹੈ, ਉਹ ਨਿਯਮਾਂ ਅਨੁਸਾਰ ਹੈ। ਇਸ ਇੰਨਕੁਆਰੀ ਦੇ ਮੁੱਕਣ ਦੇ ਮਗਰੋਂ ਮੈਂ ਬਕਲੇ ਸਾਹਿਬ ਨਾਲ ਖ਼ਾਲਸਾ ਕਾਲਜ ਦੇ ਚਿੱਠੀ ਪੱਤਰ ਦਾ ਜ਼ਿਕਰ ਕੀਤਾ। ਸਾਰੀ ਗੱਲ ਸੁਣ ਕੇ ਉਸ ਨੇ ਬੜੇ ਪ੍ਰੇਮ ਤੇ ਉਤਸ਼ਾਹ ਵਿੱਚ ਆਖਿਆ ਕਿ ਮੈਨੂੰ ਇੱਕ ਵਾਰੀ ਮਿਸ਼ਨਰੀ ਬਨਣ ਦਾ ਮੌਕਾ ਮਿਲਿਆ ਸੀ। ਪਰ ਉਹ ਗਵਾ ਦਿੱਤਾ। ਉਂਝ ਭਾਵੇਂ ਨੇਕ ਆਦਮੀ ਹਰ ਜਗ੍ਹਾ ਭਲਾ ਕਰ ਸਕਦਾ ਹੈ ਪਰ ਤੂੰ ਜੇ ਇੱਕ ਲੜਕੇ ਦਾ ਹੀ ਜੀਵਨ ਸੁਧਾਰ ਦਿੱਤਾ ਤਾਂ ਤੂੰ ਆਪਣੇ ਇਨਸਾਨ ਹੋਣ ਦਾ ਅਸਲੀ ਲਾਹਾ ਖੱਟ ਸਕਦਾ ਹੈਂ। ਮੈਂ ਤੈਨੂੰ ਇੱਕ ਸਾਲ ਦੀ ਛੁੱਟੀ ਬਗੈਰ ਤਨਖਾਹ ਤੋਂ ਲੈ ਦੇਂਦਾ ਹਾਂ। ਜੇ ਤੇਰਾ ਚਿੱਤ ਖ਼ਾਲਸਾ ਕਾਲਜ ਵਿੱਚ ਲੱਗ ਜਾਏ ਤਾਂ ਉੱਥੇ ਹੀ ਰਹੀਂ, ਨਹੀਂ ਤੇ ਆਪਣੀ ਨੌਕਰੀ ਤੇ ਫੇਰ ਮੁੜ ਆਵੀਂ। ਉਸੇ ਵੇਲੇ ਅਰਜ਼ੀ ਲਿਖ ਮਿਸਟਰ ਬਕਲੇ ਦੇ ਹੱਥ ਫੜ੍ਹਾਈ। ਥੋੜ੍ਹੇ ਦਿਨਾਂ ਮਗਰੋਂ ਛੁੱਟੀ ਮਨਜ਼ੂਰ ਹੋ ਗਈ ਤੇ ਮੈਥੋਂ ਚਾਰਜ ਲੈਣ ਵਾਲਾ ਅਫ਼ਸਰ ਵੀ ਪਹੁੰਚ ਗਿਆ।

# ਕਾਂਡ ੩

**ਸਲੋਕ ਮਃ ੧ ॥**

**ਗਿਆਨ ਵਿਹੂਣਾ ਗਾਵੈ ਗੀਤ ॥ ਭੁਖੇ ਮੁਲਾਂ ਘਰੇ ਮਸੀਤਿ ॥**
**ਮਖਟੂ ਹੋਇ ਕੈ ਕੰਨ ਪੜਾਏ ॥ ਫਕਰੁ ਕਰੇ ਹੋਰੁ ਜਾਤਿ ਗਵਾਏ ॥**
**ਗੁਰੁ ਪੀਰੁ ਸਦਾਏ ਮੰਗਣ ਜਾਇ ॥ ਤਾ ਕੈ ਮੂਲਿ ਨ ਲਗੀਐ ਪਾਇ ॥**
**ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ ॥੧॥** (੧੨੪੫)

## ਵਿੱਦਿਆ ਦਾਨ ਅਤੇ ਸੇਵਾ ਭਾਵ

ਵਰ੍ਹੇ ਦੀ ਛੁੱਟੀ ਮਿਲ ਗਈ ਅਤੇ ਦਾਸ ਖ਼ਾਲਸਾ ਕਾਲਜ ਆਉਣ ਲਈ ਤਿਆਰ ਹੋ ਗਿਆ। ਜਿਸ ਦਿਨ ਅੰਮ੍ਰਿਤ ਵੇਲੇ ਟੁਰਨਾ ਸੀ, ਇਸ਼ਨਾਨ ਕਰਨ ਮਗਰੋਂ ਖ਼ਿਆਲ ਆਇਆ ਕਿ ਤੂੰ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਨੂੰ ਨਮਸਕਾਰ ਨਹੀਂ ਕਰਦਾ, ਉੱਥੇ ਜਾ ਕੇ ਕੀ ਕਰੇਂਗਾ? ਅੰਦਰੋਂ ਹੀ ਜਵਾਬ ਮਿਲਿਆ ਕਿ ਤੂੰ ਪਹਿਲਾਂ ਜਾਗ ਕੇ ਗੁਰਦੁਆਰੇ ਚਲਾ ਜਾਇਆ ਕਰੀਂ। ਫੇਰ ਮਨ ਨੇ ਪ੍ਰਸ਼ਨ ਕੀਤਾ ਕਿ ਗ੍ਰੰਥੀ ਸਿੰਘ ਜੀ ਤਾਂ ਦੇਖ ਲਵੇਗਾ ਕਿ ਤੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਨਹੀਂ ਟੇਕਦਾ। ਉਹ ਸਾਰੇ ਮੁੰਡਿਆਂ-ਭੁਝੰਗੀਆਂ ਨੂੰ ਦੱਸ ਦੇਵੇਗਾ ਅਤੇ ਤੇਰੇ ਵਾਸਤੇ ਸਿੱਖਾਂ ਵਿੱਚ ਸੇਵਾ ਅਤੇ ਕੁਰਬਾਨੀ ਦੀ ਲਹਿਰ ਚਲਾਉਣੀ ਮੁਸ਼ਕਲ ਹੋ ਜਾਵੇਗੀ। ਮਨ ਵਿੱਚ ਹੀ ਅਵਾਜ਼ ਆਈ ਕਿ ਤੂੰ ਕਿਹੜਾ ਲਾਲਚ ਦੇ ਖ਼ਿਆਲ ਨਾਲ ਕਾਲਜ ਚੱਲਿਆ ਹੈਂ, ਤੇਰਾ ਆਦਰਸ਼ ਸੇਵਾ ਹੈ। ਜਿਸ ਹੱਠ ਨਾਲ ਸੇਵਾ ਵਿੱਚ ਵਿਘਨ ਪਵੇ, ਉਹ ਮਨ-ਹਠ ਛੱਡ ਦੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਮਸਕਾਰ ਕਰ ਦਿਆ ਕਰੀਂ।

ਇਹ ਮਨ ਦਾ ਮੋਰਚਾ ਤਾਂ ਮਨ ਨੇ ਆਪ ਹੀ ਜਿੱਤ ਲਿਆ ਅਤੇ ਮਨ ਦੇ ਪ੍ਰੇਮ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਣ ਦਾ ਫੈਸਲਾ ਕਰਵਾ ਦਿੱਤਾ।

1904 ਈਸਵੀ ਵਿੱਚ ਰਾਜਨਪੁਰ ਤੋਂ ਦਾਸ ਸਿੱਧਾ ਅੰਮ੍ਰਿਤਸਰ ਸਾਹਿਬ ਸ: ਸੁੰਦਰ ਸਿੰਘ ਜੀ ਮਜੀਠੀਏ ਦੀ ਕੋਠੀ ਪੁੱਜਾ ਅਤੇ ਏਥੇ ਇੱਕ ਸ਼ਾਮ ਅਤੇ ਸਵੇਰ ਸਤਿਸੰਗ ਦਾ ਅਨੰਦ ਲਿਆ। ਸੱਤ ਵਜੇ ਸਰਦਾਰ ਸਾਹਿਬ ਦਾਸ ਨੂੰ ਖ਼ਾਲਸਾ ਕਾਲਜ ਛੱਡ ਆਏ ਅਤੇ ਵਾਈਸ ਪ੍ਰਿੰਸੀਪਲ ਦਾ ਚਾਰਜ਼ ਦਿਵਾ ਦਿੱਤਾ। ਵਿੱਦਿਆ ਪੜ੍ਹਾਉਣ ਦਾ ਤਾਂ ਦਾਸ ਨੂੰ ਅੱਗੇ ਹੀ ਚਾਉ ਸੀ, ਹੁਣ ਇਸ ਦੇ ਨਾਲ-ਨਾਲ ਭੁਝੰਗੀਆਂ ਦੇ ਨਾਲ ਪ੍ਰੇਮ, ਮਿਲਾਪ ਅਤੇ ਗੁਰਦੁਆਰੇ ਸਾਹਿਬ ਦੋ ਵਕਤ ਕੀਰਤਨ ਵਿੱਚ ਹਾਜ਼ਰ ਹੋਣ ਦੀ ਲਹਿਰ ਚੱਲ ਪਈ। ਥੋੜ੍ਹੇ ਚਿਰ ਮਗਰੋਂ ਹੀ ਗ਼ਰੀਬ ਵਿਦਿਆਰਥੀਆਂ ਅਤੇ ਨੇੜੇ ਦੇ ਪਿੰਡਾਂ ਦੇ ਦੁਖੀ ਲੋੜਵੰਦਾਂ ਦੀ ਸੇਵਾ ਵੀ ਗੁਰੂ ਨਾਨਕ ਕਲੱਬ ਦੁਆਰਾ ਅਰੰਭ ਹੋ ਗਈ, ਜੋ ਦਾਸ ਨੇ ਇਸੇ ਖ਼ਿਆਲ ਨਾਲ ਵਿਦਿਆਰਥੀਆਂ ਦੀ ਮੀਟਿੰਗ ਬੁਲਾ ਕੇ ਕਾਇਮ ਕੀਤੀ।

ਸਰਬ ਸੰਮਤੀ ਨਾਲ ਇਹ ਫੈਸਲਾ ਕੀਤਾ ਕਿ ਗੁਰੂ ਨਾਨਕ ਕਲੱਬ ਦਾ ਹਰ ਇੱਕ ਵਿਦਿਆਰਥੀ ਆਪਣੀ ਜੇਬ ਖਰਚ ਵਿੱਚੋਂ ਦੋ ਆਨੇ ਮਹੀਨੇ ਦੇ ਇਸ ਫੰਡ ਵਿੱਚ ਦਿਆ ਕਰੇ। ਇਸ ਵਿੱਚੋਂ ਗ਼ਰੀਬ ਵਿਦਿਆਰਥੀਆਂ ਦੀਆਂ ਲੋੜਾਂ ਅਨੁਸਾਰ ਉਹਨਾਂ ਦੀ ਸਹਾਇਤਾ ਕੀਤੀ ਜਾਵੇ, ਨਾਲ ਹੀ ਇਸ ਫੰਡ ਵਿੱਚੋਂ

ਕੁਝ ਦਵਾਈਆਂ ਖਰੀਦੀਆਂ ਜਾਣ ਅਤੇ ਨਾਲ ਦੇ ਪਿੰਡਾਂ ਵਿੱਚ ਬਿਮਾਰਾਂ ਦੀ ਸੇਵਾ ਕੀਤੀ ਜਾਵੇ। ਹਰ ਐਤਵਾਰ ਵਾਰੀ-ਵਾਰੀ ਸੱਤ-ਅੱਠ ਭੁਝੰਗੀ ਨਾਲ ਲੈ ਕੇ ਨੇੜੇ ਦੇ ਪਿੰਡਾਂ ਵਿੱਚ ਸਵੇਰੇ ਫੇਰੀ ਲਾਈ ਜਾਂਦੀ ਅਤੇ ਦੁਖੀਆਂ ਦਾ ਦਰਦ ਵੰਡਾਇਆ ਜਾਂਦਾ।

ਵਿਦਿਆਰਥੀਆਂ ਵਿੱਚ ਅਜ਼ਾਦੀ ਅਤੇ ਹੋਰ ਉੱਚੇ ਖ਼ਿਆਲ ਭਰਨ ਵਾਸਤੇ ਐਤਵਾਰ ਵਾਲੇ ਦਿਨ, ਦੁਪਹਿਰ ਵੇਲੇ ਛੇ-ਸੱਤ ਭੁਝੰਗੀਆਂ ਨੂੰ ਆਪਣੇ ਘਰ ਪ੍ਰਸ਼ਾਦਾ ਵਰਤਾਇਆ ਜਾਂਦਾ। ਪ੍ਰਸ਼ਾਦਾ ਛੱਕਣ ਦੇ ਮਗਰੋਂ ਅੱਧਾ ਘੰਟਾ ਖੁੱਲ੍ਹੇ ਬਚਨ-ਬਿਲਾਸ ਹੁੰਦੇ ਅਤੇ ਪਰਸਪਰ ਵਿਚਾਰ ਕੀਤੀ ਜਾਂਦੀ। ਕਾਲਜ ਦੇ ਹੋਸਟਲ ਵਿੱਚ ਇਸ ਵੇਲੇ ਸੌ ਦੇ ਕਰੀਬ ਵਿਦਿਆਰਥੀ ਸਨ, ਥੋੜ੍ਹੇ ਚਿਰ ਵਿੱਚ ਹੀ ਚੱਕਰ ਪੂਰਾ ਹੋ ਜਾਂਦਾ।

ਦਾਸ ਹੋਸਟਲ ਦਾ ਸੁਪਰਟੈਂਡ ਵੀ ਸੀ। ਵਿਦਿਆਰਥੀਆਂ ਨਾਲ ਸਵੇਰੇ ਸ਼ਾਮ ਨਗਾਰਾ ਵੱਜਣ ’ਤੇ ਗੁਰਦੁਆਰਾ ਸਾਹਿਬ ਵਿੱਚ ਹਾਜ਼ਰੀ ਭਰਦਾ। ਇਸ ਸਮੇਂ ਸਕੂਲ, ਕਾਲਜ ਦੇ ਸਾਰੇ ਬੋਰਡਰ ਧਰਮਸਾਲਾ ਵਿੱਚ ਹਾਜ਼ਰ ਹੁੰਦੇ। ਪ੍ਰੇਮ ਦੀ ਲਹਿਰ ਜ਼ੋਰਾਂ ਵਿੱਚ ਸੀ ਇਸ ਕਰਕੇ ਖੁਸ਼ਕ ਦਲੀਲ ਅਤੇ ਨਾਸਤਿਕਤਾ ਨੇ ਜ਼ੋਰ ਨਹੀਂ ਸੀ ਪਾਇਆ।

ਇਹਨਾਂ ਦਿਨਾਂ ਵਿੱਚ ਮੇਰਾ ਮਿੱਤਰ ਮੁਹੰਮਦ ਕਾਸਮ ਐਸ. ਡੀ. ਓ. ਹੋ ਕੇ ਭੋਪਾਲ ਲੱਗਾ ਹੋਇਆ ਸੀ। ਖ਼ਾਲਸਾ ਕਾਲਜ ਉਸ ਦੀ ਚਿੱਠੀ ਆਈ ਕਿ ਗਰਮੀਆਂ ਦੀਆਂ ਛੁੱਟੀਆਂ ਵਿੱਚ ਮੇਰੇ ਪਾਸ ਜ਼ਰੂਰ ਆਉਣਾ ਅਤੇ ਕੁਝ ਚਿਰ ਮੇਰੇ ਪਾਸ ਟਿਕਣਾ। ਪਹਿਲੀਆਂ ਛੁੱਟੀਆਂ ਹੁੰਦੇ ਸਾਰ ਹੀ ਦਾਸ ਪਰਿਵਾਰ ਸਮੇਤ ਭੋਪਾਲ ਵੱਲ ਟੁਰ ਪਿਆ। ਰਸਤੇ ਵਿੱਚ ਕਈ ਸੁੰਦਰ ਜੰਗਲ, ਪਹਾੜ ਤੇ ਦਰਿਆ ਆਏ। ਇਹਨਾਂ ਵਿੱਚ ਕੁਦਰਤੀ ਅਸਚਰਜ ਨਜ਼ਾਰਿਆਂ ਨੇ ਦਾਸ ਦੇ ਹਿਰਦੇ ’ਤੇ ਬੜਾ ਡੂੰਘਾ ਅਸਰ ਪਾਇਆ। ਭਾਈ ਕਾਸਮ ਨੂੰ ਪਹਿਲਾਂ ਹੀ ਚਿੱਠੀ ਲਿਖੀ ਹੋਈ ਸੀ। ਉਹ ਸਟੇਸ਼ਨ ਤੇ ਖੜ੍ਹਾ ਉਡੀਕ ਰਿਹਾ ਸੀ। ਗੱਡੀ ਤੋਂ ਉਤਰਦਿਆਂ ਹੀ ਉਸ ਨੇ ਬੜੇ ਖਿੜੇ ਮੱਥੇ ਨਾਲ ਦਾਸ ਨੂੰ ਜੱਫੀ ਪਾਈ ਅਤੇ ਆਖਿਆ ਆ ਯਾਰ ਮਹਿਤਾ! ਰਾਜ਼ੀ ਏਂ, ਫਿਰ ਕਾਸਮ ਸਾਨੂੰ ਸਿਕਰਮ (ਘੋੜਾ ਬੱਘੀ) ਤੇ ਚਾੜ੍ਹ ਘਰ ਲੈ ਗਿਆ। ਇਸ ਦੀ ਘਰ ਵਾਲੀ ਬੜੀ ਸਰਲ ਸੁਭਾਉ ਦੀ ਪ੍ਰੇਮਣ ਬੀਬੀ ਸੀ। ਜੋੜੀ ਨੇ ਸਾਰਾ ਜ਼ੋਰ ਸਾਨੂੰ ਸੁਖੀ ਰੱਖਣ ’ਤੇ ਲਾ ਦਿੱਤਾ। ਲੰਗਰ ਦੀ ਸਾਰੀ ਰਸਦ ਫਲ ਆਦਿ ਹਾਜ਼ਰ ਕਰ ਦੇਂਦੇ ਅਤੇ ਮੇਰੀ ਮਾਤਾ ਜੀ ਤੇ ਸਿੰਘਣੀ ਇੱਕ ਨੌਕਰ ਦੀ ਮਦਦ ਨਾਲ ਰਸੋਈ ਤਿਆਰ ਕਰ ਲੈਂਦੇ। ਭੋਪਾਲ ਵਿੱਚ ਮੀਂਹ ਦਾ ਪਾਣੀ ਇੱਕਠਾ ਕਰਨ ਵਾਸਤੇ ਬੜੇ-ਬੜੇ irrigation tanks ਹਨ ਜਿੰਨਾਂ ਵਿੱਚ ਬਰਸਾਤ ਦਾ ਪਾਣੀ ਇੱਕਠਾ ਕਰ ਲਿਆ ਜਾਂਦਾ ਤੇ ਸਾਰਾ ਸਾਲ ਆਬਪਾਸ਼ੀ ਲਈ ਦਿੱਤਾ ਜਾਂਦਾ। ਭਾਈ ਕਾਸਮ ਇਸ ਮਹਿਕਮੇ ਵਿੱਚ ਲੱਗਾ ਹੋਇਆ ਸੀ। ਉਸ ਨੇ ਸਾਨੂੰ ਬਹੁਤ ਸਾਰੇ ਨਵੇਂ ਤੇ ਪੁਰਾਣੇ ਤਲਾਬ ਵਿਖਾਏ। ਮਹੀਨਾ ਕੁ ਭਾਈ ਕਾਸਮ ਕੋਲ ਰਹੇ। ਫਿਰ ਆਪਣੇ ਸੁਭਾਅ ਅਨੁਸਾਰ ਇਸ ਖਿਆਲ ਨੇ ਉਛਾਲਾ ਮਾਰਿਆ ਕਿ ਕੁਦਰਤੀ ਇਧਰ ਆਏ ਹੋਏ ਹਾਂ। ਸਾਰੇ ਤੀਰਥ ਅਸਥਾਨਾਂ ਤੇ ਇਤਿਹਾਸਕ ਯਾਦਗਾਰਾਂ ਦੀ ਯਾਤਰਾ ਕੀਤੀ ਜਾਵੇ। ਭਾਈ ਕਾਸਮ ਤੋਂ ਛੁੱਟੀ ਲੈ ਪਹਿਲਾਂ ਦਾਸ ਮਹਾਰਾਜਾ ਬਿਕਰਮਾਜੀਤ ਦੀ ਰਾਜਧਾਨੀ ਉਜੈਨ ਪਹੁੰਚਿਆ। ਸਾਰੇ ਮੰਦਰਾਂ ਤੇ ਇਤਿਹਾਸਕ ਅਸਥਾਨਾਂ ਦਾ ਦਰਸ਼ਨ ਕੀਤਾ। ਦੋ-ਤਿੰਨ ਦਿਨ ਇੱਥੇ ਠਹਿਰ ਕੇ ਫਿਰ **ਉਂਕਾਰ ਮੰਦਰ** ਦੇ ਦਰਸ਼ਨ ਦੀ ਤਿਆਰੀ ਕੀਤੀ। ਇਹ ਅਸਥਾਨ ਦਰਿਆ ਨਰਬਦਾ ਦੇ ਕਿਨਾਰੇ ’ਤੇ ਹੈ। ਇੱਥੇ ਪਹੁੰਚਣ ਵਾਸਤੇ ਨਰਬਦਾ ਦਰਿਆ ਵਿੱਚ ਕਿਸ਼ਤੀਆਂ ਤੇ ਜਾਣਾ ਪੈਂਦਾ ਹੈ। ਜਦ ਕਿਸ਼ਤੀਆਂ ਤੇ ਚੜ੍ਹ ਗਏ ਤੇ ਉਹ ਹੌਲੀ-ਹੌਲੀ ਤੁਰ ਪਈਆਂ ਤਾਂ ਸਾਹਮਣੇ ਇੱਕ ਅਸਚਰਜ ਨਜ਼ਾਰਾ ਸੀ। ਨਰਬਦਾ ਠਾਠਾਂ ਮਾਰ ਵਗੇ ਤੇ ਆਪਣੇ ਸ਼ੌਹ ਸਮੁੰਦਰ ਵੱਲ ਪੂਰੀ ਲਗਣ ਵਿੱਚ ਜਾ ਰਿਹਾ ਸੀ। ਦੋਵੇਂ ਪਾਸੇ ਹਰੀਆਂ-ਭਰੀਆਂ ਪਹਾੜੀਆਂ ਸਨ। ਕਈ ਉੱਚੇ-ਲੰਮੇ ਤੇ ਕਈ ਛੋਟੇ ਦਰਖ਼ਤ ਹਵਾ ਵਿੱਚ ਲਹਿਰਾ ਰਹੇ ਸਨ

ਤੇ ਆਪਣੀ ਬੋਲੀ ਵਿੱਚ ਪ੍ਰਮਾਤਮਾ ਦੇ ਗੀਤ ਗਾ ਰਹੇ ਸਨ। ਬਸ ਇਹ ਐਸਾ ਅਸਚਰਜ ਨਜ਼ਾਰਾ ਸੀ ਜਿਸ ਨੇ ਦਾਸ ਦੇ ਹਿਰਦੇ 'ਤੇ ਬੜਾ ਡੂੰਘਾ ਅਸਰ ਪਾਇਆ। ਹੌਲੀ-ਹੌਲੀ ਟੁਰਦੇ ਮੰਦਰ ਪਹੁੰਚੇ। ਖੱਬੇ ਪਾਸੇ ਕੁਝ ਪੌੜੀਆਂ ਚੜ੍ਹ ਮੰਦਰ ਦੇ ਦੀਦਾਰ ਕੀਤੇ। ਲੰਗਰ ਤਿਆਰ ਕਰ ਕੇ ਛਕਿਆ ਤੇ ਕੁਝ ਚਿਰ ਅਰਾਮ ਕਰ ਵਾਪਸ ਮੁੜ ਪਏ ਤੇ ਨੇੜੇ ਦੇ ਰੇਲਵੇ ਸਟੇਸ਼ਨ 'ਤੇ ਜਾ ਪੁੱਜੇ। ਇੱਥੋਂ ਨਾਸਕ ਦਾ ਟਿਕਟ ਲਿਆ। ਇਹ ਬੜਾ ਭਾਰੀ ਤੀਰਥ ਹੈ। ਇਸ ਦੇ ਪਾਸ ਕੁਝ ਸਮਾਂ ਰਾਮ ਚੰਦਰ ਜੀ ਮਹਾਰਾਜ ਨੇ ਜੰਗਲਾਂ ਵਿੱਚ ਗੁਜ਼ਾਰਿਆ ਤੇ ਇੱਥੇ ਹੀ ਲਛਮਨ ਨੇ ਸਰੂਪ ਨਖਾ ਦਾ ਨੱਕ ਕੱਟਿਆ। ਜਿਸ ਕਰਕੇ ਇਸ ਜਗ੍ਹਾ ਦਾ ਨਾਂ ਨਾਸਕ ਪੈ ਗਿਆ। ਇੱਥੇ ਕਈ ਦਿਨ ਡੇਰਾ ਰੱਖਿਆ ਤੇ ਇਸ ਅਦੁੱਤੀ ਤੀਰਥ ਦਾ ਰੰਗ ਮਾਣਿਆ। ਇੱਥੇ ਗੋਦਾਵਰੀ ਕਈ ਜਗ੍ਹਾ ਤਾਂ ਚੁੱਪ ਕਰ ਕੇ ਵਗਦੀ ਜਾਂਦੀ ਹੈ ਅਤੇ ਕਈ ਥਾਵਾਂ ਤੇ ਪੱਥਰਾਂ ਦੀ ਅਟੱਕ ਕਰ ਕੇ ਆਪਣੇ ਰੰਗ ਵਿੱਚ ਕੁਦਰਤ ਦੇ ਗੀਤ ਗਾਉਂਦੀ ਹੈ। ਇੱਕ ਦਿਨ ਅੰਮ੍ਰਿਤ ਵੇਲੇ ਇਸ਼ਨਾਨ ਕਰ ਕੇ ਦਾਸ ਇੱਕ ਸ਼ਿਲਾ 'ਤੇ ਬੈਠਾ ਨਦੀ ਦੇ ਨਜ਼ਾਰੇ ਦਾ ਅਨੰਦ ਲੈ ਰਿਹਾ ਸੀ ਕਿ ਦਰਿਆ ਦੇ ਰੱਬੀ ਕੀਰਤਨ ਨੇ ਦਾਸ ਵਿੱਚ ਵੈਰਾਗ ਦਾ ਉਛਾਲਾ ਲਿਆਂਦਾ ਅਤੇ ਕਿੰਨ੍ਹਾਂ ਚਿਰ ਹੀ ਬੈਠਾ "ਰੋਵੇ ਲਾਏ ਪਿਆਰੋ" ਦੇ ਅਸਚਰਜ ਰੰਗ ਮਾਣਦਾ ਰਿਹਾ। ਨਾਸਕ ਦੇ ਲਾਗੇ ਹੀ ਗੌਤਮ ਰਿਸ਼ੀ ਦਾ ਤੱਪ ਅਸਥਾਨ ਤ੍ਰਿਬਕ ਹੈ। ਇੱਕ ਪਾਂਡੇ ਨੂੰ ਨਾਲ ਲੈ ਪਰਿਵਾਰ ਸਹਿਤ ਇਸ ਯਾਤਰਾ ਲਈ ਗਿਆ। ਤੀਰਥ ਦੀਆਂ ਜੜ੍ਹਾਂ ਵਿੱਚ ਇੱਕ ਬੜੀ ਬਿਖੜੀ ਚੜ੍ਹਾਈ ਸੀ। ਹੌਸਲਾ ਤੇ ਹਿਮਤ ਕਰਕੇ ਚੜ੍ਹ ਗਏ ਅਤੇ ਹੋਰ ਮੰਦਰਾਂ ਤੋਂ ਛੁੱਟ ਉਸ ਅਸਥਾਨ ਦੇ ਦਰਸ਼ਨ ਕੀਤੇ ਜਿੱਥੇ ਕਿ ਗੌਤਮ ਰਿਸ਼ੀ ਨੇ ਬੜੀ ਜੁਗਤ ਮਿਹਨਤ ਅਤੇ ਤੱਪ ਬਲ ਨਾਲ ਗੋਦਾਵਰੀ ਕੱਢੀ ਹੈ। ਨਾਸਕ ਤੋਂ ਮੁੜ ਹਜ਼ੂਰ ਸਾਹਿਬ ਜਾਣ ਦੀ ਤਿਆਰੀ ਕੀਤੀ। ਪਤਾ ਲੱਗਾ ਕਿ ਰਾਹ ਵਿੱਚ ਦੌਲਤਾਬਾਦ ਕਿਲ੍ਹਾ ਅਤੇ ਔਰੰਗਾਬਾਦ ਵੀ ਦੇਖਣ ਦੇ ਲਾਇਕ ਹੈ।

ਪਹਿਲਾਂ ਦੌਲਤਾਬਾਦ ਦਾ ਟਿਕਟ ਲਿਆ। ਗੱਡੀ ਤੋਂ ਉੱਤਰ ਅਸਬਾਬ ਸਟੇਸ਼ਨ ਤੇ ਜਮ੍ਹਾਂ ਕਰਵਾ ਇੱਕ ਜਾਣਕਾਰ ਪ੍ਰੇਮੀ ਨੂੰ ਨਾਲ ਲੈ ਕਿਲ੍ਹੇ ਵੱਲ ਤੁਰ ਪਏ। ਇਹ ਕਿਲ੍ਹਾ ਇੱਕ ਬੜੀ ਉੱਚੀ ਚਟਾਨ 'ਤੇ ਹੈ ਅਤੇ ਏਨਾਂ ਮਜ਼ਬੂਤ ਬਣਿਆ ਹੋਇਆ ਹੈ ਕਿ ਉਸ ਜਮਾਨੇ ਵਿੱਚ ਇਸ ਨੂੰ ਫ਼ਤਹਿ ਕਰਨਾ ਨਾਮੁਮਕਿਨ ਸੀ।

ਕੁਝ ਪੱਧਰੇ ਟੁਰਨ ਦੇ ਮਗਰੋਂ ਚੜ੍ਹਾਈ ਸ਼ੁਰੂ ਹੋ ਗਈ। ਹੌਲੀ-ਹੌਲੀ ਚੜ੍ਹਦੇ ਦਮ ਲੈਂਦੇ ਆਲੇ-ਦੁਆਲੇ ਦੀ ਕੁਦਰਤ ਦਾ ਨਜ਼ਾਰਾ ਵੇਖਦੇ ਕਿਲ੍ਹੇ ਦੇ ਪਹਿਲੇ ਦਰਵਾਜ਼ੇ 'ਤੇ ਆ ਪੁੱਜੇ। ਇੱਥੇ ਸਾਰੇ ਇਲਾਕੇ ਦਾ ਨਕਸ਼ਾ ਸਾਹਮਣੇ ਆ ਗਿਆ। ਲਹਿਰਾਂਦੇ ਖੇਤ, ਦਰਖੱਤਾਂ ਦੇ ਝੁੰਡ ਤੇ ਨਦੀ-ਨਾਲੇ ਆਪਣੇ ਰੰਗ ਵਿੱਚ ਵਗਦੇ ਤੇ ਛੋਟੇ-ਵੱਡੇ ਪਿੰਡਾਂ ਜਿੰਨਾਂ ਦੇ ਉੱਤੇ ਸੁੰਦਰ ਧੂੰਅ ਦੇ ਕਈ ਸ਼ਕਲਾਂ ਦੇ ਸੱਪ, ਸ਼ੇਰ, ਸ਼ੀਂਹ ਹਵਾ ਵਿੱਚ ਆਪਣੇ ਰੰਗ ਦੇ ਰਹੇ ਸਨ ਦੇਖੇ। ਘੰਟਾ ਕੁ ਬਹਿ ਇੱਥੇ ਨਜ਼ਾਰੇ ਦਾ ਅਨੰਦ ਲਿਆ ਤੇ ਨਾਲ ਹੀ ਕੁਝ ਥਕਾਵਟ ਨੂੰ ਲਾਹਿਆ। ਫਿਰ ਕਿਲ੍ਹੇ ਤੋਂ ਉੱਤਰ ਸਟੇਸ਼ਨ 'ਤੇ ਆ ਗਏ। ਇੱਥੋਂ ਔਰੰਗਾਬਾਦ ਦਾ ਟਿਕਟ ਲਿਆ। ਇਸ ਸ਼ਹਿਰ ਨੂੰ ਸ਼ਾਹ ਔਰੰਗਜ਼ੇਬ ਨੇ ਆਪਣੇ ਨਾਂ 'ਤੇ ਵਸਾਇਆ ਸੀ। ਇੱਥੇ ਆਪਣੀ ਪਿੱਛਲੀ ਉਮਰ ਦਾ ਸਾਰਾ ਹਿੱਸਾ ਗੁਜਾਰਿਆ ਸੀ। **ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਮਗਰੋਂ ਇਹ ਦਿੱਲੀ ਸੁੱਖ ਦੀ ਨੀਂਦ ਨਹੀਂ ਸੌਂ ਸਕਿਆ। ਕਈ ਵਾਰੀ ਰਾਤੀ ਤ੍ਰਬਕ ਕੇ ਉੱਠਦਾ ਤੇ ਦਿੱਲੀ ਦੇ ਮਹਿਲ ਮਾੜੀਆਂ ਕਿਲ੍ਹੇ ਇਹਨੂੰ ਵੱਢ-ਵੱਢ ਖਾਂਦੇ। ਦੱਖਣ ਵਿੱਚ ਆਪਣੇ ਆਕੀ ਸੂਬਿਆਂ ਨੂੰ ਸਰ ਕਰਨ ਦੇ ਬਹਾਨੇ ਇਹ ਦਿੱਲੀ ਤੋਂ ਨਿਕਲ ਤੁਰਿਆ।**

ਔਰੰਗਾਬਾਦ ਉਤਰ ਕੇ ਇਕ ਜਾਣਕਾਰ ਪ੍ਰੇਮੀ ਨੂੰ ਨਾਲ ਲੈ ਕੇ ਪਹਿਲਾਂ ਬੀਬੀ ਜੈਬੁਲ ਨਸਾ ਦੇ ਨਿਵਾਸ ਅਸਥਾਨ ਤੇ ਮਸਜਿਦ ਦੇ ਦੀਦਾਰ ਕੀਤੇ। ਇਸ ਬੱਚੀ ਨੇ ਆਪਣਾ ਸਾਰਾ ਜੀਵਨ ਜਤੀ-ਸਤੀ ਰਹਿ ਕੇ ਇੱਬਾਦਤ ਵਿੱਚ ਗੁਜ਼ਾਰਿਆ।

ਇੱਥੇ ਹੀ ਭਾਈ ਦਇਆ ਸਿੰਘ ਜੀ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਜ਼ਫ਼ਰਨਾਮਾ ਔਰੰਗਜ਼ੇਬ ਲਈ ਲਿਆਏ। ਕੁਝ ਚਿਰ ਲਈ ਇਸ ਦਰਗਾਹੀ ਲੇਖ ਨੂੰ ਬਾਦਸ਼ਾਹ ਪਾਸ ਨਹੀਂ ਪਹੁੰਚਾ ਸਕੇ। ਆਖਰ ਔਰੰਗਜ਼ੇਬ ਨੂੰ ਇੱਕ ਰਾਤ ਬੜਾ ਭਾਰੀ ਡਰ ਵਿਆਪਿਆ। ਛਾਤੀ 'ਤੇ ਬੈਠਾ ਇੱਕ ਪ੍ਰੇਮੀ ਜਗਾਂਦਾ ਤੇ ਆਖਦਾ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਪੈਗਾਮ ਲੈ ਕੇ ਭਾਈ ਦਇਆ ਸਿੰਘ ਜੀ ਆਏ ਹੋਏ ਹਨ। ਤੂੰ ਫੌਰਨ ਉਹਨਾਂ ਨੂੰ ਮਿਲ ਕੇ ਉਸ ਪੈਗਾਮ ਨੂੰ ਪੜ੍ਹ। ਸ਼ਾਹ ਔਰੰਗਜ਼ੇਬ ਨੇ ਇਕਾਂਤ ਵਿੱਚ ਭਾਈ ਦਇਆ ਸਿੰਘ ਨੂੰ ਸੱਦਿਆ, ਬੜੇ ਆਦਰ ਨਾਲ ਬਿਠਾਇਆ ਅਤੇ ਜ਼ਫ਼ਰਨਾਮਾ ਆਪਣੇ ਹੱਥ ਲੈ ਪੜ੍ਹਨਾ ਸ਼ੁਰੂ ਕੀਤਾ। ਜਿਉਂ-ਜਿਉਂ ਪੜ੍ਹੇ ਦਿਲ ਤੇ ਡਾਹਢੀ ਸੱਟ ਵੱਜੇ। ਸਿਰ ਧੁੰਨਦਾ ਆਪਣੀ ਕਰਤੂਤ ਤੇ ਪਛਤਾਉਂਦਾ ਮਸਾਂ ਸਿਰੇ ਤੱਕ ਪਹੁੰਚਿਆ। ਸਾਰੀ ਸਤਿਆ ਖਿੱਚੀ ਗਈ ਤੇ ਮਰਨ ਨੂੰ ਤਿਆਰ ਹੋ ਗਿਆ, ਪਰ ਜਾਨ ਨਾ ਨਿਕਲੇ। ਚਿੱਠੀ ਦੇ ਅੰਤ ਵਿੱਚ "ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹਿ।" ਲਿਖਿਆ ਹੋਇਆ ਸੀ। ਇਹ ਆਪਣੀ ਸ਼ਰਾ ਦੇ ਪ੍ਰਭਾਵ ਹੇਠਾਂ ਇਸ ਨੂੰ ਨਾ ਪੜ੍ਹੇ। ਬੀਬੀ ਜੈਬੁਲ ਨਸਾ ਕੋਲ ਬੈਠੀ ਸੀ। ਪਿਤਾ ਦੀ ਇਹ ਹਾਲਤ ਦੇਖ ਕੇ ਬੋਲੀ ਪਿਤਾ ਜੀ ਤੁਸੀਂ ਇਹ ਫ਼ਤਹਿ ਜ਼ਰੂਰ ਪੜ੍ਹੋ। ਉਸੇ ਵੇਲੇ ਤੁਹਾਡੀ ਅਟਕੀ ਹੋਈ ਜਾਨ ਨਿਕਲ ਜਾਏਗੀ ਤੇ ਤੁਸੀਂ ਸੁੱਖੀ ਹੋ ਜਾਉਗੇ। ਬਸ ਫ਼ਤਹਿ ਪੜ੍ਹਣ ਦੀ ਦੇਰੀ ਸੀ ਕਿ ਰੂਹ ਕਲਬੂਤ ਵਿਚੋਂ ਨਿਕਲ ਗਈ ਤੇ ਉਹ ਔਰੰਗਜ਼ੇਬ ਜਿਸ ਤੋਂ ਸਾਰੀ ਦੁਨੀਆਂ ਥਰ-ਥਰ ਕੰਬਦੀ ਸੀ, ਇੱਕ ਮਿੱਟੀ ਦਾ ਢੇਰ ਬਣਕੇ ਰਹਿ ਗਈ। ਔਰੰਗਾਬਾਦ ਤੋਂ ਨਾਂਦੇੜ ਦਾ ਟਿਕਟ ਲਿਆ। ਇਹ ਹਜ਼ੂਰ ਸਾਹਿਬ ਦਾ ਰੇਲਵੇ ਸਟੇਸ਼ਨ ਹੈ। ਕੁਝ ਘੰਟਿਆ ਵਿੱਚ ਇੱਥੇ ਪਹੁੰਚੇ। ਪਲੇਟਫਾਰਮ 'ਤੇ ਉਤਰਦਿਆਂ ਹੀ ਦਰਬਾਰ ਸਾਹਿਬ ਦਾ ਸੇਵਕ ਮਿਲ ਗਿਆ। ਇਹ ਹਮੇਸ਼ਾ ਹੀ ਹਰ ਗੱਡੀ 'ਤੇ ਯਾਤਰੀਆਂ ਨੂੰ ਲੈਣ ਲਈ ਆਉਂਦਾ ਸੀ। ਬੜੇ ਪ੍ਰੇਮ ਨਾਲ ਸਾਡਾ ਸਮਾਨ ਗੱਡੀ 'ਤੇ ਰਖਾਇਆ ਤੇ ਸਾਰਿਆਂ ਨੂੰ ਉੱਤੇ ਚਾੜ੍ਹ ਦਰਬਾਰ ਸਾਹਿਬ ਲਿਆ ਕੇ ਸਾਡਾ ਡੇਰਾ ਕਰਾਇਆ। ਹਜ਼ੂਰ ਸਾਹਿਬ ਦੀ ਇਹ ਪੁਰਾਤਨ ਮਰਯਾਦਾ ਸੀ ਕਿ ਸਵੇਰ ਜਾਂ ਸ਼ਾਮ ਦੇ ਦੀਵਾਨ ਵਿੱਚ ਕੋਈ ਵੀ ਪ੍ਰੇਮੀ ਪਤਾਸਿਆਂ ਦਾ ਪ੍ਰਸ਼ਾਦ ਲੈ ਕੇ ਹਾਜ਼ਰ ਹੋਵੇ ਤੇ ਜਦ ਪੁਜਾਰੀ ਸਿੰਘ ਹੁਕਮ ਦੇਵੇ ਖੜ੍ਹਾ ਹੋ ਕੇ ਪੁਜਾਰੀ ਸਿੰਘ ਦੇ ਪ੍ਰਸ਼ਨਾਂ ਦਾ ਉੱਤਰ ਦੇਵੇ ਤੇ ਜਦ ਪੁਜਾਰੀ ਸਿੰਘ ਆਪਣੀ ਤਸੱਲੀ ਕਰਨ ਦੇ ਮਗਰੋਂ ਅਰਦਾਸ ਕਰੇ ਫਿਰ ਦਰਬਾਰ ਸਾਹਿਬ ਦੀ ਪ੍ਰਕਰਮਾ ਕਰੇ। ਦਾਸ ਵੀ ਮਰਯਾਦਾ ਪੂਰਵਕ ਪਰਿਵਾਰ ਸਮੇਤ ਪਤਾਸੇ ਲੈ ਕੇ ਹਾਜ਼ਰ ਹੋਇਆ। ਪੁਜਾਰੀ ਸਿੰਘ ਨੇ ਮਰਯਾਦਾ ਅਨੁਸਾਰ ਨਵੇਂ ਯਾਤਰੂਆਂ ਨੂੰ ਖੜ੍ਹੇ ਹੋ ਜਾਣ ਦਾ ਹੁਕਮ ਕੀਤਾ। ਅੰਮ੍ਰਿਤਧਾਰੀਆਂ ਨੂੰ ਜਿਨ੍ਹਾਂ ਪਾਸੋਂ ਕੋਈ ਕੁਰਹਿਤ ਨਹੀਂ ਸੀ ਹੋਈ ਉਹਨਾਂ ਦੀ ਅਰਦਾਸ ਹੋ ਗਈ ਤੇ ਪ੍ਰਕਰਮਾ ਦੀ ਆਗਿਆ ਮਿਲ ਗਈ। ਜਿਨ੍ਹਾਂ ਪਾਸੋਂ ਕੋਈ ਕੁਰਹਿਤ ਹੋਈ ਸੀ ਉਹਨਾਂ ਨੂੰ ਤਨਖ਼ਾਹ ਲਾਈ ਗਈ ਤੇ ਦੁਬਾਰਾ ਅੰਮ੍ਰਿਤ ਛਕਣ ਦਾ ਹੁਕਮ ਹੋਇਆ। ਫਿਰ ਦੂਜੇ ਦਿਨ ਅੰਮ੍ਰਿਤ ਛਕਣ ਮਗਰੋਂ ਅਰਦਾਸ ਕਰਕੇ ਉਹਨਾਂ ਨੂੰ ਵੀ ਪ੍ਰਕਰਮਾ ਦੀ ਆਗਿਆ ਮਿਲ ਗਈ। ਜਦ ਦਾਸ ਦੀ ਵਾਰੀ ਆਈ ਤਾਂ ਪੁਜਾਰੀ ਸਿੰਘ ਨੇ ਪੁੱਛਿਆ, "ਤੁਸੀ ਕੌਣ ਹੋ ਤੇ ਕਿੱਥੋਂ ਆਏ ਹੋ?" ਜਦ ਦੱਸਿਆ ਗਿਆ ਖ਼ਾਲਸਾ ਕਾਲਜ ਅੰਮ੍ਰਿਤਸਰ ਪੜ੍ਹਾਉਂਦਾ ਹਾਂ ਤਦ ਪੁਜਾਰੀ ਸਿੰਘ ਨੇ ਇਹ ਕਹਿ ਕੇ ਕਿ ਤੁਸੀਂ ਸਿੰਘ ਸਭੀਏ ਹੋ, ਤੁਹਾਡੀ ਅਰਦਾਸ ਨਹੀਂ ਹੋ ਸਕਦੀ। ਤਿੰਨ-ਦਿਨ ਲਗਾਤਾਰ ਇਸੇ ਤਰ੍ਹਾਂ ਜਾਂਦੇ ਰਹੇ ਤੇ ਪੁਜਾਰੀ ਸਿੰਘ ਨਾਂਹ ਕਰਦੇ ਰਹੇ। ਬਥੇਰਾ ਹਜ਼ੂਰਾ ਸਿੰਘ ਨੇ ਸਮਝਾਇਆ ਕਿ ਇਸ ਨੇ ਅੰਮ੍ਰਿਤ ਨਹੀਂ ਛਕਿਆ ਤੇ ਇਸ ਲਈ ਪ੍ਰਕਰਮਾ ਦੀ ਕੋਈ ਰੁਕਾਵਟ ਨਹੀਂ ਪਰ ਪੁਜਾਰੀ ਸਿੰਘ ਆਪਣੇ ਹੱਠ 'ਤੇ ਅੜੇ ਰਹੇ ਅਤੇ ਆਖਿਆ ਕਿ ਤੁਸੀਂ ਲਿਖ ਦਿਉ ਕਿ ਅਸੀਂ ਸਿੰਘ ਸਭੀਆਂ ਨਾਲ ਨਹੀਂ ਵਰਤਾਂਗੇ, ਫਿਰ ਤੁਹਾਡੀ ਅਰਦਾਸ ਕਰਾਂਗੇ। ਦਾਸ ਨੇ ਇਹ ਕਹਿ ਕੇ ਨਾਂਹ ਕਰ ਦਿੱਤੀ ਕਿ ਜਿਸ ਦੇ ਬਚਨ ਦਾ ਇਤਬਾਰ ਨਹੀਂ, ਉਸ ਦੀ ਲਿਖਤ ਦਾ ਕੀ ਭਰੋਸਾ ਅਤੇ ਚੁੱਪ ਕਰਕੇ ਆਪਣੀ ਥਾਂ 'ਤੇ ਬੈਠ ਗਏ। ਦੀਵਾਨ ਦੇ ਭੋਗ ਦੀ ਅਰਦਾਸ ਤੋਂ ਦੱਸ ਕੁ ਮਿੰਟ ਪਹਿਲਾਂ ਮੇਰੀ ਸਿੰਘਣੀ

ਨੂੰ ਗੁਰੂ ਹਰਿਗੋਬਿੰਦ ਮਹਾਰਾਜ ਦੇ ਦਰਸ਼ਨ ਹੋਏ ਤੇ ਮੇਰੇ ਹਿਰਦੇ ਵਿੱਚ ਤਾਰ ਖੜਕ ਗਈ ਕਿ ਤੇਰੀ ਹਾਜ਼ਰੀ ਮਨਜ਼ੂਰ ਹੈ। ਹਜ਼ੂਰ ਸਾਹਿਬ ਇਸ ਸਮੇਂ ਦੁਪਹਿਰ ਦੇ ਵਕਤ ਇੱਕੋ ਵਾਰੀ ਲੰਗਰ ਤਿਆਰ ਹੁੰਦਾ ਸੀ। ਲਾਂਗਰੀ ਸਿੰਘ ਸਵੇਰੇ ਹੀ ਖੁੱਲ੍ਹੇ ਪਾਣੀ ਵਿੱਚ ਅਰਹਰ ਦੀ ਦਾਲ ਧਰ ਦਿੰਦਾ। ਇਹ ਬੜੀ ਹੀ ਪਤਲੀ ਹੁੰਦੀ। ਪਰ ਕੜ੍ਹ-ਕੜ੍ਹ ਕੇ ਅੰਮ੍ਰਿਤ ਬਣ ਜਾਂਦੀ। ਇਹ ਅਸਚਰਜ ਸੁਆਦ ਦਾਸ ਨੂੰ ਹੁਣ ਤੱਕ ਨਹੀਂ ਭੁਲਿਆ। ਇਸ਼ਨਾਨ ਵਾਸਤੇ ਰੋਜ਼ ਗੋਦਾਵਰੀ ਤੇ ਨਗੀਨਾ ਘਾਟ ਜਾਂਦੇ। ਇੱਥੇ ਕਿਨਾਰੇ ਤੇ ਬੈਠ ਕੇ ਗੁਰੂ ਗੋਬਿੰਦ ਸਿੰਘ ਮਹਾਰਾਜ ਨੇ ਕਾਮਲ ਫ਼ਕੀਰੀ ਦੀ ਖੇਲ ਵਰਤਾਈ। ਇਸ ਅਸਥਾਨ ਦੀ ਸਾਖੀ ਇਸ ਤਰ੍ਹਾਂ ਹੈ।

ਮਹਾਰਾਜ ਜੀ ਆਪਣੇ ਇਲਾਹੀ ਰੰਗ ਵਿੱਚ ਮਸਤ ਬੈਠੇ ਸਨ। ਲੱਖੀ ਵਣਜਾਰੇ ਨੇ ਇੱਕ ਅਮੋਲਕ ਨਗੀਨਾ ਭੇਟ ਕੀਤਾ। ਬੇਪਰਵਾਹਾਂ ਦੇ ਪਾਤਸ਼ਾਹ ਨੇ ਇਹਨੂੰ ਗੋਦਾਵਰੀ ਵਿੱਚ ਵਗਾਹ ਮਾਰਿਆ। ਜਦ ਲੱਖੀ ਵਣਜਾਰੇ ਨੇ ਅਸਚਰਜ ਹੋ ਕੇ ਇਸ ਕੌਤਕ ਦਾ ਰਾਜ਼ ਪੁੱਛਿਆ ਤਾਂ ਮਹਾਰਾਜ ਨੇ ਫੁਰਮਾਇਆ ਕਿ ਆਪਣਾ ਨਗੀਨਾ ਗੋਦਾਵਰੀ ਵਿੱਚੋਂ ਲੱਭ ਲਿਆ। ਹੁਕਮ ਮੰਨ ਜਦ ਗੋਦਾਵਰੀ ਦੇ ਪਾਸ ਪੁੱਜਿਆ ਤਾਂ ਨਿਰਮਲ ਜਲ ਵਿੱਚ ਅਨੇਕਾਂ ਹੀ ਅਮੋਲਕ ਨਗੀਨੇ ਉਸ ਨੂੰ ਦਿਸੇ। ਅਸਚਰਜ ਹੋ ਕੇ ਮੁੜ ਆਇਆ ਤੇ ਮਹਾਰਾਜ ਦੇ ਚਰਨਾਂ ਤੇ ਸਿਰ ਧਰ ਬੜੇ ਵੈਰਾਗ ਵਿੱਚ ਖਿਮਾਂ ਦਾ ਜਾਚਕ ਹੋਇਆ। ਮਹਾਰਾਜ ਮੁਸਕਰਾਏ ਤੇ ਇਸ ਨੂੰ ਬਖਸ਼ ਦਿੱਤਾ। ਇੱਕ ਹੋਰ ਸਾਖੀ ੧੯੨੬ ਈਸਵੀ ਵਿੱਚ ਦਾਸ ਨੂੰ ਸੰਤ ਅਤਰ ਸਿੰਘ ਜੀ ਮਹਾਰਾਜ ਨੇ ਸੁਣਾਈ। ਜੋ ਇਸ ਤਰ੍ਹਾਂ ਹੈ।

ਜਦ ਕਈ ਮਹੀਨੇ ਲਗਾਤਾਰ ਆਪਣੇ ਰੰਗ ਵਿੱਚ ਚੋਜੀ ਪਿਤਾ (ਗੁਰੂ ਗੋਬਿੰਦ ਸਿੰਘ ਜੀ) ਇਸ ਘਾਟ ਤੇ ਬੈਠੇ ਰਹੇ ਅਤੇ ਸ਼ਿਕਾਰ ਵਾਸਤੇ ਉੱਕਾ ਹੀ ਨਾ ਗਏ। ਕਈ ਸਿੰਘਾਂ ਦੀ ਜੀਭ ਮਾਸ ਦੀ ਹਵਾੜ ਦਾ ਧਿਆਨ ਕਰਕੇ ਮੂਤਨ ਲੱਗ ਪਈ ਪਰ ਚੋਜੀ ਪਿਤਾ ਨੇ ਦੜ ਵੱਟੀ ਰੱਖੀ। ਬਹੁਤ ਚਿਰ ਮਗਰੋਂ ਇੱਕ ਦਿਨ ਸੱਚੇ ਪਾਤਸ਼ਾਹ ਨੇ ਜਦ ਨੇਤਰ ਖੋਲ੍ਹੇ ਤਾਂ ਫੁਰਮਾਇਆ, "ਆਉ ਖ਼ਾਲਸਾ ਜੀ! ਅੱਜ ਸ਼ਿਕਾਰ ਖੇਡਣ ਚਲੀਏ।" ਪ੍ਰੇਮੀ ਬੜੇ ਪ੍ਰਸੰਨ ਹੋ ਕਮਰਕੱਸੇ ਕਰ ਸ਼ਸਤਰ ਸਜਾ ਤਿਆਰ ਹੋ ਗਏ। ਸੱਚੇ ਪਾਤਸ਼ਾਹ ਵੀ ਤਿਆਰ-ਬਰ-ਤਿਆਰ ਹੋ ਸਾਰੇ ਸ਼ਸਤਰ ਪਹਿਨ ਘੋੜੇ ਤੇ ਅਸਵਾਰ ਹੋ ਗਏ ਪਰ ਕੌਤਕ ਅਸਚਰਜ ਵਰਤਾਇਆ, ਕਈ ਘੰਟੇ ਜੰਗਲ ਵਿੱਚ ਮਾਰੋ-ਮਾਰ ਕਰਕੇ ਫਿਰਦੇ ਰਹੇ ਪਰ ਸ਼ਿਕਾਰ ਕੋਈ ਨਾ ਲੱਭਾ। ਮੁੜਦੀ ਵਾਰੀ ਇੱਕ ਤਿੱਤਰ ਨਜ਼ਰ ਆਇਆ, ਉਸ ਦੀ ਮਹਾਰਾਜ ਨੇ ਤੀਰ ਨਾਲ ਗਤੀ ਕਰ ਦਿੱਤੀ ਤੇ ਸਿੱਖਾਂ ਨੇ ਚੁੱਕ ਲਿਆ। ਡੇਰੇ ਤੇ ਆ ਕੇ ਸਿੰਘ ਨੇ ਤਿੱਤਰ ਬਣਾਇਆ, ਸ਼ਰਮੋ ਕਸ਼ਰਮੀ ਮਹਾਰਾਜ ਦੇ ਥਾਲ ਵਿੱਚ ਪਰੋਸ ਦਿੱਤਾ। ਸੱਚੇ ਪਾਤਸ਼ਾਹ ਨੇ ਛਕ ਕੇ ਹੱਥ ਧੋਤੇ ਫਿਰ ਸੱਜਾ ਹੱਥ ਦਾਹੜੇ ਤੇ ਫੇਰ ਕੇ ਤਿੱਤਰ ਨੂੰ ਸੁਰਜੀਤ ਕਰਕੇ ਉਡਾ ਦਿੱਤਾ ਅਤੇ ਆਖਿਆ, "ਖ਼ਾਲਸਾ ਜੀ! ਤੁਸੀਂ ਸਵਾਦੀ ਹੋ ਗਏ ਹੋ।" ਜਿਸ ਵਿੱਚ ਇਹ ਤਾਕਤ ਹੋਵੇ, ਉਹ ਛਕੇ ਦੂਜਾ ਬਚੇ। ਇਹ ਸਾਰੀ ਸਾਖੀ ਬਿਹੰਗਮ ਸਮਾਰਗ ਗ੍ਰੰਥ ਜੋ ਹਜ਼ੂਰ ਸਾਹਿਬ ਪਿਆ ਹੈ, ਦੇ ਵਿੱਚ ਦਰਜ ਹੈ।

ਫਿਰ ਹੀਰਾ ਘਾਟ ਦੇ ਨਜ਼ਦੀਕ ਮਾਤਾ ਸਾਹਿਬ ਕੌਰ ਦਾ ਨਿਵਾਸ ਅਸਥਾਨ, ਜਿਹੜਾ ਕਿ ਹੀਰਾ ਘਾਟ ਤੋਂ ਥੋੜ੍ਹੇ ਹੀ ਫਾਸਲੇ ਤੇ ਹੈ, ਦਾ ਦੀਦਾਰ ਕੀਤਾ। ਮਾਤਾ ਜੀ ਹਰ ਰੋਜ਼ ਪ੍ਰਸ਼ਾਦ ਤਿਆਰ ਕਰ ਮਹਾਰਾਜ ਜੀ ਨੂੰ ਛਕਾਉਂਦੇ ਤੇ ਫਿਰ ਆਪਣੇ ਆਸਣ ਤੇ ਮੁੜ ਆਉਂਦੇ। ਨਗੀਨਾ ਘਾਟ ਵਾਂਗਣ ਹੀਰਾ ਘਾਟ ਦੀ ਵੀ ਇਹ ਸਾਖੀ ਹੈ। ਬਹਾਦਰ ਸ਼ਾਹ ਬਾਦਸ਼ਾਹ ਇੱਥੇ ਆਇਆ ਤੇ ਉਸ ਨੇ ਇੱਕ ਅਮੋਲਕ ਹੀਰਾ ਮਹਾਰਾਜ ਦੀ ਭੇਟ ਕੀਤਾ। ਮਹਾਰਾਜ ਨੇ ਨਦੀ ਵਿੱਚ ਸਿੱਟ ਦਿੱਤਾ। ਉਸ ਦੇ ਪੁੱਛਣ ਤੇ ਮਹਾਰਾਜ ਜੀ ਨੇ ਫੁਰਮਾਇਆ, "ਭਾਈ ਆਪਣਾ ਹੀਰਾ ਗੋਦਾਵਰੀ ਵਿੱਚੋਂ ਕੱਢ ਲਿਆ।" ਜਦ ਇਹ ਉੱਥੇ ਗਿਆ ਤਾਂ ਇਸ ਨੂੰ

ਵੀ ਲੱਖੀ ਵਣਜਾਰੇ ਵਾਂਗਰ ਅਨੇਕਾਂ ਹੀਰੇ ਨਜ਼ਰ ਆਏ। ਸ਼ਰਮਿੰਦਾ ਹੋ ਕੇ ਮੁੜ ਆਇਆ। ਮਹਾਰਾਜ ਦੇ ਚਰਨੀਂ ਪੈ ਭੁੱਲ ਬਖਸ਼ਾਈ।

ਮਾਤਾ ਜੀ ਦੇ ਅਸਥਾਨ ਤੋਂ ਸ਼ਿਕਾਰ ਘਾਟ ਦੋ ਕੁ ਮੀਲ ਹੈ। ਇਹ ਅਸਥਾਨ ਇੱਕ ਉੱਚੇ ਟਿੱਲੇ ਤੇ ਹੈ। ਜਿਸ ਦੇ ਪੈਰਾਂ ਵਿੱਚ ਗੌਤਮ ਤਪੇ ਦੀ ਲੜਕੀ ਅੰਜਨੀ ਦਾ ਅਸਥਾਨ ਹੈ। ਪਿਤਾ ਦੇ ਸਰਾਪ ਮਗਰੋਂ ਕਿ ਜਾਹ ਤੇਰੇ ਕਵਾਰੀ ਦੇ ਲੜਕਾ ਹੋਵੇਗਾ, ਇਹ ਇੱਥੇ ਲੁੱਕ ਕੇ ਆ ਬੈਠੀ, ਬੜਾ ਤੱਪ ਕੀਤਾ ਪਰ ਰਿਸ਼ੀ ਦਾ ਸਰਾਪ ਨਾ ਟਲਿਆ ਤੇ ਇਹਦੇ ਘਰ ਪਵਨ ਪੁੱਤਰ ਹਨੂੰਮਾਨ ਨੇ ਜਨਮ ਲਿਆ। ਫਿਰ ਉੱਤੇ ਟਿੱਲੇ ਤੇ ਚੜ੍ਹ ਗੁਰਦੁਆਰਾ ਸ਼ਿਕਾਰਘਾਟ ਦੀ ਯਾਤਰਾ ਕੀਤੀ। ਇਸ ਅਸਥਾਨ ਤੇ ਸੱਚੇ ਪਾਤਸ਼ਾਹ ਨੇ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਬਚਨ ਸਫਲ ਕੀਤਾ। ਜਦ ਮੂਲਾ ਸਿਆਲਕੋਟ ਆਪਣੀ ਇਸਤਰੀ ਦਾ ਸੁਨੇਹਾ ਮਿਲਦੇ ਹੀ ਮਹਾਰਾਜ ਜੀ ਦੇ ਮਨ੍ਹਾਂ ਕਰਨ ਦੇ ਵੀ ਮੋਹ ਦਾ ਮਾਰਿਆ ਮੁੜ ਆਇਆ। ਸੱਚੇ ਪਾਤਸ਼ਾਹ ਕਈ ਮਹੀਨਿਆਂ ਮਗਰੋਂ ਰਾਹ ਵਿੱਚ ਜਗਿਆਸੂਆਂ ਨੂੰ ਤਾਰਦੇ ਸਿਆਲਕੋਟ ਪੁੱਜੇ ਤੇ ਆਖਿਆ, "ਮਰਦਾਨਿਆ! ਚੱਲ ਆਪਣੇ ਪੁਰਾਣੇ ਯਾਰ ਨੂੰ ਮਿਲ ਆਈਏ।" ਬਾਲੇ ਮਰਦਾਨੇ ਨੂੰ ਨਾਲ ਲੈ ਮਹਾਰਾਜ ਮੰਦ ਮੂਲੇ ਦੇ ਘਰ ਵੱਲ ਤੁਰ ਪਏ। ਦੂਰੋਂ ਹੀ ਜਦ ਇਸ ਦੀ ਕੁਲਹਿਣੀ ਵਹੁਟੀ ਨੇ ਵੇਖਿਆ ਕਿ ਉਹ ਤਿੰਨ ਪੁਰਾਣੇ ਫਕੀਰ ਜੋ ਮੇਰੇ ਪਤੀ ਨੂੰ ਨਾਲ ਲੈ ਗਏ ਸਨ, ਆ ਰਹੇ ਹਨ। ਰੰਨ ਮਜੂਰ ਮੂਲੇ ਨੂੰ ਗੋਹਿਆਂ ਦੇ ਕੋਠੇ ਵਿੱਚ ਲੁਕਾ ਦਿੱਤਾ। ਜਦ ਮਹਾਰਾਜ ਜੀ ਨੇ ਘਰ ਦੇ ਬੂਹੇ ਅੱਗੇ ਆ ਕੇ ਆਵਾਜ਼ ਦਿੱਤੀ, "ਮੂਲਿਆ!" ਕੁਲਹਿਣੀ ਨੇ ਜਵਾਬ ਦਿੱਤਾ, "ਭਾਈ ਮੂਲਾ ਇੱਥੇ ਹੈ ਨਹੀਂ।" ਹੈ ਨਹੀਂ ਦੇ ਨਾਲ ਹੀ ਮੂਲੇ ਨੂੰ ਕਾਲੇ ਨਾਗ ਨੇ ਡੰਗ ਮਾਰਿਆ। ਮਹਾਰਾਜ ਜੀ ਤਾਂ ਸਾਥੀਆਂ ਸਮੇਤ ਪਿੱਛਲੇ ਪੈਰੀਂ ਪਿੱਛੇ ਮੁੜ ਆਏ। ਜਦ ਇਹ ਪ੍ਰੇਮਣ ਅੰਦਰ ਗਈ ਤਾਂ ਕੀ ਵੇਖਦੀ ਹੈ ਕਿ ਮੂਲਾ ਕਾਲਾ ਪੀਲਾ ਹੋ ਧਰਤੀ ਤੇ ਲੰਮਾ ਪਿਆ ਹੈ। ਬਾਹਰ ਨਿਕਲ ਕੇ ਲੱਗੀ ਦੋ ਹੱਥੜੀ ਪਿੱਟਣ। ਹਾਏ ਵੇ ਮੈਂ ਉੱਜੜ ਗਈ। ਸਭ ਗੁਆਂਢੀ ਇੱਕਠੇ ਹੋ ਗਏ। ਸਭ ਨੇ ਸਲਾਹ ਕੀਤੀ ਕਿ ਇਸ ਦਾ ਹੋਰ ਤਾਂ ਕੋਈ ਚਾਰਾ ਨਹੀਂ। ਇਸ ਨੂੰ ਮੰਜੀ 'ਤੇ ਪਾ ਉਸ ਫ਼ਕੀਰ ਪਾਸ ਲੈ ਚੱਲੀਏ। ਜਦ ਮਹਾਰਾਜ ਜੀ ਪਾਸ ਪਹੁੰਚੇ ਅਤੇ ਮੰਜੀ ਅੱਗੇ ਰੱਖੀ ਤਦ ਮਹਾਰਾਜ ਨੇ ਮੂਲੇ ਦੇ ਚੇਹਰੇ ਵੱਲ ਤੱਕਿਆ ਤੇ ਆਖਿਆ ਕਿ ਹੁਣ ਤੇ ਕੋਈ ਚਾਰਾ ਨਹੀਂ। ਇਹ ਸਹੇ ਦੀ ਜੂਨ ਵਿੱਚ ਆਵੇਗਾ ਤੇ ਅਸੀਂ ਦਸਵੇਂ ਜਾਮੇ ਵਿੱਚ ਇਸ ਦਾ ਨਿਸਤਾਰਾ ਕਰਾਂਗੇ। ਜਦ ਮੂਲਾ ਸਹੇ ਦੇ ਰੂਪ ਵਿੱਚ ਮਹਾਰਾਜ ਦੇ ਸਾਮ੍ਹਣੇ ਨਿਕਲਿਆ ਤੇ ਭੱਜਦਾ-ਭੱਜਦਾ ਇਸ ਟਿੱਲੇ ਤੇ ਪਹੁੰਚਿਆ ਤਾਂ ਸੱਚੇ ਪਾਤਸ਼ਾਹ ਦੇ ਤੀਰ ਨਾਲ ਇਸ ਦੀ ਗਤੀ ਹੋਈ ਤੇ ਸਹੇ ਦੀ ਜੂਨ ਤੋਂ ਛੁਟਕਾਰਾ ਹੋਇਆ। ਇਸ ਉੱਚੇ ਟਿੱਲੇ ਤੇ ਕੁਦਰਤ ਦਾ ਇੱਕ ਅਸਚਰਜ ਕੌਤਕ ਹੈ। ਐਨ ਸੈਂਟਰ ਵਿੱਚ ਇੱਕ ਡੂੰਘਾ ਤਲਾਬ ਹੈ ਜਿਸ ਦੀ ਕੋਈ ਥਾਹ ਨਹੀਂ। ਦਰਸ਼ਨ ਕਰ ਗੁਰਦੁਆਰੇ ਬਰਾਂਡੇ ਵਿੱਚ ਬੈਠ ਗਏ। ਇਸ ਅਸਥਾਨ ਤੇ ਪੁਜਾਰੀ ਸਿੰਘ ਨੇ ਬੜੇ ਪ੍ਰੇਮ ਨਾਲ ਜਵਾਰ ਦੇ ਪ੍ਰਸ਼ਾਦੇ ਛਕਾਏ। ਦੋ ਘੰਟੇ ਮਗਰੋਂ ਪ੍ਰਸ਼ਾਦੇ, ਲੱਸੀ ਅਤੇ ਗੁੜ ਸਿਰ ਤੇ ਚੁੱਕ ਪਹੁੰਚਿਆ। ਬੜੀ ਭੁੱਖ ਲੱਗੀ ਹੋਈ ਸੀ। ਬੜੇ ਸੁਆਦ ਨਾਲ ਛਕੇ ਅਤੇ ਇਹਨਾਂ ਪ੍ਰਸ਼ਾਦਿਆਂ ਵਿੱਚ ਅੰਮ੍ਰਿਤ ਦੇ ਘੁੱਟ ਆਏ। ਸਾਰੀ ਯਾਤਰਾ ਕਰ ਹਜ਼ੂਰ ਸਾਹਿਬ ਵਾਪਸ ਆ ਗਏ ਅਤੇ ਦੂਜੇ ਦਿਨ ਹੀ ਬੰਬਈ ਜਾਣ ਦੀ ਤਿਆਰੀ ਕਰ ਲਈ।

ਹਜ਼ੂਰ ਸਾਹਿਬ ਦੀ ਯਾਤਰਾ ਦੇ ਸਮੇਂ ਬੰਦਾ ਘਾਟ ਅਤੇ ਗੌਤਮ ਰਿਸ਼ੀ ਦੀ ਗੁਫਾ ਦੇ ਦਰਸ਼ਨ ਕੀਤੇ। ਬੰਦਾ ਘਾਟ ਨਗੀਨਾ ਘਾਟ ਦੇ ਨਾਲ ਹੀ ਹੈ। ਏਥੇ ਇੱਕ ਵੈਰਾਗੀ ਸਾਧੂ ਮਾਧੋ ਦਾਸ ਰਹਿੰਦਾ ਸੀ। ਇਹ ਚੇਟਕੀ ਫ਼ਕੀਰ ਸੀ। ਚਾਰ ਬੀਰਾਂ ਨੂੰ ਇਸ ਨੇ ਵੱਸ ਕੀਤਾ ਹੋਇਆ ਸੀ। ਕੁਟੀਆ ਦੇ ਆਲੇ-ਦੁਆਲੇ ਇੱਕ ਸੋਹਣਾ ਬਾਗ਼ ਸੀ ਤੇ ਕੁਟੀਆ ਦੇ ਵਿੱਚ ਇੱਕ ਸੁੰਦਰ ਪਲੰਘ ਸੀ ਜਿਹੜਾ ਵੀ ਕੋਈ ਸਾਧੂ ਜਾਂ ਪ੍ਰੇਮੀ ਇਸ

ਨੂੰ ਮਿਲਣ ਲਈ ਆਉਂਦਾ ਉਸ ਨੂੰ ਬੜੇ ਆਦਰ ਨਾਲ ਪਲੰਘ ਤੇ ਬਿਠਾ ਦਿੰਦਾ। ਕੁਝ ਚਿਰ ਮਗਰੋਂ ਮੰਤਰਾਂ ਦੀ ਤਾਕਤ ਨਾਲ ਪਲੰਘ ਉਲਟਾ ਦਿੰਦਾ ਤੇ ਖੂਬ ਤਾੜੀ ਤੇ ਖਿੱਲੀ ਪਾਉਂਦਾ।

ਜਦ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਇਸ ਧਰਤੀ ਤੇ ਆਏ, ਪਹਿਲਾਂ ਇਨ੍ਹਾਂ ਬੰਦ ਕੁਟੀਆ ਵਿੱਚ ਜਾ ਡੇਰਾ ਕੀਤਾ। ਸੰਗਤ ਨੇ ਲੰਗਰ ਦੀ ਤਿਆਰੀ ਅਰੰਭ ਦਿੱਤੀ ਤੇ ਸੱਚੇ ਪਾਤਸ਼ਾਹ ਅੰਦਰ ਪਲੰਘ ਤੇ ਸੱਜ ਗਏ। ਇਸ ਵੇਲੇ ਬੰਦਾ ਬਾਹਰ ਗਿਆ ਹੋਇਆ ਸੀ। ਆਪਣੀ ਕੁਟੀਆ ਵਿੱਚ ਇਹ ਰੰਗ ਵਰਤਿਆ ਵੇਖ ਇਹ ਅੱਗ ਬਗੋਲਾ ਹੋ ਗਿਆ, ਹੋਵੇ ਕੌਣ ਜੋ ਮੇਰੀ ਕੁਟੀਆ ਵਿੱਚ ਬਿਨਾਂ ਆਗਿਆ ਮਾਲਕ ਬਣ ਆ ਬਿਰਾਜੇ। ਮਹਾਰਾਜ ਜੀ ਨੂੰ ਪਲੰਘ ਤੇ ਬੈਠੇ ਵੇਖ ਹੋਰ ਵੀ ਸੜ੍ਹ ਬਲ ਗਿਆ। ਲੱਗਾ ਸਾਰਾ ਟਿੱਲ ਲਾਉਣ, ਪਰ ਹੁਣ ਪਲੰਘ ਕਿਸ ਤਰ੍ਹਾਂ ਉਲਟੇ, ਦੀਨ-ਦੁਨੀਆਂ ਦੇ ਵਾਲੀ ਉੱਤੇ ਸੱਜੇ ਹੋਏ ਸਨ। ਹਾਰ ਕੇ ਚਰਨੀਂ ਢਹਿ ਪਿਆ। ਸੱਚੇ ਪਾਤਸ਼ਾਹ ਨੇ ਬੜੇ ਪ੍ਰੇਮ ਨਾਲ ਪੁੱਛਿਆ "ਤੂੰ ਕੌਣ ਹੈ? ਮਾਧੋ ਦਾਸ ਨੇ ਆਖਿਆ ਮੈਂ ਆਪ ਕਾ ਬੰਦਾ।" ਇਹ ਸੁਣ ਸੱਚੇ ਪਾਤਸ਼ਾਹ ਫੁਰਮਾਇਆ, **"ਬੰਦਾ! ਭਾਰਤ ਵਰਸ਼ ਦੀ ਧਰਤੀ ਜ਼ੁਲਮ ਦੇ ਭਾਰ ਹੇਠਾਂ ਚੀਕ ਪੁਕਾਰ ਰਹੀ ਹੈ। ਖੂਨ ਦੀਆਂ ਨਦੀਆਂ ਵੱਗ ਰਹੀਆਂ ਹਨ ਤੇ ਬਹੂ-ਬੇਟੀਆਂ ਦੀ ਪੱਤ ਲਹਿ ਰਹੀ ਹੈ। ਸਾਧੂ ਦਾ ਧਰਮ ਹੈ ਕਿ ਧਰਤੀ ਦਾ ਭਾਰ ਵੰਡਾਏ। ਜਾਹ ਤੇ ਭਾਰਤ ਮਾਤਾ ਦਾ ਦੁੱਖ ਵੰਡਾ।" ਇਹ ਸੁਣ ਬੰਦੇ ਦਾ ਗੁਪਤ ਜੋਸ਼ ਠਾਠਾਂ ਮਾਰ ਉੱਠਿਆ ਤੇ ਉਸ ਆਖਿਆ "ਸਤਿ ਬਚਨ" ਸੱਚੇ ਪਾਤਸ਼ਾਹ ਨੇ ਉਸੇ ਵੇਲੇ ਆਪਣੇ ਗਾਤਰੇ ਦੀ ਕ੍ਰਿਪਾਨ ਲਾਹ ਇਸਦੇ ਗੱਲ ਪਾ ਦਿੱਤੀ। ਸਿੱਖਾਂ ਨੇ ਉਸ ਕੋਲੋਂ ਇਹ ਕ੍ਰਿਪਾਨ ਖੋਹ ਲਈ ਤੇ ਬੇਨਤੀ ਕੀਤੀ, "ਸੱਚੇ ਪਾਤਸ਼ਾਹ! ਇਹ ਸਾਡੀ ਜਾਇਦਾਦ ਹੈ। ਹਜ਼ੂਰ ਦੀ ਕਿਰਪਾ ਦੁਆਰਾ ਅਸਾਂ ਇਸ ਵਾਸਤੇ ਸਾਰੀਆਂ ਘਾਲਾਂ ਘਾਲੀਆਂ ਹਨ।" ਮਹਾਰਾਜ ਹੱਸ ਪਏ ਅਤੇ ਬੰਦੇ ਬਹਾਦਰ ਨੂੰ ਆਪਣੇ ਭੱਥੇ ਵਿੱਚੋਂ ਪੰਜ ਤੀਰ ਬਖਸ਼ੇ ਅਤੇ ਪੰਜ ਸਿੰਘ ਬਾਬਾ ਬਨੋਦ ਸਿੰਘ ਜੀ ਦੀ ਜੱਥੇਦਾਰੀ ਵਿੱਚ ਏਸਦੇ ਨਾਲ ਤਿਆਰ ਕੀਤੇ। ਏਸਨੂੰ ਤਿੰਨ ਹੁਕਮ ਆਖ ਸੁਣਾਏ (੧) ਬੰਦਾ ਵਿਆਹ ਨਾ ਕਰੀਂ (੨) ਗੁਰੂ ਨਾ ਬਣ ਬੈਠੀਂ ਤੇ (੩) ਆਪਣਾ ਧਰਮ ਨਾ ਚਲਾਈਂ। ਇਹਨਾਂ ਪੰਜਾਂ ਸਿੰਘਾਂ ਦੇ ਗੁਰਮਤੇ ਨਾਲ ਸੇਵਾ ਕਰੀਂ। ਤੇਰੇ ਅੱਗੇ ਕੋਈ ਨਹੀਂ ਠਹਿਰ ਸਕੇਗਾ।**

**ਜਦ ਤੀਕਰ ਬੰਦੇ ਨੇ ਇਹ ਤਿੰਨ ਹੁਕਮ ਮੰਨੇ ਇਸਨੇ ਉਹ ਕਾਰਨਾਮੇ ਕੀਤੇ, ਜਿਨ੍ਹਾਂ ਦੀ ਧਾਕ ਰਹਿੰਦੀ ਦੁਨੀਆਂ ਤੱਕ ਰਹੇਗੀ। ਜਦ ਹੁਕਮ ਅਦੂਲੀ ਕੀਤੀ ਤਾਂ ਅਖੀਰਲੀ ਜੰਗ ਵਿੱਚ ਹਾਰ ਖਾ ਕੇ ਡੋਲ ਦੇ ਰੱਸੇ ਨਾਲ ਖੂਹ ਵਿੱਚ ਜਾ ਲਟਕਿਆ ਤੇ ਫੜ੍ਹਿਆ ਗਿਆ।** ਕੈਦੀ ਹੋ ਕੇ ਸਾਥੀਆਂ ਸਮੇਤ ਆਗਰੇ ਪਹੁੰਚਾ। ਇਸਦਾ ਪੁੱਤਰ ਇਸਦੇ ਆਪਣੇ ਹੱਥੀਂ ਮਰਵਾਇਆ ਗਿਆ ਤੇ ਇਸਦੀ ਇਸਤਰੀ ਏਸ ਦੇ ਸਾਹਮਣੇ ਕਤਲ ਕੀਤੀ ਗਈ, ਫਿਰ ਬੜੇ ਤਸੀਹੇ ਦਿੱਤੇ ਗਏ ਤੇ ਮੁਰਦਾ ਸਮਝ ਕੇ ਹਾਥੀ ਦੇ ਪਿੱਛੇ ਸਾਰੇ ਆਗਰੇ ਸ਼ਹਿਰ ਵਿੱਚ ਘਸੀਟਿਆ ਗਿਆ ਅਤੇ ਜਮਨਾ ਦੇ ਕਿਨਾਰੇ ਸਿਟਿਆ ਗਿਆ। ਬੰਦਾ ਪ੍ਰਾਣਾਜਾਮੀ ਸੀ ਤੇ ਏਸ ਨੇ ਆਪਣੇ ਸਵਾਸ ਚੜ੍ਹਾ ਲਏ ਸਨ। ਇੱਕ ਮੁਸਲਮਾਨ ਫ਼ਕੀਰ ਇਹ ਦੇਖ ਕੇ ਇਸਦੇ ਪਾਸ ਆਇਆ ਤੇ ਦੇਖਿਆ ਕਿ ਅਜੇ ਜਾਨ ਬਾਕੀ ਹੈ। ਮਾਲਸ਼ ਕਰਕੇ ਇਸਨੂੰ ਸੁਰਜੀਤ ਕੀਤਾ। ਏਥੋਂ ਬੰਦਾ ਹੌਲੀ-ਹੌਲੀ ਫ਼ਕੀਰੀ ਦੇ ਭੇਸ ਵਿੱਚ ਟੁਰਦਾ ਜੰਮੂ ਦੇ ਇਲਾਕੇ ਵਿੱਚ ਜਾ ਪਹੁੰਚਿਆ। ਏਥੇ ਹੁਣ ਤੱਕ ਏਸ ਦਾ ਗੁਰਦੁਆਰਾ ਤੇ ਪੰਥ ਬੰਦਈ ਖ਼ਾਲਸਾ ਮੌਜੂਦ ਹੈ।

ਗੌਤਮ ਤਪੇ ਦੀ ਗੁਫ਼ਾ ਬੰਦਾ ਘਾਟ ਤੋਂ ਅੱਧ ਕੁ ਮੀਲ ਦੇ ਫਾਸਲੇ 'ਤੇ ਹੈ। ਏਸ ਦੇ ਉੱਤੇ ਇੱਕ ਸ਼ਾਨਦਾਰ ਦਰਖ਼ਤ ਹੈ ਤੇ ਇਸ ਵਿੱਚ ਇੱਕ ਸੁੰਦਰ ਸ਼ਿਵ ਲਿੰਗ।

ਹਜ਼ੂਰ ਸਾਹਿਬ ਤੋਂ ਕੂਚ ਕਰ ਦਾਸ ਸਿੱਧਾ ਬੰਬਈ ਪਹੁੰਚਿਆ। ਉੱਥੇ ਕੁਝ ਦਿਨ ਇੱਕ ਧਰਮਸਾਲਾ ਵਿੱਚ ਠਹਿਰਿਆ। ਈਡਨ ਗਾਰਡਨਜ਼, ਚੋਪਾਟੀ, ਤਾਜ ਮਹਿਲ ਹੋਟਲ ਤੇ ਹੋਰ ਉੱਘੀਆਂ ਥਾਂਵਾਂ ਦੇ ਦਰਸ਼ਨ ਕੀਤੇ। ਹੁਣ ਛੁੱਟੀਆਂ ਖਤਮ ਹੋਣ ਵਾਲੀਆਂ ਸਨ। ਗੱਡੀ ਚੜ੍ਹ ਸਿੱਧਾ ਅੰਮ੍ਰਿਤਸਰ ਪਹੁੰਚਿਆ ਤੇ ਆਪਣਾ ਕੰਮ ਸੰਭਾਲ ਲਿਆ।

ਇਸ ਯਾਤਰਾ ਦੇ ਡੂੰਘੇ ਪ੍ਰਭਾਵ ਅਤੇ ਅਨਾਥਾਂ ਦੀ ਸੇਵਾ ਦਾ ਇਹ ਫਲ ਹੋਇਆ ਕਿ ਅਰਦਾਸ ਵਿੱਚ ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ ਦੇ ਨਾਲ ਹੀ ਦਾਸ ਚੁਫਾਲ ਮੂੰਹ ਦੇ ਭਾਰ ਡਿੱਗਣ ਲੱਗ ਪਿਆ। ਇੱਕ ਦੋ ਦਿਨ ਤਾਂ ਡਿੱਗਾ, ਫੇਰ ਵਿਦਿਆਰਥੀ ਚੜ੍ਹਦੀ ਕਲਾ ਦੇ ਨਾਲ ਹੀ ਦਾਸ ਨੂੰ ਮੋਢਿਆਂ ਤੋ ਫੜ੍ਹ ਲੈਂਦੇ ਤੇ ਡਿੱਗਣ ਨਾ ਦੇਂਦੇ ਅਤੇ ਮੱਥਾ ਟਿਕਾ ਦਿੰਦੇ।

ਇੱਕ ਦਿਨ ਮੇਰਾ ਨੌਕਰ ਰੋਂਦਾ ਰੋਂਦਾ ਮੇਰੇ ਪਾਸ ਆਇਆ ਕਿ ਮੈਂ ਗਾਂ ਚੋ ਰਿਹਾ ਸੀ। ਗਾਂ ਨੇ ਟਾਹਲੀ ਦੇ ਪੱਤਿਆਂ ਨੂੰ ਸੁਭਾਵਕ ਮੂੰਹ ਮਾਰਿਆ। ਕੌਲ ਸਾਹਿਬ ਕਾਲਜ ਦਾ ਪ੍ਰਿੰਸੀਪਲ ਕੋਲੋਂ ਲੰਘ ਰਿਹਾ ਸੀ। ਉਸ ਨੇ ਮੈਨੂੰ ਦਫ਼ਤਰ ਸੱਦ ਕੇ ਹੱਥਾਂ ਤੇ ਬੈਂਤ ਮਾਰੇ। ਇਹ ਸੁਣ ਮੈਨੂੰ ਜੋਸ਼ ਆ ਗਿਆ ਤੇ ਮੈਂ ਸਿੱਧਾ ਮਿਸਟਰ ਕੌਲ ਦੇ ਦਫ਼ਤਰ ਚਲਾ ਗਿਆ। ਉਹ ਕੁਰਸੀ ਤੇ ਬੈਠਾ ਸੀ। ਮੈਂ ਵੀ ਸਾਹਮਣੇ ਕੁਰਸੀ ਤੇ ਬੈਠ ਗਿਆ ਅਤੇ ਆਖਿਆ ਕਿ ਤੂੰ ਮੇਰੇ ਪਰਾਈਵੇਟ ਨੌਕਰ ਨੂੰ ਕਿਉਂ ਮਾਰਿਆ ਹੈ। ਤੂੰ ਮੈਨੂੰ ਦੱਸਦਾ, ਮੈਂ ਆਪੇ ਉਸ ਨੂੰ ਸਜ਼ਾ ਦਿੰਦਾ। ਇਹ ਸੁਣ ਕੌਲ ਵੀ ਗੁੱਸੇ ਵਿੱਚ ਆ ਗਿਆ ਕਿ ਮੈ ਤੇਰੀ ਪ੍ਰਧਾਨ ਰੈਡੀਗਨ Raddigan ਕੋਲ ਰਿਪੋਰਟ ਕਰਾਂਗਾ। ਅਗੋਂ ਮੈਂ ਜੋਸ਼ ਵਿੱਚ ਆਖਿਆ ਕਿ ਮੈਂ ਤੈਂਨੂੰ ਲਾਹ ਕੋਰਟ ਵਿੱਚ ਸੂ (Sue) ਕਰਾਂਗਾ (ਤੇਰੇ ਤੇ ਮੁਕੱਦਮਾ ਚਲਾਵਾਂਗਾ)। ਇਹ ਸੁਣ ਮਿਸਟਰ ਕੌਲ ਵਿੱਚ ਕੋਈ ਚੰਗਾ ਤੱਤ ਜਾਗ ਪਿਆ। ਉਹ ਠੰਡਾ ਹੋ ਕੁਰਸੀ ਤੋਂ ਉੱਠ ਖੜ੍ਹਾ ਹੋਇਆ ਤੇ ਆਖਿਆ, "Mr Singh you are my right hand man let us be friends" ਤੂੰ ਮੇਰੀ ਸੱਜੀ ਬਾਂਹ ਹੈਂ। ਇਸ ਹਿਰਦੇ ਵਿੱਚੋਂ ਨਿਕਲੇ ਹੋਏ ਬਚਨ ਦਾ ਮੇਰੇ ਤੇ ਬੜਾ ਅਸਰ ਹੋਇਆ ਤੇ ਅੱਗੇ ਤੋਂ ਸਾਡੇ ਵਿੱਚ ਖੂਬ ਨਿਭੀ। ਮਿਸਟਰ ਕੌਲ ਨੇ ਵੀ ਆਪਣੇ ਸ਼ੁੱਧ ਹਿਰਦੇ ਦਾ ਪੱਕਾ ਸਬੂਤ ਦਿੱਤਾ। ਜਦੋਂ ਨੌ ਮਹੀਨੇ ਦੀ ਛੁੱਟੀ ਲੈ ਵਲਾਇਤ ਲਈ ਤਿਆਰ ਹੋਇਆ ਤਾਂ ਉਸ ਨੂੰ ਪੁੱਛਿਆ ਗਿਆ ਕਿ ਤੇਰੀ ਥਾਂ ਸਟਾਫ ਵਿੱਚ ਕੌਣ ਕੰਮ ਕਰ ਸਕਦਾ ਹੈ ? ਉਸ ਨੇ ਲਿਖ ਭੇਜਿਆ ਕਿ ਅਗਰ ਕੋਈ ਮੇਰੀ ਥਾਂ ਕੰਮ ਕਰ ਸਕਦਾ ਹੈ ਤਾਂ ਉਹ ਨਰਿੰਜਣ ਸਿੰਘ ਮਹਿਤਾ ਹੈ। ਜਦ ਉਹ ਵਲਾਇਤ ਚਲਾ ਗਿਆ ਤਾਂ ਦਾਸ ਨੂੰ ਨੌ ਮਹੀਨੇ ਲਈ Principal ਬਣਾਇਆ ਗਿਆ। ਸਟਾਫ ਦੇ ਪਹਿਲਾਂ ਆਏ ਸੱਜਣਾਂ ਦੇ ਮਨ ਵਿੱਚ ਕੁਝ ਰੋਸ ਪੈਦਾ ਹੋਇਆ ਕਿ ਪਿੱਛੋਂ ਆਇਆ, ਅੱਗੇ ਹੋ ਗਿਆ ਹੈ। ਇਹ ਦੇਖ ਭਾਈ ਸਾਹਿਬ ਵੀਰ ਸਿੰਘ ਜੀ ਮੇਰੇ ਦਫ਼ਤਰ ਵਿੱਚ ਆਏ ਤੇ ਬੜੇ ਪ੍ਰੇਮ ਨਾਲ ਸਮਝਾਇਆ ਕਿ ਭਾਈ ਨਰਿੰਜਣ ਸਿੰਘ ਜੀ, ਜਿੰਨ੍ਹੀ ਤੁਸੀਂ ਗਰੀਬੀ ਰੱਖੋਗੇ, ਉਨਾਂ ਹੀ ਤੁਹਾਨੂੰ ਭਾਗ ਲੱਗੇਗਾ।

ਮਿਸਟਰ ਡਬਲਯੂ ਬਿਲ ਜੋ ਕਿ ਮੇਰਾ ਮਿਹਰਬਾਨ ਉਸਤਾਦ ਸੀ, ਨੇ ਮੇਰੇ ਪ੍ਰਿੰਸੀਪਾਲ ਹੋਣ ਦੀ ਮੁਖਾਲਫ਼ਤ ਕੀਤੀ। ਉਸ ਦੇ ਮਨ ਵਿੱਚ ਰੋਸ ਸੀ ਕਿ ਮੈਂ ਉਸ ਦੇ ਹੁਕਮ ਅਨੁਸਾਰ ਖ਼ਾਲਸਾ ਕਾਲਜ ਛੱਡ ਕੇ ਗੌਰਮਿੰਟ ਸਕੂਲ ਦੀ Gazetted Headmastership ਜਿਹੜੀ ਕਿ ਉਸ ਨੇ ਮੈਨੂੰ ਦਿੱਤੀ ਸੀ ਦੀ ਪੋਸਟ ਪ੍ਰਵਾਨ ਨਹੀਂ ਸੀ ਕੀਤੀ ਤੇ ਜਾਣਾ ਮਨਜ਼ੂਰ ਨਹੀਂ ਸੀ ਕੀਤਾ। ਪਰ ਸਰਦਾਰ ਸੁੰਦਰ ਸਿੰਘ ਮਜੀਠੀਏ ਨੇ ਮੈਨੂੰ ਪ੍ਰਿੰਸੀਪਲ ਬਣਵਾ ਹੀ ਲਿਆ।

ਇਸ ਸਮੇਂ ਉੱਘੇ ਵਿਦਿਆਰਥੀਆਂ ਦੇ ਨਾਮ ਇਹ ਹਨ:-

(੧) ਮਾਸਟਰ ਤਾਰਾ ਸਿੰਘ ਜੀ
(੨) ਭਾਈ ਮਾਨ ਸਿੰਘ ਜੀ, ਵਕੀਲ ਅੰਬਾਲਾ
(੩) ਬਾਵਾ ਹਰਿ ਕਿਸ਼ਨ ਸਿੰਘ ਜੀ, ਪੁਲੀਸ ਸੀ. ਪੀ.
(੪) ਬਾਵਾ ਗੁਰਬਖਸ਼ ਸਿੰਘ ਜੀ, ਅਨੰਦਪੁਰ ਸਾਹਿਬ
(੫) ਸਰਦਾਰ ਰਛਪਾਲ ਸਿੰਘ ਜੀ, ਐਸ. ਪੀ. ਸੀ. ਪੀ.
(੬) ਸਰਦਾਰ ਸੰਤ ਸਿੰਘ ਜੀ, ਡੀ ਐਸ. ਪੀ. ਸੀ. ਪੀ.
(੭) ਸਰਦਾਰ ਸੰਪੂਰਨ ਸਿੰਘ ਜੀ, ਬਾਰ-ਐਟ-ਲਾ, ਲਾਇਲਪੁਰ

ਏਸ ਤਰ੍ਹਾਂ ਪੜ੍ਹਾਈ ਕਰਾਉਂਦਿਆਂ, ਕੀਰਤਨ ਸੁਣਦਿਆਂ ਅਤੇ ਪ੍ਰੇਮ ਦੀ ਸੇਵਾ ਕਰਦਿਆਂ ਛੁੱਟੀ ਦਾ ਸਾਲ ਬੀਤਣ ਦੇ ਨੇੜੇ ਆ ਗਿਆ। ਦਾਸ ਨੇ ਲੂਣ ਦੇ ਮਹਿਕਮੇ ਤੋਂ ਅਸਤੀਫਾ ਦੇ ਦਿੱਤਾ ਪਰ ਚਿੱਤ ਵਿੱਚ ਇਹ ਸੰਕਲਪ ਉੱਠੇ ਕਿ ਉੱਥੇ ਤਾਂ ਤੇਰੀ ਨੌਕਰੀ ਪੱਕੀ ਹੈ। ਸਿੱਖਾਂ ਦਾ ਕੁਝ ਭਰੋਸਾ ਨਹੀਂ ਕਿ ਕਿਹੜੇ ਵੇਲੇ ਗੁੱਸੇ ਹੋ ਕਿ ਟੋਰ ਦੇਣ, ਫਿਰ ਤੂੰ ਕੀ ਕਰੇਂਗਾ ? ਇੱਕ ਦੋ ਦਿਨ ਅਸਤੀਫਾ ਜੇਬ ਵਿੱਚ ਹੀ ਰਿਹਾ। ਇੱਕ ਦਿਨ ਕੁਦਰਤੀ ਸ: ਸੁੰਦਰ ਸਿੰਘ ਜੀ ਮਜੀਠੀਆ ਸਵੇਰ ਦੇ ਕੀਰਤਨ ਵਿੱਚ ਗੁਰਦਆਰੇ ਸਾਹਿਬ ਆਏ ਤੇ ਭੋਗ ਮਗਰੋਂ ਦਾਸ ਇਹਨਾਂ ਦੇ ਨਾਲ ਵਿਦਾ ਕਰਨ ਲਈ ਟੁਰ ਪਿਆ। ਜਦ ਬੋਰਡਿੰਗ ਹਾਊਸ ਦੇ ਸਾਹਮਣੇ ਵਾਲੀ ਸੜਕ ਦੇ ਅੱਧ ਵਿੱਚ ਪੁੱਜੇ ਤਦ ਸਰਦਾਰ ਸਾਹਿਬ ਨੇ ਪੁੱਛਿਆ ਕਿ ਲੂਣ ਦੇ ਮਹਿਕਮੇ ਵਿੱਚ ਅਸਤੀਫਾ ਭੇਜ ਦਿੱਤਾ ਹੈ ਕਿ ਨਹੀਂ ? ਦਾਸ ਨੇ ਆਖਿਆ, ਸਿੱਖਾਂ ਤੇ ਪੂਰਾ ਭਰੋਸਾ ਨਹੀਂ ਬੱਝਦਾ ਅਸਤੀਫ਼ਾ ਲਿਖ ਤਾਂ ਲਿਆ ਹੈ, ਪਰ ਡਾਕ ਵਿੱਚ ਨਹੀਂ ਪਾਇਆ। ਉਸ ਵੇਲੇ ਸਰਦਾਰ ਸਾਹਿਬ ਨੇ ਤੁਕ ਪੜ੍ਹੀ:

**"ਸੈਲ ਪਥਰ ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰਿ ਧਰਿਆ ॥"(੧●)**

ਚਿੱਤ ਵਿੱਚ ਚੋਟ ਲੱਗੀ, ਅਸਤੀਫ਼ਾ ਉਸੇ ਵੇਲੇ ਜੇਬ ਵਿੱਚੋਂ ਕੱਢ ਕੇ ਸਰਦਾਰ ਸਾਹਿਬ ਨੂੰ ਫੜ੍ਹਾ ਦਿੱਤਾ ਅਤੇ ਆਖਿਆ, ਤੁਸੀਂ ਹੁਣੇ ਹੀ ਆਪਣੀ ਹੱਥੀਂ ਡਾਕ ਵਿੱਚ ਪਾ ਦੇਵੋ।

ਅਸਤੀਫਾ ਭੇਜਦਿਆਂ ਹੀ ਚਿੱਤ ਵਿੱਚ ਸੇਵਾ ਦਾ ਰਸ ਵੱਧ ਗਿਆ ਅਤੇ ਭੁਝੰਗੀਆਂ ਨਾਲ ਪ੍ਰੇਮ ਅੱਗੇ ਨਾਲੋਂ ਵੀ ਵਧੀਕ ਹੋ ਗਿਆ। ਹੁਣ ਸੇਵਾ ਅਤੇ ਪ੍ਰੇਮ ਦੀ ਲਹਿਰ ਸਕੂਲ ਤੇ ਕਾਲਜ ਦੋਹਾਂ ਵਿੱਚ ਚੱਲ ਪਈ। ਪ੍ਰਿੰਸੀਪਲ ਐਮ ਜੀ ਵੀ ਕੌਲ ਦੇ ਛੁੱਟੀ ਜਾਣ ਤੇ ਪ੍ਰਬੰਧਕਾਂ ਨੇ ਇਹ ਸੇਵਾ ਉਸ ਦੀ ਸਲਾਹ ਨਾਲ ਦਾਸ ਨੂੰ ਬਖਸ਼ੀ। ਹੁਣ ਪ੍ਰੇਮ ਅਤੇ ਸੇਵਾ ਦਾ ਚੱਕਰ ਹੋਰ ਵੱਡਾ ਅਤੇ ਔਖਾ ਹੋ ਗਿਆ।

# ਕਾਂਡ ੪

ਧਨਾਸਰੀ ਮਹਲਾ ੫ ਘਰੁ ੬ ਅਸਟਪਦੀ ੴ ਸਤਿਗੁਰ ਪ੍ਰਸਾਦਿ ॥

ਜੋ ਜੋ ਜੂਨੀ ਆਇਓ ਤਿਹ ਤਿਹ ਉਰਝਾਇਓ ਮਾਣਸ ਜਨਮੁ ਸੰਜੋਗਿ ਪਾਇਆ ॥
ਤਾਕੀ ਹੈ ਓਟ ਸਾਧ ਰਾਖਹੁ ਦੇ ਕਰਿ ਹਾਥ ਕਰਿ ਕਿਰਪਾ ਮੇਲਹੁ ਹਰਿ ਰਾਇਆ ॥੧॥
ਅਨਿਕ ਜਨਮ ਭ੍ਰਮਿ ਥਿਤਿ ਨਹੀ ਪਾਈ ॥
ਕਰਉ ਸੇਵਾ ਗੁਰ ਲਾਗਉ ਚਰਨ ਗੋਵਿੰਦ ਜੀ ਕਾ ਮਾਰਗੁ ਦੇਹੁ ਜੀ ਬਤਾਈ ॥੧॥ ਰਹਾਉ ॥
ਅਨਿਕ ਉਪਾਵ ਕਰਉ ਮਾਇਆ ਕਉ ਬਚਿਤਿ ਧਰਉ ਮੇਰੀ ਮੇਰੀ ਕਰਤ ਸਦ ਹੀ ਵਿਹਾਵੈ ॥
ਕੋਈ ਐਸੋ ਰੇ ਭੇਟੈ ਸੰਤੁ ਮੇਰੀ ਲਾਹੈ ਸਗਲ ਚਿੰਤ ਠਾਕੁਰ ਸਿਉ ਮੇਰਾ ਰੰਗੁ ਲਾਵੈ ॥੨॥
ਪੜੇ ਰੇ ਸਗਲ ਬੇਦ ਨਹ ਚੂਕੈ ਮਨ ਭੇਦ ਇਕੁ ਖਿਨੁ ਨ ਧੀਰਹਿ ਮੇਰੇ ਘਰ ਕੇ ਪੰਚਾ ॥
ਕੋਈ ਐਸੋ ਰੇ ਭਗਤੁ ਜੁ ਮਾਇਆ ਤੇ ਰਹਤੁ ਇਕੁ ਅੰਮ੍ਰਿਤ ਨਾਮੁ ਮੇਰੈ ਰਿਦੈ ਸਿੰਚਾ ॥੩॥
ਜੇਤੇ ਰੇ ਤੀਰਥ ਨਾਏ ਅਹੰਬੁਧਿ ਮੈਲੁ ਲਾਏ ਘਰ ਕੋ ਠਾਕੁਰੁ ਇਕੁ ਤਿਲੁ ਨ ਮਾਨੈ ॥
ਕਦਿ ਪਾਵਉ ਸਾਧਸੰਗੁ ਹਰਿ ਹਰਿ ਸਦਾ ਆਨੰਦੁ ਗਿਆਨ ਅੰਜਨਿ ਮੇਰਾ ਮਨੁ ਇਸਨਾਨੈ ॥੪॥
ਸਗਲ ਅਸ੍ਰਮ ਕੀਨੇ ਮਨੂਆ ਨਹ ਪਤੀਨੇ ਬਿਬੇਕਹੀਨ ਦੇਹੀ ਧੋਏ ॥
ਕੋਈ ਪਾਈਐ ਰੇ ਪੁਰਖੁ ਬਿਧਾਤਾ ਪਾਰਬ੍ਰਹਮ ਕੈ ਰੰਗਿ ਰਾਤਾ ਮੇਰੇ ਮਨ ਕੀ ਦੁਰਮਤਿ ਮਲੁ ਖੋਏ ॥੫॥
ਕਰਮ ਧਰਮ ਜੁਗਤਾ ਨਿਮਖ ਨ ਹੇਤੁ ਕਰਤਾ ਗਰਬਿ ਗਰਬਿ ਪੜੈ ਕਹੀ ਨ ਲੇਖੈ ॥
ਜਿਸੁ ਭੇਟੀਐ ਸਫਲ ਮੂਰਤਿ ਕਰੈ ਸਦਾ ਕੀਰਤਿ ਗੁਰ ਪਰਸਾਦਿ ਕੋਊ ਨੇਤ੍ਰਹੁ ਪੇਖੈ ॥੬॥
ਮਨਹਠਿ ਜੋ ਕਮਾਵੈ ਤਿਲੁ ਨ ਲੇਖੈ ਪਾਵੈ ਬਗੁਲ ਜਿਉ ਧਿਆਨੁ ਲਾਵੈ ਮਾਇਆ ਰੇ ਧਾਰੀ ॥
ਕੋਈ ਐਸੋ ਰੇ ਸੁਖਹ ਦਾਈ ਪ੍ਰਭ ਕੀ ਕਥਾ ਸੁਨਾਈ ਤਿਸੁ ਭੇਟੇ ਗਤਿ ਹੋਇ ਹਮਾਰੀ ॥੭॥
ਸੁਪ੍ਰਸੰਨ ਗੋਪਾਲ ਰਾਇ ਕਾਟੈ ਰੇ ਬੰਧਨ ਮਾਇ ਗੁਰ ਕੈ ਸਬਦਿ ਮੇਰਾ ਮਨੁ ਰਾਤਾ ॥
ਸਦਾ ਸਦਾ ਆਨੰਦੁ ਭੇਟਿਓ ਨਿਰਭੈ ਗੋਬਿੰਦੁ ਸੁਖ ਨਾਨਕ ਲਾਧੇ ਹਰਿ ਚਰਨ ਪਰਾਤਾ ॥੮॥
ਸਫਲ ਸਫਲ ਭਈ ਸਫਲ ਜਾਤ੍ਰਾ ॥ ਆਵਣ ਜਾਣ ਰਹੇ ਮਿਲੇ ਸਾਧਾ ॥੧॥ ਰਹਾਉ ਦੂਜਾ ॥੧॥੩॥
(੬੮੬)

## ਮਸਤਾਨੀ ਦਸ਼ਾ

ਖ਼ਾਲਸਾ ਕਾਲਜ ਅੰਮ੍ਰਿਤਸਰ ਵਿੱਚ ਨਿਸ਼ਕਾਮ ਸੇਵਾ ਕਰਦਿਆਂ ਮਨ ਰੂਪੀ ਭਾਂਡਾ ਕੁਝ ਮਾਂਜਿਆ ਗਿਆ ਤੇ ਰੱਬੀ ਬਾਣੀ ਦੀ ਆਕਰਖਨ ਸ਼ਕਤੀ (Magnetic Power) ਨੇ ਆਪਣਾ ਅਸਰ ਕਰਨਾ ਸ਼ੁਰੂ ਕਰ ਦਿੱਤਾ। ਸਰੀਰ ਜਿਹੜਾ ਕਿ ਮੱਥਾ ਟੇਕਣ ਤੋਂ ਵੀ ਮੁਨਕਰ ਸੀ ਉਹ ਜਿੱਥੇ ਵੀ ਰੱਬੀ ਕੀਰਤਨ ਹੁੰਦਾ, ਖਿੱਚਿਆ ਹੋਇਆ, ਉਸੇ ਪਾਸੇ ਤੁਰਿਆ ਜਾਂਦਾ, ਜਿਸ ਤਰ੍ਹਾਂ ਲੋਹੇ ਨੂੰ ਮਿਕਨਾਤੀਸ ਖਿੱਚ ਲੈਂਦਾ ਹੈ, ਦਾਸ ਦੇ ਸਰੀਰ ਨੂੰ ਗੁਰਬਾਣੀ ਦੀ ਆਕਰਖਨ ਸ਼ਕਤੀ ਖਿੱਚ ਲੈਂਦੀ। ਆਖ਼ਰ ਇਹ ਦਸ਼ਾ ਆ ਗਈ ਜਦ ਅਰਦਾਸ ਦਾ ਭੋਗ **"ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ।"** 'ਤੇ ਪੈਂਦਾ ਤਦ ਦਾਸ ਵਾਸਤੇ ਸਾਰੀ ਦੁਨੀਆਂ ਫ਼ਨਾਹ ਹੋ ਜਾਂਦੀ ਅਤੇ ਦਾਸ ਮੱਥੇ ਦੇ ਭਾਰ ਸ੍ਰੀ ਗੁਰੂ ਗ੍ਰੰਥ ਜੀ ਮਹਾਰਾਜ ਦੇ ਹਜ਼ੂਰ ਡਿੱਗ ਪੈਂਦਾ ਅਤੇ ਭੁਝੰਗੀ ਫੜ੍ਹ ਕੇ ਉਠਾਂਦੇ, ਦੋ-ਚਾਰ ਦਿਨ ਮਗਰੋਂ ਇਹ ਕਰਮ ਪੱਕਾ ਦੇਖ ਕੇ ਵਿਦਿਆਰਥੀ ਅਰਦਾਸ ਦੇ ਸਮੇਂ ਦਾਸ ਨੂੰ ਫੜ੍ਹ ਲੈਂਦੇ ਅਤੇ ਡਿੱਗਣ ਨਾ ਦਿੰਦੇ, ਹੌਲੀ-ਹੌਲੀ ਮੱਥਾ ਟਿਕਾ ਦਿੰਦੇ। ਪਿਆਰੇ ਪਾਠਕ ਜੀ

ਦਾਸ ਨੇ ਬੀ. ਏ. ਵਿੱਚ Physics, Chemistry ਦਾ ਕੋਰਸ ਲਿਆ ਸੀ। ਸਾਰੇ ਪੰਜਾਬ ਵਿੱਚੋਂ ਐਮ. ਏ.' ਚ Physical Science ਵਿੱਚ ਅਤੇ ਬੀ. ਏ. ਵਿੱਚ Chemistry ਵਿੱਚ ਫ਼ਸਟ ਰਿਹਾ, ਸੋ ਆਪਣੇ ਵਿੱਦਿਆ ਦੇ ਤਜਰਬੇ ਦੇ ਆਧਾਰ 'ਤੇ ਦਾਸ ਨੇ ਪ੍ਰਤੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰੂਹਾਨੀ ਬਾਣੀ ਦੀ ਖਿੱਚ ਪ੍ਰਤੀਤ ਕੀਤੀ, ਮਨ ਦੇ ਵਹਿਨ (Hallucination) ਕਰਕੇ ਨਹੀਂ ਸਗੋਂ ਸੱਚ-ਮੁੱਚ ਸਰੀਰਕ ਤੌਰ 'ਤੇ (Physical) ਦਾਸ ਦੇ ਸੀਸ ਨੂੰ ਗੁਰਬਾਣੀ ਦੀ ਆਕਰਖਨ ਸ਼ਕਤੀ (Magnetic Power) ਇਸ ਤਰ੍ਹਾਂ ਖਿੱਚ ਲੈਂਦੀ, ਜਿਸ ਤਰ੍ਹਾਂ ਲੋਹੇ ਦੇ ਟੁੱਕੜੇ ਨੂੰ ਇੱਕ ਚੁੰਬਕੀ ਪੱਥਰ (Magnet), ਦਾਸ ਦਾ ਸੀਸ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਜੁੜ ਜਾਂਦਾ ਅਤੇ ਬਹੁਤ ਸਾਰਾ ਚਿਰ ਹਰ ਰੋਜ਼ ਇਹ ਦਸ਼ਾ ਰਹਿੰਦੀ।

ਇਨ੍ਹਾਂ ਦਿਨਾਂ ਵਿੱਚ ਦਾਸ ਨੂੰ ਇੱਕ ਰੱਬੀ ਅਥਵਾ Spiritual experience ਹੋਇਆ। ਦਾਸ ਦੇ ਪਰਿਵਾਰ ਦੇ ਸਾਰੇ ਸਰੀਰ ਵਾਰੀ-ਵਾਰੀ ਪਾਠ ਅਤੇ ਅਰਦਾਸ ਕਰਦੇ, ਇੱਕ ਦਿਨ ਦਾਸ ਦੀ ਮਾਤਾ ਜੀ ਦੀ ਵਾਰੀ ਆਈ, ਦਾਸ ਨੇ ਮਾਤਾ ਜੀ ਅੱਗੇ ਅਰਦਾਸ ਕਰਨ ਲਈ ਬੇਨਤੀ ਕੀਤੀ, ਮਾਤਾ ਜੀ ਨੇ ਆਖਿਆ, "ਪੁੱਤ! ਮੈਨੂੰ ਤਾਂ ਅਰਦਾਸ ਕੰਠ ਨਹੀਂ" ਦਾਸ ਅਜੇ ਮਰਯਾਦਾ ਤੋਂ ਬਾਹਰ ਸੀ, ਬੇਨਤੀ ਕੀਤੀ, ਮਾਤਾ ਜਿਵੇਂ ਆਉਂਦੀ ਹੈ ਬੇਨਤੀ ਕਰ ਲਵੋ, ਗੁਰਮੁਖ ਭੋਲੀ ਮਾਤਾ ਜੀ ਨੇ ਬਚਨ ਮੰਨ ਕੇ ਦਸਾਂ ਪਾਤਸ਼ਾਹੀਆਂ ਦੇ ਨਾਂ ਬਿਨਾਂ ਅਰਦਾਸ ਕਰ ਦਿੱਤੀ; ਜਿਸ ਵੇਲੇ ਮਾਤਾ ਜੀ ਦੀ ਅਰਦਾਸ ਸਮਾਪਤ ਹੋਈ ਦਾਸ ਚੋਫਾਲ ਸੋਹਾਗੇ ਵਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਮੱਥੇ ਦੇ ਭਾਰ ਡਿੱਗ ਪਿਆ। ਜਦ ਤੀਕਰ (Telegraphically) ਦਾਸ ਦੇ ਹਿਰਦੇ ਵਿੱਚੋਂ ਦਸਾਂ ਪਾਤਸ਼ਾਹੀਆਂ ਦੇ ਨਾਵਾਂ ਦੀ ਲੜੀ ਦੀ ਰੌਂ ਨਹੀਂ ਨਿਕਲੀ, ਖੜ੍ਹਾ ਨਹੀਂ ਹੋ ਸਕਿਆ। ਸਤਿਗੁਰੂ ਸੱਚੇ ਪਾਤਸ਼ਾਹ ਨੇ ਇਸ ਆਪਣੇ ਪੁਰਾਣੇ ਦਲੀਲ ਬਾਜ਼ ਅਤੇ Western Education ਦੇ ਮਾਦਾ ਪ੍ਰਸਤ ਨੂੰ Spiritually ਅਨੁਭਵ ਦਿਖਾ ਦਿੱਤਾ ਕਿ ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੈ, ਉੱਥੇ ਦਸੇ ਪਾਤਸ਼ਾਹੀਆਂ ਹਾਜ਼ਰ-ਨਾਜ਼ਰ ਹਨ।

ਇਸ ਦਸ਼ਾ ਦੇ ਥੋੜ੍ਹੇ ਚਿਰ ਮਗਰੋਂ ਬਿਰਤੀ ਕੁਝ ਹੋਰ ਰੰਗ ਵਿੱਚ ਚਲੀ ਗਈ। ਕਈ ਵਾਰੀ ਘੰਟਾ-ਘੰਟਾ ਦੋ-ਦੋ ਘੰਟੇ ਦਾਸ ਲੋਕ ਲਾਜ ਤੋਂ ਪਰੇ ਹੋ ਕੇ ਇੱਕ ਖ਼ਾਸ, ਇੱਕ-ਰਸ ਅਨੰਦ ਵਿੱਚ ਲੇਟਣ ਲੱਗ ਪਿਆ: ਕਦੀ ਟਿੱਬੇ 'ਤੇ ਕਦੀ ਘਾਹ ਅਤੇ ਕਦੇ ਖੁੱਲ੍ਹੇ ਮੈਦਾਨ ਵਿੱਚ ਤੇ ਕਦੀ ਮੰਜੇ 'ਤੇ।

ਇਸ ਦਸ਼ਾ ਵਿੱਚ ਇੱਕ ਕੁੱਤਾ ਜਿਹੜਾ ਕਿ ਅਚਾਨਕ ਸਾਡੇ ਘਰ ਆ ਗਿਆ ਸੀ, ਮੇਰੇ ਪਾਸ ਬੈਠਾ ਪਹਿਰਾ ਦੇਂਦਾ। ਇਸ ਕੁੱਤੇ ਦੀ ਅਸਚਰਜ ਆਪ ਬੀਤੀ ਕਹਾਣੀ ਹੈ। ਇੱਕ ਦਿਨ ਦਾਸ ਦੀ ਘਰ ਵਾਲੀ ਨੇ ਮੇਰੇ ਨਾਲ ਬਚਨ ਕੀਤਾ ਕਿ ਇੱਥੇ ਕੋਈ ਕੁੱਤਾ ਨਹੀਂ ਵੜਦਾ, ਜਿਨੂੰ ਟੁੱਕਰ ਪਾਈਏ। ਦਾਸ ਦੇ ਹਿਰਦੇ ਵਿੱਚ ਖਿੱਚ ਹੋਈ ਤਾਂ ਦੂਜੇ ਦਿਨ ਹੀ ਇਹ ਕੂਕਰ ਆ ਗਿਆ। ਰਾਤ ਵੇਲੇ ਹਮੇਸ਼ਾ ਹੀ ਮੇਰੀ ਮੰਜੀ ਥੱਲੇ ਪੈਂਦਾ। ਇਹਨਾਂ ਦਿਨਾਂ ਵਿੱਚ ਮੇਰਾ ਦੂਜਾ ਲੜਕਾ ਮਾਤਾ ਦੇ ਗਰਭ ਵਿੱਚ ਸੀ। ਨੌਂ ਮਹੀਨੇ ਲੰਘ ਚੁੱਕੇ ਸਨ ਤੇ ਜਨਮ ਵਿੱਚ ਦਸ ਕੁ ਦਿਨ ਬਾਕੀ ਸਨ। **ਰਾਤ ਦੇ ਬਾਰਾਂ ਕੁ ਵਜੇ ਇਸਤਰੀ ਨਾਲ ਸੰਜੋਗ ਕਰਨ ਦੀ ਲਹਿਰ ਆਈ ਪਰ ਦਾਸ ਨੇ ਦ੍ਰਿੜ੍ਹ ਇਰਾਦਾ ਕੀਤਾ ਹੋਇਆ ਸੀ ਕਿ ਜਦ ਤੱਕ ਬੱਚਾ ਗਰਭ ਵਿੱਚ ਹੈ ਅਤੇ ਦੁੱਧ ਪੀਂਦਾ ਹੈ ਇਹ ਕੰਮ ਨਹੀਂ ਕਰਨਾ। ਫੌਰਨ ਮੰਜੀ ਤੋਂ ਉੱਠ ਕੇ ਹੇਠਾਂ ਦਰੀ 'ਤੇ ਪੈ ਗਿਆ ਅਤੇ ਮਨ ਨੂੰ ਆਖਿਆ, ਤੂੰ ਬੇਸ਼ੱਕ ਭੱਜਾ ਫਿਰ ਮੈਂ ਤੇਰੇ ਆਖੇ ਨਹੀਂ ਲੱਗਣਾ। "ਮਨ ਜਾਤਾ ਹੈ ਤੋ ਜਾਣ ਦੇ ਅਸਥਿਰ ਰੱਖ ਸਰੀਰ। ਚਿਲੇ ਚੜ੍ਹੀ ਕਮਾਨ ਬਿਨ ਕਿਉਂਕਰ ਨਿਕਲੇ ਤੀਰ"।** ਕੁੱਤੇ ਨੇ ਵੀਂ ਅਸਚਰਜ ਕੌਤਕ ਵਰਤਾਇਆ। ਆਪਣੇ ਸੱਜੇ ਪਹੁੰਚੇ ਨਾਲ ਮੇਰਾ ਹੱਥ ਫੜ੍ਹ ਲਿਆ ਤੇ ਆਪਣੇ ਦਿਲ 'ਤੇ ਰੱਖਿਆ। ਹਿਰਦੇ ਵਿੱਚੋਂ telephonic ਅਵਾਜ਼ ਆਈ ਕਿ ਮੈਂ ਪਿੱਛਲੇ ਜਨਮ ਵਿੱਚ ਆਦਮੀ ਸੀ। ਇਸੇ ਵਿਘਨ ਕਰਕੇ ਕੁੱਤੇ

ਦੀ ਜੂਨ ਵਿੱਚ ਆਇਆ ਹਾਂ। ਤੂੰ ਤਕੜਾ ਰਹੋ। ਮਨ ਵਿੱਚ ਕਈ ਵਾਰੀ ਨਾਚ ਕਰਨ ਦੀ ਲਹਿਰ ਆਵੇ, ਤਾਂ ਦਾਸ ਆਪਣੇ ਕਮਰੇ ਦੇ ਦਰਵਾਜੇ ਬੰਦ ਕਰਕੇ ਨੱਚ ਵੀ ਲਵੇ। ਅੰਮ੍ਰਿਤ ਵੇਲੇ ਜਦ ਦਰਬਾਰ ਸਾਹਿਬ ਇਸ਼ਨਾਨ ਕਰਨ ਜਾਵੇ ਤਾਂ ਜਿਹੜਾ ਪ੍ਰੇਮੀ ਸਾਹਮਣੇ ਆਵੇ, ਭਾਵੇਂ ਉਹ ਹਿੰਦੂ ਹੋਵੇ, ਮੁਸਲਮਾਨ ਤੇ ਭਾਵੇਂ ਚੂਹੜਾ, ਉਸ ਨਾਲ ਘੁਟ ਕੇ ਜੱਫੀ ਪਾ ਕੇ ਮਿਲਣ ਲਈ ਚਿੱਤ ਵਿੱਚ ਉਛਾਲਾ ਆਵੇ ਅਤੇ ਕਿੰਨਾ-ਕਿੰਨਾ ਚਿਰ ਪ੍ਰੇਮ ਦੀ ਖੇਡ ਵਿੱਚ ਬੀਤ ਜਾਵੇ।

ਜਦ ਇਹ ਦਸ਼ਾ ਪ੍ਰਗਟ ਹੋ ਗਈ ਤਦ ਭਾਈ ਮਾਨ ਸਿੰਘ ਜੀ ਜੋ ਭਾਈ ਸਾਹਿਬ ਭਾਈ ਵੀਰ ਸਿੰਘ ਦੇ ਸ਼ਰਧਾਲੂ ਸਨ ਅਤੇ ਹੋਰ ਕਈ ਸਤਿਸੰਗੀ ਦਾਸ ਪਾਸ ਆਉਣ ਲੱਗ ਪਏ। ਸਾਰੇ ਹੀ ਕਹਿਣ ਕੋਈ ਡਾਕਟਰ ਲੱਭੋ ਅਥਵਾ ਕੋਈ ਸੰਤ ਢੂੰਡੋ। ਦਾਸ ਸਭ ਨੂੰ ਉੱਤਰ ਦੇਵੇ ਕਿ ਦਾਸ ਨੂੰ ਤਾਂ ਸੰਤ-ਅਸੰਤ ਦੀ ਪਹਿਚਾਨ ਨਹੀਂ, ਜਿਸ ਪਾਸ ਸਤਿਗੁਰੂ ਆਪ ਲੈ ਜਾਣਗੇ, ਦਾਸ ਚਲਾ ਜਾਵੇਗਾ।

ਇਸ ਖ਼ਿਆਲ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਲਿਆਂਦੀ ਅਤੇ ਆਪਣੇ ਕਵਾਟਰ ਵਿੱਚ ਪ੍ਰਕਾਸ਼ ਕੀਤਾ। ਪ੍ਰਕਾਸ਼ ਕਰਨ ਸਮੇਂ ਕੁਦਰਤੀ ਸੋਰਠਿ ਰਾਗ ਨਿਕਲਿਆ ਅਤੇ ਇਸ ਰਾਗ ਦਾ ਨਿੱਤਨੇਮ ਪਾਠ ਸ਼ੁਰੂ ਕਰ ਦਿੱਤਾ। ਸੱਚ ਹੈ:

**"ਸੋਰਠਿ ਸਦਾ ਸੁਹਾਵਣੀ ਜੇ ਸਚਾ ਮਨਿ ਹੋਇ ॥" (੬੪੨)**

ਹੁਣ ਪਾਠ ਦਾ ਪ੍ਰੇਮ ਬਹੁਤ ਵਧ ਗਿਆ। ਸਾਰਾ ਦਿਨ ਜੋ ਸਮਾਂ ਪੜ੍ਹਾਈ ਅਤੇ ਦਫ਼ਤਰ ਤੋਂ ਵਿਹਲਾ ਮਿਲੇ, ਦਾਸ ਪਾਠ ਕਰਨ ਲਗ ਪਵੇ। ਸਰੀਰ ਦੀ ਦਸ਼ਾ ਅਸਚਰਜ ਹੀ ਹੋ ਗਈ, ਪਾਠ ਕਰਦਿਆਂ-ਕਰਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਵਿੱਚੋਂ ਕੋਈ ਆਕਰਖਨ ਸ਼ਕਤੀ ਆਵੇ ਅਤੇ ਜਿਸ ਤਰ੍ਹਾਂ ਚੁੰਬਕੀ ਪੱਥਰ ਲੋਹੇ ਨੂੰ ਖਿੱਚਦਾ ਹੈ, ਦਾਸ ਦਾ ਸਿਰ ਜ਼ੋਰ ਨਾਲ ਖਿੱਚਿਆ ਜਾਵੇ ਅਤੇ ਕਿੰਨਾ-ਕਿੰਨਾ ਚਿਰ ਮਹਾਰਾਜ ਜੀ ਦੀ ਬੀੜ ਨਾਲ ਚਮੜਿਆ ਰਹੇ ਅਤੇ ਹਿਰਦੇ ਵਿੱਚ ਉਹ ਤੁਕ, ਜੋ ਦਾਸ ਪੜ੍ਹ ਰਿਹਾ ਹੋਵੇ, ਘੰਟਾ-ਘੰਟਾ ਚੱਲਦੀ ਰਹੇ।

## ਸੰਤਾਂ ਦੇ ਮਿਲਣ ਦੀ ਖਿੱਚ

ਪ੍ਰੇਮ ਦੀ ਇਸ ਦਸ਼ਾ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚੋਂ ਸ਼ਬਦ ਆਉਣ ਲੱਗ ਪਏ; ਸੰਤਾਂ ਦੇ ਚਰਨਾਂ ਵਿੱਚ ਜਾਵੋ, ਉਹਨਾਂ ਦਾ ਸਤਿਸੰਗ ਕਰੋ।

**ਸੋਰਠਿ ਮਹਲਾ ੫ ॥**

**ਤਨੁ ਸੰਤਨ ਕਾ ਧਨੁ ਸੰਤਨ ਕਾ ਮਨੁ ਸੰਤਨ ਕਾ ਕੀਆ ॥**
**ਸੰਤ ਪ੍ਰਸਾਦਿ ਹਰਿ ਨਾਮੁ ਧਿਆਇਆ ਸਰਬ ਕੁਸਲ ਤਬ ਥੀਆ ॥੧॥**
**ਸੰਤਨ ਬਿਨੁ ਅਵਰੁ ਨ ਦਾਤਾ ਬੀਆ ॥**
**ਜੋ ਜੋ ਸਰਣਿ ਪਰੈ ਸਾਧੂ ਕੀ ਸੋ ਪਾਰਗਰਾਮੀ ਕੀਆ ॥ ਰਹਾਉ ॥**
**ਕੋਟਿ ਪਰਾਧ ਮਿਟਹਿ ਜਨ ਸੇਵਾ ਹਰਿ ਕੀਰਤਨੁ ਰਸਿ ਗਾਈਐ ॥**
**ਈਹਾ ਸੁਖੁ ਆਗੈ ਮੁਖ ਊਜਲ ਜਨ ਕਾ ਸੰਗੁ ਵਡਭਾਗੀ ਪਾਈਐ ॥੨॥**

ਰਸਨਾ ਏਕ ਅਨੇਕ ਗੁਣ ਪੂਰਨ ਜਨ ਕੀ ਕੇਤਕ ਉਪਮਾ ਕਹੀਐ ॥
ਅਗਮ ਅਗੋਚਰ ਸਦ ਅਬਿਨਾਸੀ ਸਰਣਿ ਸੰਤਨ ਕੀ ਲਹੀਐ ॥੩॥
ਨਿਰਗੁਨ ਨੀਚ ਅਨਾਥ ਅਪਰਾਧੀ ਓਟ ਸੰਤਨ ਕੀ ਆਹੀ ॥
ਬੂਡਤ ਮੋਹ ਗ੍ਰਿਹ ਅੰਧ ਕੂਪ ਮਹਿ ਨਾਨਕ ਲੇਹੁ ਨਿਬਾਹੀ ॥੪॥੭॥ (੬੧੦)

ਸੋਰਠਿ ਮਹਲਾ ੫ ॥

ਸੰਚਨਿ ਕਰਉ ਨਾਮ ਧਨੁ ਨਿਰਮਲ ਥਾਤੀ ਅਗਮ ਅਪਾਰ ॥
ਬਿਲਛਿ ਬਿਨੋਦ ਆਨੰਦ ਸੁਖ ਮਾਣਹੁ ਖਾਇ ਜੀਵਹੁ ਸਿਖ ਪਰਵਾਰ ॥੧॥
ਹਰਿ ਕੇ ਚਰਨ ਕਮਲ ਆਧਾਰ ॥
ਸੰਤ ਪ੍ਰਸਾਦਿ ਪਾਇਓ ਸਚ ਬੋਹਿਥੁ
ਚੜਿ ਲੰਘਉ ਬਿਖੁ ਸੰਸਾਰ ॥੧॥ ਰਹਾਉ ॥
ਭਏ ਕ੍ਰਿਪਾਲ ਪੂਰਨ ਅਬਿਨਾਸੀ ਆਪਹਿ ਕੀਨੀ ਸਾਰ ॥
ਪੇਖਿ ਪੇਖਿ ਨਾਨਕ ਬਿਗਸਾਨੋ ਨਾਨਕ ਨਾਹੀ ਸੁਮਾਰ ॥੨॥੧੦॥੩੮॥ (੬੧੮)

## ਸੰਤ ਬਾਬਾ ਸ਼ਾਮ ਸਿੰਘ ਜੀ ਮਹਾਰਾਜ ਦੇ ਦਰਸ਼ਨ ਕਰਨਾ

ਜਿਉਂ-ਜਿਉਂ ਇਸ ਤਰ੍ਹਾਂ ਦੇ ਸ਼ਬਦ ਆਉਣ, ਮਨ ਵਿੱਚ ਸੰਤਾਂ ਦੇ ਮਿਲਣ ਦੀ ਖਿੱਚ ਪੈਦਾ ਹੋਵੇ। ਇੱਕ ਦਿਨ ਐਤਵਾਰ ਨੂੰ ਪਾਠ ਕਰਦਿਆਂ-ਕਰਦਿਆਂ ਇਹ ਖਿੱਚ ਤੀਬਰ ਹੋ ਗਈ। ਐਨ ਉਸ ਸਮੇਂ ਪ੍ਰੋਫੈਸਰ ਜਗਨਨਾਥ, ਜੋ ਉਸ ਵਕਤ ਕਾਲਜ ਵਿੱਚ ਕੈਮਿਸਟਰੀ ਦੇ ਪ੍ਰੋਫੈਸਰ ਸਨ ਅਤੇ ਫ਼ਕੀਰਾਂ ਦੇ ਬੜੇ ਖੋਜੀ ਸਨ, ਦਾਸ ਪਾਸ ਆ ਗਏ ਅਤੇ ਆਖਣ ਲੱਗੇ, ਆਓ ਤੁਹਾਨੂੰ ਗੁਰੂ ਕੇ ਬਾਗ਼ ਵਿੱਚ ਇੱਕ ਮੁਸਲਮਾਨ ਫ਼ਕੀਰ ਪਾਸ ਲੈ ਚੱਲੀਏ। ਦਾਸ ਉਸੇ ਵੇਲੇ ਉਹਨਾਂ ਦੇ ਨਾਲ ਤੁਰ ਪਿਆ। ਜਦ ਲਾਲਾ ਜਗਨਨਾਥ ਜੀ ਦਾਸ ਨੂੰ ਇੱਕ ਜਗ੍ਹਾ ਬਿਠਾ ਕੇ ਉਸ ਫ਼ਕੀਰ ਨੂੰ ਲੱਭਣ ਗਏ ਤਦ ਉਹ ਨਾ ਮਿਲਿਆ। ਮੁੜ ਕੇ ਆਪ ਹੀ ਕਹਿਣ ਲੱਗੇ, ਸਾਡੇ ਪ੍ਰੇਮੀ ਬਾਬਾ ਦੂਲਾ ਸਿੰਘ ਜੀ ਸਾਧੂ ਹਨ। ਚੱਲੋ, ਤੁਹਾਨੂੰ ਉਹਨਾਂ ਪਾਸ ਲੈ ਚੱਲੀਏ ਦਾਸ ਨੇ ਆਖਿਆ, 'ਸਤਿ ਬਚਨ'। ਅਸੀਂ ਇਕੱਲੇ ਟੁਰ ਪਏ। ਬਾਬਾ ਦੀਪ ਸਿੰਘ ਜੀ ਸ਼ਹੀਦ ਦੇ ਬੁੰਗੇ ਪਾਸੋਂ ਲੰਘਦੇ ਅਕਾਲ ਤਖ਼ਤ ਸਾਹਿਬ ਵਾਲੀ ਬਾਹੀ ਦੇ ਖੱਬੇ ਹੱਥ 'ਤੇ ਇੱਕ ਬੁੰਗੇ ਵਿੱਚ ਖੜ੍ਹੇ ਹੋ ਗਏ। ਏਸ ਬੁੰਗੇ ਵਿੱਚ ਚੜ੍ਹਦਿਆਂ ਸਾਰ ਹੀ ਦਾਸ ਦੀ ਦਸ਼ਾ ਕੁਝ ਮਸਤਾਨੀ ਹੋ ਗਈ ਤੇ ਇੱਕ ਥਾਂ ਬੈਠ ਗਿਆ। ਪ੍ਰੋਫੈਸਰ ਜਗਨਨਾਥ ਜੀ ਬਾਬਾ ਦੂਲਾ ਸਿੰਘ ਜੀ ਦੀ ਕੁਟੀਆ ਵੱਲ ਗਏ। ਇਹਨਾਂ ਨੂੰ ਗਿਆਂ ਅਜੇ ਦੋ-ਚਾਰ ਮਿੰਟ ਹੀ ਹੋਏ ਸਨ ਕਿ ਦਾਸ ਦੇ ਚਿੱਤ ਵਿੱਚ ਖ਼ਿਆਲ ਆਇਆ, ਤੂੰ ਸੰਤਾਂ ਨੂੰ ਮਿਲਣ ਆਇਆ ਹੈ, ਏਥੇ ਆਕੜ ਕੇ ਬੈਠ ਗਿਆ ਉੱਠ, ਅੱਗੇ ਹੋ ਕੇ ਸੰਤਾਂ ਨੂੰ ਮਿਲ, ਦਾਸ ਟੁਰ ਪਿਆ। ਅਜੇ ਬੁੰਗੇ ਤੋਂ ਬਾਹਰ ਪੈਰ ਹੀ ਧਰਿਆ ਸੀ ਕਿ ਅੱਗੋਂ ਬਾਬਾ ਦੂਲਾ ਸਿੰਘ ਜੀ ਆਪਣੀ ਕੁਟੀਆ ਤੋਂ ਉੱਤਰ ਕੇ ਆਪ ਲਾਲਾ ਜਗਨਨਾਥ ਜੀ ਨੂੰ ਮਿਲੇ। ਉਹ ਆਖ ਰਹੇ ਸਨ, ਚੱਲੋ ਛੇਤੀ ਚੱਲੀਏ, ਪ੍ਰੇਮੀ ਨੂੰ ਮਿਲੀਏ। ਜਦ ਦਾਸ ਸੰਤਾਂ ਦੇ

ਪਾਸ ਅੱਪੜਿਆ ਤਦ ਸੰਤ ਅੱਗੇ-ਅੱਗੇ ਟੁਰ ਪਏ ਅਤੇ ਦਾਸ ਪਿੱਛੇ-ਪਿੱਛੇ। ਇਸ ਤਰ੍ਹਾਂ ਸ੍ਰੀ ਅਕਾਲ ਤਖ਼ਤ ਸਾਹਿਬ ਆਏ। ਅੱਗੇ ਸੋਦਰ ਦਾ ਦੀਵਾਨ ਸਜਿਆ ਹੋਇਆ ਸੀ ਅਤੇ ਸੰਤ ਸ਼ਾਮ ਸਿੰਘ ਜੀ ਮਹਾਰਾਜ ਜਥੇ ਸਮੇਤ ਕੀਰਤਨ ਕਰ ਰਹੇ ਸਨ। ਇਹਨਾਂ ਦਾ ਦਰਸ਼ਨ ਕਰਦੇ ਹੀ ਦਾਸ ਦੇ ਹਿਰਦੇ ਵਿੱਚ ਤਾਰ ਖੜਕ ਗਈ ਕਿ ਸੰਤ ਭਾਈ ਦੂਲਾ ਸਿੰਘ ਜੀ ਨੇ ਦਾਸ ਨੂੰ ਇਹਨਾਂ ਪਾਸ ਲਿਆਂਦਾ ਹੈ। ਦੂਜੇ ਦਿਨ ਸ਼ਾਮ ਦੇ ਚਾਰ ਵਜੇ ਦਾਸ, ਦਾਸ ਦੀ ਸੁਪਤਨੀ ਅਤੇ ਭਾਈ ਹਰੀ ਸਿੰਘ ਜੀ ਬਸਰਾਏ ਪਤਾ ਪੁੱਛਦੇ-ਪੁੱਛਦੇ ਸੰਤ ਭਾਈ ਸ਼ਾਮ ਸਿੰਘ ਜੀ ਦੇ ਡੇਰੇ ਅੱਪੜੇ। ਪਹਿਲਾਂ ਹੇਠਲੀ ਮੰਜ਼ਲ ਵਿੱਚ ਕੁਝ ਮਸਤਾਨੀ ਦਸ਼ਾ ਵਰਤ ਗਈ ਅਤੇ ਅੱਧਾ ਕੁ ਘੰਟਾ ਇੱਥੇ ਬੈਠੇ ਰਹੇ। ਫੇਰ ਦਾਸ ਨੂੰ ਖਿੱਚ ਪਈ ਕਿ ਸੰਤ ਬਾਬਾ ਸ਼ਾਮ ਸਿੰਘ ਜੀ ਤਾਂ ਉੱਪਰਲੀ ਛੱਤ 'ਤੇ ਹਨ। ਉੱਪਰਲੀਆਂ ਪਉੜੀਆਂ ਚੜ੍ਹਦੇ ਸਾਰ ਹੀ ਬਾਬਾ ਜੀ ਦੇ ਸਾਹਮਣੇ ਕਮਰੇ ਵਿੱਚ ਦਰਸ਼ਨ ਹੋਏ। ਬਾਬਾ ਜੀ ਇੱਕ ਪਾਸੇ ਅਡੋਲ ਚੌਕੜੀ ਮਾਰੀ ਸਿਮਰਨ ਵਿੱਚ ਜੁੱੜੇ ਬੈਠੇ ਸਨ ਅਤੇ ਦੂਜੇ ਪਾਸੇ ਇੱਕ ਪ੍ਰੇਮੀ ਮੰਜੀ ਸਾਹਿਬ 'ਤੇ ਇੱਕ ਪੋਥੀ ਸ਼ਾਮ ਦੀ ਕਥਾ ਲਈ ਪ੍ਰਕਾਸ਼ ਕਰ ਰਿਹਾ ਸੀ। ਪਉੜੀਆਂ ਵਿੱਚ ਜੋੜੇ ਲਾਹ ਕੇ ਅਸਾਂ ਬਾਬਾ ਜੀ ਨੂੰ ਵਾਹਿਗੁਰੂ ਜੀ ਕੀ ਫ਼ਤਹਿ ਬੁਲਾਈ ਅਤੇ ਇੱਕ ਪਾਸੇ ਬੈਠ ਗਏ। ਬਾਬਾ ਜੀ ਨੇ ਪੁੱਛਿਆ, "ਭਾਈ! ਕਿਸ ਤਰ੍ਹਾਂ ਆਏ ਹੋ?" ਦਾਸ ਨੇ ਬੇਨਤੀ ਕੀਤੀ, ਮਹਾਰਾਜ! ਸੇਵਾ ਬਖਸ਼ੋ। (ਚਿੱਤ ਵਿੱਚ ਸੰਕਲਪ ਸੀ ਕਿ ਢੋਲਕ ਛੈਣੇ ਫੜ੍ਹ ਕੇ ਪਿੰਡਾਂ ਵਿੱਚ ਪ੍ਰਚਾਰ ਦੀ ਸੇਵਾ ਮਿਲੇ, ਪਰ ਵੇਲਾ ਅਜੇ ਭਾਂਡੇ ਮਾਂਜਣ ਦਾ ਸੀ।)

**ਸੇਵਾ ਥੋਰੀ ਮਾਗਨੁ ਬਹੁਤਾ ॥ ਮਹਲੁ ਨਾ ਪਾਵੈ ਕਹਤੋ ਪਹੁਤਾ ॥੧॥**
**ਜੋ ਪ੍ਰਿਅ ਮਾਨੇ ਤਿਨ ਕੀ ਰੀਸਾ ॥ ਕੂੜੇ ਮੂਰਖ ਕੀ ਹਾਠੀਸਾ ॥੧॥ (੭੩੮)**

ਸੰਤ ਬਾਬਾ ਸ਼ਾਮ ਸਿੰਘ ਜੀ ਨੇ ਦਾਸ ਦੇ ਅੰਦਰ ਦਾ ਫੁਰਨਾ ਬੁੱਝ ਲਿਆ ਅਤੇ ਬਚਨਾਂ ਵਿੱਚ ਫੁਰਮਾਇਆ ਤੁਹਾਨੂੰ ਇਹ ਸੇਵਾ ਨਹੀਂ ਮਿਲ ਸਕਦੀ। ਇਹ ਬਚਨ ਸੁਣਦੇ ਸਾਰ ਹੀ ਭਾਈ ਹਰੀ ਸਿੰਘ ਜੀ ਬਸਰਾਏ ਉੱਠ ਕੇ ਤੁਰ ਚੱਲੇ ਪਰ ਦਾਸ ਨੇ ਉਹਨਾਂ ਦਾ ਹੱਥ ਫੜ੍ਹ ਲਿਆ ਅਤੇ ਆਖਿਆ, "ਭਾਈ! ਸੰਤਾਂ ਦੇ ਕੀਰਤਨ ਦਾ ਭੋਗ ਪੈਣ 'ਤੇ ਜਾਵਾਂਗੇ।" ਹੁਣ ਕਥਾ ਸ਼ੁਰੂ ਹੋ ਗਈ ਤੇ ਦੋ ਘੰਟੇ ਬੜਾ ਅਨੰਦ ਬਣਿਆ ਰਿਹਾ। ਜਦ ਭੋਗ ਪਿਆ ਤਦ ਸੰਤ ਬਾਬਾ ਸ਼ਾਮ ਸਿੰਘ ਜੀ ਨੇ ਦਾਸ ਵੱਲ ਤੱਕ ਕੇ ਆਖਿਆ, "ਸੁਣਿਆ ਹੈ ਕਿ ਸੰਤ ਭਾਈ ਅਤਰ ਸਿੰਘ ਜੀ ਲਾਹੌਰ ਆਏ ਹੋਏ ਹਨ।" ਭਾਵੇਂ ਇਹ ਪਹਿਲੀ ਵਾਰੀ ਸੀ ਕਿ ਦਾਸ ਨੇ ਸੰਤ ਜੀ ਮਹਾਰਾਜ ਦਾ ਨਾਮ ਸੁਣਿਆ ਸੀ ਪਰ ਬਾਬਾ ਜੀ ਦੇ ਇੱਕ ਖ਼ਾਸ ਲਹਿਜੇ ਵਿੱਚ ਨਾਮ ਸੁਣਾਉਣ ਨੇ ਦਾਸ ਦੇ ਹਿਰਦੇ ਵਿੱਚ ਉਸੇ ਵੇਲੇ ਸੰਤ ਜੀ ਮਹਾਰਾਜ ਦੇ ਦਰਸ਼ਨ ਦੀ ਖਿੱਚ ਪੈਦਾ ਕਰ ਦਿੱਤੀ ਪਰ ਅਜੇ ਵੀ ਪਹਿਲੇ ਕਰੜੇ ਬਚਨ ਕਰਕੇ ਮਨ ਵਿੱਚ ਭਰਮ ਰਿਹਾ।

ਬਾਬਾ ਜੀ ਤਾਂ ਇਹ ਬਚਨ ਆਖਦੇ ਸਾਰ ਹੀ ਉੱਠ ਕੇ ਆਪਣੀ ਕੁਟੀਆ ਵਿੱਚ ਚਲੇ ਗਏ ਪਰ ਦਾਸ ਚਾਰ-ਪੰਜ ਮਿੰਟ ਉੱਥੇ ਹੀ ਬੈਠਾ ਰਿਹਾ। ਜਦ ਸਾਰੀ ਸੰਗਤ ਚਲੀ ਗਈ ਤਦ ਦਾਸ ਆਪਣੇ ਸਾਥੀਆਂ ਸਮੇਤ ਬਾਬਾ ਜੀ ਦੀ ਕੁਟੀਆ ਵਿੱਚ ਗਿਆ ਅਤੇ ਬੇਨਤੀ ਕੀਤੀ, "ਮਹਾਰਾਜ! ਬਖਸ਼ ਲਵੋ। ਜਦ ਅਸੀਂ ਆਏ ਸੀ, ਤਦ ਆਪ ਕੁਝ ਕਰੜੇ ਬੋਲੇ ਸੀ।" ਸੰਤ ਬਾਬਾ ਸ਼ਾਮ ਸਿੰਘ ਜੀ ਨੇ ਫੁਰਮਾਇਆ, "ਭਾਈ! ਅਸੀਂ ਤਾਂ ਮੱਛਰ ਹਾਂ, ਅਸੀਂ ਕੋਈ ਗੁੱਸੇ ਨਹੀਂ ਹੋਏ। ਜਾਓ! ਜੋ ਦੱਸਣਾ ਸੀ ਦੱਸ ਦਿੱਤਾ।" ਬਾਬਾ ਜੀ ਦੇ ਇਹ ਬਚਨ ਸੁਣ ਕੇ ਕੁਝ ਨਿਸ਼ਾ ਹੋ ਗਈ ਕਿ ਬਾਬਾ ਜੀ ਦਾ ਹੁਕਮ ਸੰਤ ਜੀ ਮਹਾਰਾਜ ਪਾਸ ਜਾਣ ਦਾ ਹੈ। ਸੋ ਅਸੀਂ ਖ਼ਾਲਸਾ ਕਾਲਜ ਮੁੜ ਆਏ ਪਰ ਚਿੱਤ ਵਿੱਚ ਸੰਤ ਜੀ ਮਹਾਰਾਜ ਦੇ ਦਰਸ਼ਨ ਦੀ ਤੀਬਰ ਤਾਂਘ ਬਣ ਗਈ।

ਇੱਥੇ ਇਹ ਗੱਲ ਦੱਸਣੀ ਜ਼ਰੂਰੀ ਹੈ ਕਿ ਹਰ ਇੱਕ ਜਗਿਆਸੂ ਦਾ ਕਿਸੇ ਖ਼ਾਸ ਸੰਤ ਨਾਲ ਪੁਰਾਣਾ ਸੰਜੋਗ ਹੁੰਦਾ ਹੈ ਅਤੇ ਇਹ ਗੱਲ ਸਾਧੂ ਜਾਣਦੇ ਹੁੰਦੇ ਹਨ। ਸੰਤ ਬਾਬਾ ਸ਼ਾਮ ਸਿੰਘ ਜੀ ਆਪ ਬ੍ਰਹਮ ਗਿਆਨੀ ਸਨ ਅਤੇ ਦਾਸ ਨੂੰ ਰਸਤੇ ਪਾ ਸਕਦੇ ਸਨ ਪਰ ਦਾਸ ਦਾ ਸੰਜੋਗ ਜਿੱਥੇ ਸੀ, ਉੱਥੇ ਭੇਜ ਦਿੱਤਾ।

ਕੁਦਰਤੀ ਅਖ਼ੀਰੀ ਹਫ਼ਤੇ ਅਤੇ ਐਤਵਾਰ ਦੀ ਛੁੱਟੀ ਆ ਗਈ। ਸ਼ੁਕਰਵਾਰ ਸਵੇਰ ਦੇ ਵਕਤ ਆਪਣੀਆਂ ਦੋ ਟੱਲੀਆਂ (Period) ਪੜ੍ਹਾ ਕੇ ਦਾਸ ਨੇ ਪ੍ਰੋਫ਼ੈਸਰ ਜੋਧ ਸਿੰਘ ਜੀ, (ਇਹ ਸੰਤ ਜੀ ਮਹਾਰਾਜ ਦੇ ਪੁਰਾਣੇ ਜਾਣੂ ਸਨ) ਭਾਈ ਹਰੀ ਸਿੰਘ ਜੀ ਬਸਰਾਏ, ਆਪਣੀ ਸੁਪਤਨੀ ਤੇ ਭੁਝੰਗੀ ਕੁਲਦੀਪ ਸਿੰਘ ਨੂੰ ਨਾਲ ਲਿਆ ਅਤੇ ੯ ਵਜੇ ਦੇ ਕਰੀਬ ਗੱਡੀ ’ਤੇ ਚੜ੍ਹ ਕੇ ੧੧ ਵਜੇ ਲਾਹੌਰ ਅੱਪੜੇ। ਸਟੇਸ਼ਨ ਤੋਂ ਟਾਂਗੇ ’ਤੇ ਚੜ੍ਹ ਕੇ ਸਿੱਧਾ ਮਹਾਰਾਜਾ ਰਣਜੀਤ ਸਿੰਘ ਜੀ ਦੀ ਸਮਾਧ ਵੱਲ ਆਏ। ਜਦ ਉਥੇ ਪਹੁੰਚੇ ਤਦ ਪਤਾ ਲੱਗਾ ਕਿ ਸੰਤ ਜੀ ਮਹਾਰਾਜ ਕਿਸੇ ਪ੍ਰੇਮੀ ਦੇ ਘਰ ਪ੍ਰਸ਼ਾਦ ਛਕਣ ਗਏ ਹੋਏ ਹਨ। ਅਸੀਂ ਉਡੀਕ ਵਿੱਚ ਰਹੇ। ਘੰਟੇ ਕੁ ਮਗਰੋਂ ਇੱਕ ਪ੍ਰੇਮੀ ਨੇ ਆ ਕੇ ਦੱਸਿਆ ਕਿ ਸੰਤ ਜੀ ਪ੍ਰਸ਼ਾਦ ਛਕ ਕੇ ਰਾਵੀ ਦੇ ਕਿਨਾਰੇ ਚਲੇ ਗਏ ਹਨ।

ਇਸ ਵੇਲੇ ਸਾਢੇ ਬਾਰਾਂ ਵਜੇ ਦਾ ਵਕਤ ਸੀ ਪਰ ਹਿਰਦੇ ਵਿੱਚ ਦਰਸ਼ਨ ਦੀ ਸਿੱਕ ਸੀ। ਪ੍ਰੋਫ਼ੈਸਰ ਜੋਧ ਸਿੰਘ ਜੀ, ਭਾਈ ਹਰੀ ਸਿੰਘ ਜੀ ਅਤੇ ਦਾਸ, ਭੁਝੰਗੀ ਕੁਲਦੀਪ ਸਿੰਘ ਸਹਿਤ, ਰਾਵੀ ਵੱਲ ਪੈਦਲ ਹੋ ਟੁਰੇ ਅਤੇ ਸ੍ਰੀਮਤੀ ਬਿਸ਼ਨ ਕੌਰ ਨੂੰ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਵਿੱਚ ਬਿਠਾ ਦਿੱਤਾ।

## ਸੰਤ ਅਤਰ ਸਿੰਘ ਜੀ ਮਹਾਰਾਜ ਦੇ ਦਰਸ਼ਨ

ਜਦ ਲੱਕੜ ਮੰਡੀ ਵਿੱਚ ਪੁੱਜੇ ਤਦ ਸੰਤ ਜੀ ਮਹਾਰਾਜ ਗੇਲੀਆਂ ਦੇ ਇੱਕ ਚੱਠੇ ’ਤੇ ਬੈਠੇ ਨਜ਼ਰ ਆਏ। ਵਿਚਕਾਰ ਸੰਤ ਜੀ ਮਹਾਰਾਜ ਸਨ ਅਤੇ ਦੋਵੇਂ ਪਾਸੇ ਅੱਧੇ ਚੰਨ ਦੀ ਸ਼ਕਲ ਵਿੱਚ ਸੰਗਤ ਬੈਠੀ ਸੀ। ਜਦ ਓਥੇ ਪਹੁੰਚੇ ਤਦ ਦਾਸ ’ਤੇ ਕੁਝ ਮਸਤਾਨੀ ਹਾਲਤ ਵਰਤ ਗਈ। ਦਾਸ ਚੁੱਪ-ਚਾਪ ਸੰਤ ਜੀ ਮਹਾਰਾਜ ਦੇ ਸਾਹਮਣੇ ਬੈਠ ਗਿਆ। ਪ੍ਰੋਫ਼ੈਸਰ ਜੋਧ ਸਿੰਘ ਜੀ ਅਤੇ ਭਾਈ ਹਰੀ ਸਿੰਘ ਜੀ ਇੱਕ ਪਾਸੇ ਸਜ ਗਏ। ਸੰਤ ਜੀ ਭਾਈ ਜੋਧ ਸਿੰਘ ਜੀ ਨੂੰ ਜਾਣਦੇ ਸਨ। ਦਾਸ ਵੱਲ ਇਸ਼ਾਰਾ ਕਰਕੇ ਪੁੱਛਿਆ ਇਹ ਕੌਣ ਹੈ? ਪ੍ਰੋਫ਼ੈਸਰ ਜੋਧ ਸਿੰਘ ਜੀ ਨੇ ਆਖਿਆ, “ਇਹਨਾਂ ਦਾ ਨਾਮ ਨਿਰੰਜਨ ਸਿੰਘ ਜੀ ਮਹਿਤਾ ਹੈ ਅਤੇ ਖ਼ਾਲਸਾ ਕਾਲਜ ਵਿੱਚ ਅੱਜ-ਕੱਲ੍ਹ ਪ੍ਰਿੰਸੀਪਲ ਦਾ ਕੰਮ ਕਰਦੇ ਹਨ।” ਇਹ ਉੱਤਰ ਸੁਣਦੇ ਸਾਰ ਸਹਿਜ-ਸੁਭਾਏ ਹੀ ਸੰਤ ਜੀ ਮਹਾਰਾਜ ਨੇ ਆਖਿਆ, “ਭਾਈ! ਇਹ ਪ੍ਰੇਮੀ ਹੈ।” ਸੰਤ ਜੀ ਦੇ ਮੁਖਾਰਬਿੰਦ ਤੋਂ ਇਸ ਬਚਨ ਦੇ ਨਿਕਲਦੇ ਸਾਰ ਹੀ ਦਾਸ ਨੂੰ ਇਉਂ ਭਾਸਿਆ ਕਿ ਕੋਈ ਬਿਜਲੀ ਵਤ ਤਾਕਤ ਦਾਸ ਦੇ ਅੰਦਰ ਚਲੀ ਗਈ ਹੈ। ਦਾਸ ਉਸੇ ਵੇਲੇ ਸਾਵਧਾਨ ਹੋ ਗਿਆ ਅਤੇ ਡਿੱਗਣਾ-ਢਹਿਣਾ ਹਮੇਸ਼ਾ ਲਈ ਬੰਦ ਹੋ ਗਿਆ।

**ਸਾਧ ਕੈ ਸੰਗਿ ਨਹੀ ਕਛੁ ਘਾਲ ॥ ਦਰਸਨੁ ਭੇਟਤ ਹੋਤ ਨਿਹਾਲ ॥ (੨੭੨ )**

ਹੁਣ ਸੰਤ ਜੀ ਮਹਾਰਾਜ ਨੇ ਦਾਸ ਨੂੰ ਇੱਕ ਕਾਲੀ ਭੂਰੀ ਫੜ੍ਹਾ ਦਿੱਤੀ ਅਤੇ ਆਖਿਆ, “ਬਿਰਾਜ ਜਾਵੋ! ਬਿਰਾਜਨਾ ਕੀ ਹੈ, ਨਾਮ ਜਪੋ।” ਭੂਰੀ ਦੇ ਕੇ ਅਤੇ ਇਹ ਬਚਨ ਆਖ ਕੇ ਸੰਤ ਜੀ ਤਾਂ ਪਰ੍ਹੇ ਦਰਖਤਾਂ ਦੇ ਹੇਠ ਜਾ ਕੇ ਲੇਟ ਗਏ ਅਤੇ ਸੰਗਤ ਦੇ ਸਰੀਰਾਂ ਨੇ ਵੀ ਆਪਣੇ-ਆਪਣੇ ਆਸਣ ਜਮਾ ਦਿੱਤੇ। ਦਾਸ ਵੀ ਗੇਲੀਆਂ ਦੇ ਚੱਠੇ ਦੇ ਪਾਸ ਹੀ ਇੱਕ ਦਰਖ਼ਤ ਹੇਠਾਂ ਪੈ ਗਿਆ। ਮਨ ਵਿੱਚ ਬੜੇ ਉਤਾਰ-ਚੜ੍ਹਾਉ ਆਏ। ਬੜੇ ਅਜੀਬ ਪ੍ਰਸ਼ਨ ਫ਼ੁਰਦੇ ਰਹੇ ਪਰ ਨਾਲ-ਨਾਲ ਹੀ ਬੇਤਾਰ-ਤਾਰ ਦੁਵਾਰਾ ਜਵਾਬ ਮਿਲਦੇ ਰਹੇ। ਸਾਢੇ ਤਿੰਨ ਵਜੇ ਦੇ ਕਰੀਬ ਸੰਤ ਜੀ ਮਹਾਰਾਜ ਅਤੇ ਸਾਰੀ ਸੰਗਤ ਆਪਣੇ-ਆਪਣੇ ਆਸਣਾਂ ਤੋਂ ਉੱਠ ਖਲੋਤੇ ਅਤੇ

ਦਾਸ ਵੀ ਕਾਲੀ ਭੂਰੀ ਫੜ੍ਹ ਕੇ ਨਾਲ ਰਲ ਪਿਆ। ਜਦ ਸਾਰੇ ਇਕੱਠੇ ਹੋ ਗਏ ਅਤੇ ਮਹਾਰਾਜਾ ਰਣਜੀਤ ਸਿੰਘ ਜੀ ਦੀ ਸਮਾਧ ਵੱਲ ਟੁਰਨ ਲਗੇ ਤਦ ਸੰਤ ਜੀ ਨੇ ਹੁਕਮ ਦਿੱਤਾ ਕਿ ਭਾਈ! ਸ਼ਬਦ ਵੱਲ ਧਿਆਨ ਲਗਾਓ। ਦਾਸ ਨੂੰ ਅਜੇ ਗੁਰ-ਮੰਤਰ ਦਾ ਕੋਈ ਪਤਾ ਨਹੀਂ ਸੀ, ਸੋਰਠਿ ਰਾਗ ਵਿੱਚੋਂ ਕੋਈ ਅੱਧੀ ਕੁ ਤੁਕ:

**ਮਾਇਆ ਮੋਹ ਮਗਨੁ ਅੰਧਿਆਰੈ ਦੇਵਨਹਾਰੁ ਨ ਜਾਨੈ ॥ (੬੧੬ )**

ਸਾਹਮਣੇ ਆ ਗਈ ਅਤੇ ਇਸ ਨਾਲ ਬਿਰਤੀ ਜੁੜ ਗਈ। ਸੰਗਤ ਤੇਜ਼ ਚੱਲ ਰਹੀ ਸੀ, ਦਾਸ ਨੂੰ ਆਪਣਾ ਭੁਝੰਗੀ ਕੁਲਦੀਪ ਸਿੰਘ, ਜੋ ਇਸ ਵੇਲੇ ਸਾਢੇ ਤਿੰਨ ਸਾਲ ਦਾ ਸੀ, ਕੁੱਛੜ ਚੁੱਕਣਾ ਪਿਆ। ਇਹ ਪ੍ਰੇਮੀ ਦਾਸ ਦੇ ਕੰਨ ਪੱਟੀ ਗਿਆ ਅਤੇ ਬਾਲਕਾਂ ਵਾਲੀ ਹੋਰ ਚੇਸ਼ਟਾ ਵੀ ਕਰੀ ਗਿਆ ਪਰ ਦਾਸ ਦਾ ਧਿਆਨ ਇੱਕ-ਰਸ ਏਸ ਤੁਕ ਵਿੱਚ ਹੀ ਰਿਹਾ। ਚਿੱਤ ਵਿੱਚ ਇਹ ਅਰਦਾਸ ਸੀ ਕਿ ਸੰਤ ਜੀ ਮਹਾਰਾਜ ਨਾ ਪੁੱਛਣ ਕਿ ਤੇਰੀ ਬਿਰਤੀ ਲੱਗੀ ਹੈ ਕਿ ਨਹੀਂ।

ਜਦ ਸੜਕ ਤੋਂ ਪਾਰ ਹੋ ਕੇ ਡੇਰੇ ਸਾਹਿਬ ਦੇ ਖੁੱਲ੍ਹੇ ਮੈਦਾਨ ਵਿੱਚ ਪਹੁੰਚੇ ਤਦ ਸੰਤ ਜੀ ਨੇ ਪ੍ਰੋਫ਼ੈਸਰ ਜੋਧ ਸਿੰਘ ਜੀ ਨੂੰ ਪੁੱਛਿਆ, "ਮਨ ਦਾ ਕੀ ਹਾਲ ਰਿਹਾ?" ਇਹਨਾਂ ਨੇ ਜਵਾਬ ਦਿੱਤਾ, "ਮਹਾਰਾਜ! ਬੜੇ ਉਤਰਾਉ-ਚੜ੍ਹਾਉ ਦੇਖੇ।" ਸੰਤ ਜੀ ਨੇ ਫੁਰਮਾਇਆ, "ਭਾਈ! ਉਤਰਾਉ-ਚੜ੍ਹਾਉ ਕਿਉਂ ਦੇਖਣੇ ਸਨ?" ਫੇਰ ਸੰਤ ਜੀ ਮਹਾਰਾਜ ਦਾ ਧਿਆਨ ਭਾਈ ਹਰੀ ਸਿੰਘ ਜੀ ਬਸਰਾਏ ਵੱਲ ਹੋਇਆ ਅਤੇ ਉਸ ਨੂੰ ਪੁੱਛਿਆ, "ਭਾਈ! ਤੇਰੇ ਮਨ ਦਾ ਕੀ ਹਾਲ ਹੈ?" ਇਸ ਨੇ ਉੱਤਰ ਦਿੱਤਾ, "ਮੇਰਾ ਜੀ ਤਾਂ ਭੱਜਣ ਨੂੰ ਕਰਦਾ ਹੈ।" ਸੰਤ ਜੀ ਨੇ ਆਖਿਆ, "ਚੰਗਾ! ਫੇਰ ਭੱਜ ਲੈ।" ਪ੍ਰੇਮੀ ਦੌੜ ਪਿਆ ਪਰ ਕੋਈ ਤੀਹ ਕੁ ਕਦਮ ਹੀ ਟੁਰਿਆ ਹੋਵੇਗਾ ਕਿ ਇੱਕ ਦਮ ਖਲੋ ਗਿਆ, ਮਾਨੋਂ ਕਿ ਧਰਤੀ ਨਾਲ ਜਕੜਿਆ ਗਿਆ ਹੈ। ਜਦ ਸੰਤ ਜੀ ਮਹਾਰਾਜ ਇਸ ਕੋਲ ਪਹੁੰਚੇ ਤਦ ਸੰਤ ਜੀ ਨੇ ਫੁਰਮਾਇਆ, "ਭਾਈ! ਭੱਜਣਾ ਸੀ।" ਪ੍ਰੇਮੀ ਚੁੱਪ ਰਿਹਾ ਅਤੇ ਸ਼ਰਮਿੰਦਾ ਹੋ ਕੇ ਪਿੱਛੇ-ਪਿੱਛੇ ਟੁਰ ਪਿਆ।

ਡੇਰਾ ਸਾਹਿਬ ਦੇ ਸਾਹਮਣੇ ਤੋਂ ਲੰਘ ਕੇ ਸੰਤ ਜੀ ਮਹਾਰਾਜਾ ਰਣਜੀਤ ਸਿੰਘ ਜੀ ਦੀ ਸਮਾਧ ਵਿੱਚ ਅੱਪੜੇ ਤੇ ਪਉੜੀਆਂ ਚੜ੍ਹ ਕੇ ਸਮਾਧ ਦੇ ਖੱਬੇ ਪਾਸੇ ਸੰਗਤ ਨੂੰ ਵਿਦਾ ਕਰਨ ਵਾਸਤੇ ਖੜ੍ਹੇ ਹੋ ਗਏ। ਦਾਸ ਦੇ ਹਿਰਦੇ ਵਿੱਚ ਚਰਨੀਂ ਲੱਗਣ ਦੀ ਖਿੱਚ ਪਈ। ਬੜੀ ਸ਼ਰਧਾ ਨਾਲ ਨਮਸਕਾਰ ਕੀਤੀ ਅਤੇ ਦਾਸ ਦਾ ਸਿਰ ਚਰਨਾਂ ਨਾਲ ਜੁੜ ਗਿਆ, ਲਹੇ ਹੀ ਨਾ। ਤਿੰਨ ਵਾਰ ਸੰਤ ਜੀ ਮਹਾਰਾਜ ਨੇ ਆਪਣੇ ਪਵਿੱਤਰ ਹੱਥਾਂ ਨਾਲ ਸਿਰ ਨੂੰ ਚੁੱਕਿਆ ਅਤੇ ਆਖਿਆ, "ਬਸ, ਹੁਣ ਬੜਾ ਪ੍ਰੇਮ ਹੋ ਗਿਆ!" ਤੀਜੀ ਵਾਰੀ ਆਖਣ 'ਤੇ ਸਿਰ ਨੂੰ ਚਰਨਾਂ ਨਾਲੋਂ ਇਸ ਤਰ੍ਹਾਂ ਤੋੜਿਆ, ਜਿਸ ਤਰ੍ਹਾਂ ਖਿੱਚ ਕੇ ਲੋਹੇ ਨੂੰ ਚੁੰਬਕੀ ਪੱਥਰ ਨਾਲੋਂ ਤੋੜੀਦਾ ਹੈ। ਹੁਣ ਸਾਰੀ ਸੰਗਤ ਇਸ਼ਨਾਨ ਪਾਣੀ ਕਰਨ ਲਗ ਪਈ। ਸੰਤ ਜੀ ਮਹਾਰਾਜ ਵੀ ਤਿਆਰ ਹੋ ਗਏ ਅਤੇ ਬਾਉਲੀ ਸਾਹਿਬ ਵੱਲ ਟੁਰ ਪਏ। ਪੂਰੇ ਪੰਜ ਵਜੇ ਇਥੇ ਦੀਵਾਨ ਸਜ ਗਿਆ। ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦਾ ਦੀਵਾਨ ਡੇਰੇ ਸਾਹਿਬ ਸਜਣਾ ਅਤੇ ਸ਼ਾਮ ਦਾ ਬਾਉਲੀ ਸਾਹਿਬ। ਦਾਸ ਦੂਰ ਇੱਕ ਗੁੱਠ ਵਿੱਚ ਬੈਠਾ ਰਹਿੰਦਾ, ਚਿੱਤ ਵਿੱਚ ਬੜੇ ਪ੍ਰਸ਼ਨ ਉੱਠਦੇ ਅਤੇ ਨਾਲ ਹੀ ਨਾਲ ਉੱਤਰ ਮਿਲੀ ਜਾਂਦੇ। ਚਾਰ ਦੀਵਾਨਾਂ ਵਿੱਚ ਬੇਤਾਰ-ਤਾਰ ਦੁਆਰਾ ਪ੍ਰਸ਼ਨ-ਉੱਤਰ ਦੀ ਇਹ ਖੇਲ ਚਲਦੀ ਰਹੀ ਪਰ ਦਾਸ ਦੇ ਹਿਰਦੇ ਵਿੱਚ ਇਹ ਸੰਕਲਪ ਬਣਿਆ ਰਿਹਾ ਕਿ ਹੋਵੇ ਤਾਂ ਸੰਤ ਜੀ ਮਹਾਰਾਜ ਨੂੰ ਇੱਕਲਿਆਂ ਮਿਲੀਏ। ਐਤਵਾਰ ਸਵੇਰੇ ਆਸਾ ਜੀ ਦੀ ਵਾਰ ਦੇ ਭੋਗ ਮਗਰੋਂ ਸੰਤ ਜੀ ਮਹਾਰਾਜ ਸਮਾਧ ਦੇ ਪਿੱਛਲੇ ਪਾਸੇ ਬੁਰਜ ਦੇ ਸਾਹਮਣੇ ਆ ਕੇ ਬੈਠ ਗਏ। ਦਾਸ ਵੀ ਚਰਨਾਂ ਵਿੱਚ ਹਾਜ਼ਰ ਸੀ। ਸੰਤ ਜੀ ਨੇ ਦਾਸ ਨੂੰ ਫਰਸ਼ 'ਤੇ ਪਏ ਥੁੱਕ ਵੱਲ ਇਸ਼ਾਰਾ ਕੀਤਾ। ਦਾਸ ਨੇ ਬੜੇ ਪ੍ਰੇਮ ਨਾਲ ਥੁੱਕ ਪੂੰਝ ਦਿੱਤਾ। ਸੰਤ ਜੀ ਹੱਸ ਪਏ ਅਤੇ ਬੋਲੇ, "ਭਾਈ! ਪ੍ਰੇਮੀਆਂ ਦੇ

ਚਿੱਤ ਵਿੱਚ ਖ਼ਿਆਲ ਹੁੰਦਾ ਹੈ ਕਿ ਸੰਤਾਂ ਨੂੰ ਵੱਖਰੇ ਹੋ ਕੇ ਮਿਲੀਏ।'' ਦਾਸ ਸੰਤ ਜੀ ਮਹਾਰਾਜ ਦਾ ਇਸ਼ਾਰਾ ਸਮਝ ਗਿਆ ਅਤੇ ਢਹਿ ਕੇ ਚਰਨੀਂ ਲੱਗਾ। ਸੰਤ ਜੀ ਨੇ ਫੁਰਮਾਇਆ ਕਿ ਜਿਹੜੇ ਪ੍ਰੇਮੀ ਤੇਰੇ ਨਾਲ ਗੁੱਸੇ ਹਨ ਉਹਨਾਂ ਨੂੰ ਪ੍ਰਸੰਨ ਕਰ ਲੈ।

ਕੁਝ ਚਿਰ ਬੈਠ ਕੇ ਸੰਤ ਜੀ ਮਹਾਰਾਜ ਤਾਂ ਬਾਹਰ ਜੰਗਲ ਪਾਣੀ ਚਲੇ ਗਏ ਅਤੇ ਦਾਸ ਬਾਬਾ ਕਲਿਆਣ ਸਿੰਘ ਜੀ ਪਾਸ ਗੱਲਬਾਤ ਕਰਨ ਲਈ ਬੈਠ ਗਿਆ। ਬਚਨ-ਬਿਲਾਸ ਕਰਦਿਆਂ ਬਾਬਾ ਜੀ ਨੇ ਦਾਸ ਨੂੰ ਆਖਿਆ, ''ਪ੍ਰੇਮੀਆ! ਅੰਮ੍ਰਿਤ ਛਕ ਲੈ।'' ਦਾਸ ਨੇ ਉੱਤਰ ਦਿੱਤਾ, ''ਬਾਣੀ ਕੰਠ ਕਰ ਕੇ ਛਕਾਂਗਾ।''

ਜਦ ਸੰਤ ਜੀ ੯ ਵਜੇ ਦੇ ਕਰੀਬ ਬਾਹਰੋਂ ਵਾਪਸ ਆਏ ਤਦ ਦਾਸ ਨੇ ਆਗਿਆ ਲਈ। ਬਾਲ ਬੱਚੇ ਨੂੰ ਤਾਂ ਪ੍ਰੋਫ਼ੈਸਰ ਜੋਧ ਸਿੰਘ ਜੀ ਨਾਲ ਖ਼ਾਲਸਾ ਕਾਲਜ ਭੇਜ ਦਿੱਤਾ ਅਤੇ ਆਪ ਗੁਜਰਾਂਵਾਲੇ ਆਪਣੀ ਮਤਰੇਈ ਮਾਤਾ ਦਾ ਗੁੱਸਾ ਦੂਰ ਕਰਨ ਲਈ ਗਿਆ। ਇੱਕ ਕੁ ਵਜੇ ਦੇ ਕਰੀਬ ਆਪਣੇ ਗੁਰਪੁਰ ਨਿਵਾਸੀ ਪਿਤਾ ਡਾਕਟਰ ਰੱਲਾ ਸਿੰਘ ਦੇ ਮਕਾਨ 'ਤੇ ਅੱਪੜਿਆ ਅਤੇ ਜਾਂਦਿਆਂ ਹੀ ਮਾਤਾ ਜੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕਮਰੇ ਵਿੱਚ ਚੱਲਣ ਲਈ ਬੇਨਤੀ ਕੀਤੀ। ਮਾਤਾ ਜੀ ਤੋਂ ਮੁਆਫੀ ਮੰਗੀ। ਚਰਨ ਫੜ੍ਹਨ ਦੀ ਦੇਰ ਸੀ ਕਿ ਸੰਤ ਜੀ ਮਹਾਰਾਜ ਦੀ ਕਿਰਪਾ ਨਾਲ ਮਾਤਾ ਜੀ ਦੇ ਰੋਮ-ਰੋਮ ਵਿੱਚੋਂ 'ਵਾਹਿਗੁਰੂ-ਵਾਹਿਗੁਰੂ' ਨਿਕਲਣ ਲੱਗ ਪਿਆ ਅਤੇ ਉਹਨਾਂ ਬੜੇ ਵੈਰਾਗ ਵਿੱਚ ਆਖਿਆ, ''ਪੁੱਤਰ! ਤੂੰ ਤਾਂ ਸੋਨਾ ਸੈਂ, ਮੈਂ ਤੇਰੀ ਕਦਰ ਨਾ ਪਾਈ।''

ਮਾਤਾ ਜੀ ਦੀ ਪ੍ਰਸੰਨਤਾ ਲੈ ਕੇ ਦਾਸ ਸ਼ਾਮ ਦੀ ਗੱਡੀ ਹੀ ਮੁੜ ਪਿਆ। ਸੋਮਵਾਰ ਸਵੇਰੇ ਕਾਲਜ ਦੀ ਹਾਜ਼ਰੀ ਭਰਨੀ ਸੀ। ਜਦ ਗੱਡੀ ਲਾਹੌਰ ਅੱਪੜੀ ਤਦ ਇੱਕ ਪ੍ਰੇਮੀ ਨੇ ਦੱਸਿਆ ਕਿ ਅੱਜ ਸੰਤ ਜੀ ਮਹਾਰਾਜ ਬਾਉਲੀ ਸਾਹਿਬ ਵੱਲ ਜਾ ਰਹੇ ਸਨ ਤਦ ਇੱਕ ਲੰਮਾ ਜਵਾਨ ਮੁਸਲਮਾਨ ਫ਼ਕੀਰ ਆ ਕੇ ਚਰਨੀਂ ਲੱਗਾ ਅਤੇ ਇਹ ਆਖ ਕੇ, ''ਅਸੀਂ ਇੱਕ ਹਾਂ, ਲੋਕ ਮੂਰਖ ਹਨ, ਐਵੇਂ ਝਗੜਦੇ ਹਨ'' ਦੌੜ ਗਿਆ।

ਇਹ ਗੱਲ ਸੁਣ ਕੇ ਦਾਸ ਨੂੰ ਏਸ ਫ਼ਕੀਰ ਦੇ ਮਿਲਣ ਦੀ ਖਿੱਚ ਹੋਈ ਪਰ ਕਾਲਜ ਦੀ ਹਾਜ਼ਰੀ ਜ਼ਰੂਰੀ ਸੀ। ਗੱਡੀ ਬਦਲ ਕੇ ਅੰਮ੍ਰਿਤਸਰ ਵੱਲ ਟੁਰ ਪਿਆ। ਟਿਕਟ ਦਰਮਿਆਨੇ ਦਰਜ਼ੇ ਦਾ ਸੀ। ਜਦ ਗੱਡੀ ਅਟਾਰੀ ਤੋਂ ਟੱਪ ਗਈ ਤਦ ਨਾਲ ਦੇ ਡੱਬੇ ਵਿੱਚੋਂ ਦੋ ਪ੍ਰੇਮੀਆਂ ਦੇ ਉੱਚੀ-ਉੱਚੀ ਬੋਲਣ ਦੀ ਅਵਾਜ਼ ਆਈ। ਇੰਝ ਮਲੂਮ ਹੋਵੇ ਜਿਵੇਂ ਕੁਝ ਝਗੜ ਰਹੇ ਹਨ। ਇਹਨਾਂ ਵਿੱਚੋਂ ਇੱਕ ਪ੍ਰੇਮੀ ਦੀ ਅਵਾਜ਼ ਵਿੱਚ ਕੋਈ ਐਸੀ ਖਿੱਚ ਸੀ ਕਿ ਦਾਸ ਦਾ ਜੀਅ ਕੀਤਾ ਕਿ ਇੱਕ ਪਲ ਮਾਤਰ ਵਿੱਚ ਗੱਡੀ ਵਿੱਚੋਂ ਟਪ ਕੇ ਉਹਨੂੰ ਮਿਲ ਪਏ। ਅਜੇ ਇਹ ਫ਼ੁਰਨਾ ਫ਼ੁਰਿਆ ਹੀ ਸੀ ਕਿ ਅੰਦਰੋਂ ਜਵਾਬ ਮਿਲਿਆ, ਤੂੰ ਟੱਪਣ ਦੀ ਕਿਉਂ ਚਿਤਵਨਾ ਕਰਦਾ ਹੈਂ, ਏਸ ਪ੍ਰੇਮੀ ਨੇ ਤਾਂ ਅੰਮ੍ਰਿਤਸਰ ਸਾਹਿਬ ਉੱਤਰਨਾ ਹੈ, ਤੂੰ ਉਥੇ ਹੀ ਇਸ ਨੂੰ ਮਿਲ ਲਈਂ, ਨਾਲ ਹੀ ਦਾਸ ਦੇ ਚਿੱਤ ਵਿੱਚ ਇਹ ਭਾਸਿਆ ਕਿ ਹੋਵੇ ਨਾ, ਇਹ ਤਾਂ ਓਹੀਉ ਫ਼ਕੀਰ ਹੈ, ਜਿਸ ਨੇ ਲਾਹੌਰ ਸੰਤ ਜੀ ਮਹਾਰਾਜ ਨੂੰ ਨਮਸਕਾਰ ਕਰ ਕੇ ਆਖਿਆ ਸੀ, ''ਅਸੀਂ ਇੱਕ ਹਾਂ, ਦੁਨੀਆਂ ਐਵੇਂ ਝਗੜਦੀ ਫ਼ਿਰਦੀ ਹੈ।''

ਜਦ ਗੱਡੀ ਦੋ ਵਜੇ ਸਵੇਰ ਦੇ ਅੰਮ੍ਰਿਤਸਰ ਅੱਪੜੀ ਤਦ ਦਾਸ ਏਸ ਫ਼ਕੀਰ ਦੇ ਸਾਹਮਣੇ ਆ ਗਿਆ। ਇਸ ਦੇ ਨਾਲ ਇੱਕ ਬੜਾ ਜਵਾਨ ਪ੍ਰੇਮੀ ਸੀ। ਗੱਡੀਓਂ ਨਿਕਲਦੇ ਹੀ ਇਸ ਨੇ ਦਾਸ ਵੱਲ ਡੰਡਾ ਉਲਾਰ ਕੇ ਆਖਿਆ, ''ਤੂੰ ਮੈਨੂੰ ਕੀ ਆਖਦਾ ਹੈਂ?'' ਦਾਸ ਨੇ ਏਸ ਦੇ ਚਰਨ ਫੜ੍ਹ ਲਏ। ਚਰਨਾਂ ਨੂੰ ਹੱਥ ਲਾਉਣ ਦੀ ਹੀ ਦੇਰ ਸੀ ਕਿ ਏਸ ਨੇ ਦਾਸ ਦੇ ਪੈਰ ਫੜ੍ਹ ਲਏ ਅਤੇ ਉੱਚੀ ਦੇ ਕੇ ਆਪਣੇ ਸਾਥੀ ਨੂੰ ਆਖਿਆ'' ਵੇਖ ਯਾਰ! ਕੀ ਮੌਜ ਹੈ।''

ਫੇਰ ਅਸੀਂ ਇਕੱਠੇ ਟੁਰ ਪਏ। ਜਦ ਟਿਕਟ ਦੇਣ ਵਾਲੇ ਦਰਵਾਜ਼ੇ ਪਾਸ ਅੱਪੜੇ ਤਦ ਇੱਕ ਗੋਰੇ ਟਿਕਟ ਕੰਡਕਟਰ ਨੂੰ ਇਹ ਪ੍ਰੇਮੀ ਮੁੱਕਾ ਮਾਰ ਕੇ ਨਸ ਗਿਆ ਅਤੇ ਟਿਕਟ ਦਾਸ ਨੂੰ ਫੜ੍ਹਾ ਗਿਆ। ਟਿਕਟ ਕੰਡਕਟਰ ਤਾਂ ਅੰਦਰ ਸਟੇਸ਼ਨ ਮਾਸਟਰ ਪਾਸ ਗਿਆ ਅਤੇ ਦਾਸ ਦੂਸਰੇ ਫਾਟਕੋਂ ਬਾਹਰ ਆ ਗਿਆ। ਫ਼ਕੀਰ ਨਾਲ ਗੱਲਬਾਤ ਕਰਨ ਦੀ ਖਿੱਚ ਅਜੇ ਹਿਰਦੇ ਵਿੱਚ ਸੀ, ਦਾਸ ਦੌੜਿਆ-ਦੌੜਿਆ ਉਸੇ ਪਾਸੇ ਵੱਲ ਗਿਆ, ਜਿਧਰ ਹਾਲ ਦਰਵਾਜ਼ੇ ਵੱਲ ਟਾਂਗੇ ਨਿਕਲਦੇ ਸਨ। ਪੰਜ ਕੁ ਮਿੰਟ ਹੀ ਮਗਰੋਂ ਇੱਕ ਟਾਂਗਾ ਆ ਕੇ ਦਾਸ ਤੋਂ ਦਸ ਕਦਮ ਦੇ ਫਾਸਲੇ ’ਤੇ ਖੜ੍ਹਾ ਹੋ ਗਿਆ। ਟਾਂਗੇ ਵਾਲੇ ਨੇ ਘੋੜੇ ਨੂੰ ਕਈ ਛਾਂਟੇ ਮਾਰੇ ਪਰ ਘੋੜਾ ਨਾ ਟੁਰੇ। ਇੰਨੇ ਵਿੱਚ ਹੀ ਉਹ ਫ਼ਕੀਰ ਬੋਲ ਪਿਆ, “ਫਿੱਟੇ ਮੂੰਹ! ਘੋੜੇ ਨੂੰ ਐਵੇਂ ਮਾਰ ਪਵਾਈ ਜਾਂਦਾ ਹੈ।” ਇਹ ਬਚਨ ਸੁਣਦੇ ਸਾਰ ਹੀ ਦਾਸ ਨੇ ਸਮਝ ਲਿਆ, ਭੁੱਲ ਮੰਨੀ ਅਤੇ ਆਖਿਆ, ਫ਼ਕੀਰ ਸਾਂਈ ਜੀ! ਹੁਣ ਤੁਹਾਨੂੰ ਜ਼ਾਹਰਦਾਰੀ ਦੀ ਲੋੜ ਨਹੀਂ, ਅੱਗੇ ਤੋਂ ਨਿੰਦਾ ਕਰਾਉਣ ਵਾਸਤੇ ਸ਼ਰਾਬ ਨਹੀਂ ਪੀਣੀ, ਨਾਲ ਹੀ ਆਖਿਆ ਕਿ ਦਾਸ ਨੂੰ ਜ਼ਰੂਰ ਮਿਲਣਾ। ਫ਼ਕੀਰ ਬੋਲਿਆ, ਸਵੇਰੇ ਛੇ ਵਜੇ ਮਿਲਾਂਗੇ। ਦਾਸ ਤਿੰਨ ਵਜੇ ਟੁਰਿਆ ਅਤੇ ਰਸਤੇ ਵਿੱਚ ਚੌਕੀਦਾਰਾਂ, ਰਾਹੀਆਂ ਅਤੇ ਫ਼ਕੀਰਾਂ ਨਾਲ ਜੱਫੀਆਂ ਮਾਰਦਾ ਛੇ ਵਜੇ ਕਾਲਜ ਦੇ ਬਾਹਰਲੇ ਫਾਟਕ ਪਾਸ ਅੱਪੜਿਆ। ਏਥੇ ਇਹ ਫ਼ਕੀਰ ਦਾਸ ਨੂੰ ਮਿਲਿਆ ਅਤੇ ਆਖਿਆ, ਅਸੀਂ ਇੱਕ ਹਾਂ, ਸਾਡਾ ਤੁਹਾਡਾ ਕੰਮ ਵੀ ਇੱਕ ਹੈ। ਤੁਸੀਂ ਕਾਲਜ ਸੇਵਾ ਕਰੀ ਜਾਵੋ ਅਤੇ ਅਸੀਂ ਸ਼ਹਿਰ ਵਿੱਚ।

ਪਿਛੋਂ ਕਈ ਵਾਰੀ ਹਾਲ ਬਾਜ਼ਾਰ ਵਿੱਚ ਇਸ ਪ੍ਰੇਮੀ ਦਾ ਮੇਲ ਹੋਇਆ। ਇਹ ਦਾਸ ਨੂੰ ਵੇਖ ਕੇ ਹੱਸ ਪਵੇ ਅਤੇ ਦਾਸ ਇਸ ਨੂੰ ਵੇਖ ਕੇ ਖਿੜ ਜਾਵੇ। ਸ਼ਰਾਬ ਪੀਣੀ ਤਾਂ ਉਸ ਨੇ ਉੱਕੀ ਛੱਡ ਦਿੱਤੀ।

ਜਦ ਇਨਸਾਨ ਟੁਰ ਪਵੇ ਤਦ ਹਰ ਇੱਕ ਕਦਮ ’ਤੇ ਇਸ ਦੀ ਗਵਾਹੀ ਮਿਲਦੀ ਹੈ ਅਤੇ ਸਾਰਾ ਜੀਵਨ ਇਸ ਦੇ ਆਸਰੇ ਉੱਚਾ ਤੇ ਸੁੱਚਾ ਹੋ ਜਾਂਦਾ ਹੈ। ਦਿਨੋਂ-ਦਿਨ ਨਿਸ਼ਚਾ ਪਰਪੱਕ ਹੋ ਜਾਂਦਾ ਹੈ ਅਤੇ ਕਰਤਾਰ ਦੀ ਹੋਂਦ ਹਰ ਕਦਮ ਅਤੇ ਹਰ ਰੰਗ ਵਿੱਚ ਭਾਸਦੀ ਹੈ, ਸਿਰਫ਼ ਲੋੜ ਇਸ ਪਾਸੇ ਟੁਰਨ ਅਤੇ ਸਾਧਨ ਕਰਨ ਦੀ ਹੈ, ਆਮ ਮਾਦਾ ਪ੍ਰਸਤ ਆਦਮੀ ਬਿਨਾਂ ਸਾਧਨ ਕਰਨ ਦੇ ਅਗਰ-ਮਗਰ ਅਤੇ ਲੇਕਿਨ ਵਿੱਚ ਉਲਝ ਜਾਂਦਾ ਹੈ।

ਆਉਂਦਿਆਂ ਹੀ ਇਸ਼ਨਾਨ-ਪਾਣੀ ਕਰਕੇ ਗੁਰਦੁਆਰੇ ਦੀ ਹਾਜ਼ਰੀ ਭਰੀ। ਫੇਰ ਡਿਸਪੈਂਸਰੀ ਵਿੱਚ ਜਾ ਕੇ ਡਾਕਟਰ ਜਗਤ ਸਿੰਘ ਜੋ ਦਾਸ ਨਾਲ ਕਿਸੇ ਗੱਲ ਤੋਂ ਨਰਾਜ਼ ਸਨ, ਦੇ ਚਰਨ ਜਾ ਫੜੇ। ਚਰਨ ਫੜਨ ਦੀ ਦੇਰ ਹੀ ਸੀ ਕਿ ਲੋਟ-ਪੋਟ ਹੋ ਕੇ ਖਿਮਾਂ ਰੂਪ ਹੋ ਗਏ।

## ਅੰਮ੍ਰਿਤ ਛਕਣ ਲਈ ਆਕਾਸ਼ ਬਾਣੀ

ਅਜੇ ਅੰਮ੍ਰਿਤਸਰ ਸਾਹਿਬ ਆਇਆਂ ਹਫ਼ਤਾ ਕੁ ਹੀ ਹੋਇਆ ਸੀ, ਪਤਾ ਲੱਗਾ ਕਿ ਸੰਤ ਜੀ ਤਰਨਤਾਰਨ ਸਾਹਿਬ ਮੱਸਿਆ ’ਤੇ ਆਏ ਹੋਏ ਹਨ। ਇਹ ਖ਼ਬਰ ਸੁਣਦੇ ਸਾਰ ਹੀ ਸਕੱਤਰ ਸਾਹਿਬ ਪਾਸੋਂ ਛੁੱਟੀ ਲੈ ਕੇ ਦਾਸ ਨੇ ਇੱਕ ਫਿਟਨ ਗੱਡੀ ਕਿਰਾਏ ਪਰ ਲਈ ਅਤੇ ਆਪਣੀ ਮਾਤਾ, ਸੁਪਤਨੀ, ਕਾਕਾ ਕੁਲਦੀਪ ਸਿੰਘ ਅਤੇ ਅੱਛਰ ਸਿੰਘ ਸੇਵਕ ਸਮੇਤ ਤਰਨਤਾਰਨ ਸਾਹਿਬ ਵੱਲ ਟੁਰ ਪਿਆ। ਸ਼ਾਮ ਨੂੰ ਸੋਦਰ ਦਾ ਕੀਰਤਨ ਸੁਣਿਆ ਅਤੇ ਅੰਮ੍ਰਿਤ ਵੇਲੇ ਮਾਈ ਰਾਮ ਕੌਰ ਜੀ ਦੇ ਬੁੰਗੇ ਪਿੱਛੇ ਖੁੱਲ੍ਹੇ ਮੈਦਾਨ ਵਿੱਚ ਆਸਾ ਜੀ ਦੀ ਵਾਰ ਦਾ ਅਨੰਦ ਲਿਆ। ਭੋਗ ਦੇ ਮਗਰੋਂ ਪ੍ਰਵਾਰ ਸਹਿਤ ਹਰੀ ਮੰਦਰ ਸਾਹਿਬ ਜੀ ਦੀ ਯਾਤਰਾ ਕੀਤੀ ਅਤੇ ਉੱਤਲੀ ਛੱਤੇ ਬੈਠ ਕੇ ਕੀਰਤਨ ਦੇ ਅਨੰਦ ਵਿੱਚ ਮਗਨ ਹੋ ਗਿਆ। ਜਦ ਦਾਸ ਇਸ ਰੰਗ ਵਿੱਚ ਮਸਤ ਸੀ, ਅਕਾਸ਼ ਬਾਣੀ ਹੋਈ; “ਜੇ ਤੂੰ ਏਸ ਜਨਮ ਵਿੱਚ ਆਪਣਾ ਭਲਾ ਚਾਹੁੰਦਾ ਹੈ ਤਾਂ ਸਤਿਗੁਰੂ

ਕਲਗੀਆਂ ਵਾਲੇ ਮਹਾਰਾਜ ਦਾ ਅੰਮ੍ਰਿਤ ਛੱਕ ਲੈ।" ਇਹ ਅਵਾਜ਼ ਸੁਣਦੇ ਸਾਰ ਹੀ ਕੋਈ ਐਸੀ ਖਿੱਚ ਪਈ ਕਿ ਦਾਸ ਇਸ ਲਹਿਰ ਵਿੱਚ ਮਸਤ ਸੰਤ ਜੀ ਮਹਾਰਾਜ ਦੇ ਡੇਰੇ ਵੱਲ ਤੁਰ ਪਿਆ, ਆਪਣੀ ਸੁਪਤਨੀ ਤੇ ਮਾਤਾ ਜੀ ਦਾ ਖ਼ਿਆਲ ਉੱਕਾ ਹੀ ਭੁੱਲ ਗਿਆ ਪਰ ਇਹ ਵੀ ਦਾਸ ਦੇ ਮਗਰ-ਮਗਰ ਹੀ ਆ ਗਏ। ਉੱਥੇ ਜਾ ਕੇ ਸੰਤ ਜੀ ਅੱਗੇ ਬੇਨਤੀ ਕੀਤੀ, "ਮਹਾਰਾਜ ਜੀ! ਅੰਮ੍ਰਿਤ ਛਕਾਓ।" ਸੰਤ ਜੀ ਨੇ ਆਖਿਆ, "ਪ੍ਰੇਮੀਆ! ਸਾਨੂੰ ਠੰਢ ਲੱਗੀ ਹੋਈ ਹੈ, ਅਸੀਂ ਅੱਜ ਅੰਮ੍ਰਿਤ ਨਹੀਂ ਛਕਾ ਸਕਦੇ।" ਇਹ ਗੱਲ ਸੁਣ ਕੇ ਦਾਸ ਬੜਾ ਉਦਾਸ ਹੋ ਗਿਆ ਬੜੇ ਹੀ ਦੀਨ ਹੋ ਕੇ ਬੇਨਤੀ ਕੀਤੀ, "ਮਹਾਰਾਜ ਜੀ! ਅੱਜ ਜ਼ਰੂਰ ਹੀ ਕ੍ਰਿਪਾ ਕਰੋ।" ਨਿਮਾਣਿਆਂ ਦੀ ਬੇਨਤੀ ਸੰਤ ਜੀ ਨੇ ਮੰਨ ਲਈ ਅਤੇ ਅੰਮ੍ਰਿਤ ਸੰਚਾਰ ਦੀ ਤਿਆਰੀ ਦਾ ਹੁਕਮ ਦੇ ਦਿੱਤਾ। ਇਹ ਸੁਣ ਕੇ ਹੋਰ ਬਹੁਤ ਸਾਰੇ ਸਿੰਘ-ਸਿੰਘਣੀਆਂ ਵੀ ਅੰਮ੍ਰਿਤ ਛੱਕਣ ਲਈ ਤਿਆਰ ਹੋ ਗਏ। ਦਾਸ ਦੀ ਮਾਤਾ, ਸੁਪਤਨੀ ਭੁਝੰਗੀ ਕੁਲਦੀਪ ਸਿੰਘ ਅਤੇ ਸੇਵਕ ਅਛਰ ਸਿੰਘ ਕੇਸੀ ਇਸ਼ਨਾਨ ਕਰਕੇ ਤੇ ਸਾਰੀ ਰਹਿਤ-ਬਹਿਤ ਪੂਰੀ ਕਰ ਕੇ ਮਾਈ ਰਾਮ ਕੌਰ ਜੀ ਦੇ ਬੁੰਗੇ ਵਿੱਚ ਹਾਜ਼ਰ ਹੋ ਗਏ। ਪੰਜਾਹ-ਸੱਠ ਹੋਰ ਪ੍ਰੇਮੀ ਵੀ ਤਿਆਰ ਹੋ ਕੇ ਆ ਗਏ। ਹੁਣ ਸੰਤ ਜੀ ਮਹਾਰਾਜ ਜਥੇ ਸਮੇਤ ਆ ਗਏ ਅਤੇ ਅੰਮ੍ਰਿਤ ਤਿਆਰ ਕਰਨ ਲਈ ਸਤਿਗੁਰੂ ਅੱਗੇ ਅਰਦਾਸ ਕੀਤੀ। ਪੰਜ ਪਿਆਰੇ ਬੀਰ ਆਸਨ ਹੋ ਕੇ ਬੈਠ ਗਏ ਅਤੇ ਬਾਟੇ ਵਿੱਚ ਜਲ ਪਤਾਸੇ ਪਾ ਕੇ ਖੰਡਾ ਸੰਭਾਲ ਲਿਆ। ਜਿਸ ਵਕਤ ਸੰਤ ਜੀ ਮਹਾਰਾਜ ਨੇ ਖੰਡਾ ਫੇਰਨਾ ਸ਼ੁਰੂ ਕੀਤਾ, ਦਾਸ ਤੇ ਅਜ਼ਬ ਹਾਲਤ ਵਰਤ ਗਈ, ਸਰੀਰ ਦਾ ਰੋਮ-ਰੋਮ ਥੱਰਾਵਨ ਲੱਗ ਪਿਆ ਅਤੇ ਹਿਰਦੇ ਵਿੱਚੋਂ ਸਵਾਸ-ਸਵਾਸ ਇਹ ਅਰਦਾਸ ਨਿਕਲਣ ਲੱਗੀ, "ਹੇ ਸੱਚੇ ਪਾਤਸ਼ਾਹ! ਤੂੰ ਆਪਣਾ ਅੰਮ੍ਰਿਤ ਬਖਸ਼ਣ ਲੱਗਾ ਏ, ਆਪਣੀ ਮਿਹਰ ਕਰਕੇ ਇਹਨੂੰ ਨਿਭਾਈ"। ਜਦ ਪੰਜ ਪਿਆਰਿਆਂ ਨੇ ਬਾਣੀ ਪੜ੍ਹ ਲਈ ਤਦ ਸੰਤ ਜੀ ਮਹਾਰਾਜ ਨੇ ਅਰਦਾਸ ਕਰ ਕੇ ਅੰਮ੍ਰਿਤ ਦੇ ਬਾਟੇ 'ਤੇ ਸਤਿਗੁਰੂ ਦੀ ਮੋਹਰ ਲਵਾਈ। ਫੇਰ ਪੰਜ ਵਾਰੀ ਮੂਲ ਮੰਤਰ ਪੜ੍ਹ ਕੇ ਸਭ ਨੂੰ ਆਪਣੀ ਹੱਥੀਂ ਅੰਮ੍ਰਿਤ ਛਕਾਇਆ।

ਜਦ ਅੰਮ੍ਰਿਤ ਛਕਾ ਚੁੱਕੇ ਤਦ ਦਾਸ ਨੂੰ ਪੁੱਛਿਆ, "ਭਾਈ! ਤੇਰਾ ਨਾਂ ਕੀ ਧਰੀਏ?" ਦਾਸ ਨੇ ਹੱਥ ਜੋੜ ਕੇ ਬੇਨਤੀ ਕੀਤੀ, "ਜੋ ਹਜ਼ੂਰ ਦੀ ਮਰਜ਼ੀ।" ਸੰਤ ਜੀ ਨੇ ਮਿਹਰ ਕੀਤੀ ਅਤੇ ਆਪਣੇ ਮੁਖਾਰਬਿੰਦ ਤੋਂ ਦਾਸ ਦਾ ਨਾਂ ਤੇਜਾ ਸਿੰਘ ਧਰਿਆ।" ਨਿਰੰਜਨ ਸਿੰਘ ਮਹਿਤਾ ਮਰ ਗਿਆ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਘਰ ਨਵਾਂ ਜਨਮ ਪਾ ਕੇ ਤੇਜਾ ਸਿੰਘ ਪ੍ਰਗਟਿਆ। ਦਾਸ ਦੀ ਮਾਤਾ ਜੀ ਦਾ ਨਾਂ ਵੀ ਸਦਾ ਕੌਰ ਤੋਂ ਰਾਮ ਕੌਰ ਹੋਇਆ ਅਤੇ ਭੁਝੰਗੀ ਦਾ ਨਾਂ ਕੁਲਦੀਪ ਸਿੰਘ ਤੋਂ ਸੰਤ ਜੀ ਨੇ ਮੁਕੰਦ ਸਿੰਘ ਰੱਖਿਆ। ਦਾਸ ਦੀ ਸੁਪਤਨੀ ਅਤੇ ਸੇਵਕ ਦੇ ਪੁਰਾਣੇ ਨਾਮ ਬਿਸ਼ਨ ਕੌਰ ਅਤੇ ਅੱਛਰ ਸਿੰਘ ਹੀ ਪ੍ਰਵਾਨ ਹੋ ਗਏ। ਅੰਮ੍ਰਿਤ ਛਕ ਕੇ ਪਰਿਵਾਰ ਸਮੇਤ ਦਾਸ ਖ਼ਾਲਸਾ ਕਾਲਜ ਆ ਗਿਆ। ਡਿੱਗਣਾ-ਢਹਿਣਾ ਤਾਂ ਦਾਸ ਦਾ ਰਾਵੀ ਦੇ ਕਿਨਾਰੇ ਦਰਸ਼ਨ ਕਰਨ ਨਾਲ ਹੀ ਬੰਦ ਹੋ ਗਿਆ ਸੀ, ਅੰਮ੍ਰਿਤ ਛਕ ਕੇ ਅਡੋਲਤਾ ਵਧ ਗਈ ਅਤੇ ਬਿਰਤੀ ਇੱਕ-ਰਸ ਹੋ ਗਈ।

ਹੁਣ ਵਿਸਾਖੀ ਵਿੱਚ ਥੋੜ੍ਹੇ ਹੀ ਦਿਨ ਬਾਕੀ ਰਹਿ ਗਏ। ਚੀਫ਼ ਖ਼ਾਲਸਾ ਦੀਵਾਨ ਨੇ ਸੰਤ ਜੀ ਮਹਾਰਾਜ ਨੂੰ ਆਪਣੇ ਦੀਵਾਨ ਲਈ ਸੱਦਿਆ। ਵਿਸਾਖੀ ਵਾਲੇ ਦਿਨ ਇਹ ਦੀਵਾਨ ਮਲਵਈ ਬੁੰਗੇ ਵਿੱਚ ਸੱਜਿਆ। ਦਾਸ ਅੰਮ੍ਰਿਤ ਵੇਲੇ ਹੀ ਇਸ਼ਨਾਨ ਪਾਣੀ ਕਰਕੇ ਸੰਗਤ ਵਿੱਚ ਹਾਜਰ ਹੋ ਗਿਆ। ਸੰਤ ਜੀ ਮਹਾਰਾਜ ਦੇ ਦੀਵਾਨ ਵਿੱਚ ਆਉਣ ਦੀ ਉਡੀਕ ਲੱਗੀ ਹੋਈ ਸੀ। ਦਾਸ ਇਸ ਤਾਂਘ ਵਿੱਚ ਦੀਵਾਨ ਅਸਥਾਨ ਦੇ ਬਾਹਰ ਖੜ੍ਹਾ ਹੋ ਗਿਆ। ਚਿੱਤ ਵਿੱਚ ਫ਼ੁਰਨਾ ਉੱਠਿਆ ਕਿ 'ਸੰਤ ਗੁਰੂ ਹਨ' ਉਸੇ ਪਲ ਬੇਤਾਰ-ਤਾਰ ਦੁਆਰਾ ਜਵਾਬ ਆਇਆ, "ਗੁਰੂ ਨਹੀਂ, ਗੁਰਸਿੱਖ"। ਦੋ ਕੁ ਮਿੰਟ ਮਗਰੋਂ ਸੰਤ ਜੀ ਵੀ ਆ ਗਏ। ਦਾਸ ਚਰਨੀਂ ਲੱਗਾ ਅਤੇ ਮਨ ਵਿੱਚ ਪ੍ਰਣ ਕੀਤਾ ਕਿ ਜਦ ਤੀਕਰ ਸੰਤ ਜੀ ਆਪ ਹੁਕਮ ਦੇ ਕੇ ਨਹੀਂ ਬੁਲਾਉਂਦੇ ਦਾਸ ਕਿਸੇ ਕੀਰਤਨ ਵਿੱਚ ਲੈਕਚਰ ਨਹੀਂ ਦੇਵੇਗਾ।

ਸੰਤ ਜੀ ਮਹਾਰਾਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਬੜੇ ਅਦਬ ਨਾਲ ਨਮਸਕਾਰ ਕਰਕੇ ਇੱਕ ਪਾਸੇ ਬੈਠਣ ਲੱਗੇ ਪਰ ਸੰਗਤ ਵਿੱਚੋਂ ਇੱਕ ਪ੍ਰਬੰਧਕ ਨੇ ਇਹਨਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬੇ ਬਿਠਾ ਦਿੱਤਾ।

ਸਰਦਾਰ ਹਰਬੰਸ ਸਿੰਘ ਜੀ ਅਟਾਰੀ ਨੇ ਦਾਸ ਨੂੰ ਸਵੇਰ ਦੇ ਪ੍ਰੋਗਰਾਮ ਵਿੱਚ ਵਖਿਆਨ ਕਰਨ ਦਾ ਸਮਾਂ ਦਿੱਤਾ। ਦਾਸ ਨੇ ਹੁਕਮ ਮੰਨ ਕੇ ਪ੍ਰਵਾਨ ਕਰ ਲਿਆ। ਥੋੜ੍ਹੇ ਚਿਰ ਮਗਰੋਂ ਸਰਦਾਰ ਸਾਹਿਬ ਦਾਸ ਪਾਸ ਆਏ ਅਤੇ ਆਖਿਆ, "ਭਰਾ! ਇੱਕ ਪ੍ਰਚਾਰਕ ਵਕਤ ਮੰਗਦਾ ਹੈ, ਤੇਰਾ ਵਕਤ ਦੇ ਦੇਈਏ? ਤੈਨੂੰ ਤਾਂ ਕੋਈ ਪਰਵਾਹ ਨਹੀਂ, ਪ੍ਰਚਾਰਕ ਨੂੰ ਜੇ ਵਕਤ ਨਾ ਦਿੱਤਾ ਤਾਂ ਉਹ ਗੁੱਸੇ ਹੋ ਜਾਵੇਗਾ।"

ਦਾਸ ਨੇ ਬੜੇ ਪ੍ਰੇਮ ਨਾਲ ਆਖਿਆ, "ਸਤਿ ਬਚਨ!" ਨਾਲੇ ਤੇ ਬਚਨ ਮੰਨਿਆ ਗਿਆ ਅਤੇ ਨਾਲ ਹੀ ਸੁਤੇ-ਸਿਧ ਦਾਸ ਦਾ ਸੰਕਲਪ ਪੂਰਾ ਹੋ ਗਿਆ ਕਿ ਸੰਤ ਜੀ ਮਹਾਰਾਜ ਦੀ ਆਗਿਆ ਬਗੈਰ ਨਹੀਂ ਬੋਲਣਾ।

ਸਵੇਰ ਅਤੇ ਸ਼ਾਮ ਦੇ ਕੀਰਤਨ ਬੜੇ ਭਰੇ ਅਤੇ ਸੰਤ ਜੀ ਮਹਾਰਾਜ ਦੇ ਕੀਰਤਨ ਦਾ ਬੜਾ ਅਨੰਦ ਆਇਆ। ਸੋਦਰੁ ਦੇ ਦੀਵਾਨ ਮਗਰੋਂ ਦਾਸ ਸੰਤ ਜੀ ਮਹਾਰਾਜ ਨਾਲ ਡੇਰੇ ਤੇ ਗਿਆ ਅਤੇ ਬੇਨਤੀ ਕੀਤੀ, "ਮਹਾਰਾਜ! ਪ੍ਰਸ਼ਾਦ ਛਕਣ ਦੀ ਵਾਰੀ ਬਖਸ਼ੋ।" ਸੰਤ ਜੀ ਨੇ ਪੰਜ ਵਿਸਾਖ ਸ਼ਾਮ ਦਾ ਵਕਤ ਦਿੱਤਾ।

# ਕਾਂਡ ੫

**ਧਨਾਸਰੀ ਮਹਲਾ ੫ ॥**

**ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥**
**ਆਤਮ ਜਿਣੈ ਸਗਲ ਵਸਿ ਤਾ ਕੈ ਜਾ ਕਾ ਸਤਿਗੁਰੁ ਪੂਰਾ ॥੧॥**
**ਠਾਕੁਰੁ ਗਾਈਐ ਆਤਮ ਰੰਗਿ ॥**
**ਸਰਣੀ ਪਾਵਨ ਨਾਮ ਧਿਆਵਨ ਸਹਜਿ ਸਮਾਵਨ ਸੰਗਿ ॥੧॥ਰਹਾਉ॥**
**ਜਨ ਕੇ ਚਰਨ ਵਸਹਿ ਮੇਰੈ ਹੀਅਰੈ ਸੰਗਿ ਪੁਨੀਤਾ ਦੇਹੀ ॥**
**ਜਨ ਕੀ ਧੂਰਿ ਦੇਹੁ ਕਿਰਪਾ ਨਿਧਿ ਨਾਨਕ ਕੈ ਸੁਖੁ ਏਹੀ ॥੨॥੪॥੩੫॥ (੬੭੯)**

## ਨਾਮ ਦਾ ਖੁੱਲ੍ਹਾ ਚੱਕਰ ਚੱਲਣਾ

ਵਿਸਾਖੀ ਦੇ ਦੀਵਾਨ ਦਾ ਭੋਗ ਪੈ ਗਿਆ ਅਤੇ ਤਿੰਨ ਵਿਸਾਖ ਨੂੰ ਕਾਲਜ ਖੁੱਲ੍ਹ ਗਿਆ। ਪੰਜ ਵਿਸਾਖ ਵਾਲੇ ਦਿਨ ਜਦ ਦਾਸ ਪੜ੍ਹਾਈ ਕਰਾ ਰਿਹਾ ਸੀ, ਭਾਈ ਸੋਹਨ ਸਿੰਘ ਜੀ ਨੇ ਚਪੜਾਸੀ ਦੇ ਹੱਥ ਸੁਨੇਹਾ ਭੇਜਿਆ ਕਿ ਬਾਬਾ ਕੇਸਰ ਸਿੰਘ ਜੀ ਕਾਲਜ ਦੇ ਗੁਰਦੁਆਰੇ ਵਿੱਚ ਬੈਠੇ ਹਨ ਅਤੇ ਤੁਹਾਨੂੰ ਯਾਦ ਕਰਦੇ ਹਨ। ਦਾਸ ਨੇ ਆਖ ਭੇਜਿਆ, ਟੱਲੀ ਪੂਰੀ ਹੋਣ ਵਾਲੀ ਹੈ ਦਾਸ ਦਸਾਂ ਮਿੰਟਾਂ ਵਿੱਚ ਬਾਬਾ ਜੀ ਦੀ ਸੇਵਾ ਵਿੱਚ ਹਾਜ਼ਰ ਹੋ ਜਾਵੇਗਾ। ਬਾਬਾ ਕੇਸਰ ਸਿੰਘ ਜੀ ਦਾ ਖ਼ਾਲਸਾ ਕਾਲਜ ਵਿੱਚ ਛੇ ਕੁ ਮਹੀਨੇ ਤੋਂ ਆਉਣ ਜਾਣ ਸੀ। ਇਹ ਆਪਣੇ ਨਾਲ ਭਾਈ ਹਰਨਾਮ ਸਿੰਘ ਜੀ ਰਾਗੀ, ਭਾਈ ਸੋਹਨ ਸਿੰਘ ਜੀ ਤੇ ਹੋਰ ਜਥਾ ਲਿਆਉਂਦੇ ਅਤੇ ਕਾਲਜ ਦੀ ਧਰਮਸਾਲਾ ਵਿੱਚ ਕੀਰਤਨ ਕਰਦੇ। ਏਸ ਵਾਰੀ ਸਤਿਗੁਰੂ ਦੀ ਕਿਸੇ ਖਾਸ ਖੇਡ ਵਿੱਚ ਇੱਕ ਹੀ ਸੇਵਾਦਾਰ ਲੈ ਕੇ ਆਏ ਸਨ।

ਘੰਟਾ ਵਜਦਿਆ ਹੀ ਦਾਸ ਸਿੱਧਾ ਗੁਰਦੁਆਰੇ ਵੱਲ ਹੋ ਟੁਰਿਆ। ਅੱਗੇ ਬਾਬਾ ਜੀ ਦਰੀ ’ਤੇ ਬੈਠੇ ਸਨ ਅਤੇ ਭਾਈ ਨਾਰਾਇਣ ਸਿੰਘ ਜੀ ਕਲਰਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਸਜੇ ਹੋਏ ਬਾਬਾ ਜੀ ਨੂੰ ਪ੍ਰਸ਼ਨ ਕਰ ਰਹੇ ਸਨ। ਬਾਬਾ ਜੀ ਨੇ ਆਖਿਆ, “ਭਾਈ! ਸਾਨੂੰ ਕੀ ਪੁੱਛਦਾ ਹੈਂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਨੂੰ ਪੁੱਛ।” ਇਸ਼ਾਰਾ ਸਮਝ ਕੇ ਭਾਈ ਨਾਰਾਇਣ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦਾ ਵਾਕ ਲਿਆ ਤੇ ਉਹਨਾਂ ਦੀ ਨਿਸ਼ਾ ਹੋ ਗਈ। ਫੇਰ ਬਾਬਾ ਜੀ ਇੱਕ ਖਾਸ ਲਹਿਰ ਵਿੱਚ ਆ ਕੇ ਅਗੰਮੀ ਬਚਨ ਕਰਨ ਲੱਗ ਪਏ, “ਏਸ ਅਸਥਾਨ ਨੂੰ ਬੜਾ ਭਾਗ ਲੱਗੇਗਾ। ਇਹ ਸਤਿਗੁਰੂ ਦਾ ਅਕਾਲ ਬੁੰਗਾ ਹੈ। ਸਤਿਗੁਰੂ ਨੇ ਇੱਥੇ ਦੁਸ਼ਟਾਂ ਦਾ ਨਾਸ਼ ਕੀਤਾ ਸੀ, ਇਹਨੂੰ ਬੜਾ ਭਾਗ ਲੱਗੇਗਾ। ਏਸ ਧਰਮਸਾਲਾ ਦੇ ਵਿਦਿਆਰਥੀ ਦੇਸ਼-ਪ੍ਰਦੇਸ਼ ਵਿੱਚ ਜਾਣਗੇ ਅਤੇ ਨਾਮ-ਬਾਣੀ ਦਾ ਪ੍ਰਚਾਰ ਕਰਨਗੇ। ਹੁਣ ਨਾਮ ਦਾ ਖੁੱਲ੍ਹਾ ਗੱਫਾ ਵਰਤਣ ਦਾ ਸਮਾਂ ਆ ਗਿਆ ਹੈ। ਅਗੇ ਗੁਰਮੰਤਰ ਕੰਨ ਵਿੱਚ ਦਿੱਤਾ ਜਾਂਦਾ ਸੀ, ਹੁਣ ਖੁੱਲ੍ਹਾ ਚੱਕਰ ਚੱਲੇਗਾ।”

ਬਾਬਾ ਜੀ ਇਸ ਰੰਗ ਵਿੱਚ ਘੰਟਾ ਕੁ ਮਸਤ ਰਹੇ। ਜਦ ਬਾਬਾ ਜੀ ਦੀ ਲਹਿਰ ਮੁੱਕ ਗਈ ਤਦ ਦਾਸ ਨੇ ਹੱਥ ਜੋੜ ਕੇ ਬੇਨਤੀ ਕੀਤੀ, “ਮਹਾਰਾਜ! ਪ੍ਰਸ਼ਾਦ ਛੱਕ ਕੇ ਜਾਓ।” ਪਰ ਬਾਬਾ ਜੀ ਇਹ ਆਖ ਕੇ, “ਠਹਿਰਨ ਦਾ ਹੁਕਮ ਨਹੀਂ ਹੈ।” ਗੋਲੀ ਵਾਂਗਣ ਨਿਕਲ ਗਏ।

ਹੁਣ ਦਾਸ ਨੂੰ ਯਾਦ ਆਇਆ ਕਿ ਅੱਜ ਸ਼ਾਮ ਨੂੰ ਤਾਂ ਸੰਤ ਜੀ ਮਹਾਰਾਜ ਦਾ ਪ੍ਰਸ਼ਾਦ ਹੈ, ਉਹਨਾਂ ਨੂੰ ਚਿਤਾਵਨੀ ਕਰਾਉਣੀ ਜ਼ਰੂਰੀ ਹੈ। ਓਸੇ ਵੇਲੇ ਦਾਸ ਨੇ ਘੋੜੇ 'ਤੇ ਕਾਠੀ ਪਵਾਈ ਅਤੇ ਵਾਹੋ- ਦਾਹੀ ਦਰਬਾਰ ਸਾਹਿਬ ਅੱਪੜਿਆ। ਇੱਕ ਪ੍ਰੇਮੀ ਨੂੰ ਘੋੜਾ ਫੜ੍ਹਾ ਕੇ ਬਾਬਾ ਦੀਪ ਸਿੰਘ ਜੀ ਮਹਾਰਾਜ ਦੇ ਬੁੰਗੇ ਦੇ ਪਿੱਛੇ ਸੰਤ ਭਾਈ ਗੁਲਾਬ ਸਿੰਘ ਜੀ ਦੀ ਕੁਟੀਆ ਵਿੱਚ ਜਿੱਥੇ ਕਿ ਸੰਤ ਜੀ ਮਹਾਰਾਜ ਦਾ ਆਸਣ ਸੀ, ਗਿਆ ਤੇ ਰਾਤ ਦੇ ਪ੍ਰਸ਼ਾਦ ਵਾਸਤੇ ਅਰਜ਼ ਕੀਤੀ। ਸੰਤ ਜੀ ਨੇ ਆਖਿਆ, "ਭਾਈ! ਬੜੀ ਦੇਰ ਕਰ ਕੇ ਆਏ ਹੋ, ਅਸੀਂ ਤਾਂ ਰਾਤ ਵਾਸਤੇ ਕਿਸੇ ਹੋਰ ਪ੍ਰੇਮੀ ਦਾ ਪ੍ਰਸ਼ਾਦ ਮੰਨ ਲਿਆ ਹੈ।" ਇਹ ਸੁਣ ਕੇ ਚਿੱਤ ਵਿੱਚ ਬੜੀ ਨਿਰਾਸਤਾ ਹੋਈ। ਇੱਕ ਸੇਵਕ ਸੰਤ ਜੀ ਮਹਾਰਾਜ ਪਾਸ ਬੈਠਾ ਸੀ, ਉਸ ਨੇ ਦਾਸ ਦੇ ਚਿਹਰੇ ਨੂੰ ਦੇਖ ਕੇ ਸੰਤ ਜੀ ਅੱਗੇ ਬੇਨਤੀ ਕੀਤੀ, "ਮਹਾਰਾਜ ਜੀ! ਇਹ ਤਾਂ ਕੋਈ ਪ੍ਰੇਮੀ ਸਿੱਖ ਹੈ, ਏਸ ਦਾ ਪ੍ਰਸ਼ਾਦਾ ਜ਼ਰੂਰ ਮੰਨ ਲਵੋ।" ਉਸ ਦੀ ਅਰਜ਼ ਸੰਤ ਜੀ ਨੇ ਪ੍ਰਵਾਨ ਕਰ ਲਈ ਅਤੇ ਉਸ ਨੂੰ ਹੁਕਮ ਦਿੱਤਾ, "ਤੁਸੀਂ ਰਾਤ ਦੇ ਪ੍ਰਸ਼ਾਦ ਵਾਲੇ ਪ੍ਰੇਮੀਆਂ ਨੂੰ ਹੁਣੇ ਖ਼ਬਰ ਕਰ ਦੇਵੋ ਕਿ ਅੱਜ ਸਾਡਾ ਪ੍ਰਸ਼ਾਦਾ ਖ਼ਾਲਸਾ ਕਾਲਜ ਹੈ।" ਆਗਿਆ ਲੈ ਕੇ ਦਾਸ ਖ਼ਾਲਸਾ ਕਾਲਜ ਆਇਆ ਅਤੇ ਸ਼ਾਮ ਦੇ ਪ੍ਰਸ਼ਾਦੇ ਦੀ ਤਿਆਰੀ ਅਰੰਭ ਕਰ ਦਿੱਤੀ। ਸ਼ਾਮ ਦੇ ਪੰਜ ਵਜੇ ਸੰਤ ਜੀ ਮਹਾਰਾਜ ਦੀ ਸੇਵਾ ਵਿੱਚ ਹਾਜ਼ਰ ਹੋ ਗਿਆ ਅਤੇ ਜਥੇ ਸਮੇਤ ਘੋੜਾ-ਗੱਡੀ 'ਤੇ ਖ਼ਾਲਸਾ ਕਾਲਜ ਆਪਣੇ ਮਕਾਨ ਵਿੱਚ ਲੈ ਗਿਆ। ਸੰਤ ਜੀ ਨੇ ਬੜੇ ਪ੍ਰੇਮ ਨਾਲ ਪ੍ਰਸ਼ਾਦ ਛਕਿਆ ਅਤੇ ਸਹਿਜ-ਸੁਭਾਏ ਬਚਨ ਕੀਤਾ, "ਅਜੇ ਕੋਈ ਸਿੱਖ ਪ੍ਰਿੰਸੀਪਲ ਦਾ ਕੰਮ ਸਾਂਭਣ ਦੇ ਲਾਇਕ ਨਹੀਂ ਬਣਿਆ।" ਫੇਰ ਪ੍ਰਸ਼ਾਦ ਛਕ ਕੇ ਗੁਰਦੁਆਰੇ ਸਾਹਿਬ ਆਏ ਤੇ ਆਉਂਦਿਆਂ ਹੀ ਸ਼ਬਦ ਕੀਰਤਨ ਅਰੰਭ ਦਿੱਤਾ। ਕਾਲਜ ਤੇ ਸਕੂਲ ਦੇ ਸਾਰੇ ਵਿਦਿਆਰਥੀ ਅਤੇ ਅਧਿਆਪਕ ਆ ਗਏ ਤੇ ਨਾਮ-ਬਾਣੀ ਦਾ ਬੜਾ ਰੰਗ ਬੱਝਿਆ। ਭੋਗ ਦੇ ਸ਼ਬਦ ਦੇ ਨਾਲ ਸੰਤ ਜੀ ਮਹਾਰਾਜ ਨੇ ਗੁਰ-ਮੰਤਰ ਦਾ ਖੁੱਲ੍ਹਾ ਚੱਕਰ ਚਲਾਇਆ; "ਸਤਿਨਾਮ ਸਤਿਨਾਮ ਸਤਿਨਾਮ ਜੀ, ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਜੀ।"

ਫੇਰ ਸੋਦਰੁ ਦਾ ਦੀਵਾਨ ਲੱਗ ਕੇ ਰਹਿਰਾਸ ਸਾਹਿਬ ਦਾ ਪਾਠ ਹੋਇਆ। ਅਰਦਾਸ ਮਗਰੋਂ ਦਾਸ ਨੇ ਬੇਨਤੀ ਕੀਤੀ, "ਮਹਾਰਾਜ! ਕਿਰਪਾ ਕਰ ਕੇ ਰਾਤ ਖ਼ਾਲਸਾ ਕਾਲਜ ਹੀ ਠਹਿਰੋ" ਪਰ ਇਹ ਆਖ ਕੇ, 'ਹੁਕਮ ਨਹੀਂ" ਸੰਤ ਜੀ ਗੱਡੀ ਵਿੱਚ ਸਵਾਰ ਹੋ ਕੇ ਆਪਣੇ ਆਸਣ 'ਤੇ ਸ਼ਹਿਰ ਵਿੱਚ ਚਲੇ ਗਏ। ਇੱਕ ਦਿਨ ਵਿੱਚ ਹੀ ਦੋ ਮਹਾਂਪੁਰਖਾਂ ਨੇ ਆਪਣੀ-ਆਪਣੀ ਖੇਡ ਵਰਤਾਈ, ਦੋਵੇਂ ਹੀ ਇਹ ਬਚਨ ਕਰਕੇ ਕਿ "ਠਹਿਰਣ ਦਾ ਹੁਕਮ ਨਹੀਂ, ਆਪਣੇ-ਆਪਣੇ ਡੇਰੇ 'ਤੇ ਚਲੇ ਗਏ।"

ਦੂਜੇ ਦਿਨ ੧੧ ਵਜੇ ਦਾਸ ਸੰਤ ਜੀ ਮਹਾਰਾਜ ਦੇ ਦਰਸ਼ਨ ਲਈ ਗਿਆ ਅਤੇ ਅਰਜ਼ ਕੀਤੀ, "ਮਹਾਰਾਜ! ਹੁਕਮ ਦੇਵੋ ਤਾਂ ਨੌਕਰੀ ਛੱਡ ਦੇਵਾਂ।" ਸੰਤ ਜੀ ਮਹਾਰਾਜ ਨੇ ਫ਼ੁਰਮਾਇਆ, "ਭਾਈ ਜਤਨ ਕਰ ਕੇ ਛੱਡਣ ਦੀ ਲੋੜ ਨਹੀਂ। ਸਮਾਂ ਆਉਣ 'ਤੇ ਆਪੇ ਹੀ ਛੁੱਟ ਜਾਵੇਗੀ। ਅਸਾਂ ਗੁਰੂਸਾਗਰ ਸਾਹਿਬ ਮਸਤੂਆਣੇ ਨਿਮਾਣੀ (ਨਿਰਜਲਾ) ਇਕਾਦਸ਼ੀ ਦਾ ਜੋੜ-ਮੇਲਾ ਰੱਖਿਆ ਹੋਇਆ ਹੈ, ਉੱਥੇ ਜ਼ਰੂਰ ਆਉਣਾ।"

ਥੋੜ੍ਹੇ ਦਿਨਾਂ ਮਗਰੋਂ ਸੰਤ ਜੀ ਮਹਾਰਾਜ ਤਾਂ ਮਾਲਵੇ ਵੱਲ ਚਲੇ ਗਏ ਅਤੇ ਦਾਸ ਖ਼ਾਲਸਾ ਕਾਲਜ ਆਪਣੇ ਕੰਮ 'ਤੇ ਲੱਗਾ ਰਿਹਾ ਪਰ ਚਿੱਤ ਹਰ ਵੇਲੇ ਉਪਰਾਮ ਰਹਿੰਦਾ, ਕਿਹੜਾ ਵੇਲਾ ਆਵੇ ਕਿ ਸੰਤ ਜੀ ਮਹਾਰਾਜ ਦਾ ਦਰਸ਼ਨ ਹੋਵੇ ਅਤੇ ਉਹਨਾਂ ਦੀ ਆਗਿਆ ਵਿੱਚ ਟਹਿਲ ਕੀਤੀ ਜਾਵੇ। ਕੁਝ ਚਿਰ ਤੋਂ ਅਮਰੀਕਾ (ਹਾਰਵਰਡ) ਜਾਣ ਦਾ ਸੰਕਲਪ ਬਣਿਆ ਹੋਇਆ ਸੀ। ਹੁਣ ਸੰਤ ਜੀ ਮਹਾਰਾਜ ਦੇ ਮਿਲਾਪ ਅਤੇ ਵਿਛੋੜੇ ਨੇ ਖ਼ਾਲਸਾ ਕਾਲਜ ਤੋਂ ਚਿੱਤ ਹੋਰ ਉਦਾਸ ਕਰ ਦਿੱਤਾ।

ਜਾਂਦੀ ਵਾਰੀ ਬਾਬਾ ਕੇਸਰ ਸਿੰਘ ਜੀ ਵੀ ਪਿੰਡ ਭਕਨੇ ਦੇ ਦੀਵਾਨ ਵਿੱਚ ਹਾਜ਼ਰ ਹੋਣ ਲਈ ਆਖ ਗਏ ਸਨ। ਦਾਸ ਉੱਥੇ ਪਰਿਵਾਰ ਸਮੇਤ ਆ ਗਿਆ। ਭਾਈ ਹਰਨਾਮ ਸਿੰਘ ਜੀ ਰਾਗੀ ਦਾ ਕੀਰਤਨ ਹੋ ਰਿਹਾ ਸੀ। ਇਹਨਾਂ ਨੇ ਪੂਰੇ ਜ਼ੋਰ, ਪ੍ਰੇਮ ਅਤੇ ਵੈਰਾਗ ਵਿੱਚ ਇਹ ਸ਼ਬਦ ਪ੍ਰਮਾਣ ਸਹਿਤ ਦੋ ਕੁ ਘੰਟੇ ਲਾ ਕੇ "**ਨਾ ਜੀਐ ਕੋਈ ਰਾਮ ਬਿਓਗੀ, ਜੀਐ ਤ ਬਉਰਾ ਹੋਇ**" ਦੀ ਧਾਰਨਾ ਤੇ ਪੱੜ੍ਹਿਆ:

**ਕਬੀਰ ਬਿਰਹੁ ਭੁਯੰਗਮੁ ਮਨਿ ਬਸੈ ਮੰਤੁ ਨ ਮਾਨੈ ਕੋਇ ॥**

**ਰਾਮ ਬਿਓਗੀ ਨਾ ਜੀਐ ਜੀਐ ਤ ਬਉਰਾ ਹੋਇ ॥ (੧੩੬੮)**

ਸਾਰੀ ਸੰਗਤ 'ਤੇ ਵੈਰਾਗ ਅਤੇ ਪ੍ਰੇਮ ਦਾ ਉਹ ਰੰਗ ਛਾਇਆ ਕਿ ਉਸ ਵੇਲੇ ਸਾਰੀ ਦੁਨੀਆਂ ਫ਼ਨਾਹ ਭਾਸਣ ਲੱਗ ਪਈ ਅਤੇ ਅੰਦਰੋਂ ਆਤਮ-ਰਸ ਦੇ ਹੁਲਾਰੇ ਆਉਣ ਲੱਗ ਪਏ। ਸ਼ਾਮ ਵੇਲੇ ਕੀਰਤਨ ਦਾ ਭੋਗ ਪਿਆ। ਜਦ ਦਾਸ ਟੁਰਨ ਲੱਗਾ ਤਦ ਬਾਬਾ ਕੇਸਰ ਸਿੰਘ ਜੀ ਨੇ ੧੭ ਜੇਠ ਨੂੰ ਭੈਣੀ ਸਾਹਿਬ ਵਿਖੇ ਬਾਬਾ ਹਰੀ ਸਿੰਘ ਜੀ ਮਹਾਰਾਜ ਦੇ ਅਕਾਲ ਚਲਾਣੇ ਸੰਬੰਧੀ ਯੱਗ 'ਤੇ ਹਾਜ਼ਰ ਹੋਣ ਲਈ ਪੱਕੀ ਕੀਤੀ।

ਕੁਝ ਦਿਨਾਂ ਮਗਰੋਂ ਦਾਸ ੧੯ ਜੇਠ ਵਾਲੇ ਦਿਨ ਭੈਣੀ ਸਾਹਿਬ ਵੱਲ ਇੱਕਲਾ ਹੀ ਟੁਰ ਪਿਆ। ਸਾਹਨੇਵਾਲ ਦਾ ਟਿਕਟ ਲਿਆ ਅਤੇ ਸ਼ਾਮ ਦੇ ਛੇ ਕੁ ਵਜੇ ਏਥੇ ਅੱਪੜਿਆ। ਸਟੇਸ਼ਨ ਤੋਂ ਉਤਰਦਿਆਂ ਹੀ ਇੱਕ ਬਿਰਧ ਬਾਬਾ ਮਿਲਿਆ। ਦਾਸ ਉਸ ਨੂੰ 'ਵਾਹਿਗਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ' ਬੁਲਾ ਕੇ ਭੈਣੀ ਸਾਹਿਬ ਵੱਲ ਟੁਰ ਪਿਆ। ਅਜੇ ੧●● ਕੁ ਕਦਮ ਹੀ ਗਿਆ ਸੀ ਕਿ ਦੋ ਸੱਜਣ ਭੈਣੀ ਸਾਹਿਬ ਵਲੋਂ ਆਉਂਦੇ ਹੋਏ ਮਿਲ ਪਏ। ਦਾਸ ਨੇ ਇਹਨਾਂ ਨੂੰ ਦੀਵਾਨ ਦੀ ਬਾਬਤ ਪੁੱਛਿਆ। ਇਹਨਾਂ ਨੇ ਆਖਿਆ ਕਿ ਇੱਕ ਦਿਨ ਦਾ ਦੀਵਾਨ ਤਾਂ ਹੋ ਚੁੱਕਾ ਹੈ, ਦੂਜੇ ਦਿਨ ਦਾ ਦੀਵਾਨ ਬਾਕੀ ਹੈ। ਇਹ ਸੁਣ ਕੇ ਦਾਸ ਨੇ ਮਨ ਵਿੱਚ ਵਿਚਾਰਿਆ, ਮਨ ਨੇ ਕੁਚਾਲੀ ਕੀਤੀ ਕਿ ਹੁਣ ਦੇਰੀ ਹੋ ਗਈ ਹੈ, ਦੀਵਾਨ ਵਿੱਚ ਕੀ ਜਾਣਾ ਹੈ। ਇਹ ਸੋਚ ਕੇ ਦਾਸ ਸਟੇਸ਼ਨ ਵੱਲ ਮੁੜ ਪਿਆ ਪਰ ਕਰਤਾਰ ਦਾ ਹੁਕਮ ਭੈਣੀ ਸਾਹਿਬ ਅੱਪੜਨ ਦਾ ਸੀ। ਬਾਬਾ ਕੇਸਰ ਸਿੰਘ ਜੀ ਦੀ ਖ਼ਾਲਸਾ ਕਾਲਜ ਦੀ ਸ਼ੁਰੂ ਕੀਤੀ ਹੋਈ ਨਾਮ ਦੀ ਗੁਪਤ ਖੇਡ ਦੇ ਪ੍ਰਗਟ ਹੋਣ ਦੀ ਦੂਜੀ ਲੜੀ ਇਸੇ ਪਵਿੱਤਰ ਧਰਤੀ 'ਤੇ ਪੂਰੀ ਹੋਣੀ ਸੀ।

ਜਦ ਦਾਸ ਸਟੇਸ਼ਨ 'ਤੇ ਅੱਪੜ ਕੇ ਮੁਸਾਫ਼ਰਖ਼ਾਨੇ ਵਿੱਚ ਵੜਿਆ ਤਦ ਉਸੇ ਬੁੱਢੇ ਸਿੰਘ ਨੇ ਜੋ ਦਾਸ ਨੂੰ ਜਾਂਦੀ ਵਾਰੀ ਮਿਲਿਆ ਸੀ, ਪੁੱਛਿਆ, "ਭਾਈ ਸਿੱਖਾ! ਏਨੀ ਛੇਤੀ ਕਿਉਂ ਮੁੜ ਆਇਆ ਹੈਂ?" ਇਹ ਕਹਿੰਦੇ ਸਾਰ ਹੀ ਉਸ ਨੇ ਆਪਣਾ ਕੁਤਕਾ ਉਭਾਰਿਆ ਅਤੇ ਬੜੇ ਜੋਸ਼ ਨਾਲ ਆਖਿਆ, "ਬਚਨ ਕਰ ਕਿ ਮੈਂ ਹੁਣ ਪਿੱਛੇ ਮੁੜ ਕੇ ਨਹੀਂ ਆਉਂਦਾ। ਗੁਰੂ ਦੇ ਸਿੱਖ ਦਾ ਦੀਵਾਨ ਨੂੰ ਪਿੱਠ ਦੇ ਕੇ ਮੁੜਨਾ ਬੜਾ ਭਾਰੀ ਪਾਪ ਹੈ।" ਏਸ ਗੁਰੂ ਕੇ ਲਾਲ ਦੇ ਅੰਦਰ ਪ੍ਰੇਮ ਅਤੇ ਧਰਮ ਦੇ ਜੋਸ਼ ਨੇ ਕੁਝ ਇਹੋ ਜਿਹਾ ਰੰਗ ਦਿਖਾਇਆ ਕਿ ਦਾਸ ਨੇ ਉਸ ਦੇ ਹੁਕਮ ਨੂੰ ਕੋਈ ਰੱਬੀ ਖੇਲ ਸਮਝ ਕੇ ਮੰਨ ਲਿਆ ਅਤੇ ਬਚਨ ਕੀਤਾ, "ਬਾਬਾ ਜੀ! ਹੁਣ ਦੀਵਾਨ ਦੇ ਦਰਸ਼ਨ ਕੀਤੇ ਬਿਨਾਂ ਮੁੜ ਕੇ ਨਹੀਂ ਆਉਂਦਾ।"

ਬਿਰਧ ਪ੍ਰੇਮੀ ਨਾਲ ਬਚਨ ਕਰ ਕੇ ਦਾਸ ਭੈਣੀ ਸਾਹਿਬ ਵੱਲ ਟੁਰ ਪਿਆ। ਦਿਨ ਡੁੱਬਣ ਦੇ ਦੋ ਘੰਟੇ ਮਗਰੋਂ ਉੱਥੇ ਅੱਪੜਿਆ। ਪਿੰਡ ਵੜਦਿਆਂ ਹੀ ਬਾਬਾ ਕੇਸਰ ਸਿੰਘ ਜੀ ਦੀ ਪੁੱਛ-ਪੜਤਾਲ ਕੀਤੀ। ਪ੍ਰੇਮੀਆਂ ਨੇ ਦੱਸਿਆ ਕਿ ਬਾਬਾ ਜੀ ਤਾਂ ਬਾਹਰ ਟਿੱਬਿਆਂ 'ਤੇ ਚਲੇ ਗਏ ਹਨ ਪਰ ਉਹਨਾਂ ਦੇ ਸਾਥੀ ਭਾਈ ਹਰਨਾਮ ਸਿੰਘ ਜੀ ਰਾਗੀ ਏਥੇ ਹੀ ਹਨ। ਇੱਕ ਸਿੱਖ ਦਾਸ ਨੂੰ ਭਾਈ ਹਰਨਾਮ ਸਿੰਘ ਜੀ ਪਾਸ ਲੈ ਗਏ। ਇਹਨਾਂ ਨੇ ਬੜੇ ਪ੍ਰੇਮ ਨਾਲ ਪ੍ਰਸ਼ਾਦ ਛਕਾਇਆ। ਉਪਰੰਤ ਫੇਰ ਸਾਰੇ ਦੇ ਸਾਰੇ ਬਾਬਾ ਕੇਸਰ ਸਿੰਘ ਜੀ ਪਾਸ

ਟਿੱਬਿਆਂ 'ਤੇ ਚਲੇ ਗਏ। **ਬਾਬਾ ਕੇਸਰ ਸਿੰਘ ਜੀ ਰੇਤ 'ਤੇ ਹੀ ਆਸਣ ਜਮਾਈ ਬੈਠੇ ਸਨ, ਦਾਸ ਵੀ ਇਹਨਾਂ ਦੇ ਪਾਸ ਬਹਿ ਗਿਆ। ਇਹ ਬੜੇ ਪ੍ਰਸੰਨ ਹੋਏ ਤੇ ਦਾਸ ਦੀ ਕੰਡ 'ਤੇ ਹੱਥ ਫੇਰ ਕੇ ਕਹਿਣ ਲੱਗੇ, "ਪੁੱਤਰ! ਤੈਨੂੰ ਬੜਾ ਭਾਗ ਲੱਗੇਗਾ, ਤੂੰ ਵਲਾਇਤ ਵਿੱਚ ਜਾ ਕੇ ਨਾਮ ਦਾ ਚੱਕਰ ਚਲਾਏਂਗਾ।" ਫਿਰ ਇੱਕ ਖ਼ਾਸ ਰੰਗ ਵਿੱਚ ਆ ਕੇ ਆਪਣੀ ਵਿੱਥਿਆ ਸੁਣਾਉਣ ਲੱਗ ਪਏ, "ਪੁੱਤਰ ਮੈਂ ਪਹਿਲਾਂ ਰਾਮ-ਨਾਮ ਜਪਦਾ ਸਾਂ। ਇੱਕ ਦਿਨ ਮੈਨੂੰ ਬਾਬਾ ਰਾਮ ਸਿੰਘ ਜੀ ਮਹਾਰਾਜ ਜੰਗਲ ਵਿੱਚ ਮਿਲੇ। ਮੇਰੇ 'ਤੇ ਕਿਰਪਾ ਦ੍ਰਿਸ਼ਟੀ ਹੋਈ, ਮੈਨੂੰ ਕੰਨ ਵਿੱਚ ਵਾਹਿਗੁਰੂ ਮੰਤਰ ਦਿੱਤਾ। ਉਸ ਵੇਲੇ ਮੈਂ ਮਸਤਾਨਾ ਹੋ ਗਿਆ, ਨਾਮ ਦੀ ਉਹ ਖੁਮਾਰੀ ਚੜ੍ਹੀ ਕਿ ਆਖੀ ਨਹੀਂ ਜਾ ਸਕਦੀ। ਪੁੱਤਰ! ਰਾਮ ਨਾਮ ਸੌ ਵਾਰੀ ਆਖਿਆ ਅਤੇ ਵਾਹਿਗੁਰੂ ਮੰਤ੍ਰ ਇੱਕ ਵਾਰੀ ਆਖਿਆ ਮੈਨੂੰ ਬਰਾਬਰ ਭਾਸੇ।"** ਬਾਬਾ ਜੀ ਦੇ ਬਚਨ-ਬਿਲਾਸ ਸੁਨਣ ਲਈ ਕਈ ਹੋਰ ਪੁਰਾਣੇ ਨਾਮਧਾਰੀ ਵੀ ਟਿੱਬੇ 'ਤੇ ਆ ਗਏ। ਇਹਨਾਂ ਵਿੱਚ ਬਾਬਾ ਕਿਸ਼ਨ ਸਿੰਘ ਜੀ ਦੇ ਦੋ ਸਾਥੀ ਵੀ ਸਨ।

ਫਿਰ ਤਾਂ ਬਾਬਾ ਰਾਮ ਸਿੰਘ ਜੀ ਮਹਾਰਾਜ ਅਤੇ ਬਾਬਾ ਹਰੀ ਸਿੰਘ ਜੀ ਮਹਾਰਾਜ ਦੀਆਂ ਪਿੱਛਲੀਆਂ ਸਾਖੀਆਂ ਦਾ ਹੜ੍ਹ ਚੱਲ ਪਿਆ, ਜਿਨ੍ਹਾਂ ਦਾ ਤੱਤ ਇਹ ਸੀ ਕਿ ਬਾਬਾ ਰਾਮ ਸਿੰਘ ਜੀ ਮਹਾਰਾਜ ਸਦਾ ਹੀ ਆਪਣੇ ਆਪ ਨੂੰ ਗੁਰੂ ਕਲਗੀਆਂ ਵਾਲੇ ਪਾਤਸ਼ਾਹ ਦਾ ਚੌਂਕੀਦਾਰ ਕਹਿੰਦੇ। ਆਖਦੇ, "ਭਾਈ! ਅਸੀਂ ਹੁਕਮ ਵਿੱਚ ਮਾਲਕ ਦਾ ਢੰਡੋਰਾ ਦੇਣ ਆਏ ਹਾਂ।" **ਜਦ ਇਹਨਾਂ ਆਪਣੇ ਛੋਟੇ ਭਾਈ ਬਾਬਾ ਹਰੀ ਸਿੰਘ ਜੀ ਮਹਾਰਾਜ ਨੂੰ ਕਾਰ ਸੌਂਪੀਂ ਤਦ ਇਹ ਬਚਨ ਕੀਤਾ, "ਤੁਹਾਡੇ ਪਹਿਰੇ ਵਿੱਚ ਲੰਗਰ ਖੇਡ ਪੂਰੀ ਚੱਲੇਗੀ ਪਰ ਨਾਮ ਦੀ ਕਲਾ ਸਾਡੇ ਨਾਲੋਂ ਕੁਝ ਘੱਟ ਜਾਵੇਗੀ। ਫਲਾਣੇ ਸੰਮਤ, ਫਲਾਣੇ ਮਹੀਨੇ, ਫਲਾਣੇ ਦਿਨ ਤੁਹਾਡੀ ਚੜ੍ਹਾਈ ਹੋਵੇਗੀ। ਉਸ ਦੇ ਮਗਰੋਂ ਨਾਮ ਦੀ ਖੇਡ ਇੱਕ ਹੋਰ ਥਾਂ ਖੁੱਲ੍ਹੀ ਪ੍ਰਗਟ ਹੋਵੇਗੀ।"**

ਮਾਲਕ ਦੇ ਸੇਵਕ ਸਦਾ ਹੀ ਆਪਣੇ ਮਾਲਕ ਦਾ ਹੁਕਮ ਪ੍ਰਗਟ ਕਰਦੇ ਹੁੰਦੇ ਹਨ। 'ਰਾਮ ਸਿੰਘ ਪੂਰੇ, ਅਤਰ ਸਿੰਘ ਸੂਰੇ' ਨੇ ਆਪਣੇ-ਆਪਣੇ ਸਮੇਂ ਆਪਣੀ-ਆਪਣੀ ਜੁਗਤ ਅਨੁਸਾਰ ਸਤਿਗੁਰੂ ਸੱਚੇ ਪਾਤਸ਼ਾਹ ਵੱਲੋਂ ਹੁਕਮ ਦੀ ਕਾਰ ਕਰਨੀ ਸੀ ਅਤੇ ਦ੍ਰਿਸ਼ਟਮਾਨ ਵਿੱਚ ਫਸੀਆਂ ਹੋਈਆਂ ਰੂਹਾਂ ਨੂੰ ਨਾਮ-ਕਣੀ ਦੇ ਕੇ ਅਭਿਆਸੀ ਬਣਾਉਣਾ ਸੀ। ਪੂਰੇ ਨੇ ਤਾਂ ਨਾਮ ਜਪਾ ਕੇ ਨਾਮ-ਬਾਣੀ ਵਿੱਚ ਭਿੰਨੀ ਹੋਈ ਸੰਗਤ ਪ੍ਰਗਟ ਕਰਨੀ ਸੀ ਅਤੇ ਸੂਰੇ ਨੇ ਆਪਣਾ ਆਪ ਮਿਟਾ ਕੇ, ਆਪਣਾ ਜਪ, ਆਪਣਾ ਤਪ, ਆਪਣਾ ਸਿਮਰਨ ਨਹੀਂ! ਨਹੀਂ! ਆਪਣਾ ਰੋਮ-ਰੋਮ ਖ਼ਾਲਸਾ ਜੀ ਵਿੱਚ ਲੈਅ ਕਰਨਾ ਸੀ।

ਭੈਣੀ ਸਾਹਿਬ ਤੋਂ ਮੁੜ ਕੇ ਆਉਣ ਦੇ ਥੋੜ੍ਹੇ ਦਿਨ ਮਗਰੋਂ ਦਾਸ ਦੇ ਘਰ ਇੱਕ ਭੁਝੰਗੀ ਜਨਮਿਆ। ਸਾਧ-ਸੰਗਤ ਨੇ ਬਾਲਕ ਦੇ ਜਨਮ ਦੇ ਸਾਰ ਹੀ ਧੌਂਸਾ ਵਜਾ ਕੇ ਅਖੰਡ ਪਾਠ ਅਰੰਭ ਕਰ ਦਿੱਤਾ। ਦੋ ਦਿਨ ਕਾਲਜ ਤੇ ਸਕੂਲ ਦੇ ਵਿਦਿਆਰਥੀਆਂ ਨੇ ਬੜੇ ਪ੍ਰੇਮ ਨਾਲ ਪਾਠ ਕੀਤਾ। ਭੋਗ ਵਾਲੇ ਦਿਨ ਭੁਝੰਗੀ ਦਾ ਨਾਮ ਹਰੀ ਸਿੰਘ ਰੱਖਿਆ ਗਿਆ। ਅਜੇ ਭੁਝੰਗੀ ੧੩ ਦਿਨਾਂ ਦਾ ਹੀ ਹੋਇਆ ਸੀ ਕਿ ਨਿਮਾਣੀ ਦਾ ਦੀਵਾਨ ਆ ਗਿਆ। ਦਾਸ ਨੂੰ ਸੰਤ ਜੀ ਮਹਾਰਾਜ ਏਸ ਸਮੇਂ ਮਸਤੂਆਣੇ ਪਹੁੰਚਣ ਦਾ ਹੁਕਮ ਦੇ ਹੀ ਗਏ ਸਨ। ਚਿੱਤ ਵਿੱਚ ਇਹ ਚਾਉ ਆਇਆ ਕਿ ਭੁਝੰਗੀ ਦਾ ਜਨਮ ਸੰਸਕਾਰ ਵੀ ਉਸੇ ਪਵਿੱਤਰ ਅਸਥਾਨ 'ਤੇ ਹੋਵੇ। ਜੋੜ ਮੇਲੇ ਤੋਂ ਇੱਕ ਰਾਤ ਪਹਿਲਾਂ ਦਾਸ ਪਰਿਵਾਰ ਸਮੇਤ ਅੰਮ੍ਰਿਤਸਰ ਸਾਹਿਬ ਤੋਂ ਸੰਗਰੂਰ ਵੱਲ ਟੁਰ ਪਿਆ। ੧੦ ਵਜੇ ਦੇ ਕਰੀਬ ਏਥੇ ਅੱਪੜਿਆ। ਸਰਦਾਰ ਜੰਗ ਸਿੰਘ ਜੀ ਨੇ ਜੋ ਸੰਤ ਜੀ ਮਹਾਰਾਜ ਵੱਲੋਂ ਆਏ ਗਏ ਦੀ ਸੰਭਾਲ ਲਈ ਸਟੇਸ਼ਨ 'ਤੇ ਆਏ ਹੋਏ ਸਨ, ਸਾਨੂੰ ਇੱਕ ਰੱਥ ਦੇ ਦਿੱਤਾ। ਸਿਖ਼ਰ ਦੁਪਹਿਰ ਵੇਲੇ ਰੱਥ ਰੇਤ ਦੇ ਟਿੱਬਿਆਂ ਵਿੱਚੋਂ ਲੰਘਿਆ। ਧਰਤੀ, ਅਕਾਸ਼, ਪਵਨ ਸਾਰੇ ਅਗਨ ਰੂਪ ਬਣੇ ਹੋਏ ਸਨ ਪਰ ਸੰਤ ਜੀ ਮਹਾਰਾਜ ਨੇ ਸਾਡੇ ਅੰਦਰ ਉਹ ਠੰਢ ਵਰਤਾਈ ਕਿ ਇਵਾਣਾ ਬਾਲਕ ਹਰੀ ਸਿੰਘ, ਉਸ ਦੀ ਮਾਤਾ, ਭੁਝੰਗੀ ਮੁਕੰਦ ਸਿੰਘ, ਮਾਤਾ ਰਾਮ ਕੌਰ ਜੀ ਅਤੇ ਦਾਸ ਕਿਸੇ ਐਸੇ ਸ਼ਾਂਤ-ਰਸ ਵਿੱਚ ਮਗਨ ਹੋਏ ਕਿ ਸਾਨੂੰ ਤਾਂ ਹੀ

ਪਤਾ ਲੱਗਾ, ਜਦ ਰਥਵਾਨ ਨੇ ਆਖਿਆ ਕਿ ਮਸਤੂਆਣਾ ਆ ਗਿਆ। ਅੰਦਰ ਜਾਂਦਿਆਂ ਹੀ ਸੰਤ ਜੀ ਮਹਾਰਾਜ ਦੇ ਸੇਵਕਾਂ ਨੇ ਬੜੇ ਆਦਰ ਅਤੇ ਪ੍ਰੇਮ ਨਾਲ ਆਸਣ ਕਰਵਾਇਆ, ਜਲ-ਪਾਣੀ ਛਕਾ ਕੇ ਸਤਿਗੁਰੂ ਦੇ ਲੰਗਰ ਦੇ ਅੰਮ੍ਰਿਤ ਰੂਪ ਪ੍ਰਸ਼ਾਦਿਆਂ ਦੇ ਗੱਫੇ ਲਵਾਏ। ਫਿਰ ਮਸਤੂਆਣੇ ਸੰਤ ਜੀ ਮਹਾਰਾਜ ਦੇ ਦਰਸ਼ਨ ਕਰਨ ਲਈ ਗਏ। ਥੋੜ੍ਹਾ ਚਿਰ ਅਰਾਮ ਕਰਕੇ ਸਾਧ-ਸੰਗਤ ਦੇ ਦਰਸ਼ਨਾਂ ਲਈ ਦੀਵਾਨ ਵੱਲ ਟੁਰ ਗਏ। ਖੁੱਲ੍ਹੇ ਮੈਦਾਨ ਵਿੱਚ ਗੁਰਦੁਆਰੇ ਸਾਹਿਬ ਦੇ ਸਾਹਮਣੇ ਅਕਾਲ ਕਾਲਜ ਦੀ ਬਾਹੀ ਵੱਲ ਬੜੇ ਭਾਰੀ ਸਾਇਬਾਨ ਸ਼ੋਭਨੀਕ ਸਨ। ਸੰਤ ਜੀ ਮਹਾਰਾਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਸਜੇ ਹੋਏ ਸਨ। ਇੱਕ ਪਾਸੇ ਮਾਈਆਂ ਅਤੇ ਦੂਜੇ ਪਾਸੇ ਭਾਈ ਹਜ਼ਾਰਾਂ ਦੀ ਗਿਣਤੀ ਵਿੱਚ ਦੀਵਾਨ ਦੀ ਸ਼ੋਭਾ ਵਧਾ ਰਹੇ ਸਨ। ਨਿਹੰਗ ਸਿੰਘ, ਨਿਰਮਲੇ, ਉਦਾਸੀ, ਸਿੰਘਸਭੀਏ, ਨਾਮਧਾਰੀਏ ਅਤੇ ਖ਼ਾਲਸਾ ਪੰਥ ਦੇ ਹੋਰ ਸਾਰੇ ਭੇਖ (ਜਥੇਬੰਦੀਆਂ) ਸਤਿਗੁਰੂ ਕਲਗੀਆਂ ਵਾਲੇ ਦੇ ਝੰਡੇ ਹੇਠ ਗੁਰੂ ਨਾਨਕ ਸਾਹਿਬ ਦੇ ਘਰ ਦੀ ਵਡਿਆਈ ਪ੍ਰਗਟ ਕਰ ਰਹੇ ਸਨ।

**ਪ੍ਰਗਟ ਭਈ ਸਗਲੇ ਜੁਗ ਅੰਤਰਿ ਗੁਰ ਨਾਨਕ ਕੀ ਵਡਿਆਈ ॥** (੬੧੧)

ਸ਼ਬਦ-ਕੀਰਤਨ ਦਾ ਰੰਗ ਵੀ ਅਸਚੱਰਜ ਬਣਿਆ ਹੋਇਆ ਸੀ। ਪਹਿਲਾਂ ਸੰਤ ਜੀ ਮਹਾਰਾਜ ਆਪਣੇ ਪਵਿੱਤਰ ਮੁਖਾਰਬਿੰਦ ਤੋਂ ਸ਼ਬਦ ਉਚਾਰਦੇ ਫੇਰ ਸਾਰੇ ਸਿੰਘ ਗਜਦੇ। ਉਪ੍ਰੰਤ ਕੋਇਲਾਂ ਵਾਂਗੂ ਸਾਰੀਆਂ ਮਾਈਆਂ-ਬੀਬੀਆਂ ਗੂੰਜ ਉਠਾਉਂਦੀਆਂ। ਚਾਰੇ ਪਾਸੇ ਸ਼ਬਦ ਦਾ ਸਮੁੰਦਰ ਠਾਠਾਂ ਮਾਰਦਾ ਨਜ਼ਰ ਆਉਂਦਾ ਸੀ ਤੇ ਸੁਰਤ ਆਪਣੇ ਆਪ ਹੀ ਸ਼ਬਦ ਦੇ ਰੰਗ ਵਿੱਚ ਲਿਵਲੀਨ ਹੋ ਜਾਂਦੀ ਸੀ।

ਸੋਦਰੁ ਦੇ ਸਮੇਂ ਤੀਕਰ ਸੰਗਤਾਂ ਇਹ ਅਕਹਿ ਬੈਕੁੰਠੀ ਰਸ ਮਾਣਦੀਆਂ ਰਹੀਆਂ। ਫੇਰ ਰਹਿਰਾਸ ਸਾਹਿਬ ਦੀ ਅਰਦਾਸ ਮਗਰੋਂ ਲੰਗਰ ਵਿੱਚ ਪੰਗਤਾਂ ਲੱਗ ਗਈਆਂ। ਸੰਤ ਜੀ ਆਪਣੇ ਰਾਤ ਦੇ ਆਸਣ 'ਤੇ ਚੱਲ ਪਏ ਤੇ ਪ੍ਰੋਫ਼ੈਸਰ ਜੋਧ ਸਿੰਘ ਜੀ ਅਤੇ ਦਾਸ ਉਹਨਾਂ ਦੇ ਨਾਲ-ਨਾਲ ਹੋ ਟੁਰੇ। ਕੁਝ ਚਿਰ ਤਾਂ ਬਹੁਤ ਸਾਰੇ ਪ੍ਰੇਮੀ ਬਚਨ-ਬਿਲਾਸ ਕਰਦੇ ਰਹੇ, ਫੇਰ ਸੰਤ ਜੀ ਮਹਾਰਾਜ ਨੇ ਸਹਿਜ-ਸੁਭਾਏ ਕੋਈ ਐਸੀ ਕਲਾ ਵਰਤਾਈ ਕਿ ਸਾਰੇ ਸਰੀਰ ਖਿੰਡ ਗਏ, ਸਿਰਫ਼ ਦਾਸ ਅਤੇ ਪ੍ਰੋਫੈਸਰ ਜੋਧ ਸਿੰਘ ਜੀ ਸੰਤ ਜੀ ਦੇ ਪਾਸ ਰਹਿ ਗਏ। ਏਸ ਸਮੇਂ ਇੱਕ ਖ਼ਾਸ ਰੰਗ ਵਿੱਚ ਸੰਤ ਜੀ ਮਹਾਰਾਜ ਨੇ ਦਾਸ ਨੂੰ ਨਾਮ ਜਪਣ ਦੀ ਪੂਰੀ ਜੁਗਤ ਸਮਝਾਈ।

ਇਸ ਦੇ ਮਗਰੋਂ ਸੰਤ ਜੀ ਮਹਾਰਾਜ ਨੇ ਆਪ ਵੀ ਲੰਗਰ ਦਾ ਪ੍ਰਸ਼ਾਦ ਛਕਿਆ ਅਤੇ ਦਾਸ ਨੂੰ ਵੀ ਛਕਾਇਆ। ਫੇਰ ਅਸੀਂ ਸਾਰੇ ਰਾਤ ਲਈ ਬਿਰਾਜ ਗਏ। ਅੰਮ੍ਰਿਤ ਵੇਲੇ ੩ ਕੁ ਵਜੇ ਆਸਾ ਜੀ ਦੀ ਵਾਰ ਦਾ ਦੀਵਾਨ ਸਜ ਗਿਆ। ਭੋਗ ਦੇ ਮਗਰੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਹੋਈ। ਕਥਾ ਤੋਂ ਉਪ੍ਰੰਤ ਸੰਤ ਜੀ ਮਹਾਰਾਜ ਨੇ ਦਾਸ ਨੂੰ ਵਖਿਆਣ ਦਾ ਹੁਕਮ ਦਿੱਤਾ। ਅਜੇ ਦਾਸ ਖੜ੍ਹਾ ਹੀ ਹੋਇਆ ਸੀ ਕਿ ਸੰਤ ਜੀ ਮਹਾਰਾਜ ਨੇ ਸੇਵਕਾਂ ਨੂੰ ਆਗਿਆ ਕੀਤੀ ਕਿ ਪਤਾਸਿਆਂ ਦਾ ਜਿਹੜਾ ਢੇਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਪਿਆ ਹੋਇਆ ਹੈ, ਦੀਵਾਨ ਵਿੱਚ ਉਸ ਦੇ ਖੁੱਲ੍ਹੇ ਛੱਟੇ ਦੇ ਦੇਵੋ। ਹੁਕਮ ਮੰਨ ਕੇ ਪ੍ਰੇਮੀਆਂ ਨੇ ਪਤਾਸਿਆਂ ਦਾ ਚਾਰੇ ਪਾਸੇ ਮੀਂਹ ਵਰਸਾ ਦਿੱਤਾ। ਸੰਤ ਜੀ ਨੇ ਦਾਸ ਨੂੰ ਖੜ੍ਹੇ ਕਰਦਿਆਂ ਹੀ ਇਹ ਜੋ ਖੇਲ ਵਰਤਾਈ ਉਸ ਤੋਂ ਦਾਸ ਨੇ ਇਹ ਸਮਝਿਆ ਕਿ ਸਾਧ-ਸੰਗਤ ਵਿੱਚ ਗੁਰ-ਮੰਤਰ ਦਾ ਖੁੱਲ੍ਹਾ ਛੱਟਾ ਦੇ ਦੇਵੋ। ਹੁਕਮ ਮੰਨ ਕੇ ਦਾਸ ਨੇ ਆਪਣੇ ਲੈਕਚਰ ਵਿੱਚ ਨਾਮ ਜਪਣ ਦੀ ਮਹਿਮਾ ਅਤੇ ਗੁਰ-ਮੰਤਰ ਅਰਾਧਨ ਦੀ ਜੁਗਤ ਪੂਰੀ-ਪੂਰੀ ਖੋਲ੍ਹ ਕੇ ਸੁਣਾ ਦਿੱਤੀ:

**(੧) ਹੋਂਠ ਅਤੇ ਜੀਭ ਦੋਵੇਂ ਹਿੱਲਣ।**

**(੨) ਤਾਲੂ ਨਾਲ ਜੀਭ ਦੀ ਨਿਰੀ ਟੀਸੀ ਹਿੱਲੇ ਅਤੇ 'ਵਾਹਿਗੁਰੂ ਵਾਹਿਗੁਰੂ' ਉਚਾਰਦੀ ਜਾਵੇ।**

**(੩) ਸਵਾਸ ਦੁਆਰਾ 'ਵਾਹਿ' ਅੰਦਰ ਜਾਵੇ ਅਤੇ 'ਗੁਰੂ' ਬਾਹਰ ਆਵੇ।**

**(੪) ਸ਼ਬਦ ਸੁਰਤ ਇੱਕ ਹੋ ਜਾਣ, ਇਹ ਦਸ਼ਾ ਸਮੇਂ ਸਿਰ ਉੱਪਰਲੀਆਂ ਤਿੰਨ ਪਉੜੀਆਂ ਦੇ ਪੱਕਣ 'ਤੇ ਅਤੁੱਟ ਅਭਿਆਸ ਦੇ ਮਗਰੋਂ ਸੁਤੇ-ਸਹਿਜ ਹੀ ਆ ਜਾਂਦੀ ਹੈ।**

ਸੰਤ ਜੀ ਮਹਾਰਾਜ ਦੇ ਹੁਕਮ ਦੀ ਪਾਲਣਾ ਦੇ ਮਗਰੋਂ ਦਾਸ ਪਰਿਵਾਰ ਸਹਿਤ ਬਾਹਰ ਝਿੜੇ ਵਿੱਚ ਫਿਰਨ-ਤੁਰਨ ਲਈ ਚਲਾ ਗਿਆ। ਉੱਥੇ ਕਰਤਾਰ ਦੀ ਅਸਚਰਜ ਕੁਦਰਤ ਦੇਖੀ ਕਿ ਕਰੀਰ ਦੇ ਹਰ ਇੱਕ ਦਰਖ਼ਤ ਨਾਲ ਮਿਸਰੀ ਦੇ ਕਾਨੇ (ਮਿੱਠੇ ਫਲ) ਲੱਗੇ ਹੋਏ ਸਨ। ਦਾਸ ਅਤੇ ਹੋਰ ਬੇਅੰਤ ਸੰਗਤਾਂ ਨੇ ਬੜੇ ਪ੍ਰੇਮ ਨਾਲ ਛਕੇ।

ਏਸ ਦੀਵਾਨ ਦਾ ਪ੍ਰਤਾਪ, ਨਾਮ ਦੀ ਮਹਿਮਾ ਅਤੇ ਗੁਰੂ ਨਾਨਕ ਸਾਹਿਬ ਦੇ ਘਰ ਦੀਆਂ ਸੰਪ੍ਰਦਾਵਾਂ ਨੂੰ ਇਕੱਤਰ ਦੇਖ ਕੇ ਦਾਸ ਨੂੰ ਬਾਬਾ ਰਾਮ ਸਿੰਘ ਜੀ ਅਤੇ ਬਾਬਾ ਕੇਸਰ ਸਿੰਘ ਜੀ ਦੇ ਬਚਨ ਯਾਦ ਆਏ। ਪ੍ਰਗਟ ਨਾਮ ਦੀ ਕਲਾ ਸੰਤ ਜੀ ਮਹਾਰਾਜ ਦੀ ਕ੍ਰਿਪਾ ਨਾਲ ਏਸ ਨਿਮਾਣੀ ਦੇ ਜੋੜ-ਮੇਲੇ 'ਤੇ ਵਰਤੀ।

ਪਿੱਛਲੇ ਪਹਿਰ ਸਰਦਾਰ ਨਿਹਾਲ ਸਿੰਘ ਜੀ ਵੱਡੇ ਗਿਰਾਂ ਵਾਲੇ ਨੇ ਦੀਵਾਨ ਵਿੱਚ ਗੁਰੂਸਾਗਰ ਸਾਹਿਬ ਮਸਤੂਆਣਾ ਵਿਖੇ ਸਕੂਲ ਖੋਲ੍ਹਣ ਦਾ ਗੁਰਮਤਾ ਪੇਸ਼ ਕੀਤਾ। ਸਾਰੀ-ਸੰਗਤ ਨੇ ਇਕ ਜਾਨ ਹੋ ਕੇ ਬੜੇ ਉਤਸ਼ਾਹ ਨਾਲ ਪ੍ਰਵਾਨਗੀ ਦਾ ਜੈਕਾਰਾ ਗਜਾਇਆ। ਫੇਰ ਸਕੂਲ ਵਾਸਤੇ ਸੇਵਾ ਦੀ ਅਪੀਲ ਹੋਈ। ਸੰਗਤਾਂ ਨੇ ਖੁੱਲ੍ਹੇ ਗੱਫ਼ੇ ਅਰਦਾਸ ਕਰਾਏ। ਪ੍ਰੇਮ ਦੀ ਲਹਿਰ, ਦਾਸ (ਤੇਜਾ ਸਿੰਘ) ਨੇ ਵੀ ਆਪਣਾ ਸਰੀਰ ਏਸ ਵਿਦਿਆਲੇ ਲਈ ਅਰਦਾਸ ਕਰਵਾ ਦਿੱਤਾ।

ਜੋੜ-ਮੇਲੇ ਮਗਰੋਂ ਸੰਤ ਜੀ ਮਹਾਰਾਜ ਨਾਲ ਸਕੂਲ ਸਬੰਧੀ ਵਿਚਾਰ ਹੋਈ। ਸੰਤ ਜੀ ਨੇ ਫੁਰਮਾਇਆ, **"ਸਾਡਾ ਆਸ਼ਾ ਹੈ ਕਿ ਗੁਰੂ ਨਾਨਕ ਸਾਹਿਬ ਦੇ ਘਰ ਦੀ ਆਤਮਿਕ ਵਿੱਦਿਆ ਤੇ ਪੱਛਮੀ ਸਾਇੰਸ ਵਿੱਦਿਆ ਦਾ ਸੰਯੋਗ ਹੋ ਜਾਵੇ ਅਤੇ ਗੁਰੂਸਾਗਰ ਸਾਹਿਬ ਮਸਤੂਆਣੇ ਵਿੱਚ ਇੱਕ ਐਸਾ ਆਸ਼ਰਮ ਖੁੱਲ੍ਹ ਜਾਵੇ ਕਿ ਏਸ ਦੇਸ਼ ਦੇ ਭੁਝੰਗੀਆਂ, ਖ਼ਾਸ ਕਰਕੇ ਸਿੱਖ ਵਿਦਿਆਰਥੀਆਂ ਨੂੰ ਵਲਾਇਤ ਜਾਣ ਦੀ ਲੋੜ ਨਾ ਰਹੇ।"**

## ਹੁਕਮ ਵਿੱਚ ਵਲਾਇਤ, ਅਮਰੀਕਾ ਜਾਣਾ

ਫੇਰ ਦਾਸ ਨੇ ਆਪਣਾ ਅਮਰੀਕਾ ਜਾਣ ਦਾ ਸੰਕਲਪ ਪ੍ਰਗਟ ਕੀਤਾ। ਸੰਤ ਜੀ ਨੇ ਫੁਰਮਾਇਆ ਕਿ ਤੁਸੀਂ ਜ਼ਰੂਰ ਉਨ੍ਹਾਂ ਦੇਸ਼ਾਂ ਵਿੱਚ ਹੋ ਆਵੋ ਅਤੇ ਵਿੱਦਿਆ ਦੇ ਸਾਰੇ ਤਰੀਕੇ ਸਮਝ ਆਵੋ, ਫੇਰ ਏਥੇ ਆ ਕੇ ਸੇਵਾ ਕਰਨੀ। ਅਸੀਂ ਵੀ ਤੁਹਾਡੇ ਨਾਲ ਚੱਲਾਂਗੇ।

ਇਹ ਗੁਰਮਤਾ ਕਰਕੇ ਅਤੇ ਕਾਕਾ ਹਰੀ ਸਿੰਘ ਜੀ ਨੂੰ ਅੰਮ੍ਰਿਤ ਛਕਾ ਕੇ ਦਾਸ ਪਰਿਵਾਰ ਸਹਿਤ ਖ਼ਾਲਸਾ ਕਾਲਜ ਅੰਮ੍ਰਿਤਸਰ ਚਲਾ ਆਇਆ। ਸਲਾਹ ਇਹ ਠਹਿਰੀ ਕਿ ਗਰਮੀ ਦੀਆਂ ਛੁੱਟੀਆਂ ਤੀਕਰ ਦਾਸ ਖ਼ਾਲਸਾ ਕਾਲਜ ਹੀ ਰਹੇ, ਫੇਰ ਸੰਤ ਜੀ ਮਹਾਰਾਜ ਦੀ ਆਗਿਆ ਪਾਲਣ ਕੀਤੀ ਜਾਵੇ।

ਦਾਸ ਨਾਲ ਅਮਰੀਕਾ ਜਾਣ ਵਾਸਤੇ ਕਈ ਭੁਝੰਗੀ ਤਿਆਰ ਸਨ। ਉਨ੍ਹਾਂ ਵਿੱਚੋਂ ਇੱਕ ਭਾਈ ਹਰੀ

ਸਿੰਘ ਚੀਮਾਂ ਜੂਨ ਦੇ ਮਹੀਨੇ ਵਿੱਚ ਹੀ ਜਪਾਨ ਦੇ ਰਸਤੇ ਸਾਨਫਰਾਂਸਿਸਕੋ ਅੱਪੜਿਆ ਅਤੇ ਕਰੋਨੇਲ ਯੂਨੀਵਰਸਿਟੀ ਵਿੱਚ ਤਿੰਨ ਸਾਲ ਪੜ੍ਹ ਕੇ ਸਾਇੰਸ ਦਾ ਐਮ. ਐਸ. ਸੀ. ਬਣ ਕੇ ਆ ਗਿਆ। ਕੁਝ ਚਿਰ ਤਾਂ ਇਹ ਖ਼ਾਲਸਾ ਕਾਲਜ ਵਿੱਚ ਕੈਮਿਸਟਰੀ ਦਾ ਪ੍ਰੋਫ਼ੈਸਰ ਰਿਹਾ, ਸਿਆਲਕੋਟ ਖ਼ਾਲਸਾ ਹਾਈ ਸਕੂਲ ਦਾ ਹੈਡਮਾਸਟਰ ਬਣ ਗਿਆ ਤੇ ਉੱਥੇ ਹੀ ਚੜ੍ਹਾਈ ਕਰ ਗਿਆ। ਹੋਰ ਚਾਰ ਭੁਝੰਗੀਆਂ ਦੀ ਸਲਾਹ ਦਾਸ ਨਾਲ ਵਲਾਇਤ ਦੇ ਰਸਤੇ ਅਮਰੀਕਾ ਜਾਣ ਦੀ ਬਣੀ।

ਸਾਡੇ ਸਾਰਿਆਂ ਦੇ ਚਿੱਤ ਵਿੱਚ ਬੜਾ ਚਾਉ ਸੀ ਕਿ ਸੰਤ ਜੀ ਮਹਾਰਾਜ ਸਾਡੇ ਨਾਲ ਚੱਲਣਗੇ ਅਤੇ ਅਸੀਂ ਉਨਾਂ ਦੀ ਸੇਵਾ, ਸਤਿਸੰਗ ਤੋਂ ਲਾਭ ਖੱਟਾਂਗੇ ਪਰ ਕਰਤਾਰ ਦੀ ਨੇਤ, ਜੁਲਾਈ ਦੇ ਸ਼ੁਰੂ ਵਿੱਚ ਹੀ ਜਦ ਕਾਲਜ ਛੁੱਟੀਆਂ ਲਈ ਬੰਦ ਹੋਣ ਵਾਲਾ ਸੀ, ਅੰਮ੍ਰਿਤ ਵੇਲੇ ਚਾਰ ਵਜੇ ਸੰਤ ਜੀ ਮਹਾਰਾਜ ਦਾ ਇੱਕ ਸੇਵਕ ਇਹ ਹੁਕਮ ਲੈ ਕੇ ਆਇਆ, “ਅਸੀਂ ਹਾਲਾਂ ਤੁਹਾਡੇ ਨਾਲ ਨਹੀਂ ਜਾ ਸਕਦੇ, ਤੁਸੀਂ ਚੱਲੋ। ਅਸੀਂ ਤੁਹਾਨੂੰ ਆ ਮਿਲਾਂਗੇ।” ਅੰਮ੍ਰਿਤ ਵੇਲੇ ਇਸ ਗੁਰਮੁੱਖ ਸੇਵਕ ਦਾ ਅਛੋਪ ਹੀ ਆ ਜਾਣਾ ਦਾਸ ਦਾ ਨਾਮ-ਬਾਣੀ ਵਿਚ ਲੱਗੇ ਹੋਣਾ, ਦਾਸ ਦੇ ਚਿੱਤ ’ਤੇ ਕੋਈ ਐਸਾ ਪ੍ਰਭਾਵ ਪਿਆ ਕਿ ਅਰਸ਼ਾਂ ਦੇ ਪਿਆਰੇ ਦਾ ਹੁਕਮ ਆਇਆ ਹੈ। ਉਸੇ ਵੇਲੇ ਹੁਕਮ ਅੱਗੇ ਸਿਰ ਨਿਵਾਇਆ ਅਤੇ ਆਖਿਆ, ‘ਸਤਿ ਬਚਨ।’ ਸੰਤ ਜੀ ਦਾ ਸੇਵਕ ਗੁਰੂਸਾਗਰ ਸਾਹਿਬ ਮਸਤੂਆਣੇ ਚਲਾ ਗਿਆ।

ਦਿਨ ਚੜ੍ਹੇ ਅਸਾਂ ਸਾਰਿਆਂ ਇਹ ਗੁਰਮਤਾ ਕੀਤਾ ਕਿ ਕਾਲਜ ਬੰਦ ਹੁੰਦਿਆਂ ਹੀ ਸੰਤ ਜੀ ਮਹਾਰਾਜ ਦੀ ਸੇਵਾ ਵਿੱਚ ਹਾਜ਼ਰ ਹੋਈਏ ਅਤੇ ਉਹਨਾਂ ਦੀ ਖੁਸ਼ੀ ਲੈ ਕੇ ਬੰਬਈ ਤੋਂ ਜਹਾਜ਼ੇ ਚੜ੍ਹ ਜਾਈਏ। ਸੰਤ ਜੀ ਮਹਾਰਾਜ ਨੇ ਆਪਣੇ ਹੁਕਮ ਵਿੱਚ ਇਹ ਵੀ ਇਸ਼ਾਰਾ ਕੀਤਾ ਸੀ ਕਿ ਮਾਈ ਜਾਮੇ ਨੂੰ ਸਫ਼ਰ ਵਿੱਚ ਤਕਲੀਫ਼ ਹੁੰਦੀ ਹੈ। ਸੰਤ ਜੀ ਮਹਾਰਾਜ ਦਾ ਆਸ਼ਾ ਸਮਝ ਕੇ ਦਾਸ ਆਪਣੀ ਘਰਵਾਲੀ ਸ੍ਰੀ ਮਤੀ ਬਿਸ਼ਨ ਕੌਰ ਨੂੰ ਦੋਵੇਂ ਭੁਝੰਗੀਆਂ: ਮੁਕੰਦ ਸਿੰਘ ਅਤੇ ਹਰੀ ਸਿੰਘ ਸਹਿਤ ਧਲੇੜ ਪਿੰਡ ਵਿਖੇ ਉਹਨਾਂ ਦੀ ਮਾਤਾ ਪਾਸ ਛੱਡਣ ਗਿਆ। ਜਦ ਦਾਸ ਟੁਰਨ ਵਾਸਤੇ ਤਿਆਰ ਹੋਇਆ ਤਾਂ ਦਾਸ ਦੀ ਸੁਪਤਨੀ ਵੀ ਮਗਰ-ਮਗਰ ਹੋ ਟੁਰੀ। ਇਸ ਦੇ ਸੰਬੰਧੀਆਂ ਨੇ ਬਹੁਤ ਸਮਝਾਇਆ ਪਰ ਇਸ ਨੇ ਪਿੱਛਾ ਨਾ ਛੱਡਿਆ। ਚਾਰੇ ਭੁਝੰਗੀ, ਭਾਈ ਭਗਤ ਸਿੰਘ ਜੀ, ਭਾਈ ਹਰੀ ਸਿੰਘ ਜੀ ਬਸਰਾਏ, ਭਾਈ ਅਮਰ ਸਿੰਘ ਜੀ ਅਤੇ ਭਾਈ ਅਨੰਤ ਸਿੰਘ ਜੀ ਸਿੱਧਾ ਮਸਤੂਆਣੇ ਅੱਪੜ ਚੁੱਕੇ ਸਨ। ਦਾਸ ਵੀ ਉੱਥੇ ਪੁੱਜਾ। ਸਾਧ-ਸੰਗਤ ਪਾਸੋਂ ਪਤਾ ਲੱਗਾ ਕਿ ਸੰਤ ਜੀ ਮਹਾਰਾਜ ਮੈਨ ਦੁਆਬ ਵਿੱਚ ਦੌਰੇ ’ਤੇ ਹਨ ਅਤੇ ਏਸ ਵੇਲੇ ਭਾਈ ਰਾਮ ਸਿੰਘ ਜੀ ਦੇ ਪਾਸ ਪਿੰਡ ਨੰਦਗੜ ਵਿੱਚ ਬਿਰਾਜਮਾਨ ਹਨ। ਅਸੀਂ ਸਾਰੇ ਮਸਤੂਆਣੇ ਤੋਂ ਵਿਦਾ ਹੋ ਕੇ ਨੰਦਗੜ ਵੱਲ ਟੁਰ ਪਏ। ਬਾਰਸ਼ ਦਾ ਮੌਸਮ ਸੀ, ਰਸਤੇ ਵਿੱਚ ਕਈ ਜਗ੍ਹਾ ਗੋਡੇ-ਗੋਡੇ ਪਾਣੀ ਲੰਘਣਾ ਪਿਆ। ਜਦ ਨੰਦਗੜ ਅੱਪੜੇ ਤਦ ਸੰਤ ਜੀ ਪਿੰਡ ਦੇ ਬਾਹਰ ਇੱਕ ਕੁਟੀਆ ਦੇ ਸਾਹਮਣੇ ਬ੍ਰਿਛ ਦੀ ਛਾਂਵੇ ਬੈਠੇ ਸਨ। ਦਰਸ਼ਨ ਕਰਕੇ ਅਸੀਂ ਬੜੇ ਨਿਹਾਲ ਹੋਏ ਅਤੇ ਸਫ਼ਰ ਦੀ ਸਾਰੀ ਖੇਚਲ ਭੁੱਲ ਗਈ। ਇੱਕ ਰਾਤ ਸੰਤ ਜੀ ਮਹਾਰਾਜ ਨੇ ਸਾਨੂੰ ਬੜੇ ਪ੍ਰੇਮ ਨਾਲ ਆਪਣੇ ਪਾਸ ਰੱਖਿਆ। ਪ੍ਰਸ਼ਾਦਾ ਭਾਈ ਰਾਮ ਸਿੰਘ ਜੀ ਦੇ ਘਰ ਸੀ। ਇੰਨਾਂ ’ਤੇ ਸੰਤ ਜੀ ਮਹਾਰਾਜ ਦੀ ਬੜੀ ਕ੍ਰਿਪਾ ਸੀ, ਇਹ ਇਕੱਲੇ ਹੀ ਅੱਠਾਂ ਪਹਿਰਾਂ ਵਿੱਚ ਅਖੰਡ ਪਾਠ ਕਰ ਲੈਂਦੇ ਸਨ। ਸੰਤ ਜੀ ਮਹਾਰਾਜ ਦੇ ਦਰਸ਼ਨ ਲਈ ਮਸਤੂਆਣੇ ਹੁੰਦੇ ਹੋਏ ਅਨੰਦਗੜ੍ਹ ਪੁੱਜੇ।

# ਕਾਂਡ ੬

ਸਲੋਕ ਮਹਲਾ ੩ ੴ ਸਤਿਗੁਰ ਪ੍ਰਸਾਦਿ ॥
ਅਭਿਆਗਤ ਏਹ ਨ ਆਖੀਅਹਿ ਜਿਨ ਕੈ ਮਨ ਮਹਿ ਭਰਮੁ ॥
ਤਿਨ ਕੇ ਦਿਤੇ ਨਾਨਕਾ ਤੇਹੋ ਜੇਹਾ ਧਰਮੁ ॥੧॥ (੧੪੧੩)

x x x x x x x x

ਧਨਾਸਰੀ ਧਨਵੰਤੀ ਜਾਣੀਐ ਭਾਈ ਜਾਂ ਸਤਿਗੁਰ ਕੀ ਕਾਰ ਕਮਾਇ ॥
ਤਨੁ ਮਨੁ ਸਉਪੇ ਜੀਅ ਸਉ ਭਾਈ ਲਏ ਹੁਕਮਿ ਫਿਰਾਉ ॥
ਜਹ ਬੈਸਾਵਹਿ ਬੈਸਹ ਭਾਈ ਜਹ ਭੇਜਹਿ ਤਹ ਜਾਉ ॥
ਏਵਡੁ ਧਨੁ ਹੋਰੁ ਕੋ ਨਹੀ ਭਾਈ ਜੇਵਡੁ ਸਚਾ ਨਾਉ ॥
ਸਦਾ ਸਚੇ ਕੇ ਗੁਣ ਗਾਵਾਂ ਭਾਈ ਸਦਾ ਸਚੇ ਕੈ ਸੰਗਿ ਰਹਾਉ ॥
ਪੈਨਣੁ ਗੁਣ ਚੰਗਿਆਈਆ ਭਾਈ ਆਪਣੀ ਪਤਿ ਕੇ ਸਾਦ ਆਪੇ ਖਾਇ ॥
ਤਿਸ ਕਾ ਕਿਆ ਸਾਲਾਹੀਐ ਭਾਈ ਦਰਸਨ ਕਉ ਬਲਿ ਜਾਇ ॥
ਸਤਿਗੁਰ ਵਿਚਿ ਵਡੀਆ ਵਡਿਆਈਆ ਭਾਈ ਕਰਮਿ ਮਿਲੈ ਤਾਂ ਪਾਇ ॥
ਇਕਿ ਹੁਕਮੁ ਮੰਨਿ ਨ ਜਾਣਨੀ ਭਾਈ ਦੂਜੈ ਭਾਇ ਫਿਰਾਇ ॥
ਸੰਗਤਿ ਢੋਈ ਨਾ ਮਿਲੈ ਭਾਈ ਬੈਸਣਿ ਮਿਲੈ ਨ ਥਾਉ ॥
ਨਾਨਕ ਹੁਕਮੁ ਤਿਨਾ ਮਨਾਇਸੀ ਭਾਈ ਜਿਨਾ ਧੁਰੇ ਕਮਾਇਆ ਨਾਉ ॥
ਤਿਨ੍ ਵਿਟਹੁ ਹਉ ਵਾਰਿਆ ਭਾਈ ਤਿਨ ਕਉ ਸਦ ਬਲਿਹਾਰੈ ਜਾਉ ॥੫੧॥
(੧੪੧੯)

## ਸੰਤ ਜੀ ਮਹਾਰਾਜ ਦੇ ਦਾਸ ਲਈ ਚਾਰ ਅਮੋਲਕ ਬਚਨ

ਦੂਜੇ ਦਿਨ ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦੇ ਭੋਗ ਮਗਰੋਂ ਸੰਤ ਜੀ ਮਹਾਰਾਜ ਨੇ ਦਾਸ ਨੂੰ ਆਪਣੀ ਪੂਰੀ ਪ੍ਰਸੰਨਤਾ ਬਖ਼ਸ਼ੀ ਅਤੇ ੧੨੫ ਦਮੜੇ ਦੀ ਬਖ਼ਸ਼ਿਸ਼ ਕੀਤੀ, ਨਾਲ ਹੀ ਬਚਨ ਕੀਤਾ ਕਿ ਪਿੱਛੋਂ ਵੀ ਪੂਰੀ-ਪੂਰੀ ਸੱਤਿਆ ਦੇਵਾਂਗੇ। ਇਹ ਚਾਰ ਹੁਕਮ ਆਪ ਨੇ ਪਵਿੱਤਰ ਮੁਖਾਰਬਿੰਦ ਤੋਂ ਦਿੱਤੇ, ਜਿਹੜੇ ਦਾਸ ਨੇ ਅਮੋਲਕ ਦਾਤ ਸਮਝ ਕੇ ਪੱਲੇ ਬੰਨ੍ਹ ਲਏ:

(੧) ਸਾਬਤ ਸੂਰਤ ਕਾਇਮ ਰੱਖਣੀ; ਪਰ ਕਿਸੇ ਨਾਲ ਬਹਿਸ ਨਹੀਂ ਕਰਨੀ। ਜੇ ਕੋਈ ਪੁੱਛੇ ਤਦ ਹੱਥ ਜੋੜ ਕੇ ਕਹਿ ਦੇਣਾ, "ਭਾਈ, ਅਸੀਂ ਕੀ ਬਣਾਇਆ ਹੈ।"

(੨) ਜਿੱਥੇ ਜਾਣਾ ਗੁਰਦੁਆਰੇ ਬਣਾਉਣੇ।

(੩) ਉਨ੍ਹਾਂ ਦੇਸ਼ਾਂ ਦੇ ਲੋਕਾਂ ਨੂੰ ਸਾਡਾ ਸੁਨੇਹਾ ਦੇਣਾ ਕਿ ਰਿੱਧੀ-ਸਿੱਧੀ ਕੋਈ ਚੀਜ਼ ਨਹੀਂ, ਆਤਮ-ਪਦ

**ਇਸ ਤੋਂ ਬਹੁਤ ਪਰੇ ਹੈ।**

**(੪) ਜਿਸ ਦਾ ਜੀਅ ਲੈਕਚਰ ਕਰਨ ਨੂੰ ਕਰੇ, ਉਹ ਲੈਕਚਰ ਨਾ ਕਰੇ, ਜਿਸ ਦਾ ਜੀਅ ਨਾ ਕਰੇ ਉਹ ਕਰੇ।**

ਜਦ ਦਾਸ ਤੇ ਸਾਥੀ ਟੁਰਨ ਲਈ ਤਿਆਰ ਹੋ ਗਏ ਤਦ ਸੁਭਾਵਕ ਹੀ ਸੰਤ ਜੀ ਨੇ ਬਚਨ ਕੀਤਾ, "ਸੁਣਿਆ ਹੈ ਕਿ ਵਲਾਇਤ (ਇੰਗਲੈਂਡ) ਅਮਰੀਕਾ ਦੇ ਰਾਹ ਵਿੱਚ ਆਉਂਦਾ ਹੈ।" ਇਸ ਬਚਨ ਦੇ ਅਰਥ ਦਾਸ ਨੂੰ ਇੰਗਲੈਂਡ ਅੱਪੜ ਕੇ ਸਮਝ ਆਏ।

ਦਾਸ ਕੁਝ ਚਿਰ ਲਈ ਅਮਰੀਕਾ ਜਾਣਾ ਭੁੱਲ ਗਿਆ ਅਤੇ ਸਤਿਗੁਰੂ ਦੀ ਖ਼ਾਸ ਖੇਡ ਪੂਰੀ ਕਰਨ ਹਿੱਤ ਦਾਸ ਨੂੰ ਆਪਣੀ ਵਿਦੇਸ਼ ਯਾਤਰਾ ਦੇ ਪਹਿਲੇ ਦੋ ਸਾਲ ਇੰਗਲੈਡ ਹੀ ਕੱਟਣੇ ਪਏ।

ਸੰਤ ਜੀ ਮਹਾਰਾਜ ਤੋਂ ਵਿਦਾ ਹੋ ਕੇ ਅਸੀਂ ਬੰਬਈ ਅੱਪੜੇ ਏਥੋਂ ਮੈਸਾਜਰੀਜ਼ ਮੈਰੀਟਾਈਮਜ਼ ਦੇ ਜਹਾਜ਼ ਵਿੱਚ ੬ ਅਗਸਤ ੧੯●੬ ਨੂੰ ਚੜ੍ਹ ਕੇ ਮਾਰਸੇਲਜ਼ ਦੇ ਰਸਤੇ ੨੪ ਅਗਸਤ ਨੂੰ ਲੰਡਨ ਅੱਪੜ ਗਏ।

ਕਿਸ ਤਰ੍ਹਾਂ ਸੰਤ ਜੀ ਮਹਾਰਾਜ ਦੇ ਚਹੁੰ ਹੁਕਮਾਂ ਨੇ ਆਪਣੇ-ਆਪਣੇ ਸਮੇਂ ਰੰਗ ਲਿਆਂਦਾ, ਉਸ ਦਾ ਪੂਰਾ-ਪੂਰਾ ਹਾਲ ਇਸ ਪੁਸਤਕ ਵਿੱਚ ਦਿੱਤਾ ਗਿਆ ਹੈ।

## ਹੁਕਮ ਵਿੱਚ ਪੱਛਮੀ ਦੇਸਾਂ ਦੀ ਯਾਤਰਾ

ਇਹ ਹੁਕਮ, ਬਚਨ ਅਤੇ ਬਰਕਤ ਲੈ ਕਰ ਕੇ ਦਾਸ *ਸਾਥੀਆਂ ਸਮੇਤ ਸਿੱਧਾ ਬੰਬਈ ਵਲ ਟੁਰ ਪਿਆ ਅਤੇ ਅਗਸਤ ਦੇ ਸ਼ੁਰੂ ਵਿੱਚ ਮੈਸਾਜਰੀਜ਼ ਮੈਰੀਟਾਈਮਜ਼ ਦੇ ਵਿਲਾ ਲਾਈਨਰ ਡੀ ਸੀਉ ਟੈਟ (Messageries Maritimes Ville liner De Ce Tat) ਨਾਮੀ ਜਹਾਜ਼ ਵਿੱਚ ਸਵਾਰ ਹੋ ਗਿਆ। ਸਮੁੰਦਰੀ ਸਫ਼ਰ ਦੀ ਇਹ ਪਹਿਲੀ ਝਾਕੀ ਸੀ। ਐਨ ਨੀਯਤ ਸਮੇਂ 'ਤੇ ਜਹਾਜ਼ ਦਾ ਸਾਇਰਨ (Siren) ਵੱਜਾ ਅਤੇ ਮਲਾਹ ਤੇ ਜਹਾਜ਼ ਦੇ ਅਫਸਰ ਆਪਣੇ-ਆਪਣੇ ਨੀਯਤ ਪਹਿਰੇ 'ਤੇ ਖਲੋ ਗਏ, ਲੰਗਰ ਚੁੱਕੇ ਗਏ, ਕਿਨਾਰੇ ਨਾਲੋਂ ਰੱਸੇ ਖੁੱਲ੍ਹ ਗਏ ਅਤੇ ਇੱਕ ਵੱਡਾ ਬਣਿਆ ਬਣਾਇਆ ਪਿੰਡ, ਬੰਬਈ ਦੇ ਮਹਾਨ ਸ਼ਹਿਰ ਕੋਲੋਂ ਵਿੱਛੜ ਕੇ ਅਥਾਹ ਸਮੁੰਦਰ ਵੱਲ ਤੁਰ ਪਿਆ। ਪਹਿਲਾਂ ਤਾਂ ਏਸ ਸ਼ਹਿਰ ਦਾ ਸਾਰਾ ਦ੍ਰਿਸ਼ ਹੌਲੀ-ਹੌਲੀ ਅੱਖਾਂ ਦੇ ਸਾਹਮਣੇ ਆਇਆ, ਫਿਰ ਜਿਉਂ-ਜਿਉਂ ਜਹਾਜ਼ ਅਗਾਂਹ ਤੁਰਿਆ, ਵੱਡੇ-ਵੱਡੇ ਮਕਾਨ, ਕਾਰਖਾਨਿਆਂ ਦੀਆਂ ਚਿਮਨੀਆਂ, ਨਿੱਕੀਆਂ-ਨਿੱਕੀਆਂ ਦਿਸਣ ਲੱਗ ਪਈਆਂ ਅਤੇ ਅੰਤ ਨੂੰ ਸਾਰੇ ਦੇ ਸਾਰੇ ਮਹਾਂ ਅਕਾਸ਼ ਵਿੱਚ ਲੈਅ ਹੋ ਗਏ। ਇੱਕ ਤਾਜ ਮਹਲ ਹੋਟਲ ਕੁਝ ਚਿਰ ਹੋਰ ਨਿਗਾਹ ਦਾ ਸਾਥ ਦੇਂਦਾ ਰਿਹਾ।

ਮਨ ਨੇ ਤਾਂ ਇਹ ਆਸ ਰੱਖੀ ਹੋਈ ਸੀ ਕਿ ਬੰਬਈ ਦੇ ਰੌਲੇ-ਰੱਪੇ ਤੋਂ ਬਚ ਕੇ ਸਮੁੰਦਰ ਦੀ ਮਹਾਂ-ਇਕਾਂਤ ਦਾ ਅਨੰਦ ਲਵਾਂਗੇ ਪਰ ਅਜੇ ਜਹਾਜ਼ ਥੋੜ੍ਹੇ ਮੀਲ ਹੀ ਤੁਰਿਆ ਸੀ ਕਿ ਬਰਸਾਤ ਦੇ ਤੁਫ਼ਾਨ ਨੇ ਆਪਣਾ ਰੰਗ ਦਿਖਾਣਾ ਸ਼ੁਰੂ ਕਰ ਦਿੱਤਾ। ਸਮੁੰਦਰ ਉਬਲਣ ਲੱਗ ਪਿਆ ਅਤੇ ਬੜੀਆਂ-ਬੜੀਆਂ ਪਹਾੜ-ਵਤ ਲਹਿਰਾਂ ਜਹਾਜ਼ ਨਾਲ ਯੁੱਧ ਕਰਨ ਲੱਗ ਪਈਆਂ। ਕਦੀ ਤਾਂ ਜਹਾਜ਼ ਲਹਿਰਾਂ ਦੀ ਟੀਸੀ 'ਤੇ ਚੜ੍ਹ ਜਾਵੇ ਅਤੇ ਕਦੀ ਹੇਠਾਂ ਆ ਜਾਵੇ। ਫੇਰ ਕੀ ਸੀ, ਦਾਸ ਅਤੇ ਸਾਰਾ ਜੱਥਾ ਨਿਢਾਲ ਹੋ ਗਏ;

---

* ਦਾਸ ਦੀ ਸੁਪਤਨੀ, ਦੋ ਬੱਚੇ, ਸਰਦਾਰ ਅਮਰ ਸਿੰਘ ਗੁਰੂ ਨਾਨਕ ਭੰਡਾਰ ਵਾਲੇ, ਧਰਮ ਅਨੰਤ ਸਿੰਘ ਅਤੇ ਹਰੀ ਸਿੰਘ ਬਸਰਾ।

ਜੀ ਮਤਲਾਉਣ ਲੱਗ ਪਿਆ ਅਤੇ ਉਬਾਕਾਂ ਨਾਲ ਆਂਦਰਾਂ ਪੁੱਠੀਆਂ-ਸਿੱਧੀਆਂ ਹੋਣ ਲੱਗ ਪਈਆਂ। ਸੀਟ ਤੋਂ ਉੱਠਣ ਦੀ ਤਾਕਤ ਵੀ ਕਿਸੇ 'ਚ ਨ ਰਹੀ, ਚਿੱਤ ਇਹੋ ਕਰੇ ਕਿ ਕਦੋਂ ਅਦਨ ਆਵੇ ਤੇ ਉਥੋਂ ਹਿੰਦੁਸਤਾਨ ਮੁੜ ਜਾਈਏ। ਅਜੇ ਵੀ ਵਾਹਿਗੁਰੂ ਨੇ ਕਿਰਪਾ ਕੀਤੀ ਕਿ ਇੱਕ ਸਾਥੀ ਭਾਈ ਅਮਰ ਸਿੰਘ ਜੀ ਤਿਆਰ-ਬਰ-ਤਿਆਰ ਰਹੇ। ਉਹਨਾਂ ਨੇ ਸਾਰੇ ਜਥੇ ਦੀ ਜਲ-ਪਾਣੀ ਅਤੇ ਖਾਣ-ਪੀਣ ਦੀ ਅਤੁੱਟ ਸੇਵਾ ਕੀਤੀ। ਤੀਸਰੇ ਜਾਂ ਚੌਥੇ ਦਿਨ ਜਹਾਜ਼ ਕੁਝ ਅਡੋਲ ਪਾਣੀ ਵਿੱਚ ਆਇਆ, ਸਾਡੇ ਸਰੀਰ ਵੀ ਇਹਦੇ ਹੇਠਾਂ ਉੱਤੇ ਹੋਣ ਦੇ ਆਦੀ ਹੋ ਗਏ ਸਨ। ਸਭ ਦਾ ਚਿੱਤ ਟਿੱਕ ਗਿਆ ਅਤੇ ਸਮੁੰਦਰ ਦਾ ਮਹਾਂ ਇਕਾਂਤ ਸਾਡੇ ਹਿਰਦਿਆਂ ਨੂੰ ਇੱਕ ਰੱਬੀ ਸਰੂਰ ਵਿੱਚ ਮਸਤ ਕਰਨ ਲੱਗ ਪਿਆ।

ਜਦ ਪੰਜਵੇਂ ਦਿਨ ਜਹਾਜ਼ ਅਦਨ ਲੱਗਾ ਤਾਂ ਪਿੱਛੇ ਮੁੜਨ ਦਾ ਖ਼ਿਆਲ ਸੁਪਨਾ ਹੋ ਗਿਆ। ਕੁਝ ਘੰਟੇ ਅਰਾਮ ਕਰ ਕੇ ਅਤੇ ਕੋਇਲਾ ਲੈ ਕੇ ਜਹਾਜ਼ ਅਗਾਂਹ ਤੁਰ ਪਿਆ। ਥੋੜ੍ਹੇ ਚਿਰ ਮਗਰੋਂ ਡੂੰਘੇ ਲਾਲ ਸਮੁੰਦਰ ਵਿੱਚ ਜਾ ਵੜਿਆ। ਜਿੱਥੇ ਪਹਿਲਾਂ ਚਾਰੇ ਪਾਸੇ ਨੀਲੇ ਪਾਣੀ ਦਾ ਨਜ਼ਾਰਾ ਸੀ, ਹੁਣ ਲਾਲ ਭਾਹ ਮਾਰਨ ਵਾਲਾ ਜਲ ਅੱਖਾਂ ਸਾਹਮਣੇ ਆਉਣ ਲੱਗ ਪਿਆ। ਲਾਲ ਸਮੁੰਦਰ ਤੋਂ ਜਹਾਜ਼ ਸੁਏਜ਼ ਨਹਿਰ ਵਿੱਚ ਜਾ ਪੁੱਜਾ ਤਾਂ ਕਈ ਦਿਨਾਂ ਤੋਂ ਵਿੱਛੜੀ ਹੋਈ ਧਰਤੀ ਦੋਵੇਂ ਪਾਸੇ ਨਜ਼ਰ ਆਉਣ ਲੱਗ ਪਈ। ਹਰਿਆਵਲ ਨੇ ਨੇਤ੍ਰਾਂ ਨੂੰ ਠੰਢ ਪਾਈ ਅਤੇ ਛੋਟੇ-ਛੋਟੇ ਪਿੰਡਾਂ ਅਤੇ ਬਸਤੀਆਂ ਦੀ ਰੌਣਕ ਨੇ ਦਿਲ ਨੂੰ ਢਾਰਸ ਦਿੱਤੀ। ਨਹਿਰ ਤੋਂ ਪਾਰ ਹੋ ਕੇ ਜਹਾਜ਼ ਪੋਰਟ ਸੈਦ ਆ ਲੱਗਾ। ਇੱਥੋਂ ਮਧ ਸਾਗਰ ਵਿੱਚ ਪੈ ਕੇ ਅਲੈਗਜ਼ੈਂਡਰੀਆ ਪੁੱਜਾ ਅਤੇ ਪੰਦਰਵੇਂ ਦਿਨ ਮਾਰਸੇਲਜ਼ (ਫਰਾਂਸ) ਆ ਗਿਆ।

ਸਭ ਦਾ ਚਿੱਤ ਧਰਤੀ 'ਤੇ ਪੈਰ ਰੱਖਣ ਨੂੰ ਲੋਚ ਰਿਹਾ ਸੀ। ਸਾਰੇ ਮੁਸਾਫ਼ਰ ਆਪਣੇ-ਆਪਣੇ (hand bag) ਹੱਥ ਦਾ ਸਾਮਾਨ ਲੈ ਕੇ ਜਹਾਜ਼ ਤੋਂ ਉੱਤਰਨ ਲਈ ਡੈੱਕ 'ਤੇ ਆ ਗਏ। ਪਹਿਲਾਂ ਇੱਕ ਨਿੱਕੇ ਅਗਨ ਬੋਟ ਨੇ ਜਹਾਜ਼ ਦੇ ਵੱਡੇ-ਵੱਡੇ ਰੱਸੇ ਫੜ੍ਹੇ ਅਤੇ ਇਹਨੂੰ ਮੁਸਾਫਰਾਂ ਦੇ ਉੱਤਰਨ ਚੜ੍ਹਨ ਵਾਲੀ ਥਾਂ (docks) ਦੇ ਅੰਦਰ ਲੈ ਗਿਆ। ਹੁਣ ਲੰਗਰ ਸੁੱਟੇ ਗਏ, ਪੌੜੀਆਂ ਲਾਈਆਂ ਗਈਆਂ, ਮੁਸਾਫਰ ਵਾਹੋ-ਦਾਹੀ ਜਹਾਜ਼ ਤੋਂ ਉੱਤਰਨ ਲੱਗ ਪਏ। ਏਥੇ ਸਵਾਰੀ ਦਾ ਪ੍ਰਬੰਧ ਹੋਇਆ-ਹੋਇਆ ਸੀ। ਸਾਰਿਆਂ ਨੂੰ ਕੰਪਨੀ ਦੇ ਕੰਡਕਟਰ ਆਪਣੀ-ਆਪਣੀ ਸਵਾਰੀ ਵਿੱਚ ਬਿਠਾ ਕੇ ਜਹਾਜ਼ ਦੀ ਖ਼ਾਸ ਰੇਲ ਗੱਡੀ ਵੱਲ, ਰੇਲ ਦੇ ਸਟੇਸ਼ਨ ਤੇ ਲੈ ਗਏ। ਰਾਹ ਵਿੱਚ ਸ਼ਹਿਰ ਦਾ ਨਜ਼ਾਰਾ ਬੜਾ ਹੀ ਸ਼ੋਭਨੀਕ ਸੀ। ਚੌੜੀਆਂ ਅਤੇ ਸ਼ੀਸ਼ੇ ਵਤ ਸਾਫ਼ ਸੜਕਾਂ, ਸੁੰਦਰ ਬਜ਼ਾਰ, ਸਜੀਲੇ ਜਵਾਨ ਮਰਦ ਤੇ ਇਸਤ੍ਰੀਆਂ, ਬੁੱਢੇ, ਬਾਲਕ ਆਪਣੇ-ਆਪਣੇ ਰੰਗ ਵਿੱਚ ਮਸਤ ਸਨ। ਦਾਸ 'ਤੇ ਸੰਤ ਜੀ ਮਹਾਰਾਜ ਦੀ ਕਿਰਪਾ ਹੋ ਚੁੱਕੀ ਸੀ। ਸ਼ਹਿਰ ਵਿੱਚ ਵੜਦਿਆਂ ਹੀ, ਬਿਰਤੀ ਇੱਕ ਟੱਕ ਅੰਤਰਗਤ ਹੋ ਗਈ ਅਤੇ ਇਹ ਫਰਾਂਸ ਦਾ ਬੜਾ ਸੁੰਦਰ ਸ਼ਹਿਰ ਸੁਪਨਾ ਭਾਸਣ ਲੱਗ ਪਿਆ। ਸਟੇਸ਼ਨ ਤੇ ਪਹੁੰਚ ਕੇ ਸਾਰੇ ਰੇਲ ਗੱਡੀ ਤੇ ਆਪਣੇ-ਆਪਣੇ ਦਰਜ਼ੇ ਵਿੱਚ ਸਵਾਰ ਹੋ ਗਏ। ਏਥੇ ਥਰਡ ਕਲਾਸ ਵਿੱਚ ਵੀ ਮਖ਼ਮਲ ਦੇ ਗਦੇਲੇ ਲੱਗੇ ਹੋਏ ਸਨ ਅਤੇ ਹੁੱਕੇ ਪੀਣ ਵਾਲਿਆਂ ਤੇ ਨਾ ਪੀਣ ਵਾਲਿਆਂ ਦੇ ਵੱਖਰੇ-ਵੱਖਰੇ ਕਮਰੇ ਸਨ।

ਮਾਰਸੇਲਜ਼ ਤੋਂ ਤੁਰ ਕੇ, ਗੱਡੀ ਕਈ ਥਾਂ ਖਲੋਂਦੀ ਹੋਈ ਪੈਰਿਸ ਆ ਪਹੁੰਚੀ। ਏਥੇ ਸਾਰੇ ਮੁਸਾਫ਼ਰਾਂ ਨੂੰ ੨੪ ਘੰਟੇ ਅਰਾਮ ਕਰਨ ਅਤੇ ਸ਼ਹਿਰ ਦਾ ਅਨੰਦ ਲੈਣ ਲਈ ਮਿਲੇ। ਪੈਰਿਸ ਸਾਰੀ ਦੁਨੀਆਂ ਦਾ ਇੱਕ ਨਿਹਾਇਤ ਹੀ ਸੁੰਦਰ ਅਤੇ ਬਾਂਕਾ ਸ਼ਹਿਰ ਹੈ। ਦਰਿਆਏ ਸੇਨ (Seine) ਇਸ ਦੇ ਵਿਚਾਲੇ ਦੀ ਵਗਦਾ ਹੈ ਅਤੇ ਸ਼ਹਿਰ ਦੇ ਦੋ ਹਿੱਸੇ ਕਰ ਦਿੰਦਾ ਹੈ। ਏਸ ਦਰਿਆ ਦੇ ਸਜੀਲੇ ਪੁਲ, ਕੰਢੇ ਦੇ ਮਨਮੋਹਣੇ ਬਾਗ਼ ਅਤੇ ਏਹਦਾ ਸਰਪ ਵਤ ਆਪਣੀ ਮਟਕ ਨਾਲ ਸ਼ਹਿਰ ਵਿੱਚੋਂ ਲੰਘਣਾ ਦੁਨਿਆਵੀਂ ਸੁੰਦਰਤਾ ਦੀ ਇੱਕ ਅੱਦੁਤੀ

ਝਾਕੀ ਹੈ। ਖ਼ਾਸ ਕਰ ਰਾਤ ਦੇ ਸਮੇਂ ਬਿਜਲੀ ਦੀ ਜਗਮਗਾਹਟ ਵਿੱਚ ਇੱਕ ਅਜਬ ਨਜ਼ਾਰਾ ਹੈ। ਥਾਮਸ ਕੁਕ (Thomas Cook) ਦੇ ਕੰਡਕਟਰਾਂ ਨੇ ਸਾਰੇ ਮੁਸਾਫਰਾਂ ਨੂੰ ਸ਼ਹਿਰ ਦੀ ਸੈਰ ਕਰਾਈ ਅਤੇ ਰਾਤ ਦੇ ਸਮੇਂ ਆਪਣੇ ਹੋਟਲਾਂ ਵਿੱਚ ਟਿਕਾ ਦਿੱਤਾ।

ਸ਼ਹਿਰ ਦੇ ਗਿਰਜੇ ਖ਼ਾਸ ਕਰ ਨੌਟਰਡੇਮ (Notre-dame, Chamber of Deputies) ਦੇ ਮਕਾਨ, ਅਜੈਬ ਘਰ, ਦਰਿਆ ਦੇ ਪੁਲ, ਬਾਂਕੀ ਅਤੇ ਉੱਚ ਕਾਰੀਗਰੀ ਦਾ ਇੱਕ ਖ਼ਾਸ ਨਮੂਨਾ ਹਨ। ਸੱਚ ਪੁੱਛੋ ਤਾਂ ਸਾਰਾ ਪੈਰਿਸ ਸ਼ਹਿਰ ਹੀ ਸੁਹੱਪਣ ਅਤੇ ਨਫ਼ਾਸਤ ਦੀ ਇੱਕ ਆਪਣੀ ਮਿਸਾਲ ਆਪ ਹੀ ਹੈ। ਦ੍ਰਿਸ਼ਟਮਾਨ ਵਿੱਚ ਏਨੀ ਖੂਬਸੂਰਤੀ ਦੇਖਦਿਆਂ ਹੋਇਆਂ ਵੀ, ਸਾਧੂ ਦੀ ਸੰਗਤ ਦੀ ਅਪਾਰ ਮਿਹਰ ਦਾ ਸਦਕਾ, ਪੈਰਿਸ ਵੀ ਮਾਰਸੇਲਜ਼ ਵਾਂਗਣ, ਦਾਸ ਨੂੰ ਸੁਪਨਾ ਹੀ ਭਾਸਦਾ ਰਿਹਾ ਅਤੇ ਹੋਟਲ ਦੇ ਸੇਵਾਦਾਰ ਮਰਦ ਅਤੇ ਇਸਤ੍ਰੀਆਂ, ਪੁਤਲੀਆਂ ਦੇ ਤਮਾਸ਼ੇ ਦਾ ਦ੍ਰਿਸ਼ ਹੀ ਨਜ਼ਰ ਆਏ।

ਪੈਰਿਸ ਤੋਂ ਦਾਸ ਅਤੇ ਸਾਥੀ ਬੋਲੋਣ (Bologne) ਆਏ, ਛੋਟੇ ਜਹਾਜ਼ ਵਿੱਚ ਚੜ੍ਹ ਕੇ ਇੰਗਲੈਂਡ ਦੀ ਖਾਈ (British Channel) ਪਾਰ ਕਰ (Folkstone), ਇੰਗਲੈਂਡ ਆ ਪਹੁੰਚੇ। ਏਥੇ ਅੱਗੇ ਹੀ ਜਹਾਜ਼ ਦੀਆਂ ਸਵਾਰੀਆਂ ਲਈ ਇੱਕ ਖਾਸ ਗੱਡੀ ਤਿਆਰ ਸੀ, ਉਸ ਵਿੱਚ ਸਭ ਚੜ੍ਹ ਗਏ ਤੇ ਥੋੜ੍ਹੇ ਚਿਰ ਵਿੱਚ ਹੀ ਲੰਡਨ ਜਾ ਪਹੁੰਚੇ।

ਲੰਡਨ ਇੱਕ ਬੜਾ ਹੀ ਦੀਪ ਸ਼ਹਿਰ ਹੈ, ਏਹ ਸਾਰੀ ਦੁਨੀਆਂ ਵਿੱਚ ਅਬਾਦੀ ਅਤੇ ਫੈਲਾਉ ਦੇ ਲਿਹਾਜ਼ ਨਾਲ ਵੱਡਾ ਹੈ। ਏਥੇ ਇੱਕ ਦੋ ਦਿਨ ਤਾਂ ਹੋਟਲ ਵਿੱਚ ਗੁਜ਼ਾਰਾ ਕੀਤਾ, ਫੇਰ ਲੰਡਨ ਦੇ ਇੱਕ ਬਾਹਰਲੇ ਹਿੱਸੇ (High gate) ਵਿੱਚ ਮਿਸਿਜ਼ ਹਿੱਲ ਦੇ ਘਰ ਕੁਝ ਕਮਰੇ ਕਿਰਾਏ ’ਤੇ ਲੈ ਲਏ ਅਤੇ ਏਥੇ ਹੀ ਰਹਿਣ ਲੱਗ ਪਏ।

# ਕਾਂਡ ੭

**ਸਾਰਗ ਮਹਲਾ ੫ ॥**

**ਮਾਈ ਸਤਿ ਸਤਿ ਸਤਿ ਹਰਿ ਸਤਿ ਸਤਿ ਸਤਿ ਸਾਧਾ ॥**
**ਬਚਨੁ ਗੁਰੂ ਜੋ ਪੂਰੈ ਕਹਿਓ ਮੈ ਛੀਕਿ ਗਾਂਠਰੀ ਬਾਧਾ ॥੧॥ ਰਹਾਉ ॥**
**ਨਿਸਿ ਬਾਸੁਰ ਨਖਿਅਤ੍ਰ ਬਿਨਾਸੀ ਰਵਿ ਸਸੀਅਰ ਬੇਨਾਧਾ ॥**
**ਗਿਰਿ ਬਸੁਧਾ ਜਲ ਪਵਨ ਜਾਇਗੋ ਇਕਿ ਸਾਧ ਬਚਨ ਅਟਲਾਧਾ ॥੧॥**
**ਅੰਡ ਬਿਨਾਸੀ ਜੇਰ ਬਿਨਾਸੀ ਉਤਭੁਜ ਸੇਤ ਬਿਨਾਧਾ ॥**
**ਚਾਰਿ ਬਿਨਾਸੀ ਖਟਹਿ ਬਿਨਾਸੀ ਇਕਿ ਸਾਧ ਬਚਨ ਨਿਹਚਲਾਧਾ ॥੨॥**
**ਰਾਜ ਬਿਨਾਸੀ ਤਾਮ ਬਿਨਾਸੀ ਸਾਤਕੁ ਭੀ ਬੇਨਾਧਾ ॥**
**ਦ੍ਰਿਸਟਿਮਾਨ ਹੈ ਸਗਲ ਬਿਨਾਸੀ ਇਕਿ ਸਾਧ ਬਚਨ ਆਗਾਧਾ ॥੩॥**
**ਆਪੇ ਆਪਿ ਆਪ ਹੀ ਆਪੇ ਸਭੁ ਆਪਨ ਖੇਲੁ ਦਿਖਾਧਾ ॥**
**ਪਾਇਓ ਨ ਜਾਈ ਕਹੀ ਭਾਂਤਿ ਰੇ ਪ੍ਰਭੁ ਨਾਨਕ ਗੁਰ ਮਿਲਿ ਲਾਧਾ ॥੪॥੬॥ (੧੨●੪)**

## ਲੰਡਨ ਵਿੱਚ ਪੜ੍ਹਾਈ

ਸੱਚ ਹੈ ਕਿ ਜੋ ਬਚਨ ਸਾਧ ਦੇ ਮੁਖਾਰਬਿੰਦ ਤੋਂ ਨਿਕਲ ਜਾਏ, ਉਹ ਪਾਰ ਹੁੰਦਾ ਹੈ। ਸੰਤ ਜੀ ਮਹਾਰਾਜ ਦੇ ਚਾਰ ਹੁਕਮ ਤੇ ਕਿਧਰੇ ਰਹੇ ਉਹ ਆਪਣੇ ਵੇਲੇ-ਵੇਲੇ ਸਿਰ ਰੰਗ ਲਿਆਉਣਗੇ ਪਰ ਜਿਹੜਾ ਸਹਿਜ-ਸੁਭਾਏ ਮੁੱਖੋਂ ਵਾਕ ਨਿਕਲਿਆ ਸੀ, "ਸੁਣਿਆ ਹੈ ਕਿ ਵਲਾਇਤ ਅਮਰੀਕਾ ਦੇ ਰਾਹ ਵਿੱਚ ਆਉਂਦਾ ਹੈ" ਏਸ ਬਚਨ ਨੇ ਅਜਿਹੇ ਕਾਰਣ ਬਣਾ ਦਿੱਤੇ ਕਿ ਭਾਵੇਂ ਹਾਰਵਰਡ ਯੂਨੀਵਰਸਿਟੀ ਨਾਲ ਪੂਰੀ ਲਿਖਾ-ਪੜ੍ਹੀ ਕੀਤੀ ਹੋਈ ਸੀ ਅਤੇ ਉੱਥੇ ਜਾਣ ਦਾ ਪੱਕਾ ਸੰਕਲਪ ਸੀ; ਦਾਸ ਨੂੰ ਲੰਡਨ ਹੀ ਠਹਿਰਨਾ ਪਿਆ।

ਹੁਣ ਚਿੱਤ ਵਿੱਚ ਇਹ ਠੰਨ ਗਈ ਕਿ ਇੰਗਲਿਸਤਾਨ ਵਿੱਚ ਜਿਹੜੇ ਸਿੱਖ ਵਿਦਿਆਰਥੀ ਆਉਂਦੇ ਹਨ, ਉਨ੍ਹਾਂ ਵਿਚੋਂ ਬਹੁਤ ਸਾਰੇ ਕੇਸਾਂ ਦੀ ਬੇਅਦਬੀ ਕਰਾ ਕੇ ਸੱਚੇ ਪਾਤਸ਼ਾਹ ਦੀ ਮੋਹਰ ਅਤੇ ਦਸਤਾਰ ਨੂੰ ਤਿਲਾਂਜਲੀ ਦੇ ਦਿੰਦੇ ਹਨ, ਏਸ ਦੁਰਘਟਨਾ ਨੂੰ ਦੂਰ ਕਰਨ ਲਈ ਏਸ ਦੇਸ ਵਿੱਚ ਠਹਿਰ ਕੇ ਕੋਈ ਖ਼ਾਸ ਜਤਨ ਕੀਤਾ ਜਾਏ।

ਏਸ ਖ਼ਿਆਲ ਨੂੰ ਮੁੱਖ ਰੱਖ ਕੇ ਦਾਸ ਤਾਂ ਲੰਡਨ ਯੂਨੀਵਰਸਿਟੀ ਕਾਲਜ ਵਿੱਚ ਡਾਕਟਰ ਆਫ਼ ਸਾਇੰਸ ਦੀ ਜਮਾਤ ਵਿੱਚ ਦਾਖ਼ਲ ਹੋ ਗਿਆ ਅਤੇ ਨਾਲ ਟੀਚਰਜ਼ ਟਰੇਨਿੰਗ ਕਾਲਜ ਵਿੱਚ ਲੈਕਚਰ ਸੁਣਨੇ ਸ਼ੁਰੂ ਕਰ ਦਿੱਤੇ।

ਭਾਈ ਅਮਰ ਸਿੰਘ ਜੀ ਨੂੰ ਮਾਨਚੈਸਟਰ ਕੱਪੜੇ ਦਾ ਕੰਮ ਸਿੱਖਣ ਲਈ ਭੇਜ ਦਿੱਤਾ, ਭਾਈ ਹਰੀ ਸਿੰਘ ਬਸਰਾ ਨੂੰ, ਸਕਾਟਲੈਂਡ ਵਿੱਚ ਐਡਨਬਰਾ ਯੂਨੀਵਰਸਿਟੀ ਦੀ ਐਮ. ਏ. ਡਿਗਰੀ ਲੈਣ ਲਈ ਦਾਖ਼ਲ

ਕਰਵਾਇਆ ਅਤੇ ਭਾਈ ਧਰਮ ਅਨੰਤ ਸਿੰਘ ਜੀ ਲੰਡਨ ਦੇ ਇੱਕ ਬਿਜਲੀ ਦੇ ਕਾਲਜ ਵਿੱਚ ਪੜ੍ਹਨ ਲੱਗ ਪਏ। ਸਾਰਿਆਂ ਨੂੰ ਇਹ ਪੱਕੀ ਕਰ ਦਿੱਤੀ ਕਿ ਭਾਵੇਂ ਕੋਈ ਔਕੜ ਆਵੇ, ਸਤਿਗੁਰੂ ਦੇ ਕੇਸ ਸਾਬਤ ਸੂਰਤ, ਦਸਤਾਰ ਸੰਗ ਕਾਇਮ ਰੱਖਣਾ।

## ਕੈਮਬਰਿਜ ਯੂਨੀਵਰਸਿਟੀ ਵਿੱਚ ਪਹਿਲੀ ਵਾਰ ਸਿੱਖ ਵਿਦਿਆਰਥੀ ਪਗੜੀ ਸਮੇਤ

ਲੰਡਨ ਯੂਨੀਵਰਸਿਟੀ ਵਿੱਚ ਪੜ੍ਹਦਿਆਂ ਅਜੇ ਦੋ ਕੁ ਮਹੀਨੇ ਹੀ ਹੋਏ ਸਨ ਕਿ ਕਿਸੇ ਪ੍ਰੇਮੀ ਨੇ ਆ ਆਖਿਆ, "ਏਥੇ ਤਾਂ ਤੁਸੀਂ ਦਸਤਾਰ ਬੰਨ੍ਹੀ ਫਿਰਦੇ ਹੋ, ਕੈਮਬਰਿਜ ਵਿੱਚ ਜੇਹੜੀ ਇੰਗਲੈਂਡ ਦੀ ਪੁਰਾਤਨ ਅਤੇ ਖ਼ਾਸ ਯੂਨੀਵਰਸਿਟੀ ਹੈ, ਬਗੈਰ ਕੈਪ (ਟੋਪੀ) ਤੇ ਗਾਉਨ ਦੇ ਦਾਖ਼ਲ ਹੀ ਨਹੀਂ ਕਰਦੇ। ਤੁਸਾਂ ਸਾਬਤ ਸੂਰਤ ਅਤੇ ਦਸਤਾਰ ਨੂੰ ਸਭ ਜਗ੍ਹਾ ਪ੍ਰਗਟ ਕਰਨ ਦਾ ਪ੍ਰਣ ਕੀਤਾ ਹੋਇਆ ਹੈ, ਉੱਥੇ ਕਿਉਂ ਨਹੀਂ ਜਾਂਦੇ?" ਇਹ ਗੱਲ ਦਿਲ ਵਿੱਚ ਖੁਭ ਗਈ ਅਤੇ ਪੱਕਾ ਇਰਾਦਾ ਕਰ ਲਿਆ ਕਿ ਲੰਡਨ ਯੂਨੀਵਰਸਿਟੀ ਦੀ ਇਕੋ ਟਰਮ ਪੂਰੀ ਕਰਕੇ ਜ਼ਰੂਰ ਕੈਮਬਰਿਜ ਚਲੇ ਜਾਣਾ ਹੈ।

ਇਸ ਗੋਲ-ਸਿਰੇ ਅਤੇ ਟੋਪੀ-ਪੋਸ਼ ਦੇਸ਼ ਵਿੱਚ ਪੱਗ ਇੱਕ ਖ਼ਾਸ ਅਚੰਭਾ ਹੈ। ਜਿੱਥੇ ਕੋਈ ਪੱਗ ਵਾਲਾ ਜਟਾ-ਜੂਟ ਪੁਰਸ਼ ਇਨ੍ਹਾਂ ਨੂੰ ਨਜ਼ਰ ਆ ਜਾਏ, ਉਹਦੇ ਵੱਲ ਬੜੀ ਹੈਰਾਨੀ ਨਾਲ ਦੇਖਦੇ ਹਨ ਅਤੇ ਕਈ ਵਾਰੀ ਸੈਂਕੜੇ ਮੁੰਡੇ-ਕੁੜੀਆਂ ਵੱਡੇ ਨਿੱਕੇ ਪਿੱਛੇ ਲੱਗ ਟੁਰਦੇ ਹਨ। ਕੋਈ ਕੁਝ ਬੋਲਦਾ ਹੈ ਅਤੇ ਕੋਈ ਕੁੱਝ, ਕੋਈ ਹੱਥ ਵਿੰਗੇ ਟੇਢੇ ਕਰਦਾ ਹੈ ਅਤੇ ਕੋਈ ਮੂੰਹ ਚਿੱਬਾ, ਮਾਨੋ ਕਿ ਇਨ੍ਹਾਂ ਵਾਸਤੇ ਇੱਕ ਅਜਬ ਤਮਾਸ਼ਾ ਬਣ ਜਾਂਦਾ ਹੈ।

**ਇੱਕ ਵਾਰੀ ਦਾਸ ਆਪਣੀ ਸੁਪਤਨੀ ਤੇ ਬੱਚਿਆਂ ਸਮੇਤ, ਹਾਈ ਗੇਟ ਦੇ ਇੱਕ ਬਜ਼ਾਰ ਵਿੱਚ ਜਾ ਰਿਹਾ ਸੀ। ਸੈਂਕੜਿਆਂ ਦੀ ਗਿਣਤੀ ਵਿੱਚ ਇਹ ਰੁੰਡ-ਮੁੰਡ ਪ੍ਰੇਮੀ ਇਕੱਠੇ ਹੋ ਗਏ, ਪਿੱਛਾ ਹੀ ਨਾ ਛੱਡਣ। ਆਖਰ ਇੱਕ ਸ਼ਰੀਫ ਇਸਤਰੀ ਨੇ ਆਪਣੇ ਘਰ ਦਾ ਬੂਹਾ ਖੋਹਲਿਆ ਅਤੇ ਸਾਨੂੰ ਅੰਦਰ ਵਾੜ ਲਿਆ। ਫੇਰ ਝਾੜ ਝੰਬ ਕੇ ਏਨ੍ਹਾਂ ਨੂੰ ਸਾਡੇ ਮਗਰੋਂ ਲਾਹਿਆ।**

ਪਹਿਲਾਂ-ਪਹਿਲਾਂ ਤਾਂ ਇਹ ਔਕੜ ਜ਼ਰੂਰ ਆਉਂਦੀ ਹੈ ਪਰ ਜਦ ਕੁੱਝ ਚਿਰ ਏਹਨਾਂ ਵਿੱਚ ਰਹੋ ਅਤੇ ਸਾਰੀ ਗੱਲ ਸਮਝਾ ਦਿਓ ਤਦ ਇਹ ਅਸੂਲ ਦਾ ਅਦਬ ਕਰਨ ਲੱਗ ਪੈਂਦੇ ਹਨ ਅਤੇ 'ਸਤਿ ਸ੍ਰੀ ਅਕਾਲ' ਵੀ ਬੁਲਾਣਾ ਸ਼ੁਰੂ ਕਰ ਦੇਂਦੇ ਹਨ।

ਲੰਡਨ ਯੂਨੀਵਰਸਿਟੀ ਦੀ ਪਹਿਲੀ ਟਰਮ ਮੁਕਾਂਦਿਆਂ ਦਾਸ ਨੇ, ਪਰਿਵਾਰ ਸਮੇਤ ਕੈਮਬਰਿਜ ਜਾ ਡੇਰਾ ਲਾਇਆ। ਉੱਥੇ ਸਾਰੇ ਕਾਲਜਾਂ ਵਿੱਚ ਪਤਾ ਕੀਤਾ ਪਰ ਉਨ੍ਹਾਂ ਦੇ ਵਿਦਿਆਰਥੀ ਪੂਰੇ ਹੋ ਚੁੱਕੇ ਸਨ। ਆਖਰ ਡਾਊਨਿੰਗ ਕਾਲਜ ਕੈਮਬਰਿਜ ਦੇ ਟਿਊਟਰ ਮਿਸਟਰ ਜੈਕਸਨ ਨੂੰ ਦਾਸ ਜਾ ਮਿਲਿਆ ਅਤੇ ਉਸ ਨੂੰ ਸਿੱਖ ਧਰਮ ਦੀ ਸਾਰੀ ਗੱਲ ਬਾਤ ਸਮਝਾ ਦਿੱਤੀ। ਉਸ ਨੇ ਬੜੀ ਖੁਸ਼ੀ ਨਾਲ ਆਖਿਆ ਕਿ ਬੇਸ਼ਕ ਤੁਸੀਂ ਕੈਪ ਨਾ ਪਾਓ, ਆਪਣੀ ਪੱਗ ਹੀ ਰੱਖੋ ਪਰ ਗਾਉਨ (ਕਾਲਾ ਚੋਲਾ) ਜ਼ਰੂਰ ਪਾਇਆ ਕਰਨਾ। ਦਾਸ ਸਾਇੰਸ ਟ੍ਰੀਪਾਸ਼ (ਸਾਇੰਸ ਦੀ ਡਿਗਰੀ) (Science Tripos) ਦੀ ਜਮਾਤ ਵਿੱਚ ਦਾਖਲ ਹੋ ਗਿਆ ਅਤੇ ਫਿਜ਼ਿਕਸ, ਕੈਮਿਸਟ੍ਰੀ, ਜਿਓਲੌਜੀ ਦੇ ਲੈਕਚਰ ਸੁਣਨੇ ਸ਼ੁਰੂ ਕਰ ਦਿੱਤੇ। ਜਿੱਥੇ ਇੱਕ ਘੰਟਾ ਲੈਕਚਰ ਹੁੰਦਾ, ਉੱਥੇ ਦੋ ਘੰਟੇ ਨਾਲ ਪ੍ਰੈਕਟੀਕਲ ਕੰਮ, ਪ੍ਰੋਫੈਸਰ ਦੀ ਨਿਗਰਾਨੀ ਹੇਠ ਕਰਾਇਆ ਜਾਂਦਾ।

ਕੈਮਬਰਿਜ ਯੂਨੀਵਰਸਿਟੀ ਦੀ ਤਾਰੀਖ਼ ਵਿੱਚ ਇਹ ਪਹਿਲਾ ਹੀ ਅਵਸਰ ਸੀ ਕਿ ਇੱਕ ਸਿੱਖ ਆਪਣੀ ਪਗੜੀ ਸਮੇਤ ਏਸ ਪੁਰਾਣੇ ਸੁਤੰਤਰ ਵਿੱਦਿਆ ਦੇ ਕੇਂਦਰ ਵਿੱਚ, ਬਗੈਰ ਕਿਸੇ ਰੋਕ-ਟੋਕ ਦੇ,

ਯੂਨੀਵਰਸਿਟੀ ਦੇ ਸਾਰੇ ਕੰਮਾਂ ਵਿੱਚ ਹਿੱਸਾ ਲੈਣ ਲੱਗ ਪਿਆ।

ਦਾਖ਼ਲ ਹੁੰਦੇ ਹੀ ਮਾਨਟੈਗੋ ਰੋਡ ਕੈਮਬਰਿਜ ਦੇ ਇੱਕ ਬੜੇ ਇਕਾਂਤ ਪਾਸੇ ੩੩ ਨੰਬਰ ਦਾ ਮਕਾਨ ਕਿਰਾਏ 'ਤੇ ਲੈ ਲਿਆ ਅਤੇ ਇਸ ਵਿੱਚ ਬੜੇ ਪ੍ਰੇਮ ਤੇ ਅਦਬ ਨਾਲ *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰ ਕੇ ਸੱਚੇ ਪਾਤਸ਼ਾਹ ਜੀ ਦੇ ਚਰਨਾਂ ਦੇ ਆਸਰੇ ਆਪਣੀ ਪੜ੍ਹਾਈ ਦਾ ਕੰਮ ਸ਼ੁਰੂ ਕਰ ਦਿੱਤਾ।

ਥੋੜ੍ਹੇ ਚਿਰ ਮਗਰੋਂ ਹੀ ਸਰਦਾਰ ਭਗਵਾਨ ਸਿੰਘ ਜੀ ਜੱਜ ਹਾਈ ਕੋਰਟ ਪਟਿਆਲਾ ਨੇ ਆਪਣੇ ਪੁੱਤਰ ਬਸ਼ੇਸ਼ਰ ਸਿੰਘ ਨੂੰ ਸਾਡੇ ਪਾਸ ਭੇਜ ਦਿੱਤਾ। ਮਲਕ ਤੇਜਾ ਸਿੰਘ, ਮਲਕ ਮੁਖਬੈਨ ਸਿੰਘ, ਤੇਜਾ ਸਿੰਘ ਰੰਧਾਵਾ ਅਤੇ ਹੋਰ ਕਈ ਸਿੱਖ ਵਿਦਿਆਰਥੀ ਵੀ ਪੁੱਜ ਗਏ। ਸੋਹਣਾ ਸਤਿਸੰਗ ਬਣ ਗਿਆ। ਹਰ ਸੱਤਵੇਂ ਦਿਨ, ਸਾਰੇ ਕੈਮਬਰਿਜ ਇੱਕਠੇ ਹੋ ਜਾਂਦੇ ਅਤੇ ਗੁਰੂ ਸੱਚੇ ਪਾਤਸ਼ਾਹ ਦੀ ਹਜ਼ੂਰੀ ਵਿੱਚ ਕਥਾ-ਕੀਰਤਨ ਕਰਕੇ ਕੜਾਹ ਪ੍ਰਸ਼ਾਦ ਵਰਤਾਉਂਦੇ।

ਥੋੜ੍ਹੇ ਚਿਰ ਮਗਰੋਂ, ਸੰਤ ਜੀ ਮਹਾਰਾਜ ਜੀ ਦੇ ਦੂਜੇ ਹੁਕਮ, "ਜਿੱਥੇ ਜਾਓ ਧਰਮਸਾਲ ਬਣਾਓ" ਨੇ ਦਿਲ ਨੂੰ ਉਛਾਲਾ ਦਿੱਤਾ। ਉਸੇ ਵੇਲੇ ਦਿਮਾਗ ਨੇ ਜਥੇਬੰਦੀ ਦੀ ਸਕੀਮ ਘੜ ਲਈ। ਅਗਲੇ ਐਤਵਾਰ ਜਦ ਸਾਧ-ਸੰਗਤ ਇਕੱਠੀ ਹੋਈ, ਖ਼ਾਲਸਾ ਜਥਾ ਬ੍ਰਿਟਿਸ਼ ਆਈਲੈਂਡ ਦੀ ਨੀਂਹ ਰੱਖੀ ਗਈ।

ਭਾਵੇਂ ਆਪਣੇ ਦੇਸ ਵਿੱਚ ਦਾਸ ਨੂੰ ਲੈਕਚਰ ਕਰਨ ਅਤੇ ਅਖ਼ਬਾਰਾਂ ਵਿੱਚ ਲੇਖ ਲਿਖਣ ਦਾ ਬੜਾ ਹੀ ਸ਼ੌਂਕ ਸੀ ਪਰ ਸੰਤ ਜੀ ਮਹਾਰਾਜ ਦਾ ਹੁਕਮ ਸੀ, "ਜਿਸ ਦਾ ਜੀਅ ਕਰੇ, ਉਹ ਲੈਕਚਰ ਨਾ ਕਰੇ ਤੇ ਜਿਸ ਦਾ ਜੀਅ ਨਾ ਕਰੇ, ਉਹ ਕਰੇ;" ਦੇ ਪਹਿਲੇ ਅੰਗ ਨੇ ਦਾਸ ਨੂੰ ਪੌਣੇ ਦੋ ਸਾਲ ਚੁਪੀਤੇ ਹੀ ਰੱਖਿਆ। ਯੂਨੀਵਰਸਿਟੀ ਵਿੱਚ ਪੜ੍ਹ ਆਉਣਾ ਤੇ ਸੱਤਵੇਂ ਦਿਨ ਖ਼ਾਲਸਾ ਜੀ ਨਾਲ ਬਹਿ ਕੇ ਦੀਵਾਨ ਲਾ ਲੈਣ।

ਸਤਿਗੁਰ ਸੱਚੇ ਪਾਤਸ਼ਾਹ ਜੀ ਨੇ ਸੱਚ ਕਿਹਾ ਹੈ, **"ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ"** ਇੱਕ ਦਿਨ ਦਾਸ ਸਹਿਜ-ਸੁਭਾਏ, ਇੱਕ ਕਿਤਾਬਾਂ ਵੇਚਣ ਵਾਲੇ ਦੀ ਦੁਕਾਨ ਦੇ ਬਾਹਰ ਖੜ੍ਹਾ ਸੀ ਕਿ ਇੱਕ ਮਰਹੱਟਾ ਪ੍ਰੇਮੀ ਡੀ. ਜੀ. ਪਾਨਸੇ (D.G. Panse) ਨੇ ਆ ਕੇ ਬੜੇ ਪ੍ਰੇਮ ਨਾਲ ਗੱਲਬਾਤ ਸ਼ੁਰੂ ਕਰ ਦਿੱਤੀ। ਮਾਨੋ ਕਿ ਕਈ ਜਨਮਾਂ ਦਾ ਵਿੱਛੜਿਆ ਹੋਇਆ ਮਿਲਿਆ ਹੈ। ਬਸ ਫਿਰ ਕੀ ਸੀ!! ਮਿਲਦਿਆਂ ਹੀ ਤਾਰ ਦਾ ਮੇਲ ਹੋ ਗਿਆ ਅਤੇ ਜਿੰਨਾਂ ਚਿਰ ਦਾਸ England ਰਿਹਾ, ਦਾਸ ਦੇ ਨਾਲ ਲੋੜਵੰਦ ਵਿਦਿਆਰਥੀ ਆਏ ਹੋਏ ਸੀ, ਇਸ ਪ੍ਰੇਮੀ ਨੇ ਉਨ੍ਹਾਂ ਦੀ ਹਰ ਤਰ੍ਹਾਂ ਸਹਾਇਤਾ ਕੀਤੀ ਅਤੇ ਕਰਾਈ।

ਕੈਮਬਰਿਜ ਵਿੱਚ ਛੇ ਟਰਮਾਂ ਪੂਰੀਆਂ ਹੋਣ 'ਤੇ ਡਿਗਰੀ ਮਿਲਦੀ ਹੈ। ਦਾਸ ਇੱਕ ਟਰਮ ਪਿੱਛੋਂ ਦਾਖ਼ਲ ਹੋਇਆ ਸੀ। ਛੇਵੀਂ ਟਰਮ ਗਰਮੀਆਂ ਦੀਆਂ ਛੁੱਟੀਆਂ ਦੇ ਮਗਰੋਂ ਪੂਰੀ ਕਰਨੀ ਸੀ। ਅਮਰੀਕਾ ਜਾਣ ਦਾ ਸੰਕਲਪ ਤਾਂ ਦਾਸ ਦੇਸ ਤੋਂ ਲੈ ਕੇ ਹੀ ਟੁਰਿਆ ਸੀ। ਯੂਨੀਵਰਸਿਟੀ ਲਾਇਬਰੇਰੀ ਵਿੱਚ ਟੀਚਰਜ਼ ਕਾਲਜ, ਕੋਲੰਬੀਆ ਯੂਨੀਵਰਸਿਟੀ ਨਿਊਯਾਰਕ ਦੇ ਸਮਰ ਸਕੂਲ (Summer School) ਦੀ Catalogue (ਪੜ੍ਹਾਈ ਦੀ ਵੰਡ) 'ਤੇ ਨਿਗਾਹ ਪੈ ਗਈ। ਚਿੱਤ ਵਿੱਚ ਖ਼ਿਆਲ ਆਇਆ ਕਿ ਅਮਰੀਕਾ ਦੇ ਏ. ਐਮ. ਦਾ ਅੱਧਾ ਕੰਮ ਤੇ ਗਰਮੀਆਂ ਦੀਆਂ ਛੁੱਟੀਆਂ ਵਿੱਚ ਪੂਰਾ ਹੋ ਜਾਏਗਾ ਅਤੇ ਬਾਕੀ ਛੁੱਟੀਆਂ ਦੇ ਮਗਰੋਂ ਸਾਢੇ ਚਾਰ ਮਹੀਨਿਆਂ ਵਿੱਚ, ਦਾਸ ਚੰਗਾ ਹੋਵੇ ਕਿ ਅਮਰੀਕਾ ਦੀ ਡਿਗਰੀ ਇਸ ਤਰ੍ਹਾਂ ਲੈ ਲਵੇ। ਅਗਲੇ ਸਾਲ ਦੇ ਅਖੀਰੀ ਹਿੱਸੇ ਵਿੱਚ ਕੈਮਬਰਿਜ ਦੀ ਛੇਵੀਂ ਟਰਮ ਪੂਰੀ ਕੀਤੀ ਜਾਵੇ ਅਤੇ ਨਾਲ ਹੀ ਡਿਗਰੀ ਦਾ ਇਮਤਿਹਾਨ ਦਿੱਤਾ ਜਾਵੇ।

---

(*ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਦਾਸ ਹਿੰਦੁਸਤਾਨ ਤੋਂ ਨਾਲ ਲੈ ਗਿਆ ਸੀ, ਹੁਣ ਲੰਡਨ ਦੀ ਧਰਮਸਾਲਾ ਵਿੱਚ ਬਿਰਾਜਮਾਨ ਹੈ।)

ਇਹ ਖ਼ਿਆਲ ਕਰਕੇ ਦਾਸ ਨੇ ਵਜ਼ੀਫ਼ੇ ਵਾਸਤੇ ਇੱਕ ਅਰਜ਼ੀ ਨਿਊਯਾਰਕ ਟੀਚਰਜ਼ ਕਾਲਜ ਦੇ ਪ੍ਰਧਾਨ ਵੱਲ ਭੇਜ ਦਿੱਤੀ। ਤਿੰਨ ਚਾਰ ਹਫ਼ਤੇ ਮਗਰੋਂ ਜਵਾਬ ਆ ਗਿਆ ਕਿ ਤੁਹਾਨੂੰ ੧੫● ਡਾਲਰ ਦਾ ਵਜ਼ੀਫ਼ਾ ਦਿੱਤਾ ਗਿਆ ਹੈ। ਛੇਤੀ ਆ ਕੇ ਗਰਮੀ ਦੀਆਂ ਛੁੱਟੀਆਂ ਦੀ ਪੜ੍ਹਾਈ ਲਈ ਦਾਖ਼ਲ ਹੋ ਜਾਓ।

ਕੈਮਬਰਿਜ ਰਹਿੰਦਿਆਂ ਹੋਇਆਂ ਹੀ ਕਈ ਅਖਬਾਰਾਂ ਤੇ ਚਿੱਠੀਆਂ ਦੁਆਰਾ ਪਤਾ ਲੱਗਾ ਕਿ ਕੈਨੇਡਾ ਵਿੱਚ ਸਿੱਖ ਅਤੇ ਹੋਰ ਹਿੰਦੂ, ਮੁਸਲਮਾਨ ਭਰਾਵਾਂ ਦੀ ਹਾਲਤ ਬੜੀ ਨਾਜ਼ੁਕ ਹੋ ਰਹੀ ਹੈ। ਦਾਸ ਨੇ ਇੱਕ ਚਿੱਠੀ ਸੰਤ ਅਤਰ ਸਿੰਘ ਜੀ ਮਹਾਰਾਜ ਦੀ ਸੇਵਾ ਵਿੱਚ ਅਤੇ ਇੱਕ ਸ: ਸੁੰਦਰ ਸਿੰਘ ਮਜੀਠੀਆ ਨੂੰ ਲਿਖੀ ਕਿ ਦਾਸ ਨੂੰ ਭਰਾਵਾਂ ਪਾਸ ਜਾਣ ਦੀ ਆਗਿਆ ਦਿੱਤੀ ਜਾਵੇ। ਸੰਤ ਜੀ ਮਹਾਰਾਜ ਦਾ ਤਾਂ ਤੁਰੰਤ ਜਵਾਬ ਆ ਗਿਆ ਕਿ ਸਾਨੂੰ ਲਿਖੋ ਕਿ ਅਸੀਂ ਕਿਸ ਤਰ੍ਹਾਂ ਦੀ ਵਰਦੀ ਪਾ ਕੇ ਆਈਏ, ਅਸੀਂ ਖੁਦ ਤੁਹਾਡੇ ਨਾਲ ਚੱਲਾਂਗੇ।

ਸਰਦਾਰ ਸੁੰਦਰ ਸਿੰਘ ਜੀ ਮਜੀਠੀਆ ਵੱਲੋਂ ਉੱਤਰ ਆਇਆ ਕਿ ਤੁਸੀਂ ਇਨ੍ਹਾਂ ਕੰਮਾਂ ਵਿੱਚੋਂ ਕੀ ਲੈਣਾ ਹੈ, ਆਪਣੀ ਪੜ੍ਹਾਈ ਕਰੀ ਜਾਉ। ਇਸ ਤਰ੍ਹਾਂ ਦਾਸ ਇੰਗਲੈਂਡ ਵਿੱਚ ਲੰਡਨ ਅਤੇ ਕੈਮਬਰਿਜ਼ ਯੂਨੀਵਰਸਿਟੀ ਵਿੱਚ 1906 ਤੋਂ 1908 ਈਸਵੀਂ ਤੱਕ ਪੜ੍ਹਦਾ ਰਿਹਾ।

ਦਾਸ ਨੇ ਸੰਤ ਜੀ ਮਹਾਰਾਜ ਦੀ ਸੇਵਾ ਵਿੱਚ ਬੇਨਤੀ ਕਰ ਭੇਜੀ ਕਿ ਆਪ ਜਥੇ ਸਮੇਤ ਲੰਮੇ ਚੋਲੇ ਸਵਾ ਲਵੋ ਅਤੇ ਪੈਰਾਂ ਵਿੱਚ ਲੰਮੀਆਂ ਗੋਡਿਆਂ ਤੀਕ ਜੁਰਾਬਾਂ। ਹੋਰ ਕਿਸੇ ਖ਼ਾਸ ਵਰਦੀ ਦੀ ਲੋੜ ਨਹੀਂ। ਸ: ਸੁੰਦਰ ਸਿੰਘ ਜੀ ਮਜੀਠੀਆ ਨੂੰ ਲਿਖ ਭੇਜਿਆ ਕਿ ਦਾਸ ਆਪ ਤਾਂ ਪੜ੍ਹਾਈ ਛੱਡ ਕੇ ਕਿਧਰੇ ਜਾਂਦਾ ਨਹੀਂ ਪਰ ਜੇ ਕਰਤਾਰ ਲੈ ਜਾਵੇ ਤਾਂ ਉਸ ਦੀ ਰਜ਼ਾ।

ਵਰਦੀਆਂ ਬਣ ਗਈਆਂ। ਡਾਕਟਰ ਦੀਵਾਨ ਸਿੰਘ ਜੀ ਦੁੱਗਲ ਵੀ ਨਾਲ ਆਉਣ ਵਾਸਤੇ ਤਿਆਰ ਹੋ ਗਏ ਪਰ ਗੁਰੂ ਦੀਆਂ ਸੰਗਤਾਂ ਨੇ ਸੰਤ ਜੀ ਮਹਾਰਾਜ ਨੂੰ ਆਉਣ ਤੋਂ ਰੋਕ ਦਿੱਤਾ।

ਸੰਤ ਜੀ ਮਹਾਰਾਜ ਤਾਂ ਸਾਧ-ਸੰਗਤ ਦਾ ਬਚਨ ਮੰਨ ਕੇ ਦੇਸ ਹੀ ਰਹੇ ਪਰ ਦਾਸ ਦੇ ਹਿਰਦੇ ਨੂੰ ਪ੍ਰੇਰ ਕੇ, ਕਿਸੇ ਨਾ ਕਿਸੇ ਬਹਾਨੇ ਅਮਰੀਕਾ ਵੱਲ ਟੋਰ ਦਿੱਤਾ। ਉਸ ਵੇਲੇ ਕੀ ਪਤਾ ਸੀ ਕਿ ਮਹਾਂ ਪੁਰਖਾਂ ਨੇ ਆਪਣੀ ਆਤਮਿਕ ਕਲਾ ਦੁਆਰਾ ਸਾਰੀ ਆਪਣੀ ਮਨ ਭਾਉਂਦੀ ਸੇਵਾ, ਦਾਸ ਦੇ ਨਿਕਾਰੇ ਸਰੀਰ ਵੱਲੋਂ ਕਰਵਾਉਣੀ ਹੈ।

**"ਕਾਠ ਕੀ ਪੁਤਰੀ ਕਹਾ ਕਰੈ ਬਪੁਰੀ ਖਿਲਾਵਨਹਾਰੋ ਜਾਨੈ ॥"** (੨●੬)

# ਕਾਂਡ ੮

ਸਲੋਕ ਭਗਤ ਕਬੀਰ ਜੀਉ ਕੇ ੧ਓ ਸਤਿਗੁਰ ਪ੍ਰਸਾਦਿ ॥

ਕਬੀਰ ਕੂਕਰੁ ਰਾਮ ਕੋ ਮੁਤੀਆ ਮੇਰੋ ਨਾਉ ॥

ਗਲੇ ਹਮਾਰੇ ਜੇਵਰੀ ਜਹ ਖਿੰਚੈ ਤਹ ਜਾਉ ॥੭੪॥ (੧੩੬੮)

## ਅਮਰੀਕਾ ਜਾਣਾ (1908 ਈਸਵੀ)

ਜਦ ਕੈਮਬਰਿਜ ਦੀ ਪੰਜਵੀਂ ਟਰਮ ਪੂਰੀ ਹੋ ਗਈ ਤਾਂ ਦਾਸ ਨੇ ਨਿਊਯਾਰਕ ਜਾਣ ਦੀ ਤਿਆਰੀ ਕਰ ਲਈ। ਖ਼ਿਆਲ ਮੁੜ ਕੇ ਕੈਮਬਰਿਜ਼ ਹੀ ਆਉਣ ਦਾ ਸੀ। ਏਸ ਲਈ ਬਾਲ-ਬੱਚੇ ਨੂੰ, ਵਾਧੂ ਖਰਚ ਬਚਾਉਣ ਦੇ ਖ਼ਿਆਲ ਨਾਲ ਏਥੇ ਹੀ ਟਿਕਾ ਦਿੱਤਾ। ਕੀ ਪਤਾ ਸੀ ਕਿ ਕਰਤਾਰ ਨੇ ਸਭ ਨੂੰ ਫੇਰ ਛੇਤੀ ਹੀ ਇੱਕਠਾ ਕਰ ਦੇਣਾ ਹੈ ਅਤੇ ਪੜ੍ਹਾਈ ਛੁਡਾ ਕੇ ਸੰਤ ਜੀ ਮਹਾਰਾਜ ਦੇ ਸਾਰੇ ਵਾਕ, ਸੁਤੇ-ਸਿਧ ਪੂਰੇ ਕਰਾ ਕੇ ਦੇਸ-ਵਿਦੇਸ਼ ਵਿੱਚ ਗੁਰਦੁਆਰੇ ਬਣਵਾਉਣੇ ਹਨ ਅਤੇ ਸਤਿਨਾਮ ਦਾ ਚੱਕਰ ਏਨ੍ਹਾਂ ਦੇਸਾਂ ਵਿੱਚ ਚਲਾਉਣਾ ਹੈ।

ਪੋਰਟਸਮਾਊਥ ਤੋਂ ਟੁਰ ਕੇ ਜਹਾਜ਼ ਸੱਤਵੇਂ ਦਿਨ ਨਿਊਯਾਰਕ ਜਾ ਲੱਗਾ। ਏਥੇ ਜ਼ਕਾਤ ਦੇ ਅਫ਼ਸਰ ਦੀ ਕੜੀ ਨਿਗਰਾਨੀ ਵਿੱਚ ਇੱਕ ਛੋਟੇ ਜਿਹੇ ਜਜ਼ੀਰੇ (ਆਈਲੈਂਡ) ’ਤੇ ਸਾਰੇ ਮੁਸਾਫ਼ਰਾਂ ਨੂੰ ਲਿਜਾਇਆ ਗਿਆ। ਪਹਿਲੇ ਅਤੇ ਦੂਜੇ ਦਰਜ਼ੇ ਵਾਲਿਆਂ ਨੂੰ ਤਾਂ ਉਸੇ ਵੇਲੇ ਪੋਚਾਪਾਚੀ ਕਰ ਕੇ ਸ਼ਹਿਰ ਜਾਣ ਦੀ ਛੁੱਟੀ ਮਿਲ ਗਈ ਪਰ ਗ਼ਰੀਬ ਤੀਸਰੇ ਦਰਜ਼ੇ ਵਾਲਿਆਂ ਦਾ ਬੜਾ ਹੀ ਕਰੜਾ ਸਰੀਰਕ ਅਤੇ ਪੁੱਛ-ਗਿੱਛ ਦਾ ਇਮਤਿਹਾਨ ਲਿਆ ਗਿਆ। ਮਸਾਂ ਹੀ ਨਿਊਯਾਰਕ ਦੀ ਧਰਤੀ ’ਤੇ ਪੈਰ ਰੱਖਣ ਦੀ ਆਗਿਆ ਮਿਲੀ। ਕਈ ਵਿਚਾਰੇ ਤਾਂ ਉੱਕੇ ਹੀ ਮੋੜ ਦਿੱਤੇ ਗਏ, ਕਈਆਂ ਨੂੰ ਜਜ਼ੀਰੇ ’ਤੇ ਕੁਝ ਦਿਨ ਆਪਣੀ ਸਿਹਤ ਦਰੁਸਤ ਕਰਨ ਲਈ ਰਹਿਣ ਦਾ ਹੁਕਮ ਹੋਇਆ।

ਦੇਖ ਭਾਲ ਦੇ ਮਗਰੋਂ ਸਾਰੇ ਪਾਸ ਹੋਏ ਮੁਸਾਫ਼ਰ ਜਹਾਜ਼ ’ਤੇ ਚੜ੍ਹ ਗਏ ਅਤੇ ਨਿਊਯਾਰਕ ਜਾ ਕੇ ਇਨ੍ਹਾਂ ਨੂੰ ਸਮੁੰਦਰੀ ਅੱਡੇ ’ਤੇ ਲਾਹਿਆ ਗਿਆ। ਏਥੇ ਹਰ ਇੱਕ ਨੇ ਆਪਣੀ ਸਵਾਰੀ ਲੈ ਲਈ ਅਤੇ ਆਪਣਿਆਂ-ਆਪਣਿਆਂ ਟਿਕਾਣਿਆਂ ’ਤੇ ਚਲੇ ਗਏ।

ਦਾਸ ਕਈ ਬਜ਼ਾਰਾਂ ਵਿੱਚੋਂ ਲੰਘਦਾ ਹੋਇਆ ਟੀਚਰਜ਼ ਕਾਲਜ ਕੋਲੰਬੀਆ ਯੂਨੀਵਰਸਿਟੀ ਵਿਖੇ ਪੁੱਜ ਗਿਆ। ਰਾਹ ਵਿੱਚ ਬੜੀ ਅਚੰਭੇ ਦੀ ਗੱਲ ਜੋ ਹੋਰ ਕਿਸੇ ਸ਼ਹਿਰ ਵਿੱਚ ਨਹੀਂ ਦੇਖੀ ਸੀ, ਏਹ ਸੀ ਕਿ ਏਸ ਸ਼ਹਿਰ ਦੇ ਇੱਕੀ-ਇੱਕੀ ਮੰਜ਼ਲੇ ਮਕਾਨ ਸਨ। ਉੱਤੇ ਸਿਰ ਕਰਕੇ ਦੇਖਦਿਆਂ ਪੱਗ ਲਹਿੰਦੀ ਸੀ। ਹੁਣ ਸੁਨਣ ਵਿੱਚ ਆਇਆ ਹੈ ਕਿ ਇਹ ਮਕਾਨ ੫੧ ਮੰਜ਼ਲਾਂ ਤੱਕ ਵੀ ਪਹੁੰਚ ਗਏ ਹਨ।

## ਜਿਸਦਾ ਜੀਅ ਲੈਕਚਰ ਕਰਨ ਨੂੰ ਕਰੇ, ਉਹ ਨਾ ਕਰੇ; ਜਿਸਦਾ ਜੀਅ ਨਾ ਕਰੇ, ਉਹ ਕਰੇ

ਟੀਚਰਜ਼ ਕਾਲਜ ਕੋਲੰਬੀਆ ਯੂਨੀਵਰਸਿਟੀ, ਦਰਿਆਏ ਹਡਸਨ ਦੇ ਕਿਨਾਰੇ ਇੱਕ ਬੜੀ ਰਮਣੀਕ ਥਾਂ ’ਤੇ ਹੈ। ਅੱਪੜਦਿਆਂ ਹੀ ਚਿੱਤ ਬੜਾ ਪ੍ਰਸੰਨ ਹੋਇਆ। ਹੋਸਟਲ ਵਿੱਚ ਵਾਰਡਨ ਨੂੰ ਮਿਲ ਕੇ ਇੱਕ ਕਮਰਾ ਲੈ ਲਿਆ ਅਤੇ ਰਾਤ ਦਾ ਬਿਸਰਾਮ ਨਿਸ਼ਚਿੰਤ ਹੋ ਕੇ ਕੀਤਾ। ਇੱਕ-ਦੋ ਦਿਨ ਮਗਰੋਂ ਪੜ੍ਹਾਈ ਸ਼ੁਰੂ

ਹੋ ਗਈ। ਦਾਸ ਨੇ ਤਿੰਨ ਕੋਰਸ ਲਏ:

(੧) ਨਿੱਕੇ ਬੱਚਿਆਂ ਨੂੰ ਵਿੱਦਿਆ ਦੇਣ ਦੀ ਜੁਗਤ,

(੨) ਸਕੂਲ ਦਾ ਪ੍ਰਬੰਧ

(੩) ਮਲਕਾ ਵਿਕਟਕੋਰੀਆ ਦੇ ਅਹਿਦ ਦੇ ਕਵੀ।

ਦੋ ਕੁ ਹਫਤੇ ਹੀ ਬੀਤੇ ਸਨ ਕਿ ਇੱਕ ਦਿਨ ਜਮਾਤ ਵਿੱਚ (Kipling) ਕਿਪਲਿੰਗ ਕਵੀ ਤੇ ਵੀਚਾਰ ਕਰਦੇ ਹੋਏ, ਪ੍ਰੋਫੈਸਰ ਨੇ ਆਖਿਆ ਕਿ ਏਸ ਕਵੀ ਵਿੱਚ ਉੱਚੇ ਦਰਜੇ ਦਾ ਹਾਸਯਰਸ (True Humour) ਹੈ। ਦਾਸ ਨੇ ਬੇਨਤੀ ਕੀਤੀ ਕਿ ਉੱਚੇ ਹਾਸਯਰਸ ਦੀ ਨੀਂਹ ਹਿਰਦੇ ਨੂੰ ਖਿੜਾਉਣ ਵਾਲੇ ਪ੍ਰੇਮ ਦੀ ਹੁੰਦੀ ਹੈ; ਕਿਪਲਿੰਗ ਵਿੱਚ ਖੇੜਾ ਨਹੀਂ ਸੀ, ਉਹ ਨਿਰਾ-ਪੁਰਾ ਸ਼ਬਦਾਂ ਨਾਲ ਖੇਡਣ ਵਾਲਾ ਮਸਖ਼ਰਾ ਹੈ। ਵੀਚਾਰ ਹੁੰਦਿਆਂ ਦਾਸ ਦਾ ਪਲੜਾ ਭਾਰੀ ਹੋ ਗਿਆ। ਸਾਰੀ ਜਮਾਤ ਨੇ ਏਸ ਗੱਲ ਨੂੰ ਅਨੁਭਵ ਕਰ ਲਿਆ ਤੇ ਪ੍ਰੋਫੈਸਰ ਵੀ ਚੁੱਪ ਹੋ ਗਿਆ।

ਇਹ ਪ੍ਰੋਫੈਸਰ ਡਲਹੌਜ਼ੀ ਕਾਲਜ ਕੈਨੇਡਾ ਤੋਂ ਖ਼ਾਸ ਤੌਰ ਤੇ ਗਰਮੀਆਂ ਦੀ ਪੜ੍ਹਾਈ ਵਾਸਤੇ, ਕੋਲੰਬੀਆ ਯੂਨੀਵਰਸਿਟੀ ਵਿੱਚ ਆਇਆ ਹੋਇਆ ਸੀ ਅਤੇ ਬੜਾ ਹੀ ਗੰਭੀਰ ਤੇ ਸਿਆਣਾ ਸੀ। ਟੱਲੀ ਖਤਮ ਹੁੰਦਿਆ ਹੀ ਜਦ ਇਹ ਆਪਣੇ ਨਿੱਜੀ ਕਮਰੇ ਵਿੱਚ ਗਿਆ ਤਦ ਉਸ ਨੇ ਆਪਣਾ ਚਪੜਾਸੀ ਭੇਜ ਕੇ ਦਾਸ ਨੂੰ ਸੱਦ ਘਲਿਆ। ਬੜੇ ਆਦਰ ਨਾਲ ਕੁਰਸੀ ਤੇ ਬਿਠਾ ਲਿਆ ਤੇ ਆਖਿਆ "ਮਿਸਟਰ ਸਿੰਘ ! ਤੂੰ ਇੱਕ ਬੜਾ ਵੀਚਾਰਵਾਨ ਪੁਰਸ਼ ਮਲੂੰਮ ਹੁੰਦਾ ਹੈਂ, ਤੂੰ ਯੂਨੀਵਰਸਿਟੀ ਹਾਲ ਵਿੱਚ ਅੱਜ ਕੱਲ ਦੇ ਹਿੰਦੁਸਤਾਨ ਤੇ ਲੈਕਚਰ ਦੇ। ਮੈਂ ਉਸਦਾ ਸਾਰਾ ਪ੍ਰਬੰਧ ਕਰਾਂਗਾ।"

ਦਾਸ ਨੇ ਬੇਨਤੀ ਕੀਤੀ ਕਿ ਹਿੰਦੁਸਤਾਨ ਵਿੱਚ ਨਵਾਂ ਚੱਕਰ ਚਲਾਉਣ ਵਾਲੇ ਭਗਤ ਅਤੇ ਗੁਰੂ ਨਾਨਕ ਸਾਹਿਬ ਜੀ ਹਨ। ਝਟ ਪ੍ਰੋਫੈਸਰ ਨੇ ਆਖਿਆ, "ਤਾਂ ਤੁਸੀਂ ਦੋ ਲੈਕਚਰ ਕਰ ਦਿਉ। ਪਹਿਲਾ ਭਗਤਾਂ ਅਤੇ ਗੁਰੂ ਨਾਨਕ ਸਾਹਿਬ ਤੇ, ਦੂਜਾ ਅੱਜ ਕੱਲ ਦੇ ਹਿੰਦੁਸਤਾਨ ਤੇ," ਦਾਸ ਨੇ ਆਖਿਆ, 'ਸਤਿ ਬਚਨ।'

ਪ੍ਰੋਫੈਸਰ ਨੇ ਲੈਕਚਰਾਂ ਦੀ ਤਾਰੀਖ ਮੁਕੱਰਰ ਕਰ ਦਿੱਤੀ ਅਤੇ ਨਿਊਯਾਰਕ ਦੇ ਸਾਰੇ ਅਖ਼ਬਾਰ ਨਵੀਸਾਂ, ਪ੍ਰੋਫੈਸਰਾਂ, ਉਸਤਾਦਾਂ, ਸਾਇੰਸਦਾਨਾਂ ਅਤੇ ਉੱਘੇ-ਉੱਘੇ ਆਦਮੀਆਂ ਨੂੰ ਖ਼ਾਸ ਚਿੱਠੀਆਂ ਭਿਜਵਾ ਦਿੱਤੀਆਂ ਅਤੇ ਆਮ ਜਨਤਾ ਲਈ ਅਖਬਾਰਾਂ ਵਿੱਚ ਨੋਟ ਕਢਾ ਦਿੱਤੇ।

ਲੈਕਚਰ ਦਾ ਦਿਨ ਆ ਗਿਆ। ਸ਼ਾਮ ਦੇ ਪੰਜ ਵਜੇ ਦਾ ਵਕਤ ਨੀਯਤ ਸੀ। ਦਾਸ ਨੇ ਲੈਕਚਰ ਤੋਂ ਪਹਿਲਾਂ ਦੋ ਘੰਟੇ ਆਰਾਮ ਕੀਤਾ ਤੇ ਸਹਿਜ ਸੁਭਾਇ ਲੈਕਚਰ ਹਾਲ ਵੱਲ ਚਲਾ ਗਿਆ। ਅੱਗੇ ਦਸ ਕੁ ਹਜ਼ਾਰ ਦੇ ਕਰੀਬ ਸਰੋਤੇ ਬੈਠੇ ਸਨ। ਮੀਟਿੰਗ ਦੇ ਪ੍ਰਧਾਨ ਨੇ ਦਾਸ ਦੀ ਬਾਬਤ ਥੋੜ੍ਹੇ ਜਿਹੇ ਅੱਖਰ ਆਖ ਸੁਣਾਏ ਅਤੇ ਲੈਕਚਰ ਦੇਣ ਲਈ ਆਗਿਆ ਕੀਤੀ।

**ਸੱਚ ਹੈ ਕਿ ਜਿਸ ਦਾ ਜੀਅ ਲੈਕਚਰ ਕਰਨ ਨੂੰ ਕਰੇ, ਉਸ ਦਾ ਅਧਾਰ ਆਪਣੀ ਦਲੀਲ ਚਤੁਰਾਈ ਤੇ ਹੁੰਦਾ ਹੈ ਅਤੇ ਜਿਸ ਦਾ ਜੀਅ ਨਾ ਕਰੇ ਉਸ ਦੇ ਵਾਲੀ ਸਤਿਗੁਰੂ ਆਪ ਹੁੰਦੇ ਹਨ।**

ਦੋਵੇਂ ਦਿਨ, ਕੋਈ ਡੇਢ ਘੰਟਾ ਲੈਕਚਰ ਹੁੰਦੇ ਰਹੇ। ਪਤਾ ਨਹੀਂ, ਪ੍ਰੇਮੀਆਂ ਨੂੰ ਇਨ੍ਹਾਂ ਵਿੱਚ ਕਿਹੜੀ ਗੱਲ ਚੰਗੀ ਲੱਗੀ, ਇਹ ਨਿਊਯਾਰਕ ਦੇ ਅਖਬਾਰਾਂ ਵਿੱਚ ਛਪਦੇ ਛਪਦੇ, ਸਾਰੇ ਅਮਰੀਕਾ ਤੇ ਕੈਨੇਡਾ ਵਿੱਚ

ਫੈਲ ਗਏ। ਇੱਕ ਅਖਬਾਰ ਵੈਨਕੂਵਰ ਬੀ. ਸੀ. (Vancouver British Columbia) ਵਿੱਚ ਜਾ ਪੁੱਜਾ। ਭਾਈ ਤਾਰਕ ਨਾਥ ਦਾਸ ਨੇ, ਭਾਈ ਬਲਵੰਤ ਸਿੰਘ ਜੀ ਗ੍ਰੰਥੀ ਨੂੰ ਜਾ ਸੁਣਾਇਆ ਅਤੇ ਆਖਿਆ ਕਿ ਤੁਸੀ ਤਾਂ ਕੋਈ ਵਿਦਵਾਨ ਭਰਾ ਦੇਸ ਤੋਂ ਮੰਗਵਾਉਣ ਦਾ ਯਤਨ ਕਰ ਰਹੇ ਹੋ, ਤੁਹਾਡਾ ਇੱਕ ਵੀਰ ਨਿਊਯਾਰਕ ਬੈਠਾ ਹੈ। ਲੈਕਚਰ ਦੇ ਤਿੰਨ ਕੁ ਹਫਤੇ ਮਗਰੋਂ ਭਾਈ ਬਲਵੰਤ ਸਿੰਘ ਵੱਲੋ ਚਿੱਠੀ ਆਈ ਕਿ ਏਥੇ ਸੰਗਤਾਂ ਨੂੰ ਦਰਸ਼ਨ ਦਿਉ। ਦਾਸ ਨੇ ਵਾਪਸੀ ਡਾਕ ਉੱਤਰ ਦਿੱਤਾ ਕਿ ਖ਼ਾਲਸੇ ਦੇ ਖਜ਼ਾਨੇ ਵਿੱਚ ਕੇਵਲ ਪੰਜ ਸੈਂਟ (Cent) ਹਨ, ਤਨ ਅਤੇ ਮਨ ਹਾਜ਼ਰ ਹੈ। ਸਾਧ ਸੰਗਤ ਨੇ ਵਾਪਸੀ ਡਾਕ ਆਉਣ ਜਾਣ ਦਾ ਕਿਰਾਇਆ ਭੇਜਿਆ ਅਤੇ ਦਾਸ ਨੇ ਆਪਣੇ ਛੋਟੇ ਭੁਝੰਗੀ ਭਾਈ ਹਰੀ ਸਿੰਘ ਸਮੇਤ ਕੈਨੇਡਾ, ਵਾਸ਼ਿੰਗਟਨ ਅਤੇ ਪੋਰਟਲੈਂਡ ਦਾ ਪਹਿਲਾ ਦੌਰਾ ਕੀਤਾ।

## ਰਿਧੀ ਸਿਧੀ ਤੁਛ ਹੈ, ਆਤਮ ਪਦ ਏਸ ਤੋਂ ਬਹੁਤ ਅੱਗੇ ਹੈ

ਲੈਕਚਰ ਤੋਂ ਦੂਜੇ ਦਿਨ ਮਗਰੋਂ ਹੀ ਸੌ ਕੁ ਗੋਰੇ ਮਾਈ ਭਾਈ ਦੇ ਜਥੇ ਵੱਲੋਂ, ਅੱਠ ਦਸ ਪ੍ਰੇਮੀ ਦਾਸ ਦੇ ਟਿਕਾਣੇ ਤੇ ਆ ਗਏ। ਇਹਨਾਂ ਬੜੀ ਨਿਮ੍ਰਤਾ ਸਹਿਤ ਬੇਨਤੀ ਕੀਤੀ ਕਿ ਅਸਾਂ ਇੱਕ ਵੇਦਾਂਤੀ ਪਾਸੋਂ ਧਰਮ ਦੀ ਖੋਜ਼ ਆਰੰਭ ਕੀਤੀ ਸੀ। ਥੋੜ੍ਹੇ ਚਿਰ ਮਗਰੋਂ ਹੀ ਉਸ ਦਾ ਆਚਰਨ ਗਿਰ ਗਿਆ। ਅਸੀਂ ਸੌ ਕੁ ਮਾਈ ਭਾਈ ਉਸ ਦੇ ਮਗਰ ਲੱਗੇ ਸੀ। ਸਾਨੂੰ ਡਾਢੀ ਸੱਟ ਵੱਜੀ। ਹੁਣ ਤੁਹਾਡੇ ਲੈਕਚਰ ਸੁਣ ਕੇ ਸਾਡਾ ਚਿੱਤ ਮੰਨਦਾ ਹੈ ਕਿ ਤੁਸੀਂ ਸਾਡੀ ਜਿਗਿਆਸਾ ਪੂਰੀ ਕਰ ਸਕੋਗੇ ਅਤੇ ਸਾਡੇ ਡਿੱਕੋ-ਡੋਲੇ ਖਾਂਦੇ ਹਿਰਦਿਆਂ ਨੂੰ ਸਹਾਰਾ ਦੇ ਕੇ ਬੰਨ੍ਹੇ ਲਾਉਗੇ।

ਨਿਊਯਾਰਕ ਗਰਮੀਆਂ ਵਿੱਚ ਬੜਾ ਗਰਮ ਤੇ ਸਰਦੀਆਂ ਵਿੱਚ ਬੜਾ ਠੰਡਾ ਸ਼ਹਿਰ ਹੈ। ਗਰਮੀ ਦਾ ਕਾਰਨ ਇਹ ਹੈ ਕਿ ਗਰਮ ਲਹਿਰ (Gulf Stream) ਧਰਤੀ ਦੇ ਮਧ ਤੋਂ ਤੁਰ ਕੇ ਏਥੋਂ ਹੁੰਦੀ ਹੋਈ ਯੂਰਪ ਤੀਕਰ ਚਲੀ ਜਾਂਦੀ ਹੈ। ਸ਼ਾਮ ਵੇਲੇ ਬੜਾ ਘੁਟ ਹੋ ਜਾਂਦਾ ਅਤੇ ਦਾਸ ਦਰਿਆਏ ਹਡਸਨ ਦੇ ਕਿਨਾਰੇ ਪਾਰਕ ਵਿੱਚ ਸੈਰ ਕਰਨ ਚਲਾ ਜਾਂਦਾ। ਏਸ ਜਗ੍ਹਾ ਹਡਸਨ ਦਾ ਪਾਟ ਕੋਈ ਦੋ ਕੁ ਮੀਲ ਹੈ। ਦੂਸਰੇ ਕਿਨਾਰੇ ਤੇ ਬੜੀਆਂ ਸੁੰਦਰ ਪਹਾੜੀਆਂ ਹਨ। ਕੁਦਰਤ ਦੇ ਏਸ ਸੋਹਣੇ ਰੰਗ ਵਿੱਚ ਨੇਤਰਾਂ ਨੂੰ ਵੀ ਠੰਡ ਪੈਂਦੀ ਅਤੇ ਚਿੱਤ ਬੜਾ ਅਨੰਦ ਹੋ ਕੇ ਵਾਹਿਗੁਰੂ ਰਚਨਹਾਰ ਨੂੰ ਉਸ ਦੀ ਰਚਨਾ ਵਿੱਚ ਵੇਖਦਾ।

ਦੋ ਕੁ ਹਫਤੇ ਤਾਂ ਇਹ ਅਨੰਦ ਬਣਿਆ ਰਿਹਾ, ਫੇਰ ਸਮੁੰਦਰ ਪਾਰ ਛੇ ਹਜ਼ਾਰ ਮੀਲ ਤੋਂ ਇੱਕ ਵੈਰਾਗ ਦੀ ਲਹਿਰ, ਪੌਣ ਦੇ ਝੁਲਾਰਿਆਂ ਵਿੱਚ ਆਉਣ ਲੱਗ ਪਈ। ਚਿੱਤ ਨੂੰ ਭਾਸਿਆ ਕਿ ਪਿੱਛੇ ਵਲਾਇਤ ਵਿੱਚ ਪਰਿਵਾਰ ਬਹੁਤ ਉਦਾਸ ਹੈ; ਕਰਤਾਰ ਨੇ, ਜਿਹੜਾ ਜਾਣਦਾ ਸੀ ਕਿ ਅਜੇ ਅਮਰੀਕਾ ਦੀ ਧਰਤੀ ਤੇ ਦੋ ਸਾਲ ਹੋਰ ਰਹਿ ਕੇ ਸਤਿਗੁਰੂ ਦੀ ਸੇਵਾ ਕਰਨੀ ਹੈ, ਪ੍ਰੇਰਨਾ ਕੀਤੀ ਕਿ ਸਾਥੀਆਂ ਨੂੰ ਏਥੇ ਹੀ ਮੰਗਵਾ ਲੈ। ਚਿੱਠੀ ਪਾ ਦਿੱਤੀ ਅਤੇ ਦੋ ਹਫ਼ਤੇ ਮਗਰੋਂ ਦਾਸ ਦੀ ਸੁਪਤਨੀ ਅਤੇ ਦੋਵੇਂ ਭੁਝੰਗੀ ਨਿਊਯਾਰਕ ਪੁੱਜ ਗਏ।

# ਕਾਂਡ ੯

ਸੋਰਠਿ ਮਹਲਾ ੫ ॥

ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ ॥
ਕੋਟਿ ਬਿਘਨ ਲਾਥੇ ਪ੍ਰਭ ਸਰਣਾ ਪ੍ਰਗਟੇ ਭਲੇ ਸੰਜੋਗਾ ॥੧॥
ਪ੍ਰਭ ਬਾਣੀ ਸਬਦੁ ਸੁਭਾਖਿਆ ॥
ਗਾਵਹੁ ਸੁਣਹੁ ਪੜਹੁ ਨਿਤ ਭਾਈ ਗੁਰ ਪੂਰੈ ਤੂ ਰਾਖਿਆ ॥ਰਹਾਉ॥
ਸਾਚਾ ਸਾਹਿਬੁ ਅਮਿਤਿ ਵਡਾਈ ਭਗਤਿ ਵਛਲ ਦਇਆਲਾ ॥
ਸੰਤਾ ਕੀ ਪੈਜ ਰਖਦਾ ਆਇਆ ਆਦਿ ਬਿਰਦੁ ਪ੍ਰਤਿਪਾਲਾ ॥੨॥
ਹਰਿ ਅੰਮ੍ਰਿਤ ਨਾਮੁ ਭੋਜਨੁ ਨਿਤ ਭੁੰਚਹੁ ਸਰਬ ਵੇਲਾ ਮੁਖਿ ਪਾਵਹੁ ॥
ਜਰਾ ਮਰਾ ਤਾਪੁ ਸਭੁ ਨਾਠਾ ਗੁਣ ਗੋਬਿੰਦ ਨਿਤ ਗਾਵਹੁ ॥੩॥
ਸੁਣੀ ਅਰਦਾਸਿ ਸੁਆਮੀ ਮੇਰੈ ਸਰਬ ਕਲਾ ਬਣਿ ਆਈ ॥
ਪ੍ਰਗਟ ਭਈ ਸਗਲੇ ਜੁਗ ਅੰਤਰਿ ਗੁਰ ਨਾਨਕ ਕੀ ਵਡਿਆਈ ॥੪॥੧੧॥ (੬੧੧)

## ਕੈਨੇਡਾ ਵਿੱਚ ਗੁਰਮਤਿ ਪ੍ਰਚਾਰ (1908 ਤੋਂ 1910 ਈਸਵੀਂ)

ਹੁਣ ਤਾਂ ਏਨ੍ਹਾਂ ਅਮਰੀਕੀ ਸੱਜਣਾਂ ਦਾ ਸੰਜੋਗ, ਗੁਰੂ ਨਾਨਕ ਸਾਹਿਬ ਦੇ ਘਰ ਨਾਲ ਬਣ ਗਿਆ। ਬੜੇ ਪ੍ਰੇਮ ਨਾਲ ਹਰ ਐਤਵਾਰ ਇਹ ਪ੍ਰੇਮੀ ਸਭਾ ਸਜਾਇਆ ਕਰਨ ਅਤੇ ਸੱਚੇ ਪਾਤਸ਼ਾਹ ਦੇ ਸੁਨੇਹੇ ਬੜੇ ਗਹੁ ਨਾਲ ਸੁਣਿਆ ਕਰਨ। ਦੋ ਕੁ ਹਫਤਿਆਂ ਵਿੱਚ, ਏਨ੍ਹਾਂ ਦੇ ਪਿੱਛਲੇ ਭੁਲੇਖੇ ਨਿਕਲ ਗਏ। ਏਨ੍ਹਾਂ ਦੇ ਹਿਰਦਿਆਂ ਵਿੱਚ ਸੰਤ ਅਤਰ ਸਿੰਘ ਜੀ ਮਹਾਰਾਜ ਦਾ ਸੁਨੇਹਾ ਕਿ **"ਰਿਧੀ ਸਿਧੀ ਤੁਛ ਹੈ, ਆਤਮ ਪਦ ਏਸ ਤੋਂ ਬਹੁਤ ਅੱਗੇ ਹੈ,"** ਵੱਸ ਗਿਆ। **ਸਾਰੇ ਭਗਤੀ ਮਾਰਗ ਤੇ ਤੁਰ ਪਏ ਅਤੇ ਲੱਗੇ ਗੁਰੂ ਗੁਰੂ ਕਰਨ। ਬਹੁਤ ਸਾਰਿਆਂ ਨੇ ਤਾਂ ਗੁਰਮੰਤ੍ਰ ਦਾ ਅਭਿਆਸ ਜੁਗਤ ਪੂਰਬਕ ਸ਼ੁਰੂ ਕਰ ਦਿੱਤਾ।**

ਅਜੇ ਤਿੰਨ ਚਾਰ ਹਫਤੇ ਹੀ ਬੀਤੇ ਸਨ ਕਿ ਵੈਨਕੂਵਰ ਦੀ ਸਾਧ ਸੰਗਤ ਵੱਲੋਂ ਕਿਰਾਇਆ ਪੁੱਜ ਗਿਆ। ਹੁਣ ਛੁੱਟੀਆਂ ਦੀ ਪੜ੍ਹਾਈ ਖਤਮ ਹੋ ਚੁੱਕੀ ਸੀ ਅਤੇ ਡੇਢ ਕੁ ਮਹੀਨਾ ਛੁੱਟੀਆਂ ਬਾਕੀ ਰਹਿੰਦੀਆਂ ਸਨ। ਦਾਸ ਨੇ ਕੈਨੇਡਾ ਦੇ ਰਸਤੇ ਵੈਨਕੂਵਰ, ਸੀਏਟਲ (Seattle), ਪੋਰਟਲੈਂਡ, ਸਾਨ ਫ੍ਰਾਂਸਿਸਕੋ ਦਾ ਰਾਉਂਡ ਟ੍ਰਿਪ ਟਿਕਟ (ਵਾਪਸੀ ਗੋਲ ਸਫਰ ਦਾ ਟਿਕਟ) ਲੈ ਲਿਆ ਅਤੇ ਆਪਣੇ ਛੋਟੇ ਭੁਝੰਗੀ ਭਾਈ ਹਰੀ ਸਿੰਘ ਨੂੰ ਏਸ ਲੰਬੇ ਸਫਰ ਦਾ ਸਾਥੀ ਬਣਾ ਕੇ ਤੁਰ ਪਿਆ। ਨਿਊਯਾਰਕ ਤੋਂ ਵੈਨਕੂਵਰ ਛੇ ਦਿਨ-ਰਾਤ ਦਾ ਸਫਰ ਹੈ। ਇੰਨਾਂ ਲੰਮਾ ਸਫਰ ਕੱਟਣਾ ਬੜਾ ਹੀ ਔਖਾ ਹੋ ਜਾਏ ਪਰ ਏਸ ਦੇਸ ਵਿੱਚ ਰੇਲ ਗੱਡੀ ਦਾ ਬੜਾ ਹੀ ਸੋਹਣਾ ਪ੍ਰਬੰਧ ਹੈ। ਸਾਰਿਆਂ ਵਾਸਤੇ ਇੱਕੋ ਹੀ ਦਰਜਾ ਹੈ ਅਤੇ ਸਾਰੀ ਗੱਡੀ ਦੀਆਂ ਬੋਗੀਆਂ ਆਪਸ ਵਿੱਚ ਜੁੜੀਆਂ ਹੁੰਦੀਆਂ ਹਨ। ਵਿੱਚੇ ਹੀ ਖਾਣ ਪੀਣ ਦਾ ਪ੍ਰਬੰਧ ਹੁੰਦਾ ਹੈ ਅਤੇ ਦਿਨ ਵੇਲੇ ਜਿਹੜੀਆਂ ਸੀਟਾਂ 'ਤੇ

ਬੈਠੀ ਦਾ ਹੈ ਉਹ ਰਾਤ ਵੇਲੇ ਪਲੰਘ ਬਣ ਜਾਂਦੀਆਂ ਹਨ। ਰਾਤ ਵਾਸਤੇ ਇੱਕ ਡਾਲਰ ਦੇ ਕੇ ਰੇਲ ਵੱਲੋਂ ਹੀ ਸੋਹਣੇ ਸਾਫ਼ ਬਿਸਤਰੇ ਦਾ ਪ੍ਰਬੰਧ ਹੋ ਜਾਂਦਾ ਹੈ ਜਿਸ ਦੀਆਂ ਚਿੱਟੀਆਂ ਚਾਦਰਾਂ ਰੋਜ਼ ਬਦਲ ਦਿੱਤੀਆਂ ਜਾਂਦੀਆਂ ਹਨ। ਹੁੱਕੇ ਪੀਣ ਵਾਲਿਆਂ ਵਾਸਤੇ ਵੱਖਰੇ ਕਮਰੇ ਹੁੰਦੇ ਹਨ। ਮੁਸਾਫ਼ਰ ਵੀ ਇੱਕ-ਦੂਜੇ ਨਾਲ ਬੜਾ ਸੋਹਣਾ ਵਰਤਾਉ ਰੱਖਦੇ ਹਨ ਅਤੇ ਰੇਲ ਵਾਲੇ ਲੰਮੇ ਸਫ਼ਰ ਵਾਲੀਆਂ ਥਰੂ ਰੇਲ ਗੱਡੀਆਂ ਵਿੱਚ ਸੀਟ ਤੋਂ ਵੱਧ ਕੋਈ ਮੁਸਾਫ਼ਰ ਨਹੀਂ ਬਿਠਾਉਂਦੇ।

ਛੇ ਦਿਨ ਦੇ ਮਗਰੋਂ ਮੌਨਟ੍ਰੀਅਲ, ਉਟਾਵਾ, ਵਿਨੀਪੈਗ, ਰੀਜ਼ਾਇਨਾ, ਕੈਲਗਿਰੀ, ਐਡਮਿੰਟਨ ਤੋਂ ਹੁੰਦਿਆ ਹੋਇਆਂ ਦਾਸ ਵੈਨਕੂਵਰ ਪੁੱਜਾ। ਅੱਗੇ ਗੁਰੂ ਦੇ ਪਿਆਰੇ ਸਟੇਸ਼ਨ 'ਤੇ ਆਏ ਹੋਏ ਸਨ। ਬੜੇ ਪ੍ਰੇਮ ਨਾਲ ਗੁਰਦੁਆਰੇ ਸਾਹਿਬ ਲੈ ਗਏ ਅਤੇ ਬੜੇ ਆਦਰ ਭਾ ਨਾਲ ਆਸਣ ਕਰਾਇਆ। ਗੁਰਦੁਆਰਾ ਸਾਹਿਬ ਬੜਾ ਸੁੰਦਰ ਦੋ ਮੰਜ਼ਲਾ, ਲੱਕੜੀ ਦਾ ਮਕਾਨ ਸੀ। ਉਤਲੀ ਛੱਤ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੁਖਆਸਨ ਦੀ ਕੋਠੜੀ ਅਤੇ ਤਕਰੀਬਨ ੩੫ × ੬● ਫੁੱਟ ਦਾ ਹਾਲ ਸੀ। ਹੇਠਲੀ ਮੰਜ਼ਲ ਦੀ ਸ਼ਕਲ ਵੀ ਹਾਲ ਵਰਗੀ ਸੀ। ਏਹ ਆਏ ਗਏ ਮੁਸਾਫ਼ਰ ਦੇ ਅਰਾਮ ਦਾ ਕੰਮ ਵੀ ਦੇ ਜਾਂਦੀ ਅਤੇ ਸਾਧ-ਸੰਗਤ ਐਤਵਾਰ ਦੀਵਾਨ ਵਾਲੇ ਦਿਨ ਹੇਠਾਂ ਆ ਕੇ ਚਾਹ ਪਾਣੀ ਵੀ ਛਕ ਲੈਂਦੀ। ਕਦੀ-ਕਦੀ ਇਸ ਵਿੱਚ ਸੰਗਤ ਦੇ ਵਿਹਾਰਕ ਸਮਾਗਮ ਵੀ ਹੋ ਜਾਂਦੇ। ਏਸ ਵੇਲੇ ਵੈਨਕੂਵਰ ਅਜੇ ਨਵਾਂ ਵੱਸਦਾ ਸ਼ਹਿਰ ਸੀ। ਵੱਡੇ ਬਜ਼ਾਰਾਂ ਦੀਆਂ ਦੁਕਾਨਾਂ ਤੋਂ ਛੁੱਟ, ਬਾਕੀ ਸਾਰੇ ਮਕਾਨ ਲੱਕੜੀ ਦੇ ਹੀ ਸਨ। ਏਸ ਇਲਾਕੇ ਵਿੱਚ ਲੱਕੜੀ ਬਾਹਲੀ ਹੁੰਦੀ ਹੈ ਅਤੇ ਲੱਕੜੀ ਦੇ ਕਾਰਖਾਨੇ ਬਹੁਤ ਸਨ। ਗੁਰੂ ਕੇ ਸਿੱਖ ਅਤੇ ਹੋਰ ਹਿੰਦੁਸਤਾਨੀ ਭਰਾ, ਏਨ੍ਹਾਂ ਕਾਰਖਾਨਿਆਂ ਵਿੱਚ ਹੀ ਮਿਹਨਤ ਮਜ਼ਦੂਰੀ ਦਾ ਕੰਮ ਕਰਦੇ। ਕੁਝ ਕਾਰਖਾਨੇ ਖ਼ਾਸ ਸ਼ਹਿਰ ਵਿੱਚ ਅਤੇ ਕਈ ਸ਼ਹਿਰ ਤੋਂ ਬਾਹਰ ਦੂਰ ਨੇੜੇ ਸਨ।

ਦਾਸ ਦੇ ਪੁੱਜਣ ਤੋਂ ਤੀਜੇ ਦਿਨ ਐਤਵਾਰ ਆ ਗਿਆ। ਦੂਰ-ਨੇੜੇ ਤੋਂ ਸਾਰੇ ਸਿੱਖ, ਛੁੱਟੀ ਦੇ ਕਾਰਨ, ਗੁਰਦੁਆਰੇ ਸਾਹਿਬ ਪੁੱਜੇ ਅਤੇ ਦਸ ਵਜੇ ਦੀਵਾਨ ਭਰ ਗਿਆ। ਭਾਈ ਵਰਿਆਮ ਸਿੰਘ ਦੇ ਜਥੇ ਨੇ, ਦੋ ਘੰਟੇ ਬੜਾ ਸੋਹਣਾ ਹੱਲੇ ਦੇ ਕੀਰਤਨ ਦਾ ਰੰਗ ਸਾਧ-ਸੰਗਤ 'ਤੇ ਚਾੜ੍ਹਿਆ। ਸਾਰਾ ਹਾਲ ਅਤੇ ਦੂਰ-ਨੇੜੇ ਦੇ ਮਕਾਨ ਸ਼ਬਦ ਦੀ ਧੁਨੀ ਨਾਲ ਗੂੰਜ ਉੱਠੇ ਅਤੇ ਮਹਾਂ-ਅਕਾਸ਼ ਵਿੱਚ ਇਹ ਕੀਰਤਨ ਦੀ ਲਹਿਰ ਪਵਨ ਦੇ ਖੰਭਾਂ 'ਤੇ ਹੁਲਾਰੇ ਲੈ ਕੇ ਨਿਜ ਅਸਥਾਨ 'ਤੇ ਜਾ ਟਿਕੀ। ਕੀਰਤਨ ਦੇ ਮਗਰੋਂ ਦਾਸ ਨੂੰ ਕੁਝ ਬੇਨਤੀ ਕਰਨ ਦਾ ਹੁਕਮ ਹੋਇਆ। ਸ਼ਬਦ ਦੇ ਆਸਰੇ ਦਾਸ ਨੇ ਆਪਣੀ ਬੇਨਤੀ ਸਾਧ-ਸੰਗਤ ਦੇ ਚਰਨਾਂ ਵਿੱਚ ਭੇਟਾ ਕੀਤੀ। ਭਾਈ ਬਲਵੰਤ ਸਿੰਘ ਗ੍ਰੰਥੀ ਨੇ ਅਰਦਾਸ ਕੀਤੀ, ਕੜਾਹ ਪ੍ਰਸ਼ਾਦ ਵਰਤਾਇਆ ਅਤੇ ਗੁਰਮੁੱਖ ਸੱਜਣਾਂ ਨਾਲ ਦਾਸ ਨੂੰ ਜਾਣੂ ਕਰਾਇਆ।

ਏਨ੍ਹਾਂ ਵਿੱਚੋਂ ਭਾਈ ਸੁੰਦਰ ਸਿੰਘ (ਵਰਿਆਮ ਸਿੰਘ) ਅਤੇ ਭਾਈ ਭਾਗ ਸਿੰਘ ਜੀ ਨੇ ਹੀ, ਵੈਨਕੂਵਰ ਦੇ ਗੁਰਦੁਆਰੇ ਬਣਾਉਣ ਲਈ ਕਮਰਕਸਾ ਕੀਤਾ ਸੀ। ਭਾਈ ਵਰਿਆਮ ਸਿੰਘ ਜੀ ਸ਼ੰਘਾਈ ਵਿੱਚ ਆਪਣੀ ਕਿਰਤ ਕਰ ਕੇ, ਵੰਡ ਛਕਦੇ। ਏਹ ਬੜੇ ਨਾਮ ਰਸੀਏ ਸਨ। ਸਤਿਗੁਰੂ ਸੱਚੇ ਪਾਤਸ਼ਾਹ ਨੇ ਇਨ੍ਹਾਂ ਨੂੰ ਵੈਨਕੂਵਰ ਆਉਣ ਦੀ ਪ੍ਰੇਰਨਾ ਕੀਤੀ। ਕੁੱਝ ਸਾਥੀਆਂ ਨੂੰ ਨਾਲ ਲੈ ਕੇ ਤੁਰ ਪਏ। ਕਹਿੰਦੇ ਆਉਣ ਕਿ ਰਸਤੇ ਵਿੱਚ ਸਾਨੂੰ ਇੱਕ ਆਪਣਾ ਪਿੱਛਲੇ ਜਨਮ ਦਾ ਪੁਰਾਣਾ ਸਾਥੀ ਮਿਲਣਾ ਹੈ। ਉਸ ਦੀ ਸਹਾਇਤਾ ਨਾਲ ਸੱਚੇ ਪਾਤਸ਼ਾਹ ਦਾ ਝੰਡਾ ਵੈਨਕੂਵਰ ਵਿੱਚ ਝੁਲਾਉਣਾ ਹੈ। ਜਦ ਜਹਾਜ਼ ਜਪਾਨ ਦੀ ਬੰਦਰਗਾਹ ਕੋਬੇ 'ਤੇ ਲੱਗਾ ਤਾਂ ਇਹ ਵੀ ਸ਼ਹਿਰ ਵਿੱਚ ਗਏ। ਇੱਕ ਬੜਾ ਭਾਰੀ ਜਵਾਨ ਸਿੱਖ, ਤਕੜੀ ਡੀਲ-ਡੌਲ ਅਤੇ ਕਰੀਬਨ ਛੇ ਫੁੱਟ ਲੰਬਾ, ਸਾਹਮਣੇ ਦੁਕਾਨ 'ਤੇ ਸ਼ਰਾਬ ਵਿੱਚ ਮਸਤ ਨਜ਼ਰ ਆਇਆ। ਸੋਹਣਾ ਖਿੜਿਆ ਹੋਇਆ ਮੁਖੜਾ ਅਤੇ ਬੜਾ ਉੱਚਾ ਤੇ ਚੌੜਾ ਭਾਗਾਂ ਵਾਲਾ ਮਸਤਕ। ਏਸ ਨੂੰ ਦੂਰੋਂ ਹੀ ਦੇਖ ਕੇ, ਆਪਣੇ ਸਾਥੀਆਂ ਨੂੰ

ਭਾਈ ਵਰਿਆਮ ਸਿੰਘ ਨੇ ਆਖਿਆ, "ਉਹ ਸਾਡਾ ਸਾਥੀ ਖੜ੍ਹਾ ਹੈ।" ਨੇੜੇ ਜਾ ਕੇ ਬਾਂਹੋਂ ਫੜ੍ਹ ਲਿਆ ਤੇ ਆਖਿਆ, "ਯਾਰ ਤੂੰ ਕਿੱਥੇ ਫਿਰਦਾ ਹੈਂ? ਅਸਾਂ ਤਾਂ ਰਲ ਕੇ ਸਤਿਗੁਰੂ ਦੀ ਸੇਵਾ ਕਰਨੀ ਹੈ।" ਬਾਂਹ ਫੜ੍ਹਨੀ ਕੀ ਸੀ, ਜਾਦੂ ਸੀ। ਇਹ ਪ੍ਰੇਮੀ ਲੇਲੇ ਵਾਂਗੂੰ ਮਗਰ ਟੁਰ ਪਿਆ। ਸ਼ਰਾਬ-ਸ਼ਰੂਬ ਕਿਧਰੇ ਗਈ ਅਤੇ ਆਪਣੇ ਸਾਥੀਆਂ ਸਮੇਤ ਭਾਈ ਵਰਿਆਮ ਸਿੰਘ ਨਾਲ ਜਹਾਜ਼ ਵਿੱਚ ਚੜ੍ਹ ਗਿਆ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਛੋਟੀ ਬੀੜ, ਭਾਈ ਵਰਿਆਮ ਸਿੰਘ ਜੀ ਦੇ ਨਾਲ ਹੀ ਸੀ। ਥੋੜ੍ਹੇ ਦਿਨਾਂ ਮਗਰੋਂ ਅੰਮ੍ਰਿਤ ਦਾ ਬਾਟਾ ਤਿਆਰ ਕਰ ਕੇ ਭਾਈ ਭਾਗ ਸਿੰਘ ਜੀ ਅਤੇ ਹੋਰ ਪ੍ਰੇਮੀਆਂ ਨੂੰ ਸਤਿਗੁਰੂ ਦੇ ਜਹਾਜ਼ 'ਤੇ ਚਾੜ੍ਹਿਆ। ਹੁਣ ਤਾਂ ਭਾਈ ਭਾਗ ਸਿੰਘ ਵਿੱਚ ਬੀਰਤਾ, ਧੀਰਤਾ ਤੇ ਗੰਭੀਰਤਾ ਦੇ ਸਾਰੇ ਗੁਣ ਜਾਗ ਪਏ ਅਤੇ ਇਹ ਭਾਈ ਵਰਿਆਮ ਸਿੰਘ ਜੀ ਦੀ ਸੱਜੀ ਬਾਂਹ ਬਣ ਗਏ। ਵੈਨਕੂਵਰ ਤੋਂ ਅੱਠ ਨੌਂ ਮੀਲ ਦੂਰ, ਮਿੱਲ ਸਾਈਡ ਲੱਕੜੀ ਦੇ ਕਾਰਖਾਨੇ ਵਿੱਚ ਇਹ ਦੋਵੇਂ ਆਪਣੇ ਸਾਥੀਆਂ ਸਣੇ ਕੰਮ ਲੱਗ ਪਏ ਅਤੇ ਆਪਣਾ ਖ਼ਾਲਸਈ ਲੰਗਰ ਚਲਾ ਲਿਆ। ਹਰ ਰੋਜ਼ ਸ਼ਾਮ ਨੂੰ ਸ਼ਬਦ-ਕੀਰਤਨ ਦੀ ਧੁਨ, ਢੋਲਕੀ-ਛੈਣਿਆਂ ਨਾਲ ਏਨ੍ਹਾਂ ਦੇ ਕੁਆਟਰਾਂ ਵਿੱਚ ਗੂੰਜ ਉੱਠਦੀ। ਐਤਵਾਰ ਵਾਲੇ ਦਿਨ ਮੀਂਹ ਪਵੇ ਭਾਵੇ ਬਰਫ, ਭਾਈ ਵਰਿਆਮ ਸਿੰਘ ਜੀ ਆਪਣੇ ਗਲ ਵਿੱਚ ਢੋਲਕੀ ਪਾ, ਜਥੇ ਸਮੇਤ, ਵੈਨਕੂਵਰ ਦੇ ਬਜ਼ਾਰਾਂ ਵਿੱਚੋਂ ਸ਼ਬਦ-ਕੀਰਤਨ ਕਰਦੇ ਆਪਣੇ ਆਪ ਵਿੱਚ ਮਸਤ ਹੋਏ ਲੰਘਦੇ। ਬਹੁਤ ਗੋਰੇ-ਗੋਰੀਆਂ ਏਨ੍ਹਾਂ ਦੇ ਦਰਸ਼ਨ ਕਰਨ ਵਾਸਤੇ ਇੱਕਠੇ ਹੋ ਜਾਂਦੇ।

ਏਸ ਗੁਰਮੁਖਾਂ ਵਾਲੀ ਚਾਲ ਨੇ ਵੈਨਕੂਵਰ ਅਤੇ ਹੋਰ British Columbia ਦੀ ਸੰਗਤ ਨੂੰ ਭਾਈ ਵਰਿਆਮ ਸਿੰਘ ਜੀ ਦਾ ਸ਼ਰਧਾਲੂ ਬਣਾ ਦਿੱਤਾ, ਏਨ੍ਹਾਂ ਦੇ ਪ੍ਰਚਾਰ ਤੇ ਭਾਈ ਭਾਗ ਸਿੰਘ ਜੀ ਦੇ ਉੱਦਮ ਨਾਲ ਸਤਿਗੁਰੂ ਸੱਚੇ ਪਾਤਸ਼ਾਹ ਦਾ ਝੰਡਾ ਵੈਨਕੂਵਰ ਵਿੱਚ ਝੁੱਲ ਗਿਆ। ਸੱਚ ਹੈ ਕਿ ਇੱਕ ਸਿੱਖ ਦੀ ਸੁਗੰਧੀ ਵੀ ਅਨੇਕਾਂ ਦਾ ਭਲਾ ਕਰਦੀ ਹੈ ਅਤੇ ਬੜੇ-ਬੜੇ ਬਿਖੜੇ ਅਸਥਾਨਾਂ ਵਿੱਚ ਸਿੱਖੀ ਦੇ ਮੋਰਚੇ ਕਾਇਮ ਕਰ ਦਿੰਦੀ ਹੈ। ਹੁਣ ਤਾਂ ਵੈਨਕੂਵਰ ਪ੍ਰਚਾਰ ਦਾ ਕੇਂਦਰ ਬਣ ਗਿਆ ਅਤੇ ਬਹੁਤ ਸਾਰੇ ਸਿੱਖ ਅੰਮ੍ਰਿਤ ਛਕ ਕੇ ਸਤਿਗੁਰੂ ਸੱਚੇ ਪਾਤਸ਼ਾਹ ਦੀ ਰਹਿਤ 'ਤੇ ਟੁਰਨ ਲੱਗ ਪਏ।

**ਰਹਿਣੀ ਰਹੈ ਸੋਈ ਸਿਖ ਮੇਰਾ, ਓਹੁ ਸਹਿਬ ਮੈਂ ਉਸ ਕਾ ਚੇਰਾ। (ਪਾ: ੧●)**

ਵੈਨਕੂਵਰ ਦੇ ਪਹਿਲੇ ਦੀਵਾਨ ਦੇ ਮਗਰੋਂ ਦਾਸ ਵੈਨਕੂਵਰ ਦੇ ਸਿੱਖਾਂ ਦੇ ਘਰਾਂ ਵਿੱਚ ਗਿਆ। ਕਈ ਤੇ ਦੋ-ਦੋ ਚਾਰ-ਚਾਰ ਮਿਲ ਕੇ ਰੋਟੀ ਪਕਾਉਂਦੇ ਪਰ ਕਈ ਜਗ੍ਹਾ ਖ਼ਾਲਸਾ ਜੀ ਨੇ ਲੰਗਰ ਦੀ ਮਰਯਾਦਾ ਤੋਰੀ ਹੋਈ ਸੀ। ਗੁਰਦੁਆਰੇ ਸਾਹਿਬ ਦੇ ਨੇੜੇ ਭਾਈ ਬਦਨ ਸਿੰਘ ਮਹੀਵਾਲ ਦੇ ਜਥੇ ਦਾ ਲੰਗਰ ਸੀ, ਸਾਰੇ ਫਿਰਦੇ-ਫਿਰਦੇ ਏਥੇ ਆ ਬੈਠੇ। ਖ਼ਾਲਸਾ ਜੀ ਦਾ ਇਹ ਲੰਗਰ ਦੇਖ ਕੇ ਭੁਝੰਗੀ ਹਰੀ ਸਿੰਘ ਬੜਾ ਹੀ ਪ੍ਰਸੰਨ ਹੋਇਆ। ਕਹਿਣ ਲੱਗਾ, "ਭਾਪਾ ਜੀ ਮੈਂ ਸਿੱਖਾਂ ਦੀ ਦਾਲ ਰੋਟੀ ਖਾਣੀ ਹੈ।" ਬਾਲਕ ਦਾ ਇਹ ਬਚਨ ਸੁਣ ਕੇ ਸਾਰੇ ਸਿੱਖਾਂ ਦੇ ਚਿੱਤ ਖਿੜ ਗਏ ਅਤੇ ਬੜੇ ਪ੍ਰੇਮ ਨਾਲ ਉਸ ਨੂੰ ਪ੍ਰਸ਼ਾਦ ਛਕਾਇਆ। ਫੇਰ ਤਾਂ ਇਨ੍ਹਾਂ ਦੀ ਆਪਸ ਵਿੱਚ ਪੱਕੀ ਯਾਰੀ ਪੈ ਗਈ, ਮਾਨੋ ਕਿ ਕਈ ਜਨਮਾਂ ਦੇ ਵਿੱਛੜੇ ਮਿਲ ਗਏ ਹਨ। ਹਰ ਰੋਜ਼ ਗੁਰਦੁਆਰੇ ਸਾਹਿਬ ਤੋਂ ਸਿੰਘ, ਭੁਝੰਗੀ ਨੂੰ ਮੋਢੇ 'ਤੇ ਚਾੜ੍ਹ ਕੇ ਲੈ ਜਾਂਦੇ ਤੇ ਪ੍ਰਸ਼ਾਦ ਛਕਾਂਦੇ।

ਦਸ ਕੁ ਦਿਨਾਂ ਮਗਰੋਂ, ਪੋਰਟ ਮੂਡੀ ਅਤੇ ਮਿੱਲ ਸਾਈਡ ਦੇ ਕਾਰਖਾਨਿਆਂ ਵਿੱਚ ਖ਼ਾਲਸੇ ਦੇ ਦਰਸ਼ਨਾਂ ਲਈ ਗਿਆ। ਉਂਝ ਤਾਂ ਪੋਰਟ ਮੂਡੀ ਦੇ ਸਿੱਖ ਪ੍ਰੇਮੀ ਸਨ ਪਰ ਮਿੱਲ ਸਾਈਡ ਦੇ ਖ਼ਾਸ ਟਕਸਾਲੀ ਸੱਜਣ ਸਨ। ਅੰਮ੍ਰਿਤ ਵੇਲੇ (ਤਿੰਨ ਵਜੇ) ਉੱਠਦੇ ਅਤੇ ਇਸ਼ਨਾਨ ਕਰ ਨਾਮ-ਬਾਣੀ ਵਿੱਚ ਜੁੜ ਜਾਂਦੇ। ਫੇਰ

ਦਿਨ ਚੜ੍ਹੇ ਜਲ ਪਾਣੀ ਛੱਕ ਆਪਣੀ ਆਪਣੀ ਕਿਰਤ ਕਮਾਈ ਵਿੱਚ ਲੱਗ ਜਾਂਦੇ। ਭੁਝੰਗੀ ਹਰੀ ਸਿੰਘ ਵੀ ਸਾਧ ਸੰਗਤ ਦੇ ਦਰਸ਼ਨ ਕਰਨ ਲਈ ਨਾਲ ਗਿਆ। ਦੂਰੋਂ ਹੀ ਕੋਈ ਪੱਗ ਵਾਲਾ ਸੱਜਣ ਨਜ਼ਰ ਆਉਂਦਾ ਤਾਂ ਬੜਾ ਖੁਸ਼ ਹੁੰਦਾ, ਭਾਪਾ ਜੀ, "ਉਹ ਸਿੱਖ ਜਾਂਦਾ ਹੈ।" ਜਦੋਂ ਸੰਗਤ ਵਿੱਚ ਪਹੁੰਚਦਾ ਤਾਂ ਬੜਾ ਹੀ ਖਿੜ ਜਾਂਦਾ, ਮਾਨੋ ਕਿ ਕੋਈ ਦੁਰਲਭ ਚੀਜ਼ ਮਿਲ ਗਈ ਹੈ।

ਏਸ ਦਰਸ਼ਨ ਮੇਲੇ ਤੋਂ ਮਗਰੋਂ ਹਫਤਾ ਕੁ ਹੋਰ ਠਹਿਰ ਕੇ, ਦਾਸ ਵੈਨਕੂਵਰ ਤੋਂ ਟੁਰ ਪਿਆ, ਸੀਏਟਲ, ਪੋਰਟਲੈਂਡ, ਸਾਨ ਫ੍ਰਾਂਸਿਸਕੋ ਦੀਆਂ ਸੰਗਤਾਂ ਦਾ ਦਰਸ਼ਨ ਕਰ ਕੇ ਸ਼ੀਕਾਗੋ (Chicago) ਦੇ ਰਸਤੇ ਨਿਊਯਾਰਕ ਪੁੱਜਾ।

ਥੋੜ੍ਹੇ ਦਿਨਾਂ ਮਗਰੋਂ ਛੁੱਟੀਆਂ ਮੁੱਕ ਗਈਆਂ, ਦਾਸ ਆਪਣੀ ਘਰ ਵਾਲੀ ਸਮੇਤ ਟੀਚਰਜ਼ ਕਾਲਜ ਵਿੱਚ ਵਿੱਦਿਆ ਪੜ੍ਹਨ ਲਗ ਪਿਆ। ਗੋਰੇ ਪ੍ਰੇਮੀਆਂ ਦਾ ਜੱਥਾ ਅੱਗੇ ਹੀ ਉਡੀਕ ਵਿੱਚ ਸੀ ਕਿ ਕਦੋਂ ਦਾਸ ਆਵੇ ਤੇ ਉਨ੍ਹਾਂ ਦਾ ਸਤਿਸੰਗ ਸ਼ੁਰੂ ਹੋਵੇ। ਆਉਣ ਦੀ ਖਬਰ ਸੁਣਦਿਆਂ ਹੀ ਸਕੱਤ੍ਰ ਅਤੇ ਪ੍ਰਧਾਨ ਆ ਹਾਜ਼ਰ ਹੋਏ ਤੇ ਦਾਸ ਨੂੰ ਸਤਿਸੰਗ ਵਿੱਚ ਲੈ ਗਏ। ਫੇਰ ਤਾਂ ਅੱਗੇ ਵਾਂਙੂ ਹਰ ਐਤਵਾਰ ਸ਼ਬਦ ਦੀ ਵੀਚਾਰ ਦਾ ਚੱਕਰ ਚਲ ਪਿਆ। ਏਨ੍ਹਾਂ ਵਿੱਚੋਂ ਇੱਕ ਸੱਜਣ ਟੀ ਸੀ ਕਰਾਫੋਰਡ, ਤਕੜਾ ਹੋ ਕੇ ਅਭਿਆਸ ਵਿੱਚ ਜੁਟ ਪਿਆ। ਜਿਹੜਾ ਵਕਤ ਵਿਹਾਰ 'ਚੋ ਬਚੇ, ਸਾਰਾ ਟਿਕ ਕੇ ਅਭਿਆਸ ਵਿੱਚ ਲਾਵੇ। ਚਿੱਤ ਖਿੜ ਗਿਆ ਅਤੇ ਬਿਰਤੀ ਸ਼ਬਦ ਵਿੱਚ ਲੱਗ ਗਈ। ਦਾਸ ਨੇ ਪ੍ਰੇਮ ਨਾਲ ਏਸ ਦਾ ਨਾਮ ਹਿੰਮਤ ਦਾਸ ਰਖ ਦਿੱਤਾ। ਹੁਣ ਤਾਂ ਇਸ ਨੇ ਰੋਜ਼ ਦਰਸ਼ਨ ਮੇਲੇ ਵਾਸਤੇ ਆਉਣਾ ਆਰੰਭ ਕਰ ਦਿੱਤਾ; ਮਿਲੇ ਬਗੈਰ ਇਸ ਨੂੰ ਚੈਨ ਨਾ ਆਵੇ।

ਇੱਕ ਦਿਨ ਸਵੇਰੇ ਹੀ ਜਦ ਦਾਸ ਆਪਣਾ ਨਿੱਤਨੇਮ ਕਰ ਰਿਹਾ ਸੀ, ਇੱਕ ਸੱਜਣ ਨੇ ਬੂਹਾ ਆ ਖੜਕਾਇਆ। ਉਠ ਕੇ ਦੇਖਿਆ ਤਾਂ ਹਿੰਮਤ ਦਾਸ ਬੜਾ ਮੁਰਝਾਇਆ ਹੋਇਆ ਤੇ ਉਦਾਸ ਖੜ੍ਹਾ ਹੈ। ਅੰਦਰ ਸੱਦ ਕੇ ਪੁੱਛਿਆ, "ਭਾਈ ਹਿੰਮਤ ਦਾਸ ਕੀ ਗੱਲ ਹੈ।" ਏਸ ਨੇ ਹੌਲੀ ਹੌਲੀ ਆਪਣੀ ਵਿੱਥਿਆ ਆਖ ਸੁਣਾਈ ਕਿ ਮੈਂ ਸਾਰੀ ਉਮਰ ਦੀ ਪੋਰ੍ਹਿਆਂ ਨਾਲ ਜੈਕਸਨ ਵਿਲ ਵਿੱਚ, ਇੱਕ ਸੋਨੇ ਦੀ ਕਾਨ ਦਾ ਹੱਕ ਹਾਸਲ ਕੀਤਾ ਹੈ। ਮਿਤਰ ਜਾਣ ਕੇ ਇੱਕ ਪ੍ਰੇਮੀ ਨੂੰ ਹਿਸੇਦਾਰ ਬਣਾਇਆ ਸੀ। ਉਹ ਮੇਰੀ ਮਾਲੀ ਔਂਕੜ ਦੇਖ ਕੇ, ਮੈਨੂੰ ਕਾਨ ਵਿੱਚੋਂ ਉੱਕਾ ਕੱਢ ਦੇਣਾ ਚਾਹੁੰਦਾ ਹੈ। ਸਾਰੀ ਰਾਤ ਮੈਂ ਇਸ ਫ਼ਿਕਰ ਵਿੱਚ ਗੁਰੂ ਗੁਰੂ ਕਰਦਾ ਰਿਹਾ ਹਾਂ ਅਤੇ ਗੁਰੂ ਨਾਨਕ ਸਾਹਿਬ ਅੱਗੇ ਅਰਜ਼ੋਈਆਂ ਕਰਦਾ ਰਿਹਾ ਹਾਂ। ਅੰਮ੍ਰਿਤ ਵੇਲੇ ਮੈਨੂੰ ਜਦੋ ਮੇਰੀ ਉਦਾਸੀ ਦੀ ਹਦ ਹੋ ਚੁੱਕੀ ਸੀ, ਇਹ ਆਵਾਜ਼ ਆਈ, "ਤੂੰ ਤੇਜਾ ਸਿੰਘ ਪਾਸ ਜਾਹ ਉਹ ਤੇਰੀ ਮਦਦ ਕਰੇਗਾ।" ਕਾਨ ਬਚਾਉਣ ਲਈ ਮੈਨੂੰ ੫੦,੦੦੦ ਡਾਲਰ ਦੀ ਲੋੜ ਹੈ। ਮੈਂ ਕਾਨ ਦਾ ਚੌਥਾ ਹਿਸਾ, ਢਾਈ ਲਖ ਡਾਲਰ ਦੇ ਹਿੱਸੇ ਗੁਰੂ ਘਰ ਨੂੰ ਦੇਣ ਨੂੰ ਤਿਆਰ ਹਾਂ। ਕਿਸੇ ਤਰ੍ਹਾਂ ਮੇਰੀ ਕਾਨ ਬਚਾਓ। ਹੱਸ ਕੇ ਦਾਸ ਨੇ ਕਿਹਾ, "ਹਿੰਮਤ ਦਾਸ ਮੇਰੇ ਪਾਸ ਤਾਂ ਏਸ ਵੇਲੇ ਕੇਵਲ ਪੰਜ ਸੈਂਟ ਹਨ, ਮੈਂ ਤੇਰੀ ਕੀ ਮਦਦ ਕਰ ਸਕਦਾ ਹਾਂ।"

ਉਸ ਨੇ ਗੱਲ ਪੁੱਛੀ ਨਾ ਬਾਤ, ਨਿਮਾਣਾ ਹੋ ਕੇ ਟੋਪੀ ਲਾਹ ਕੇ ਦਾਸ ਦੇ ਪੈਰਾਂ ਤੇ ਰੱਖ ਦਿੱਤੀ। ਜਿਉਂ ਜਾਣੋ, ਰੱਖ ਲਉ, ਨਹੀਂ ਤੇ ਮੈਂ ਉੱਜੜ ਜਾਵਾਂਗਾ। ਗੁਰੂ ਘਰ ਦਾ ਬਿਰਦ ਜਾਣ ਕੇ "**ਜੋ ਸਰਣਿ ਆਵੈ, ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ॥**" (੫੪੪) ਦਾਸ ਨੇ ਕਿਹਾ "ਭਾਈ ਕਰਾਫੋਰਡ ਹੁਣ ਤਾਂ ਕੋਈ ਵਾਹ ਨਹੀਂ ਰਹੀ-ਹਛਾ ਜਾ ਕਿਰਾਇਆ ਲੈ ਆ। ਦਾਸ ਭਰਾਵਾਂ ਪਾਸ ਜਾਂਦਾ ਹੈ, ਜੋ ਹੀਲਾ

ਸਤਿਗੁਰੂ ਕਰਾਏਗਾ ਦਾਸ ਕਰੇਗਾ।" ਉਸਦਾ ਬੁਝਿਆ ਹੋਇਆ ਹਿਰਦਾ ਕੁਝ ਕੁ ਆਸ ਨਾਲ ਖਿੜ ਗਿਆ, ਵਾਹੋ ਦਾਹੀ ਆਪਣੇ ਡੇਰੇ ਤੇ ਗਿਆ ਅਤੇ ੨੫ ਪੌਂਡ ਦੇ ਨੋਟ ਤੇ ਢਾਈ ਲੱਖ ਦੇ ਕਾਨ ਦੇ ਹਿਸੇ ਲੈ ਆਇਆ। ਇਹ ਇਕਰਾਰਨਾਮਾ ਲਿਖ ਕੇ ਦੇ ਗਿਆ ਕਿ ਜੇ ਮੈਨੂੰ ੫●,●●● ਡਾਲਰ ਮਿਲ ਜਾਣ, ਤਾਂ ਮੈਂ ਚੌਥਾ ਹਿਸਾ ਕਾਨ ਦਾ ਖ਼ਾਲਸੇ ਦੀ ਭੇਟਾ ਕਰਾਂਗਾ। ਦੂਜੇ ਦਿਨ ਹੀ ਪੜ੍ਹਾਈ ਛੱਡ, ਬਾਲ ਬੱਚੇ ਨੂੰ ਨਿਊਯਾਰਕ ਟਿਕਾ, ਦਾਸ ਵੈਨਕੂਵਰ ਵਲ ਤੁਰ ਪਿਆ। ਉਸ ਵੇਲੇ ਕੀ ਪਤਾ ਸੀ ਕਿ ਸਤਿਗੁਰ ਨੇ ਕਰਾਫੋਰਡ ਦੇ ਬਹਾਨੇ ੧●,●●● ਹਿੰਦੂ, ਸਿੱਖ ਤੇ ਮੁਸਲਿਮ ਭਰਾਵਾਂ ਨੂੰ ਜਲਾਵਤਨੀ ਤੋਂ ਬਚਾਣਾ ਹੈ ਅਤੇ ਬ੍ਰਿਟਿਸ਼ ਕੋਲੰਬੀਆ, ਵਾਸ਼ਿੰਗਟਨ, ਔਰੰਗਨ, ਕੈਲੀਫੋਰਨੀਆ ਵਿੱਚ ਸਿੱਖੀ ਪ੍ਰਚਾਰ ਦਾ ਮੁੱਢ ਪੱਕੇ ਪੈਰਾਂ ਤੇ ਬੰਨ੍ਹ ਦੇਣਾ ਹੈ।

# ਕਾਂਡ ੧੦

ਸੂਹੀ ਮਹਲਾ ੪ ॥

ਕੀਤਾ ਕਰਣਾ ਸਰਬ ਰਜਾਈ ਕਿਛੁ ਕੀਚੈ ਜੇ ਕਰਿ ਸਕੀਐ ॥
ਆਪਣਾ ਕੀਤਾ ਕਿਛੂ ਨ ਹੋਵੈ ਜਿਉ ਹਰਿ ਭਾਵੈ ਤਿਉ ਰਖੀਐ ॥੧॥
ਮੇਰੇ ਹਰਿ ਜੀਉ ਸਭੁ ਕੋ ਤੇਰੈ ਵਸਿ ॥
ਅਸਾ ਜੋਰੁ ਨਾਹੀ ਜੇ ਕਿਛੁ ਕਰਿ ਹਮ ਸਾਕਹ ਜਿਉ ਭਾਵੈ ਤਿਵੈ ਬਖਸਿ ॥੧॥ਰਹਾਉ॥
ਸਭੁ ਜੀਉ ਪਿੰਡੁ ਦੀਆ ਤੁਧੁ ਆਪੇ ਤੁਧੁ ਆਪੇ ਕਾਰੈ ਲਾਇਆ ॥
ਜੇਹਾ ਤੂੰ ਹੁਕਮੁ ਕਰਹਿ ਤੇਹੇ ਕੋ ਕਰਮ ਕਮਾਵੈ ਜੇਹਾ ਤੁਧੁ ਧੁਰਿ ਲਿਖਿ ਪਾਇਆ ॥੨॥
ਪੰਚ ਤਤੁ ਕਰਿ ਤੁਧੁ ਸ੍ਰਿਸਟਿ ਸਭ ਸਾਜੀ ਕੋਈ ਛੇਵਾ ਕਰਿਉ ਜੇ ਕਿਛੁ ਕੀਤਾ ਹੋਵੈ ॥
ਇਕਨਾ ਸਤਿਗੁਰੁ ਮੇਲਿ ਤੂੰ ਬੁਝਾਵਹਿ ਇਕਿ ਮਨਮੁਖਿ ਕਰਹਿ ਸਿ ਰੋਵੈ ॥੩॥
ਹਰਿ ਕੀ ਵਡਿਆਈ ਹਉ ਆਖਿ ਨ ਸਾਕਾ ਹਉ ਮੂਰਖੁ ਮੁਗਧੁ ਨੀਚਾਣੁ ॥
ਜਨ ਨਾਨਕ ਕਉ ਹਰਿ ਬਖਸਿ ਲੈ ਮੇਰੇ ਸੁਆਮੀ ਸਰਣਾਗਤਿ ਪਇਆ ਅਜਾਣੁ ॥੪॥੪॥੧੫॥੨੪॥ (੭੩੬)

## ਕੈਨੇਡਾ ਵਿੱਚ ਹਿੰਦੁਸਤਾਨੀ ਵੀਰਾਂ ਨੂੰ ਰਹਿਣ ਦੇ ਹੱਕ ਦੁਆਉਣੇ

ਜਦੋਂ ਕਦੇ ਭਾਈ ਮਰਦਾਨਾ ਘਾਬਰ ਕੇ ਸੱਚੇ ਪਾਤਸ਼ਾਹ ਗੁਰੂ ਨਾਨਕ ਦੇਵ ਜੀ ਨੂੰ ਪੁੱਛਦਾ ਕਿ ਹਜ਼ੂਰ ਕਿਧਰ ਪਧਾਰ ਰਹੇ ਹੋ ਤੇ ਕੀ ਹੋਣਾ ਹੈ, ਤਾਂ ਮਹਾਰਾਜ ਜੀ ਫੁਰਮਾਉਂਦੇ, “ਵੇਖ ਮਰਦਾਨਿਆਂ ਰੰਗ ਕਰਤਾਰ ਦੇ।”

ਜਦ ਬੰਦਾ ਸਿੱਖੀ ਮੰਡਲ ਵਿੱਚ ਤੁਰ ਪਵੇ ਤਦ ਕਦਮ ਕਦਮ ਤੇ ਜ਼ਨਜ਼ਰ ਆਉਂਦਾ ਹੈ ਕਿ ਕਰਤਾਰ ਦੇ ਹੁਕਮ ਅਗੇ ਦਲੀਲ ਦੀ ਕੋਈ ਜਾਅ ਨਹੀਂ। ਹਾਂ, ਦਲੀਲ ਜ਼ਰੂਰ ਹੁਕਮ ਦੀ ਤਾਮੀਲ ਵਿੱਚ ਵਰਤਣੀ ਸੇਵਕ ਦਾ ਧਰਮ ਹੈ। ਪਰ ਹੀਲ-ਹੁੱਜਤ ਛੱਡੇ ਬਿਨਾਂ ਸਤਿਗੁਰੂ ਦੀ ਸੇਵਾ ਦੀ ਤਾਰ ਟੁਟ ਜਾਂਦੀ ਹੈ। ਭਾਈ ਹਿੰਮਤ ਦਾਸ ਦਾ ਟੋਪੀ ਲਾਹ ਕੇ ਪੈਰਾਂ ਤੇ ਧਰਨਾ ਹੀ ਸੀ ਕਿ ਦਾਸ ਦੀ ਸਾਰੀ ਦਲੀਲ ਖਤਮ ਹੋ ਗਈ। ਆਪਣੀ ਮਾਇਆ ਦੀ ਕਮਜ਼ੋਰੀ ਅਤੇ ਬ੍ਰਿਟਿਸ਼ ਕੋਲੰਬੀਆ ਵਿੱਚ ਆਪਣੇ ਕਿਰਤੀ ਭਰਾਵਾਂ ਦੀ ਜ਼ਾਹਰਾ ਕਮਜ਼ੋਰ ਹਾਲਤ ਭੁੱਲ ਗਈ। ਕਿਰਾਇਆ ਮਿਲਣ ਤੇ ਕਮਰਕਸਾ ਕਰ ਲਿਆ ਅਤੇ ਸੋਨੇ ਦੀ ਕਾਨ ਦੇ ਢਾਈ ਲਖ ਡਾਲਰ ਦੇ ਹਿਸੇ ਲੈ ਕੇ ਸਿੱਧਾ ਰੇਲਵੇ ਸਟੇਸ਼ਨ ਵਲ ਤੁਰ ਪਿਆ। ਏਥੋਂ ਕੈਨੇਡੀਅਨ ਪੈਸਿਫ਼ਿਕ ਦੇ ਰਸਤੇ ਵੈਨਕੂਵਰ ਦਾ ਟਿਕਟ ਲੈ ਲਿਆ।

ਸਫ਼ਰ ਕਰਦਿਆਂ ਅਜੇ ਦੋ ਦਿਨ ਹੀ ਬੀਤੇ ਸਨ ਅਤੇ ਗੱਡੀ ਵਿਨੀਪੈਗ ਸਟੇਸ਼ਨ ’ਤੇ ਪਹੁੰਚੀ ਹੀ ਸੀ ਕਿ ਇੱਕ ਕੈਨੇਡੀਅਨ ਮੁਸਾਫ਼ਰ ਜੋ ਕਿ ਬੜੀ ਦੇਰ ਤੋਂ ਅਖ਼ਬਾਰ ਪੜ੍ਹ ਰਿਹਾ ਸੀ, ਚੌਂਕ ਉੱਠਿਆ ਅਤੇ ਦਾਸ ਵੱਲ ਪੂਰੀ ਗਹੁ ਦੇ ਕੇ ਆਖਣ ਲਗਾ, “ਮਿਸਟਰ ਸਿੰਘ ! ਤੇਰੇ ਭਰਾਵਾਂ ਤੇ ਬ੍ਰਿਟਿਸ਼ ਕੋਲੰਬੀਆ ਵਿੱਚ ਬੜੀ ਆਫ਼ਤ ਆਉਣ ਵਾਲੀ ਹੈ। ਇਹ ਗੋਂਦ ਗੁੰਦੀ ਗਈ ਹੈ ਕਿ ਕਿਸੇ ਨਾ ਕਿਸੇ ਬਹਾਨੇ ਇਨ੍ਹਾਂ ਨੂੰ ਇਕੋ

ਵਾਰੀ ਜਹਾਜ਼ ਚਾੜ੍ਹ ਕੇ, ਬ੍ਰਿਟਿਸ਼ ਹਾਂਡੂਰਸ ਮਧ ਅਮਰੀਕਾ ਵਿੱਚ ਧੱਕ ਦਿੱਤਾ ਜਾਵੇ। ਮੈਂ ਇਸ ਮੁਲਕ ਵਿੱਚੋਂ ਹੋ ਆਇਆ ਹਾਂ, ਏਸ ਵਿੱਚ ਬੜੀ ਬੇਰੋਜ਼ਗਾਰੀ ਹੈ ਅਤੇ ਮਜ਼ੂਰੀ ਏਨੀ ਥੋੜ੍ਹੀ ਹੈ ਕਿ ਸਾਰੀ ਉਮਰ ਕੰਮ ਕਰ ਕੇ ਤੇਰੇ ਭਰਾਵਾਂ ਕੋਲ ਦੇਸ ਮੁੜਨ ਲਈ ਕਿਰਾਇਆ ਵੀ ਨਹੀਂ ਬੱਚ ਸਕਦਾ। ਏਸੇ ਦੇ ਨਾਲ ਹੀ ਭਿਆਨਕ ਯੈਲੋ ਫੀਵਰ, ਰਹਿੰਦਾ ਖੂੰਹਦਾ ਸਾਹ ਪੀਣ ਵਾਸਤੇ ਤਿਆਰ ਹੈ।"

ਇਹ ਗੱਲ ਸੁਣ ਕੇ ਸੁਤੇ-ਸਿਧ ਹੀ, ਦਾਸ ਨੇ ਸਤਿਗੁਰੂ ਅਗੇ ਅਰਦਾਸ ਕੀਤੀ ਕਿ ਸੱਚੇ ਪਾਤਸ਼ਾਹ ਦਾਸ ਦੇ ਵੈਨਕੂਵਰ ਪੁੱਜਣ ਤੀਕਰ ਭਰਾ ਕਿਸੇ ਕੁੜਿੱਕੀ ਵਿੱਚ ਨਾ ਫਸ ਜਾਣ। ਸਤਿਗੁਰੂ ਕਿਸ ਤਰ੍ਹਾਂ ਫਸਣ ਦਿੰਦੇ ਸੀ। ਉਸ ਨੂੰ ਤਾਂ ਆਪਣੇ ਬਿਰਦ ਅਤੇ ਆਪਣੇ ਝੁੱਲੇ ਹੋਏ ਨਿਸ਼ਾਨ ਸਾਹਿਬ ਦਾ ਅਗੇ ਹੀ ਫ਼ਿਕਰ ਸੀ। ਆਪੇ ਹੀ ਹਿੰਮਤ ਦਾਸ ਨੂੰ ਭੀੜਾ ਪਾ ਦਿੱਤੀ, ਆਪੇ ਹੀ ਸਹਾਈ ਹੋਇਆ ਅਤੇ ਆਪੇ ਹੀ ਦਾਸ ਨੂੰ ਹਿੰਮਤ ਦਾਸ ਦੇ ਬਹਾਨੇ ਆਪਣੇ ਬੱਚਿਆਂ ਦੀ ਸੇਵਾ ਵਾਸਤੇ ਠੇਲ੍ਹ ਦਿੱਤਾ। ਵਾਹੁ ਸਤਿਗੁਰੂ ਤੂੰ ਬੇਅੰਤ ਹੈਂ ਅਤੇ ਤੇਰੀ ਖੇਲ ਬੇਅੰਤ, "**ਤੇਰੀ ਕੁਦਰਤਿ ਤੂਹੈ ਜਾਣਹਿ ਅਉਰੁ ਨ ਦੂਜਾ ਜਾਣੈ ॥" (੧੧੮੫** )

ਵੈਨਕੂਵਰ ਪਹੁੰਚਦਿਆਂ ਹੀ, ਦਾਸ ਸਿੱਧਾ ਗੁਰਦੁਆਰੇ ਪੁੱਜਾ[ ਐਤਕੀਂ ਕਿਸੇ ਨੂੰ ਖ਼ਬਰ ਤਕ ਨਹੀਂ ਸੀ ਕੀਤੀ[ ਸਾਧ ਸੰਗਤ ਨਾਲੇ ਤੇ ਬੜੀ ਅਚੰਭਿਤ ਹੋਈ ਤੇ ਨਾਲੇ ਬੜੀ ਗਦ ਗਦ ! ਸ਼ੁਕਰ ਕੀਤਾ ਕਿ ਏਸ ਔਕੜ ਦੇ ਸਮੇਂ ਇੱਕ ਵੀਰ ਜਿਸ ਨੂੰ ਸਤਿਗੁਰੂ ਨੇ ਪੱਛਮੀ ਵਿਦਿਆ ਬਖਸ਼ੀ ਸੀ, ਵੇਲੇ ਸਿਰ ਆ ਗਿਆ ਹੈ[

ਪੰਜ ਕੁ ਮਿੰਟ ਤਾਂ ਏਸ ਅਸਚਰਜਤਾ ਵਿੱਚ ਚੁਪੀਤੇ ਲੰਘੇ, ਫੇਰ ਗੁਰਮੁੱਖ ਸੱਜਣ ਦਾਸ ਨੂੰ ਸੱਚੇ ਪਾਤਸ਼ਾਹ ਜੀ ਦੀ ਹਜ਼ੂਰੀ ਵਿੱਚ ਲੈ ਗਏ। ਮਹਾਰਾਜ ਨੇ ਇਹ ਹੁਕਮ ਕੀਤਾ:

**ਬੈਰਾੜੀ ਮਹਲਾ ੪ ॥**

**ਮਨ ਮਿਲਿ ਸੰਤ ਜਨਾ ਜਸੁ ਗਾਇਓ ॥**
**ਹਰਿ ਹਰਿ ਰਤਨੁ ਰਤਨੁ ਹਰਿ ਨੀਕੋ ਗੁਰਿ ਸਤਿਗੁਰਿ ਦਾਨੁ ਦਿਵਾਇਓ ॥੧॥ ਰਹਾਉ॥**
**ਤਿਸੁ ਜਨ ਕਉ ਮਨੁ ਤਨੁ ਸਭੁ ਦੇਵਉ ਜਿਨਿ ਹਰਿ ਹਰਿ ਨਾਮੁ ਸੁਨਾਇਓ ॥**
**ਧਨੁ ਮਾਇਆ ਸੰਪੈ ਤਿਸੁ ਦੇਵਉ ਜਿਨਿ ਹਰਿ ਮੀਤੁ ਮਿਲਾਇਓ ॥੧॥**
**ਖਿਨੁ ਕਿੰਚਿਤ ਕ੍ਰਿਪਾ ਕਰੀ ਜਗਦੀਸਰਿ ਤਬ ਹਰਿ ਹਰਿ ਹਰਿ ਜਸੁ ਧਿਆਇਓ ॥**
**ਜਨ ਨਾਨਕ ਕਉ ਹਰਿ ਭੇਟੇ ਸੁਆਮੀ ਦੁਖੁ ਹਉਮੈ ਰੋਗੁ ਗਵਾਇਓ ॥੨॥੨॥ (੭੨੦)**

ਏਸ ਸ਼ਬਦ ਦਾ ਭਾਵ, ਇਨ੍ਹਾਂ ਤਾਰ ਦੇ ਮੇਲੀ ਸਤਸੰਗੀਆਂ ਦੇ ਹਿਰਦੇ ਵਿੱਚ ਪ੍ਰਵੇਸ਼ ਕਰ ਗਿਆ। ਇਨ੍ਹਾਂ ਨੂੰ ਦ੍ਰਿੜ੍ਹ ਹੋ ਗਿਆ ਕਿ ਸਤਿਗੁਰੂ ਸੱਚੇ ਪਾਤਸ਼ਾਹ ਦੀ ਖ਼ਾਸ ਖੇਲ ਲਈ ਦਾਸ ਦਾ ਸਰੀਰ ਪੁੱਜਾ ਹੈ। ਫੇਰ ਪ੍ਰਸ਼ਾਦ ਛੱਕ ਕੇ ਕੁਝ ਚਿਰ ਆਰਾਮ ਕੀਤਾ। ਸ਼ਾਮ ਦੇ ਵੇਲੇ ਭਾਈ ਵਰਿਆਮ ਸਿੰਘ ਜੀ, ਭਾਈ ਭਾਗ ਸਿੰਘ ਜੀ, ਭਾਈ ਬਦਨ ਸਿੰਘ ਜੀ ਮਹੀਵਾਲ, ਭਾਈ ਬਦਨ ਸਿੰਘ ਜੀ ਕਾਹਰੀ ਅਤੇ ਹੋਰ ਗੁਰਮੁੱਖ ਸੱਜਣ ਭਾਈ ਬਲਵੰਤ ਸਿੰਘ ਗ੍ਰੰਥੀ ਦੇ ਬੁਲਾਏ ਹੋਏ ਗੁਰਦੁਆਰੇ ਸਾਹਿਬ ਆ ਗਏ।

ਸਾਰੇ ਇਕੱਠੇ ਬੈਠ ਗਏ ਅਤੇ ਉਸ ਸਮੇਂ ਦੀ ਹਾਲਤ ਤੇ ਪੂਰੀ ਵੀਚਾਰ ਕੀਤੀ। ਵੀਰਾਂ ਨੇ ਦੱਸਿਆ, "ਸਾਨੂੰ ਐਵੇਂ ਹੀ ਅਖਬਾਰਾਂ ਵਿੱਚ ਭੰਡ ਰਹੇ ਹਨ ਕਿ ਅਸੀਂ ਵੇਹਲੇ ਫਿਰਦੇ ਹਾਂ, ਸਾਡੇ ਪਾਸ ਨਿਰਬਾਹ ਦਾ ਕੋਈ ਵਸੀਲਾ ਨਹੀਂ ਅਤੇ ਬੜੇ ਗੰਦੇ ਹਾਂ। ਅਸਲੀ ਗੱਲ ਤਾਂ ਇਹ ਹੈ ਕਿ ਅਸੀਂ ਤਿੰਨ-ਚਾਰ

ਸਾਲਾਂ ਵਿੱਚ ਹੀ, ਏਥੇ ਆ ਕੇ ਪੰਦਰਾਂ ਵੀਹ ਹਜ਼ਾਰ ਡਾਲਰ (ਪੰਜਾਹ ਕੁ ਹਜ਼ਾਰ ਰੁਪਿਆ) ਖ਼ਰਚ ਕਰ ਕੇ ਗੁਰਦੁਆਰਾ ਸਾਹਿਬ ਬਣਵਾਇਆ ਹੈ। ਸਾਡੇ ਕਈ ਸਾਂਝੇ ਲੰਗਰ ਚਲਦੇ ਹਨ ਅਤੇ ਬਹੁਤ ਸਾਰੇ ਸਾਡੇ ਵਿੱਚੋਂ ਨਿੱਤਨੇਮ ਇਸ਼ਨਾਨ ਕਰ ਕੇ ਕੰਮ ਤੇ ਜਾਂਦੇ ਹਨ। ਸਾਡੇ ਵਿੱਚੋਂ ਕੋਈ ਸਰੀਰ ਵੇਹਲਾ ਨਹੀਂ ਹੈ, ਤਕਰੀਬਨ ਡੇਢ ਦੋ ਡਾਲਰ ਰੋਜ਼ ਅਸੀਂ ਸਾਰੇ ਹੀ ਕਮਾਉਂਦੇ ਹਾਂ।

ਪਹਿਲਾਂ ਇਹ ਪ੍ਰਾਪੇਗੰਡਾ ਕਰ ਕੇ, ਹੁਣ ਸਾਨੂੰ ਇੱਥੋਂ ਕੱਢਣ ਦੀ ਇਹ ਜੁਗਤ ਬਣਾਈ ਹੈ ਕਿ ਉਟਾਵਾ ਤੋਂ ਕੈਨੇਡੀਅਨ ਗੌਰਮਿੰਟ ਦਾ ਇੱਕ ਕਮਿਸ਼ਨਰ ਆਇਆ ਅਤੇ ਸੱਤ ਕੁ ਦਿਨ ਹੋਏ, ਉਹ ਸਾਡੇ ਦੋ ਵੀਰਾਂ ਭਾਈ ਸਤਨਾਗਰ ਸਿੰਘ ਜੀ ਸਿੱਖ ਅਤੇ ਭਾਈ ਸ਼ਾਮ ਸਿੰਘ ਜੀ ਡੋਗਰੇ ਨੂੰ ਨਾਲ ਲੈ ਕੇ ਬ੍ਰਿਟਿਸ਼ ਹਾਂਡੂਰਸ ਗਿਆ ਹੈ। ਗੱਲ ਅੱਗੇ ਹੀ ਮਿੱਥੀ ਹੋਈ ਹੈ ਕਿ ਕਿਸੇ ਨਾ ਕਿਸੇ ਜੁਗਤ ਨਾਲ ਇਨ੍ਹਾਂ ਭਰਾਵਾਂ ਕੋਲੋਂ ਰਿਪੋਰਟ ਤੇ ਦਸਖ਼ਤ ਕਰਵਾ ਲਵਾਂਗੇ ਕਿ ਬ੍ਰਿਟਿਸ਼ ਹਾਂਡੂਰਸ ਬੜਾ ਚੰਗਾ ਮੁਲਕ ਹੈ। ਫੇਰ ਕੀ ! ਇੱਕ ਦਿਨ ਸਾਨੂੰ ਭੇਡਾਂ ਵਾਂਙੂੰ ਵੱਲ ਕੇ ਜਹਾਜ਼ ਚਾੜ੍ਹ, ਬ੍ਰਿਟਿਸ਼ ਹਾਂਡੂਰਸ ਵਿੱਚ ਜਾ ਸੁਟਣਗੇ ਤੇ ਸਾਡੇ ਮਗਰੋਂ ਸਾਡਾ ਪ੍ਰਾਣਾਂ ਤੋਂ ਪਿਆਰਾ ਗੁਰਦੁਆਰਾ ਉਜਾੜ ਦੇਣਗੇ ਅਤੇ ਸਤਿਗੁਰੂ ਸੱਚੇ ਪਾਤਸ਼ਾਹ ਦਾ ਨਿਸ਼ਾਨ ਸਾਹਿਬ ਉਖਾੜ ਦੇਣਗੇ।"

ਇਹ ਸਾਰੀ ਵਿਥਿਆ ਸੁਣ ਕੇ ਦਾਸ ਨੇ ਸਾਰਿਆਂ ਦੀ ਢਾਰਸ ਬੰਧਾਈ ਅਤੇ ਆਖਿਆ, "ਘਬਰਾਓ ਨਹੀਂ, ਸਤਿਗੁਰੂ ਭਲੀ ਕਰਨਗੇ।" ਫੇਰ ਦਾਸ ਨੇ ਭਾਈ ਹਿੰਮਤ ਦਾਸ ਦੀ ਸਾਰੀ ਵਿੱਥਿਆ ਆਖ ਸੁਣਾਈ ਅਤੇ ਦੱਸਿਆ ਕਿ ਧੰਨ ਸਤਿਗੁਰੂ ਹਨ, ਜਿਨ੍ਹਾਂ ਨੇ ਏਸ ਜੁਗਤ ਨਾਲ ਐਨ ਮੌਕੇ ਸਿਰ ਦਾਸ ਨੂੰ ਸਾਧ ਸੰਗਤ ਦੀ ਸੇਵਾ ਲਈ ਹਾਜ਼ਰ ਕਰ ਦਿੱਤਾ ਹੈ। ਹੁਣ ਦੋਵੇਂ ਗੱਲਾਂ ਜੁੜ ਗਈਆਂ। ਦਾਸ ਨੂੰ ਉਸੇ ਵੇਲੇ ਫੁਰ ਗਈ ਕਿ ਇੱਕ ਮਾਈਨਿੰਗ ਐਂਡ ਟ੍ਰਸਟ ਕੰਪਨੀ ਰਜਿਸਟਰ ਕਰਾਈ ਜਾਵੇ, ਗੁਰੂ ਨਾਨਕ ਟਾਊਨ ਵਸਾਉਣ ਵਾਸਤੇ, ਭਰਾਵਾਂ ਲਈ ਜ਼ਮੀਨ ਖ਼ਰੀਦੀ ਜਾਵੇ ਅਤੇ ਜੈਕਸਨਵਿਲ ਕੈਲੀਫੋਰਨੀਆਂ ਦੀ ਕਾਨ ਦਾ ਚੌਥਾ ਹਿੱਸਾ ਪੱਕਾ ਕਰਨ ਲਈ ਭਾਈ ਹਿੰਮਤ ਦਾਸ ਨੂੰ ਇਕਰਾਰ ਨਾਮੇ ਅਨੁਸਾਰ ਸਹਾਇਤਾ ਭੇਜੀ ਜਾਵੇ।

ਹੁਣ ਐਲ. ਐਲ. ਬੀ. ਦੀ ਪੜ੍ਹਾਈ ਸਤਿਗੁਰੂ ਨੇ ਆਪਣੀ ਸੇਵਾ ਵਿੱਚ ਵਰਤ ਲਈ। ਦਾਸ ਦੂਜੇ ਦਿਨ ਸਵੇਰੇ ਹੀ ਇੱਕ ਵਕੀਲ ਪਾਸ ਗਿਆ ਤੇ ਕੰਪਨੀ ਦੇ ਨਿਯਮ ਤਿਆਰ ਕਰ ਕੇ ਹਫ਼ਤੇ ਦੇ ਅੰਦਰ ਅੰਦਰ ਹੀ ਇਸ ਨੂੰ ਰਜਿਸਟਰ ਕਰਾ ਲਿਆ। ਸਾਧ ਸੰਗਤ ਵੱਲੋਂ ਦੂਜਾ ਗੁਰਮਤਾ ਇਹ ਹੋਇਆ ਕਿ ਜਿਹੜਾ ਪ੍ਰਾਪੇਗੰਡਾ ਉਹਨਾਂ ਦੇ ਵਿਰੁੱਧ ਇਸ ਦੇਸ਼ ਵਿੱਚ ਕੀਤਾ ਗਿਆ ਹੈ, ਉਸਦੇ ਰੱਦ ਕਰਨ ਲਈ ਦਾਸ ਕੁਝ ਪਬਲਿਕ ਲੈਕਚਰ ਦੇਵੇ। ਹਫਤੇ ਵਿੱਚ ਹੀ ਦੋ ਤਿੰਨ ਲੈਕਚਰ, ਇੱਕ ਵੱਡੇ ਹਾਲ ਵਿੱਚ ਹੋਏ, ਜਿਸ ਦਾ ਨਤੀਜਾ ਇਹ ਹੋਇਆ ਕਿ ਸਾਰੇ ਅਖਬਾਰਾਂ ਦੀ ਰਾਹੀਂ ਸਿੱਖ ਧਰਮ ਦੀ ਸੁਗੰਧੀ ਕੈਨੇਡਾ ਦੇ ਲੋਕਾਂ ਵਿੱਚ ਫੈਲਣ ਲੱਗ ਪਈ ਅਤੇ ਚਾਲੀ ਪੰਜਾਹ ਗੋਰੇ ਗੋਰੀਆਂ ਗੁਰੂ ਨਾਨਕ ਸਾਹਿਬ ਦੇ ਸ਼ਰਧਾਲੂ ਬਣ ਗਏ। ਇਨ੍ਹਾਂ ਵਿੱਚੋਂ ਡਾਕਟਰ ਨੈਪ (Knapp) ਅਤੇ Mrs, Compbell Tohnston ਤਾਂ ਸਤਿਗੁਰੂ ਦੇ ਪੱਕੇ ਸੇਵਕ ਹੀ ਹੋ ਗਏ।

ਕੰਪਨੀ ਦੇ ਰਜਿਸਟਰ ਹੁੰਦਿਆਂ ਹੀ ਡਾਕਟਰ ਨੈਪ ਦੀ, ਜੋ ਜ਼ਮੀਨ ਲੈਣ ਦੇਣ ਦਾ ਕੰਮ ਕਰਦਾ ਸੀ, ਇਹ ਸੇਵਾ ਲਾਈ ਕਿ ਉਹ ਇਸ ਵਧਦੇ ਸ਼ਹਿਰ ਵਿੱਚ ਕਿਸੇ ਬੜੇ ਸੋਹਣੇ ਮੌਕੇ ਤੇ ਜਿੱਥੇ ਕਿ ਸਿਹਤ ਵੀ ਚੰਗੀ ਰਹੇ ਅਤੇ ਸਮੇਂ ਸਿਰ ਜਹਾਜ਼ ਵੀ ਲੱਗ ਸੱਕਣ, ਦੋ ਢਾਈ ਸੌ ਏਕੜ ਜ਼ਮੀਨ ਦਾ ਟੁਕੜਾ ਲੱਭੇ। ਦੋ ਕੁ ਦਿਨਾਂ ਤੋਂ ਮਗਰੋਂ ਇਸ ਨੇ ਦੱਸ ਪਾਈ ਕਿ ਇੱਕ ਈਗਲ ਹਾਰਬਰ ਵਿਖੇ, ਸਮੁੰਦਰ ਦੇ ਕਿਨਾਰੇ ਇੱਕ ਢਾਈ ਸੌ ਏਕੜ ਦਾ ਟੁਕੜਾ ਵਿਕਾਊ ਹੈ। ਸਾਧ ਸੰਗਤ ਵਿੱਚੋਂ ਕੁਝ ਸਰੀਰ ਦਾਸ ਨਾਲ ਗਏ ਤੇ ਇਹ ਸੌਦਾ

੧੦,੦੦੦ ਡਾਲਰ ਪੇਸ਼ਗੀ ਦੇ ਕੇ, ਪੱਚੀ ਹਜ਼ਾਰ ਡਾਲਰ ਵਿੱਚ ਪੱਕਾ ਕਰ ਲਿਆ। ਏਸ ਤੋਂ ਉਰੇ, ਸ਼ਹਿਰ ਦੇ ਨਾਲ ਲਗਦਾ ਦੱਸ ਏਕੜ ਦਾ ਇੱਕ ਟੁਕੜਾ, ਜਿਸ ਵਿੱਚੋਂ ਛੋਟੀ ਜੇਹੀ ਨਦੀ ਲੰਘਦੀ ਸੀ, ਹਰੀ ਮੰਦਰ ਅਤੇ ਸਰੋਵਰ ਬਨਾਉਣ ਵਾਸਤੇ ਖਰੀਦਿਆ ਗਿਆ। ਭਾਈ ਹਿੰਮਤ ਦਾਸ ਨੂੰ ਵੀ ੧੫,੦੦੦ ਡਾਲਰ ਦੀ ਰਕਮ ਦਿਨਾਂ ਵਿੱਚ ਹੀ ਪਹੁੰਚ ਗਈ।

ਜਦ ਆਪਣੇ ਪੈਰ ਪੱਕੇ ਹੋ ਗਏ, ਤਦ ਸਾਧ ਸੰਗਤ ਦੀ ਆਗਿਆ ਅਨੁਸਾਰ ਵੈਨਕੂਵਰ ਵਿੱਚ ਹੀ ਇੱਕ ਬੜਾ ਭਾਰੀ ਸਮਾਗਮ ਕੀਤਾ ਗਿਆ। ਹਜ਼ਾਰਾਂ ਦੀ ਗਿਣਤੀ ਵਿੱਚ ਗੋਰੇ ਗੋਰੀਆਂ ਆ ਪੁੱਜੇ। ਅਮਲੀ ਦਲੀਲ ਨਾਲ ਦੱਸਿਆ ਗਿਆ ਕਿ ਵੀਰੋ, ਸਿੱਖ ਕਿਸ ਤਰ੍ਹਾਂ ਭੁੱਖੇ ਅਤੇ ਬੇਰੁਜ਼ਗਾਰ ਹਨ ! ੧੫,੦੦੦ ਡਾਲਰ ਖਰਚ ਕੇ ਇਹ ਪਿਛਲੇ ਦੋ ਸਾਲ ਵਿੱਚ ਆਪਣਾ ਗੁਰਦੁਆਰਾ ਬਣਾ ਚੁੱਕੇ ਹਨ। ਹੁਣ ਥੋੜ੍ਹੇ ਦਿਨਾਂ ਵਿੱਚ ਹੀ ੧੦,੦੦੦ ਡਾਲਰ ਜ਼ਮੀਨ ਤੇ ਖ਼ਰਚ ਕੀਤਾ ਹੈ ਅਤੇ ੧੫,੮੦੦ ਡਾਲਰ ਜੈਕਸਨਵਿਲ ਕੈਲੀਫੋਰਨੀਆਂ ਵਿਖੇ ਇੱਕ ਸੋਨੇ ਦੀ ਕਾਨ ਦੇ ਢਾਈ ਲੱਖ ਦੇ ਹਿੱਸੇ ਖਰੀਦਣ ਲਈ ਭੇਜੇ ਹਨ। ਨਾਲ ਹੀ ਇਹ ਦੱਸਿਆ ਕਿ ਸਿੱਖ ਸਮਾਜ ਇੱਕ ਜ਼ਿੰਦਾ ਤੇ ਨਵੀਂ ਲਹਿਰ ਹੈ। ਏਸ ਵਿੱਚ ਜਾਨ ਤੇ ਅਣਖ ਅਜੇ ਬਾਕੀ ਹੈ, ਐਸਾ ਨਾ ਹੋਵੇ ਕਿ ਕਿਧਰੇ ਲੈਣੇ ਦੇ ਦੇਣੇ ਪੈ ਜਾਣ। ਸਿੱਖਾਂ ਨੂੰ ਕੈਨੇਡਾ ਤੋਂ ਬ੍ਰਿਟਿਸ਼ ਹਾਂਡੂਰਸ ਏਸ ਤਰ੍ਹਾਂ ਲੈ ਜਾਣਾ ਬੜੀ ਭਾਰੀ ਬੇ-ਇਨਸਾਫ਼ੀ ਹੋਵੇਗੀ।

ਏਸ ਲੈਕਚਰ ਦੀ ਸਾਰੀ ਦੁਨੀਆਂ ਵਿੱਚ ਧਾਂਕ ਪੈ ਗਈ ਅਤੇ ਖ਼ਾਲਸੇ ਜੀ ਦੇ ਹੌਂਸਲੇ ਵਧ ਗਏ। ਏਸ ਬਣੇ ਰੰਗ ਵਿੱਚ ਕਰਤਾਰ ਦੀ ਨੇਤ ਨਾਲ ਭਾਈ ਸਤਨਾਗਰ ਸਿੰਘ ਜੀ ਅਤੇ ਸ਼ਾਮ ਸਿੰਘ ਜੀ ਆ ਪੁੱਜੇ। ਬਾਬਾ ਜੀ ਨੇ ਇੱਕ ਹੋਰ ਜ਼ਾਹਰੀ ਕਲਾ ਵਿਖਾਈ। ਕਮਿਸ਼ਨਰ ਨੂੰ ਪ੍ਰੇਰ ਕੇ ਸਿੱਧਾ ਉਟਾਵਾ ਆਪਣੀ ਗੌਰਮਿੰਟ ਪਾਸ ਰਿਪੋਰਟ ਪੇਸ਼ ਕਰਨ ਲਈ ਭੇਜ ਦਿੱਤਾ ਅਤੇ ਇਨ੍ਹਾਂ ਵੀਰਾਂ ਨੂੰ ਸਮਾਂ ਦੇ ਦਿੱਤਾ ਕਿ ਕਿਸੇ ਦਬਾਉ ਤੋਂ ਰਹਿਤ ਹੋ ਕੇ ਆਪਣੀ ਸੱਚੀ ਸੁੱਚੀ ਗੱਲ ਸਾਧ ਸੰਗਤ ਵਿੱਚ ਪ੍ਰਗਟ ਕਰ ਦੇਣ।

ਦੂਜੇ ਦਿਨ ਹੀ ਸਵੇਰੇ ਇਹ ਪ੍ਰੇਮੀ ਗੁਰਦੁਵਾਰਾ ਸਾਹਿਬ ਦਾਸ ਪਾਸ ਆ ਗਏ ਅਤੇ ਬੜੇ ਚਾਂਈ ਚਾਂਈ ਆਖਣ ਲੱਗੇ, "ਸ਼ੁਕਰ ਹੈ ਕਰਤਾਰ ਦਾ, ਤੁਸੀਂ ਪੁੱਜ ਗਏ ਹੋ; ਹੁਣ ਤਾਂ ਅਸੀਂ ਸੱਚੀ ਸੱਚੀ ਗੱਲ਼ ਆਖ ਸੁਣਾਵਾਂਗੇ, ਨਹੀਂ ਤਾਂ ਅਸੀਂ ਦਬਾਉ ਵਿੱਚ ਆ ਜਾਂਦੇ ਤੇ ਝੂਠ ਬੋਲ ਕੇ ਭਰਾਵਾਂ ਦਾ ਘਾਤ ਕਰ ਦਿੰਦੇ।" ਉਸੇ ਵੇਲੇ ਕੈਨੇਡਾ ਵਿੱਚ ਥਾਂ ਥਾਂ ਚਿੱਠੀਆਂ ਭੇਜੀਆਂ ਕਿ ਅਗਲੇ ਐਤਵਾਰ ਸਾਰੀ ਸਾਧ ਸੰਗਤ ਦਰਸ਼ਨ ਦੇਵੇ। ਹਾਂਡੂਰਸ ਤੋਂ ਆਏ ਵੀਰ ਆਪਣੀ ਰਿਪੋਰਟ ਦੱਸ ਵਜੇ ਸੁਣਾਉਣਗੇ। ਨੀਯਤ ਸਮੇਂ ਤੇ ਕੋਈ ਪੰਜ ਕੁ ਹਜ਼ਾਰ ਸੱਜਣ ਪੁੱਜ ਗਏ। ਚਾਲੀ ਪੰਜਾਹ ਗੋਰੇ ਪ੍ਰੇਮੀ ਵੀ ਹਾਜ਼ਰ ਸਨ। ਭਾਈ ਸਤਨਾਗਰ ਸਿੰਘ ਤੇ ਸ਼ਾਮ ਸਿੰਘ ਨੇ ਵਾਰੀ ਵਾਰੀ ਆਪਣੀ ਵਿੱਥਿਆ ਸੱਚ ਸੱਚ ਇਉਂ ਆਖ ਸੁਣਾਈ:


"ਉਹ ਮੁਲਕ (ਬ੍ਰਿਟਿਸ਼ ਹਾਂਡੂਰਸ) ਬੜਾ ਭੈੜਾ ਹੈ। ਸਾਡੇ ਕਈ ਹਿੰਦੁਸਤਾਨੀ ਵੀਰ ਉਥੇ ਐਸੇ ਹਨ ਜਿਨ੍ਹਾਂ ਨੂੰ ਰੱਜ ਕੇ ਰੋਟੀ ਨਸੀਬ ਨਹੀਂ ਹੁੰਦੀ। ਉਹ ਦੇਸ ਮੁੜਨਾ ਚਾਹੁੰਦੇ ਹਨ, ਪਰ ਵਾਪਸੀ ਵਾਸਤੇ ਕਿਰਾਇਆ ਨਹੀਂ। ਯੈਲੋ ਫੀਵਰ ਵੀ ਬੜਾ ਦੁਖਦਾਈ ਹੈ।" ਏਸ ਦੇ ਮਗਰੋਂ ਦਾਸ ਨੇ ਕੁਝ ਕੁ ਅੱਖਰ ਬੋਲੇ। ਸਾਰੇ ਖ਼ਾਲਸਾ ਜੀ ਨੇ 'ਸਤਿ ਸ੍ਰੀ ਅਕਾਲ' ਦੇ ਜੈਕਾਰਿਆਂ ਨਾਲ ਗੁਰਮਤਾ ਪਾਸ ਕੀਤਾ ਕਿ ਅਸੀਂ ਆਪਣੇ ਨਿਸ਼ਾਨ ਸਾਹਿਬ ਦੇ ਸਾਏ ਹੇਠ ਕੈਨੇਡਾ ਵਿੱਚ ਹੀ ਰਹਾਂਗੇ ਤੇ ਕਿਸੇ ਹੋਰ ਦੇਸ਼ ਵਿੱਚ ਨਹੀਂ ਜਾਵਾਂਗੇ।

ਇਹ ਖ਼ਬਰ ਸਾਰੇ ਅਖਬਾਰਾਂ ਵਿੱਚ ਛਪ ਗਈ ਅਤੇ ਕੈਨੇਡੀਅਨ ਗੌਰਮਿੰਟ ਨੂੰ ਪਿੱਸੂ ਪੈ ਗਏ। ਏਧਰ ਇਹ ਮੋਰਚਾ ਗਰਮ ਹੋ ਗਿਆ ਅਤੇ ਓਧਰੋਂ ਨਿਊਯਾਰਕ ਤੋਂ ਦਾਸ ਦੀ ਘਰ ਵਾਲੀ ਦੀ ਤਾਰ ਤੇ

ਤਾਰ ਆਈ ਕਿ ਮੈਂ ਸਖ਼ਤ ਬੀਮਾਰ ਹਾਂ ਛੇਤੀ ਪੁੱਜੋ। ਜਵਾਬ ਦਿੱਤਾ ਕਿ ਸਤਿਗੁਰੂ ਵਾਲੀ ਹਨ, ਸੇਵਾ ਵਿੱਚੋਂ ਪਿੱਠ ਨਹੀਂ ਦੇਣੀ। ਵੈਨਕੂਵਰ ਦੀ ਏਸ ਖੇਡ ਦੀ ਸੋਅ, ਕੈਲੀਫੋਰਨੀਆਂ ਤੱਕ ਅਪੜ ਗਈ। ਉਥੋਂ ਵੀਰਾਂ ਨੇ ਹਫਤੇ ਕੁ ਵਾਸਤੇ ਦਾਸ ਨੂੰ ਸੱਦ ਭੇਜਿਆ ਅਤੇ ਇੱਕ ਦੋ ਜਗ੍ਹਾ ਲੈਕਚਰ ਵੀ ਕਰਵਾਏ। ਅਜੇ ਵੈਨਕੂਵਰ ਵੀਰਾਂ ਦੀ ਹਾਲਤ ਨਾਜ਼ਕ ਹੀ ਸੀ, ਦਾਸ ਛੇਤੀ ਉਧਰ ਮੁੜ ਪਿਆ। ਰਾਹ ਵਿੱਚ ਪੋਰਟਲੈਂਡ, ਆਰੇਗਨ, ਖ਼ਾਲਸੇ ਜੀ ਦਾ ਇੱਕ ਜਥਾ, ਜਿਨ੍ਹਾਂ ਵਿੱਚ ਬਾਬਾ ਸੋਹਣ ਸਿੰਘ ਜੀ ਵੀ ਸਨ, ਇੱਕ ਬੜੀ ਭਾਰੀ ਲਕੜੀ ਦੀ ਮਿੱਲ ਵਿੱਚ ਕੰਮ ਕਰਦਾ ਸੀ। ਏਨ੍ਹਾਂ ਦੇ ਪ੍ਰੇਮ ਕਰ ਕੇ ਦਾਸ ਉਥੇ ਇੱਕ ਰਾਤ ਠਹਿਰਿਆ। ਸਵੇਰੇ ਸਤਿਗੁਰੂ ਦੀ ਹਜ਼ੂਰੀ ਵਿੱਚ (ਛੋਟੀ ਬੀੜ ਪ੍ਰਕਾਸ਼ ਸੀ) ਦੀਵਾਨ ਸਜਿਆ। ਭੋਗ ਦੇ ਮਗਰੋਂ ਜਦ ਇੱਕ ਪ੍ਰੇਮੀ ਦੇ ਘਰ ਦਾਸ ਜਲ ਪਾਣੀ ਛਕਣ ਵਾਸਤੇ ਗਿਆ ਤਾਂ ਉੱਥੇ ਇੱਕ ਭਲਾਮਾਣਸ, ਚੰਗੀ ਦਾਹੜੀ ਵਾਲਾ ਭਾਈ, ਸੁਖਮਨੀ ਸਾਹਿਬ ਦਾ ਪਾਠ ਕਰ ਰਿਹਾ ਸੀ। ਬੜੀ ਉੱਚੀ ਸੋਹਣੀ ਸੁਰ ਸੀ। ਦਾਸ ਨੂੰ ਇਹ ਬੜਾ ਚੰਗਾ ਲੱਗਾ।

ਜਦੋਂ ਸੁਖਮਨੀ ਸਾਹਿਬ ਦਾ ਭੋਗ ਪੈ ਗਿਆ, ਦਾਸ ਨੇ ਨਾਮ ਪਤਾ ਪੁੱਛਿਆ। ਪ੍ਰੇਮੀ ਨੇ ਦੱਸਿਆ ਕਿ ਮੈਂ ਬੇਦੀ ਹਾਂ ਤੇ ਮੇਰਾ ਨਾਮ ਖੇਮ ਸਿੰਘ ਹੈ। ਖ਼ਾਲਸੇ ਦੀ ਸੋਹਣੀ ਸੋਅ ਸੁਣ ਕੇ ਮੈਂ ਸ਼ੰਘਾਈ ਤੋਂ ਦਰਸ਼ਨ ਮੇਲੇ ਲਈ ਆਇਆ ਹਾਂ ਤੇ ਹੁਣ ਨਿਊਯਾਰਕ ਜਾ ਰਿਹਾ ਹਾਂ। ਭੋਲੇ ਭਾ ਦਾਸ ਨੇ ਬੇਨਤੀ ਕੀਤੀ ਕਿ ਨਿਊਯਾਰਕ ਦਾਸ ਦਾ ਪ੍ਰਵਾਰ ਫਲਾਨੀ ਥਾਂ ਰਹਿੰਦਾ ਹੈ, ਤੁਸੀਂ ਉੱਥੇ ਜਾ ਕੇ ਠਹਿਰਨਾ। ਇੱਕ ਚਿੱਠੀ ਪ੍ਰੇਮੀ ਨੂੰ ਦਸਤੀ ਦੇ ਦਿੱਤੀ ਤੇ ਇੱਕ ਡਾਕ ਵਿੱਚ ਪਾ ਦਿੱਤੀ। ਦੂਜੇ ਦਿਨ ਪੋਰਟਲੈਂਡ ਤੋਂ ਤੁਰ ਕੇ ਦਾਸ ਸਿੱਧਾ ਵੈਨਕੂਵਰ ਪੁੱਜ ਗਿਆ। ਜਦ ਉੱਥੇ ਜਾ ਕੇ ਬਾਵਾ ਖੇਮ ਸਿੰਘ ਬੇਦੀ ਦਾ ਜ਼ਿਕਰ ਕੀਤਾ, ਕਈ ਸੱਜਣ ਉਸ ਦੇ ਸ਼ੰਘਾਈ ਦੇ ਜਾਣੂ ਨਿਕਲੇ। ਉਨ੍ਹਾਂ ਆਖਿਆ ਉਹ ਤੇ ਪੁਲਿਸ ਦਾ ਆਦਮੀ ਹੈ। ਅੱਗੇ ਉੱਥੇ ਥਾਣੇਦਾਰ ਸੀ, ਹੁਣ ਇਥੇ ਕਿਸੇ ਕੰਮ ਲਈ ਆਇਆ ਹੋਵੇਗਾ। ਫੇਰ ਦਾਸ ਨੂੰ ਖ਼ਿਆਲ ਆਇਆ ਕਿ ਇਹ ਤੇ ਕੋਈ ਖੁਫ਼ੀਆ ਹੈ। ਘਰ ਭੇਜਣ ਵਿੱਚ ਭੁੱਲ ਹੋਈ, ਪਰ ਗਰੀਬਾਂ ਦਾ ਸਤਿਗੁਰ ਰਾਖਾ ਹੈ।

ਵੈਨਕੂਵਰ ਪਹੁੰਚਦਿਆਂ ਹੀ ਸਾਧ ਸੰਗਤ ਨੇ ਆਖਿਆ ਕਿ ਤੁਹਾਡੀ ਸੇਵਾ ਦੀ ਏਥੇ ਬਹੁਤ ਚਿਰ ਲੋੜ ਹੈ, ਤੁਸੀਂ ਆਪਣੇ ਬਾਲ ਬੱਚੇ ਨੂੰ ਵੈਨਕੂਵਰ ਮੰਗਵਾ ਲਵੋ। ਭਾਈ ਭਾਗ ਸਿੰਘ ਜੀ ਨੇ ਉਸੇ ਵੇਲੇ ਨਿਊਯਾਰਕ ਤੋਂ ਵੈਨਕੂਵਰ ਦਾ ਕਿਰਾਇਆ ਤੇ ਸਫਰ ਖਰਚ ਦਾਸ ਨੂੰ ਦੇ ਦਿੱਤਾ।




ਕੈਨੇਡੀਅਨ ਪੈਸਿਫ਼ਿਕ ਰੇਲਵੇ

ਹੁਣ ਇੱਕ ਹੋਰ ਔਕੜ ਸਾਹਮਣੇ ਆ ਖਲੋਤੀ। ਨਿਊਯਾਰਕ ਯੂਨਾਈਟਿਡ ਸਟੇਟਸ ਵਿੱਚ ਹੈ ਤੇ ਵੈਨਕੂਵਰ ਕੈਨੇਡਾ ਵਿੱਚ। ਅਮਰੀਕਾ ਤੋਂ ਕੈਨੇਡਾ ਵਿੱਚ ਬਿਨਾਂ ਪਾਸਪੋਰਟ ਦੇ ਆਉਣ ਦੀ ਆਗਿਆ ਨਹੀਂ ਸੀ। ਦਾਸ ਹੁਣ ਭਰਾਵਾਂ ਦੀ ਸੇਵਾ ਵਿੱਚ ਉੱਘਾ ਹੋ ਚੁੱਕਾ ਸੀ। ਪਾਸਪੋਰਟ ਕਿਸ ਨੇ ਦੇਣਾ ਸੀ ? ਉਸੇ ਵੇਲੇ ਪੁਰਾਣੀ ਖ਼ਾਲਸਈ ਜੁਗਤ ਸੁਝ ਪਈ। ਕੈਨੇਡੀਅਨ ਪੈਸਿਫਿਕ ਰੇਲਵੇ ਦੇ ਵੈਨਕੂਵਰ ਵਾਲੇ ਦਫਤਰ ਵਿੱਚ ਨਿਊਯਾਰਕ ਤੋਂ ਸੀਏਟਲ ਦੇ ਦੋ ਟਿਕਟਾਂ ਦਾ ਕਿਰਾਇਆ ਜਮ੍ਹਾਂ ਕਰਾ ਦਿੱਤਾ ਅਤੇ ਤਾਰ ਦੁਆਰਾ ਨਿਊਯਾਰਕ ਦੇ ਦਫਤਰ ਵਿੱਚ ਖਬਰ ਭੇਜ ਦਿੱਤੀ ਕਿ ਫਲਾਣੇ ਨੰਬਰ ਦੇ ਮਕਾਨ ਤੇ ਇਹ ਦੋਵੇਂ ਟਿਕਟ

ਸ੍ਰੀਮਤੀ ਬਿਸ਼ਨ ਕੌਰ ਨੂੰ ਦੇ ਦਿੱਤੇ ਜਾਣ (ਉਨ੍ਹਾਂ ਮੁਲਕਾਂ ਵਿੱਚ ਇਹ ਪ੍ਰਬੰਧ ਹੋ ਜਾਂਦਾ ਹੈ।)

ਸਫ਼ਰ ਖ਼ਰਚ ਵੀ ਤਾਰ ਦੀ ਰਾਹੀਂ ਭੇਜ ਦਿੱਤਾ ਅਤੇ ਘਰ ਵਾਲੀ ਨੂੰ ਆਗਿਆ ਕੀਤੀ ਕਿ ਟਿਕਟ ਮਿਲਦਿਆਂ ਹੀ ਗੱਡੀ ਤੇ ਸਵਾਰ ਹੋ ਜਾਓ। ਜਦੋਂ ਤਾਰ ਪੁੱਜੀ, ਉਸ ਤੋਂ ਕੁਝ ਘੰਟੇ ਪਹਿਲਾਂ ਬਾਵਾ ਖੇਮ ਸਿੰਘ ਨਿਊਯਾਰਕ ਪੁੱਜ ਚੁਕਾ ਸੀ। ਜਦ ਉਸ ਨੂੰ ਦਾਸ ਦੀ ਤਾਰ ਦਿਖਾਈ ਗਈ ਤਦ ਪ੍ਰੇਮੀ ਨੇ ਦਾਸ ਦੀ ਘਰ ਵਾਲੀ ਨੂੰ ਆਖਿਆ ਕਿ ਤੇਜਾ ਸਿੰਘ ਤੁਹਾਨੂੰ ਖ਼ਰਾਬ ਕਰਦਾ ਫਿਰਦਾ ਹੈ। ਪਹਿਲਾਂ ਵਲਾਇਤ ਛੱਡ ਆਇਆ ਸੀ, ਹੁਣ ਤੁਹਾਨੂੰ ਨਿਊਯਾਰਕ ਸੁਟ ਗਿਆ। ਤੁਸੀਂ ਉਹਦੇ ਕੋਲ ਜਾ ਕੇ ਕੀ ਲੈਣਾ ਹੈ ? ਮੈਂ ਬੜਾ ਸੋਹਣਾ ਮਕਾਨ ਲੈ ਦਿੰਦਾ ਹਾਂ ਤੇ ਖਰਚ ਦਾ ਚੰਗਾ ਪ੍ਰਬੰਧ ਕਰ ਦਿੰਦਾ ਹਾਂ। ਪੁਲਿਸ ਵਾਲੇ ਹਥ-ਕੰਡੇ ਤਾਂ ਇਸ ਨੇ ਬਹੁਤ ਖੇਡੇ ਪਰ ਦਾਸ ਦੀ ਸੁਪੱਤਨੀ ਨੇ ਇਕੋ ਹੀ ਜਵਾਬ ਦਿੱਤਾ, "ਹੁਣ ਅਸੀ ਨਹੀਂ ਠਹਿਰ ਸਕਦੇ, ਪਤੀ ਜੀ ਦਾ ਹੁਕਮ ਆ ਗਿਆ ਹੈ। ਜੇ ਤੁਹਾਡਾ ਪ੍ਰੇਮ ਹੈ ਤਾਂ ਤੁਸੀਂ ਵੀ ਸਾਡੇ ਨਾਲ ਵੈਨਕੂਵਰ ਚਲੇ ਚਲੋ। ਮੈਂ ਬਹੁਤ ਬੀਮਾਰ ਰਹੀ ਹਾਂ, ਸਰੀਰ ਅਜੇ ਕਮਜ਼ੋਰ ਹੈ, ਦੋ ਛੋਟੇ ਬੱਚੇ ਵੀ ਨਾਲ ਹਨ।" ਪਰ ਪ੍ਰੇਮੀ ਨੇ ਕੋਰੀ ਨਾਂਹ ਕਰ ਦਿੱਤੀ, ਉਹ ਕਿਸ ਤਰ੍ਹਾਂ ਆਉਂਦਾ, ਉਸ ਨੇ ਤਾਂ ਨਿਊਯਾਰਕ ਪੜ੍ਹ ਰਹੇ ਹੋਰ ਹਿੰਦੁਸਤਾਨੀ ਮੁੰਡਿਆਂ ਦਾ ਭੇਤ ਲੈਣਾ ਸੀ।

ਨਿਊਯਾਰਕ ਤੁਰਨ ਤੋਂ ਇੱਕ ਦਿਨ ਪਹਿਲਾਂ ਸਿੰਘਣੀ ਨੇ ਖ਼ਤ ਭੇਜਿਆ ਕਿ ਅਸੀਂ ਫਲਾਣੀ ਗੱਡੀ ਫ਼ਲਾਣੇ ਦਿਨ ਚੜ੍ਹਾਂਗੇ। ਟਾਈਮਟੇਬਲ ਦੇਖ ਕੇ ਦਾਸ ਨੇ ਹਿਸਾਬ ਲਾ ਲਿਆ ਕਿ ਸੁਮਾਸ (Sumas) ਜੰਕਸ਼ਨ, ਗੱਡੀ ਛੇਵੇਂ ਦਿਨ ਚਾਰ ਵਜੇ ਅੰਮ੍ਰਿਤ ਵੇਲੇ ਪੁਜੇਗੀ। ਦਾਸ ਇੱਕ ਰਾਤ ਪਹਿਲਾਂ ਹੀ ਸੁਮਾਸ ਜੰਕਸ਼ਨ ਇਕੱਲਾ ਹੀ ਪੁੱਜ ਗਿਆ ਅਤੇ ਹੋਟਲ ਵਿੱਚ ਇੱਕ ਕਮਰਾ ਲੈ ਲਿਆ। ਇੱਕ ਤਾਂ ਵੈਨਕੂਵਰ ਦੀ ਖੇਡ ਦਾ ਫ਼ਿਕਰ, ਦੂਜੇ ਬੀਮਾਰੀ ਤੋਂ ਉੱਠੀ ਸੁੱਪਤਨੀ ਦਾ ਖ਼ਿਆਲ ਅਤੇ ਲਿਜਾਣ ਦੀ ਔਕੜ, ਨੀਂਦ ਕਿੱਥੋ ਆਵੇ ? ਪਰ ਆਖਰ ਦੋ ਕੁ ਵਜੇ ਦੇ ਕਰੀਬ ਪਲਸੇਟੇ ਮਾਰ ਮਾਰ ਜਦ ਦਾਸ ਥੱਕ ਗਿਆ, ਤਾਂ ਥੋੜ੍ਹਾ ਜਿਹਾ ਸੁਖ ਭਰੀ ਨੀਂਦ ਦਾ ਝਕੋਲਾ ਆਇਆ। ਨੀਂਦ ਕੀ ਸੀ ਇੱਕ ਬੈਕੁੰਠ ਦੀ ਝਾਕੀ ਸੀ। ਅਜੇ ਸੁਤਿਆਂ ਥੋੜ੍ਹਾ ਹੀ ਚਿਰ ਲੰਘਿਆ ਸੀ ਕਿ ਸਾਰਾ ਕਮਰਾ ਬਿਜਲੀ ਵਤਿ ਪ੍ਰਕਾਸ਼ ਨਾਲ ਭਰ ਗਿਆ। ਰੋਮ ਰੋਮ ਵਿੱਚ ਇਹ ਇਲਾਹੀ ਰੌ ਅਤੇ ਜਲਵਾ ਧਸ ਗਿਆ। ਸਤਿਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਹੋਏ ਤੇ ਮਹਾਰਾਜ ਨੇ ਆਪਣੇ ਮੁਖਾਰਬਿੰਦ ਤੋਂ ਬੜੇ ਪ੍ਰੇਮ ਵਿੱਚ ਇਹ ਸ਼ਬਦ ਆਖੇ, "ਬੱਚਾ ਘਬਰਾ ਨਹੀਂ; ਇਹਨਾਂ ਦਾ ਅਹੰਕਾਰ ਜਰਮਨ ਕੋਲੋਂ ਤੁੜਾਵਾਂਗੇ।" ਹੁਣ ਤਿੰਨ ਵਜੇ ਦਾ ਵਕਤ ਹੋ ਗਿਆ। ਦਾਸ ਨੇ ਇਸ਼ਨਾਨ ਪਾਣੀ ਕੀਤਾ ਅਤੇ ਐਨ ਚਾਰ ਵਜੇ ਤੋਂ ਪੰਜ ਕੁ ਮਿੰਟ ਪਹਿਲਾਂ ਪਲੇਟਫਾਰਮ ਤੇ ਤਿੰਨ ਟਿਕਟ ਵੈਨਕੂਵਰ ਦੇ ਲੈ ਕੇ ਆ ਗਿਆ। ਸਰਦੀ ਦਾ ਮੌਸਮ ਤੇ ਸਵੇਰ ਦਾ ਸਮਾਂ ਸੀ। ਸਭ ਆਪਣੇ ਆਪਣੇ ਮੂੰਹ ਵਲ੍ਹੇਟੀ ਪਏ ਸਨ ਅਤੇ ਜਿਹੜੇ ਆਪਣੇ ਪਹਿਰੇ ਤੇ ਵੀ ਹਾਜ਼ਰ ਸਨ, ਉਨ੍ਹਾਂ ਨੇ ਸਖ਼ਤ ਠੰਡ ਅਤੇ ਧੁੰਦ ਕਰ ਕੇ ਓਵਰ ਕੋਟ ਪਾਏ ਹੋਏ ਅਤੇ ਮਫ਼ਲਰਾਂ ਨਾਲ ਮੂੰਹ ਵਲ੍ਹੇਟੇ ਹੋਏ ਸਨ। ਦਾਸ ਸੁਖੈਨ ਹੀ ਪ੍ਰਵਾਰ ਨੂੰ ਏਸ ਗੱਡੀ ਤੋਂ ਵੈਨਕੂਵਰ ਵਾਲੀ ਗੱਡੀ ਤੇ ਜੋ ਨਾਲ ਹੀ ਖੜ੍ਹੀ ਸੀ, ਲੈ ਕੇ ਚੜ੍ਹ ਗਿਆ।

ਦੋ ਕੁ ਹਫਤੇ ਮਗਰੋਂ ਕਮਿਸ਼ਨਰ ਦਾ ਖਤ ਆ ਗਿਆ ਕਿ ਤੁਸਾਂ ਹਾਂਡੂਰਸ ਦੀ ਰਿਪੋਰਟ ਮੇਰੇ ਆਏ ਤੋਂ ਬਗੈਰ ਨਹੀਂ ਸੀ ਸੁਨਣੀ। ਹੁਣ ਮੈਂ ਖੁਦ ਆਪਣੀ ਰਿਪੋਰਟ ਸੁਣਾਉਣ ਆਵਾਂਗਾ। ਤੁਸੀਂ ਕੋਈ ਦਿਨ ਨੀਯਤ ਕਰ ਕੇ ਮੈਨੂੰ ਖਬਰ ਕਰੋ। ਮੁੜਵੀਂ ਡਾਕੇ ਜਵਾਬ ਦਿੱਤਾ ਗਿਆ, "ਜੀ ਸਦਕੇ ਤੁਸੀਂ ਆਓ ਤੇ ਆਪਣੀ ਰਿਪੋਰਟ ਸੁਣਾਓ। ਅਸੀ ਸਾਰੇ ਸਿੱਖਾਂ ਨੂੰ ਨੌਂ ਦਿਨ ਮਗਰੋਂ ਜੋ ਐਤਵਾਰ ਆਉਣਾ ਹੈ, ਸੱਦ ਭੇਜਾਂਗੇ; ਤੁਸੀਂ ਵੀ ਦੱਸ ਵਜੇ ਆ ਜਾਣਾ।" ਸਭ ਜਗ੍ਹਾ ਭਰਾਵਾਂ ਨੂੰ ਚਿੱਠੀਆਂ ਭੇਜੀਆਂ ਗਈਆਂ। ਨੀਯਤ ਸਮੇਂ ਤੋਂ

ਪਹਿਲਾਂ ਹੀ ਛੇ ਸੱਤ ਹਜ਼ਾਰ ਖ਼ਾਲਸਾ ਜੀ ਆ ਪੁੱਜੇ। ਸਾਧ ਸੰਗਤ ਨੇ ਪਹਿਲਾਂ ਹੀ ਭਾਈ ਨਰੈਣ ਸਿੰਘ ਨੂੰ ਚੋਬਦਾਰ ਦੀ ਸੇਵਾ ਬਖਸ਼ ਕੇ ਉਸ ਨੂੰ ਚਾਂਦੀ ਦਾ ਆਸਾ (ਗਹਿਣਾ) ਘੜਾ ਦਿਤਾ ਸੀ ਅਤੇ ਸਮਝਾ ਦਿੱਤਾ ਸੀ ਕਿ ਭਾਈ ਸਾਹਿਬ, ਸਭਨਾਂ ਨਾਲ ਬੜੇ ਪ੍ਰੇਮ ਸਹਿਤ ਵਰਤਣਾ ਪਰ ਅਸੂਲ ਕਾਇਮ ਰੱਖਣਾ। ਜੋ ਆਵੇ ਉਹਦੇ ਜੋੜੇ ਹੇਠਾਂ ਲੁਹਾ ਲੈਣਾ।

ਸ਼ਬਦ ਕੀਰਤਨ ਦਾ ਭੋਗ ਸਾਢੇ ਨੌਂ ਵਜੇ ਪੈ ਗਿਆ। ਇਸ ਤੋਂ ਉਪਰੰਤ ਦਾਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ (ਪੰਜਾਬੀ, ਅੰਗਰੇਜ਼ੀ) ਕਰਨ ਦਾ ਹੁਕਮ ਹੋਇਆ। ਠੀਕ ਦੱਸ ਵਜੇ ਚੋਬਦਾਰ ਨੇ ਖ਼ਬਰ ਲਿਆਂਦੀ ਕਿ ਕਮਿਸ਼ਨਰ ਸਾਹਿਬ ਆ ਪੁੱਜੇ ਹਨ। ਮੈਂ ਉਨ੍ਹਾਂ ਦੇ ਨਾਲ ਦੇ ਸਾਥੀਆਂ Mr. Wright, ਹਿੰਦੁਸਤਾਨ ਦੇ ਪੁਰਾਣੇ ਪਾਦਰੀ, ਮਿਸਟਰ ਹਾਪਕਿਨਸਮ ਸੀ ਆਈ ਡੀ ਨੇ ਇਹ ਆਖ ਕੇ ਰੋਕ ਦਿੱਤਾ ਹੈ ਕਿ ਤੁਸੀਂ ਉਥੇ ਨਾ ਜਾਓ, ਹਿੰਦੂ ਲੋਕ ਰੌਲਾ ਪਾ ਦੇਣਗੇ ਕਿ ਸਾਡਾ ਮੰਦਰ ਅਪਵਿੱਤਰ ਕਰ ਦਿੱਤਾ ਹੈ। ਮੀਤ ਪ੍ਰਧਾਨ ਨੇ ਸਾਰੀ ਗੱਲ ਬਾਤ ਸੁਣ ਕੇ ਇਹ ਖਬਰ ਦਾਸ ਪ੍ਰਤੀ ਆ ਪਹੁੰਚਾਈ। ਓਸੇ ਵੇਲੇ ਦਾਸ ਨੇ ਡਾਕਟਰ ਨੈਪ ਨੂੰ ਕਮਿਸ਼ਨਰ ਪਾਸ ਭੇਜਿਆ ਕਿ ਅਸੀਂ ਸਿੱਖ ਹਾਂ, ਸਾਡਾ ਮੰਦਰ ਕਿਸੇ ਦੇ ਆਇਆਂ ਅਪਵਿੱਤਰ ਨਹੀਂ ਹੁੰਦਾ। ਤੁਹਾਡੇ ੪੦-੫੦ ਭੈਣ ਭਰਾ ਬੈਠੇ ਹਨ, ਤੁਸੀਂ ਬੇਸ਼ਕ ਖੁਲ੍ਹੇ ਦਿਲ ਆ ਜਾਓ। ਇੱਕ ਆਪਣੇ ਵੀਰ ਕੋਲੋਂ ਇਹ ਗੱਲ ਸੁਣ ਕੇ ਕਮਿਸ਼ਨਰ ਤੇ ਕੁਝ ਤਿਆਰ ਹੋ ਗਿਆ ਪਰ ਪਾਦਰੀ ਜੀ ਮਹਾਰਾਜ ਤੇ ਸੀ ਆਈ ਡੀ ਦੇ ਕਰਮਚਾਰੀ ਨੇ ਕੋਈ ਪੇਸ਼ ਨਾ ਜਾਣ ਦਿੱਤੀ।

ਏਹਨਾਂ ਨੇ ਕਮਿਸ਼ਨਰ ਕੋਲੋਂ ਹੁਕਮ ਦਿਵਾ ਭੇਜਿਆ ਕਿ ਸਾਧ ਸੰਗਤ ਹੇਠਾਂ ਆਵੇ; ਮੈਂ ਹੇਠਲੇ ਹਾਲ ਕਮਰੇ ਵਿੱਚ ਰਿਪੋਰਟ ਸੁਣਾਵਾਂਗਾ। ਭਾਈ ਭੋਲਾ ਸਿੰਘ ਜੀ ਮੀਤ ਪ੍ਰਧਾਨ ਜੋ ਅੱਗੇ ਸ਼ੰਘਾਈ ਪੁਲਿਸ ਵਿੱਚ ਨੌਕਰ ਰਿਹਾ ਸੀ, ਕੁਝ ਢਿੱਲਾ ਹੋ ਗਿਆ ਪਰ ਸਾਧ ਸੰਗਤ ਵਿੱਚੋਂ ਦਾਸ ਦੀ ਸੁਪਤਨੀ ਉਠ ਖਲੋਤੀ। ਉਸਨੇ ਬੜੇ ਜੋਸ਼ ਨਾਲ ਆਖ ਸੁਣਾਇਆ ਕਿ "ਵੀਰੋ ਗੁਰੂ ਨਾਨਕ ਸਾਹਿਬ ਦਾ ਹੁਕਮ ਹੈ, ਸ਼ਬਦ ਦੀ ਨਿਆਦਰੀ ਨਹੀਂ ਹੋਣ ਦੇਣੀ।" ਇਹ ਗੱਲ ਇੱਕ ਭੈਣ ਦੇ ਮੂੰਹੋਂ ਨਿਕਲਣ ਦੀ ਦੇਰ ਹੀ ਸੀ ਕਿ ਖ਼ਾਲਸਾ ਨੇ "ਸਤਿ ਸ੍ਰੀ ਅਕਾਲ" ਦਾ ਜੈਕਾਰਾ ਬੁਲਾ ਦਿੱਤਾ। ਜੈਕਾਰਾ ਸੁਣ ਕੇ ਕਮਿਸ਼ਨਰ ਦੀ ਖਾਨਿਓ ਗਈ ਅਤੇ ਸਾਥੀਆਂ ਸਣੇ ਹਰਨ ਹੋ ਗਿਆ। ਚੋਬਦਾਰ ਦੌੜਦਾ ਆਇਆ ਤੇ ਕਹਿਣ ਲੱਗਾ ਕਿ ਕਮਿਸ਼ਨਰ ਤੇ ਡਰਦਾ ਮਾਰਿਆ ਭੱਜ ਟੁਰਿਆ ਹੈ। ਦਾਸ ਨੇ ਉਸੇ ਵੇਲੇ ਡਾਕਟਰ ਨੈਪ ਨੂੰ ਭੇਜਿਆ ਤੇ ਸਮਝਾਇਆ ਕਿ ਅਸਾਂ ਤਾਂ ਜੈਕਾਰਾ ਬੁਲਾਇਆ ਹੈ ਜਿਸਦਾ ਭਾਵ ਇਹ ਹੈ "Truth is ever lasting" ਤੁਸੀਂ ਮੁੜ ਆਓ ਤੇ ਆਪਣੀ ਰਿਪੋਰਟ ਸੁਣਾਓ।

ਹੁਣ ਕਥਾ ਦਾ ਭੋਗ ਪੈ ਗਿਆ। ਅਰਦਾਸ ਮਗਰੋਂ ਕੜਾਹ ਪ੍ਰਸ਼ਾਦ ਵਰਤਾ ਕੇ ਸਾਰੀ ਸੰਗਤ ਹੇਠਲੇ ਕਮਰੇ ਵਿੱਚ ਆ ਗਈ ਅਤੇ ਏਨੇ ਨੂੰ ਕਮਿਸ਼ਨਰ ਵੀ ਮੁੜ ਆਇਆ। ਉਸ ਨੂੰ ਬੇਨਤੀ ਕੀਤੀ ਗਈ ਕਿ ਹੇਠਾਂ ਹੀ ਆਪਣੀ ਰਿਪੋਰਟ ਸੁਣਾਓ, ਅਸੀਂ ਆਪਣਾ ਗੁਰਮਤਾ ਉੱਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਕਰਾਂਗੇ। ਕਮਿਸ਼ਨਰ ਕਹਿਣ ਲੱਗਾ ਕਿ ਆਪਣਾ ਫੈਸਲਾ ਹੇਠਲੇ ਕਮਰੇ ਵਿੱਚ ਮੇਰੇ ਸਾਹਮਣੇ ਹੀ ਕਰੋ, ਪਰ ਸਾਧ ਸੰਗਤ ਨੇ ਆਖਿਆ, "ਨਹੀਂ ਨਹੀਂ, ਅਸੀਂ ਉਪਰ ਹੀ ਕਰਾਂਗੇ।" ਉਹ ਚਿੜ੍ਹ ਗਿਆ ਅਤੇ ਕਹਿਣ ਲੱਗਾ ਕਿ ਮੈਂ ਆਪਣੀ ਰਿਪੋਰਟ ਹੀ ਨਹੀ ਸੁਣਾਂਦਾ। ਸਾਧ ਸੰਗਤ ਨੇ ਕਿਹਾ, ਤੇਰੀ ਮਰਜ਼ੀ।" ਉਹ ਆਪਣਾ ਮੂੰਹ ਲੈ ਕੇ ਤੁਰ ਗਿਆ।

ਉਟਾਵੇ ਪਹੁੰਚਦਿਆਂ ਉਸ ਨੇ ਆਪਣੀ ਵਿਥਿਆ ਆਖ ਸੁਣਾਈ। ਜਦੋਂ ਕੈਨੇਡਾ ਦੀ ਗੌਰਮਿੰਟ ਪਾਸੋਂ ਹੋਰ ਕੋਈ ਚਾਰਾ ਨਾ ਚੱਲਿਆ ਤਦ ਉਨ੍ਹਾਂ ਨੇ ਜਨਰਲ ਸਨੇਵ, ਗਵਰਨਰ ਬ੍ਰਿਟਿਸ਼ ਹਾਂਡੂਰਸ ਨੂੰ ਸੱਦ

ਭੇਜਿਆ। ਉਹ ਹਿੰਦੁਸਤਾਨ ਰਹਿ ਆਇਆ ਸੀ ਤੇ ਪੰਜਾਬੀ ਉਰਦੂ ਤੋਂ ਚੰਗੀ ਤਰ੍ਹਾਂ ਜਾਣੂ ਸੀ। ਵੈਨਕੂਵਰ ਪੁਜਦੇ ਹੀ ਉਸ ਨੇ ਵੈਨਕੂਵਰ ਹੋਟਲ ਵਿੱਚ ਡੇਰਾ ਕੀਤਾ। ਦੂਜੇ ਦਿਨ ਇਹ ਜੁਗਤੀ ਵਰਤੀ ਕਿ ਸਿੱਖਾਂ ਦੇ ਘਰ ਘਰ ਫਿਰ ਕੇ ਸਭ ਨੂੰ ਪ੍ਰੇਰਿਆ, ਪਰ ਕਿਸੇ ਨੇ ਵੀ ਹਾਂਡੂਰਸ ਜਾਣ ਲਈ ਹਾਂ ਨਾ ਕੀਤੀ। ਜਨਰਲ ਸਨੇਵ ਫੇਰ ਵੀ ਸਿਪਾਹੀ ਸੀ; ਉਸਨੇ ਆਪਣੀ ਸਿੱਧੀ ਸਾਧੀ ਰਿਪੋਰਟ ਵੈਨਕੂਵਰ World ਵਿੱਚ ਛਪਵਾ ਦਿੱਤੀ, ਜਿਸਦਾ ਤੱਤ ਇਹ ਸੀ ਕਿ ਜੋ ਕੁਝ ਪ੍ਰੋ. ਤੇਜਾ ਸਿੰਘ ਨੇ ਆਖਿਆ ਹੈ ਉਹ ਬਿਲਕੁਲ ਠੀਕ ਹੈ। ਭਾਵੇਂ ਜੋਸ਼ ਦੇ ਸਮੇਂ ਕਰਕੇ ਅੱਖਰ ਕੁਝ ਤੇਜ਼ ਸਨ, ਪਰ ਸਾਰੇ ਸਿੱਖ ਚੰਗੀ ਹਾਲਤ ਵਿੱਚ ਹਨ। ਇੱਕ ਜੀਅ ਵੀ ਬ੍ਰਿਟਿਸ਼ ਕੋਲੰਬੀਆ ਨੂੰ ਛੱਡਣਾ ਨਹੀ ਚਾਹੁੰਦਾ। ਇਸ ਹਾਲਤ ਵਿੱਚ ਜੇਕਰ ਇਨ੍ਹਾਂ ਨੂੰ ਧੱਕੇ ਨਾਲ ਕੈਨੇਡਾ ਤੋਂ ਕੱਢਿਆ ਗਿਆ, ਤਾਂ ਹਿੰਦੁਸਤਾਨ ਵਿੱਚ ੫੦,੦੦੦ ਸਿੱਖ ਫੌਜ਼ ਦੇ ਵਿਗੜਨ ਦਾ ਡਰ ਹੈ, ਜਿਨ੍ਹਾਂ ਨੂੰ ਸੰਭਾਲਨ ਵਾਸਤੇ ਸਾਨੂੰ ਦੋ ਲੱਖ ਗੋਰੇ ਲਿਜਾਣੇ ਪੈਣਗੇ।

## ਕੈਨੇਡਾ ਵਿੱਚ ਅੰਮ੍ਰਿਤ ਪ੍ਰਚਾਰ ਅਤੇ ਗੁਰਦੁਆਰੇ ਬਨਾਉਣੇ

ਏਸ ਰਿਪੋਰਟ ਨੇ ਕੈਨੇਡਾ ਦੀ ਗੌਰਮਿੰਟ ਤੇ ਬੜਾ ਅਸਰ ਕੀਤਾ। ਉਨ੍ਹਾਂ ਨੇ ਆਪਣੇ ਸਾਰੇ ਜਤਨ ਛੱਡ ਕੇ ਸਿੱਖਾਂ ਨੂੰ ਕੈਨੇਡਾ ਵਿੱਚ ਹੀ ਟਿਕਣ ਦਿੱਤਾ। ਹੁਣ ਭਾਈ ਵਰਯਾਮ ਸਿੰਘ (ਸੁੰਦਰ ਸਿੰਘ), ਭਾਈ ਬਲਵੰਤ ਸਿੰਘ, ਭਾਈ ਹਰੀ ਸਿੰਘ ਅਤੇ ਭਾਈ ਵਰਯਾਮ ਸਿੰਘ ਦੇ ਨਾਲ ਵਿਕਟੋਰੀਆ ਤੇ ਸਾਰੇ ਪੈਸਿਫਿਕ ਕੋਸਟ ਤੇ ਅੰਮ੍ਰਿਤ ਪ੍ਰਚਾਰ ਦਾ ਪਹਿਲਾਂ ਦੌਰਾ ਆਰੰਭ ਹੋਇਆ। ਸਭ ਤੋਂ ਪਹਿਲਾਂ ਜੱਥਾ ਵਿਕਟੋਰੀਆ ਬੀ ਸੀ ਪੁੱਜਾ। ਜਹਾਜ਼ ਸ਼ਾਮ ਦੇ ਸੱਤ ਕੁ ਵਜੇ ਕਿਨਾਰੇ ਲੱਗਾ। ਭਾਈ ਬਲਵੰਤ ਸਿੰਘ ਜੀ ਗ੍ਰੰਥੀ, ਇੱਕ ਸਿੰਘਾਂ ਦੇ ਡੇਰੇ ਦੇ ਜਾਣੂ ਸਨ, ਸਾਨੂੰ ਉਥੇ ਲੈ ਗਏ। ਜਦੋਂ ਅਸੀਂ ਉਥੇ ਪਹੁੰਚੇ ਤਾਂ ਪ੍ਰੇਮੀ ਸ਼ਰਾਬ ਦੇ ਨਸ਼ੇ ਵਿੱਚ ਮਸਤ ਆਪਣੀਆਂ ਰੰਗ ਰਲੀਆਂ ਮਾਣ ਰਹੇ ਸਨ। ਭਾਈ ਬਲਵੰਤ ਸਿੰਘ ਜੀ ਨੇ ਇਹ ਦੇਖ ਕੇ ਕੁਝ ਤਰਕ ਖਾਧੀ, ਪਰ ਦਾਸ ਨੇ ਆਖਿਆ, "ਹੁਣ ਏਥੇ ਆ ਗਏ ਹਾਂ; ਭਲਾ ਏਸ ਵਿੱਚ ਹੀ ਹੈ ਕਿ ਇਨ੍ਹਾਂ ਪ੍ਰੇਮੀਆਂ ਦੇ ਕੋਲ ਹੀ ਰਹੀਏ।" ਭਾਵੇਂ ਸ਼ਰਾਬ ਪੀਤੀ ਹੋਈ ਸੀ, ਸਾਧ ਸੰਗਤ ਦਾ ਦਰਸ਼ਨ ਕਰਕੇ ਕੁਝ ਪ੍ਰੇਮੀ ਖਿੱਚੇ ਆਏ। ਬੜੇ ਅਦਬ ਨਾਲ ਬਿਠਾਇਆ ਤੇ ਭਾਜੀ ਦੇ ਟੀਨ ਖੋਲ੍ਹ ਕੇ ਪ੍ਰਸ਼ਾਦ ਤਿਆਰ ਕਰਨ ਲੱਗ ਪਏ।

ਜਦ ਅੰਨ ਪਾਣੀ ਤਿਆਰ ਹੋ ਗਿਆ ਤਾਂ ਬੜੀ ਰੀਝ ਨਾਲ ਸਾਧ ਸੰਗਤ ਨੂੰ ਛਕਾਇਆ ਤੇ ਸਾਰੇ ਆਪਣੀ ਆਪਣੀ ਥਾਂ ਬਿਰਾਜ ਗਏ। ਅੰਮ੍ਰਿਤ ਵੇਲੇ ਤਿੰਨ ਵਜੇ ਸਾਧ ਸੰਗਤ ਨੇਮ ਅਨੁਸਾਰ ਉਠੀ ਤੇ ਆਪਣਾ ਨਿੱਤਨੇਮ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰ ਕੇ ਆਸਾ ਜੀ ਦੀ ਵਾਰ ਦਾ ਕੀਰਤਨ ਆਰੰਭ ਹੋ ਗਿਆ।

ਕੀਰਤਨ ਮਗਰੋਂ ਦਾਸ ਨੂੰ ਕਥਾ ਕਰਨ ਦੀ ਆਗਿਆ ਹੋਈ। ਏਸ ਵੇਲੇ ਸ਼ਰਾਬ ਉਤਰ ਚੁੱਕੀ ਸੀ ਅਤੇ ਏਹ ਤੀਹ ਕੁ ਸੱਜਣ ਗੁਰਬਾਣੀ ਦੇ ਰੰਗ ਵਿੱਚ ਮਸਤ, ਰਾਖਸ਼ਾਂ ਤੋਂ ਦੇਵਤੇ ਬਣੇ ਹੋਏ ਸਨ। ਸ਼ਬਦ ਦੇ ਆਸਰੇ ਦਾਸ ਨੇ ਸਤਿਗੁਰੂ ਦਾ ਸੁਨੇਹਾ ਸੁਣਾਇਆ ਅਤੇ ਅੰਤਮ ਅਪੀਲ ਕੀਤੀ ਕਿ ਪ੍ਰੇਮੀਓ, ਏਨੇ ਦੂਰ ਪਰਾਏ ਦੇਸ਼ ਵਿੱਚ ਅਸਾਂ ਗੁਰੂ ਕਲਗੀਧਰ ਦੇ ਘਰ ਦਾ ਗਹਿਣਾ ਬਨਣਾ ਹੈ, ਨਾ ਕੇ ਉਲ੍ਹਾਮੇ ਦਾ ਘਰ। ਆਓ ਸ਼ਰਾਬ ਸ਼ਰੂਬ ਛੱਡ ਕੇ ਕਲਗੀਧਰ ਦੇ ਖੰਡੇ ਦਾ ਅੰਮ੍ਰਿਤ ਛਕ ਕੇ ਆਪਣਾ ਜਨਮ ਸਫਲਾ ਕਰੀਏ। ਪੰਦਰਾਂ ਵੀਹ ਸੱਜਣ ਅੰਮ੍ਰਿਤ ਛਕਣ ਲਈ ਉਸੇ ਵੇਲੇ ਤਿਆਰ ਹੋ ਗਏ। ਝਟ ਪਟ ਕੜਾਹ ਪ੍ਰਸ਼ਾਦ ਬਣ ਗਿਆ ਤੇ ਜਲ ਪਾਣੀ ਛਕ ਕੇ ਜੱਥਾ ਅੰਮ੍ਰਿਤ ਪ੍ਰਚਾਰ ਦੀ ਸੇਵਾ ਲਈ ਤਿਆਰ ਬਰ ਤਿਆਰ ਹੋ ਗਿਆ। ਪੰਜਾਂ ਸਿੰਘਾਂ ਨੇ ਮਰਯਾਦਾ ਅਨੁਸਾਰ ਅੰਮ੍ਰਿਤ ਦਾ ਬਾਟਾ ਤਿਆਰ ਕੀਤਾ ਤੇ ਜਥੇਦਾਰ ਨੇ ਸਭ ਨੂੰ ਛਕਾਇਆ। ਅੰਮ੍ਰਿਤ

ਪ੍ਰਚਾਰ ਦੇ ਮਗਰੋਂ ਦਾਸ ਨੇ ਭਰਾਵਾਂ ਅੱਗੇ ਬੇਨਤੀ ਕੀਤੀ ਕਿ ਵੀਰੋ ! ਤੁਸੀਂ ਏਨਾਂ ਕਮਾ ਕੇ ਭੰਗ ਦੇ ਭਾੜੇ ਗਵਾ ਦਿੰਦੇ ਹੋ, ਤੁਸੀਂ ਬਿਟ੍ਰਿਸ਼ ਕੋਲੰਬੀਆ ਦੀ ਰਾਜਧਾਨੀ ਵਿੱਚ ਰਹਿੰਦੇ ਹੋ, ਏਥੇ ਗੁਰੂ ਸੱਚੇ ਪਾਤਸ਼ਾਹ ਦਾ ਨਿਸ਼ਾਨ ਖੜ੍ਹਾ ਕਰ ਕੇ, ਕਿਉਂ ਆਪਣੀ ਕਮਾਈ ਸਫਲੀ ਨਹੀਂ ਕਰਦੇ ?

ਉਸੇ ਵੇਲੇ ਪ੍ਰੇਮੀ ਤਿਆਰ ਹੋ ਗਏ ਅਤੇ ਆਖਣ ਲੱਗੇ, "ਜੇ ਤੁਸੀ ਸਾਡੀ ਕਮੇਟੀ ਦੇ ਮੈਂਬਰ ਬਣ ਜਾਓ, ਤਾਂ ਅਸੀਂ ਹੁਣੇ ਹੀ ਮਾਇਆ ਇਕੱਤ੍ਰ ਕਰ ਕੇ ਗੁਰਦੁਆਰੇ ਸਾਹਿਬ ਲਈ ਜ਼ਮੀਨ ਖ਼ਰੀਦ ਲੈਂਦੇ ਹਾਂ। ਦਾਸ ਦੇ ਹਾਂ ਕਰਨ ਤੇ ਸਭ ਨੇ ਇੱਕ ਇੱਕ ਮਹੀਨੇ ਦੀ ਤਨਖਾਹ ਦੇਣੀ ਮੰਨ ਲਈ। ਕਮੇਟੀ ਬਣ ਗਈ ਅਤੇ ਮਿਸਟਰ ਰਾਬਰਟ ਵਿਲੀਅਮ ਕਲਾਰਕ ਜ਼ਮੀਨ ਦੇ ਏਜੰਟ ਦੀ ਰਾਹੀਂ, ਬੜੀ ਉੱਚੀ ਥਾਂ ਤੇ ਖੁੱਲ੍ਹੀ ਜ਼ਮੀਨ ਗੁਰਦੁਆਰੇ ਸਾਹਿਬ ਵਾਸਤੇ ਖਰੀਦੀ ਗਈ। ਮਿਸਟਰ ਕਲਾਰਕ ਦੀ ਘਰ ਵਾਲੀ ਦੀ ਬੇਨਤੀ ਪਰ, ਵਿਕਟੋਰੀਆ ਵਿਖੇ, ਸ਼ਹਿਰ ਦੇ ਉੱਘੇ ਹਾਲ ਵਿੱਚ ਧਰਮ ਲੈਕਚਰ ਵੀ ਹੋਏ। Mr. W Hall, ਉਹਦੀ ਸੁਪਤਨੀ ਤੇ ਭੁਝੰਗੀ ਅਤੇ ਵਿਕਟੋਰੀਆ ਦੇ ਹੋਰ ਕਈ ਗੋਰੇ ਸੱਜਣ ਗੁਰੂ ਘਰ ਦੇ ਸ਼ਰਧਾਲੂ ਬਣ ਗਏ। ਮਿਸਿਜ਼ ਕਲਾਰਕ ਨੂੰ ਤਾਂ ਸਿੱਖੀ ਪ੍ਰਚਾਰ ਦਾ ਏਨਾਂ ਸ਼ੌਕ ਹੋ ਗਿਆ ਕਿ ਉਸ ਨੇ ਦਾਸ ਪਾਸੋਂ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪੈਮਫਲੈਟ ਦੀ ਸ਼ਕਲ ਵਿੱਚ ਲੇਖ ਲਿਖਾ ਕੇ ਦੱਸ ਦੱਸ ਹਜ਼ਾਰ ਛਪਵਾ ਲਏ ਤੇ ਸਾਰੇ ਕੈਨੇਡਾ, ਅਮਰੀਕਾ ਤੇ ਯੂਰਪ ਵਿੱਚ ਡਾਕ ਰਾਹੀਂ ਵੰਡ ਦਿਤੇ।

ਵਿਕਟੋਰੀਆ ਤੋਂ ਜਥਾ ਪਾਸਪੋਰਟ ਲੈ ਕੇ ਸੀਏਟਲ ਅਮਰੀਕਾ ਵਿੱਚ ਪੁੱਜਾ। ਏਥੇ ਵਾਸ਼ਿੰਗਟਨ ਯੂਨੀਵਰਸਿਟੀ ਵਿੱਚ ਬਹੁਤ ਸਾਰੇ ਹਿੰਦੁਸਤਾਨੀ ਵੀਰ ਪੜ੍ਹਾਈ ਕਰਦੇ ਸਨ। ਸੁਆਮੀ ਸਤਦੇਵ ਵੀ ਓਨ੍ਹੀ ਦਿਨੀਂ ਏਥੇ ਹੀ ਪੜ੍ਹਦੇ ਸਨ। ਏਨ੍ਹਾਂ ਭਰਾਵਾਂ ਦਾ ਪ੍ਰੇਮ ਲੈ ਕੇ ਤੇ ਇੱਕ ਲੈਕਚਰ ਕਰ ਕੇ, ਪੋਰਟਲੈਂਡ ਜਾਣ ਦਾ ਕਮਰਕਸਾ ਕਰ ਲਿਆ। ਏਥੋਂ ਦੇ ਇੱਕ ਬੜੇ ਭਾਰੇ ਲੱਕੜੀ ਦੇ ਕਾਰਖਾਨੇ ਵਿੱਚ, ਖ਼ਾਲਸਾ ਦਾ ਇੱਕ ਤਕੜਾ ਜਥਾ ਕੰਮ ਕਰਦਾ ਸੀ। ਇਹ ਸਾਰੇ ਇੱਕ ਹੀ ਲੰਗਰ ਵਿੱਚ ਪ੍ਰਸ਼ਾਦ ਛਕਦੇ ਤੇ ਕਾਰਖਾਨੇ ਵੱਲੋਂ ਹੀ ਮਿਲੇ ਹੋਏ ਇੱਕ ਕਮਰੇ ਵਿੱਚ ਛੋਟੀ ਬੀੜ ਪ੍ਰਕਾਸ਼ ਕਰ ਕੇ ਸਤਿਸੰਗ ਵੀ ਕਰਦੇ। ਇੱਕ ਹਫ਼ਤਾ ਜਥਾ ਇੱਥੇ ਟਿਕਿਆ ਤੇ ਬਹੁਤ ਸਾਰੇ ਵੀਰਾਂ ਨੇ ਅੰਮ੍ਰਿਤ ਛੱਕ ਲਿਆ। ਭਾਈ ਪ੍ਰਤਾਪ ਸਿੰਘ ਜੀ, ਜੋ ਕੇਸਗੜ੍ਹ ਸਾਹਿਬ ਦੇ ਬਾਅਦ 'ਚ ਜਥੇਦਾਰ ਰਹੇ ਅਤੇ ਹੁਣ ਸੁਰਗਵਾਸ ਹੋ ਗਏ ਹਨ, ਇਨ੍ਹਾਂ ਦਿਨਾਂ ਵਿੱਚ ਕੈਲੇਫੋਰਨੀਆ ਵਿਖੇ ਇੱਕ ਨਵੀ ਬਣਦੀ ਲਾਈਨ ਵਿੱਚ ਕੰਮ ਕਰਦੇ ਸਨ। ਇਨ੍ਹਾਂ ਦੀ ਚਿੱਠੀ ਪਹਿਲਾਂ ਹੀ ਵੈਨਕੂਵਰ ਪੁੱਜ ਚੁਕੀ ਸੀ ਕਿ ਜਦੋਂ ਇਧਰ ਆਓ ਸਾਧ ਸੰਗਤ ਨੂੰ ਦਰਸ਼ਨ ਦੇਵੋ; ਬਹੁਤ ਸਾਰੇ ਪ੍ਰੇਮੀ ਅੰਮ੍ਰਿਤ ਛਕਣ ਲਈ ਤਿਆਰ ਹਨ।

ਪੋਰਟਲੈਂਡ ਤੋਂ ਇਨ੍ਹਾਂ ਨੂੰ ਤਰੀਕ ਅਤੇ ਵਕਤ ਦਿੱਤਾ ਗਿਆ। ਵੱਡੀ ਲਾਈਨ ਤੋਂ ਉਤਰ ਕੇ ਜਦ ਨਿੱਕੀ ਬਣਦੀ ਲਾਈਨ ਵੱਲ ਆਏ ਤਾਂ ਅਗੇ ਵਕਤ ਸਿਰ ਪਹੁੰਚਣ ਵਾਲੀ ਗੱਡੀ ਕੋਈ ਨਾ ਮਿਲੀ। ਖ਼ਾਸ ਇੰਜਣ ਤੇ ਡੱਬੇ ਦਾ ਇੰਤਜ਼ਾਮ ਕਰ ਕੇ ਜੱਥਾ ਉਡੀਕਵਾਨ ਵੀਰਾਂ ਪਾਸ ਪੁੱਜਾ। ਇੱਥੇ ਕੁਝ ਦਿਨ ਸਤਿਸੰਗ ਅਤੇ ਬਹੁਤ ਸਾਰੇ ਵੀਰਾਂ ਨੂੰ ਅੰਮ੍ਰਿਤ ਛਕਾਉਣ ਦੇ ਮਗਰੋਂ ਜੱਥਾ ਵੈਨਕੂਵਰ ਵਿੱਚ ਨਵਾਂ ਨਵਾਂ ਟਿੱਕ-ਟਿਕਾ ਹੋਣ ਦੇ ਕਾਰਨ ਪਿੱਛੇ ਮੁੜ ਪਿਆ। ਰਾਹ ਵਿੱਚ ਦੁਆਬੇ ਦੇ ਇੱਕ ਬੜੇ ਭਾਰੀ ਸਿੰਘਾਂ ਦੇ ਜੱਥੇ ਦਾ ਪਤਾ ਲੱਗਾ। ਸ਼ਾਮ ਦੇ ਚਾਰ ਕੁ ਵਜੇ ਉਥੇ ਅਪੜੇ। ਭਾਈ ਬਲਵੰਤ ਸਿੰਘ ਜੀ ਨੇ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੀ ਬੀੜ, ਇੱਕ ਬੈਂਤ ਦੀ ਸੁੰਦਰ ਟੋਕਰੀ ਵਿੱਚ ਬੜੇ ਅਦਬ ਨਾਲ ਫੜ੍ਹੀ ਹੋਈ ਸੀ। ਜਦ ਅਸੀਂ ਅੱਪੜੇ ਤਾਂ ਇਹ ਪ੍ਰੇਮੀ ਇੱਕ ਖੇਤ ਵਿੱਚ ਕੰਮ ਕਰ ਰਹੇ ਸਨ।

ਸਾਨੂੰ ਦੂਰੋਂ ਦੇਖ ਕੇ ਇੱਕ ਨੇ ਆਖਿਆ, "ਔਹ ਦੇਖੋ ਮਦਾਰੀ ਆ ਗਏ।" ਇਹ ਗੱਲ ਸੁਣ ਕੇ ਜਥੇ ਦੇ ਪ੍ਰੇਮੀ ਮੁੜਨ ਲੱਗੇ, ਪਰ ਦਾਸ ਦੀ ਬੇਨਤੀ ਪਰ ਧੀਰਜਵਾਨ ਹੋ ਕੇ ਅੱਗੇ ਡੇਰੇ ਤੇ ਪੁੱਜ ਗਏ। ਰਾਤ



ਸੰਤ ਤੇਜਾ ਸਿੰਘ ਜੀ ਵੈਨਕੂਵਰ ਕਨੇਡਾ ਵਿੱਚ ਭਾਈ ਭਾਗ ਸਿੰਘ, ਬੀਬੀ ਬਿਸ਼ਨ ਕੌਰ, ਕਾਕਾ ਮੁਕੰਦ ਸਿੰਘ,
ਕਾਕਾ ਹਰੀ ਸਿੰਘ ਅਤੇ ਹੋਰ ਪਤਵੰਤੇ ਸਜਣਾਂ ਨਾਲ ੧੯੦੯ ਵਿੱਚ

ਨੂੰ ਪ੍ਰੇਮੀਆਂ ਨੇ ਵਾਜਬੀ ਸੇਵਾ ਕੀਤੀ ਤੇ ਸਵੇਰੇ ਸਤਿਸੰਗ ਵੀ ਹੋਇਆ। ਭਾਵੇਂ ਪਹਿਲੀ ਵਾਰ ਕਿਸੇ ਅੰਮ੍ਰਿਤ ਨਾ ਛਕਿਆ, ਪਰ ਦੂਸਰੀ ਵਾਰੀ ਬਹੁਤ ਸਾਰੇ ਪ੍ਰੇਮੀ ਤਿਆਰ ਹੋ ਗਏ। ਜਦ ਵਾਪਸ ਵੈਨਕੂਵਰ ਪੁੱਜੇ ਤਾਂ ਸਟੇਸ਼ਨ ਤੋਂ ਉਤਰ ਕੇ ਬਾਹਰ ਟ੍ਰਾਮ ਵਿੱਚ ਚੜ੍ਹਨ ਲਈ ਆ ਰਹੇ ਸੀ ਕਿ ਇੱਕ ਪ੍ਰੇਮੀ ਭਾਈ ਹਰਨਾਮ ਸਿੰਘ ਜੀ ਨੇ ਕਿਸੇ ਪੁਠੇ ਰੰਗ ਵਿੱਚ ਮਸਤ ਦੋ ਤਿੰਨ ਸੋਟੀਆਂ ਦਾਸ ਦੇ ਲਾ ਦਿੱਤੀਆਂ ਤੇ ਦੋ ਤਿੰਨ ਭਾਈ ਬਲਵੰਤ ਸਿੰਘ ਨੂੰ ਟਿਕਾ ਦਿਤੀਆਂ। ਭਾਈ ਸਾਹਿਬ ਦੇ ਅੰਦਰ ਕੁਝ ਬੀਰ ਰਸ ਜਾਗ ਪਿਆ ਅਤੇ ਉਹ ਪ੍ਰੇਮੀ ਨੂੰ ਫੜ੍ਹ ਕੇ ਪੁਲਿਸ ਦੇ ਹਵਾਲੇ ਕਰਨ ਲੱਗੇ ਦਾਸ ਨੇ ਆਖਿਆ, "ਸ਼ਾਂਤੀ ਕਰੋ, ਆਪਣਾ ਹੀ ਅੰਗ ਹੈ।" ਭਾਵੇਂ ਇਹ ਪ੍ਰੇਮੀ ਭੁਲਿਆ ਹੋਇਆ ਹੈ, ਪਰ ਫੇਰ ਵੀ ਸਿੱਖ ਭਰਾ ਹੈ, ਜਾਣ ਦਿਓ। ਇਹ ਸੁਣ ਕੇ ਭਾਈ ਬਲਵੰਤ ਸਿੰਘ ਸ਼ਾਂਤ ਰਸ ਵਿੱਚ ਆ ਗਏ ਅਤੇ ਹੱਸ ਪਏ। ਆਖਣ ਲੱਗੇ, "ਏਸ ਵਿਚਾਰੇ ਦਾ ਕੀ ਦੋਸ਼ ਹੈ; ਇਹ ਤਾਂ ਕਿਸੇ ਦਾ ਚਕਿਆ ਚਾਇਆ, ਆਪਣੀ ਖੇਡ ਪੂਰੀ ਕਰਨ ਲਈ ਆ ਗਿਆ ਹੈ।" ਟ੍ਰਾਮ ਤੇ ਚੜ੍ਹ ਕੇ ਗੁਰਦੁਆਰੇ ਸਾਹਿਬ ਪੁੱਜੇ। ਉੱਥੇ ਕਥਾ ਕੀਰਤਨ ਤੇ ਕੰਪਨੀ ਦੇ ਦਫ਼ਤਰ ਦਾ ਕਾਰਜ ਆਰੰਭ ਹੋ ਗਿਆ। ਇੱਕ ਦਿਨ ਭਰੇ ਦੀਵਾਨ ਵਿੱਚ ਇੱਕ ਗੋਰੀ ਇਸਤ੍ਰੀ ਵਿਨੀਪੈਗ ਤੋਂ ਪੁੱਜੀ। ਉਸ ਨੇ ਆ ਕੇ ਬੇਨਤੀ ਕੀਤੀ ਕਿ ਮੈਨੂੰ ਪੰਜ ਦਿਨ ਹੋਏ, ਅੰਮ੍ਰਿਤ ਵੇਲੇ ਇੱਕ ਦਸਤਾਰ ਵਾਲੇ ਸੁੰਦਰ ਤੇ ਨੂਰਾਨੀ ਚਿਹਰੇ ਤੇ ਕਾਲੀ-ਭੋਰ ਦਾਹੜੀ ਦੇ ਦਰਸ਼ਨ ਹੋਏ। ਉਹਨਾਂ ਨੇ ਆਖਿਆ ਕਿ ਜੇ ਧਰਮ ਦੀ ਖੋਜ ਦੇ ਰਸਤੇ ਤੇ ਟੁਰਨਾ ਹੈ ਤਾਂ ਵੈਨਕੂਵਰ ਦੇ ਗੁਰਦੁਵਾਰੇ ਜਾਓ। ਇਸ ਅਰਸ਼ੀ ਹੁਕਮ ਦੀ ਬੱਧੀ ਮੈਂ ਏਥੇ ਆਈ ਹਾਂ। ਪ੍ਰੇਮਣ ਦੀ ਬੇਨਤੀ ਸੁਣ ਕੇ ਉਸ ਨਾਲ ਸ਼ਬਦ ਦੀ ਵੀਚਾਰ ਕੀਤੀ ਗਈ ਅਤੇ ਉਸ ਦੀ ਨਿਸ਼ਾ ਹੋ ਗਈ। ਕੁਝ ਦਿਨ ਵੈਨਕੂਵਰ ਠਹਿਰ ਉਹ ਵਾਪਸ ਆਪਣੇ ਘਰ ਚਲੀ ਗਈ।

# ਕਾਂਡ ੧੧

**ਆਸਾ ਘਰੁ ੭ ਮਹਲਾ ੫ ॥**

**ਹਰਿ ਕਾ ਨਾਮੁ ਰਿਦੈ ਨਿਤ ਧਿਆਈ ॥ ਸੰਗੀ ਸਾਥੀ ਸਗਲ ਤਰਾਂਈ ॥੧॥**

**ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ॥ ਸਿਮਰਿ ਸਿਮਰਿ ਤਿਸੁ ਸਦਾ ਸਮ੍ਾਲੇ ॥੧॥ ਰਹਾਉ ॥**

**ਤੇਰਾ ਕੀਆ ਮੀਠਾ ਲਾਗੈ ॥ ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ ॥੨॥੪੨॥੯੩॥ (੩੯੪)**

## ਕੈਨੇਡਾ ਵਿੱਚ ਅੰਮ੍ਰਿਤ ਪ੍ਰਚਾਰ

ਪਿੱਛੇ ਅਸੀਂ ਵਰਨਣ ਕਰ ਆਏ ਹਾਂ ਕਿ ਅੰਮ੍ਰਿਤ ਪ੍ਰਚਾਰ ਦਾ ਜੱਥਾ ਵਿਕਟੋਰੀਆ, ਸੀਏਟਲ, ਪੋਰਟਲੈਂਡ ਅਤੇ ਕੈਲੀਫੋਰਨੀਆ ਵਿੱਚ ਗੁਰੂ ਸੱਚੇ ਪਾਤਸ਼ਾਹ ਦੇ ਖੰਡੇ ਦੀ ਪਾਹੁਲ ਛਕਾਉਣ ਲਈ ਗਿਆ ਤਦ ਸੈਂਕੜੇ ਪ੍ਰੇਮੀਆਂ ਨੂੰ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਾਉਂਦਾ ਹੋਇਆ ਫੇਰ ਵੈਨਕੂਵਰ ਵੱਲ ਮੁੜ ਪਿਆ। ਪ੍ਰੇਮ ਦੇ ਬਚਨ ਬਿਲਾਸ ਕਰਦੇ ਅਸੀਂ ਹੌਲੀ-ਹੌਲੀ ਪੈਦਲ ਹੀ ਵੈਨਕੂਵਰ ਗੁਰਦੁਆਰਾ ਸਾਹਿਬ ਵਿੱਚ ਪੁੱਜ ਗਏ। ਇਸ਼ਨਾਨ ਪਾਣੀ ਕਰ, ਗੁਰੂ ਸੱਚੇ ਪਾਤਸ਼ਾਹ ਦੇ ਦਰਸ਼ਨ ਕਰ ਕੇ ਨਿਹਾਲ ਹੋਏ ਅਤੇ ਸਾਰੇ ਥਕੇਵੇਂ ਅਤੇ ਨਿਰਾਦਰੀਆਂ ਦੇ ਰੋਸ ਲਹਿ ਗਏ।

ਐਤਵਾਰ ਦਾ ਦੀਵਾਨ ਤੀਜੇ ਕੁ ਦਿਨ ਸੀ। ਥਾਂ-ਥਾਂ ਸਾਧ ਸੰਗਤ ਨੂੰ ਖਬਰ ਕਰ ਦਿੱਤੀ ਕਿ ਜੱਥਾ ਪ੍ਰਚਾਰ ਕਰ ਕੇ ਮੁੜ ਆਇਆ ਹੈ। ਗੁਰਮੁੱਖ ਪਿਆਰੇ ਦਰਸ਼ਨ ਦੇ ਕੇ ਨਿਹਾਲ ਕਰਨ ਅਤੇ ਜੱਥੇ ਦੀ ਸਾਰੀ ਵਿਥਿਆ ਸੁਣਨ।

ਨੀਯਤ ਸਮੇਂ ਐਤਵਾਰ ਵਾਲੇ ਦਿਨ, ਪੰਜ ਛੇ ਹਜ਼ਾਰ ਸੰਗਤ ਦਾ ਜੋੜ ਮੇਲ ਹੋਇਆ। ਕਥਾ ਕੀਰਤਨ ਦੇ ਮਗਰੋਂ ਭਾਈ ਬਲਵੰਤ ਸਿੰਘ ਨੇ ਜੱਥੇ ਦੀ ਸਾਰੀ ਰਿਪੋਰਟ ਸੁਣਾਈ। ਵੀਰਾਂ ਵਿੱਚ ਅੰਮ੍ਰਿਤ ਪ੍ਰਚਾਰ ਦੀ ਖ਼ਬਰ ਸੁਣ ਕੇ ਹਰ ਇੱਕ ਸਿੱਖ ਦਾ ਹਿਰਦਾ ਖਿੜ ਗਿਆ। ਸਾਰਿਆਂ ਨੂੰ ਉਤਸ਼ਾਹ ਹੋਇਆ ਕਿ ਜਿਹੜੇ ਭਰਾ ਕੈਨੇਡਾ ਵਿੱਚ ਅਜੇ ਰਹਿਤ ਬਹਿਤ ਤੋਂ ਹੀਣੇ ਹਨ, ਉਹ ਵੀ ਤਿਆਰ ਬਰ ਤਿਆਰ ਹੋ ਜਾਣ। ਏਸ ਗੁਰਮਤੇ ਅਨੁਸਾਰ, ਕੈਨੇਡਾ ਵਿੱਚ ਵੀ ਅੰਮ੍ਰਿਤ ਪ੍ਰਚਾਰ ਦੀ ਲਹਿਰ ਚੱਲ ਪਈ। ਵੈਨਕੂਵਰ, ਪੋਰਟਮੂਡੀ, ਮਿਲਸਾਈਟ, ਐਬਟਸਫੋਰਡ, ਜਿੱਥੇ ਜਿੱਥੇ ਸਿੱਖ ਸੰਗਤਾਂ ਸਨ, ਬਹੁਤ ਸਾਰੇ ਵੀਰਾਂ ਨੇ ਅੰਮ੍ਰਿਤ ਛਕਿਆ। ਪ੍ਰਚਾਰ ਦਾ ਵਾਧਾ ਦੇਖ ਅਤੇ ਹੋਰ ਸਾਰੀ ਹਾਲਤ ਦਾ ਵੀਚਾਰ ਕਰ ਕੇ ਜਥੇਬੰਦੀ ਦੀ ਲੋੜ ਪ੍ਰਤੀਤ ਹੋਈ। ਇਹਨਾਂ ਦਿਨਾਂ ਵਿੱਚ ਹੀ ਖ਼ਾਲਸਾ ਦੀਵਾਨ ਵੈਨਕੂਵਰ ਦੇ ਨਿਯਮ ਤੇ ਉਪ-ਨਿਯਮ ਬਣਾ ਕੇ ਇਸ ਨੂੰ ਰਜਿਸਟਰ ਕਰਾਇਆ ਗਿਆ।

ਕੁਝ ਚਿਰ ਏਸੇ ਤਰ੍ਹਾਂ ਸੇਵਾ ਅਤੇ ਪ੍ਰਚਾਰ ਦਾ ਦੌਰ ਕੈਨੇਡਾ ਵਿੱਚ ਚੱਲਿਆ। ਫੇਰ ਅਮਰੀਕਾ ਦੇ ਸੱਜਣਾਂ ਵਲੋਂ ਪਲੀਜ਼ੈਨਟਨ ਕੈਲੀਫੋਰਨੀਆਂ ਤੋਂ ਚਿੱਠੀ ਆਈ ਕਿ ਏਸ ਜਗ੍ਹਾ ਦਾ ਸਾਰਾ ਜੱਥਾ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ ਲਈ ਤਾਂਘ ਰਿਹਾ ਹੈ। ਸਾਧ ਸੰਗਤ ਕਿਰਪਾ ਕਰ ਕੇ ਅੰਮ੍ਰਿਤ ਪ੍ਰਚਾਰ ਦਾ ਜੱਥਾ ਭੇਜੇ।

ਚਿੱਠੀ ਪੁਜਦੇ ਹੀ ਏਸ 'ਤੇ ਵੀਚਾਰ ਹੋਈ ਅਤੇ ਥੋੜ੍ਹੇ ਦਿਨਾਂ ਮਗਰੋਂ ਹੀ ਜੱਥਾ ਅੰਮ੍ਰਿਤ ਪ੍ਰਚਾਰ ਕਰਨ ਲਈ ਕੈਲੀਫੋਰਨੀਆਂ ਵੱਲ ਤੁਰ ਪਿਆ। ਰਾਹ ਵਿੱਚ ਪੋਰਟਲੈਂਡ ਠਹਿਰਦਾ ਹੋਇਆ ਪਲੀਜ਼ੈਨਟਨ

ਪੁੱਜਾ। ਏਥੇ ਸਾਧ ਸੰਗਤ ਦਾ ਉਤਸ਼ਾਹ ਹੱਦ ਤੋਂ ਪਰੇ ਸੀ। ਹਰ ਇੱਕ ਸਿੱਖ ਦਾ ਹਿਰਦਾ ਗਦ-ਗਦ ਹੋ ਗਿਆ ਅਤੇ ਇੱਕ ਹਫਤਾ ਬੜਾ ਪ੍ਰੇਮ ਭਰਿਆ ਸਤਿਸੰਗ ਹੋਇਆ। ਸਾਰੇ ਜੱਥੇ ਨੇ ਰਹਿਤ ਮਰਿਯਾਦਾ ਪੂਰੀ ਕਰ ਕੇ ਅੰਮ੍ਰਿਤ ਛਕਿਆ। ਭਾਈ ਪ੍ਰਤਾਪ ਸਿੰਘ (ਅੱਜ ਕਲ੍ਹ ਜਥੇਦਾਰ ਅਨੰਦਪੁਰ ਸਾਹਿਬ) ਦਾ ਜੱਥਾ ਵੀ ਨੇੜੇ ਹੀ ਸੀ। ਉਹਨਾਂ ਨੇ ਅਰਜ਼ ਕਰ ਭੇਜੀ ਕਿ ਸਾਧ ਸੰਗਤ ਦਰਸ਼ਨ ਦੇ ਕੇ ਨਿਹਾਲ ਕਰੇ। ਜੱਥਾ ਉਹਨਾਂ ਦੇ ਪਾਸ ਵੀ ਪੁੱਜਾ ਅਤੇ ਕਈ ਥਾਵਾਂ ਤੇ ਅੰਮ੍ਰਿਤ ਪ੍ਰਚਾਰ ਕਰਦਾ ਹੋਇਆ ਵੈਨਕੂਵਰ ਮੁੜ ਆਇਆ।

ਏਸ ਵੇਲੇ ਖ਼ਾਲਸੇ ਜੀ ਦਾ ਵੈਨਕੂਵਰ ਵਿੱਚ ਪੂਰਾ ਟਿਕਟਿਕਾ ਹੋ ਗਿਆ ਸੀ। ਬਾਹਰ ਦੀ ਕੋਈ ਤਾਕਤ ਵੀ ਹੁਣ ਇਹਨਾਂ ਨੂੰ ਛੇੜ ਨਹੀਂ ਸੀ ਸਕਦੀ। ਪਰ ਕਰਤਾਰ ਦੀ ਨੇਤ, ਬੰਦਗੀ ਦੇ ਘਾਟੇ ਕਰਕੇ ਜੀਵਾਂ ਦੇ ਸੁਭਾਵ ਜਾਗ ਪਏ ਅਤੇ ਆਪਸ ਵਿੱਚ ਭਰਾਵਾਂ ਭਰਾਵਾਂ ਦੀ ਖਿਚੋਤਾਣ ਵਧਣੀ ਸ਼ੁਰੂ ਹੋ ਗਈ। ਕਿੱਥੇ ਉਹ ਸਮਾਂ ਕਿ ਔਖੇ ਵੇਲੇ ਇੱਕ ਸਰੀਰ ਦੇ ਇਸ਼ਾਰੇ ਤੇ ਸਾਰੇ ਦੇ ਸਾਰੇ ਸਿਰ ਧੜ ਦੀ ਬਾਜ਼ੀ ਲਾਉਣ ਨੂੰ ਤਿਆਰ ਸਨ। ਹੁਣ ਸੁੱਖ ਦੇ ਵੇਲੇ ਪਾਟ ਗਏ ਅਤੇ ਭਰਾ ਭਰਾ ਨੂੰ ਦੇਖ ਕੇ ਚਿੜ੍ਹਨ ਲੱਗ ਪਿਆ। ਸਤਿਗੁਰੂ ਨੇ ਸੱਚ ਫੁਰਮਾਇਆ ਹੈ। **"ਦੁਖੁ ਦਾਰੂ ਸੁਖੁ ਰੋਗੁ ਭਇਆ"** ( ੪੬੯ ) ਏਸੇ ਪ੍ਰਥਾਇ ਸੰਤ ਜੀ ਮਹਾਰਾਜ ਦੀ ਇੱਕ ਸਾਖੀ ਯਾਦ ਆਉਂਦੀ ਹੈ। ਕਿਸੇ ਗੁਰਮੁੱਖ ਨੇ ਸੰਤ ਜੀ ਮਹਾਰਾਜ ਨੂੰ ਪੁੱਛਿਆ ਕਿ ਸੱਚੇ ਪਾਤਸ਼ਾਹ ਕਿ "ਖ਼ਾਲਸਾ ਉਹੋ ਪੁਰਾਤਨ ਖ਼ਾਲਸਾ ਹੈ ?" ਸੰਤ ਜੀ ਮਹਰਾਜ ਨੇ ਫੁਰਮਾਇਆ, "ਹਾਂ ਭਾਈ, ਉਹੋ ਹੀ ਹੈ।" ਫੇਰ ਪ੍ਰੇਮੀ ਨੇ ਪੁੱਛਿਆ, "ਅਗਲੇ ਸ਼ਹੀਦ ਮੁਰੀਦ ਕਿੱਥੇ ਹਨ, ਨਜ਼ਰ ਨਹੀਂ ਆਉਂਦੇ।" ਸੰਤ ਜੀ ਮਹਾਰਾਜ ਲੰਮਾ ਸਾਹ ਭਰ ਕੇ ਬੋਲੇ, "ਭਾਈ ਵਿੱਚੇ ਹੀ ਹਨ, ਪਰ ਸੁੱਖਾਂ ਨੇ ਦੱਬ ਲਏ ਹਨ।"

ਇੱਕ ਪਾਸੇ ਤਾਂ ਕੁਦਰਤ ਨੇ ਇਹ ਖੇਡ ਵਰਤਾ ਦਿੱਤੀ। ਦੂਜੇ ਪਾਸੇ ਕੈਨੇਡਾ ਵਿੱਚ ਕੁਝ ਸੰਗਤਾਂ ਅੰਮ੍ਰਿਤ ਛਕਣ ਲਈ ਤਿਆਰ ਹੋ ਗਈਆਂ। ਤੀਜੇ ਇਹ ਖਿਆਲ ਆਇਆ ਕਿ ਲੰਡਨ ਵਿੱਚ ਵੀ ਸੰਤ ਜੀ ਮਹਾਰਾਜ ਦਾ ਹੁਕਮ ਪੂਰਾ ਕਰਨਾ ਹੈ। ਉੱਥੇ ਧਰਮਸਾਲਾ ਦਾ ਨਿਸ਼ਾਨ ਸਾਹਿਬ ਖੜ੍ਹਾ ਹੋਣਾ ਹੈ। ਸਾਰੀਆਂ ਗੱਲਾਂ ਸੋਚ ਕੇ ਦਾਸ ਪ੍ਰਵਾਰ ਸਮੇਤ, ਅੰਮ੍ਰਿਤ ਪ੍ਰਚਾਰ ਜੱਥਾ ਨਾਲ ਲੈ, ਵੈਨਕੂਵਰ ਤੋਂ ਤੁਰ ਪਿਆ। ਰਸਤੇ ਵਿੱਚ ਸਾਧ ਸੰਗਤ ਦੇ ਦਰਸ਼ਨ ਕਰਦਾ, ਕੈਨੇਡਾ ਦੀ ਉਸ ਮਿਲ ਵਿੱਚ ਪੁੱਜਾ ਜਿਥੇ ਕਿ ਭਰਾਵਾਂ ਨੇ ਅੰਮ੍ਰਿਤ ਛਕਣਾ ਸੀ। ਕਈ ਦਿਨ ਦੇ ਸਤਿਸੰਗ ਅਤੇ ਅੰਮ੍ਰਿਤ ਪ੍ਰਚਾਰ ਦੇ ਮਗਰੋਂ, ਦਾਸ ਇੱਕ ਸਿੱਖ ਭਾਈ ਹਰੀ ਸਿੰਘ ਨੂੰ ਨਾਲ ਲੈ ਕੇ ਨਿਊਯਾਰਕ (New York) ਵੱਲ ਤੁਰ ਪਿਆ। ਚਿੱਤ ਵਿੱਚ ਖਿਆਲ ਸੀ ਕਿ ਭਾਈ ਹਰੀ ਸਿੰਘ, ਲੰਡਨ ਜਾ ਕੇ ਓਥੇ ਅੰਮ੍ਰਿਤ ਪ੍ਰਚਾਰ ਦੀ ਸੇਵਾ ਵਿੱਚ ਹਾਜ਼ਰ ਹੋਣਗੇ। ਪਰ ਕਰਤਾਰ ਦੀ ਰਜ਼ਾ ਵਿੱਚ ਇਹ ਨਿਊਯਾਰਕ ਤੋਂ ਹੀ ਉਦਾਸ ਹੋ ਕੇ ਵਿਕਟੋਰੀਆ ਮੁੜ ਆਏ।

ਭਾਈ ਹਰੀ ਸਿੰਘ ਗੁਰਮੱਖ ਅਤੇ ਸੱਜਣ ਪੁਰਸ਼ ਸਨ। ਇਹਨਾਂ ਨੇ ਹੀ ਬਾਵਾ ਖੇਮ ਸਿੰਘ ਬੇਦੀ ਦਾ, ਜਦ ਉਹ ਨਿਊਯਾਰਕ ਤੋਂ ਵਿਕਟੋਰੀਆ ਆਏ, ਪਾਜ ਖੋਹਲਿਆ ਸੀ ਅਤੇ ਸ਼ਰਾਬ ਪੀਦਿਆਂ ਉਹਨਾਂ ਦੀ ਲਾਹ ਪਾਹ ਵੀ ਕੀਤੀ ਸੀ।

ਨਿਊਯਾਰਕ ਤੋਂ ਜਹਾਜ਼ ਚੜ੍ਹ ਦਾਸ ਲੰਡਨ ਵੱਲ ਤੁਰ ਪਿਆ ਤੇ ਹਫਤੇ ਮਗਰੋਂ ਓਥੇ ਜਾ ਪੁੱਜਾ। ਹੈਮਪਸਟੈਡ ਹੀਥ (Hampstead Heath) ਇੱਕ ਇਕਾਂਤ ਮੁਹੱਲੇ ਵਿੱਚ ਡੇਰਾ ਲਾਇਆ। ਅਗਲੇ ਐਤਵਾਰ ਲਈ ਸਾਰੇ ਇੰਗਲੈਂਡ, ਸਕਾਟਲੈਂਡ ਦੇ ਸਿੱਖ ਵਿਦਿਆਰਥੀਆਂ ਨੂੰ ਸੱਦਾ-ਪੱਤਰ ਭੇਜ ਕੇ ਬੁਲਾਇਆ ਅਤੇ ਲੰਡਨ ਵਿੱਚ ਗੁਰਦੁਵਾਰਾ ਖੋਲ੍ਹਣ ਦੀ ਵੀਚਾਰ ਕੀਤੀ।

ਅਜੇ ਲੰਡਨ ਪਹੁੰਚਿਆਂ ਦੋ ਕੁ ਹਫਤੇ ਹੀ ਹੋਏ ਸਨ ਕਿ ਵੈਨਕੂਵਰ ਦੇ ਵੀਰਾਂ ਦੀ ਇੱਕ ਖ਼ਾਸ ਚਿੱਠੀ ਅਤੇ ਓਥੇ ਪੁੱਜਣ ਲਈ ਕਿਰਾਇਆ ਆ ਗਿਆ। ਇਸ ਨੂੰ ਪੜ੍ਹਦਿਆਂ ਹੀ, ਦਾਸ ਨੇ ਸਭ ਤੋਂ ਵੱਡੇ

ਅਤੇ ਤੇਜ ਜਹਾਜ਼ ਮੌਰੀਟੇਨੀਆ (Mauritania) ਦਾ ਟਿਕਟ ਖ਼ਰੀਦ ਲਿਆ ਅਤੇ ਪਰਿਵਾਰ ਨੂੰ ਲੰਡਨ ਛੱਡ ਵੈਨਕੂਵਰ ਵੱਲ ਤੁਰ ਪਿਆ।

## ਗਿਆਨ ਦਾ ਪ੍ਰਕਾਸ਼ ਮਸ਼ਰਕ (ਪੂਰਬ, East) ਵੱਲੋਂ ਹੀ ਆਵੇਗਾ

ਪੰਜਵੇਂ ਦਿਨ ਜਹਾਜ਼ ਨਿਊਯਾਰਕ ਜਾ ਲੱਗਾ। ਏਥੋਂ ਸ਼ਿਕਾਗੋ ਦੇ ਰਸਤੇ ਵੈਨਕੂਵਰ ਦਾ ਟਿਕਟ ਲਿਆ। ਜਦ ਗੱਡੀ ਸ਼ਿਕਾਗੋ ਪੁੱਜੀ ਤਦ ਇੱਕ ਰਾਤ ਅਰਾਮ ਕਰਨ ਲਈ ਸ਼ਹਿਰ ਵਿੱਚ ਡੇਰਾ ਕੀਤਾ। ਕੁਦਰਤੀ ਅਗਲੀ ਸਵੇਰ ਐਤਵਾਰ ਸੀ। ਰਾਤ ਸਮੇਂ ਕਈ ਸੱਜਣਾਂ ਨੂੰ ਪੁੱਛਿਆ ਕਿ ਭਾਈ ਏਸ ਸ਼ਹਿਰ ਵਿੱਚ ਕੋਈ ਵੀਚਾਰਵਾਨ ਪੁਰਸ਼ ਵੀ ਹੈ? ਸਾਰੇ ਪ੍ਰੇਮੀਆਂ ਨੇ ਆਖਿਆ ਕਿ ਪਾਦਰੀ ਜੋਨਜ਼ (Rev Jenkin Llyod Jones) ਇੱਕ ਬੜੇ ਸੱਜਣ ਅਤੇ ਵਿਦਵਾਨ ਪੁਰਸ਼ ਹਨ। ਉਹ ਹਰ ਐਤਵਾਰ ਸਵੇਰ ਦੇ ਵੇਲੇ ਸ਼ਿਕਾਗੋ ਦੇ ਸਭ ਤੋਂ ਵੱਡੇ ਯੂਨੀਟੇਰੀਅਨ ਚਰਚ ਵਿੱਚ ਉਪਦੇਸ਼ ਕਰਦੇ ਹਨ। ਦਾਸ ਨੇ ਗਿਰਜੇ ਦਾ ਸਾਰਾ ਪਤਾ ਲਿਖ ਲਿਆ ਅਤੇ ਰਾਤ ਅਰਾਮ ਨਾਲ ਸੌਂ ਗਿਆ। ਅੰਮ੍ਰਿਤ ਵੇਲੇ ਪਹਿਰ ਦੇ ਤੜਕੇ ਇਸ਼ਨਾਨ ਪਾਣੀ ਕਰ ਆਪਣੇ ਨਿੱਤਨੇਮ ਤੋਂ ਫਾਰਗ ਹੋ ਜਲ-ਪਾਣੀ ਛਕ, ਸਿੱਧਾ ਏਸ ਗਿਰਜੇ ਵੱਲ ਤੁਰ ਪਿਆ।

ਜਦ ਗਿਰਜੇ ਵਿੱਚ ਪੁੱਜਾ ਤਾਂ ਕੀ ਦੇਖਿਆ ਕਿ ਦਸ ਹਜ਼ਾਰ ਦੇ ਕਰੀਬ ਮਾਈ-ਭਾਈ ਚੁੱਪ-ਚਾਪ ਇੱਕ ਸੱਤਰ ਸਾਲ ਦੇ ਸਫ਼ੈਦਰੀਸ਼, ਸੁੰਦਰ ਮੂਰਤ, ਖਿੜੇ ਹੋਏ ਮੱਥੇ ਵਾਲੇ ਪਾਦਰੀ ਦਾ ਉਪਦੇਸ਼ ਸੁਣ ਰਹੇ ਹਨ। ਦਾਸ ਵੀ ਚੁਪੀਤਾ ਗੈਲਰੀ ਦੀ ਇੱਕ ਗੁਠੇ ਬਹਿ ਗਿਆ ਅਤੇ ਏਸ ਰੱਬ ਦੇ ਬੰਦੇ ਦਾ ਕਥਨ ਬੜੇ ਗਹੁ ਨਾਲ ਸੁਣਦਾ ਰਿਹਾ।

ਜਦ ਉਪਦੇਸ਼ (Sermon) ਦਾ ਭੋਗ ਪੈ ਗਿਆ ਤਦ ਦਾਸ ਨੇ ਆਪਣਾ ਕਾਰਡ ਪਾਦਰੀ ਜੋਨਜ਼ ਦੀ ਸੇਵਾ ਵਿੱਚ ਭੇਜ ਦਿੱਤਾ। ਥੋੜ੍ਹੇ ਹੀ ਚਿਰ ਮਗਰੋਂ ਇੱਕ ਪੁਜਾਰੀ ਆਇਆ ਤੇ ਦਾਸ ਨੂੰ ਗਿਰਜੇ ਦੀ ਲਾਇਬਰੇਰੀ ਵਿੱਚ ਲੈ ਗਿਆ। ਉੱਥੇ ਪਾਦਰੀ ਜੋਨਜ਼ ਬੈਠੇ ਸਨ। ਦਾਸ ਨੂੰ ਦੇਖਦਿਆਂ ਹੀ ਬੜੇ ਪ੍ਰੇਮ ਨਾਲ ਖਲੋ ਗਏ। ਹੱਥ ਮਿਲਾਇਆ ਅਤੇ ਆਪਣੇ ਸਾਹਮਣੇ ਇੱਕ ਕੁਰਸੀ 'ਤੇ ਬਿਠਾ ਲਿਆ। ਆਪਸ ਵਿੱਚ ਪਰਸਪਰ ਬਚਨ-ਬਿਲਾਸ ਦੇ ਮਗਰੋਂ ਕੁਝ ਧਰਮ 'ਤੇ ਵਾਰਤਾਲਾਪ ਚੱਲ ਪਿਆ। ਇਹ ਪਾਦਰੀ ਜੀ ਬੜੇ ਖੁੱਲ੍ਹੇ ਦਿਲ ਵਾਲੇ ਸਨ। ਇਹਨਾਂ ਨੇ ਹੀ ਸ਼ਿਕਾਗੋ ਵਿੱਚ ਸਾਰੀ ਦੁਨੀਆਂ ਦੀ ਧਰਮ ਦੀ ਪਾਰਲੀਮੈਂਟ (Parliament) ਬੁਲਾਈ ਸੀ ਜਿਸ ਵਿੱਚ ਸੁਆਮੀ ਵਿਵੇਕਾਨੰਦ ਜੀ ਨੇ ਵੀ ਹਿੱਸਾ ਲਿਆ ਸੀ। ਧਰਮ ਦੇ ਵਿਸ਼ੇ ਦੀ ਵੀਚਾਰ ਕਰਦਿਆਂ-ਕਰਦਿਆਂ ਸਿੱਖੀ ਮਾਰਗ 'ਤੇ ਵੀ ਗੱਲਬਾਤ ਤੁਰ ਪਈ। ਸਹਿਜ-ਸੁਭਾਏ ਦਾਸ ਨੇ ਗੁਰੂ ਨਾਨਕ ਸਾਹਿਬ ਦੇ ਘਰ ਦੀ ਮਹਿਮਾ ਅਤੇ ਉਹਨਾਂ ਦੀ ਗੁਰਬਾਣੀ ਦੀ ਵੀਚਾਰ ਸੁਣਾਈ। ਪਾਦਰੀ ਜੋਨਜ਼ ਇੱਕ ਖਾਸ ਰੰਗ ਵਿੱਚ ਆ ਗਏ। ਕੁਰਸੀ ਤੋਂ ਉੱਠ ਖਲੋਤੇ ਅਤੇ ਦਾਸ ਦਾ ਹੱਥ ਫੜ੍ਹ ਬੜੇ ਜ਼ੋਰ ਨਾਲ ਦਸਤ ਪੰਜਾ ਲਿਆ। ਪ੍ਰੇਮ ਵਿੱਚ ਮਸਤ ਬੜੇ ਜੋਸ਼ ਵਿੱਚ ਇਹ ਬਚਨ ਉਨ੍ਹਾਂ ਦੇ ਮੂੰਹੋਂ ਨਿਕਲੇ, "Brother Teja Singh Light shall again come from the East. We in the West are quite unfit for it." (ਭਾਈ ਤੇਜਾ ਸਿੰਘ ਜੀ, ਗਿਆਨ ਦਾ ਪ੍ਰਕਾਸ਼ ਫੇਰ ਪੂਰਬ ਵੱਲੋਂ ਹੀ ਆਵੇਗਾ, ਅਸੀਂ ਪੱਛਮੀ ਲੋਕ ਏਸ ਗੱਲ ਤੋਂ ਵਾਂਝੇ ਹਾਂ।) ਇਹ ਗੱਲ ਕਹਿ ਕੁਰਸੀ 'ਤੇ ਸਜ ਗਏ। ਦਾਸ ਵੀ ਸਾਹਮਣੇ ਬਹਿ ਗਿਆ ਅਤੇ ਮੈਕਾਲਫ ਦੁਆਰਾ ਲਿਖੀਆਂ ਹੋਈਆਂ ਛੇ 'ਸਿੱਖ ਰਿਲੀਜਨ' ਦੀਆਂ ਜਿਲਦਾਂ ਇਹਨਾਂ ਦੀ ਭੇਟਾ ਕਰ ਦਿਤੀਆਂ। ਫੇਰ ਥੋੜ੍ਹੇ ਚਿਰ ਬਚਨ-ਬਿਲਾਸ ਦੇ ਮਗਰੋਂ ਡੇਰੇ ਆਵਨ ਦੀ ਛੁੱਟੀ ਮੰਗੀ। ਪਾਦਰੀ ਜੀ ਨੇ ਬੜੇ ਪ੍ਰੇਮ ਨਾਲ ਬੇਨਤੀ ਕੀਤੀ ਕਿ ਵੈਨਕੂਵਰ ਤੋਂ ਮੁੜਦੀ ਵਾਰੀ ਮੈਨੂੰ ਜ਼ਰੂਰ ਮਿਲ ਕੇ ਜਾਣਾ। ਸਾਡੀ ਇੱਕ ਅਜ਼ਾਦ ਖ਼ਿਆਲ ਈਸਾਈ ਮੱਤ ਅਤੇ ਸਾਰੀ ਦੁਨੀਆਂ ਦੇ ਧਰਮਾਂ ਦੀ ਕਾਂਗਰਸ ਬਰਲਿਨ ਹੋਣੀ ਹੈ। ਅਸੀਂ ਚਾਹੁੰਦੇ ਹਾਂ ਕਿ ਤੁਸੀਂ ਵੀ ਉੱਥੇ ਦਰਸ਼ਨ ਦੇ ਕੇ ਗੁਰੂ ਨਾਨਕ ਸਾਹਿਬ ਦੇ ਉਪਦੇਸ਼ ਸੁਣਾਓ।

## Audit ਦਾ ਝੂਠਾ ਕੇਸ

ਸ਼ਿਕਾਗੋ ਤੋਂ ਗੱਡੀ ਚੜ੍ਹ ਦਾਸ ਸਿੱਧਾ ਵੈਨਕੂਵਰ ਪੁੱਜਾ ਅਤੇ ਗੁਰਦੁਆਰਾ ਸਾਹਿਬ ਵਿੱਚ ਜਾ ਡੇਰਾ ਕੀਤਾ। ਭਾਈ ਬਲਵੰਤ ਸਿੰਘ ਗ੍ਰੰਥੀ ਨੇ ਉਸੇ ਵੇਲੇ ਭਾਗ ਸਿੰਘ ਪ੍ਰਧਾਨ ਗੁਰੂ ਨਾਨਕ ਮਾਈਨਿੰਗ ਐਂਡ ਟ੍ਰਸਟ ਕੰਪਨੀ ਅਤੇ ਭਾਈ ਰਾਜਾ ਸਿੰਘ ਸਕੱਤਰ ਨੂੰ ਸੱਦ ਭੇਜਿਆ। ਭਾਵੇਂ ਲੰਡਨ ਵਿੱਚ ਵੈਨਕੂਵਰ ਦੀ ਚਿੱਠੀ ਪੜ੍ਹਦੇ ਸਾਰ ਹੀ ਦਾਸ ਦੀ ਸਮਝ ਵਿੱਚ ਸਾਰੀ ਗੱਲ ਆ ਗਈ ਸੀ ਪਰ ਸਾਹਮਣੇ ਆਉਣ ਤੇ ਪੂਰਾ-ਪੂਰਾ ਭੇਦ ਖੁੱਲ੍ਹ ਗਿਆ। ਗੋਰੇ ਸਾਹਿਬ ਦੇ ਪੜਤਾਲੀਏ (Auditor) ਨੇ ਪ੍ਰੇਮੀਆਂ ਦੀ ਚੁੱਕ 'ਤੇ ਇਹ ਗੋਂਦ ਗੁੰਦੀ ਸੀ ਕਿ ਕਿਸੇ ਹੋਰ ਤਰੀਕੇ ਨਾਲ ਤਾਂ ਤੇਜਾ ਸਿੰਘ ਕਾਬੂ ਨਹੀਂ ਆਇਆ, ਕੰਪਨੀ ਦਾ ਹਿਸਾਬ-ਕਿਤਾਬ ਗਲਤ ਸਾਬਤ ਕਰਕੇ ਏਸ ਨੂੰ ਚੰਗੀ ਤਰ੍ਹਾਂ ਰਗੜਾ ਚਾੜ੍ਹੀਏ। ਕਰਤਾਰ ਦੀ ਨੇਤ, ਈਰਖਾ ਦੀ ਅਗਨ ਦੇ ਅਧੀਨ ਭਾਈ ਰਾਜਾ ਸਿੰਘ ਸਕੱਤਰ ਵੀ ਏਸ ਦੇ ਨਾਲ ਰਲ ਗਏ। ਸਕੱਤਰ ਨੇ ਬੜਾ ਜ਼ੋਰ ਲਾਇਆ ਕਿ ਭਾਈ ਭਾਗ ਸਿੰਘ ਪ੍ਰਧਾਨ ਦਾਸ ਦੇ ਬਰਖ਼ਿਲਾਫ਼ ਐਡੀਟਰ ਦੀ ਰਿਪੋਰਟ 'ਤੇ ਦਸਖ਼ਤ ਕਰੇ ਪਰ ਉਹਨਾਂ ਨੇ ਉੱਕਾ ਹੀ ਨਾਂਹ ਕਰ ਦਿੱਤੀ ਤੇ ਆਖਿਆ, "ਭਾਈ ਰਾਜਾ ਸਿੰਘ! ਪ੍ਰੋਫ਼ੈਸਰ ਤੇਜਾ ਸਿੰਘ ਦੇ ਨਾਲ ਤੂੰ ਡੇਢ ਸਾਲ ਕੰਮ ਕਰਦਾ ਰਿਹਾ ਹੈਂ। ਜੇਕਰ ਹਿਸਾਬ-ਕਿਤਾਬ ਵਿੱਚ ਕੋਈ ਗਲਤੀ ਸੀ ਤਾਂ ਓਦੋਂ ਸਾਨੂੰ ਕਿਉਂ ਨਹੀਂ ਦੱਸਿਆ? ਹੁਣ ਓਹਨਾਂ ਦੀ ਕੰਡ ਪਿੱਛੇ ਇਹ ਗੱਲਾਂ ਕਰਦਾ ਹੈਂ। ਜਦ ਤੀਕਰ ਭਾਈ ਤੇਜਾ ਸਿੰਘ ਏਥੇ ਨਹੀਂ ਆਉਂਦੇ ਅਤੇ ਸਾਰਾ ਹਿਸਾਬ-ਕਿਤਾਬ ਉਹਨਾਂ ਦੇ ਸਾਹਮਣੇ ਪੜਤਾਲ ਨਹੀਂ ਹੁੰਦਾ, ਮੈਂ ਕਦੀ ਤੇਰੀ ਗੱਲ ਸੁਣਨ ਨੂੰ ਤਿਆਰ ਨਹੀਂ।"

ਭਾਈ ਭਾਗ ਸਿੰਘ ਜੀ ਨੇ ਸਾਰੀ ਵਿੱਥਿਆ ਸੁਣਾਉਣ ਦੇ ਮਗਰੋਂ ਦੂਜੇ ਦਿਨ ਹੀ ਕੰਪਨੀ ਦੀ ਮੀਟਿੰਗ ਨੀਯਤ ਕੀਤੀ ਅਤੇ ਸਾਰੇ ਪ੍ਰਬੰਧਕਾਂ ਨੂੰ ਸੱਦਾ-ਪੱਤਰ ਭਿਜਵਾ ਦਿੱਤੇ। ਇੱਕ ਚਿੱਠੀ ਐਡੀਟਰ ਸਾਹਿਬ ਨੂੰ ਵੀ ਲਿਖ ਦਿੱਤੀ।

ਦੂਜੇ ਦਿਨ ਨੀਯਤ ਸਮੇਂ ਸਾਰੇ ਸੱਜਣ ਆ ਗਏ ਅਤੇ ਐਡੀਟਰ ਵੀ ਆ ਪੁੱਜਾ। ਜਦ ਸਾਰੇ ਹਿਸਾਬ-ਕਿਤਾਬ ਦੀ ਪੜਤਾਲ ਲਈ ਬੈਠ ਗਏ ਤਦ ਇੱਕ ਪਾਸੇ ਭਾਈ ਰਾਜਾ ਸਿੰਘ ਅੰਗਰੇਜ਼ੀ ਵਿੱਚ ਤੇ ਦੂਜੇ ਪਾਸੇ ਭਾਈ ਬਚਨ ਸਿੰਘ ਗੁਰਮੁਖੀ ਵਿੱਚ ਲਿਖਣ ਲਈ ਨਿਯਤ ਹੋਏ। ਗੋਰਾ ਪੜਤਾਲੀਆ ਵੀ ਕੁਝ ਆਪਣਾ ਰੋਹਬ ਪਾਉਣ ਲੱਗਾ। ਦਾਸ ਨੇ ਬੜੇ ਪ੍ਰੇਮ ਨਾਲ ਉਸ ਨੂੰ ਆਖਿਆ, "ਭਲੇ ਲੋਕ! ਤੂੰ ਆਪਣਾ ਕੰਮ ਕਰ ਚੁੱਕਿਆ ਹੈਂ, ਹੁਣ ਚੁੱਪ ਕਰਕੇ ਸਾਹਮਣੇ ਬਹਿ ਜਾ ਅਤੇ ਦੇਖੀ ਜਾ ਕਿ ਅਯੋਗ ਕਾਰਵਾਈ ਤਾਂ ਨਹੀਂ ਹੁੰਦੀ। ਏਸ ਵੇਲੇ ਸਾਰੇ ਹਿਸਾਬ-ਕਿਤਾਬ ਦੀ ਪੜਤਾਲ ਅਸੀਂ ਕੰਪਨੀ ਦੇ ਸੇਵਾਦਾਰ ਹੀ ਕਰਾਂਗੇ।" ਮੁੱਢ ਤੋਂ ਲੈ ਸਾਰਾ ਆਮਦਨ ਅਤੇ ਖਰਚ ਦੋ ਥਾਂ ਅੰਗਰੇਜ਼ੀ ਤੇ ਗੁਰਮੁਖੀ ਵਿੱਚ ਲਿਖਿਆ ਗਿਆ। ਜੋੜ ਕਰਨ 'ਤੇ ਗੁਜ਼ਾਰੇ ਦੀ ਰਕਮ ਵਿੱਚੋਂ ਦਾਸ ਦੇ ਪੱਚੀ ਡਾਲਰ ਕੰਪਨੀ ਵੱਲ ਵਧੇ। ਜਦ ਇਹ ਖੇਲ ਏਸ ਤਰ੍ਹਾਂ ਖ਼ਤਮ ਹੋ ਗਈ ਤਦ ਭਾਈ ਭਾਗ ਸਿੰਘ ਪ੍ਰਧਾਨ ਨੇ ਰਾਜਾ ਸਿੰਘ ਨੂੰ ਪੁੱਛਿਆ ਕਿ ਭਾਈ! ਹੁਣ ਦੱਸ, ਪ੍ਰੋਫ਼ੈਸਰ ਤੇਜਾ ਸਿੰਘ ਦੇ ਹਿਸਾਬ ਵਿੱਚ ਕਿਹੜੀ ਗਲਤੀ ਹੈ। ਹੁਣ ਹੋਰ ਤਾਂ ਇਸ ਵੀਰ ਦੀ ਕੋਈ ਵਾਹ ਨਾ ਚੱਲੀ, ਆਖਣ ਲੱਗਾ, "ਇਹ ਤਾਂ ਜਾਦੂਗਰ ਹੈ।"

ਭਾਈ ਰਾਜਾ ਸਿੰਘ ਦਾ ਇਹ ਬਚਨ ਸੁਣ ਕੇ ਸਾਰੇ ਹੱਸ ਪਏ ਅਤੇ ਪ੍ਰੇਮੀ ਸ਼ਰਮਿੰਦਾ ਹੋ ਕੇ ਆਪਣਾ ਮੂੰਹ ਲੈ ਕੇ ਬੈਠ ਗਿਆ। ਫੇਰ ਦਾਸ ਨੇ ਪੱਕੀ ਪੈਰੀ ਕੰਪਨੀ ਦਾ ਸਾਰਾ ਚਾਰਜ ਭਾਈ ਭਾਗ ਸਿੰਘ ਦੇ ਹਵਾਲੇ ਕਰ ਦਿੱਤਾ।

ਜੈਕਸਨ ਵਿੱਚ ਕੈਲੀਫੋਰਨੀਆਂ ਦੀ ਕਾਨ ਬਾਬਤ ਇਹ ਗੁਰਮਤਾ ਹੋਇਆ ਕਿ ਜੇਹੜਾ ਦਮੜਾ ਭਾਈ ਹਿੰਮਤ ਦਾਸ (T.C. Crawford) ਨੂੰ ਭੇਜਿਆ ਗਿਆ ਹੈ, ਓਹੋ ਵਾਪਸ ਆ ਜਾਣੇ ਅਤੇ ਕਾਨ ਦੇ ਢਾਈ ਲੱਖ ਡਾਲਰ ਦੇ ਹਿਸੇ ਪ੍ਰੇਮੀ ਨੂੰ ਮੋੜੇ ਜਾਵਨ। ਭਾਈ ਹਿੰਮਤ ਦਾਸ ਤਾਂ ਚਾਹੁੰਦਾ ਸੀ ਕਿ ਚੌਥਾ ਹਿੱਸਾ ਕਾਨ ਦਾ ਖ਼ਾਲਸਾ ਜੀ ਪਾਸ ਹੀ ਰਹੇ ਅਤੇ ਏਸ ਦੀ ਆਮਦਨੀ ਨਾਲ ਸਿੱਖ ਯੂਨੀਵਰਸਿਟੀ ਚਲਾਈ ਜਾਵੇ ਪਰ ਖ਼ਾਲਸਾ ਜੀ ਵਿੱਚ ਮਿਲ ਕੇ ਪ੍ਰਬੰਧ ਕਰਨ ਵਾਲਾ ਕੋਈ ਸੱਜਣ ਨਾ ਹੋਣ ਕਰ ਕੇ ਮਜਬੂਰੀ ਉਪਰੋਕਤ ਫੈਸਲਾ ਕਰਨਾ ਪਿਆ। ਭਾਈ ਹਿੰਮਤ ਦਾਸ ਦੇ ਹਿੱਸੇ ਪੈਰਿਸ (Paris) ਵਿੱਚ ਵਿਕਣ ਲਗ ਪਏ ਸਨ। ਓਸ ਨੇ ਖ਼ਾਲਸਾ ਜੀ ਦਾ ੧੯●●● ਡਾਲਰ ਦੇ ਕੇ ਆਪਣੇ ਹਿੱਸੇ ਲੈ ਲਏ।

ਈਗਲ ਹਾਰਬਰ ਵਾਲੀ ਜ਼ਮੀਨ ਦੀ ਬਾਬਤ ਵੀ ਖ਼ਾਲਸਾ ਜੀ ਨੂੰ ਪੱਕੀ ਕੀਤੀ ਗਈ ਕਿ ਏਸ ਨੂੰ ਹੱਥੋਂ ਨਾ ਛੱਡਣ ਪਰ ਏਹ ਵੀ ਨਾ ਸਾਂਭੀ ਗਈ। ਹੁਣ ਏਹ ਕਰੋੜਾਂ ਦੀ ਜਾਇਦਾਦ ਹੈ ਅਤੇ ਏਥੇ ਜਹਾਜ਼ ਲਗਦੇ ਹਨ।

## ਲੰਡਨ ਵਿੱਚ ਗੁਰਦੁਆਰਾ ਬਨਾਉਣ ਦੀ ਵੀਚਾਰ

ਵੈਨਕੂਵਰ ਦੀ ਖੇਡ ਮੁਕਾਉਣ ਦੇ ਮਗਰੋਂ ਦਾਸ ਛੇਤੀ ਹੀ ਸੰਤ ਜੀ ਮਹਾਰਾਜ ਦਾ ਲੰਡਨ ਸਬੰਧੀ ਹੁਕਮ ਪੂਰਾ ਕਰਨ ਹਿਤ ਸ਼ਿਕਾਗੋ ਦੇ ਰਸਤੇ ਨਿਊਯਾਰਕ ਵੱਲ ਤੁਰ ਪਿਆ। ਰਾਹ ਵਿੱਚ ਪਾਦਰੀ ਜ਼ੋਨਜ਼ ਦਾ ਦਰਸ਼ਨ ਮੇਲਾ ਫੇਰ ਇੱਕ ਵੇਰੀ ਹੋ ਗਿਆ। ਏਸ ਨੇ ਬਰਲਿਨ ਕਾਂਗਰਸ ਦੀਆਂ ਨੀਯਤ ਤਾਰੀਖਾਂ ਦੱਸ ਦਿੱਤੀਆਂ ਤੇ ਉੱਥੇ ਪੁੱਜਣ ਦਾ ਪੱਕਾ ਬਚਨ ਲੈ ਲਿਆ। ਨਿਊਯਾਰਕ ਪਹੁੰਚਦਿਆਂ ਹੀ ਇੱਕ ਇੰਗਲੈਂਡ ਜਾਣ ਵਾਲੇ ਜਹਾਜ਼ ਤੇ ਸਵਾਰ ਹੋ ਲੰਡਨ ਦਾ ਰਾਹ ਲਿਆ।

ਏਸ ਜਹਾਜ਼ ਦੇ ਮੁਸਾਫ਼ਰਾਂ ਵਿੱਚ ਇੱਕ ਬੜੀ ਭੋਲੀ ਭਾਲੀ ਨੌਜਵਾਨ ਜਰਮਨ ਕੰਨਯਾ ਸੀ। ਏਸ ਨਾਲ ਬਚਨ ਬਿਲਾਸ ਕਰਨ ਤੋਂ ਪਤਾ ਲੱਗਾ ਕਿ ਉਹ ਵੀ ਧਰਮ ਦੀ ਖੋਜ ਵਿੱਚ ਲੱਗੀ ਹੋਈ ਸੀ। ਇਹ ਜਰਮਨੀ ਤੋਂ ਨਿਊਯਾਰਕ ਵਿੱਚ ਆਪਣੇ ਮਾਤਾ ਪਿਤਾ ਨਾਲ ਰੋਜ਼ੀ ਕਮਾਉਣ ਹਿਤ ਕਈ ਸਾਲ ਦੀ ਆਈ ਹੋਈ ਸੀ ਅਤੇ ਹੁਣ ਥੋੜ੍ਹੇ ਚਿਰ ਲਈ ਆਪਣੇ ਦੇਸ਼ ਦਰਸ਼ਨ ਮੇਲੇ ਲਈ ਜਾ ਰਹੀ ਸੀ। ਪਰਸਪਰ ਬਚਨ ਬਿਲਾਸ ਤੋਂ ਪਤਾ ਲੱਗਾ ਕਿ ਇਹ ਬੱਚੀ ਕ੍ਰਿਸਚਨ ਸਾਇੰਸ ਦੀ ਪੈਰੋਕਾਰ ਹੈ। ਗੁਰੂ ਨਾਨਕ ਸਾਹਿਬ ਦੇ ਘਰ ਦੀਆਂ ਸਾਖੀਆਂ ਅਤੇ ਸ਼ਬਦ ਦੀ ਵੀਚਾਰ ਸੁਣ ਕੇ ਏਸ ਦਾ ਸਤਿਸੰਗ ਨਾਲ ਬੜਾ ਹੀ ਪਿਆਰ ਹੋ ਗਿਆ। ਏਸ ਨੇ ਆਪਣੇ ਨਿਊਯਾਰਕ ਦੇ ਘਰ ਦਾ ਪੂਰਾ ਪਤਾ ਦਾਸ ਨੂੰ ਦੇ ਦਿੱਤਾ ਅਤੇ ਪੂਰਨ ਪ੍ਰੇਮ ਸ਼ਰਧਾ ਨਾਲ ਬੇਨਤੀ ਕੀਤੀ ਕਿ ਜਦੋਂ ਮੁੜ ਕੇ ਨਿਊਯਾਰਕ ਆਉ, ਮੈਨੂੰ ਜ਼ਰੂਰ ਦਰਸ਼ਨ ਦੇਣਾ।

ਹਫਤੇ ਦੇ ਅੰਦਰ-ਅੰਦਰ ਜਹਾਜ਼ ਇੰਗਲੈਂਡ ਦੀ ਬੰਦਰਗਾਹ ਤੇ ਜਾ ਲੱਗਾ। ਲੰਡਨ ਪਹੁੰਚਦਿਆਂ ਹੀ ਅਗਲੇ ਐਤਵਾਰ ਲਈ ਖ਼ਾਲਸਾ ਜਥਾ ਬ੍ਰਿਟਿਸ਼ ਆਈਲਜ਼ ਦੇ ਸਾਰੇ ਸਿੱਖ ਮੈਂਬਰਾਂ ਨੂੰ ਇੱਕਠਾ ਕੀਤਾ ਅਤੇ ਲੰਡਨ ਧਰਮਸਾਲਾ ਦਾ ਨਿਸ਼ਾਨ ਸਾਹਿਬ ਖੜ੍ਹਾ ਕਰਨ ਹਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਆਰੰਭ ਕੀਤਾ। ਏਸ ਸਮੇਂ ਇੱਕ ਬੜੀ ਅਜੀਬ ਘਟਨਾ ਬਣੀ। ਜਿਸ ਗੋਰੀ ਪ੍ਰੇਮਣ ਦੇ ਘਰ ਦਾਸ ਟਿਕਦਾ ਸੀ, ਉਸ ਨੂੰ ਕਿਸੇ ਤਰ੍ਹਾਂ ਪਤਾ ਲਗ ਗਿਆ ਕਿ ਖ਼ਾਲਸੇ ਜੀ ਦਾ ਖਜ਼ਾਨਾ ਕੁਝ ਮਸਤਾਨਾ ਹੈ। ਰਸੋਈ ਵਿੱਚ ਜਦ ਦਾਸ ਦੀ ਸੁਪਤਨੀ ਨੇ ਕੜਾਹ ਪ੍ਰਸ਼ਾਦ ਦੀ ਦੇਗ ਲਈ ਚਾਸ ਰੱਖੀ ਤਦ ਏਸ ਪ੍ਰੇਮਣ ਨੇ ਅੱਖ ਬਚਾ ਕੇ ਇਸ ਵਿੱਚ ਕੁਝ ਲੂਣ ਸੁਟ ਦਿੱਤਾ। ਜਦ ਕੜਾਹ ਪ੍ਰਸ਼ਾਦ ਸਾਧ ਸੰਗਤ ਵਿੱਚ ਵਰਤਾਇਆ ਗਿਆ ਤਦ ਸਾਰਿਆਂ ਨੂੰ ਲੂਣ ਦਾ ਸਵਾਦ ਤਾਂ ਆਇਆ ਪਰ ਸੱਚੇ ਪਾਤਿਸ਼ਾਹ ਦਾ ਪ੍ਰਸ਼ਾਦ ਜਾਣ ਕੇ ਸਾਰੇ ਪ੍ਰੇਮੀ ਛੱਕ ਗਏ। ਕਿਸੇ ਨੇ ਲੂਣ ਦੀ ਉੱਘ ਸੁੱਘ ਨਾ ਕੱਢੀ। ਜਦ ਸਾਧ ਸੰਗਤ ਪਾਠ ਰੱਖ ਕੇ ਵਿਦਾ ਹੋ ਗਈ ਤਾਂ ਦਾਸ ਨੇ ਆਪਣੀ ਘਰ

ਵਾਲੀ ਨੂੰ ਪੁੱਛਿਆ ਕਿ ਕੜਾਹ ਪ੍ਰਸਾਦ ਵਿੱਚ ਲੂਣ ਕਿੱਥੋਂ ਆ ਗਿਆ। ਉਸ ਨੇ ਦੱਸਿਆ, "ਮੈਂ ਚਾਹ ਧਰ ਕੇ ਬੱਚਿਆਂ ਨੂੰ ਸੰਭਾਲਣ ਲਈ ਉਤੇ ਆਈ ਸੀ ਜਦ ਮੁੜ ਕੇ ਕਿਚਨ ਗਈ ਤਾਂ ਓਥੇ ਲੈਂਡ-ਲੇਡੀ ਫਿਰਦੀ ਦੇਖੀ। ਇਹ ਕਈ ਦਿਨਾਂ ਤੋਂ ਸਾਡੀ ਗਰੀਬੀ ਦੀ ਜਾਣੂ ਹੋਣ ਕਰਕੇ ਚਿੜ੍ਹੀ ਫਿਰਦੀ ਹੈ। ਉਹ ਚਾਹੁੰਦੀ ਹੈ ਕਿ ਅਸੀਂ ਕਿਸੇ ਨਾ ਕਿਸੇ ਤਰ੍ਹਾਂ ਉਸ ਦੇ ਘਰੋਂ ਟੁਰ ਜਾਈਏ। ਉਹ ਜਾਣ ਬੁਝ ਕੇ ਇਹ ਖੇਡ ਕਰ ਗਈ ਹੈ।" ਸਾਰੀ ਗੱਲ ਬਾਤ ਵੀਚਾਰ ਕੇ ਇਹ ਗੁਰਮਤਾ ਕੀਤਾ ਕਿ ਹੁਣ ਏਸ ਦਾ ਘਰ ਛੱਡਣਾ ਹੀ ਠੀਕ ਹੈ; ਕਿਧਰੇ ਇਹ ਪ੍ਰੇਮਣ ਸਤਿਗੁਰ ਸੱਚੇ ਪਾਤਸ਼ਾਹ ਦੀ ਬੇਅਦਬੀ ਨਾ ਕਰ ਦੇਵੇ। ਓਸੇ ਵੇਲੇ ਏਸ ਦਾ ਹਿਸਾਬ ਕਿਤਾਬ ਮੁਕਾ ਕੇ ਦੂਜਾ ਘਰ ਲੈ ਲਿਆ। ਏਸ ਘਰ ਵਿੱਚ ਕੋਈ ਮੰਜੀ, ਪੀੜ੍ਹੀ ਕੁਰਸੀ ਆਦਿਕ ਕੋਈ ਵੀ ਸਮਾਨ ਨਹੀਂ ਸੀ। ਰੱਬ ਦੀ ਰਜ਼ਾ ਵਿੱਚ ਭੁੰਜੇ ਹੀ ਆਸਣ ਕਰਕੇ, ਸ਼ੁਕਰ ਵਿੱਚ ਟਿਕ ਗਏ। **"ਰੂਖੋ ਭੋਜਨੁ ਭੂਮਿ ਸੈਨ ਸਖੀ ਪ੍ਰਿਅ ਸੰਗਿ ਸੂਖਿ ਬਿਹਾਤ ॥" (੧੩੦੬)** ਅੰਨ ਪਾਣੀ ਪਕਾਣ ਦਾ ਕੋਈ ਇੰਤਜ਼ਾਮ ਨਾ ਹੋਣ ਕਰ ਕੇ ਬਜ਼ਾਰੋਂ ਦੁੱਧ ਲੈ ਕੇ ਦਹੀਂ ਜਮਾ ਲੈਂਦੇ ਤੇ ਏਸ ਨਾਲ ਡਬਲ ਰੋਟੀ ਕੱਟ ਕੇ ਖਾ ਲੈਂਦੇ।

## ਜਰਮਨੀ ਵਿੱਚ ਸਰਬ ਧਰਮੀ ਕਾਂਗਰਸ ਵਿੱਚ ਗੁਰਮਤਿ ਲੈਕਚਰ

ਹੁਣ ਬਰਲਿਨ ਜਾਣ ਦੀ ਤਾਰੀਖ ਨੇੜੇ ਆ ਗਈ। ਆਪਣੀ ਸੁਪਤਨੀ ਨੂੰ ਨਿੱਕੇ ਭੁਝੰਗੀ ਹਰੀ ਸਿੰਘ ਸਮੇਤ, ਸੱਚੇ ਪਾਤਿਸ਼ਾਹ ਦੇ ਪਾਠ ਦੀ ਸੇਵਾ ਵਿੱਚ ਛੱਡ ਕੇ ਦਾਸ ਕਾਕਾ ਮੁਕੰਦ ਸਿੰਘ ਨੂੰ ਨਾਲ ਲੈ ਕੇ ਜਰਮਨੀ ਵਲ ਟੁਰ ਪਿਆ। ਨੀਯਤ ਹੋਏ ਪ੍ਰੋਗਰਾਮ ਅਨੁਸਾਰ, ਕਾਂਗਰਸ ਦੇ ਸਾਰੇ ਡੈਲੀਗੇਟਾਂ ਨੇ ਪਹਿਲਾਂ ਕੋਲੋਨ ਇਕੱਠੇ ਹੋਣਾ ਸੀ।

ਬ੍ਰਿਟਿਸ਼ ਚੈਨਲ ਨੂੰ ਪਾਰ ਕਰ ਕੇ ਦਾਸ ਹਾਲੈਂਡ ਦੀ ਇੱਕ ਬੰਦਰਗਾਹ ਤੇ ਉਤਰਿਆ ਅਤੇ ਉੱਥੋਂ ਗੱਡੀ ਚੜ੍ਹ ਕੋਲੋਨ ਪਹੁੰਚ ਗਿਆ। ਏਥੇ ਸਾਰਾ ਪ੍ਰਬੰਧ ਜਰਮਨ ਪ੍ਰੇਮੀਆਂ ਵੱਲੋਂ ਸੀ। ਜਾਂਦਿਆਂ ਹੀ ਇੱਕ ਅੱਵਲ ਦਰਜੇ ਦੇ ਹੋਟਲ ਵਿੱਚ ਨਿਵਾਸ ਕਰਾਇਆ ਗਿਆ ਅਤੇ ਪ੍ਰੇਮੀਆਂ ਨੇ ਬੜਾ ਆਦਰ ਭਾਉ ਕੀਤਾ।

ਕੁਝ ਚਿਰ ਮਗਰੋਂ ਜਦ ਸਵੇਰ ਦਾ ਜਲ ਪਾਣੀ ਛਕ ਕੇ ਹੋਟਲ ਦੇ ਬਹਿਣ ਵਾਲੇ ਕਮਰੇ ਵਿੱਚ ਗਏ ਤਾਂ, ਏਥੇ ਭਾਈ ਟੀ. ਐਲ. ਵਸਵਾਨੀ ਐਮ. ਏ. ਬ੍ਰਹਮ ਸਮਾਜ ਦੇ ਡੈਲੀਗੇਟ ਅਤੇ ਭਾਈ ਜੀਆ-ਤਲਕਾ ਸੀਲੋਨ ਦੇ ਬੋਧੀਆਂ ਦੇ ਡੈਲੀਗੇਟ ਮਿਲੇ। ਇਹਨਾਂ ਦਾ ਨਿਵਾਸ ਵੀ ਏਸ ਹੋਟਲ ਵਿੱਚ ਸੀ। ਇਹਨਾਂ ਨੂੰ ਮਿਲ ਕੇ ਦਾਸ ਨੂੰ ਬੜੀ ਹੀ ਖੁਸ਼ੀ ਹੋਈ। ਆਪਸ ਵਿੱਚ ਪੂਰਨ ਪ੍ਰੇਮ ਭਰਿਆ ਸਤਿਸੰਗ ਬਣ ਗਿਆ।

ਦੂਜੇ ਦਿਨ ਜਰਮਨ ਰਿਸੈਪਸ਼ਨ (ਸਵਾਗਤ) ਕਮੇਟੀ ਦੇ ਪ੍ਰੇਮੀ ਸਾਰੇ ਡੈਲੀਗੇਟਾਂ ਨੂੰ ਇੱਕ ਸੁੰਦਰ ਜਹਾਜ਼ ਤੇ ਚੜ੍ਹਾ, ਦਰਿਆਏ ਰਾਈਨ ਦੀ ਸੈਰ ਕਰਾਣ ਵਾਸਤੇ ਲੈ ਗਏ। ਇਹ ਇੱਕ ਅਦੁੱਤੀ ਅਨੰਦ ਭਰਿਆ ਸਮਾਂ ਸੀ। ਇੱਕ ਪਾਸੇ ਦਰਿਆ ਦੇ ਦੋਵੇਂ ਕਿਨਾਰਿਆਂ ਤੇ **"ਬਲਿਹਾਰੀ ਕੁਦਰਤਿ ਵਸਿਆ"** ਦਾ ਨਜ਼ਾਰਾ ਅਤੇ ਦੂਜੇ ਪਾਸੇ ਸਾਰੀ ਦੁਨੀਆ ਦੇ ਧਰਮ ਦੇ ਖੋਜੀਆਂ ਦਾ ਮੇਲ ਇੱਕ ਅਕਹਿ ਅਨੰਦ ਬਣ ਗਿਆ। ਸਾਰਾ ਦਿਨ ਏਸ ਰੱਬੀ ਅਤੇ ਪ੍ਰੇਮ ਭਰੀ ਲਹਿਰ ਵਿੱਚ ਬੀਤਿਆ। ਸ਼ਾਮ ਦੇ ਵੇਲੇ ਜਹਾਜ਼ ਬੌਨ ਯੂਨੀਵਰਸਿਟੀ ਦੇ ਨੇੜੇ ਆ ਖਲੋਤਾ। ਏਥੇ ਜਰਮਨ ਪ੍ਰੇਮੀਆਂ ਵਲੋਂ ਡਿਨਰ ਦਾ ਪ੍ਰਬੰਧ ਸੀ। ਪ੍ਰਸ਼ਾਦ ਛੱਕਣ ਦੇ ਮਗਰੋਂ ਸਾਰੇ ਧਰਮਾਂ ਦੇ ਪ੍ਰਤੀਨਿਧਾਂ ਨੇ ਆਪਣੀ-ਆਪਣੀ ਥਾਂ ਕੁਝ ਮਿੰਟਾਂ ਲਈ ਆਪਣੇ-ਆਪਣੇ ਧਰਮ ਦੀ ਵੀਚਾਰ ਲੈਕਚਰ ਦੁਆਰਾ ਸੁਣਾਈ। ਦਾਸ ਦੀ ਵਾਰੀ ਆਈ। ਸਹਿਜ ਸੁਭਾਇ, ਸਮੇਂ ਅਨੁਸਾਰ ਜਿਸ ਤਰ੍ਹਾਂ ਸਤਿਗੁਰੂ ਨੇ ਪ੍ਰੇਰਿਆ, ਉਹ ਸਾਧ ਸੰਗਤ ਦੀ ਭੇਟਾ ਕੀਤਾ। ਜਿਸ ਦਾ ਭਾਵ ਇਹ ਸੀ: ਸਭ ਮਨੁੱਖ ਮਾਤਰ ਵਿੱਚ ਇੱਕੋ ਹੀ ਰੱਬ ਦੀ ਜੋਤ ਹੈ। ਹਰ ਰੰਗ, ਹਰ ਮਜ਼ੁਬ, ਹਰ ਨਸਲ, ਹਰ ਜਾਤ ਦੇ ਸਰੀਰਾਂ ਦੀ ਬਨਾਵਟ ਇੱਕੋ ਹੀ ਮਿੱਟੀ ਤੋਂ ਹੈ।

ਖੁਦਗਰਜ਼ੀ ਦੇ ਪੜਦੇ ਕਰਕੇ ਇਨਸਾਨ ਦੇ ਹਿਰਦੇ ਦੀ ਰੱਬੀ ਜੋਤ ਦੇ ਸੂਰਜ ਅੱਗੇ ਉਹਲਾ ਆ ਜਾਂਦਾ ਹੈ। ਅਸੀਂ ਭੁਲੇਖੇ ਪੈ ਕੇ ਇੱਕ ਦੂਜੇ ਨਾਲ ਕੁੱਕੜ ਖੋਹੀ ਕਰਨ ਲੱਗ ਪੈਂਦੇ ਹਾਂ। ਰੱਬ ਦੀ ਯਾਦ ਵਿੱਚ ਜੇ ਖੁਦਗਰਜ਼ੀ ਨੂੰ ਮਿਟਾ ਦੇਈਏ ਤਾਂ ਹਰ ਇੱਕ ਹਿਰਦੇ ਵਿੱਚ ਜੋਤ ਪ੍ਰਕਾਸ਼ ਹੋ ਕੇ ਇੱਕੋ ਇੱਕ ਨੂਰ ਪ੍ਰਗਟ ਕਰ ਦੇਂਦੀ ਹੈ।

**ਪ੍ਰਭਾਤੀ ॥**

**ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥**
**ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥੧॥**
**ਲੋਗਾ ਭਰਮਿ ਨ ਭੂਲਹੁ ਭਾਈ ॥**
**ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ ॥੧॥ਰਹਾਉ ॥**
**ਮਾਟੀ ਏਕ ਅਨੇਕ ਭਾਂਤਿ ਕਰਿ ਸਾਜੀ ਸਾਜਨਹਾਰੈ ॥**
**ਨਾ ਕਛੁ ਪੋਚ ਮਾਟੀ ਕੇ ਭਾਂਡੇ ਨਾ ਕਛੁ ਪੋਚ ਕੁੰਭਾਰੈ ॥੨॥**
**ਸਭ ਮਹਿ ਸਚਾ ਏਕੋ ਸੋਈ ਤਿਸ ਕਾ ਕੀਆ ਸਭੁ ਕਛੁ ਹੋਈ॥**
**ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ ॥੩॥**
**ਅਲਹੁ ਅਲਖੁ ਨ ਜਾਈ ਲਖਿਆ ਗੁਰਿ ਗੁੜੁ ਦੀਨਾ ਮੀਠਾ ॥**
**ਕਹਿ ਕਬੀਰ ਮੇਰੀ ਸੰਕਾ ਨਾਸੀ ਸਰਬ ਨਿਰੰਜਨੁ ਡੀਠਾ ॥੪॥੩॥ (੧੩੪੯)**

ਗੱਲ ਕੀ, ਸੋਝੀ ਬਿਨਾਂ ਦੁਨੀਆਂ ਵਿੱਚ ਕੋਈ ਪੱਕਾ ਅਮਨ ਚੈਨ ਨਹੀਂ ਹੋ ਸਕਦਾ। ਦਾਸ ਅਜੇ ਬੋਲ ਹੀ ਰਿਹਾ ਸੀ ਕਿ ਇੱਕ ਜਰਮਨ ਪ੍ਰੋਫੈਸਰ ਕਿਸੇ ਖ਼ਾਸ ਰੰਗ ਵਿੱਚ ਆ ਗਿਆ। ਬੜੇ ਜੋਸ਼ ਨਾਲ ਕੁਰਸੀ ਤੋਂ ਉਠ ਖਲੋਤਾ। ਦਾਸ ਦਾ ਸੱਜਾ ਹੱਥ ਫੜ੍ਹ, ਬੜੇ ਉਤਸ਼ਾਹ ਨਾਲ ਦਸਤ ਪੰਜਾ ਲਿਆ ਅਤੇ ਉੱਚੀ ਆਵਾਜ਼ ਵਿੱਚ ਆਖਿਆ, "This is the thing that we want." (ਸਾਨੂੰ ਇਹੋ ਹੀ ਗੱਲ ਲੋੜੀਦੀਂ ਹੈ।)

ਡਿਨਰ ਦੇ ਮਗਰੋਂ ਸਾਰੇ ਕੋਲੋਨ ਮੁੜ ਆਏ। ਏਥੇ ਰਾਤ ਰਹਿ ਦੂਜੇ ਦਿਨ ਗੱਡੀ ਸਵਾਰ ਹੋ ਬਰਲਿਨ ਪੁੱਜ ਗਏ। ਇਹ ਇੱਕ ਬੜਾ ਹੀ ਸੁੰਦਰ ਸ਼ਹਿਰ ਹੈ। ਬੜੇ ਬੜੇ ਆਲੀਸ਼ਾਨ ਮਕਾਨ, ਚੌੜੀਆਂ ਸੜਕਾਂ, ਸਜਾਵਟ ਅਤੇ ਸਿਹਤ ਲਈ ਥਾਂ ਥਾਂ ਪਾਰਕਾਂ ਅਤੇ ਖੁਲ੍ਹੇ ਮੈਦਾਨ, ਖ਼ਾਸ ਮੌਕਿਆਂ ਤੇ ਕੌਮ ਦੇ ਸੇਵਕਾਂ ਜਰਨੈਲਾਂ, ਪਾਤਿਸ਼ਾਹਾਂ, ਕਵੀਆਂ ਅਤੇ ਵਿਦਵਾਨਾਂ ਦੇ ਬੁੱਤ (Statue) ਅਤੇ ਤਫ਼ਰੀਹ (ਕੁਝ ਦੇਰ ਮਨ ਨੂੰ ਆਰਾਮ ਦੇਣ ਵਾਸਤੇ) ਲਈ ਬੜੇ ਸੁੰਦਰ ਅਸਥਾਨ ਹਨ। ਇਸ ਦੇ ਨਾਲ ਹੀ ਏਥੋਂ ਦੇ ਰਹਿਤ ਵਾਲੇ ਬੜੇ ਖੁਲ੍ਹੇ ਸੁਭਾਉ ਅਤੇ ਘਰ ਆਏ ਨੂੰ ਆਦਰ ਦੇਣ ਵਾਲੇ ਹਨ। ਕੋਲੋਨ ਅਤੇ ਬਰਲਿਨ ਵਿੱਚ ਜਿਹੜਾ ਮੇਲ ਮਿਲਾਪ ਇਸ ਦੇਸ਼ ਦੇ ਮਾਈ ਭਾਈ ਨਾਲ ਹੋਇਆ, ਉਸ ਨੂੰ ਦੇਖ ਕੇ ਹਮੇਸ਼ਾ ਲਈ ਦਾਸ ਦੇ ਹਿਰਦੇ ਵਿੱਚ ਇਹ ਗਲ ਬੈਠ ਗਈ ਕਿ ਜਰਮਨ ਦੀਆਂ ਮਾਈਆਂ ਬੀਬੀਆਂ ਬੜੀਆਂ ਹੀ ਘਰੇਲੂ ਅਤੇ ਪਤੀ ਸੇਵਕ ਹਨ। ਬਾਲ ਬੱਚੇ ਦੀ ਰਾਖੀ ਅਤੇ ਘਰ ਦਾ ਨਿਰਬਾਹ ਇਹਨਾਂ ਦਾ ਖ਼ਾਸ ਗੁਣ ਹੈ।

ਬਰਲਿਨ ਵਿੱਚ ਵੀ ਸਾਰੇ ਡੈਲੀਗੇਟਾਂ ਨੂੰ ਚੰਗੇ-ਚੰਗੇ ਹੋਟਲਾਂ ਵਿੱਚ ਨਿਵਾਸ ਦਿੱਤਾ ਗਿਆ ਅਤੇ ਖ਼ੁਰਾਕ ਆਦਿਕ ਦਾ ਸਾਰਾ ਪ੍ਰਬੰਧ ਬੜੇ ਸੋਹਣੇ ਤਰੀਕੇ ਨਾਲ ਜਰਮਨ ਪ੍ਰੇਮੀਆਂ ਵੱਲੋਂ ਕੀਤਾ ਗਿਆ। ਕਾਂਗਰਸ ਸੈਸ਼ਨ ਦੇ ਤਿੰਨੇ ਦਿਨ ਬੜੀ ਪ੍ਰੇਮ ਭਰੀ ਅਤੇ ਸੁਹਣੀ ਜੁਗਤੀ ਨਾਲ ਨਿਭੇ।

ਜਿਸ ਹਾਲ ਵਿੱਚ ਕਾਂਗਰਸ ਦਾ ਸਮਾਗਮ ਹੋਇਆ, ਇਹ ਬੜੀ ਹੀ ਆਲੀਸ਼ਾਨ ਤੇ ਖੁਲ੍ਹੀ ਇਮਾਰਤ ਸੀ। ਇਸ ਵਿੱਚ ਕੁਰਸੀਆਂ ਅਤੇ ਗੈਲਰੀ ਦਾ ਜੁਗਤੀ-ਪੂਰਬਕ ਸੁੰਦਰ ਪ੍ਰਬੰਧ ਕੀਤਾ ਗਿਆ। ਨੀਯਤ ਸਮੇਂ ਤੇ ਸਾਰੇ ਡੈਲੀਗੇਟ ਸਵਾਗਤ ਕਮੇਟੀ ਦੇ ਮੈਂਬਰ ਅਤੇ ਵਿਜ਼ਿਟਰ (Visitors) ਆਪਣੀ ਥਾਂ ਤੇ ਬਹਿ ਗਏ। ਸਮੇਂ ਦਾ ਪ੍ਰਧਾਨ ਥਾਪਿਆ ਗਿਆ। ਪਹਿਲਾਂ ਸਵਾਗਤ ਕਮੇਟੀ ਅਤੇ ਕਾਂਗਰਸ ਦੇ ਪ੍ਰਧਾਨ ਨੇ ਆਪਣੇ ਲੇਖ ਪੜ੍ਹੇ। ਫੇਰ ਸਾਰੇ ਮੁਲਕਾਂ ਵਿੱਚੋਂ ਆਏ ਡੈਲੀਗੇਟਾਂ ਨੇ ਆਪਣੇ-ਆਪਣੇ ਲੇਖ ਪੜ੍ਹ ਕੇ ਸੁਣਾਏ। ਪ੍ਰਧਾਨ ਜੀ ਵੱਲੋਂ ਦਾਸ ਨੂੰ ਵੀ ਸਿੱਖ ਧਰਮ ਤੇ ਲੇਖ ਪੜ੍ਹਨ ਦੀ ਆਗਿਆ ਹੋਈ। ਪਹਿਲਾਂ ਕੁਝ ਮਿੰਟਾਂ ਲਈ ਦਾਸ ਸਹਿਜ ਸੁਭਾਇ ਜ਼ਬਾਨੀ ਬੋਲਿਆ। ਫੇਰ ਸਿੱਖ ਧਰਮ ਤੇ ਲੇਖ ਪੜ੍ਹਨਾ ਆਰੰਭ ਕਰ ਦਿੱਤਾ। ਦਸਾਂ ਪਾਤਸ਼ਾਹੀਆਂ ਦਾ ਸੰਖੇਪ ਜੀਵਨ ਅਤੇ ਉਪਦੇਸ਼ ਸਾਧ ਸੰਗਤ ਦੀ ਸੇਵਾ ਭੇਟ ਕੀਤਾ। ਇਸ ਵਿੱਚ ਇਹ ਸਾਬਤ ਕੀਤਾ ਕਿ ਦਸਾਂ ਪਾਤਸ਼ਾਹੀਆਂ ਦੀ ਆਦਿ ਤੋਂ ਅੰਤ ਤੀਕ ਇੱਕੋ ਹੀ ਜੋਤ ਹੈ।

ਗੁਰੂ ਨਾਨਕ ਸਾਹਿਬ ਦਾ ਆਸ਼ਾ "**ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥" (੯੪੩)** ਜਿਸ ਵਿੱਚ ਸਰੀਰ ਦੀ ਪੂਜਾ ਤੋਂ ਕੱਢ ਕੇ ਬੰਦੇ ਨੂੰ ਸ਼ਬਦ ਦੀ ਪੂਜਾ ਦ੍ਰਿੜ੍ਹ ਕਰਾਉਣੀ ਹੈ ਅਤੇ ਇਸ ਪਉੜੀ ਤੋਂ ਅਗੇ ਨਿਰਾਕਾਰ ਵਿੱਚ ਲੈ ਜਾਣਾ ਹੈ (One in all, all in one), ਏਹ ਏਨਾ ਕਠਿਨ ਹੈ ਕਿ ਇੱਕ ਪਉੜੀ ਵਿੱਚ ਜਗਿਯਾਸੂ (ਧਰਮ ਦਾ ਖੋਜੀ ) ਏਸ ਤੇ ਨਹੀਂ ਚੜ੍ਹ ਸਕਦਾ। ਇਸ ਲਈ ਦਸੇ ਪਾਤਸ਼ਾਹੀਆਂ ਪਉੜੀ ਪਉੜੀ ਤੇ ਸਿੱਖ ਨੂੰ ਚਾੜ੍ਹ ਕੇ ਆਖਰ ਖ਼ਾਲਸਈ ਆਤਮ ਰਸ ਵਿੱਚ ਲੈ ਗਈਆਂ ਜਿੱਥੇ ਕਿ ਖੋਜੀ ਦਾ ਸਹਾਰਾ ਇੱਕ ਅਕਾਲ ਹੀ ਰਹਿ ਗਿਆ। ਸ਼ਬਦ ਪੰਥ ਵਿੱਚ ਲੈਅ ਹੋ ਗਿਆ ਅਤੇ ਪੰਥ ਸ਼ਬਦ ਵਿੱਚ **(ਆਤਮ ਰਸ ਜਿਹ ਜਾਨਹੀ ਸੋ ਹੈ ਖਾਲਸ ਦੇਵ ॥ ਪ੍ਰਭ ਮਹਿ, ਮੋ ਮਹਿ ਤਾਸ ਮਹਿ ਰੰਚਕ ਨਾਹਨ ਭੇਵ ॥) "ਜਾਗਤ ਜੋਤਿ ਜਪੈ ਨਿਸ ਬਾਸੁਰ, ਏਕ ਬਿਨਾ ਮਨ ਨੈਕ ਨਾ ਆਨੈ ॥ ਪੂਰਨ ਪ੍ਰੇਮ ਪ੍ਰਤੀਤ ਸਜੈ, ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ ॥ ਤੀਰਥ ਦਾਨ ਦਇਆ ਤਪ ਸੰਜਮ, ਏਕ ਬਿਨਾ ਨਹਿ ਏਕ ਪਛਾਨੈ ॥ ਪੂਰਨ ਜੋਤ ਜਗੈ ਘਟ ਮੈ, ਤਬ ਖਾਲਸ ਤਾਹਿ ਨਖ਼ਾਲਸ ਜਾਨੈ ॥੧॥।ਸਰਬ ਲੋਹ ਗ੍ਰੰਥ]**

ਜਦ ਦਾਸ ਲੇਖ ਪੜ੍ਹ ਕੇ ਆਪਣੀ ਕੁਰਸੀ ਤੇ ਬੈਠਣ ਲਈ ਗਿਆ ਤਦ ਇੱਕ ਹੰਗਰੀ ਦੇ ਡੈਲੀਗੇਟ ਨੇ ਜਿਹੜਾ ਦਾਸ ਦਾ ਗਵਾਂਢੀ ਸੀ, ਬੜੇ ਪ੍ਰੇਮ ਨਾਲ ਆਖਿਆ ਕਿ ਜਿਹੜੇ ਗੁਰੂ ਨਾਨਕ ਸਾਹਿਬ ਦੇ ਉਪਦੇਸ਼ ਤੁਸਾਂ ਜ਼ੁਬਾਨੀ ਸੁਣਾਏ ਸਨ ਉਸ ਵਿੱਚ ਇੱਕ ਖ਼ਾਸ ਲਹਿਰ ਭਰੀ ਹੋਈ ਸੀ[ ਕਾਸ਼ ਕਿ ਤੁਸੀਂ ਸਾਰਾ ਹੀ ਸਮਾਂ ਜ਼ਬਾਨੀ ਬੋਲਦੇ ਅਤੇ ਲੇਖ ਪੜ੍ਹਨ ਦੀ ਥਾਂ, ਇਸ ਨੂੰ ਪ੍ਰੈਜ਼ੀਡੈਂਟ ਦੇ ਹਵਾਲੇ ਕਰ ਦੇਂਦੇ[ ਕਾਨਫਰੰਸ ਦੇ ਮਗਰੋਂ ਬਰਲਿਨ ਵਾਈਮਾਰ ਅਤੇ ਹੋਰ ਕਈ ਸ਼ਹਿਰਾਂ ਦੀ ਜਰਮਨ ਸੱਜਣਾਂ ਨੇ ਸਾਰੇ ਡੈਲੀਗੇਟਾਂ ਨੂੰ ਸੈਰ ਕਰਵਾਈ[ ਫੇਰ ਸਭ ਆਪਣੇ ਆਪਣੇ ਰਾਹ ਪਏ[

ਜਰਮਨੀ ਦੇ ਸਾਰੇ ਦੌਰੇ ਵਿੱਚ ਭੁਝੰਗੀ ਮੁਕੰਦ ਸਿੰਘ ਨਾਲ ਸਾਰੇ ਮਾਈ ਭਾਈ ਬੜਾ ਹੀ ਪ੍ਰੇਮ ਕਰਦੇ ਰਹੇ। ਇੱਕ ਛੋਟਾ ਜਿਹਾ ਅੱਠ ਸਾਲ ਦਾ ਬਾਲਕ, ਸਿਰ ਤੇ ਗੁਰੂ ਕਲਗੀਆਂ ਵਾਲੇ ਦੀ ਦਸਤਾਰ ਸਜਾਈ ਇਹਨਾਂ ਵਾਸਤੇ ਇੱਕ ਅਚੰਭਾ ਸੀ। ਭੁਝੰਗੀ ਵੀ ਨਿਰਭੈ ਹੋ ਕੇ ਸਭ ਨਾਲ ਜਾਂਦਾ ਤੇ ਜਿਹੜੀ ਚੀਜ਼ ਦੇਖਦਾ, ਉਸ ਬਾਬਤ ਖੋਜ ਦੇ ਸਵਾਲ ਪੁੱਛਦਾ।

## ਲੰਡਨ ਵਿੱਚ ਪਹਿਲੇ ਗੁਰਦੁਆਰੇ ਦਾ ਅਸਥਾਪਨ

ਦਾਸ ਨੂੰ ਅੱਗੇ ਹੀ ਖਿੱਚ ਲੱਗੀ ਹੋਈ ਸੀ ਕਿ ਕਦ ਬਰਲਿਨ ਦਾ ਦੌਰਾ ਖਤਮ ਹੋਵੇ ਅਤੇ ਕਦ ਲੰਡਨ ਪਹੁੰਚ ਕੇ ਸੱਚੇ ਪਾਤਿਸ਼ਾਹ ਦਾ ਨਿਸ਼ਾਨ ਸਾਹਿਬ ਝੁਲਾਇਆ ਜਾਵੇ। ਇਥੋਂ ਵਿਦਾ ਹੁੰਦਿਆਂ ਹੀ ਦਾਸ

ਸਿੱਧਾ ਲੰਡਨ ਪੁੱਜਾ। ਅੱਗੇ ਪਾਠ ਦਾ ਭੋਗ ਤਿਆਰ ਸੀ ਪਰ ਹੁਣ ਇੱਕ ਔਕੜ ਸਾਹਮਣੇ ਆ ਖਲੋਤੀ। ਅੰਮ੍ਰਿਤ ਛਕਾਉਣ ਵਾਸਤੇ ਚਾਰ ਸਰੀਰ ਤਾਂ ਤਿਆਰ ਸਨ ਪਰ ਪੰਜਵੇਂ ਦੀ ਥੁੜ ਸੀ। ਏਸ ਦੇ ਨਾਲ ਹੀ ਕਰਤਾਰ ਨੇ ਮਾਇਆ ਵੱਲੋਂ ਵੀ ਇੱਕ ਡਾਢਾ ਕਰੜਾ ਭਾਣਾ ਵਰਤਾਇਆ ਹੋਇਆ ਸੀ।

ਪਰ ਧੰਨ ਹੈ ਸਤਿਗੁਰੂ ਕਲਗੀਆਂ ਵਾਲਾ ਜਿਹੜਾ ਆਪਣਿਆਂ ਸੇਵਕਾਂ ਦੀ ਸਦਾ ਹੀ ਪੈਜ ਰੱਖਦਾ ਆਇਆ ਹੈ। ਲੰਡਨ ਬਿਜਲੀ ਕੈਂਪ ਵਿੱਚ, ਚਾਂਦਮਾਰੀ ਲਈ ਮਲਾਇਆ ਸਟੇਟਸ ਗਾਈਡਜ਼ ਦੀ ਟੀਮ ਆਈ ਹੋਈ ਸੀ। ਕੁਦਰਤੀ ਪ੍ਰੇਰਕ ਨੇ ਇਹਨਾਂ ਦੇ ਗ੍ਰੰਥੀ ਭਾਈ ਤਾਰਾ ਸਿੰਘ ਨੂੰ ਵੀ ਨਾਲ ਆਉਣ ਵਾਸਤੇ ਤਿਆਰ ਕਰ ਲਿਆ। ਉਹ ਚੰਗੇ ਗੁਰਸਿੱਖ ਅਤੇ ਵਿਦਵਾਨ ਸਨ। ਇਹਨਾਂ ਨੇ ਅਖ਼ਬਾਰਾਂ ਦੁਆਰਾ, ਦਾਸ ਦੀ ਇੰਗਲੈਂਡ ਅਤੇ ਕੈਨੇਡਾ ਦੀ ਵਾਰਤਾ ਪੜ੍ਹੀ ਹੋਈ ਸੀ। ਐਨ ਏਸ ਔਕੜ ਦੇ ਸਮੇਂ ਇੱਕ ਦਿਨ ਬਿਜਲੀ ਕੈਂਪ ਬੈਠਿਆਂ-ਬੈਠਿਆਂ ਇਹਨਾਂ ਦੇ ਚਿੱਤ ਵਿੱਚ ਉਛਾਲਾ ਆਇਆ ਕਿ ਚੱਲੋ ਪ੍ਰੋਫੈਸਰ ਤੇਜਾ ਸਿੰਘ ਨੂੰ ਮਿਲੀਏ। ਖੋਜ਼ ਕਰਨ ਦੇ ਮਗਰੋਂ ਇਹਨਾਂ ਨੇ ਦਾਸ ਦੇ ਮਕਾਨ ਦਾ ਪਤਾ ਕੱਢ ਲਿਆ। ਇੱਕ ਦਿਨ ਸਵੇਰ ਦੇ ਵੇਲੇ ਦਾਸ ਕਿਸੇ ਕਾਰਜ ਲਈ ਬਾਹਰ ਗਿਆ ਹੋਇਆ ਸੀ। ਇਹ ਦਾਸ ਦੇ ਡੇਰੇ ਤੇ ਆਏ। ਵੀਹ ਪੌਂਡ ਕੱਢ ਕੇ ਦਾਸ ਦੀ ਸੁਪਤਨੀ ਦੇ ਅੱਗੇ ਰੱਖ ਦਿੱਤੇ ਤੇ ਆਖਿਆ, "ਇਹ ਤੁਹਾਡੇ ਹੀ ਹਨ; ਇਹਨਾਂ ਨੂੰ ਸਤਿਗੁਰੂ ਦੀ ਸੇਵਾ ਲਈ ਕਬੂਲ ਕਰ ਲਵੋ। ਹੁਣ ਮੈਨੂੰ ਬਿਜਲੀ ਕੈਂਪ ਪੁੱਜਣ ਦੀ ਕਾਹਲ ਹੈ। ਮੈਂ ਕਲ ਫੇਰ ਪ੍ਰੋਫੈਸਰ ਜੀ ਨੂੰ ਮਿਲਣ ਵਾਸਤੇ ਆਵਾਂਗਾ।" ਡੇਰੇ ਮੁੜਨ ਤੇ ਹੁਣ ਸਾਰੀ ਖੇਲ ਦਾ ਦਾਸ ਨੂੰ ਪਤਾ ਲੱਗਾ। ਹਿਰਦੇ ਵਿੱਚੋਂ ਕਲਗੀਆਂ ਵਾਲੇ ਪਿਤਾ ਦਾ ਕੋਟਾਨ ਕੋਟ ਧੰਨਵਾਦ ਨਿਕਲਿਆ ਅਤੇ ਚੇਤੇ ਆਇਆ, "**ਜਿਸ ਕਾ ਕਾਰਜੁ ਤਿਨ ਹੀ ਕੀਆ ਮਾਣਸੁ ਕਿਆ ਵੇਚਾਰਾ ਰਾਮ ॥**"।੭੮੪] ਇਹ ਤਾਂ ਸਤਿਗੁਰੂ ਦਾ ਆਪਣਾ ਹੀ ਕੰਮ ਸੀ ਅਤੇ ਓਸ ਨੇ ਆਪ ਹੀ ਵੇਲੇ ਸਿਰ ਏਸ ਨੂੰ ਸਿਰੇ ਚਾੜ੍ਹਨਾ ਸੀ। ਸੇਵਕ ਦਾ ਧਰਮ ਤਾਂ ਸੱਚੀ ਧੁਨ ਵਿੱਚ ਆਪਣੇ ਵੱਲੋਂ ਉਦਮ ਹੀ ਕਰਨਾ ਹੈ।

ਦੂਜੇ ਦਿਨ ਨੀਯਤ ਵਕਤ ਤੇ ਭਾਈ ਤਾਰਾ ਸਿੰਘ ਆ ਮਿਲੇ। ਆਪਸ ਵਿੱਚ ਬੜੇ ਪ੍ਰੇਮ ਦੇ ਬਚਨ ਬਿਲਾਸ ਹੋਏ। ਇਹਨਾਂ ਨੇ ਆਖਿਆ ਕਿ ਅਸੀਂ ਹੁਣ ਮਲਾਇਆ ਸਟੇਟਸ ਗਾਈਡ ਦੀ ਨੌਕਰੀ ਛੱਡ ਦਿਆਂਗੇ ਅਤੇ ਸੇਵਾ ਲਈ ਤੁਹਾਡੇ ਨਾਲ ਹੀ ਰਹਾਂਗੇ।

ਹੁਣ ਦੋਵੇਂ ਹੀ ਔਕੜਾਂ ਦੂਰ ਹੋ ਗਈਆਂ। ਲੋੜ ਅਨੁਸਾਰ ਪੰਜਵਾਂ ਪਿਆਰਾ ਵੀ ਮਿਲ ਗਿਆ ਅਤੇ ਮਾਇਆ ਵੀ ਹਾਜ਼ਰ ਹੋ ਗਈ। ਸਾਰੇ ਖ਼ਾਲਸੇ ਜੱਥੇ ਦੇ ਮੈਂਬਰਾਂ ਨੂੰ ਚਿੱਠੀਆਂ ਭੇਜ ਦਿੱਤੀਆਂ ਜਿਨਾਂ ਵਿੱਚ ਪਾਠ ਦੇ ਭੋਗ, ਅੰਮ੍ਰਿਤ ਪ੍ਰਚਾਰ ਅਤੇ ਨਿਸ਼ਾਨ ਸਾਹਿਬ ਦੇ ਖੜ੍ਹੇ ਕਰਨ ਦਾ ਨੀਯਤ ਦਿਨ ਦੱਸਿਆ ਗਿਆ।

ਦੀਵਾਨ ਦੇ ਦਿਨ ਤੋਂ ਪਹਿਲਾਂ ਦਾਸ ਨੇ ਇੱਕ ਮਕਾਨਾਂ ਦੇ ਏਜੰਟ ਰਾਹੀਂ ਇੱਕ ਬੜਾ ਭਾਰੀ ਸੁੰਦਰ ਪੂਰੇ ਹੱਕ ਮਾਲਕਾਨਾਂ (Free hold) ਮਕਾਨ ਗੁਰਦੁਆਰੇ ਸਾਹਿਬ ਵਾਸਤੇ ਦੇਖ ਛਡਿਆ ਸੀ। ਏਸ ਦਾ ਮੁਲ ਢਾਈ ਹਜ਼ਾਰ ਪੌਂਡ ਸੀ। ਥੋੜ੍ਹੇ ਚਿਰ ਵਾਸਤੇ ਤਾਂ ਧਰਮਸਾਲ ਲਈ ਮਕਾਨ ਕਿਰਾਏ ਤੇ ਲੈ ਲਿਆ ਸੀ ਪਰ ਇਹ ਖਿਆਲ ਸੀ ਕਿ ਛੇਤੀ ਤੋਂ ਛੇਤੀ ਇੱਕ ਪੱਕੀ ਮਾਲਕੀ ਵਾਲਾ ਮਕਾਨ ਖਰੀਦ ਲਿਆ ਜਾਵੇ।

ਨੀਯਤ ਦਿਨ ਤੇ ਸਾਰੇ ਸਿੱਖ ਵਿਦਿਆਰਥੀ ਗੁਰਦੁਆਰਾ ਸਾਹਿਬ ਵਿੱਚ ਇੱਕਠੇ ਹੋ ਗਏ। ਕਥਾ ਕੀਰਤਨ ਦੇ ਮਗਰੋਂ ਪਾਠ ਦਾ ਭੋਗ ਪਾਇਆ ਗਿਆ। ਫੇਰ ਭਾਈ ਧਰਮ ਅਨੰਤ ਸਿੰਘ, ਸਰਦਾਰ ਨਰਾਇਣ ਸਿੰਘ ਅਤੇ ਸਰਦਾਰ ਨਰਾਇਣ ਸਿੰਘ ਨੂੰ ਅੰਮ੍ਰਿਤ ਛਕਾਇਆ ਗਿਆ। ਭਾਈ ਨਰਾਇਣ ਸਿੰਘ ਨੂੰ ਲੰਡਨ ਗੁਰਦੁਆਰੇ ਸਾਹਿਬ ਦਾ ਸਕੱਤਰ ਬਣਾਇਆ ਗਿਆ ਅਤੇ ਫੇਰ ਸਤਿਗੁਰੂ ਸੱਚੇ ਪਾਤਿਸ਼ਾਹ ਅਗੇ ਅਰਦਾਸ

ਕਰਕੇ, ਗੁਰਦੁਆਰੇ ਸਾਹਿਬ ਦਾ ਨਿਸ਼ਾਨ ਸਾਹਿਬ ਅਸਥਾਪਨ ਕੀਤਾ ਗਿਆ। ਏਸ ਦੇ ਮਗਰੋਂ ਸਾਰੇ ਜੱਥੇ ਦੇ ਪ੍ਰੇਮੀ ਮਿਲ ਕੇ ਬੈਠ ਗਏ ਅਤੇ ਗੁਰਦੁਆਰਾ ਸਾਹਿਬ ਸੰਬੰਧੀ ਵੀਚਾਰ ਹੋਈ। ਭਾਈ ਨਰਾਇਣ ਸਿੰਘ ਨੇ ਦੇਸ ਜਾ ਕੇ ਗੁਰਦੁਵਾਰਾ ਸਾਹਿਬ ਲਈ ਚੰਦਾ ਇਕੱਤਰ ਕਰਨ ਦੀ ਸੇਵਾ ਲਈ। ਸਭ ਨੇ ਬੜੀ ਖੁਸ਼ੀ ਨਾਲ ਪ੍ਰਵਾਨ ਕੀਤੀ। ਫੇਰ ਦਾਸ ਨੇ ਤਜਵੀਜ਼ ਕੀਤੀ ਕਿ ਗੁਰਦੁਵਾਰੇ ਸਾਹਿਬ ਨੂੰ ਪੱਕੇ ਪੈਰੀ ਕਰਨ ਲਈ ਹੈਮਪਸਟੇਡ ਹੀਥ ਵਿੱਚ ਇੱਕ ਮਾਲਕਾਨਾਂ ਹੱਕਾਂ ਵਾਲਾ ਮਕਾਨ ਖਰੀਦਿਆ ਜਾਵੇ। ਮਕਾਨ ਤਾਂ ਸਾਰਿਆਂ ਨੇ ਪਸੰਦ ਕਰ ਲਿਆ ਪਰ ਆਖਣ ਲੱਗੇ, "ਏਨੀ ਮਾਇਆ ਕਿੱਥੋਂ ਆਵੇਗੀ।" ਦਾਸ ਨੇ ਅਰਜ਼ ਕੀਤੀ: ਤੁਸੀ ਨਿਸ਼ਚਾ ਨਾ ਡੁਲਾਓ ਇਹ ਸਤਿਗੁਰੂ ਦਾ ਕੰਮ ਹੈ ਇਹ ਮਾਇਆ ਆਪੇ ਭੇਜਣਗੇ। ਪਰ ਪੱਛਮੀ ਵਿਦਿਆ ਦੇ ਰੁੱਖੇ-ਅਸ਼ਰਧਕ ਅਸਰ ਨੇ ਪ੍ਰੇਮੀਆਂ ਦਾ ਨਿਸ਼ਚਾ ਪਰਪੱਕ ਨਾ ਹੋਣ ਦਿੱਤਾ। ਮਕਾਨ ਖਰੀਦਣ ਦੀ ਗੱਲ ਕੁਝ ਢਿੱਲੀ ਹੀ ਰਹੀ, ਸਤਿਗੁਰੂ ਨੇ ਤਾਂ ਬੜੀ ਛੇਤੀ ਮਾਇਆ ਭੇਜਣ ਦੀ ਸਬੀਲ ਬਣਾ ਦਿੱਤੀ। ਭਾਈ ਨਰਾਇਣ ਸਿੰਘ ਨੂੰ ਵੀ ਦੇਸ ਵਿੱਚੋਂ ੩● ਹਜ਼ਾਰ ਦੇ ਨੇੜੇ ਚੰਦਾ ਮਿਲ ਗਿਆ ਅਤੇ ਮਹਾਰਾਜਾ ਭੁਪਿੰਦਰ ਸਿੰਘ ਪਟਿਆਲਾ ਜੋ ਅੱਜੇ ਨਵੇਂ ਨਵੇਂ ਗੱਦੀ ਤੇ ਬੈਠੇ ਸਨ, ਇੰਗਲੈਂਡ ਪੁੱਜੇ ਤੇ ਗੁਰਦੁਆਰਾ ਸਾਹਿਬ ਦੀ ਸੇਵਾ ਲਈ ਸਵਾ ਲੱਖ ਦਮੜੇ ਦਾ ਬਚਨ ਕੀਤਾ, ਜਿਦ੍ਹੇ ਵਿੱਚੋਂ ਇੱਕ ਹਜ਼ਾਰ ਪੌਂਡ ਉਹਨਾਂ ਨੇ ਉਸੇ ਵੇਲੇ ਹਾਜ਼ਰ ਕਰ ਦਿੱਤਾ।

ਸੁੱਕੀ ਦਲੀਲ ਦੇ ਅਧੀਨ ਢਿੱਲੇ ਨਿਸਚੇ ਨੇ ਪੱਕੀ ਮਾਲਕੀ ਵਾਲਾ ਮਕਾਨ ਨਾ ਲੈਣ ਦਿੱਤਾ ਅਤੇ ਉਸ ਵੇਲੇ ਦੇ ਪ੍ਰਬੰਧਕਾਂ ਨੇ ੬● ਸਾਲ ਦੀ ਮਿਆਦ ਵਾਲਾ ਮਕਾਨ ਗੁਰਦੁਆਰੇ ਸਾਹਿਬ ਵਾਸਤੇ ਖਰੀਦ ਲਿਆ।

ਜੱਥੇ ਦੇ ਏਸੇ ਦੀਵਾਨ ਵਿੱਚ ਸਤਿਗੁਰੂ ਦੀ ਹਜ਼ੂਰੀ ਵਿੱਚ ਸਾਰੀ ਸੰਗਤ ਨੇ ਦਾਸ ਤੇ ਏਸ ਗੱਲ ਦਾ ਜ਼ੋਰ ਪਾਇਆ ਕਿ ਤੁਸੀਂ ਦੇਸ ਤੋਂ ਵਿੱਦਿਆ ਦੀ ਡਿਗਰੀ ਲੈਣ ਵਾਸਤੇ ਆਏ ਸੀ ਪਰ ਹੁਣ ਤੀਕਰ ਤੁਸੀਂ ਸੰਤ ਜੀ ਮਹਾਰਾਜ ਦੇ ਹੁਕਮ ਵਿੱਚ ਗੁਰਦੁਆਰੇ ਬਣਾਉਂਦੇ, ਖ਼ਾਲਸਾ ਜੀ ਦੀ ਸੇਵਾ ਤੇ ਸਿੱਖ ਧਰਮ ਦਾ ਪ੍ਰਚਾਰ ਕਰਦੇ ਰਹੇ ਹੋ। ਸਾਨੂੰ ਹੁਣੇ ਬਚਨ ਦੇਵੋ ਕਿ ਤੁਸੀ ਦੇਸ ਮੁੜਨ ਤੋਂ ਪਹਿਲੋਂ ਕੋਈ ਡਿਗਰੀ ਲੈ ਲਵੋਗੇ। ਸਤਿਗੁਰੂ ਦੀ ਸੰਗਤ ਦਾ ਹੁਕਮ, ਦਾਸ ਨੇ ਸਿਰ ਮੱਥੇ ਤੇ ਰੱਖਿਆ ਅਤੇ ਆਖਿਆ, 'ਸਤਿ ਬਚਨ'।

# ਕਾਂਡ ੧੨

ਪਉੜੀ ॥

ਜਾ ਤੂ ਮੇਰੈ ਵਲਿ ਹੈ ਤਾ ਕਿਆ ਮੁਹਛੰਦਾ ॥

ਤੁਧੁ ਸਭੁ ਕਿਛੁ ਮੈਨੋ ਸਉਪਿਆ ਜਾ ਤੇਰਾ ਬੰਦਾ ॥

ਲਖਮੀ ਤੋਟਿ ਨ ਆਵਈ ਖਾਇ ਖਰਚਿ ਰਹੰਦਾ ॥

ਲਖ ਚਉਰਾਸੀਹ ਮੇਦਨੀ ਸਭ ਸੇਵ ਕਰੰਦਾ ॥

ਏਹ ਵੈਰੀ ਮਿਤ੍ਰ ਸਭਿ ਕੀਤਿਆ ਨਹ ਮੰਗਹਿ ਮੰਦਾ ॥

ਲੇਖਾ ਕੋਇ ਨ ਪੁਛਈ ਜਾ ਹਰਿ ਬਖਸੰਦਾ ॥

ਅਨੰਦੁ ਭਇਆ ਸੁਖੁ ਪਾਇਆ ਮਿਲਿ ਗੁਰ ਗੋਵਿੰਦਾ ॥

ਸਭੇ ਕਾਜ ਸਵਾਰਿਐ ਜਾ ਤੁਧੁ ਭਾਵੰਦਾ ॥੭॥

(੧੦੯੬)

## ਸੇਵਾ ਲਈ ਔਕੜਾਂ ਦਾ ਸਾਹਮਣਾ

ਸਾਧ ਸੰਗਤ ਦਾ ਹੁਕਮ ਪਾਲਣ ਹਿਤ, ਦੂਜੇ ਦਿਨ ਹੀ ਦਾਸ ਕੈਂਬਰਿਜ ਗਿਆ। ਉੱਥੇ ਜਾ ਕੇ ਆਪਣੇ ਟਿਊਟਰ ਮਿਸਟਰ ਜੈਕਸਨ ਨੂੰ ਡਾਉਨਿੰਗ ਕਾਲਜ ਜਾ ਮਿਲਿਆ ਅਤੇ ਸਾਰੀ ਗੱਲ ਬਾਤ ਖੋਲ੍ਹ ਕੇ ਕੀਤੀ ਕਿ ਕੈਂਬਰਿਜ਼ ਦੀਆਂ ਪੰਜ ਟਰਮਾਂ ਦਾਸ ਪੂਰੀਆਂ ਕਰ ਚੁੱਕਾ ਹੈ ਅਤੇ ਹੁਣ ਛੇਵੀਂ ਟਰਮ ਪੂਰੀ ਕਰ ਕੇ ਡਿਗਰੀ ਦਾ ਇਮਤਿਹਾਨ ਦੇਣਾ ਚਾਹੁੰਦਾ ਹੈ। **ਜੈਕਸਨ ਨੇ ਜਵਾਬ ਦਿੱਤਾ ਕਿ ਜਿਹੜਾ ਕੰਮ ਤੂੰ ਵੈਨਕੂਵਰ ਵਿੱਚ ਸਿੱਖ, ਹਿੰਦੂ ਅਤੇ ਮੁਸਲਮਾਨਾਂ ਨੂੰ ਬ੍ਰਿਟਿਸ਼ ਹਾਂਡੂਰਸ ਜਾਣ ਤੋਂ ਰੋਕਣ ਲਈ ਕੀਤਾ ਹੈ, ਉਸ ਦੀ ਸਾਰੀ ਰਿਪੋਰਟ ਯੂਨੀਵਰਸਿਟੀ ਪਾਸ ਪੁੱਜ ਚੁੱਕੀ ਹੈ। ਸੈਨੇਟ ਨੇ ਫੈਸਲਾ ਕੀਤਾ ਹੈ ਕਿ ਭਾਵੇਂ ਤੁਸੀਂ ਇਮਤਿਹਾਨ ਪਾਸ ਵੀ ਕਰ ਲਵੋ, ਤੁਹਾਨੂੰ ਡਿਗਰੀ ਨਾ ਦਿੱਤੀ ਜਾਏ।**

ਇਹ ਗੱਲ ਸੁਣ ਕੇ ਦਾਸ ਲੰਡਨ ਮੁੜ ਆਇਆ ਤੇ ਚਿੱਤ ਵਿੱਚ ਵਿਚਾਰਿਆ ਕਿ ਹੁਣ ਅਮਰੀਕਾ ਵਿੱਚ ਜਾ ਕੇ ਡਿਗਰੀ ਲੈਣ ਦਾ ਜਤਨ ਕੀਤਾ ਜਾਵੇ।

ਓਸੇ ਵੇਲੇ ਭਾਈ ਮੁਹੰਮਦ ਕਾਸਮ ਇੰਜੀਨੀਅਰ ਅਤੇ ਦੋ ਹੋਰ ਸੱਜਣਾਂ ਨੂੰ ਚਿੱਠੀਆਂ ਪਾ ਦਿੱਤੀਆਂ ਕਿ ਫਲਾਣੀ ਤਾਰੀਖ ਤੀਕਰ ੪੦ ਪੌਂਡ ਦਾਸ ਨੂੰ ਲੰਡਨ ਪੁੱਜ ਜਾਣ। ਐਨ ਮੌਕੇ ਤੇ ਭਾਈ ਕਾਸਮ ਵੱਲੋਂ ਇਹ ਰਕਮ ਬੈਂਕ ਦੁਆਰਾ ਅਪੜ ਗਈ। ਉਸੇ ਵੇਲੇ ਜਾ ਕੇ ਜਹਾਜ਼ ਦੀਆਂ ਟਿਕਟਾਂ ਦਾ ਇੰਤਜ਼ਾਮ ਕਰ ਲਿਆ। ਭਾਈ ਤਾਰਾ ਸਿੰਘ ਜੀ ਵੀ ਨਾਲ ਹੀ ਤਿਆਰ ਹੋ ਗਏ।

ਜਹਾਜ਼ ਤੇ ਚੜ੍ਹ, ਸੱਤਵੇਂ ਦਿਨ ਨਿਊਯਾਰਕ ਪਹੁੰਚੇ ਅਤੇ ਟੀਚਰਜ਼ ਕਾਲਜ ਕੋਲੰਬੀਆ ਯੂਨੀਵਰਸਿਟੀ ਦੇ ਪਾਸ ਇੱਕ ਮਕਾਨ ਵਿੱਚ ਨਿਵਾਸ ਕੀਤਾ।

ਦੂਜੇ ਦਿਨ ਕਾਲਜ ਖੁੱਲ੍ਹਦੇ ਹੀ ਦਾਸ ਪ੍ਰੈਜ਼ੀਡੈਂਟ ਨੂੰ ਮਿਲਣ ਗਿਆ ਤੇ ਉਸਦੇ ਨਾਲ ਜ਼ਿਕਰ ਕੀਤਾ ਕਿ ਡਿਗਰੀ ਦੇ ਅੱਧੇ ਕੋਰਸਾਂ ਦਾ ਇਮਤਿਹਾਨ ਦਾਸ ਪਾਸ ਕਰ ਚੁੱਕਾ ਹੈ ਤੇ ਬਾਕੀ ਅੱਧੇ ਕੋਰਸ ਪੂਰੇ ਕਰ ਕੇ ਡਿਗਰੀ ਸੰਪੂਰਨ ਕਰਨਾ ਚਾਹੁੰਦਾ ਹੈ। ਉਸ ਨੇ ਜਵਾਬ ਦਿੱਤਾ ਕਿ ਤੂੰ ਵਿਦਿਆਰਥੀ ਨਹੀ; ਮੁਲਕੀ ਕੰਮ ਕਰਨ ਵਾਲਾ ਆਦਮੀ ਹੈ। ਵੈਨਕੂਵਰ ਦੀ ਸਾਰੀ ਰੀਪੋਰਟ ਸਾਨੂੰ ਭੇਜੀ ਗਈ ਹੈ। ਅਸੀਂ ਤੈਨੂੰ ਡਿਗਰੀ ਲੈਣ ਦੀ ਇਜਾਜ਼ਤ ਨਹੀਂ ਦੇ ਸਕਦੇ।

ਹੁਣ ਦਾਸ ਨੂੰ ਇਹ ਖ਼ਿਆਲ ਆਇਆ ਕਿ ਹੋਰ ਤਾਂ ਕੋਈ ਵਾਹ ਚਲਦੀ ਨਜ਼ਰ ਨਹੀਂ ਆਉਂਦੀ; ਹਾਰਵਰਡ ਯੂਨੀਵਰਸਿਟੀ ਨਾਲ ਦੇਸ ਤੁਰਨ ਤੋਂ ਪਹਿਲਾਂ ਖੱਤ ਪੱਤਰ ਕਰ ਕੇ ਦਾਖਲ ਹੋਣ ਦੀ ਇਜਾਜ਼ਤ ਲਈ ਸੀ, ਉੱਥੇ ਚੱਲ ਕੇ ਸਤਿਗੁਰੂ ਰੂਪ ਸਾਧ ਸੰਗਤ ਦਾ ਹੁਕਮ ਪੂਰਾ ਕਰਨ ਦਾ ਜਤਨ ਕੀਤਾ ਜਾਵੇ।

ਉੱਥੇ ਅੱਗੇ ਦਾਸ ਨਹੀਂ ਸੀ ਪੜ੍ਹਿਆ, ਏਸ ਲਈ ਦਾਸ ਦੇ ਵਿਰੁਧ ਰਿਪੋਰਟ ਉੱਥੇ ਨਹੀਂ ਅਪੜੀ ਹੋਵੇਗੀ। ਹੁਣ ਇੱਕ ਹੋਰ ਔਕੜ ਅੱਗੇ ਆ ਖਲੋਤੀ। ਭਾਈ ਤਾਰਾ ਸਿੰਘ ਜਹਾਜ਼ ਵਿੱਚ ਹੀ ਕਾਹਲਾ ਪਿਆ ਹੋਇਆ ਸੀ, ਪਰ ਨਿਊਯਾਰਕ ਉੱਤਰ ਕੇ ਉਸ ਨੇ ਹੱਦ ਹੀ ਮੁੱਕਾ ਦਿੱਤੀ। ਛਿਨਕ ਪਲਕ ਏਹੋ ਹੀ ਕਹੇ ਕਿ ਮੈਨੂੰ ਛੇਤੀ ਕੈਲੀਫੋਰਨੀਆਂ ਭੇਜੋ ਮੈਂ ਜਾ ਕੇ ਆਪਣਾ ਕੰਮ ਕਾਰ ਕਰਨਾ ਹੈ। ਬੜਾ ਹੀ ਸਮਝਾਇਆ ਕਿ ਭਾਈ ਪਹਿਲਾਂ ਸਾਧ ਸੰਗਤ ਦਾ ਹੁਕਮ ਪੂਰਾ ਕਰਨ ਦਾ ਜਤਨ ਸਫਲ ਹੋਣ ਦੇ, ਫੇਰ ਤੈਨੂੰ ਭਰਾਵਾਂ ਕੋਲੋਂ ਕਿਰਾਇਆ ਮੰਗਵਾ ਕੇ ਉਹਨਾਂ ਪਾਸ ਭੇਜ ਦਿੱਤਾ ਜਾਵੇਗਾ।

ਬਥੇਰਾ ਜਤਨ ਕੀਤਾ, ਪਰ ਪ੍ਰੇਮੀ ਨੇ ਇੱਕ ਨਾ ਮੰਨੀ। ਆਖਣ ਲੱਗਾ: "ਮੈਨੂੰ ਟਿਕਟ ਲੈ ਕੇ ਭੇਜ ਦਿਓ; ਮੈਂ ਜਾਂਦਿਆਂ ਹੀ ਤੁਹਾਨੂੰ ਹਾਰਵਰਡ ਦੀ ਪੜ੍ਹਾਈ ਵਿੱਚ ਮਦਦ ਪਹੁੰਚਾਵਾਂਗਾ।"

ਜਦ ਕੋਈ ਵਾਹ ਨਾ ਚੱਲੀ, ਤਦ ਉਸ ਨੂੰ ਸਾਨ ਫ਼ਰਾਂਸਿਸਕੋ ਦਾ ਟਿਕਟ ਲੈ ਕੇ ਗੱਡੀ ਚਾੜ੍ਹ ਦਿੱਤਾ ਅਤੇ ਦਾਸ ਪਾਸ ਕੇਵਲ ਪੰਦਰਾਂ ਡਾਲਰ ਹੀ ਰਹਿ ਗਏ।

ਦੂਜੇ ਦਿਨ ਜਹਾਜ਼ ਚੜ੍ਹ, ਬੋਸਟਨ ਵੱਲ ਤੁਰ ਪਏ। ਉਤਰਦਿਆਂ ਹੀ ਹਾਰਵਰਡ, ਯੂਨੀਵਰਸਿਟੀ ਕੈਂਬਰਿਜ ਮੈਸਾਚੂਸੇਟਸ (Massachusets) ਪਹੁੰਚੇ ਉੱਥੇ ਇੱਕ ਮਕਾਨ ਚਾਰ ਡਾਲਰ ਤੇ ਕਿਰਾਏ ਲੈ ਲਿਆ। ਇਸ਼ਨਾਨ ਪਾਣੀ ਕਰ, ਜਲ ਪਾਣੀ ਛਕ ਫ਼ੌਰਨ ਹੀ ਯੂਨੀਵਰਸਿਟੀ ਦੇ ਦਫ਼ਤਰ ਗਿਆ ਅਤੇ ਸਕੱਤ੍ਰ ਨਾਲ ਏ. ਐਮ. ਜਮਾਤ ਵਿੱਚ ਦਾਖਲ ਹੋਣ ਦੀ ਵਿਚਾਰ ਕੀਤੀ।

ਉਸ ਨੇ ਦਾਸ ਦੀ ਪਿੱਛਲੀ ਫਾਈਲ ਨੂੰ ਕੱਢਿਆ ਅਤੇ ਆਖਿਆ ਕਿ ਹਾਂ ਤੈਨੂੰ ਦਾਖਲ ਕਰ ਲਵਾਂਗੇ। ਪੜ੍ਹਾਈ ਦੀ ਫੀਸ ੧੫● ਡਾਲਰ ਹੈ, ੯● ਪਹਿਲੀ ਟਰਮ ਵਿੱਚ ਦੇਣੀ ਪਵੇਗੀ ਤੇ ੬● ਦੂਜੀ ਟਰਮ ਵਿੱਚ।

ਉਸੇ ਵੇਲੇ ਦਾਸ ਨੇ ਨਾਮ ਦਰਜ ਕਰਾ ਦਿੱਤਾ ਤੇ ਆਪਣੇ ਡੇਰੇ ਤੇ ਵਾਪਸ ਆ ਗਿਆ।

ਨਿਊਯਾਰਕ ਤੋਂ ਬੋਸਟਨ ਜਹਾਜ਼ ਦਾ ਕਿਰਾਇਆ ਦੇ ਕੇ ਸਿਰਫ ਪੰਜ ਡਾਲਰ ਪੱਲੇ ਰਹਿ ਗਏ ਸਨ। ਬੈਠ ਕੇ ਘਰ ਵਾਲੀ ਨਾਲ ਸਲਾਹ ਕੀਤੀ ਕਿ ਭਲੀਏ ਲੋਕੇ, ਸਤਿਗੁਰੂ ਦੀ ਸੰਗਤ ਦਾ ਬਚਨ ਪੂਰਾ ਕਰਨਾ ਹੈ। ਹੁਣ ਹਿੰਮਤ ਕੀਤਿਆਂ ਹੀ ਕੰਮ ਸਿਰੇ ਚੜ੍ਹੇਗਾ। ਕਿਰਤ ਕਰ ਕੇ ਕੰਮ ਨੂੰ ਤੋਰੀਏ। ਮੈਂ ਬਜ਼ਾਰੋਂ ਕੱਪੜਾ ਅਤੇ ਰੇਸ਼ਮ ਲੈ ਆਉਂਦਾ ਹਾਂ, ਤੂੰ ਸਤਿਗੁਰੂ ਦਾ ਬਖਸ਼ਿਆ ਹੋਇਆ ਗੁਣ ਹੁਣ ਵਰਤ ਕੇ ਸੋਫਿਆਂ ਦੀਆਂ ਗੱਦੀਆਂ ਦੇ ਉਛਾੜ ਤਿਆਰ ਕਰ; ਮੈਂ ਵੇਚ ਆਇਆ ਕਰਾਂਗਾ। ਇਸ ਤਰ੍ਹਾਂ ਕੰਮ ਤੁਰ ਪਵੇਗਾ। ਫੇਰ

ਸਤਿਗੁਰੂ ਆਪਣਾ ਕੋਈ ਹੋਰ ਰਾਹ ਕੱਢ ਦੇਵਣਗੇ।

ਬੜੇ ਪ੍ਰੇਮ ਪੂਰਬਕ ਇਹ ਗੁਰਮਤਾ ਸਿਰੇ ਚੜ੍ਹਿਆ। ਤੀਜੇ ਦਿਨ ਹੀ ਇਕ ਗਿਲਾਫ ਤਿਆਰ ਹੋ ਗਿਆ ਜਿਹੜਾ ਕਿ ਦਾਸ ਨੇ ਨੌਂ ਡਾਲਰ ਤੋਂ ਵੇਚਿਆ। ਆਉਂਦਿਆਂ ਹੀ ਚਾਰ ਡਾਲਰ ਮਕਾਨ ਵਾਲੇ ਨੂੰ, ਹਫਤੇ ਦੇ ਕਿਰਾਏ ਵਜੋਂ ਫੜ੍ਹਾ ਦਿੱਤੇ ਤੇ ਪੰਜ ਦਾ ਹੋਰ ਕੱਪੜਾ ਤੇ ਰੇਸ਼ਮ ਲੈ ਆਂਦਾ।

ਦੂਜਾ ਗਲਾਫ ਅੱਠ ਡਾਲਰ ਤੋਂ ਵਿਕਿਆ। ਏਸ ਨਾਲ ਦੁੱਧ ਰੋਟੀ ਤੇ ਦਾਲ ਆਟੇ ਵਾਲੇ ਦਾ ਬਿੱਲ ਮੁਕਾਇਆ। ਏਸ ਤਰ੍ਹਾਂ ਕੰਮ ਤੁਰ ਪਿਆ। ਫਿਰ ਸਤਿਗੁਰੂ ਨੇ ਆਪਣੇ ਸੇਵਕਾਂ ਦੀ ਲਾਜ ਰੱਖਣ ਵਾਸਤੇ ਖੇਡ ਸ਼ੁਰੂ ਕਰ ਦਿੱਤੀ।

ਨਿਊਯਾਰਕ ਦੇ ਸਤਿਸੰਗੀ ਪ੍ਰੇਮੀ ਨੂੰ ਪਤਾ ਲੱਗ ਗਿਆ ਕਿ ਦਾਸ ਹਾਰਵਰਡ ਯੂਨੀਵਰਸਿਟੀ ਵਿੱਚ ਪੜ੍ਹ ਰਿਹਾ ਹੈ। ਉਨ੍ਹਾਂ ਨੇ ਚਿੱਠੀ ਭੇਜ ਕੇ ਇੱਕ ਐਤਵਾਰ ਲੈਕਚਰ ਲਈ ਸੱਦ ਭੇਜਿਆ। ਆਉਣ ਜਾਣ ਦਾ ਕਿਰਾਇਆ ਅਤੇ ਪੰਝੀ (੨੫) ਡਾਲਰ ਹੋਰ ਭੇਟਾ ਕੀਤੇ। ਪੰਜਾਹ ਡਾਲਰ ਦਾ ਚੈੱਕ ਇੱਕ ਪ੍ਰੇਮਣ ਮਿਸ ਜੇਨਜ਼ ਨੇ ਪਿੱਛੇ ਭੇਜ ਦਿੱਤਾ। ਏਸ ਤਰ੍ਹਾਂ ਕਿਰਤ ਕਰਦਿਆਂ ਅਤੇ ਲੈਕਚਰ ਦੀ ਸੇਵਾ ਨਾਲ ਪਹਿਲੀ ਟਰਮ ਪੂਰੀ ਹੋ ਗਈ। ੯● ਡਾਲਰ ਫੀਸ ਵੀ ਦੇ ਦਿੱਤੀ ਅਤੇ ਬਾਕੀ ਘਰ ਦਾ ਨਿਰਬਾਹ ਵੀ ਹੁੰਦਾ ਗਿਆ।

## ਕਰਮ ਕਰਤ ਹੋਵੈ ਨਿਹਕਰਮ


ਹੁਣ ਦੂਜੀ ਟਰਮ ਸ਼ੁਰੂ ਹੋ ਗਈ। ਕਰਤਾਰ ਵੱਲੋਂ ਕੋਈ ਐਸਾ ਭਾਣਾ ਵਰਤਿਆ ਕਿ ੬● ਡਾਲਰ ਫੀਸ ਪੂਰੀ ਨਾ ਹੋਵੇ। ਫ਼ੀਸ ਦੇਣ ਦੀ ਅਖੀਰੀ ਤਾਰੀਖ ਵੀ ਲੰਘ ਗਈ। ਦਾਸ ਨੂੰ ਯੂਨੀਵਰਸਿਟੀ ਵੱਲੋਂ ਚਿੱਠੀ ਆ ਗਈ ਕਿ ਚੂੰਕਿ ਤੇਰੀ ਫੀਸ ਪੂਰੀ ਨਹੀਂ ਹੋਈ, ਏਸ ਲਈ ਤੂੰ ਲੈਕਚਰਾਂ ਵਿੱਚ ਨਹੀਂ ਬੈਠ ਸਕਦਾ। ਪ੍ਰੋਫ਼ੈਸਰਾਂ ਨੂੰ ਵੀ ਇਸ ਗੱਲ ਦੀ ਖ਼ਬਰ ਕਰ ਦਿੱਤੀ ਗਈ।

ਚਿੱਠੀ ਮਿਲਦਿਆਂ ਹੀ ਦਾਸ ਨੇ ਇਹ ਆਪਣੀ ਸਿੰਘਣੀ ਨੂੰ ਪੜ੍ਹ ਕੇ ਸੁਣਾਈ ਅਤੇ ਆਖਿਆ: ਆਓ ਚੱਲ ਕੇ ਪਾਰਕ ਵਿੱਚ ਸਾਰੀ ਵੀਚਾਰ ਕਰ ਲਈਏ।

ਇਹ ਗੁਰਮਤਾ ਕਰ, ਪਾਰਕ ਵਿੱਚ ਉਸ ਓਕ ਦੇ ਦਰਖ਼ਤ (Oak Tree) ਹੇਠਾਂ ਜਾ ਬੈਠੇ ਜਿੱਥੇ ਕਿ ਜਾਰਜ ਵਾਸ਼ਿੰਗਟਨ ਨੇ ਅਮਰੀਕਾ ਦੀ ਆਜ਼ਾਦੀ ਦਾ ਝੰਡਾ ਖੜ੍ਹਾ ਕੀਤਾ ਸੀ। ਸਲਾਹ ਹੋਈ ਕਿ ਆਪਣੇ ਵੱਲੋਂ ਤਾਂ ਗੁਰੂ ਕੀ ਸੰਗਤ ਦਾ ਬਚਨ ਪੂਰਾ ਕਰਨ ਲਈ ਪੂਰਾ ਜ਼ੋਰ ਲਾਇਆ ਹੈ। ਹੁਣ ਇੱਕੋ ਹੀ ਗੱਲ ਬਾਕੀ ਰਹਿ ਗਈ ਹੈ: ਏਥੇ ਤੁਹਾਡੀ ਮਿੱਤ੍ਰ ਇੱਕ ਗੋਰੀ ਪ੍ਰੇਮਣ ਹੈ; ਉਸ ਪਾਸੋਂ ੬● ਡਾਲਰ ਉਧਾਰੇ ਮੰਗ ਵੇਖੋ। ਕੈਲੀਫੋਰਨੀਆਂ ਚੱਲ ਕੇ ਭੇਜ ਦਿਆਂਗੇ।

ਅਜੇ ਇਹ ਸਲਾਹ ਕਰ ਹੀ ਰਹੇ ਸੀ ਕਿ ਦਾਸ ਦੇ ਚਿੱਤ ਵਿੱਚ ਇਹ ਗੱਲ ਫੁਰੀ ਅਤੇ ਆਪਣੀ ਸਿੰਘਣੀ ਨੂੰ ਪੁੱਛਿਆ ਕਿ ਤੁਹਾਡੇ ਮਨ ਵਿੱਚ ਕੋਈ ਖ਼ਿਆਲ ਇਹੋ ਜਿਹਾ ਤੇ ਨਹੀਂ ਆਇਆ ਕਿ ਡਿਗਰੀ ਲੈ ਕੇ ਦੇਸ ਵਿੱਚ ਵੱਡੀ ਨੌਕਰੀ ਕਰਾਂਗੇ।

ਉਸ ਨੇ ਆਖਿਆ ਕਿ ਹਾਂ ਜੀ! ਇਹ ਸੰਕਲਪ ਤਾਂ ਪੰਜ ਸੱਤ ਦਿਨ ਹੋਏ ਮੇਰੇ ਚਿਤ ਵਿੱਚ ਆਇਆ ਸੀ। ਦਾਸ ਨੇ ਆਖਿਆ ਕਿ ਇਹੋ ਹੀ ਅਟਕ ਦਾ ਕਾਰਨ ਹੈ। ਉੱਠੋ, ਅਰਦਾਸ ਕਰੋ ਕਿ ਸੱਚੇ ਪਾਤਸ਼ਾਹ! ਤਨ ਵੀ ਤੇਰਾ, ਮਨ ਵੀ ਤੇਰਾ ਅਤੇ ਡਿਗਰੀ ਵੀ ਤੇਰੀ। ਜੋ ਕਾਰ ਤੂੰ ਕਰਾਵੇਂਗਾ, ਸੰਤ ਜੀ



ਪ੍ਰੋਫੈਸਰ ਬਲਿਸੋ ਪੇਰੀ (Bliso Perry)
Harvard University USA

ਮਹਾਰਾਜ ਦੇ ਹੁਕਮ ਵਿੱਚ ਅਸੀਂ ਕਰਾਂਗੇ। ਇਹ ਆਖ, ਦੋਵੇਂ ਜੀ ਉਠੇ ਅਤੇ ਦਾਸ ਦੀ ਸੁਪਤਨੀ ਨੇ ਅਰਦਾਸ ਕੀਤੀ। ਫੇਰ ਘਰ ਜਲ ਪਾਣੀ ਛਕਣ ਲਈ ਗਏ। ਚਿੱਤ ਵਿੱਚ ਇਹ ਖ਼ਿਆਲ ਸੀ ਕਿ ਗੋਰੀ ਪ੍ਰੇਮਣ ਨੂੰ ਪੁੱਛ ਕੇ ਜੇ ਮਦਦ ਮਿਲ ਗਈ ਤਾਂ ਡਿਗਰੀ ਲੈ ਲਵਾਂਗੇ, ਨਹੀਂ ਤਾਂ ਲੈਕਚਰ ਕਰਦੇ ਕੈਲੀਫੋਰਨੀਆਂ ਭਰਾਵਾਂ ਵਿੱਚ ਜਾ ਰਲਾਂਗੇ।

ਡੇਰੇ ਜਾ ਕੇ ਅਜੇ ਕਮਰੇ ਵਿੱਚ ਬੈਠਾ ਹੀ ਸੀ ਕਿ ਬੂਹਾ ਖੜਕਿਆ। ਬੜੀ ਪ੍ਰੇਮ ਭਰੀ ਧੀਮੀ ਜਿਹੀ ਅਵਾਜ਼ ਆਈ, "May I come in?" (ਕੀ ਮੈਂ ਅੰਦਰ ਆ ਸਕਦਾ ਹਾਂ?) ਦਾਸ ਨੇ ਬੂਹਾ ਖੋਲ੍ਹਿਆ ਅਤੇ ਸਾਹਮਣੇ Tennyson (ਟੈਨੀਸਨ) ਦੀ ਪੜ੍ਹਾਈ ਕਰਾਣ ਵਾਲੇ ਪ੍ਰੋਫ਼ੈਸਰ ਬਲਿਸੋ ਪੈਰੀ (Bliso Perry) ਨਜ਼ਰ ਆਏ।

ਆਦਰ ਨਾਲ ਕੁਰਸੀ ਤੇ ਬਿਠਾਇਆ। ਬੈਠਦਿਆਂ ਸਾਰ ਹੀ ਉਹ ਬੜੇ ਪ੍ਰੇਮ ਭਰੇ ਲਹਿਜੇ ਵਿੱਚ ਬੋਲੇ, "ਮਿਸਟਰ ਸਿੰਘ, ਮੈਂ ਵੀ ਜਰਮਨੀ ਵਿੱਚ ਵਿਦਿਆਰਥੀ ਰਿਹਾ ਹਾਂ। ਪ੍ਰਦੇਸ਼ ਵਿੱਚ ਵਿਦਿਆਰਥੀ ਨੂੰ ਕਈ ਔਕੜਾਂ ਆਉਂਦੀਆਂ ਹਨ। ਅਜ ਮੈਨੂੰ ਯੂਨੀਵਰਸਿਟੀ ਦੀ ਚਿੱਠੀ ਤੋਂ ਪਤਾ ਲਗਾ ਹੈ ਕਿ ਤੁਸੀ ਫੀਸ ਨਹੀਂ ਪੂਰੀ ਕਰ ਸਕੇ। ਇਹ ਲਉ ੬● ਡਾਲਰ, ਜਦੋਂ ਕੋਲ ਹੋਣ ਕਿਸੇ ਲੋੜਵੰਦ ਵਿਦਿਆਰਥੀ ਦੀ ਸਹਾਇਤਾ ਕਰ ਦੇਣਾ। ੬● ਡਾਲਰ ਦੇ ਨਾਲ ਹੀ ਇੱਕ ਪੰਜਾਹ ਡਾਲਰ ਦਾ ਚੈਂਕ ਫੜ੍ਹਾ ਗਏ ਕਿ ਯੂਨੀਵਰਸਿਟੀ ਲਾਇਬਰੇਰੀ ਵਿੱਚ ਜ਼ਮਾਨਤ ਜਮਾਂ ਕਰ ਦਿਓ। ਤੁਹਾਡੀ ਡਿਗਰੀ ਦੇ ਕੰਮ ਪੂਰਾ ਹੋਣ ਦੇ ਮਗਰੋਂ ਮੈਂ ਆਪੇ ਹੀ ਇਸ ਨੂੰ ਮੋੜ ਲਵਾਂਗਾ।

ਏਸ ਤਰ੍ਹਾਂ ਵਾਹਿਗੁਰੂ ਦੀ ਕਿਰਪਾ ਨਾਲ ਇਹ ਸਮਾਂ ਨਜਿਠਿਆ ਗਿਆ ਅਤੇ ਮਾਰਚ ੧੯੧੧ A.D ਵਿੱਚ ਏ. ਐਮ. ਦੀ ਡਿਗਰੀ ਦਾ ਇਮਤਿਹਾਨ ਸਿਰੇ ਚੜ੍ਹ ਗਿਆ।

## ਪੜ੍ਹਾਈ ਨਾਲ ਗੁਰਬਾਣੀ ਦਾ ਨਿੱਤਨੇਮ

ਏਥੇ ਇੱਕ ਖ਼ਾਸ ਗੱਲ ਦੱਸਣ ਦੀ ਲੋੜ ਹੈ। ਬਹੁਤ ਸਾਰੇ ਪ੍ਰੇਮੀ ਆਖਦੇ ਹਨ ਕਿ ਗੁਰਬਾਣੀ ਦਾ ਪੂਰਾ ਨਿੱਤਨੇਮ, ਪੜ੍ਹਾਈ ਦੇ ਨਾਲ-ਨਾਲ ਨਹੀਂ ਹੋ ਸਕਦਾ। ਦਾਸ ਨੇ ਸਾਰੇ ਪੰਜਾਬ ਦੇ ਇਮਤਿਹਾਨ ਜਦ ਪਾਸ ਕੀਤੇ, ਤਦ ਨਿੱਤਨੇਮ ਦੇ ਪਰਭਾਉ ਤੋਂ ਵਾਂਝਾ ਸੀ। ਹਾਰਵਰਡ ਦੀ ਪੜ੍ਹਾਈ ਬਹੁਤ ਹੀ ਜ਼ਿਆਦਾ ਸੀ। ਵਿਦਵਾਨ, ਲੋਕ ਜਾਂਚ ਸਕਦੇ ਹਨ ਕਿ ਏਸ ਵਿੱਚ ਸਾਰਾ ਟੈਨੀਸਨ (Tennyson), ਸਾਰਾ ਹੀ ਬਰਾਊਨਿੰਗ (Browning), ਸਾਰਾ ਹੀ ਮਿਲਟਨ (Milton), ਸਾਰਾ ਥਾਮਸ ਕਾਰਲਾਈਡ (Thomas Carlyle), ਸ਼ੈਕਸਪੀਅਰ ਦੇ ਛੇ ਡਰਾਮੇ ਸਨ। ਇਹਦੇ ਨਾਲ ਸਕੂਲ ਦੇ ਪ੍ਰਬੰਧ ਅਤੇ ਬੱਚਿਆਂ ਨੂੰ ਵਿੱਦਿਆ ਦੇਣ ਦੇ ਦੋ ਕੋਰਸ ਅਤੇ ਇੱਕ ਨਵੀਂ ਜ਼ਬਾਨ ਜਰਮਨ ਦਾ ਸਿਖਣਾ ਸੀ। ਏਨੀ ਪੜ੍ਹਾਈ ਦੇ ਨਾਲ ਇੱਕ Thesis ਵੀ ਲਿਖਣਾ ਸੀ।

ਏਨੀ ਪੜ੍ਹਾਈ ਹੁੰਦਿਆਂ ਵੀ, ਚੂੰਕਿ ਸਤਿਗੁਰੂ ਦੀ ਕਿਰਪਾ ਹੋ ਚੁੱਕੀ ਸੀ, ਅੰਮ੍ਰਿਤ ਵੇਲੇ ਦਾ ਜਾਗਣਾ ਅਤੇ ਨਿੱਤਨੇਮ ਨਿਭਦਾ ਰਿਹਾ।

**ਪੜ੍ਹਾਈ ਭਾਵੇਂ ਬਹੁਤ ਹੀ ਜ਼ਿਆਦਾ ਸੀ, ਪਰ ਜਿੰਨਾਂ ਸੁਖੈਨ ਇਹ ਇਮਤਿਹਾਨ ਪਾਸ ਹੋਇਆ, ਪਹਿਲਾਂ ਕੋਈ ਵੀ ਨਹੀਂ ਸੀ ਹੋਇਆ।**

ਇਮਤਿਹਾਨ ਦੇਣ ਤੋਂ ਦੋ-ਤਿੰਨ ਮਹੀਨੇ ਪਹਿਲਾਂ ਇੱਕ ਦਿਨ ਭੁਝੰਗੀ ਮੁਕੰਦ ਸਿੰਘ ਸਹਿਜ-ਸੁਭਾਏ ਬੋਲ ਉੱਠਿਆ ਕਿ ਭਾਪਾ ਜੀ! ਭਾਈ ਤਾਰਾ ਸਿੰਘ ਨੇ ਤੁਹਾਨੂੰ ਕੀ ਮਦਦ ਪੁਚਾਈ ਹੈ, ਉਹ ਤਾਂ ਆਪ ਕੇਸ ਮੁਨਾਈ ਬੈਠਾ ਹੈ।

ਇਸ ਤੋਂ ਕੁਝ ਦਿਨ ਮਗਰੋਂ ਦਾਸ ਦੇ ਹਿਰਦੇ ਵਿੱਚ ਇੱਕ ਲਹਿਰ ਆਈ ਕਿ ਜਿਸ ਤਰ੍ਹਾਂ ਸ਼ਿਕਾਗੋ ਵਿੱਚ ਸਾਰੇ ਧਰਮਾਂ ਦੀ ਇੱਕ ਕਾਨਫਰੰਸ ਹੋਈ ਸੀ, ਓਸੇ ਤਰ੍ਹਾਂ ਹਿੰਦੁਸਤਾਨ ਵਿੱਚ ਵੀ ਹੋਵੇ। ਇਸ ਸਬੰਧੀ ਇੱਕ ਬੇਨਤੀ ਪੱਤਰ ਸੰਤ ਅਤਰ ਸਿੰਘ ਜੀ ਮਹਾਰਾਜ ਦੀ ਸੇਵਾ ਵਿੱਚ ਭੇਜਿਆ ਅਤੇ ਦੂਜੀ ਵੀਚਾਰ ਆਪਣੀ ਸੁਪਤਨੀ ਨਾਲ ਕੀਤੀ ਕਿ ਤੁਸੀਂ ਛੋਟੇ ਭੁਝੰਗੀ ਹਰੀ ਸਿੰਘ ਨੂੰ ਨਾਲ ਲੈ ਜਾਓ ਅਤੇ ਕੈਲੀਫੋਰਨੀਆਂ, ਵੈਨਕੂਵਰ, ਸ਼ੰਘਾਈ, ਹਾਂਗਕਾਂਗ, ਮਲਾਇਆ ਵਿੱਚ ਇਸ ਗੱਲ ਦਾ ਪ੍ਰਚਾਰ ਕਰ ਕੇ ਹਿੰਦੁਸਤਾਨ ਪਹੁੰਚ ਜਾਓ। ਅਸੀਂ ਤੁਹਾਡੇ ਮਗਰੋਂ ਛੇਤੀ ਹੀ ਆ ਜਾਵਾਂਗੇ। ਆਗਿਆ ਮੰਨ ਕੇ ਸ੍ਰੀਮਤੀ ਬਿਸ਼ਨ ਕੌਰ ਤੁਰ ਪਈ, ਪਰ ਕੈਲੀਫੋਰਨੀਆਂ ਅੱਪੜਨ ’ਤੇ ਬਾਬਾ ਜਵਾਲਾ ਸਿੰਘ ਤੇ ਬਾਬਾ ਵਿਸਾਖਾ ਸਿੰਘ ਜੀ ਨੇ ਇਨ੍ਹਾਂ ਨੂੰ ਹੋਲਟ ਸਟਾਕਟਨ ਆਪਣੇ ਪਾਸ ਟਿਕਾ ਲਿਆ ਅਤੇ ਆਖਿਆ ਕਿ ਇਕੱਲੀ ਮਾਈ ਦਾ ਅੱਜ-ਕੱਲ੍ਹ ਸਫ਼ਰ ਕਰਨਾ ਠੀਕ ਨਹੀਂ। ਜਦ ਪ੍ਰੋ. ਤੇਜਾ ਸਿੰਘ ਜੀ ਇਮਤਿਹਾਨ ਦੇ ਕੇ ਏਥੇ ਆਵਣਗੇ, ਅਸੀਂ ਬੇਨਤੀ ਕਰ ਲਵਾਂਗੇ, ਤੁਸੀਂ ਕੋਈ ਫ਼ਿਕਰ ਨਾ ਕਰੋ। ਸਾਧ-ਸੰਗਤ ਦਾ ਅਤੁੱਟ ਪ੍ਰੇਮ ਦੇਖ ਕੇ ਦਾਸ ਦੀ ਘਰ ਵਾਲੀ ਉੱਥੇ ਹੀ ਟਿਕ ਗਈ। ਕੁਦਰਤੀ ਭਾਈ ਤਾਰਾ ਸਿੰਘ ਜੀ ਵੀ ਉੱਥੇ ਹੀ ਕੰਮ ਕਰਦੇ ਸਨ। ਸੱਚ-ਮੁਚ ਹੀ ਇਨ੍ਹਾਂ ਨੇ ਕੇਸਾਂ ਦੀ ਬੇਅਦਬੀ ਕਰਾ ਦਿੱਤੀ ਹੋਈ ਸੀ। ਇਹ ਖ਼ਬਰ ਦਾਸ ਨੂੰ ਸਿੰਘਣੀ ਨੇ ਆਪਣੇ ਖ਼ਤ ਵਿੱਚ ਦਿੱਤੀ।


ਹੁਣ ਇਮਤਿਹਾਨ ਪੂਰਾ ਹੋ ਗਿਆ ਤੇ ਥੋੜ੍ਹੇ ਦਿਨਾਂ ਪਿੱਛੋਂ ਨਤੀਜਾ ਵੀ ਨਿਕਲ ਗਿਆ। ਕਰਤਾਰ ਦੀ ਮਿਹਰ ਨਾਲ ਸਾਧ-ਸੰਗਤ ਦਾ ਹੁਕਮ ਪੂਰਾ ਹੋ ਗਿਆ ਅਤੇ ਦਾਸ ਏ. ਐਮ. ਦੀ ਡਿਗਰੀ ਦਾ ਅਧਿਕਾਰੀ ਹੋ ਗਿਆ।

ਯੂਨੀਵਰਸਿਟੀ ਵਾਲਿਆਂ ਨੂੰ ਹੋਲਟ ਕੈਲੀਫੋਰਨੀਆਂ ਪਤਾ ਦੇ ਕੇ ਕਿ ਓਥੇ ਡਿਗਰੀ ਭੇਜ ਦੇਣ, ਦਾਸ ਨੇ ਆਪਣੇ ਖ਼ਾਲਸਾ ਵੀਰਾਂ ਵੱਲ ਤੁਰਨ ਦੀ ਤਿਆਰੀ ਕਰ ਲਈ। ਕੈਮਬਰਿਜ ਦੇ ਮਰਹੱਟਾ ਮਿੱਤਰ ਡੀ. ਜੀ. ਪਾਨਸ (D.G. Panse) ਨੇ ਇੱਕ ਸੋਨੇ ਦੀ ਘੜੀ ਭੇਟਾ ਕੀਤੀ ਸੀ। ਇਸ ਨੂੰ ਗਹਿਣੇ ਰੱਖ ਕੇ ਕਿਰਾਏ ਦਾ ਪ੍ਰਬੰਧ ਕੀਤਾ। ਕਰਤਾਰ ਦੀ ਨੇਤ, ਜਦ ਟਿਕਟ ਖਰੀਦੇ, ਤਦ ਕੁੱਲ ਪੰਜਾਹ ਸੈਂਟ ਬਚੇ। **ਛੇ ਦਿਨ ਰਾਤ ਦਾਸ ਅਤੇ ਭੁਝੰਗੀ ਮੁਕੰਦ ਸਿੰਘ, ਸਾਦੇ ਪਾਣੀ ਵਿੱਚ ਡਬਲ ਰੋਟੀ ਦਾ ਇੱਕ ਟੁਕੜਾ ਭਿਉਂ ਕੇ ਨਿਰਬਾਹ ਕਰਦੇ ਰਹੇ ਅਤੇ ਬੜੇ ਸ਼ੁਕਰ ਵਿੱਚ ਸਟਾਕਟਨ ਜਾ ਉੱਤਰੇ।**

## ਬਾਬਾ ਵਿਸਾਖਾ ਸਿੰਘ ਜੀ ਦਦੇਹਰ ਵਾਲਿਆਂ ਦਾ ਮੇਲ

ਵੀਰਾਂ ਵੱਲ ਅੱਗੇ ਹੀ ਚਿੱਠੀ ਪਾਈ ਹੋਈ ਸੀ। ਬਾਬਾ ਜਵਾਲਾ ਸਿੰਘ ਜੀ ਬੜੇ ਉਤਸ਼ਾਹ ਨਾਲ ਆ ਮਿਲੇ ਤੇ ਆਪਣੇ ਫ਼ਾਰਮ ਵਿੱਚ ਹੋਲਟ ਲੈ ਗਏ। ਅਥਾਹ ਪ੍ਰੇਮ ਨਾਲ ਸੇਵਾ ਕੀਤੀ। ਸਫ਼ਰ ਦੇ ਅਤੇ ਡਿਗਰੀ ਲੈਣ ਦੇ ਸਾਰੇ ਹੀ ਥਕੇਵੇਂ ਲਹਿ ਗਏ।

ਇਨ੍ਹਾਂ ਦਿਨਾਂ ਵਿੱਚ ਬਾਬਾ ਜਵਾਲਾ ਸਿੰਘ ਜੀ ਸਟਾਕਟਨ ਦੇ ਨੇੜੇ, ਦਰਿਆਏ ਸੈਕਰੇਮੈਂਟੋ ਤੋਂ ਪਾਰ, ਰਿੰਜ ਟਰੈਕਟ ਵਿੱਚ ਕੰਮ ਕਰਦੇ ਸੀ। ਅਜੇ ਹੋਲਟ ਨਹੀਂ ਸੀ ਗਏ। ਏਥੇ ਖੇਤੀ-ਬਾੜੀ ਦਾ ਕੰਮ ਕਰਦੇ ਤੇ ਆਪਣੇ ਹੱਥੀਂ ਬਣਾਏ ਲੱਕੜੀ ਦੇ ਘਰਾਂ ਵਿੱਚ ਰਹਿੰਦੇ।



ਸੰਤ ਬਾਬਾ ਵਿਸਾਖਾ ਸਿੰਘ ਜੀ



ਸੰਤ ਜਵਾਲਾ ਸਿੰਘ ਜੀ

ਬਾਬਾ ਵਿਸਾਖਾ ਸਿੰਘ ਜੀ ਤੇ ਹੋਰ ਕਈ ਗੁਰਮੁਖ ਇਨ੍ਹਾਂ ਦੇ ਨਾਲ ਸਨ। ਇਨ੍ਹਾਂ ਸੱਜਣਾਂ ਦੀ ਰਹੁਰੀਤ, ਕ੍ਰਿਯਾ ਤੇ ਮਰਯਾਦਾ ਪੁਰਾਣੇ ਗੁਰਸਿੱਖਾਂ ਦੇ ਜੀਵਨ ਦੀ ਇੱਕ ਪ੍ਰਤੱਖ ਝਾਕੀ ਸੀ। ਮਾਈ-ਭਾਈ ਦਾ ਭੈਣ-ਭਰਾਵਾਂ ਵਾਂਗੂੰ ਇਕੱਠੇ ਰਹਿਣਾ ਅਤੇ ਕਿਰਤ ਕਰ ਕੇ ਵੰਡ ਛਕਣਾ, "**ਗੁਰਸਿਖ ਮੀਤ ਚਲਹੁ ਗੁਰ ਚਾਲੀ**" (੬੬੭) ਦੀ ਜੀਉਂਦੀ ਜਾਗਦੀ ਮਿਸਾਲ ਸੀ।

## ਸਟਾਕਟਨ ਵਿੱਚ ਗੁਰਦਆਰਾ ਬਣਾਉਣਾ

ਇੱਕ-ਦੋ ਦਿਨ ਅਰਾਮ ਕਰਨ ਦੇ ਮਗਰੋਂ ਸਾਰੇ ਵੀਰਾਂ ਨਾਲ ਇੱਕ ਦਿਨ ਰਹਿਰਾਸ ਸਾਹਿਬ ਦੇ ਪਾਠ ਦੇ ਮਗਰੋਂ ਵਿਚਾਰ ਕੀਤੀ ਕਿ ਕੈਲੀਫੋਰਨੀਆਂ ਵਿੱਚ ਅਜੇ ਖ਼ਾਲਸੇ ਜੀ ਦਾ ਕੋਈ ਗੁਰਦੁਆਰਾ ਨਹੀਂ। ਬੜਾ ਹੀ ਚੰਗਾ ਹੋਵੇ ਜੇ ਸਟਾਕਟਨ ਵੀ ਸਤਿਗੁਰੂ ਕਲਗੀਆਂ ਵਾਲੇ ਦਾ ਨਿਸ਼ਾਨ ਸਾਹਿਬ ਝੁੱਲ ਜਾਏ। ਗੁਰਮੁਖਾਂ ਦੇ ਹਿਰਦੇ ਅੱਗੇ ਹੀ ਸੱਚੇ ਪਾਤਸ਼ਾਹ ਦੀ ਟਹਿਲ ਵਿੱਚ ਹਾਜ਼ਰ ਸਨ, ਉਨ੍ਹਾਂ ਨੇ ਖੁਸ਼ੀ ਨਾਲ ਇਸ ਗੱਲ ਨੂੰ ਪ੍ਰਵਾਨ ਕੀਤਾ। ਦੂਜੇ ਦਿਨ ਸਭ ਵੀਰਾਂ ਨੂੰ ਚਿੱਠੀਆਂ ਪਾ ਦਿੱਤੀਆਂ ਕਿ ਰਿੰਜ ਟਰੈਕਟ ਦੀਵਾਨ ਅਗਲੇ ਐਤਵਾਰ ਹੋਵੇਗਾ ਅਤੇ ਗੁਰਦੁਆਰੇ ਦੀ ਇਮਾਰਤ ਸਟਾਕਟਨ ਬਣਾਉਣ ਸੰਬੰਧੀ ਵਿਚਾਰ ਕੀਤੀ ਜਾਵੇਗੀ।

ਭਾਈ ਤਾਰਾ ਸਿੰਘ ਜੀ ਨੇ ਸੱਚ-ਮੁਚ ਹੀ ਕੇਸ ਕਤਲ ਕਰਵਾ ਦਿਤੇ ਸਨ। ਇਨ੍ਹਾਂ ਨੂੰ ਬੜੀ ਮੁਸ਼ਕਲ ਨਾਲ ਪ੍ਰੇਰਿਆ ਤੇ ਅੰਮ੍ਰਿਤ ਛਕਣ ਲਈ ਤਿਆਰ ਕੀਤਾ।

ਅਗਲੇ ਐਤਵਾਰ ਬੜੇ ਉਤਸ਼ਾਹ ਨਾਲ ਦੀਵਾਨ ਸਜਿਆ ਤੇ ਪੰਝੀ ਕੁ ਸੱਜਣਾਂ ਨੇ ਅੰਮ੍ਰਿਤ ਛਕਿਆ। ਗੁਰਦੁਆਰਾ ਸਾਹਿਬ ਬਣਾਉਣ ਲਈ ਕਮੇਟੀ ਮੁਕੱਰਰ ਕਰ ਦਿੱਤੀ। ਏਸ ਵਿੱਚ ਬਾਬਾ ਵਿਸਾਖਾ ਸਿੰਘ, ਬਾਬਾ ਜਵਾਲਾ ਸਿੰਘ, ਭਾਈ ਤਾਰਾ ਸਿੰਘ, ਭਾਈ ਬਾਵਾ ਸਿੰਘ ਜੀ ਅਤੇ ਦਾਸ ਸ਼ਾਮਲ ਸਨ।

ਗੁਰਮਤਾ ਹੋਣ ਦੀ ਦੇਰ ਹੀ ਸੀ ਕਿ ਗੁਰਦੁਆਰੇ ਸਾਹਿਬ ਦੀ ਸੇਵਾ ਬੜੇ ਉਤਸ਼ਾਹ ਨਾਲ ਸ਼ੁਰੂ ਹੋ ਗਈ। ਭਾਈ ਤਾਰਾ ਸਿੰਘ ਤੇ ਭਾਈ ਬਾਵਾ ਸਿੰਘ ਜੀ ਨੇ ਦਾਸ ਨਾਲ ਸਾਰੇ ਫ਼ਾਰਮਾਂ ਵਿੱਚ ਫਿਰ ਕੇ ਬੜੇ ਪ੍ਰੇਮ ਨਾਲ ਉਗਰਾਹੀ ਕੀਤੀ। ਥੋੜ੍ਹੇ ਹੀ ਦਿਨਾਂ ਮਗਰੋਂ ਇੱਕ ਬੜਾ ਖੁੱਲ੍ਹਾ ਜ਼ਮੀਨ ਦਾ ਟੁਕੜਾ, ਜਿਸ ਵਿੱਚ ਇੱਕ ਬੜੀ ਸੁੰਦਰ ਕੋਠੀ ਤੇ ਪੌਣ ਨਾਲ ਪਾਣੀ ਕੱਢਣ ਵਾਲੀ ਮਸ਼ੀਨ ਲੱਗੀ ਹੋਈ ਸੀ, ੩੪●● ਡਾਲਰ ਤੋਂ ਗੁਰਦੁਆਰੇ ਸਾਹਿਬ ਨਮਿਤ ਮੁੱਲ ਲਿਆ ਗਿਆ। ਪਿੱਛੋਂ ਏਸੇ ਹੀ ਜਗ੍ਹਾ 'ਤੇ ਖ਼ਾਲਸੇ ਜੀ ਨੇ ਵੀਹ ਕੁ ਹਜ਼ਾਰ ਡਾਲਰ ਖਰਚ ਕੇ ਬੜੀ ਸੋਹਣੀ ਇਮਾਰਤ ਗੁਰਦੁਆਰੇ ਸਾਹਿਬ ਲਈ ਬਣਾਈ ਅਤੇ ਸਤਿਗੁਰੂ ਸੱਚੇ ਪਾਤਸ਼ਾਹ ਦਾ ਨਿਸ਼ਾਨ ਸਾਹਿਬ ਝੁਲਾਇਆ। ਏਸ ਤਰ੍ਹਾਂ ਸੰਤ ਅਤਰ ਸਿੰਘ ਜੀ ਮਹਾਰਾਜ ਦੇ ਹੁਕਮ ਅਨੁਸਾਰ ਕੈਲੀਫੋਰਨੀਆਂ, ਅਮਰੀਕਾ ਵਿੱਚ ਵੀ ਅਕਾਲੀ ਝੰਡਾ ਝੁੱਲ ਗਿਆ। ਗੁਰਦੁਆਰੇ ਸਾਹਿਬ ਵਿੱਚ ਆਏ-ਗਏ ਵਾਸਤੇ ਲੰਗਰ ਵੀ ਖੁੱਲ੍ਹ ਗਿਆ। ਕਈ ਗ਼ਰੀਬ ਗੋਰੇ ਵੀ ਔਕੜ ਵੇਲੇ ਗੁਰੂ ਦੀ ਦੇਗ ਵਿੱਚੋਂ ਪਰਸ਼ਾਦ ਛਕਣ ਲੱਗ ਪਏ। ਹੁਣ ਇਲਾਕੇ ਵਿੱਚ ਕਈ ਜਗ੍ਹਾ ਅੰਮ੍ਰਿਤ ਪ੍ਰਚਾਰ ਹੋਇਆ। ਬਹੁਤ ਸਾਰੇ ਵੀਰ ਰਹਿਤ-ਬਹਿਤ ਵਿੱਚ ਪ੍ਰਪੱਕ ਹੋ ਗਏ।

ਥੋੜ੍ਹੇ ਚਿਰ ਮਗਰੋਂ ਬਾਬਾ ਜਵਾਲਾ ਸਿੰਘ ਜੀ ਨੇ ਇੱਕ ਵੱਡੇ ਫ਼ਾਰਮ ਵਿੱਚ ਹੋਲਟ ਖੇਤੀ ਸ਼ੁਰੂ ਕਰ ਦਿੱਤੀ ਅਤੇ ਫ਼ਸਲ ਦੀ ਆਮਦਨੀ ਦੀ ਉਮੀਦ ਅਤੇ ਕੁਝ ਵਜ਼ੀਫੇ ਵਿਦਿਆਰਥੀਆਂ ਲਈ ਬਰਕਲੇ ਯੂਨੀਵਰਸਿਟੀ ਕੈਲਫੋਰਨੀਆਂ ਵਿੱਚ ਵਿੱਦਿਆ ਹਾਸਲ ਕਰਨ ਲਈ ਮੁਕੱਰਰ ਕੀਤੇ।

ਦਾਸ ਵੀ ਡਾਕਟਰ ਔਫ ਲਿਟਰੇਚਰ ਦੀ ਡਿਗਰੀ ਲਈ ਦਾਖਲ ਹੋਇਆ ਅਤੇ ਬਰਕਲੇ ਗੁਰਦੁਆਰਾ ਸਾਹਿਬ ਬਣਾਉਣ ਹਿਤ ਇੱਕ ਪਾਠ ਦਾ ਭੋਗ ਪਾਇਆ।

ਬਰਕਲੇ ਅਜੇ ਥੋੜ੍ਹੇ ਹੀ ਦਿਨ ਗੁਜ਼ਰੇ ਸਨ ਕਿ ਭਾਈ ਬਲਵੰਤ ਸਿੰਘ ਜੀ ਅਤੇ ਭਾਈ ਭਾਗ ਸਿੰਘ ਜੀ ਆਪਣੀਆਂ ਸਿੰਘਣੀਆਂ ਸਮੇਤ ਸਾਨਫ੍ਰਾਂਸਿਸਕੋ ਪੁੱਜੇ। ਭਾਈ ਵਰਯਾਮ ਸਿੰਘ ਜੀ ਵੀ ਏਨ੍ਹਾਂ ਦੇ ਨਾਲ ਸਨ। ਦਾਸ ਨੇ ਇਨ੍ਹਾਂ ਲਈ ਬੜਾ ਹੀ ਯਤਨ ਕੀਤਾ, ਪਰ ਅਮਰੀਕਨ ਕਰਮਚਾਰੀਆਂ ਨੇ ਇਨ੍ਹਾਂ ਨੂੰ ਉਤਰਨ ਨਾ ਦਿੱਤਾ। ਇਹਨਾਂ ਨੂੰ ਵਾਪਸ ਸ਼ੰਘਾਈ ਮੁੜਨਾ ਪਿਆ। ਓਥੋਂ ਹੋਰ ਜਹਾਜ਼ ਤੇ ਚੜ੍ਹ ਕੇ ਵੈਨਕੂਵਰ ਅਪੜੇ ਅਤੇ ਬੜੀ ਮੁਸ਼ਕਲ ਨਾਲ ਇਨ੍ਹਾਂ ਨੂੰ ਆਪਣੇ ਪ੍ਰਵਾਰ ਲਿਆਉਣ ਦੀ ਆਗਿਆ ਮਿਲੀ। ਹੁਣ ਕੈਨੇਡਾ ਵਿੱਚ ਬੱਚੇ ਲਿਆਉਣ ਦਾ ਸਵਾਲ ਖ਼ਾਲਸਾ ਜੀ ਦੇ ਅੱਗੇ ਆ ਗਿਆ ਅਤੇ ਵੈਨਕੂਵਰ ਦੀ ਸੰਗਤ ਨੇ ਏਸ ਦੇ ਹੱਲ ਕਰਨ ਦੇ ਯਤਨ ਲਈ ਦਾਸ ਨੂੰ ਓਥੇ ਸੱਦ ਭੇਜਿਆ।



ਗੁਰਦੁਆਰਾ ਸਾਹਿਬ ਸਟਾਕਟਨ, ਕੈਲੀਫੋਰਨੀਆ (USA)
(ਸੰਤ ਤੇਜਾ ਸਿੰਘ ਜੀ ਮਹਾਰਾਜ ਨੇ ਅਮਰੀਕਾ ਦੇ ਇਸ ਸਭ ਤੋਂ ਪਹਿਲੇ ਗੁਰਦੁਆਰੇ ਦੀ ਸੇਵਾ ਕਰਵਾਈ)

# ਕਾਂਡ ੧੩

ਧਨਾਸਰੀ ਭਗਤ ਰਵਿਦਾਸ ਜੀ ਕੀ ੴ ਸਤਿਗੁਰ ਪ੍ਰਸਾਦਿ ॥

ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ ਅਬ ਪਤੀਆਰੁ ਕਿਆ ਕੀਜੈ ॥
ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ ॥੧॥
ਹਉ ਬਲਿ ਬਲਿ ਜਾਉ ਰਮਈਆ ਕਾਰਨੇ ॥ ਕਾਰਨ ਕਵਨ ਅਬੋਲ ॥ਰਹਾਉ॥
ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ ॥
ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨੁ ਦੇਖੇ ॥੨॥੧॥ (੬੯੪)

## ਕੈਨੇਡਾ ਵਿੱਚ ਹਿੰਦੁਸਤਾਨੀਆਂ ਦੇ ਹੱਕਾਂ ਲਈ ਅਗਵਾਈ ਕਰਨਾ

ਅਜੇ ਬਰਕਲੇ ਵਿੱਚ ਆਇਆਂ ਥੋੜ੍ਹੇ ਹੀ ਦਿਨ ਹੋਏ ਸਨ ਅਤੇ ਗੁਰੂ ਗ੍ਰੰਥ ਸਾਹਿਬ ਦੇ ਪਾਠ ਦਾ ਭੋਗ ਪਾਇਆ ਨਹੀਂ ਸੀ ਕਿ ਵੈਨਕੂਵਰ ਖ਼ਾਲਸਾ ਦੀਵਾਨ ਵੱਲੋਂ ਚਿੱਠੀ ਪੁੱਜੀ ਕਿ ਸਾਧ ਸੰਗਤ ਦੀਆਂ ਹੋਰ ਮੁਸ਼ਕਲਾਂ ਤਾਂ ਦੂਰ ਹੋ ਚੁੱਕੀਆਂ ਹਨ ਪਰ ਇੱਕ ਬੜੀ ਭਾਰੀ ਔਕੜ ਬਾਕੀ ਹੈ। ਜਿਹੜੇ ਪ੍ਰੇਮੀ ਬ੍ਰਿਟਿਸ਼ ਕੋਲੰਬੀਆ, ਕੈਨੇਡਾ ਵਿੱਚ ਟਿਕ ਚੁੱਕੇ ਹਨ, ਉਨ੍ਹਾਂ ਵਿੱਚੋਂ ਕਈ ਆਪਣੇ ਬਾਲ ਬੱਚੇ ਮੰਗਵਾਉਣਾ ਚਾਹੁੰਦੇ ਹਨ ਪਰ ਕੈਨੇਡਾ ਸਰਕਾਰ ਵਲੋਂ ਬਣਾਏ ਹੋਏ ਕਾਨੂੰਨ ਅਨੁਸਾਰ ਉਨ੍ਹਾਂ ਦਾ ਆਉਣਾ ਅਸੰਭਵ ਹੈ। ਕਾਨੂੰਨ ਆਖਦਾ ਹੈ ਕਿ ਸਿੱਧਾ ਹਿੰਦੁਸਤਾਨ ਤੋਂ ਜਹਾਜ਼ ਚੜ੍ਹ ਕੇ ਬੇਸ਼ਕ ਕੋਈ ਹਿੰਦੁਸਤਾਨੀ ਕੈਨੇਡਾ ਵਿੱਚ ਆ ਜਾਵੇ ਪਰ ਭੇਦ ਵਾਲੀ ਗੱਲ ਇਹ ਹੈ ਕਿ ਸਿੱਧਾ ਕਿਸੇ ਕੌਮ ਦਾ ਜਹਾਜ਼ ਹਿੰਦੁਸਤਾਨ ਤੋਂ ਚੱਲ ਕੇ ਕੈਨੇਡਾ ਆਉਂਦਾ ਹੀ ਨਹੀਂ। ਇਹ ਕਾਨੂੰਨ ਸਿਰਫ ਜ਼ਾਹਰਦਾਰੀ ਲਈ ਪੋਚਾ ਪਾਚੀ ਦਾ ਕੰਮ ਹੀ ਦੇਂਦਾ ਹੈ। ਅਸਲ ਵਿੱਚ ਕਿਸੇ ਨਵੇਂ ਆਦਮੀ ਜਾਂ ਬਾਲ ਬੱਚੇ ਨੂੰ ਆਉਣ ਦੀ ਇਜਾਜ਼ਤ ਹੀ ਨਹੀਂ ਹੈ। ਸਿਆਣਿਆਂ ਨੇ ਸੱਚ ਆਖਿਆ ਹੈ, "ਹਾਥੀ ਦੇ ਦੰਦ ਖਾਣ ਦੇ ਹੋਰ ਤੇ ਦਿਖਾਣ ਦੇ ਹੋਰ।" ਅਜ ਕਲ ਦੀ ਮੁਲਕੀ ਰਾਜਨੀਤੀ ਏਸ ਢਾਂਚੇ ਵਿੱਚ ਢਲੀ ਹੋਈ ਹੁੰਦੀ ਹੈ।

ਵੈਨਕੂਵਰ ਦੀ ਸਾਧ ਸੰਗਤ ਦੀ ਚਿੱਠੀ ਆਉਂਦਿਆਂ ਹੀ ਦਾਸ ਨੇ ਕੈਲੀਫੋਰਨੀਆਂ ਦੀ ਸਾਧ ਸੰਗਤ ਨਾਲ ਗੁਰਮਤਾ ਕਰਕੇ ਥੋੜੇ ਦਿਨਾਂ ਵਿੱਚ ਹੀ ਅਮਰੀਕਾ ਦੇ 'ਸ਼ਾਂਤ ਸਾਗਰ ਵਾਲੇ ਕਿਨਾਰੇ ਦਾ ਖਾਲਸਾ ਦੀਵਾਨ' (Pacific Coast Khalsa Diwan Society) ਰਜਿਸਟਰਡ ਕਰਵਾ ਦਿੱਤਾ ਤਾਂ ਜੋ ਕੈਲੀਫੋਰਨੀਆਂ ਦੇ ਵੀਰਾਂ ਨੂੰ ਕਿਸੇ ਨਵੇਂ ਗੁਰਦੁਆਰੇ ਲਈ ਜ਼ਮੀਨ ਜਾਂ ਪ੍ਰਚਾਰ ਵਿੱਚ ਕੋਈ ਰੁਕਾਵਟ ਨਾ ਹੋਵੇ।

ਇਹ ਕਾਰਜ ਸੰਪੂਰਨ ਕਰਦਿਆਂ ਹੀ ਦਾਸ ਪ੍ਰਵਾਰ ਸਹਿਤ ਵੈਨਕੂਵਰ ਪੁੱਜ ਗਿਆ। ਭਰਾਵਾਂ ਦੀ ਸਲਾਹ ਨਾਲ ਖ਼ਾਲਸਾ ਜੀ ਦਾ ਇਕੱਠ ਸੱਦਿਆ ਅਤੇ ਉਸ ਵਿੱਚ ਉਟਾਵਾ ਸਰਕਾਰ ਵੱਲ ਇੱਕ ਡੈਪੂਟੇਸ਼ਨ ਭੇਜਣ ਦੀ ਪ੍ਰਵਾਨਗੀ ਲਈ। ਏਸ ਵਿੱਚ ਡਾ. ਸੁੰਦਰ; ਮਿ: ਐਲ ਡਬਲੀਊ ਹਾਲ (Mr LW Hall) ਰੋਮਨ ਕੈਥੋਲਿਕ ਪਾਦਰੀ ਵਿਕਟੋਰੀਆ ਅਤੇ ਦਾਸ ਸ਼ਾਮਲ ਸਨ। ਡੈਪੂਟੇਸ਼ਨ ਦੀ ਇਹ ਸੇਵਾ ਲਾਈ ਗਈ ਕਿ ਉਹ ਵਜ਼ੀਰ ਮੰਡਲੀ ਨੂੰ ਮਿਲ ਕੇ ਅਤੇ ਆਮ ਜਨਤਾ ਵਿੱਚ ਪ੍ਰਚਾਰ ਦੁਆਰਾ ਕੈਨੇਡਾ ਵਿੱਚ, ਅੱਗੇ ਟਿਕੇ ਹੋਏ

ਸਿੱਖ, ਹਿੰਦੂ ਅਤੇ ਮੁਸਲਮਾਨ ਵੀਰਾਂ ਦੇ ਪ੍ਰਵਾਰ ਸਬੰਧੀ ਮੰਗਵਾਉਣ ਲਈ ਕਾਨੂੰਨ ਵਿੱਚ ਯੋਗ ਤਬਦੀਲੀ ਕਰਵਾਏ। ਸਾਧ ਸੰਗਤ ਦੇ ਗੁਰਮਤਾ ਪਾਸ ਹੋਣ ਦੇ ਦੋ ਦਿਨ ਮਗਰੋਂ ਡੈਪੂਟੇਸ਼ਨ ਦੇ ਤਿੰਨੇ ਸੱਜਣ ਉਟਾਵਾ ਵੱਲ ਤੁਰ ਪਏ। ਰਸਤੇ ਵਿੱਚ ਪ੍ਰੇਮ ਦੇ ਬਚਨ ਬਿਲਾਸ ਕਰਦੇ ਅਤੇ ਪੁਸਤਕਾਂ ਪੜ੍ਹਦੇ ਬੜੇ ਅਨੰਦ ਨਾਲ ਸਫਰ ਮੁਕਾਉਂਦੇ ਜਾ ਰਹੇ ਸਨ। ਇੱਕ ਦਿਨ ਭਗਤ ਲਛਮਣ ਸਿੰਘ ਜੀ ਦੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਜੀਵਨ ਕਥਾ (Life of Guru Gobind Singh Ji ) ਅੰਗਰੇਜ਼ੀ ਵਿੱਚ ਦਾਸ ਪੜ੍ਹ ਰਿਹਾ ਸੀ। ਮਿਸਟਰ ਹਾਲ (Mr. Hall) ਨੇ ਇਹ ਕਿਤਾਬ ਦਾਸ ਕੋਲੋਂ ਲੈ ਲਈ। ਘੰਟਾ ਕੁ ਪਾਠ ਕਰਨ ਤੋਂ ਮਗਰੋਂ ਇਹ ਪ੍ਰੇਮੀ ਆਪਣੀ ਜਗ੍ਹਾ ਤੋਂ ਟਪ ਉੱਠਿਆ ਅਤੇ ਬੜੀ ਉੱਚੀ ਆਵਾਜ਼ ਵਿੱਚ ਆਖਣ ਲਗ ਪਿਆ: "ਗੁਰੂ ਗੋਬਿੰਦ ਸਿੰਘ! ਗੁਰੂ ਗੋਬਿੰਦ ਸਿੰਘ!! ਜੇ ਮੈਨੂੰ ਪਹਿਲਾਂ ਜਵਾਨੀ ਵਿੱਚ ਇਹ ਕਿਤਾਬ ਮਿਲ ਜਾਂਦੀ ਤਾਂ ਮੈ ਗੁਰੂ ਕਾ ਸਿੱਖ ਹੁੰਦਾ।" ਇਸ ਪ੍ਰੇਮੀ ਦਾ ਇਹ ਜੋਸ਼ ਅਤੇ ਪ੍ਰੇਮ ਦੇਖ ਕੇ ਦਾਸ ਨੂੰ ਭਾਸਿਆ ਕਿ ਇਹ ਵਿਚਾਰਾ ਕਲਗੀਆਂ ਵਾਲੇ ਪਾਤਿਸ਼ਾਹ ਦਾ ਕੋਈ ਵਿਛੜਿਆ ਹੋਇਆ ਸੇਵਕ ਹੈ, ਕਿਸੇ ਅਵੱਗਿਆ ਕਰਕੇ ਇਸ ਨੂੰ ਏਡੇ ਦੁਰੇਡੇ ਜਨਮ ਮਿਲਿਆ ਹੈ, ਪਰ ਫੇਰ ਵੀ ਪਿੱਛਲੇ ਸੰਜੋਗ ਨੇ ਇਹਨੂੰ ਸਿੱਖਾਂ ਦਾ ਪੂਰਾ ਹਮਦਰਦ ਅਤੇ ਸੱਚਾ ਹਿਤੂ ਟਹਿਲ ਵਾਲਾ ਬਣਾ ਦਿੱਤਾ ਹੈ।

ਤਿੰਨ ਕੁ ਦਿਨ ਦੇ ਮਗਰੋਂ ਜੱਥਾ ਉਟਾਵਾ ਪਹੁੰਚਿਆ ਅਤੇ ਇੱਕ ਹੋਟਲ ਵਿੱਚ ਡੇਰਾ ਕੀਤਾ। ਏਥੇ ਵਜ਼ੀਰ ਮੰਡਲੀ ਦੇ ਪ੍ਰਧਾਨ ਨੂੰ ਮਿਲਣ ਲਈ ਵਕਤ ਮੁਕੱਰਰ ਕਰਨ ਹਿਤ ਚਿੱਠੀ ਲਿਖੀ। ਦੂਜੇ ਦਿਨ ਜਵਾਬ ਆ ਗਿਆ ਅਤੇ ਨੀਯਤ ਵੇਲੇ ਡੈਪੂਟੇਸ਼ਨ ਵਜ਼ੀਰ ਮੰਡਲੀ ਨੂੰ ਮਿਲਣ ਲਈ ਪਾਰਲੀਮੈਂਟ ਹਾਊਸ ਵੱਲ ਟੁਰ ਪਿਆ। ਉਥੇ ਪੁੱਜ ਕੇ ਚੋਬਦਾਰ ਨੂੰ ਆਖਿਆ ਕਿ ਇਮੀਗਰੇਸ਼ਨ ਵਜ਼ੀਰ (Immigration Minister) (ਬਾਹਰ ਮੁਲਕ ਦੇ ਆਉਣ ਵਾਲੇ ਪ੍ਰੇਮੀਆਂ ਦੇ ਪ੍ਰਬੰਧ ਕਰਨ ਵਾਲੇ ਵਜ਼ੀਰ) ਨੂੰ ਖਬਰ ਕਰੇ। ਚੋਬਦਾਰ ਡੈਪੂਟੇਸ਼ਨ ਦੇ ਡੈਲੀਗੇਟਾਂ ਦੇ ਕਾਰਡ ਲੈ ਕੇ ਵਜ਼ੀਰ ਪਾਸ ਗਿਆ ਅਤੇ ਛੇਤੀ ਹੀ ਮੁੜ ਕੇ ਡੈਪੂਟੇਸ਼ਨ ਨੂੰ ਇੱਕ ਇਕਾਂਤ ਕਮਰੇ ਵਿੱਚ ਬਿਠਾ ਦਿੱਤਾ।

ਕੁਝ ਚਿਰ ਮਗਰੋਂ ਇਮੀਗਰੇਸ਼ਨ ਵਜ਼ੀਰ ਆ ਪੁੱਜਾ। ਉਸ ਨਾਲ ਖੁੱਲ੍ਹੇ ਤੌਰ ਤੇ ਵੀਚਾਰ ਕੀਤੀ ਗਈ ਕਿ ਜਿਹੜਾ ਸਰਕਾਰ ਦਾ ਕਾਨੂੰਨ ਸਿੱਧਾ ਹਿੰਦੁਸਤਾਨ ਤੋਂ ਇੱਕ ਜਹਾਜ਼ ਵਿੱਚ ਸਫਰ ਕਰਨ ਦੀ ਸ਼ਰਤ ਲਾਉਂਦਾ ਹੈ, ਉਹ ਅਸਲ ਵਿੱਚ ਬਾਲ ਬੱਚੇ ਯਾ ਕਿਸੇ ਨਵੇਂ ਸੱਜਣ ਦੇ ਆਉਣ ਵਿੱਚ ਉੱਕਾ ਹੀ ਰੋਕ ਪਾਉਂਦਾ ਹੈ। ਨਾ ਕੋਈ ਸਿੱਧਾ ਜ਼ਹਾਜ ਆਉਂਦਾ ਹੈ ਅਤੇ ਨਾ ਹੀ ਕਦੇ ਕਿਸੇ ਦੇ ਆਉਣ ਦੀ ਉਮੈਦ ਹੈ। ਏਸ ਲਈ ਸਰਕਾਰ ਦਾ ਧਰਮ ਹੈ ਕਿ ਜਿਹੜੇ ਹਿੰਦੁਸਤਾਨੀ ਕੈਨੇਡਾ ਵਿੱਚ ਵਸ ਚੁੱਕੇ ਹਨ, ਘੱਟ ਤੋਂ ਘੱਟ ਉਨ੍ਹਾਂ ਦੇ ਬਾਲ ਬੱਚੇ ਤੇ ਸਬੰਧੀਆਂ ਦੇ ਆਉਣ ਲਈ ਆਗਿਆ ਦਿੱਤੀ ਜਾਵੇ। ਏਸ ਵਜ਼ੀਰ ਨੇ ਗੱਲਬਾਤ ਤਾਂ ਬੜੇ ਗਹੁ ਨਾਲ ਸੁਣੀ, ਪਰ ਜਵਾਬ ਟਾਲਵਾਂ ਹੀ ਦਿੱਤਾ। ਫੇਰ ਵੱਡਾ ਵਜ਼ੀਰ ਤੇ ਵਜ਼ੀਰ ਮੰਡਲੀ ਦੇ ਹੋਰ ਸੱਜਣ ਵੀ ਆ ਪੁੱਜੇ। ਉਨ੍ਹਾਂ ਨਾਲ ਬੜੀ ਦੇਰ ਤਕ ਵਿਚਾਰ ਹੁੰਦੀ ਰਹੀ ਕਿ ਕੌਮਾਂ ਵਿੱਚ ਇੱਕ ਰਸ ਇਨਸਾਫ਼ ਹੀ, ਰਾਜ ਬਣਤਰ ਦੀ ਨਿਉਂ ਦਾ ਮੁੱਢਲਾ ਪੱਥਰ (Key Stone) ਹੁੰਦਾ ਹੈ। ਜੇ ਇਹ ਪੱਥਰ ਹਿਲ ਜਾਵੇ ਤਾਂ ਸਾਰੀ ਇਮਾਰਤ ਖਤਰੇ ਵਿੱਚ ਪੈ ਜਾਂਦੀ ਹੈ। ਏਸ ਲਈ ਡੈਪੂਟੇਸ਼ਨ ਦੀ ਬੇਨਤੀ ਹੈ ਕਿ ਕੈਨੇਡਾ ਵਾਲੇ ਤੇ ਹਿੰਦੁਸਤਾਨੀ ਇੱਕ ਪਾਤਿਸ਼ਾਹ ਦੀ ਰਿਆਇਆ ਹੈ। ਇਨ੍ਹਾਂ ਨੂੰ ਇੱਕੋ ਤਕੜੀ ਦੇ ਤੋਲ ਹੱਕ ਮਿਲਣੇ ਚਾਹੀਦੇ ਹਨ। ਵਜ਼ੀਰਾਂ ਨੇ ਬੜੀਆਂ ਲੰਮੀਆਂ ਚੌੜੀਆਂ ਦਲੀਲਾਂ ਦਿੱਤੀਆਂ ਕਿ ਹਿੰਦੁਸਤਾਨੀਆਂ ਦਾ (Standard of Living) ਰੋਜ਼ਾਨਾ ਜੀਵਨ ਦਾ ਖਰਚ ਥੋੜ੍ਹਾ ਹੁੰਦਾ ਹੈ। ਇਹ ਕੈਨੇਡਾ ਵਿੱਚ ਆ ਕੇ ਘਟ ਮਜ਼ਦੂਰੀ ਲੈ ਕੇ ਗੋਰਿਆਂ ਨੂੰ ਕੰਮ ਵਿੱਚੋਂ ਕੱਢ ਦੇਣਗੇ, ਏਸ ਲਈ ਕੈਨੇਡਾ ਵਿੱਚ ਸਰਕਾਰ ਨੂੰ ਇਨ੍ਹਾਂ ਦੇ ਬਹੁ ਗਿਣਤੀ ਵਿੱਚ ਆਉਣ ਨੂੰ ਬੰਦ ਕਰਨ ਲਈ ਰੁਕਾਵਟਾਂ ਪਾਉਣੀਆਂ ਪੈਂਦੀਆਂ ਹਨ।



ਸੰਤ ਤੇਜਾ ਸਿੰਘ ਜੀ (1909)
First President Pacific Cost Khalsa Diwan Society, California, USA

ਏਸ ਦੇ ਉੱਤਰ ਵਿੱਚ ਇਹਨਾਂ ਨੂੰ ਆਖਿਆ ਗਿਆ ਕਿ ਸਰਕਾਰ ਮਜ਼ਦੂਰੀ ਦਾ ਇੱਕੋ ਹੀ ਰੇਟ ਮੁਕੱਰਰ ਕਰ ਸਕਦੀ ਹੈ, ਜਿਸ ਤੋਂ ਘੱਟ ਕੋਈ ਕੰਮ ਕਰਾਉਣ ਵਾਲਾ ਕੈਨੇਡਾ ਵਿੱਚ ਕਿਸੇ ਮਜ਼ਦੂਰ ਨੂੰ ਨਾ ਦੇਵੇ। ਦੂਜੀ, ਇਹ ਗੱਲ ਸੂਰਜ ਵਾਂਗਨ ਰੋਸ਼ਨ ਹੈ ਕਿ ਹਿੰਦੁਸਤਾਨੀ ਮਜ਼ਦੂਰ ਮਕਾਨ, ਖੁਰਾਕ ਅਤੇ ਬਸਤਰਾਂ ਤੇ ਕਿਸੇ ਗੋਰੇ ਕਿਰਤੀ ਨਾਲੋਂ ਘਟ ਖਰਚ ਨਹੀ ਕਰਦੇ। ਹਾਂ ਸਤਿਸੰਗਤ ਦੇ ਫਲ ਕਰਕੇ, ਉਹ ਸਿਨੇਮੇ ਆਦਿਕ ਅਤੇ ਅਯਾਸ਼ੀ ਤੇ ਆਪਣੀ ਕਮਾਈ ਖਰਚ ਨਹੀਂ ਕਰਦੇ। ਹਰ ਤਰ੍ਹਾਂ ਵਜ਼ੀਰ ਮੰਡਲੀ ਨੂੰ ਸਮਝਾਇਆ; ਪਰ ਉਹਨਾਂ ਨੇ ਆਪਣੀ ਹਠ ਨਾ ਛੱਡੀ, ਟਾਲਵਾਂ ਜਵਾਬ ਹੀ ਦੇਂਦੇ ਰਹੇ।

ਜਦ ਡੈਪੂਟੇਸ਼ਨ ਮੁੜ ਕੇ ਆਪਣੇ ਹੋਟਲ ਵਿੱਚ ਆਇਆ ਤਾਂ Mr. Hall ਬੜਾ ਹੱਸਿਆ, ਦਾਸ ਨੂੰ ਕਹਿਣ ਲੱਗਾ ਕਿ ਸਾਰੀ ਵਜ਼ੀਰ ਮੰਡਲੀ ਆਪਣੀ ਬਲੈਡਰ (Bladder) ਬੜੀ ਲੰਮੀ ਚੌੜੀ ਦਲੀਲਾਂ ਦੀ ਹਵਾ ਨਾਲ ਭਰਦੀ ਸੀ। ਪਰ ਤੂੰ ਕੰਡੇ ਵਾਂਗਣ ਇੱਕ ਗੱਲ ਕਰਕੇ ਉਹਨਾਂ ਦੀ ਹਵਾ ਕੱਢ ਦੇਂਦਾ ਸੈਂ।

ਹੁਣ ਸਾਧ ਸੰਗਤ ਦਾ ਹੁਕਮ ਸੀ ਕਿ ਉਟਾਵਾ ਵਿੱਚ ਜਨਤਾ ਨੂੰ ਵੀ ਹਿੰਦੁਸਤਾਨੀਆਂ ਨਾਲ ਕੀਤੀ ਹੋਈ ਬੇਇਨਸਾਫ਼ੀ ਤੋਂ ਜਾਣੂ ਕੀਤਾ ਜਾਵੇ। ਏਸ ਲਈ ਇੱਕ ਬੜੇ ਪਬਲਿਕ ਹਾਲ ਵਿੱਚ ਸ਼ਾਮ ਦੇ ੬ ਵਜੇ ਲੈਕਚਰ ਦਾ ਪ੍ਰਬੰਧ ਕੀਤਾ ਗਿਆ। ਸਮੇਂ ਸਿਰ ਜਦ ਡੈਪੂਟੇਸ਼ਨ ਦੇ ਮੈਂਬਰ ਹਾਲ ਵਿੱਚ ਪੁੱਜੇ ਤਾਂ ਦਸ ਕੁ ਹਜ਼ਾਰ ਗੋਰੇ ਅਤੇ ਗੋਰੀਆਂ ਪ੍ਰਚਾਰ ਸੁਣਨ ਲਈ ਹਾਜ਼ਰ ਸਨ। ਨਿਯਮ ਅਨੁਸਾਰ ਇਕੱਤਰਤਾ ਦਾ ਇੱਕ ਪ੍ਰਧਾਨ ਨਿਯਤ ਕੀਤਾ ਗਿਆ। ਪ੍ਰਧਾਨ ਜੀ ਨੇ ਦਾਸ ਨੂੰ ਲੈਕਚਰ ਕਰਨ ਦੀ ਆਗਿਆ ਕੀਤੀ। ਸਵਾ ਕੁ ਘੰਟੇ ਵਿੱਚ ਪਿੱਛਲੀਆਂ ਸਾਰੀਆਂ ਆਲਮਗੀਰ ਸਲਤਨਤਾਂ ਦੀ ਤਾਰੀਖ ਦੀ ਖੋਜ਼ ਕਰਦਿਆਂ ਦਾਸ ਨੇ ਦੱਸਿਆ ਕਿ ਗਰੀਕ ਐਮਪਾਇਰ, ਰੋਮਨ ਐਮਪਾਇਰ, ਮੁਗਲ ਐਮਪਾਇਰ ਤਦ ਤੀਕਰ ਹੀ ਪ੍ਰਫੁਲਤ ਰਹੀਆਂ ਜਦ ਤੀਕਰ ਇਨਸਾਫ਼ ਦੀ ਨਿਉਂ ਕਾਇਮ ਰਹੀ। ਜਦੋਂ ਅਯਾਸ਼ੀ ਅਤੇ ਖੁਦਗਰਜ਼ੀ ਕਰਕੇ ਇਨਸਾਫ਼ ਦਾ ਕੜ ਟੁਟ ਗਿਆ ਤਾਂ ਵਾਰੀ ਵਾਰੀ ਇਹ ਸਾਰੀਆਂ ਸਲਤਨਤਾਂ ਆਪਣੇ ਮੰਦ ਕਰਮਾਂ ਦੇ ਹੜ੍ਹ ਵਿੱਚ ਡੁੱਬ ਗਈਆਂ। ਹੁਣ ਉਹਨਾਂ ਰਾਜਾਂ ਦਾ ਨਾਮ ਨਿਸ਼ਾਨ ਵੀ ਬਾਕੀ ਨਹੀਂ ਹੈ। ਏਸ ਸਮੇਂ ਬ੍ਰਿਟਿਸ਼ ਐਮਪਾਇਰ, ਸਭ ਤੋਂ ਵੱਡੀ ਆਲਮਗੀਰ ਸਲਤਨਤ ਹੈ। ਲੋੜੀਂਦੀ ਗੱਲ ਇਹ ਹੈ ਕਿ ਏਸ ਦੇ ਇਨਸਾਫ਼ ਦਾ (Corner Stone) ਬੁਨਿਆਦੀ ਪੱਥਰ ਹਿਲਣ ਤੋਂ ਬਚਾਇਆ ਜਾਵੇ।

ਲੈਕਚਰ ਦਾ ਅਸਰ ਤੇ ਬਹੁਤ ਪਿਆ ਅਤੇ ਪ੍ਰਧਾਨ ਨੇ ਵੀ ਬੜੇ ਸੋਹਣੇ ਤਰੀਕੇ ਨਾਲ ਏਸ ਗੱਲ ਨੂੰ ਮੰਨ ਲਿਆ, ਪਰ ਡੈਪੂਟੇਸ਼ਨ ਦਾ ਅਸਲੀ ਮੰਤਵ ਏਸ ਸਮੇਂ ਪੂਰਾ ਨਾ ਹੋਇਆ। ਹਾਂ ! ਹਿੰਦੁਸਤਾਨੀਆਂ ਦੇ ਬਾਲ ਬੱਚੇ ਆਉਣ ਦੇ ਅਸੂਲ ਦਾ ਮੁੱਢ ਬਝ ਗਿਆ ਤੇ ਪਿੱਛੋਂ ਮਹਾਰਾਜ ਭੁਪਿੰਦਰ ਸਿੰਘ ਵਾਲੀਏ ਪਟਿਆਲਾ ਨੇ ਕੁਝ ਵਰ੍ਹੇ ਮਗਰੋਂ ਲੰਡਨ ਐਮਪਾਇਰ ਕਾਨਫਰੰਸ ਵਿੱਚ ਜ਼ੋਰ ਦੇ ਕੇ ਇਹ ਹੱਕ ਦਿਵਾ ਦਿੱਤਾ।

ਲੈਕਚਰ ਤੋਂ ਦੂਜੇ ਦਿਨ ਹੀ ਡੈਪੂਟੇਸ਼ਨ ਉਟਾਵਾ ਤੋਂ ਟੁਰ ਕੇ ਵੈਨਕੂਵਰ ਆ ਪੁੱਜਾ ਅਤੇ ਸਾਰੀ ਵਿਥਿਆ ਸਾਧ ਸੰਗਤ ਨੂੰ ਆਖ ਸੁਣਾਈ। ਕੈਨੇਡਾ ਦੀ ਸਰਕਾਰ ਦਾ ਗੋਲ ਮੋਲ ਜਵਾਬ ਸੁਣ ਕੇ ਪ੍ਰੇਮੀਆਂ ਵਿੱਚ ਇਹ ਖ਼ਿਆਲ ਪੈਦਾ ਹੋਇਆ ਕਿ ਇੱਕ ਡੈਪੂਟੇਸ਼ਨ ਇੰਗਲੈਂਡ ਅਤੇ ਹਿੰਦੁਸਤਾਨ ਆਪਣੇ ਹੱਕਾਂ ਦੀ ਰਾਖੀ ਲਈ ਭੇਜਿਆ ਜਾਵੇ। ਇਹ ਗੱਲ ਹੌਲੀ ਹੌਲੀ ਪੱਕਦੀ ਰਹੀ ਅਤੇ ੧੯੧੩ ਈਸਵੀ ਵਿੱਚ ਇਹ ਡੈਪੂਟੇਸ਼ਨ ਬਣ ਕੇ ਇੰਗਲੈਂਡ ਹੁੰਦਾ ਹੋਇਆ ਸਾਰੇ ਪੰਜਾਬ ਅਤੇ ਹਿੰਦੁਸਤਾਨ ਵਿੱਚ ਫਿਰਿਆ। ਏਸ ਦੇ ਮੈਂਬਰ ਭਾਈ ਬਲਵੰਤ ਸਿੰਘ ਜੀ ਗ੍ਰੰਥੀ, ਭਾਈ ਨੰਦ ਸਿੰਘ ਜੀ ਡਾਕਟਰ ਸੇਹਰਾ ਅਤੇ ਭਾਈ ਨਰਾਇਣ ਸਿੰਘ ਜੀ ਚੋਬਦਾਰ ਸਨ।

## ਵਿਕਟੋਰੀਆ ਵਿਖੇ ਗੁਰਦੁਆਰਾ ਬਣਾਉਣਾ ਅਤੇ ਗੁਰਮਤਿ ਚਮਤਕਾਰ

ਵਿਕਟੋਰੀਆ ਦੀ ਸਾਧ ਸੰਗਤ ਨੇ ੧੯●੯ ਈਸਵੀਂ ਵਿੱਚ ਗੁਰਦੁਆਰੇ ਸਾਹਿਬ ਲਈ ਜ਼ਮੀਨ ਖਰੀਦ ਲਈ ਸੀ। ਹੁਣ ਇਹਨਾਂ ਦੇ ਚਿੱਤ ਵਿੱਚ ਉਤਸ਼ਾਹ ਹੋਇਆ ਕਿ ਸੱਚੇ ਪਾਤਿਸ਼ਾਹ ਦਾ ਨਿਸ਼ਾਨ ਸਾਹਿਬ, ਬ੍ਰਿਟਿਸ਼ ਕੋਲੰਬੀਆ ਦੀ ਰਾਜਧਾਨੀ ਵਿੱਚ ਵੀ ਝੂਲੇ। ਇਹਨਾਂ ਨੇ ਦਾਸ ਨੂੰ ਸੱਦ ਭੇਜਿਆ ਅਤੇ ਥੋੜ੍ਹੇ ਦਿਨਾਂ ਵਿੱਚ ਹੀ ਗੁਰਦੁਆਰੇ ਸਾਹਿਬ ਦਾ ਨਕਸ਼ਾ ਅਤੇ ਐਸਟੀਮੇਟ (ਖਰਚ ਦਾ ਜੋੜ) ਤਿਆਰ ਹੋ ਗਿਆ। ਸਿੰਘਾਂ ਨੇ ਬੜੇ ਪ੍ਰੇਮ ਉਤਸ਼ਾਹ ਨਾਲ, ਇੱਕ ਇੱਕ ਦੋ ਦੋ ਮਹੀਨੇ ਦੀ ਪੂਰੀ ਤਨਖ਼ਾਹ ਹਾਜ਼ਰ ਕੀਤੀ ਅਤੇ ਠੇਕੇਦਾਰਾਂ ਨਾਲ ਸਾਰੀ ਗੱਲ ਬਾਤ ਤੈਅ ਹੋ ਕੇ, ਸਤਿਗੁਰੂ ਦਾ ਇਹ ਕਾਰਜ ਆਰੰਭ ਹੋ ਗਿਆ।

ਠੇਕਾ ਦੇਣ ਦੇ ਮਗਰੋਂ ਕੈਲੀਫੋਰਨੀਆਂ ਵਿੱਚ ਇੱਕ ਅੰਮ੍ਰਿਤ ਪ੍ਰਚਾਰ ਦੇ ਦੌਰੇ ਲਈ ਜਾਣਾ ਪਿਆ। ਦੋ ਤਿੰਨ ਮਹੀਨੇ ਏਧਰ ਲਾਉਣ ਦੇ ਮਗਰੋਂ, ਦਾਸ ਵਿਕਟੋਰੀਆ ਪੁੱਜਾ। ਉਸ ਸਮੇਂ ਗੁਰਦੁਆਰੇ ਸਾਹਿਬ ਦੀ ਇਮਾਰਤ ਤਿਆਰ ਹੋਣ ਨੇੜੇ ਪਹੁੰਚ ਗਈ ਸੀ। ਕੁਦਰਤੀ ਚਿੱਤ ਵਿੱਚ ਇਹ ਉਤਸ਼ਾਹ ਪੈਦਾ ਹੋਇਆ ਕਿ ਸੰਤ ਜੀ ਮਹਾਰਾਜ ਦੇ ਹੁਕਮ ਪਾਲਣ ਹਿਤ ਇਹ ਸਭ ਤੋਂ ਸ਼ਾਨਦਾਰ ਗੁਰਦੁਆਰਾ ਬਣਿਆ ਹੈ, ਏਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਬੜੀ ਸ਼ਾਨ ਨਾਲ ਅਸਥਾਪਨ ਕੀਤੀ ਜਾਵੇ।

ਏਸ ਸਮਾਗਮ ਲਈ ਦਿਨ ਨੀਯਤ ਕੀਤਾ ਗਿਆ ਅਤੇ ਸਾਰੇ ਕੈਨੇਡਾ ਵਿੱਚ ਖ਼ਾਲਸੇ ਜੀ ਨੂੰ ਚਿੱਠੀਆਂ ਭੇਜੀਆਂ ਗਈਆਂ ਕਿ ਉਹ ਸਮੇਂ ਸਿਰ ਦਰਸ਼ਨ ਦੇ ਕੇ ਸਤਿਗੁਰੂ ਸੱਚੇ ਪਾਤਿਸ਼ਾਹ ਦੀਆਂ ਖੁਸ਼ੀਆਂ ਲੈਣ। ਨੀਯਤ ਦਿਨ ਤੇ ਇਕ ਛੇ ਵੀਲਰ (Wheeler) ਘੋੜੇ ਵਾਲੀ ਫਿਟਨ ਤਿਆਰ ਕੀਤੀ, ਏਸ ਨੂੰ ਬੜੀ ਸੋਹਣੀ ਤਰ੍ਹਾਂ ਸਾਧ ਸੰਗਤ ਨੇ ਸਜਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਇਹਦੇ ਵਿੱਚ ਬਿਰਾਜਮਾਨ ਕੀਤੀ। ਪੰਜ ਕੁ ਹਜ਼ਾਰ ਗੁਰੂ ਕੇ ਸਜੀਲੇ ਸਿੱਖ, ਸੋਹਣੀਆਂ ਵਰਦੀਆਂ ਪਾਈ, ਚਾਰ ਚਾਰ ਦੀ ਕਤਾਰ ਵਿੱਚ, ਸਤਿਗੁਰੂ ਸੱਚੇ ਪਾਤਿਸ਼ਾਹ ਦੀ ਅਰਦਲ ਵਿੱਚ ਸਜ ਗਏ। ਦਾਸ ਵੀ ਨੰਗੀ ਤਲਵਾਰ ਹੱਥ ਵਿੱਚ ਲੈ, ਘੋੜੇ ਤੇ ਸਵਾਰ ਸਤਿਗੁਰੂ ਸੱਚੇ ਪਾਤਿਸ਼ਾਹ ਦੀ ਸਵਾਰੀ ਨਾਲ ਹਾਜ਼ਰ ਹੋ ਗਿਆ; ਜਲੂਸ ਵਿਕਟੋਰੀਆਂ ਦੇ ਸਾਰੇ ਬਜ਼ਾਰਾਂ ਵਿੱਚੋਂ ਲੰਘਿਆ। ਸ਼ਹਿਰ ਦੇ ਬੇਅੰਤ ਗੋਰੇ ਅਤੇ ਗੋਰੀਆਂ ਏਸ ਅਦੁੱਤੀ ਨਜ਼ਾਰੇ ਨੂੰ ਦੇਖ ਕੇ ਅਚੰਭਤ ਹੋ ਰਹੇ ਸਨ। ਕਹਿ ਰਹੇ ਸਨ ਕਿ ਜਦ ਦਾ ਕੈਨੇਡਾ ਆਬਾਦ ਹੋਇਆ ਹੈ, ਇਹੋ ਜਿਹਾ ਸ਼ਾਨਦਾਰ ਜਲੂਸ ਅਸੀ ਕਦੀ ਵੀ ਨਹੀਂ ਦੇਖਿਆ। ਦੋ ਤਿੰਨ ਵੱਡੇ ਚੌਕਾਂ ਵਿੱਚ ਜਲੂਸ ਠਹਿਰਿਆ ਅਤੇ ਉੱਥੇ ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਅਸੂਲਾਂ ਦੀ ਵਿਆਖਿਆ ਹੋਈ। ਪੰਜ ਕੁ ਘੰਟੇ ਦੇ ਮਗਰੋਂ ਜਲੂਸ ਗੁਰਦੁਆਰੇ ਸਾਹਿਬ ਪੁੱਜਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਉੱਚੇ ਤਖਤਪੋਸ਼ ਤੇ ਇੱਕ ਸਜੀਲੀ ਚਾਨਣੀ ਹੇਠ, ਉਪਰਲੀ ਮੰਜਲ ਵਿੱਚ ਪ੍ਰਕਾਸ਼ ਕੀਤੀ ਗਈ। ਸਾਰੀ ਸਾਧ ਸੰਗਤ ਨਮਸਕਾਰ ਕਰ, ਬਾਬੇ ਜੀ ਦੀ ਹਜ਼ੂਰੀ ਵਿੱਚ ਸਜ ਗਈ। ਸ਼ਬਦ ਕੀਰਤਨ ਅਤੇ ਕਥਾ ਦੇ ਮਗਰੋਂ ਗੁਰਦੁਆਰੇ ਸਾਹਿਬ ਦਾ ਆਮਦਨੀ ਖਰਚ ਸੁਣਾਇਆ ਗਿਆ। ਪ੍ਰੇਮੀਆਂ ਨੇ ਦਿਲ ਖੋਲ੍ਹ ਕੇ ਗੱਫੇ ਅਰਦਾਸ ਕਰਾਏ ਤੇ ਉਸੇ ਵੇਲੇ ਸਾਰੀ ਲਾਗਤ (ਕਰੀਬਨ 25 ਹਜ਼ਾਰ ਡਾਲਰ) ਵਿੱਚ ਜੋ ਕੰਮੀ ਸੀ, ਪੂਰੀ ਹੋ ਗਈ।

ਰਾਤ ਦੇ ਸਮੇਂ ਜਲੂਸ ਦੇ ਮਗਰੋਂ ਦਾਸ ਸ੍ਰੀ ਮਤੀ ਕਲਾਰਕ (Mrs Robert William Clark) (ਜੋ ਗੁਰੂ ਘਰ ਦੀ ਪ੍ਰੇਮਣ ਸੀ) ਦੇ ਘਰ ਗਿਆ। ਬੈਠਦਿਆਂ ਹੀ ਪਹਿਲੀ ਗੱਲ ਜੋ ਏਸ ਨੇ ਪੁੱਛੀ, "(Mr Singh) ਭਾਈ ਸਿੰਘ, ਕੀ ਸਿੱਖ ਗੁਰੂ ਅੱਜ ਕਲ ਵੀ ਦਰਸ਼ਨ ਦੇਂਦੇ ਹਨ।" ਦਾਸ ਨੇ ਆਖਿਆ, 'ਹਾਂ'। ਫੇਰ ਤੇ ਮਾਈ ਬੜੇ ਪ੍ਰੇਮ ਵਿੱਚ ਮਸਤ ਹੋ, ਬੋਲ ਉੱਠੀ, "ਅੱਜ ਜਲੂਸ ਵਿੱਚ ਪੰਜ ਪਾਤਿਸ਼ਾਹੀਆਂ ਮੈਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੱਜੇ ਪਾਸੇ ਦੇਖੀਆਂ ਅਤੇ ਪੰਜ ਖੱਬੇ।" ਇਹ ਪ੍ਰੇਮਣ ਵਾਹਿਗੁਰੂ ਮੰਤਰ ਦੀ

ਅਭਿਆਸਣ ਬਣ ਚੁੱਕੀ ਸੀ ਅਤੇ ਏਸ ਨੇ Mr Macauliffe ਦੀਆਂ ਸਿੱਖ ਧਰਮ ਦੀਆਂ ਛੇਵੇਂ ਜਿਲਦਾਂ ਪੜ੍ਹੀਆਂ ਹੋਈਆਂ ਸਨ। ਦੂਜੇ ਦਿਨ ਹੀ ਵੈਨਕੂਵਰ ਤੇ ਵਿਕਟੋਰੀਆ ਦੇ ਸਾਰੇ ਅਖਬਾਰਾਂ ਵਿੱਚ ਜਲੂਸ ਦੀ ਬਾਬਤ ਬੜੇ ਉੱਘੇ ਲੇਖ ਨਿਕਲੇ। ਸਭ ਨੇ ਇਹ ਲਿਖਿਆ ਕਿ ਐਸਾ ਧਾਰਮਿਕ ਜਲੂਸ ਕੈਨੇਡਾ ਵਿੱਚ ਅਗੇ ਕਦੀ ਵੀ ਨਹੀਂ ਨਿਕਲਿਆ।

## ਛੋਟੇ ਭੁਝੰਗੀ ਨੂੰ ਇਲਾਹੀ ਕੌਤਕ

ਹੁਣ ਕਰਤਾਰ ਵੱਲੋਂ ਸੰਤ ਜੀ ਮਹਾਰਾਜ ਦੇ ਚਰਨਾਂ ਵਿੱਚ ਹਾਜ਼ਰ ਹੋਣ ਦਾ ਸਮਾਂ ਆ ਗਿਆ। ਕੁਦਰਤੀ ਹਿੰਦੁਸਤਾਨ ਤੋਂ ਇੱਕ ਪ੍ਰੇਮੀ ਨੇ ਸੰਤ ਜੀ ਦੀ ਇੱਕ ਤਸਵੀਰ ਭੇਜੀ। ਜਦ ਪਾਰਸਲ ਪਰਿਵਾਰ ਵਿੱਚ ਖੋਲ੍ਹਿਆ ਗਿਆ ਅਤੇ ਤਸਵੀਰ ਦੇ ਸਭ ਨੇ ਦਰਸ਼ਨ ਕੀਤੇ ਤਾਂ ਨਿੱਕਾ ਭੁਜੰਗੀ ਹਰੀ ਸਿੰਘ ਆਖਣ ਲੱਗਾ, "ਭਾਪਾ ਜੀ, ਇਹ ਸੰਤ ਅਤਰ ਸਿੰਘ ਜੀ ਮਹਾਰਾਜ ਜੀ ਦੀ ਤਸਵੀਰ ਹੈ। ਇਹਨਾਂ ਵਿੱਚ ਅਤੇ ਗੁਰੂ ਗੋਬਿੰਦ ਸਿੰਘ ਵਿੱਚ ਕੋਈ ਫਰਕ ਨਹੀਂ, ਪਰ ਇਹ ਗੁਰੂ ਨਹੀਂ ਅਖਵਾ ਸਕਦੇ। ਮੈਂ ਹੁਣ ਏਥੇ ਨਹੀਂ ਰਹਿਣਾ ਜ਼ਰੂਰ ਸੰਤਾਂ ਦੇ ਦਰਸ਼ਨ ਕਰਨੇ ਹਨ।"

ਸੱਤ ਸਾਲ ਦੇ ਬੱਚੇ ਵਿੱਚ ਏਨੀ ਖਿੱਚ ਦਾ ਪੈਦਾ ਹੋਣਾ ਅਤੇ ਏਨੇ ਡੂੰਘੇ ਅਤੇ ਸਿਆਣੇ ਬਚਨ ਬੋਲਣਾ ਪੂਰਬਲੇ ਕਰਮਾਂ ਦਾ ਫਲ ਸੀ। ਇਹ ਬੱਚਾ ਅੱਗੇ ਵੀ ਕਈ ਵਾਰੀ ਬੜੇ ਸਿਆਣੇ, ਦੂਰ ਦੀ ਨਿਗਾਹ ਵਾਲੇ ਬਚਨ ਕਰਦਾ। ਇੱਕ ਦਿਨ ਵੈਨਕੂਵਰ, ਸਮੁੰਦਰ ਦੇ ਕਿਨਾਰੇ ਦੋਹਾਂ ਭੁਝੰਗੀਆਂ ਨੂੰ ਨਾਲ ਲੈ ਕੇ ਸੈਰ ਕਰਨ ਲਈ ਗਿਆ। ਦਾਸ ਤਾਂ ਇੱਕ ਗ਼ੈਬੀ ਤੇ ਇਕਾਂਤ ਰਸ ਵਿੱਚ ਬੈਠ ਗਿਆ। ਦੋਵੇਂ ਭੁਝੰਗੀ ਰੇਤ ਵਿੱਚ ਬੈਠ ਕੇ ਆਪਣੀਆਂ ਖੇਡਾਂ ਕਰਨ ਲੱਗ ਪਏ। ਖੇਡਦਿਆਂ ਖੇਡਦਿਆਂ ਵੱਡਾ ਭੁਝੰਗੀ ਮੁਕੰਦ ਸਿੰਘ ਬੋਲਿਆ ਕਿ ਹਰੀ ਸਿੰਘ, ਸਾਰੇ ਦੇਸ਼ਾਂ ਦੇ ਪ੍ਰੇਮੀ ਕਿਉਂ ਨਹੀਂ ਆਰਾਮ ਨਾਲ ਬਹਿ ਜਾਂਦੇ, ਆਪਸ ਵਿੱਚ ਕਿਉਂ ਲੜਦੇ ਹਨ। ਨਿੱਕੇ ਨੇ ਜਵਾਬ ਦਿੱਤਾ, "ਭਰਾ, ਇੱਕ ਵਾਰੀ ਦੱਬ ਕੇ ਲੜਨਗੇ, ਫੇਰ ਟਿਕ ਕੇ ਬੈਹਣਗੇ।" ਇੱਕ ਵਾਰੀ ਇਸ ਭੁਝੰਗੀ ਦਾ ਇੱਕ ਗੋਰਾ ਮਿੱਤਰ ਚੜ੍ਹਾਈ ਕਰ ਗਿਆ। ਘਰ ਆ ਕੇ ਭੁਝੰਗੀ ਆਪਣੀ ਮਾਤਾ ਨੂੰ ਕਹਿੰਦਾ "ਮਾਂ ਮਾਂ, ਮੇਰਾ ਯਾਰ ਹੁਣ ਸਿੱਖ ਬਣੇਗਾ। ਉਹ ਵਾਹਿਗੁਰੂ ਆਖ ਕੇ ਮਰਿਆ ਹੈ।" ਕਈ ਵਾਰ ਛੋਟਾ ਜਿਹਾ ਨਿਸ਼ਾਨ ਸਾਹਿਬ ਬਣਾ ਕੇ ਆਪਣੇ ਪੰਜ ਦਸ ਯਾਰਾਂ ਨੂੰ ਨਾਲ ਲੈ ਇਹ ਬੱਚਾ ਸ਼ਬਦ ਪੜ੍ਹਦਾ ਅਤੇ ਪੜ੍ਹਾਉਂਦਾ।

**"ਅਸਾਂ ਵੇਖ ਲਏ ਅਕਾਲੀ ਝੰਡੇ ਝੂਲਦੇ"**

ਤਸਵੀਰ ਦੇ ਦਰਸ਼ਨ ਕਰਨ ਦੇ ਮਗਰੋਂ ਏਸ ਭੁਝੰਗੀ ਨੂੰ ਖਾਣਾ ਪੀਣਾ ਅਤੇ ਸੌਣਾ ਭੁੱਲ ਗਿਆ। ਮਿੰਟ ਮਿੰਟ ਮਗਰੋਂ ਇਹ ਕੂਕੇ "ਮੈਂ ਸੰਤਾਂ ਦੇ ਜ਼ਰੂਰ ਦਰਸ਼ਨ ਕਰਨੇ ਹਨ।"

## ਸੇਵਾ ਉਪਰੰਤ ਹਿੰਦੁਸਤਾਨ ਵਾਪਸੀ

ਦੂਜੇ ਦਿਨ ਹੀ ਭੁਝੰਗੀ ਦਾ ਇਹ ਤੀਬਰ ਵੈਰਾਗ ਦੇਖ ਕੇ, ਦਾਸ ਅੰਮ੍ਰਿਤ ਵੇਲੇ ਗੁਰਦੁਆਰੇ ਸਾਹਿਬ ਹਾਜ਼ਰ ਹੋਇਆ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਵਾਕ ਲਿਆ ਜਿਸ ਵਿੱਚ ਇਹ ਤੁਕ ਆਈ, "**ਪੂਰਨ ਭਈ ਸੇਵਾ ॥**" ਇਧਰੋਂ ਭੁਝੰਗੀ ਦੇ ਹਿਰਦੇ ਵਿੱਚ ਸੰਤ ਜੀ ਮਹਾਰਾਜ ਦੀ ਵਰਤਾਈ ਹੋਈ ਤੀਬਰ ਖਿੱਚ, ਉਧਰੋਂ ਗੁਰੂ ਸਾਹਿਬ ਦੀ ਆਗਿਆ ਕਿ ਇਹਨਾਂ ਦੇਸ਼ਾਂ ਦੀ ਸੰਤ ਜੀ ਮਹਾਰਾਜ ਦੀ ਬਖਸ਼ੀ ਹੋਈ ਸੇਵਾ ਪੂਰੀ ਹੋ ਚੁੱਕੀ ਹੈ, ਉਸੇ ਦਿਨ ਹੀ ਦੇਸ਼ ਵੱਲ ਤੁਰਨ ਦਾ ਗੁਰਮਤਾ ਹੋ ਗਿਆ ਤੇ ਦਾਸ ਨੇ ਸਾਰੇ ਪਰਿਵਾਰ ਅਤੇ ਇਕ ਸਾਥੀ ਭਾਈ ਤਰਲੋਕ ਸਿੰਘ (ਈਸ਼ਰ ਸਿੰਘ) ਸਮੇਤ ਤੁਰਨ ਦੀ ਤਿਆਰੀ ਸ਼ੁਰੂ ਕਰ ਦਿੱਤੀ।

ਇੰਗਲੈਂਡ ਅਤੇ ਦੇਸ਼ ਜਾਣ ਲਈ ਖ਼ਾਲਸੇ ਜੀ ਦਾ ਡੈਪੂਟੇਸ਼ਨ ਵੀ ਇਹਨਾਂ ਦਿਨਾਂ ਵਿੱਚ ਹੀ ਬਣ ਚੁੱਕਾ ਸੀ। ਇਹਨਾਂ ਲਈ ਸਾਰੇ ਕਾਗਜ਼ ਅਤੇ ਲੇਖ ਤਿਆਰ ਕਰ ਕੇ ਦਾਸ ਨੇ ਭਾਈ ਨੰਦ ਸਿੰਘ ਜੀ ਸੇਹਰਾ ਦੇ ਹਵਾਲੇ ਕਰ ਦਿੱਤੇ ਅਤੇ ਉਹਨਾਂ ਕੋਲੋਂ ਬਚਨ ਲੈ ਲਿਆ ਕਿ ਜਿਹੜੀ ਹੱਕਾਂ ਦੀ ਲਿਖਤੀ ਅਰਜ਼ੀ ਇੰਗਲੈਂਡ ਦੀ ਵਜ਼ੀਰ ਮੰਡਲੀ ਵੱਲ ਲਿਖੀ ਗਈ, ਓਹ ਉਸ ਵਿੱਚ ਕਿਸੇ ਦੇ ਕਹਿਣ ’ਤੇ ਵੀ ਇੱਕ ਅੱਖਰ ਦੀ ਬਦਲੀ ਨਾ ਕਰੇ। ਭਾਈ ਨੰਦ ਸਿੰਘ ਜੀ ਨੇ ਇਸ ਬਚਨ ਨੂੰ ਗੁਰੂ ਦੀ ਹਾਜ਼ਰੀ ਵਿੱਚ ਦੇ ਦਿੱਤਾ ਅਤੇ ਉਸ ਨੂੰ ਪੂਰੀ ਤਰ੍ਹਾਂ ਨਿਭਾਇਆ।

ਹੁਣ ਜਦ ਦੇਸ਼ ਵੱਲ ਟੁਰਨ ਦੇ ਇਰਾਦੇ ਦੀ ਵਿਚਾਰ ਪੱਕੀ ਹੋ ਗਈ ਤਾਂ ਸਾਧ-ਸੰਗਤ ਅਤੇ ਗੁਰਮੁਖ ਪ੍ਰੇਮੀਆਂ ਦੀ ਸੇਵਾ ਵਿੱਚ ਕਿਰਾਏ ਵਾਸਤੇ ਬੇਨਤੀ ਕਰ ਦਿੱਤੀ। ਪ੍ਰੇਮੀਆਂ ਨੇ ਥੋੜ੍ਹੇ ਦਿਨਾਂ ਵਿੱਚ ਹੀ ਆਪਣੀ ਸ਼ਰਧਾ ਅਨੁਸਾਰ ਭੇਟਾ ਕਰ ਦਿੱਤੀ। ਓਸੇ ਵੇਲੇ ਕੈਨੇਡੀਅਨ ਪੈਸਿਫਿਕ ਕੰਪਨੀ ਦੇ ਜਹਾਜ਼ ਮਾਨਟੀਗਿਲ (Monteagle) ਵਿੱਚੋਂ ਚਾਰ ਇਨਟਰਮੀਡੀਏਟ ਕੈਬਿਨ ਦੇ ਟਿਕਟ ਯੋਕੋਹਾਮਾ ਜਪਾਨ ਤੀਕਰ ਖ਼ਰੀਦ ਲਏ। ਕਿਰਾਇਆ ਤਾਰਨ ਦੇ ਮਗਰੋਂ ਸਿਰਫ ੪● ਕੁ ਡਾਲਰ ਬਚੇ। ਯੋਕੋਹਾਮਾ ਦੇ ਹਿੰਦੁਸਤਾਨੀ ਜਥੇ ਦੀ ਬਾਬਤ, ਦਾਸ ਕਈ ਵਾਰੀ ਲੇਖ ਪੜ੍ਹ ਚੁੱਕਾ ਸੀ ਕਿ ਉਹ ਜਪਾਨ ਵਿੱਚ ਹਿੰਦੁਸਤਾਨੀਆਂ ਦੀ ਰਾਖੀ ਅਤੇ ਪ੍ਰਚਾਰ ਹਿੱਤ ਬਹੁਤ ਸੋਹਣਾ ਕੰਮ ਕਰ ਰਿਹਾ ਹੈ। ਚਿੱਤ ਵਿੱਚ ਖ਼ਿਆਲ ਸੀ ਕਿ ਯੋਕੋਹਾਮਾ ਉੱਤਰ, ਏਸ ਜਥੇ ਨਾਲ ਮਿਲ ਕੇ ਕੁਝ ਚਿਰ ਜਪਾਨ ਵਿੱਚ ਕੰਮ ਕਰੇ, ਫੇਰ ਉੱਥੋਂ ਸ਼ੰਘਾਈ, ਹਾਂਗਕਾਂਗ, ਮਲਾਇਆ ਹੁੰਦਾ ਹੋਇਆ ਕਲਕੱਤਾ ਪੁੱਜ ਜਾਵੇ। ਰਸਤੇ ਦੇ ਕਿਰਾਏ ਦਾ ਪ੍ਰਬੰਧ ਸਹਿਜ-ਸੁਭਾਏ ਸੰਗਤਾਂ ਪੜਾਅ-ਪੜਾਅ ’ਤੇ ਕਰੀ ਜਾਣਗੀਆਂ।

ਨੀਯਤ ਦਿਨ ਅਤੇ ਵੇਲੇ ’ਤੇ Monteagle ਜਹਾਜ਼ ਵੈਨਕੂਵਰ ਤੋਂ ਟੁਰ ਪਿਆ ਅਤੇ ਕੁਝ ਘੰਟਿਆਂ ਮਗਰੋਂ ਹੀ ਵਿਕਟੋਰੀਆ ਜਾ ਪੁੱਜਾ। ਇੱਥੇ ੧੨ ਘੰਟੇ ਖਲੋ ਕੇ ਇਹ ਸਿੱਧਾ ਜਪਾਨ ਦੇ ਰਾਹ ਪਿਆ। ਦਸ ਕੁ ਦਿਨਾਂ ਮਗਰੋਂ ਇਹ ਯੋਕੋਹਾਮਾ ਪੁੱਜਾ। ਜਦ ਲੰਗਰ ਸਿੱਟੇ ਗਏ ਅਤੇ ਜਹਾਜ਼ ਕਿਨਾਰੇ ’ਤੇ ਲੱਗ ਗਿਆ ਤਾਂ ਜਥੇ ਸਮੇਤ ਏਥੇ ਉੱਤਰਨ ਦੀ ਤਿਆਰੀ ਕਰ ਲਈ। ਕੈਬਨ ਦੇ ਖਿਦਮਤਗਾਰ ਬੜੇ ਉਤਸ਼ਾਹ ਨਾਲ ਅਸਬਾਬ ਚੁੱਕ ਕੇ ਜਹਾਜ਼ ਤੋਂ ਉੱਤਰਨ ਵਾਲੀ ਪੌੜੀ ਤੀਕਰ ਲੈ ਗਏ। ਓਥੇ ਉਹਨਾਂ ਨੂੰ ਇੱਕ-ਇੱਕ ਦੋ-ਦੋ ਡਾਲਰ ਇਨਾਮ ਵਜੋਂ ਦਿੱਤੇ ਗਏ। ਜਹਾਜ਼ ਤੋਂ ਉੱਤਰ ਸਿੱਧਾ ਦਾਸ, ਯੋਕੋਹਾਮਾ ਹਿੰਦੁਸਤਾਨੀ ਜਥੇ ਦੇ ਮਕਾਨ ਵੱਲ ਗਿਆ, ਜਿਸ ਦਾ ਨੰਬਰ ਅਤੇ ਸੜਕ ਦਾ ਪਤਾ ਲੇਖਾਂ ਵਿੱਚ ਪੜ੍ਹਿਆ ਹੋਇਆ ਸੀ। ਜਦ ਉੱਥੇ ਪੁੱਜੇ ਤਾਂ ਪਤਾ ਲੱਗਾ ਕਿ ਜਥਾ ਕਈ ਮਹੀਨਿਆਂ ਤੋਂ ਟੁੱਟ ਚੁੱਕਾ ਹੈ। ਹੁਣ ਇੱਕ ਬੜੀ ਭਾਰੀ ਔਕੜ ਸਾਹਮਣੇ ਆ ਗਈ। ਵਾਕਫ਼ੀ ਅਤੇ ਮਾਇਆ ਦੇ ਪ੍ਰਬੰਧ ਨਾਲ ਹੀ ਬੰਦਾ ਪ੍ਰਦੇਸ਼ ਵਿੱਚ ਵਿਚਰ ਸਕਦਾ ਹੈ। ਵਾਕਫ਼ੀ ਜਥਾ ਟੁੱਟ ਗਿਆ ਅਤੇ ਮਾਇਆ ਥੋੜ੍ਹੀ ਰਹਿ ਗਈ ਸੀ। ਚਿੱਤ ਪਹਿਲਾਂ ਤਾਂ ਕੁਝ ਇੱਕ-ਦੋ ਮਿੰਟਾਂ ਲਈ ਉਪਰਾਮ ਹੋਇਆ ਪਰ ਓਸੇ ਵੇਲੇ ਅੰਦਰੋਂ ਇਹ ਵਿਚਾਰ ਫ਼ੁਰੀ ਕਿ Monteagle ਜਹਾਜ਼ ਨੇ ਕੋਬੇ (Kobe) ੨੪ ਘੰਟੇ ਖਲੋਣਾ ਹੈ। ਯੋਕੋਹਾਮਾ ਤੋਂ ਕੋਬੇ ਰੇਲ ਵੀ ਜਾਂਦੀ ਹੈ, ਰੇਲ ਦੀ ਰਫ਼ਤਾਰ ਜਹਾਜ਼ ਨਾਲੋਂ ਵੱਧ ਹੁੰਦੀ ਹੈ, ਤੂੰ ਉਸੇ ਜਹਾਜ਼ ਕੋਬੇ ਜਾ ਫੜ੍ਹ ਅਤੇ ਸ਼ੰਘਾਈ ਸਾਧ-ਸੰਗਤ ਵਿੱਚ ਪੁੱਜ ਜਾ ਦੁਨੀਆਂ ਤਾਂ ਬੜਾ ਹੀ ਰੋਂਦੀ ਹੈ ਕਿ ਮਾਇਆ ਦੀ ਥੁੜ ਹੀ ਦੁਖਦਾਇਕ ਹੈ ਪਰ ਕਰਤਾਰ ਦੇ ਰੰਗ ਕਰਤਾਰ ਹੀ ਜਾਣਦਾ ਹੈ। ਜੇ ਬੰਦਾ ਹੌਂਸਲਾ ਰੱਖੇ ਤਦ ਏਸ ਥੁੜ ਵਿੱਚੋਂ ਉਹ ਗੁਣ ਨਿਕਲਦੇ ਹਨ ਜਿੰਨ੍ਹਾਂ ਨੂੰ ਸਾਰੀ ਪ੍ਰਿਥਵੀ ਦੇ ਖਜ਼ਾਨੇ ਵੀ ਨਹੀਂ ਦੇ ਸਕਦੇ।

ਇਹ ਖ਼ਿਆਲ ਪੈਦਾ ਹੁੰਦਿਆਂ ਹੀ ਰੇਲ ਦਾ ਟਾਈਮ ਟੇਬਲ ਦੇਖਿਆ, ਐਨ ਗੱਡੀ ’ਤੇ ਪਹੁੰਚਣ ਦਾ ਮੌਕਾ ਸੀ। ਘੋੜਾ-ਗੱਡੀ ’ਤੇ ਸਮਾਨ ਰੱਖ ਸਿੱਧਾ ਸਟੇਸ਼ਨ ਵੱਲ ਟੁਰ ਪਏ। ਪਹੁੰਚਦਿਆਂ ਹੀ ਚਾਰ ਟਿਕਟ ਲੈ

ਲਏ ਅਤੇ ਵਾਧੂ ਅਸਬਾਬ ਦਾ ਕਿਰਾਇਆ ਵੀ ਤਾਰ ਦਿੱਤਾ। ਮਸਾਂ ਕਿਰਾਇਆ ਹੀ ਪੂਰਾ ਹੋਇਆ, ਇੱਕ ਪਾਈ ਵੀ ਨਾ ਬਚੀ। ਸਫ਼ਰ ੩੬ ਘੰਟੇ ਦਾ ਸੀ ਜਥੇ ਦੇ ਪ੍ਰੇਮੀ ਤਾਂ ਕੁਝ ਸਰੀਰ ਕਰਕੇ ਤਕੜੇ ਸਨ ਤੇ ਉਮਰ ਵਿੱਚ ਵੀ ਪੱਕੇ ਪਰ ਛੋਟਾ ਭੁਝੰਗੀ ਹਰੀ ਸਿੰਘ ਛਿਟਕੇ ਵਰਗਾ ਸੀ। ਸਰੀਰ ਵਿੱਚ ਚਰਬੀ ਨਾ ਹੋਣ ਕਰਕੇ ੧੨ ਕੁ ਘੰਟੇ ਮਗਰੋਂ ਇਹਨੂੰ ਭੁੱਖ ਡਾਹਢੀ ਸਤਾਏ ਤੇ ਮੁੱਖ ਤੋਂ ਚੀਂ-ਚੀਂ ਵੀ ਕਰੇ ਪਰ ਮੂੰਹੋ ਨਾ ਬੋਲੇ। ਚਿੱਤ ਵਿੱਚ ਸਮਝ ਤੇ ਆਵੇ ਕਿ ਕਿਉਂ ਚੀਕਦਾ ਹੈ ਪਰ ਕੁਝ ਪੇਸ਼ ਨਾ ਚੱਲੇ। ਏਸੇ ਤਰ੍ਹਾਂ ਹੀ ੩੬ ਘੰਟੇ ਕਰਤਾਰ ਦੇ ਹੁਕਮ ਵਿੱਚ ਬੀਤ ਗਏ।

ਆਖਰ ਗੱਡੀ ਕੋਬੇ ਪੁੱਜ ਗਈ। ਰੇਲ ਦੇ ਸਟੇਸ਼ਨ ਤੋਂ ਬਾਹਰ ਨਿਕਲਦਿਆਂ ਹੀ ਇੱਕ ਰੇਸਟੋਰੈਂਟ ਨਜ਼ਰ ਆਇਆ। ਇੱਕ ਛੋਟਾ ਜਿਹਾ ਛੱਲਾ ਦਾਸ ਦੀ ਸਿੰਘਣੀ ਦੇ ਹੱਥ ਵਿੱਚ ਸੀ। ਆਖਿਆ, "ਭਲੀਏ ਲੋਕੇ! ਇਹ ਸਾਨੂੰ ਫੜ੍ਹਾ ਦੇ ਇਹਨੂੰ ਵੇਚ ਕੇ ਅਸੀਂ ਪੈਸੇ ਲਿਆਉਂਦੇ ਹਾਂ, ਤੂੰ ਬੱਚਿਆਂ ਨੂੰ ਪ੍ਰਸ਼ਾਦੇ ਛਕਾ।" ਬਾਕੀ ਜਥਾ ਤਾਂ ਪ੍ਰਸ਼ਾਦੇ ਛਕਣ ਲੱਗ ਪਿਆ। ਦਾਸ ਤੇ ਭਾਈ ਤਰਲੋਕ ਸਿੰਘ ਜੀ ਬਜ਼ਾਰ ਵੱਲ ਗਏ ਅਤੇ ਛੱਲਾ ਵੇਚ ਕੇ ਪ੍ਰਸ਼ਾਦੇ ਛਕਣ ਦੀ ਥਾਂ ਨੂੰ ਮੁੜ ਆਏ। ਪ੍ਰਸੰਨ ਹੋ ਕੇ ਸ਼ੁਕਰ ਵਿੱਚ ਟੋਏ ਨੂੰ ਭਰਿਆ ਅਤੇ ਹੋਟਲ ਵਾਲੇ ਦਾ ਬਿਲ ਦੇ ਜਹਾਜ਼ ਦੇ ਘਾਟ ਵੱਲ ਟੁਰ ਪਏ। ਕਿਨਾਰੇ 'ਤੇ ਪਹੁੰਚਦੇ ਹੀ ਇੱਕ ਬੇੜੀ 'ਤੇ ਅਸਬਾਬ ਰੱਖ Monteagle ਜਹਾਜ਼ ਵਿੱਚ ਜਾ ਪੁੱਜੇ। ਅੱਗੇ ਕੈਬਨ ਦੇ ਖ਼ਿਦਮਤਗਾਰ ਖਲੋਤੇ ਸਨ। ਉਨ੍ਹਾਂ ਨੇ ਬੜੇ ਚਾਂਈ-ਚਾਂਈ ਕੈਬਨ ਵਿੱਚ ਅਸਬਾਬ ਰੱਖ ਦਿੱਤਾ। ਸਮਝਿਆ ਕਿ ਸਰਦਾਰ ਯੋਕੋਹਾਮਾ ਦੀ ਸੈਰ ਕਰਨ ਗਿਆ ਸੀ, ਹੁਣ ਮੁੜ ਆਇਆ ਹੈ। ਥੋੜ੍ਹੇ ਚਿਰ ਮਗਰੋਂ ਜਹਾਜ਼ ਟੁਰ ਪਿਆ। ਅਜੇ ਤੁਰਦਿਆਂ ਦੋ ਕੁ ਘੰਟੇ ਹੋਏ ਸਨ ਕਿ ਟਿਕਟ ਚੈਕ ਕਰਨ ਵਾਲਾ ਆ ਗਿਆ। ਉਸ ਨੇ ਪੁੱਛਿਆ, 'ਟਿਕਟ।' ਦਾਸ ਨੇ ਜਵਾਬ ਦਿੱਤਾ ਕਿ ਟਿਕਟ ਹੈ ਨਹੀਂ। ਆਖਣ ਲੱਗਾ ਕਿ ਕਪਤਾਨ ਸਾਹਿਬ ਪਾਸ ਚੱਲੋ। ਦਾਸ ਓਸ ਦੇ ਨਾਲ ਟੁਰ ਪਿਆ। ਉਤਲੀ ਛੱਤ 'ਤੇ ਕਪਤਾਨ ਮਿਕਨਾਤੀਸੀ ਸੂਈ (Mariner Compass) ਪਾਸ ਬੈਠ ਜਹਾਜ਼ ਨੂੰ ਰਸਤੇ ਚਲਾ ਰਿਹਾ ਸੀ। ਦਾਸ ਦੇ ਪੁੱਜਣ ਦੇ ਦੋ ਕੁ ਮਿੰਟ ਮਗਰੋਂ, ਕਪਤਾਨ ਨੇ ਮਿਕਨਾਤੀਸੀ ਸੂਈ ਤੋਂ ਨਜ਼ਰ ਚੁੱਕੀ ਅਤੇ ਆਖਿਆ, "ਮਿਸਟਰ ਸਿੰਘ! ਮੈਂ ਤੈਨੂੰ ਜਪਾਨ ਦੀ ਅਗਲੀ ਬੰਦਰਗਾਹ 'ਤੇ ਉਤਾਰ ਦੇਂਦਾ। ਹੁਣ ਤੁਹਾਨੂੰ ਸ਼ੰਘਾਈ ਤੱਕ ਲਿਜਾਣਾ ਪਵੇਗਾ।" ਇਹ ਗੱਲ ਸੁਣਦੇ ਸਾਰ ਹੀ ਕਰਤਾਰ ਦੇ ਬਖ਼ਸ਼ੇ ਹੋਏ ਨਿਸ਼ਚੇ ਦੇ ਆਸਰੇ, ਦਾਸ ਨੇ ਕਪਤਾਨ ਨੂੰ ਪੁੱਛਿਆ, "ਤੁਹਾਡੇ ਜਹਾਜ਼ ਵਿੱਚ ਵਾਇਰਲੈਸ ਹੈ?" ਓਸ ਨੇ ਆਖਿਆ, "ਹਾਂ ਲੱਗੀ ਹੋਈ ਹੈ।" ਦਾਸ ਨੇ ਜਵਾਬ ਦਿੱਤਾ ਕਿ ਤੂੰ ਕੋਈ ਫ਼ਿਕਰ ਨਾ ਕਰ। ਜਿਸ ਵੇਲੇ ਜਹਾਜ਼ ਸ਼ੰਘਾਈ ਦੇ ਨੇੜੇ ਪੁੱਜ ਜਾਏ, ਤੂੰ ਸ਼ੰਘਾਈ ਸਿੱਖ ਗੁਰਦੁਆਰੇ ਵਿੱਚ ਤਾਰ ਭੇਜ ਦੇਈ ਕਿ ਪ੍ਰੋਫ਼ੈਸਰ ਤੇਜਾ ਸਿੰਘ ਜਥੇ ਸਮੇਤ ਆ ਰਿਹਾ ਹੈ ਓਹਨਾਂ ਦਾ ਐਨਾ ਕਿਰਾਇਆ ਚਾਹੀਦਾ ਹੈ। ਸ਼ੰਘਾਈ ਪੁੱਜਦਿਆ ਹੀ ਕਿਰਾਇਆ ਤੇਰੇ ਜਹਾਜ਼ ਦੇ ਖ਼ਜਾਨੇ ਵਿੱਚ ਪੁੱਜ ਜਾਏਗਾ।" ਇਹ ਚੜ੍ਹਦੀ ਕਲਾ ਦਾ ਜਵਾਬ ਸੁਣ ਕੇ ਕਪਤਾਨ ਦੀ ਤਸੱਲੀ ਹੋ ਗਈ। ਓਸ ਨੇ ਆਖਿਆ, 'ਚੰਗਾ!' ਹੁਣ ਚਾਰ-ਪੰਜ ਦਿਨ ਸਫ਼ਰ ਦੇ ਬੜੇ ਅਨੰਦ ਵਿੱਚ ਬੀਤੇ। ਜਹਾਜ਼ ਸ਼ੰਘਾਈ ਰਾਤ ਦੇ ਤਿੰਨ ਕੁ ਵਜੇ ਪੁੱਜਾ ਕਪਤਾਨ ਨੇ ਪਹਿਲਾਂ ਹੀ ਤਾਰ ਦੇ ਦਿੱਤੀ ਸੀ। ਧੰਨ ਹੈ ਸਤਿਗੁਰੂ ਅਤੇ ਧੰਨ ਹਨ ਗੁਰੂ ਦੇ ਸਿੱਖ! ਜਹਾਜ਼ ਦੇ ਸ਼ੰਘਾਈ ਅੱਪੜਨ ਦਾ ਵੇਲਾ ਸਾਧ-ਸੰਗਤ ਦੇ ਦੋਵੇਂ ਗ੍ਰੰਥੀ ਅਤੇ ਹੋਰ ਕਈ ਗੁਰਮੁਖ ਸੱਜਣ ਬੇੜੀ ਵਿੱਚ ਚੜ੍ਹ ਕੇ ਜਹਾਜ਼ 'ਤੇ ਪੁੱਜੇ। ਏਸ ਦੇ ਖ਼ਜ਼ਾਨੇ ਵਿੱਚ ਕਿਰਾਇਆ ਤਾਰਿਆ ਅਤੇ ਫੇਰ ਦਾਸ ਦੀ ਕੈਬਨ ਦਾ ਬੂਹਾ ਖੜਕਾਇਆ। "ਮਹਾਰਾਜ ਜੀ! ਚੱਲੋ, ਸ਼ੰਘਾਈ ਆ ਗਈ ਹੈ। ਬੇਅੰਤ ਸੰਗਤਾਂ ਸਮੁੰਦਰ ਕਿਨਾਰੇ ਉਡੀਕ ਰਹੀਆਂ ਸਨ। ਇਹ ਸਾਰੀ ਵਡਿਆਈ ਸੰਤ ਅਤਰ ਸਿੰਘ ਜੀ ਮਹਾਰਾਜ ਦੇ ਬਚਨ ਪਾਲਣ ਦੀ ਸੀ, ਨਹੀਂ ਤਾਂ ਦਾਸ ਜੇਹੇ ਕਈ ਕੀਟ ਦੁਨੀਆਂ ਵਿੱਚ ਰੁਲਦੇ ਹਨ।

**ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ ॥ (੧੬੭)**

ਵਕਤ ਜਥੇ ਦੇ ਜਾਗਣ ਦਾ ਹੀ ਸੀ। ਗੁਰਮੁਖਾਂ ਦੀ ਅਵਾਜ਼ ਸੁਣਦਿਆਂ ਹੀ ਸਾਰੇ ਤਿਆਰ-ਬਰ-ਤਿਆਰ ਹੋਏ ਤੇ ਬੇੜੀ 'ਤੇ ਚੜ੍ਹ ਸ਼ੰਘਾਈ ਬੰਦਰਗਾਹ ਦੇ ਕਿਨਾਰੇ ਆ ਗਏ। ਕੋਈ ਪੈਂਤੀ ਕੁ ਹਜ਼ਾਰ ਸੰਗਤ ਅੱਗੇ ਲੈਣ ਲਈ ਖੜ੍ਹੀ ਸੀ। ਅਸਮਾਨ 'ਸਤਿ ਸ੍ਰੀ ਅਕਾਲ' ਦੇ ਜੈਕਾਰਿਆਂ ਨਾਲ ਗੂੰਜ ਉੱਠਿਆ ਅਤੇ ਸੰਗਤਾਂ ਦੀ ਕੋਈ ਹੱਦ ਨਾ ਰਹੀ। ਸ਼ਬਦ-ਕੀਰਤਨ ਕਰਦਿਆਂ ਹੋਇਆਂ ਬੜੇ ਪ੍ਰੇਮ ਨਾਲ ਜਥੇ ਨੂੰ ਗੁਰਦੁਆਰੇ ਸਾਹਿਬ ਲੈ ਜਾਇਆ ਗਿਆ। ਇਸ਼ਨਾਨ-ਪਾਣੀ ਦੇ ਮਗਰੋਂ ਦੀਵਾਨ ਸਜ ਗਿਆ। ਕਥਾ-ਕੀਰਤਨ ਹੋਇਆ, ਕੜਾਹ ਪ੍ਰਸ਼ਾਦ ਵਰਤਿਆ ਅਤੇ ਸੰਗਤਾਂ ਆਪਣੇ-ਆਪਣੇ ਰਾਹ ਪਈਆਂ। ਦੋ ਕੁ ਹਫ਼ਤੇ ਇਹ ਅਦੁੱਤੀ ਪ੍ਰੇਮ ਦਾ ਰੰਗ ਬਣਿਆ ਰਿਹਾ। ਸਾਧ-ਸੰਗਤ ਵਿੱਚ ਨਾਮ-ਬਾਣੀ ਦੇ ਪ੍ਰਚਾਰ ਦੇ ਨਾਲ-ਨਾਲ ਸ਼ਾਮ ਵੇਲੇ ਕਈ ਦਿਨ ਸ਼ਹਿਰ ਦੇ ਚੀਨੀ ਹਿੱਸੇ ਵਿੱਚ ਲੈਕਚਰ ਹੋਏ। ਚੀਨੀਆਂ 'ਤੇ ਗੁਰੂ ਨਾਨਕ ਸਾਹਿਬ ਦੇ ਸੁਨੇਹੇ ਦਾ ਬੜਾ ਹੀ ਅਸਰ ਪਿਆ। ਕਈ ਸਾਲਾਂ ਮਗਰੋਂ ਜਿਹੜੇ ਸ਼ੰਘਾਈ ਤੋਂ ਸਿੱਖ ਆਏ, ਉਹ ਦੱਸਦੇ ਹਨ ਕਿ ਉਹ ਲੋਕ ਉਸ ਵੇਲੇ ਨੂੰ ਹੁਣ ਤੀਕਰ ਬੜੇ ਪ੍ਰੇਮ ਅਤੇ ਉਤਸ਼ਾਹ ਨਾਲ ਯਾਦ ਕਰਦੇ ਹਨ ਤੇ ਪੁੱਛਦੇ ਹਨ ਕਿ ਹੁਣ ਤੁਹਾਡਾ ਪਾਤਸ਼ਾਹ ਪਾਦਰੀ ਫੇਰ ਕਦੋਂ ਆਵੇਗਾ।

ਸੰਗਤਾਂ ਤਾਂ ਬਹੁਤ ਚਿਰ ਸ਼ੰਘਾਈ ਰੱਖ ਕੇ ਰਾਜ਼ੀ ਸੀ, ਪਰ ਸੰਤ ਜੀ ਮਹਾਰਾਜ ਦੇ ਦਰਸ਼ਨਾਂ ਦੀ ਖਿੱਚ ਭੁਜ਼ੰਗੀ ਹਰੀ ਸਿੰਘ ਅਤੇ ਸਾਰੇ ਜਥੇ ਵਿੱਚ ਦਿਨੋ-ਦਿਨ ਵਧ ਰਹੀ ਸੀ। ਜਦ ਸਾਧ-ਸੰਗਤ ਨੇ ਪੁੱਛਿਆ ਕਿ ਕਿਸੇ ਸੇਵਾ ਦਾ ਹੁਕਮ ਕਰੋ ਤਾਂ ਦਾਸ ਨੇ ਅਰਜ਼ ਕੀਤੀ ਕਿ ਕਿਰਪਾ ਕਰ ਕੇ ਦੇਸ ਪਹੁੰਚਣ ਲਈ ਡਾਕ ਬਣਵਾ ਦਿਓ। ਇੱਥੋਂ ਹਾਂਗਕਾਂਗ ਪੁਚਾ ਦਿਓ ਅਤੇ ਹਾਂਗਕਾਂਗ ਦੀ ਸੰਗਤ ਨੂੰ ਲਿਖ ਭੇਜੋ ਕਿ ਉਹ ਮਲਾਇਆ ਟਾਪੂ ਵਿੱਚ ਤੈਪਿੰਗ ਪੁਚਾ ਦੇਣ। ਉੱਥੋਂ ਸਾਧ-ਸੰਗਤ ਗੁਰੂਸਾਗਰ ਸਾਹਿਬ ਮਸਤੂਆਣਾ ਪਹੁੰਚਾ ਦੇਵੇਗੀ। ਪਹਿਲਾਂ ਤਾਂ ਸੰਗਤ ਬੜਾ ਜ਼ੋਰ ਦਿੰਦੀ ਰਹੀ ਕਿ ਸਾਡੀ ਮਾਇਆ ਸਫ਼ਲੀ ਕਰੋ, ਅਸੀਂ ਦੋ-ਦੋ ਮਹੀਨੇ ਦੀ ਤਨਖ਼ਾਹ ਇਕੱਠੀ ਕਰ ਕੇ ਹਾਜ਼ਰ ਕਰਦੇ ਹਾਂ ਪਰ ਜਦ ਦਾਸ ਨੇ ਇਸ ਗੱਲ ਦੀ ਉੱਕਾ ਹੀ ਨਾਂਹ ਕਰ ਦਿੱਤੀ, ਤਦ ਸੰਗਤਾਂ ਨੇ ਮਜ਼ਬੂਰੀ ਡਾਕ ਬਣਨ ਵਾਲੀ ਗੱਲ ਬੜੇ ਪ੍ਰੇਮ ਨਾਲ ਸਵੀਕਾਰ ਕੀਤੀ। ਹੋਰ ਸੇਵਾ ਦਾ ਉਤਸ਼ਾਹ ਵੀ ਬਣਿਆ ਰਿਹਾ। ਦਾਸ ਨੇ ਫੇਰ ਅਰਜ਼ ਕੀਤੀ ਕਿ ਸਤਿਗੁਰੂ ਦਾ ਬਖ਼ਸ਼ਿਆ ਬਹੁਤ ਕੁੱਝ ਹੈ, ਕਿਸੇ ਚੀਜ਼ ਦੀ ਲੋੜ ਨਹੀਂ ਪਰ ਪ੍ਰੇਮ ਵਿੱਚ ਨੇਮ ਨਹੀਂ। ਮਨ੍ਹਾਂ ਕਰਦਿਆਂ-ਕਰਦਿਆਂ ਵੀ ਪ੍ਰੇਮੀਆਂ ਨੇ ਬੜਾ ਸੋਹਣਾ ਰੇਸ਼ਮੀ ਕੱਪੜਾ, ਜਿਹੜਾ ਕਿ ਗੁਰੂਸਾਗਰ ਸਾਹਿਬ ਮਸਤੂਆਣੇ ਦੀ ਚਾਨਣੀ ਦੇ ਕੰਮ ਆਇਆ ਤੇ ਕੁਝ ਮਾਇਆ ਭੇਟਾ ਕਰ ਦਿੱਤੀ। ਕੁਝ ਸੱਜਣ ਜਥੇ ਦੇ ਨਾਲ ਦੇਸ ਆਉਣ ਲਈ ਤਿਆਰ ਹੋ ਗਏ। ਉਪਦੇਸ਼ ਕਰ ਕੇ ਬਹੁਤ ਸਾਰਿਆਂ ਨੂੰ ਰੋਕ ਦਿੱਤਾ ਪਰ ਭਾਈ ਰਾਮ ਸਿੰਘ ਜੀ, ਬੀਬੀ ਬਿਸ਼ਨ ਕੌਰ ਦੇ ਪਤੀ ਨੇ ਜ਼ੋਰ ਦਿੱਤਾ ਕਿ ਸਾਡੀ ਪ੍ਰਥਾਇ ਸਤਿਗੁਰੂ ਸੱਚੇ ਪਾਤਸ਼ਾਹ ਦਾ ਵਾਕ ਲਿਆ ਜਾਵੇ। ਵੱਡੇ ਗ੍ਰੰਥੀ ਭਾਈ ਈਸ਼ਰ ਸਿੰਘ ਜੀ, ਮਹਾਰਾਜ ਦੀ ਹਜ਼ੂਰੀ ਵਿੱਚ ਹਾਜ਼ਰ ਹੋਏ ਤੇ ਸੱਚੇ ਪਾਤਸ਼ਾਹ ਦਾ ਹੁਕਮ ਲਿਆ। ਉਹਨਾਂ ਫੁਰਮਾਇਆ ਕਿ ਹੁਕਮ ਪ੍ਰੇਮੀਆਂ ਦੇ ਹੱਕ ਵਿੱਚ ਹੈ। ਇਹਨਾਂ ਦੇ ਪ੍ਰੇਮ ਨੂੰ ਨਾ ਰੋਕੋ, ਨਾਲ ਲੈ ਜਾਓ। ਇਹਨਾਂ ਦੇ ਨਾਲ ਇੱਕ ਹੋਰ ਭੁਜ਼ੰਗੀ ਚੰਦਾ ਸਿੰਘ ਵੀ ਤਿਆਰ ਹੋ ਗਿਆ ਅਤੇ ਜਥੇ ਦਾ ਅੰਗ ਬਣ ਗਿਆ।

ਸ਼ੰਘਾਈ ਤੋਂ POP ਦੇ ਜਹਾਜ਼ ਵਿੱਚ ਪਹਿਲੇ ਦਰਜੇ ਦੀ ਕੈਬਿਨ ਦਾ ਪ੍ਰਬੰਧ ਸਾਧ-ਸੰਗਤ ਨੇ ਕਰ ਦਿੱਤਾ। ਸੰਗਤਾਂ ਦੇ ਪ੍ਰੇਮ ਅਤੇ ਵੈਰਾਗ ਭਰੇ ਠਾਠਾਂ ਮਾਰਦੇ ਸਮੁੰਦਰ ਨੂੰ ਛੱਡ ਕੇ ਜਥਾ ਜਹਾਜ਼ ਚੜ੍ਹ, ਚੀਨ ਸਮੁੰਦਰ ਵਿੱਚ ਹਾਂਗਕਾਂਗ ਵੱਲ ਤੁਰ ਪਿਆ, ਜਥੇ ਪੁੱਜਣ ਦੀ ਖ਼ਬਰ ਅਤੇ ਤਾਰੀਖ਼ ਅੱਗੇ ਹੀ ਸੰਗਤ ਨੂੰ ਦਿੱਤੀ ਗਈ ਸੀ। ਐਨ ਵੇਲੇ ਸਿਰ ਹਜ਼ਾਰਾਂ ਸੰਗਤਾਂ ਜਹਾਜ਼ ਤੋਂ ਉੱਤਰਨ ਵਾਲੀ ਥਾਂ ਆ ਪਹੁੰਚੀਆਂ ਤੇ ਜਥੇ ਨੂੰ ਗੁਰਦੁਆਰੇ ਵਿੱਚ ਲੈ ਗਈਆਂ। ਪ੍ਰਬੰਧਕਾਂ ਨੇ ਸੋਚ-ਵਿਚਾਰ ਕੇ ਲੈਕਚਰ ਦਾ ਦਿਨ ਤੇ ਵਕਤ ਨੀਯਤ ਕਰ ਦਿੱਤਾ। ਐਨ ਵੇਲੇ ਸਿਰ ਕਈ ਹਜ਼ਾਰ ਦੀ ਗਿਣਤੀ ਵਿੱਚ ਸੰਗਤ ਇਕੱਠੀ ਹੋ ਗਈ। ਪ੍ਰੇਮੀਆਂ ਦੀ ਗੱਲ

ਬਾਤ ਤੋਂ ਪਤਾ ਲਗਾ ਕਿ ਹਾਂਗਕਾਂਗ ਦੇ ਕਮਾਨ ਅਫ਼ਸਰ ਨੇ ਹੁਕਮ ਦੇ ਦਿੱਤਾ ਸੀ ਕਿ ਕੋਈ ਫੌਜ਼ੀ ਸਿੱਖ ਲੈਕਚਰ ਸੁਣਨ ਨਾ ਜਾਵੇ ਪਰ ਪ੍ਰੇਮ ਦੇ ਖਿੱਚੇ ਹੋਏ ਹਿਰਦੇ ਨਾ ਰੁੱਕ ਸਕੇ ਅਤੇ ਸਾਰੇ ਦੇ ਸਾਰੇ ਫੌਜ਼ੀ, ਸਿਵਾਏ ਪਹਿਰੇਦਾਰਾਂ ਦੇ ਅਤੇ ਖ਼ਾਸ-ਖ਼ਾਸ ਨੌਕਰੀ ਵਾਲਿਆਂ ਦੇ ਗੁਰਦੁਆਰੇ ਸਾਹਿਬ ਪੁੱਜ ਗਏ।

ਇਹ ਖੇਲ ਦੇਖ ਕੇ ਦਾਸ ਨੂੰ ਫ਼ੁਰੀ ਕਿ ਅੱਜ ਲੈਕਚਰ ਨਾ ਦਿੱਤਾ ਜਾਵੇ। ਕੋਈ ਐਸੀ ਵਿਚਾਰ ਦੀ ਵਿਉਂਤ ਕੱਢੀ ਜਾਵੇ ਜਿਸ ਨਾਲ ਸਾਧ-ਸੰਗਤ ਵੀ ਪ੍ਰਸੰਨ ਹੋ ਜਾਵੇ ਤੇ ਫੌਜੀ ਕਾਨੂੰਨ ਦੀ ਪਕੜ ਵੀ ਕਿਸੇ ’ਤੇ ਨਾ ਆ ਸਕੇ। ਸੋ ਦਾਸ ਨੇ ਆਪਣੀ ਸੁਪਤਨੀ ਸ੍ਰੀਮਤੀ ਬਿਸ਼ਨ ਕੌਰ ਨੂੰ ਸ਼ਬਦ ਦੀ ਵਿਆਖਿਆ ਕਰਨ ਲਈ ਸੱਚੇ ਪਾਤਸ਼ਾਹ ਦੀ ਹਜ਼ੂਰੀ ਵਿੱਚ ਹਾਜ਼ਰ ਕਰ ਦਿੱਤਾ। ਸਤਿਗੁਰੂ ਜਾਣੀ-ਜਾਣ ਨੇ ਸੋਰਠਿ ਮਹਲਾ ਪੰਜਵੇਂ ਦਾ ਬੜਾ ਸੁਖੈਨ ਅਤੇ ਪ੍ਰੇਮ ਭਰਿਆ ਸ਼ਬਦ ਬਖ਼ਸ਼ਿਆ ਅਤੇ ਆਪਣੀ ਮਿਹਰ ਦਾ ਹੱਥ ਆਪਣੀ ਸੇਵਿਕਾ ਦੇ ਸਿਰ ’ਤੇ ਰੱਖ ਕੇ, ਘੰਟੇ ਲਈ, ਇੱਕ ਅਦੁੱਤੀ ਕਥਾ ਦਾ ਰੰਗ ਬਣਾ ਦਿੱਤਾ। ਇੱਕ ਮਾਈ ਜਾਮੇ ਤੋਂ ਸੱਚੇ ਪਾਤਸ਼ਾਹ ਦਾ ਅਕਾਲੀ ਸੁਨੇਹਾ ਪ੍ਰੇਮ ਦੀ ਲਹਿਰ ਵਿੱਚ ਸੁਣ ਕੇ ਸਾਧ-ਸੰਗਤ ਬੜੀ ਹੀ ਗਦ-ਗਦ ਹੋਈ। ਇੱਕ ਰੇਸ਼ਮੀ ਚੋਲਾ, ਦਸਤਾਰ ਅਤੇ ੨੫ ਡਾਲਰ ਸਿਰੋਪਾਓ ਵਜੋਂ ਸ੍ਰੀਮਤੀ ਜੀ ਨੂੰ ਬਖਸ਼ਿਆ। ਅਗਲੇ ਦਿਨ ਦਾਸ ਦੇ ਲੈਕਚਰ ਦਾ ਪ੍ਰਬੰਧ ਇੱਕ ਵੱਡੇ ਹਾਲ ਵਿੱਚ ਹਾਂਗਕਾਂਗ ਦੀ ਧਰਤੀ ’ਤੇ ਕੀਤਾ ਗਿਆ।

ਪਹਿਲੇ ਦਿਨ ਦੇ ਤਜ਼ਰਬੇ ਅਤੇ ਦਾਸ ਦੀ ਜੁਗਤ ਨੇ ਕਮਾਨ ਅਫ਼ੀਸਰ ਨੂੰ ਕੁਝ ਸਿਆਣਾ ਬਣਾ ਦਿੱਤਾ। ਉਸ ਨੇ ਦੂਜੇ ਦਿਨ ਲੈਕਚਰ ਸੁਣਨ ਤੋਂ ਕਿਸੇ ਨੂੰ ਨਾ ਰੋਕਿਆ। ਸਾਰੇ ਫੌਜੀ ਅਤੇ ਹੋਰ ਕੁਝ ਗੁਰੂ ਦੀਆਂ ਸੰਗਤਾਂ ਅਤੇ ਹਾਂਗਕਾਂਗ ਦੇ ਕਈ ਕੌਮਾਂ ਦੇ ਵਸਨੀਕ, ਹਜ਼ਾਰਾਂ ਦੀ ਗਿਣਤੀ, ਹਾਲ ਵਿੱਚ ਆਏ ਤੇ ਗੁਰੂ ਘਰ ਦੇ ਅੰਮ੍ਰਿਤ ਬਚਨ ਸੁਣ ਕੇ ਨਿਹਾਲ ਹੋਏ। ਇਸੇ ਤਰ੍ਹਾਂ ਕਈ ਦਿਨ ਹਾਂਗਕਾਂਗ ਵਿੱਚ ਪ੍ਰਚਾਰ ਦੀ ਲਹਿਰ ਟੁਰੀ ਰਹੀ। ਹਫ਼ਤੇ ਕੁ ਮਗਰੋਂ ਹਾਂਗਕਾਂਗ ਤੋਂ ਸਿੰਘਾਪੁਰ ਤੱਕ ਜਹਾਜ਼ ਦੇ ਰਾਹੀਂ ਤੇ ਅੱਗੇ ਰੇਲ ਰਾਹੀਂ ਤੈਪਿੰਗ ਜਾਣ ਦਾ ਪ੍ਰਬੰਧ ਹੋ ਗਿਆ। ਜਥਾ ਜਹਾਜ਼ ’ਤੇ ਚੜ੍ਹ ਸਿੰਘਾਪੁਰ ਉੱਤਰਿਆ ਅਤੇ ਫੇਰ ਗੱਡੀ ’ਤੇ ਸਵਾਰ ਹੋ, ਕੋਲਾਲੰਪਰ ਵਿੱਚੋਂ ਲੰਘਦਾ ਹੋਇਆ ਤੈਪਿੰਗ ਪੁੱਜਿਆ। ਕੁਦਰਤੀ ਜਿਸ ਦਿਨ ਗੱਡੀ ਪੁੱਜੀ, ਓਸੇ ਦਿਨ ਅੰਮ੍ਰਿਤ ਵੇਲੇ ਮਲਾਇਆ ਦੀਵਾਨ ਦੇ ਸਲਾਨਾ ਜੋੜ-ਮੇਲੇ ਦਾ ਭੋਗ ਪਿਆ ਸੀ। ਦਸ-ਪੰਦਰਾਂ ਹਜ਼ਾਰ ਸੰਗਤਾਂ ਆਪਣੇ ਘਰੋ-ਘਰੀ ਜਾਣ ਲਈ ਸਟੇਸ਼ਨ ’ਤੇ ਪੁੱਜੀਆਂ ਹੋਈਆਂ ਸਨ। ਕਰਤਾਰ ਦੀ ਰਜ਼ਾਇ ਵਿਚ ਸਹਿਜ-ਸੁਭਾਏ ਹੀ ਏਨੇ ਗੁਰਮੁਖ ਵੀਰਾਂ ਅਤੇ ਭੈਣਾਂ ਦਾ ਦਰਸ਼ਨ ਹੋ ਗਿਆ। ਕਈ ਸਾਲ ਦੇ ਮਗਰੋਂ ਪਤਾ ਲੱਗਾ ਕਿ ਬਾਬਾ ਗੁਰਦਿੱਤ ਸਿੰਘ, ਜਿਨ੍ਹਾਂ ਨੇ ਕਾਮਾਗਾਟਾ ਮਾਰੂ (Komagata Maru) ਜਹਾਜ਼ ਵੈਨਕੂਵਰ ਵੱਲੋਂ ਟੋਰਿਆ ਸੀ, ਏਸ ਗੱਡੀ ’ਤੇ ਚੜ੍ਹ, ਘਰ ਜਾਣ ਵਾਲੀ ਸੰਗਤ ਵਿੱਚ ਮੌਜੂਦ ਸਨ।

ਇਸ ਦੇ ਪ੍ਰਥਾਏ ਅਸੀਂ ਇੱਕ ਨਿੱਕੇ ਜਿਹੇ ਭੁਝੰਗੀ ਦੇ ਅਕਾਸ਼ੀ ਅਨੁਭਵ ਦਾ ਜ਼ਿਕਰ ਕਰਦੇ ਹਾਂ। ਜਦੋਂ Monteagle ਜਹਾਜ਼ Kobe ਤੋਂ Shanghai ਜਾਂਦਿਆਂ, ਅਡੋਲ ਸਮੁੰਦਰ ਦੀ ਸਤਹ ’ਤੇ ਤੁਰਦਾ ਆਉਂਦਾ ਸੀ ਤਾਂ ਇੱਕ ਦਿਨ ਅਸੀਂ ਸਾਰੇ Deck ’ਤੇ ਖੁੱਲ੍ਹੀ ਅਤੇ ਰੁਮਕਦੀ ਸਮੁੰਦਰ ਹਵਾ ਦਾ ਰੰਗ ਮਾਣ ਰਹੇ ਸੀ। ਭੁਝੰਗੀ ਹਰੀ ਸਿੰਘ ਚੁਪੀਤਾ ਹੀ ਇੱਕ ਪਾਸੇ ਬੈਂਚ ’ਤੇ ਜਾ ਕੇ ਬਹਿ ਗਿਆ। ਜਦੋਂ ਥੋੜ੍ਹੇ ਚਿਰ ਪਿੱਛੋਂ ਦਾਸ ਉਸ ਦੇ ਪਾਸ ਪੁੱਜਿਆ ਤਾਂ ਕੀ ਦੇਖਦਾ ਹੈ ਕਿ ਭੁਝੰਗੀ ਇੱਕ ਜਹਾਜ਼ ਦਾ ਨਕਸ਼ਾ ਖਿੱਚ ਰਿਹਾ ਹੈ। ਉਸ ਦੇ ਉੱਤੇ ਨਿੱਕੇ-ਨਿੱਕੇ ਪੱਗਾਂ ਵਾਲੇ ਆਦਮੀ ਬਣਾਈ ਜਾਂਦਾ ਹੈ ਅਤੇ ਇੱਕ ਛੋਟਾ ਜਿਹਾ ਨਿਸ਼ਾਨ ਸਾਹਿਬ, ਜਹਾਜ਼ ਦੇ ਸਿਰੇ ’ਤੇ ਖਿੱਚਿਆ ਹੋਇਆ ਹੈ। ਦਾਸ ਨੇ ਪੁੱਛਿਆ, “ਹਰੀ ਸਿੰਘਾ! ਕੀ ਕਰਦਾ ਹੈਂ?” ਭੁਝੰਗੀ ਨੇ ਜਵਾਬ ਦਿੱਤਾ, “ਭਾਪਾ ਗੁਰੂ ਨਾਨਕ ਜਹਾਜ਼ ਬਣਾਉਂਦਾ ਹਾਂ। ਇਹ ਜਹਾਜ਼ ਚੱਲੇਗਾ, ਸਿੰਘ ਆਪਣਾ Food ਪਕਾਉਣਗੇ, ਅਕਾਲੀ ਝੰਡਾ ਝੂਲੇਗਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਇਸ ’ਤੇ ਹੋਵੇਗਾ।”

ਬੱਚੇ ਦੀ ਇਹ ਗੱਲ ਅਪਰੈਲ ੧੯੧੩ ਦੀ ਹੈ। ਕਰਤਾਰ ਦੀ ਨੇਤ ੧੯੧੪ ਵਿੱਚ ਗੁਰੂ ਨਾਨਕ ਜਹਾਜ਼ ਚੱਲਿਆ ਤੇ ਇਹ ਸਾਰੀਆਂ ਗੱਲਾਂ ਬੀਤਣ ਵਿੱਚ ਆਈਆਂ। ਵਾਹ! ਕਲਗੀ ਵਾਲੇ ਪਾਤਸ਼ਾਹ! ਤੇਰੇ ਘਰ ਵਿੱਚ ਸਰੀਰ ਕੋਈ ਚੀਜ਼ ਨਹੀ ਹੈ; ਕੀ ਨਿੱਕਾ ਪੰਜ ਸਾਲ ਦਾ ਬੱਚਾ ਤੇ ਕੀ ੮੨ ਸਾਲ ਦਾ ਬਿਰਧ ਬਾਬਾ; ਜਿੱਥੇ ਤੂੰ ਚਾਹੇ ਪੂਰਬਲੇ ਕਰਮਾਂ ਦੀ ਕਮਾਈ ਪ੍ਰਗਟ ਕਰ ਕੇ ਆਪਣੀ ਕਲਾ ਜ਼ਾਹਰ ਕਰ ਸਕਦਾ ਹੈਂ।

ਤੈਪਿੰਗ ਵਿੱਚ ਮਲਾਇਆ ਸਟੇਟ ਗਾਈਡਜ਼ (Malaya State Guides) ਦੀ ਫੌਜ ਨੇ ਬੜਾ ਹੀ ਪ੍ਰੇਮ ਕੀਤਾ। ਨਾਮ-ਬਾਣੀ ਦਾ ਅਦੁੱਤੀ ਰੰਗ ਬਣਿਆ ਅਤੇ ਆਮ ਜਨਤਾ ਨੂੰ ਵੀ ਗੁਰੂ ਘਰ ਦਾ ਸੁਨੇਹਾ ਪੁਚਾਇਆ ਗਿਆ।

ਇੱਥੋਂ ਜਥਾ ਈਪੂ ਪੁੱਜਾ। ਇਸ ਜਗ੍ਹਾ ਸਾਧ-ਸੰਗਤ ਦੇ ਸੇਵਾਦਾਰ ਭਾਈ ਗੁਪਾਲ ਸਿੰਘ ਜੀ, ਖ਼ਾਲਸਾ ਕਾਲਜ ਦੇ ਵਿਦਿਆਰਥੀ ਸਨ। ਇਨ੍ਹਾਂ ਦੇ ਪ੍ਰੇਮ ਕਰਕੇ ਆਮ ਜਨਤਾ ਵਿੱਚ ਇੱਕ ਲੈਕਚਰ ਹੋਇਆ ਤੇ ਸਾਧ-ਸੰਗਤ ਵਿੱਚ ਕਥਾ-ਕੀਰਤਨ ਦਾ ਪ੍ਰਵਾਹ ਚੱਲਿਆ। ਈਪੂ ਤੋਂ ਪੀਨਾਂਗ ਪੁੱਜੇ ਅਤੇ ਗੁਰਮਤਿ ਦਾ ਬੜਾ ਪ੍ਰਚਾਰ ਹੋਇਆ। ਏਥੇ ਇੱਕ ਸ. ਬਹਾਲ ਸਿੰਘ ਕੁਲੀਮ ਨੇ ਜਥੇ ਦਾ ਪ੍ਰਸ਼ਾਦਾ ਆਖਿਆ। ਬਿਜਲੀ ਨਾਲ ਚੱਲਣ ਵਾਲੀ ਗੱਡੀ (Electric Tram) ਵਿੱਚ ਚਾੜ੍ਹ ਕੇ ਆਪਣੇ ਨਾਲ ਲੈ ਗਿਆ। ਜਦ ਇਸ ਦੇ ਘਰ ਪੁੱਜੇ ਤਾਂ ਪ੍ਰਸ਼ਾਦਾ ਵਰਤਾਇਆ ਗਿਆ। ਅਚਾਨਕ ਬਿਜਲੀ ਦੀ ਰੋਸ਼ਨੀ (Electric Light) ਬੁੱਝ ਗਈ। ਜਦ ਹਨੇਰੇ ਵਿੱਚ ਦਾਸ ਨੇ ਇੱਕ ਗਰਾਹੀ ਮੂੰਹ ਵਿੱਚ ਪਾਈ ਤਾਂ ਕੁੱਕੜੀ ਦੇ ਮਾਸ ਦਾ ਸੁਆਦ ਆਇਆ। ਅਜੇ ਚਿੱਤ ਵਿੱਚ ਫੁਰਨਾ ਉੱਠਿਆ ਹੀ ਸੀ ਕਿ ਪ੍ਰੇਮੀਆਂ ਨੂੰ ਪੁੱਛਿਆ ਜਾਏ ਕਿ ਨਿੱਕਾ ਭੁਝੰਗੀ ਹਰੀ ਸਿੰਘ ਬੋਲ ਪਿਆ, "ਭਾਪਾ ਜੀ! ਇੱਕ ਕੌਲੀ ਵਿੱਚ ਕੁੱਕੜੀ ਦਾ ਮਾਸ ਹੈ। ਗ਼ਰੀਬ ਮਾਰ ਹੈ ਇਹ ਨਹੀਂ ਖਾਣਾ। ਦੂਜੀ ਕੌਲੀ ਵਿੱਚ ਸੂਰ ਦਾ ਮਾਸ ਹੈ। ਜਿਹੜਾ ਪ੍ਰੇਮੀ ਏਸ ਨੂੰ ਮਾਰਨ ਗਿਆ ਸੀ, ਉਹ ਆਪ ਮਰ ਚੱਲਿਆ ਸੀ। ਇਹਨੂੰ ਖਾ ਲਓ ਅਤੇ ਕੁੱਕੜੀ ਨੂੰ ਛੱਡ ਦਿਓ।" ਓਸੇ ਵੇਲੇ ਭਾਈ ਅਰਜਨ ਸਿੰਘ ਕੁਰਸੀ ਤੋਂ ਉੱਠ ਖਲੋਤੇ ਅਤੇ ਆਖਿਆ, "ਬੱਚਾ ਸੱਚ ਕਹਿੰਦਾ ਹੈ, ਮੈਂ ਅੱਜ ਸੂਰ ਦਾ ਸ਼ਿਕਾਰ ਖੇਡਣ ਗਿਆ ਸੀ। ਪਹਿਲੀ ਗੋਲੀ ਮਾਰੀ, ਨਹੀਂ ਸੀ ਲੱਗੀ, ਸੂਰ ਸਿੱਧਾ ਮੇਰੇ ਵੱਲ ਦੌੜ ਕੇ ਆਇਆ। ਮੇਰੇ ਐਨ ਨੇੜੇ ਆ ਗਿਆ ਕਿ ਮੈਨੂੰ ਆਪਣੀ ਜਾਨ ਦਾ ਖਤਰਾ ਹੋ ਗਿਆ। ਮੈਂ ਦੂਜੀ ਗੋਲੀ ਸੰਭਲ ਕੇ ਚਲਾਈ ਅਤੇ ਸੂਰ ਦਾ ਕਾਰਾ ਕਰ ਦਿੱਤਾ।" ਸੋ ਸਾਰੇ ਜਥੇ ਨੇ ਗੁਰੂ ਸੱਚੇ ਪਾਤਸ਼ਾਹ ਦੇ ਵਾਕ ਅਨੁਸਾਰ:

**ਕਰਤਾ ਤੂੰ ਸਭਨਾ ਕਾ ਸੋਈ ॥**
**ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ ॥੧॥ ਰਹਾਉ॥**
**ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ ॥ (੩੬●)**

## ਸੂਰ ਦਾ ਸ਼ਿਕਾਰ ਛਕ ਲਿਆ ਅਤੇ ਕੁੱਕੜੀ ਦਾ ਮਾਸ ਛੱਡ ਦਿੱਤਾ।

ਏਥੇ ਖ਼ਾਸ ਧਿਆਨ ਯੋਗ ਇਹ ਗੱਲ ਹੈ ਕਿ ੧੯●੬ ਈਸਵੀ ਤੋਂ ਜਦ ਦੀ ਦਾਸ ਨੂੰ ਸੰਤ ਅਤਰ ਸਿੰਘ ਜੀ ਮਹਾਰਾਜ ਦੀ ਸੰਗਤ ਹੋਈ, ਮਾਸ ਦੀ ਵਰਤੋਂ ਘਰ ਵਿੱਚ ਉੱਕੀ ਹੀ ਬੰਦ ਸੀ। ਛੋਟਾ ਭੁਝੰਗੀ ੪● ਦਿਨਾਂ ਦਾ ਇਹਨਾਂ ਦੇਸਾਂ ਵੱਲ ਸਾਡੇ ਨਾਲ ਟੁਰਿਆ ਸੀ। ਉੱਥੇ ਸੱਤ ਸਾਲ ਜਥੇ ਵਿੱਚੋਂ ਕਿਸੇ ਨੇ ਮਾਸ ਮੂੰਹ ਨਹੀਂ ਸੀ ਲਾਇਆ। ਜਹਾਜ਼, ਰੇਲ, ਹੋਟਲ ਸਭ ਜਗ੍ਹਾ ਖ਼ਾਸ ਵੈਸ਼ਨਵੀ ਖ਼ੁਰਾਕ ਆਖ ਕੇ ਬਣਵਾਉਂਦੇ ਅਤੇ ਛਕਦੇ। ਕੁਦਰਤੀ ਕਰਤਾਰ ਵੱਲੋਂ ਬੱਚੇ ਨੂੰ ਇਹ ਅਨੁਭਵ ਫ਼ੁਰਿਆ ਅਤੇ ਸਾਧ-ਸੰਗਤ ਨੇ ਬੱਚੇ ਦਾ ਖ਼ਿਆਲ ਸਤਿਗੁਰੂ ਦੇ ਆਸ਼ੇ ਅਨੁਸਾਰ ਮੰਨ ਲਿਆ। ਦੂਜੇ ਦਿਨ ਇੱਕ ਹੋਰ ਪ੍ਰੇਮੀ ਦੇ ਘਰ ਪ੍ਰਸ਼ਾਦਾ ਸੀ, ਉਸ ਨੇ ਸਾਗ

ਵਿੱਚ ਬਜ਼ਾਰੀ ਸੂਰ ਦਾ ਮਾਸ ਰਿੰਨ੍ਹ ਕੇ ਪਰੋਸ ਦਿੱਤਾ। ਵੇਲਾ ਦਿਨ ਦਾ ਸੀ, ਜਦ ਪ੍ਰੇਮੀ ਨੂੰ ਪੁੱਛਿਆ ਓਸ ਨੇ ਸਾਫ਼ ਕਹਿ ਦਿੱਤਾ ਕਿ ਬਜ਼ਾਰ ਦਾ ਸੂਰ ਹੈ। ਉਸ ਨੂੰ ਬੇਨਤੀ ਕੀਤੀ ਚੁੱਕ ਕੇ ਲੈ ਜਾ, ਕੱਲ ਵਾਲੀ ਗੱਲ ਹੋਰ ਸੀ ਉਹ ਬੀਤ ਗਈ ਹੈ।

ਪੀਨਾਂਗ ਤੋਂ ਸਾਧ-ਸੰਗਤ ਨੇ ਬੜੇ ਪ੍ਰੇਮ ਨਾਲ ਕਲਕੱਤੇ (Calcutta) ਵੱਲ ਵਿਦਾ ਕੀਤਾ। ਏਥੇ ਅੱਗੇ ਕਿਸੇ ਨੂੰ ਖ਼ਬਰ ਨਹੀਂ ਸੀ ਕੀਤੀ। ਸਤਿਗੁਰੂ ਦਾ ਬਖ਼ਸ਼ਿਆ ਹੋਇਆ ਕਿਰਾਇਆ ਕੋਲ ਸੀ, ਗੁਜਰਾਂਵਾਲੇ ਦੇ ਟਿਕਟ ਖਰੀਦ ਕੇ ਸੈਕਿੰਡ ਕਲਾਸ ਦੀ ਗੱਡੀ ਰਿਜ਼ਰਵ (Reserve) ਕਰਵਾ ਲਈ ਅਤੇ ਸਿੱਧਾ ਅੰਬਾਲੇ ਵੱਲ ਟੁਰ ਪਏ।

ਚਿੱਤ ਵਿੱਚ ਇਹ ਖ਼ਿਆਲ ਸੀ ਕਿ ਅੰਬਾਲੇ ਉੱਤਰ ਕੇ ਗੁਰੂਸਾਗਰ ਸਾਹਿਬ, ਮਸਤੂਆਣੇ ਸਾਹਿਬ ਚਾਨਣੀ ਤਿਆਰ ਕਰਾਈ ਜਾਏ ਅਤੇ ਫੇਰ ਸੰਤ ਜੀ ਮਹਾਰਾਜ ਦੇ ਚਰਨਾਂ ਵਿੱਚ ਹਾਜ਼ਰ ਹੋਇਆ ਜਾਵੇ। ਸੋ ਅੰਬਾਲੇ ਪੁੱਜ ਦੋ ਕੁ ਦਿਨ ਸ: ਝੰਡਾ ਸਿੰਘ ਵਕੀਲ ਦੇ ਘਰ ਠਹਿਰ ਕੇ ਇਹ ਸੇਵਾ ਪੂਰੀ ਹੋ ਗਈ। ਸ. ਝੰਡਾ ਸਿੰਘ ਦੇ ਭੁਝੰਗੀ ਸੁੰਦਰ ਸਿੰਘ ਨੇ ਬੜੇ ਪ੍ਰੇਮ ਨਾਲ ਇਹ ਕਾਰਜ ਸਿਰੇ ਚੜ੍ਹਵਾਇਆ ਅਤੇ ਜਥਾ ਰਾਜਪੁਰੇ ਤੋਂ ਗੱਡੀ ਬਦਲ ਕੇ ਸੰਗਰੂਰ ਪੁੱਜ ਗਿਆ। ਸਟੇਸ਼ਨ 'ਤੇ ਕੁਦਰਤੀ ਇੱਕ ਸਿੱਖ ਸਰਦਾਰ ਮਿਲ ਗਿਆ। ਉਨ੍ਹਾਂ ਦੇ ਘਰ ਅਨੰਦ ਕਾਰਜ ਸੀ। ਬੜੇ ਪ੍ਰੇਮ ਨਾਲ ਜਥੇ ਨੂੰ ਨਾਲ ਲੈ ਗਏ। ਅਨੰਦ ਕਾਰਜ ਦੇ ਪਿੱਛੋਂ ਭੁਝੰਗੀ ਹਰੀ ਸਿੰਘ ਵਿਆਕੁਲ ਹੋ ਗਿਆ। ਪਲ-ਪਲ ਆਖੇ ਭਾਪਾ ਜੀ! ਹੁਣ ਮਸਤੂਆਣੇ ਚੱਲੋ ਸੰਤਾਂ ਦੇ ਦਰਸ਼ਨ ਕਰੀਏ। ਭਾਵੇਂ ਘਰ ਵਾਲਿਆਂ ਦਾ ਬੜਾ ਪ੍ਰੇਮ ਸੀ ਕਿ ਜਥੇ ਨੂੰ ਪ੍ਰਸ਼ਾਦ ਛਕਾ ਕੇ ਤੋਰਿਆ ਜਾਵੇ। ਪਰ ਨਿੱਕੇ ਭੁਝੰਗੀ ਦੀ ਇਹ ਡਾਹਢੀ ਖਿੱਚ ਵੇਖ ਕੇ ਉਨ੍ਹਾਂ ਨੇ ਜਲ-ਪਾਣੀ ਛਕਾ ਸਵਾਰੀ ਦਾ ਪ੍ਰਬੰਧ ਕਰ ਦਿੱਤਾ ਅਤੇ ਗੁਰੂਸਾਗਰ ਸਾਹਿਬ ਮਸਤੂਆਣੇ ਵੱਲ ਤੋਰ ਦਿੱਤਾ। ਓਥੋਂ ਪੁੱਜਦਿਆਂ ਹੀ ਹਰਿਮੰਦਰ ਸਾਹਿਬ ਵਿੱਚ ਨਮਸਕਾਰ ਕਰ ਸੰਤ ਜੀ ਮਹਾਰਾਜ ਦੇ ਚਰਨਾਂ ਵਿੱਚ ਹਾਜ਼ਰ ਹੋਏ। ਦਰਸ਼ਨ ਕਰ ਕੇ ਨਿਹਾਲ ਹੋਏ। ਭੁਝੰਗੀ ਹਰੀ ਸਿੰਘ ਨਾਲੇ ਤਾਂ ਥੋੜ੍ਹਾ-ਥੋੜ੍ਹਾ ਸੰਗੇ ਅਤੇ ਨਾਲੇ-ਇੱਕ ਟਕ ਸੰਤ ਜੀ ਮਹਾਰਾਜ ਦੇ ਮੋਹਣੀ ਸਰੂਪ ਵੱਲ ਦੇਖੀ ਜਾਵੇ। ਉਹਦੇ ਚਿੱਤ ਦੀ ਓਹ ਜਾਣਦਾ ਸੀ ਜਾਂ ਸੰਤ ਜੀ।

# ਕਾਂਡ ੧੪

ਸਾਧ ਕੀ ਮਹਿਮਾ ਬੇਦ ਨ ਜਾਨਹਿ ॥ ਜੇਤਾ ਸੁਨਹਿ ਤੇਤਾ ਬਖਿਆਨਹਿ ॥
ਸਾਧ ਕੀ ਉਪਮਾ ਤਿਹੁ ਗੁਣ ਤੇ ਦੂਰਿ ॥ ਸਾਧ ਕੀ ਉਪਮਾ ਰਹੀ ਭਰਪੂਰਿ ॥
ਸਾਧ ਕੀ ਸੋਭਾ ਕਾ ਨਾਹੀ ਅੰਤ ॥ ਸਾਧ ਕੀ ਸੋਭਾ ਸਦਾ ਬੇਅੰਤ ॥
ਸਾਧ ਕੀ ਸੋਭਾ ਊਚ ਤੇ ਊਚੀ ॥ ਸਾਧ ਕੀ ਸੋਭਾ ਮੂਚ ਤੇ ਮੂਚੀ ॥
ਸਾਧ ਕੀ ਸੋਭਾ ਸਾਧ ਬਨਿ ਆਈ ॥ ਨਾਨਕ ਸਾਧ ਪ੍ਰਭ ਭੇਦੁ ਨ ਭਾਈ ॥੮॥੭॥ (੨੭੨)

## ਮਸਤੂਆਣੇ ਸੰਤ ਜੀ ਮਹਾਰਾਜ ਦੀ ਸੇਵਾ ਵਿਚ ਹਾਜ਼ਰ ਹੋਣਾ

ਸੰਤ ਜੀ ਮਹਾਰਾਜ ਨੇ ਸੇਵਕਾਂ ਨੂੰ ਆਗਿਆ ਕੀਤੀ ਅਤੇ ਜੱਥੇ ਦਾ ਹਰਿਮੰਦਰ ਸਾਹਿਬ ਦੇ ਸਾਹਮਣੇ ਵੱਡੇ ਬੁੰਗੇ ਵਿੱਚ ਡੇਰਾ ਕਰਾਇਆ। ਏਸ ਵੇਲੇ ਜਥੇ ਵਿਚ ਬੀਬੀ ਬਿਸ਼ਨ ਕੌਰ ਸੁਪਤਨੀ ਜਮਾਂਦਾਰ ਰਾਮ ਸਿੰਘ ਅਤੇ ਭੁਝੰਗੀ ਚੰਦਾ ਸਿੰਘ ਜੀ ਵੀ ਸਨ। ਇਹ ਸ਼ੰਘਾਈ ਤੋਂ, ਗੁਰੂ ਕੀ ਸੰਗਤ ਨੇ ਸਾਡੇ ਨਾਲ ਭੇਜੇ ਸਨ। ਦੋ ਦਿਨ ਹਰੀ ਕੀਰਤਨ ਅਤੇ ਸਤਿਸੰਗ ਦਾ ਬੜਾ ਹੀ ਅਨੰਦ ਪ੍ਰਾਪਤ ਹੋਇਆ। ਤੀਜੇ ਦਿਨ ਰਹਿਰਾਸ ਸਾਹਿਬ ਦੇ ਦੀਵਾਨ ਦੇ ਮਗਰੋਂ ਜਦ ਗੁਰੂ ਕਾ ਲੰਗਰ ਵਰਤ ਚੁੱਕਾ, ਤਦ ਦਾਸ ਸੰਤ ਜੀ ਮਹਾਰਾਜ ਦੇ ਦਰਸ਼ਨ ਲਈ ਸਰੋਵਰ ਦੇ ਪਾਰ ਵੱਡੇ ਬੁੰਗੇ ਵਿੱਚ ਜਿਸ ਦਾ ਨਾਮ ਸਾਧ ਸੰਗਤ ਨੇ 'ਅਕਾਲ ਬੁੰਗਾ' ਰੱਖਿਆ ਹੋਇਆ ਹੈ, ਹਾਜ਼ਰ ਹੋਇਆ। ਨਮਸਕਾਰ ਕਰਨ ਦੇ ਮਗਰੋਂ ਦਾਸ ਸੰਤ ਜੀ ਮਹਾਰਾਜ ਦੇ ਚਰਨਾਂ ਵਿੱਚ ਬੈਠ ਗਿਆ। ਮਹਾਰਾਜ ਜੀ ਨੇ ਹੱਸ ਕੇ ਪੁੱਛਿਆ ਕਿ ਤੁਸੀਂ ਕਿਹੜੀ ਕਿਹੜੀ ਜਗ੍ਹਾ ਫਿਰੇ ਤੇ ਕਿੱਥੇ ਕਿੱਥੇ ਵਿੱਦਿਆ ਪ੍ਰਾਪਤ ਕੀਤੀ। ਦਾਸ ਨੇ ਹੱਥ ਜੋੜ ਬੇਨਤੀ ਕੀਤੀ, "ਸੱਚੇ ਪਾਤਿਸ਼ਾਹ, ਹਜ਼ੂਰ ਜਾਣੀ ਜਾਣ ਹੋ, ਸਭ ਕੁਝ ਜਾਣ ਹੀ ਰਹੇ ਹੋ।" ਸੰਤ ਜੀ ਮਹਾਰਾਜ ਨੇ ਫੁਰਮਾਇਆ, "ਭਾਈ ਵਿਹਾਰ ਮਾਤਰ ਪੁੱਛਣਾ ਹੀ ਲੱਗਦਾ ਹੈ।" ਹੁਕਮ ਮੰਨ, ਦਾਸ ਨੇ ਲੰਡਨ, ਕੈਮਬਰਿਜ, ਨਿਊਯਾਰਕ, ਹਾਰਵਰਡ ਯੂਨੀਵਰਸਿਟੀ ਵੈਨਕੂਵਰ, ਵਿਕਟੋਰੀਆ ਅਤੇ ਸਟਾਕਟਨ ਕੈਲੀਫ਼ੋਰਨੀਆ ਦੀ ਸੰਖੇਪ ਵਿਥਿਆ ਆਖ ਸੁਣਾਈ। ਫੇਰ ਅਰਜ਼ ਕੀਤੀ, ਮਹਾਰਾਜ ਜੀ, ਦਾਸ ਦੀ ਮਾਤਾ ਸੱਤ ਸਾਲ ਦੇ ਗੁਜਰਾਂਵਾਲੇ ਉਡੀਕ ਰਹੇ ਹਨ, ਉਹਨਾਂ ਦੇ ਦਰਸ਼ਨ ਦੀ ਆਗਿਆ ਬਖਸ਼ੋ। ਸੰਤ ਜੀ ਮਹਾਰਾਜ ਨੇ ਫੁਰਮਾਇਆ ਕਿ ਭਾਈ, ਤੁਸੀਂ ਕਈ ਯੂਨੀਵਰਸਿਟੀਆਂ ਪੜ੍ਹ ਆਏ ਹੋ, ਗੁਰੂ ਸਾਗਰ ਸਾਹਿਬ ਮਸਤੂਆਣਾ ਬ੍ਰਹਮ ਵਿਦਿਆ ਦੀ ਯੂਨੀਵਰਸਿਟੀ ਹੈ। ਹੁਣ ਏਥੇ ਹੀ ਠਹਿਰੋ ਤੇ ਉਹ ਇਮਤਿਹਾਨ ਪਾਸ ਕਰੋ। ਤੁਹਾਡੀ ਮਾਤਾ ਜੀ ਅਤੇ ਹੋਰ ਸਬੰਧੀ ਆਪੇ ਹੀ ਆ ਕੇ ਦਰਸ਼ਨ ਮੇਲਾ ਕਰ ਜਾਣਗੇ। ਹੁਕਮ ਮੰਨ ਦਾਸ ਨੇ ਸਾਰੇ ਸੰਕਲਪ ਤਿਆਗ ਦਿੱਤੇ ਅਤੇ ਗੁਰੂ ਸਾਗਰ ਸਾਹਿਬ ਡੇਰਾ ਲਾ ਲਿਆ।

ਦੋ ਤਿੰਨ ਦਿਨ ਮਗਰੋਂ ਸੰਤ ਜੀ ਮਹਾਰਾਜ ਨੇ ਦਾਸ ਅਤੇ ਦਾਸ ਦੀ ਸੁਪਤਨੀ ਉੱਤੇ ਅਪਾਰ ਕਿਰਪਾ ਕੀਤੀ ਅਤੇ ਸਾਨੂੰ, ਭੁਝੰਗੀ ਭੁਝੰਗਣਾਂ ਨੂੰ ਗੁਰਮੁਖੀ ਪੜ੍ਹਾਨ ਦੀ ਸੇਵਾ ਬਖਸ਼ੀ। ਥੋੜੇ ਦਿਨਾਂ ਵਿੱਚ ਹੀ ੬● ਭੁਝੰਗੀ ਅਤੇ ੫● ਕੁ ਬੀਬੀਆਂ ਵਿੱਦਿਆ ਪ੍ਰਾਪਤ ਕਰਨ ਲਈ ਗੁਰੂ ਸਾਗਰ ਸਾਹਿਬ ਇਕੱਠੀਆਂ ਹੋ ਗਈਆਂ।

ਇੱਕ ਦਿਨ ਸੰਤ ਜੀ ਮਹਾਰਾਜ ਪਲੰਘ ਤੇ ਸਰੋਵਰ ਦੇ ਪਾਸ ਇੱਕ ਰੇਰੂ ਦੇ ਹੇਠ ਸਜੇ ਹੋਏ ਸਨ।



ਰਾਜ ਜੋਗੀ ਸੰਤ ਅਤਰ ਸਿੰਘ ਜੀ ਮਹਾਰਾਜ

ਦਾਸ ਭੁਝੰਗੀ ਮੁਕੰਦ ਸਿੰਘ, ਹਰੀ ਸਿੰਘ ਅਤੇ ਚੰਦਾ ਸਿੰਘ ਸਹਿਤ ਦਰਸ਼ਨ ਕਰਨ ਹਿੱਤ ਗਿਆ। **ਸੰਤ ਜੀ ਮਹਾਰਾਜ ਨੇ ਦਾਸ ਨੂੰ ਪੁੱਛਿਆ, "ਭਾਈ! ਤੁਸੀਂ ਭੁਝੰਗੀ ਮੁਕੰਦ ਸਿੰਘ ਨੂੰ ਕੀ ਪੜ੍ਹਾਉਂਦੇ ਰਹੇ ਹੋ?" ਦਾਸ ਨੇ ਅਰਜ਼ ਕੀਤੀ ਕਿ ਅਮਰੀਕਾ ਵਿੱਚ ਸਕੂਲ ਦੀ ਪੰਜਵੀ ਜਮਾਤ ਤੀਕਰ ਪੜ੍ਹਾਈ ਕਰ ਚੁੱਕਾ ਹੈ। ਸੰਤ ਜੀ ਮਹਾਰਾਜ ਨੇ ਫੁਰਮਾਇਆ ਕਿ ਭਾਈ! ਹੁਣ ਇਹ ਪੜ੍ਹਾਈ ਛੱਡ ਦਿਓ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸ਼ੁਧ ਪਾਠ ਕਰਾਓ। ਏਸ ਨਾਲੋਂ ਉੱਚ ਵਿੱਦਿਆ ਅਤੇ ਵੱਡੀ ਦਾਤ ਦੁਨੀਆਂ ਵਿੱਚ ਕੋਈ ਨਹੀਂ ਹੈ।** ਏਸ ਸਮੇਂ ਮੁਕੰਦ ਸਿੰਘ ਅਤੇ ਹਰੀ ਸਿੰਘ ਜੀ ਨੇ ਨਿੱਕਰ ਪਾਏ ਹੋਏ ਸਨ, ਪਰ ਚੰਦਾ ਸਿੰਘ ਦੇ ਤੇੜ ਸਤਿਗੁਰ ਸੱਚੇ ਪਾਤਸ਼ਾਹ ਦਾ ਕਛਹਿਰਾ ਹੀ ਸਜ ਰਿਹਾ ਸੀ। ਸੰਤ ਜੀ ਨੇ ਮੁਕੰਦ ਸਿੰਘ ਵਲ ਧਿਆਨ ਕਰ ਕੇ ਆਖਿਆ, "ਵੇਖ ਭਾਈ! ਚੰਦਾ ਸਿੰਘ ਕਿਹਾ ਸੋਹਣਾ ਲੱਗ ਰਿਹਾ ਹੈ, ਇਹ ਬਚਨ ਭੁਝੰਗੀ ਹਰੀ ਸਿੰਘ ਦੇ ਕੰਨੀਂ ਵੀ ਪਿਆ। ਉਸ ਨੇ ਉਸੇ ਵੇਲੇ ਘਰ ਆ ਕੇ ਬੂਟ ਨਿੱਕਰ ਤੇ ਕੋਟ ਲਾਹ ਦਿੱਤਾ। ਉਸ ਦੀ ਮਾਤਾ ਨੇ ਬਥੇਰਾ ਰੋਕਿਆ ਪਰ ਭੁਝੰਗੀ ਨੇ ਇਕ ਨਾ ਮੰਨੀ ਤੇ ਆਖਿਆ, "ਬੇਬੇ ਭੂਰੀ ਵਾਲੇ ਦਾ ਬਚਨ ਹੈ, ਇਹ ਵਰਦੀ ਨਹੀਂ ਪਾਉਣੀ।"

ਹੁਣ ਭੁਝੰਗੀ ਭੁਝੰਗਣਾਂ ਦੇ ਵਿੱਦਿਆ ਦਾਨ ਤੇ ਸਤਿਸੰਗ ਦਾ ਚੱਕਰ ਚੱਲ ਪਿਆ। ਸਵੇਰੇ ਆਸਾ ਦੀ ਵਾਰ ਦਾ ਦੀਵਾਨ, ਫੇਰ ਥੋੜ੍ਹੀ ਸੇਵਾ ਦੇ ਮਗਰੋਂ ਪੜ੍ਹਾਈ, ਦੁਪਹਿਰ ਵੇਲੇ ਅਰਾਮ, ਫੇਰ ਪੜ੍ਹਾਈ ਮਗਰੋਂ ਸੋਦਰੁ ਦਾ ਦੀਵਾਨ। ਪ੍ਰਸ਼ਾਦ ਛਕਣ ਦੇ ਮਗਰੋਂ ਨਿੱਤਨੇਮ, ਸੰਤ ਜੀ ਮਹਾਰਾਜ ਦੇ ਅਮੋਲਕ ਦਰਸ਼ਨ ਅਤੇ ਮਨੋਹਰ ਬਚਨ-ਬਿਲਾਸ।

ਗੁਰੂਸਾਗਰ ਸਾਹਿਬ ਮਸਤੂਆਣੇ ਵਿਖੇ ਪਹਿਲਾ ਨਗਾਰਾ ਦੋ ਵਜੇ ਵਜਦਾ ਸੀ। ਦਿਨ ਜੇਠ ਹਾੜ ਦੇ ਸਨ ਅਤੇ ਸੂਰਜ ਪੰਜ-ਛੇ ਵਜੇ ਦੇ ਵਿਚਕਾਰ ਹੀ ਨਿਕਲ ਪੈਂਦਾ ਸੀ। ਦੂਜਾ ਨਗਾਰਾ ਤਿੰਨ ਵਜੇ ਖੜਕਦਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਦੇ ਮਗਰੋਂ ਸਾਢੇ ਤਿੰਨ ਵਜੇ ਆਸਾ ਦੀ ਵਾਰ ਦਾ ਕੀਰਤਨ ਅਰੰਭ ਹੋ ਜਾਂਦਾ। ਐਨ ਸੂਰਜ ਚੜ੍ਹੇ ਭੋਗ ਪੈਂਦਾ। ਦਾਸ ਨੂੰ ਤਿੰਨ ਵਜੇ ਜਾਗਣ ਦੀ ਆਦਤ ਸੀ। ਛੇਤੀ-ਛੇਤੀ ਇਸ਼ਨਾਨ ਕਰ, ਦੀਵਾਨ ਵਿੱਚ ਚਲਾ ਜਾਂਦਾ ਅਤੇ ਅੰਮ੍ਰਿਤ ਵੇਲੇ ਦਾ ਨਿੱਤਨੇਮ ਪੂਰਾ ਨਾ ਹੁੰਦਾ।

ਇੱਕ ਦਿਨ ਦਾਸ ਦੀਵਾਨ ਵਿੱਚ ਜਾਣ ਤੋਂ ਪਹਿਲਾਂ ਬਾਹਰ ਮੈਦਾਨ ਖੇਡਣ ਲਈ ਜਾ ਰਿਹਾ ਸੀ। ਕੁਦਰਤੀ ਸੰਤ ਜੀ ਮਹਾਰਾਜ ਅੱਗੋਂ ਮਿਲ ਗਏ। ਦਾਸ ਨੇ ਚਰਨਾਂ 'ਤੇ ਸੀਸ ਰੱਖ ਕੇ ਨਮਸਕਾਰ ਕੀਤੀ। ਜਦ ਦਾਸ ਖੜ੍ਹਾ ਹੋਇਆ, ਸੰਤ ਜੀ ਨੇ ਫੁਰਮਾਇਆ, "**ਭਾਈ! ਦੀਵਾਨ ਵਿੱਚ ਨਿੱਤਨੇਮ ਕਰ ਕੇ ਆਉਣਾ ਚਾਹੀਦਾ ਹੈ। ਦਿਨ ਚੜ੍ਹੇ ਇਹ ਰਹਿ ਜਾਂਦਾ ਹੈ।**" ਦਾਸ ਨੇ ਆਖਿਆ, "ਸਤਿ ਬਚਨ।" ਇਸ ਦੇ ਮਗਰੋਂ ਦੋ ਵਜੇ ਜਾਗਣ ਦੀ ਆਦਤ ਪਾ ਲਈ ਅਤੇ ਨਿੱਤਨੇਮ ਪੂਰਾ ਕਰਕੇ ਕੀਰਤਨ ਵਿਚ ਹਾਜ਼ਰ ਹੋਣਾ ਸ਼ੁਰੂ ਕਰ ਦਿੱਤਾ।

ਇੱਕ ਦਿਨ ਸਵੇਰ ਦੇ ਦੀਵਾਨ ਮਗਰੋਂ ਸੰਤ ਜੀ ਮਹਾਰਾਜ, ਭਾਈ ਮੇਹਰ ਸਿੰਘ ਬਾਣੀਏ ਦੇ ਖੂਹ ਵੱਲ ਚਲੇ ਗਏ। ਕੁਝ ਚਿਰ ਮਗਰੋਂ ਦਾਸ ਵੀ ਭੁਝੰਗੀ ਹਰੀ ਸਿੰਘ ਸਹਿਤ ਉੱਥੇ ਜਾ ਪੁੱਜਾ। ਦਰਸ਼ਨ ਮੇਲੇ ਅਤੇ ਸਤਿਸੰਗ ਦਾ ਬੜਾ ਹੀ ਲਾਹਾ ਲਿਆ। ਜਦ ਸੰਤ ਜੀ ਮਹਾਰਾਜ ਗੁਰਦੁਆਰੇ ਸਾਹਿਬ ਵੱਲ ਮੁੜੇ ਤਾਂ ਸੱਚੇ ਪਾਤਸ਼ਾਹ ਬੜੇ ਹੀ ਤੇਜ਼ ਚੱਲ ਰਹੇ ਸਨ। ਦਾਸ ਭੁਝੰਗੀ ਹਰੀ ਸਿੰਘ ਸਹਿਤ, ਦਸ ਕੁ ਕਦਮ ਪਿੱਛੇ ਰਹਿ ਗਿਆ। ਭੁਝੰਗੀ ਟੁਰਦਿਆਂ-ਟੁਰਦਿਆਂ ਗੱਲਬਾਤ ਪੁੱਛਣ ਲੱਗਾ, "ਭਾਪਾ ਜੀ! ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤਾਂ ਖ਼ਾਲਸੇ ਜੀ ਦੇ ਪਿਤਾ ਹੋਏ, ਕੀ ਸੰਤ ਜੀ ਮਹਾਰਾਜ ਸਾਰੀ ਦੁਨੀਆਂ ਦੇ ਪਿਤਾ ਹਨ?" ਦਾਸ ਨੇ ਆਖਿਆ, "ਹਾਂ ਬੱਚਾ! ਇਹ ਸਾਰੇ ਸੰਸਾਰ ਦੇ ਸਾਂਝੇ ਹਨ।" ਨਿੱਕੇ ਦੇ ਇਹ ਬਚਨ ਸੰਤ ਜੀ ਮਹਾਰਾਜ ਦੇ ਕੰਨੀਂ ਪੈ ਗਏ। ਪੁੱਛਣ ਲੱਗੇ, "ਤੇਜਾ ਸਿੰਘ ਜੀ! ਭੁਝੰਗੀ ਕੀ ਆਖਦਾ ਹੈ?" ਦਾਸ ਨੇ ਜਦ ਸਾਰੇ ਬਚਨ ਆਖ ਸੁਣਾਏ, ਤਦ ਸੰਤ ਜੀ ਮਹਾਰਾਜ ਬੋਲ ਉੱਠੇ, "ਭਾਈ! ਇਹ ਪੂਰਬਲੇ ਜਨਮ ਦੀ ਕਮਾਈ ਦਾ ਫਲ ਹੈ।"

## ਮਸਤੂਆਣਾ ਇੱਕ ਮੀਲ ਏਧਰ, ਇੱਕ ਮੀਲ ਉਧਰ ਵਧੂ

ਇੱਕ ਦਿਨ ਪਿਛਲੇ ਪਹਿਰ ਭੁਝੰਗੀ ਆਪਣੀ ਮਾਤਾ ਦੇ ਖਹਿੜੇ ਪੈ ਗਿਆ ਕਿ ਮੈਨੂੰ ਪਕੌੜੇ ਕੱਢ ਕੇ ਦਿਓ। ਓਸ ਦੀ ਮਾਤਾ ਨੇ ਕੜਾਹੀ ਵਿੱਚ ਘਿਓ ਪਾ, ਵੇਸਣ ਘੋਲ ਪਕੌੜੇ ਕੱਢਣੇ ਸ਼ੁਰੂ ਕਰ ਦਿੱਤੇ। ਜਦ ਥਾਲੀ ਭਰ ਗਈ ਤਦ ਮਾਤਾ ਨੇ ਭੁਝੰਗੀ ਨੂੰ ਸੱਦਿਆ ਕਿ ਆ ਬੱਚਾ ਛੱਕ ਲੈ। ਭੁਝੰਗੀ ਨੇ ਆਖਿਆ, "ਮਾਮਾ, ਪਹਿਲਾਂ ਸੰਤਾਂ ਨੂੰ ਛਕਾਊਂ ਫੇਰ ਆਪ ਖਾਊਂ।" ਓਸੇ ਵੇਲੇ ਥਾਲੀ ਤੇ ਰੁਮਾਲ ਪਾ, ਸਾਰਾ ਪ੍ਰਵਾਰ ਸੰਤ ਜੀ ਮਹਾਰਾਜ ਦੇ ਬੁੰਗੇ ਵਲ ਟੁਰ ਪਿਆ। ਸੰਤ ਜੀ ਮਹਾਰਾਜ ਆਪਣੇ ਬੁੰਗੇ ਦੀ ਛਤ ਉਪਰ ਪਲੰਘ ਤੇ ਸਜੇ ਹੋਏ ਸਨ। ਭੁਝੰਗੀ ਨੇ ਮੱਥਾ ਟੇਕ, ਥਾਲੀ ਸੰਤ ਜੀ ਅੱਗੇ ਰੱਖ ਦਿੱਤੀ। ਮਹਾਰਾਜ ਜੀ ਨੇ ਦੋ ਚਾਰ ਪਕੌੜੇ ਪ੍ਰਵਾਨ ਕਰ ਲਏ ਅਤੇ ਥਾਲੀ ਭੁਝੰਗੀ ਨੂੰ ਮੋੜ ਦਿੱਤੀ। ਹਰੀ ਸਿੰਘ ਆਪਣੀ ਮਾਤਾ ਸਹਿਤ ਪੰਜ ਚਾਰ ਕਦਮ ਪਿੱਛੇ ਹਟ ਕੇ ਬਹਿ ਗਿਆ ਅਤੇ ਬੜੇ ਪ੍ਰੇਮ ਨਾਲ ਪਕੌੜੇ ਛਕਣ ਲੱਗ ਪਿਆ। ਵਿੱਚ ਵਿੱਚ ਪ੍ਰੇਮ ਦੀ ਲਹਿਰ ਨਾਲ ਚਾਰੇ ਪਾਸੇ ਉਂਗਲੀਆਂ ਕਰਕੇ ਆਖੀ ਜਾਵੇ, "ਮਾਮਾ, ਮਸਤੂਆਣਾ, ਇੱਕ ਮੀਲ ਏਧਰ, ਇੱਕ ਮੀਲ ਏਧਰ, ਇੱਕ ਮੀਲ ਏਧਰ ਤੇ ਇੱਕ ਮੀਲ ਏਧਰ ਵਧੂ। ਭੁਝੰਗੀ ਦੀ ਆਵਾਜ਼ ਸੰਤ ਜੀ ਦੇ ਕੰਨੀਂ ਪੈ ਗਈ। ਪੁੱਛਿਆ, "ਬੀਬੀ, ਭੁਝੰਗੀ ਕੀ ਆਖਦਾ ਹੈ ?" ਜਦ ਹਰੀ ਸਿੰਘ ਦੀ ਮਾਤਾ ਨੇ ਸਾਰੀ ਗੱਲ ਆਖ ਸੁਣਾਈ, ਤਦ ਸੰਤ ਜੀ ਮਹਾਰਾਜ ਨੇ ਫੁਰਮਾਇਆ, "ਭਾਈ ਇਹ ਆਕਾਸ਼ ਬਾਣੀ ਹੈ।"

ਜਿਸ ਵੇਲੇ ਭੁਝੰਗੀ ਹਰੀ ਸਿੰਘ ਬੰਬਈ ਤੋਂ ਜਹਾਜ਼ ਚੜ੍ਹਿਆ ਸੀ, ਓਸ ਵੇਲੇ ਸਿਰਫ ਚਾਲੀ ਦਿਨ ਦਾ ਹੀ ਸੀ। ਸੱਤ ਵਰ੍ਹੇ ਇੰਗਲੈਂਡ, ਅਮਰੀਕਾ, ਕੈਨੇਡਾ ਵਿੱਚ ਠੰਡੀ ਜਗ੍ਹਾ ਹੀ ਰਿਹਾ ਸੀ। ਸਰੀਰ ਗਰਮੀ ਬਹੁਤ ਮੰਨਦਾ ਸੀ। ਇੱਕ ਦਿਨ ਜਦ ਸੰਤ ਹੀ ਮਹਾਰਾਜ ਦੇ ਦਰਸ਼ਨ ਲਈ ਗਿਆ, ਤਦ ਗਰਮੀ ਦਾ ਬੜਾ ਜ਼ੋਰ ਸੀ। ਭੁਝੰਗੀ ਹਰੀ ਸਿੰਘ ਕੁਝ ਤਕਲੀਫ ਮੰਨ ਰਿਹਾ ਸੀ। ਓਸ ਵੱਲ ਦੇਖ ਸੰਤ ਜੀ ਮਹਾਰਾਜ ਨੇ ਫੁਰਮਾਇਆ, "ਭਾਈ, ਭੁਝੰਗੀ ਦਾ ਸਰੀਰ ਵਲਾਇਤੀ ਹੋ ਗਿਆ ਹੈ।"

ਵੈਨਕੂਵਰ ਵਿਖੇ ੧੯●੮ ਈਸਵੀਂ ਵਿੱਚ ਜੋ ਸਤਿਗੁਰੂ ਨੇ ਦਾਸ ਪਾਸੋਂ ਆਪਣੇ ਭਰਾਵਾਂ ਦੀ ਸੇਵਾ ਕਰਾਈ ਸੀ, ਉਸਦੇ ਕਾਰਨ ਰਿਆਸਤ ਜੀਂਦ ਸੰਗਰੂਰ ਦਾ ਪੁਲਿਸ ਕਮਿਸ਼ਨਰ ਅਤੇ ਹੋਰ ਸਰਕਾਰੀ ਪ੍ਰੇਮੀ ਗੁਰੂ ਸਾਗਰ ਸਾਹਿਬ ਮਸਤੂਆਣੇ ਹਰ ਰੋਜ਼ ਇੱਕ ਦੂਜੇ ਦੇ ਮਗਰੋਂ ਆਵਣ ਲਗ ਪਏ। ਇਕ ਦਿਨ ਤਾਂ ਇਨ੍ਹਾਂ ਦਾ ਏਨਾ ਇਕੱਠ ਹੋਇਆ ਕਿ ਰਹਿਰਾਸ ਸਾਹਿਬ ਦੇ ਦੀਵਾਨ ਵਿੱਚ ਸੰਤ ਜੀ ਮਹਾਰਾਜ ਸਤਿਗੁਰੂ ਸੱਚੇ ਪਾਤਿਸ਼ਾਹ ਦੀ ਤਾਬੇ, ਦਾਸ ਨੂੰ ਕੁਝ ਚਿੰਤਾਤੁਰ ਨਜ਼ਰ ਆਏ। ਰਹਿਰਾਸ ਸਾਹਿਬ ਦੇ ਪਾਠ ਦੇ ਭੋਗ ਮਗਰੋਂ ਸੰਤ ਜੀ ਮਹਾਰਾਜ ਨੇ ਖਾਸ ਧਿਆਨ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਹੁਕਮ ਕੱਢਿਆ। ਵਾਕ ਬੜਾ ਸੋਹਣਾ ਨਿਕਲਿਆ ਅਤੇ ਸੰਤ ਹੀ ਮਹਾਰਾਜ ਦਾ ਚਿਹਰਾ ਓਸੇ ਵੇਲੇ ਖਿੜ ਗਿਆ।

ਹੁਣ ਅਰਦਾਸ ਮਗਰੋਂ ਦੀਵਾਨ ਦਾ ਭੋਗ ਪੈ ਗਿਆ। ਸੰਤ ਜੀ ਮਹਾਰਾਜ ਤਾਂ ਆਪਣੇ ਡੇਰੇ ਚਲੇ ਗਏ ਅਤੇ ਸੰਗਤਾਂ ਨੇ ਗੁਰੂ ਕੇ ਲੰਗਰ ਵਿੱਚ ਜਾ ਕੇ ਪੰਗਤ ਸਜਾ ਦਿੱਤੀ। ਛੇਤੀ ਛੇਤੀ ਪ੍ਰਸ਼ਾਦ ਛਕ, ਦਾਸ ਸੰਤ ਜੀ ਮਹਾਰਾਜ ਦੇ ਚਰਨਾਂ ਵਿੱਚ ਹਾਜ਼ਰ ਹੋਇਆ ਅਤੇ ਬੇਨਤੀ ਕੀਤੀ, "ਸੱਚੇ ਪਾਤਸ਼ਾਹ ! ਅੱਜ ਹਜ਼ੂਰ ਦੇ ਚਿਹਰੇ ਤੇ ਤਾਬੇ ਸਜਿਆਂ ਕੁੱਝ ਫ਼ਿਕਰ ਨਜ਼ਰ ਆਇਆ ਸੀ।" ਸੰਤ ਜੀ ਮਹਾਰਾਜ ਨੇ ਫੁਰਮਾਇਆ, "ਹਾਂ ਭਾਈ, ਬਹੁਤ ਪ੍ਰੇਮੀ ਜਨਾਂ ਦੇ ਆਉਣ ਕਰਕੇ ਸਾਨੂੰ ਤੁਹਾਡੇ ਲਈ ਕੁਝ ਫਿਕਰ ਹੋ ਗਿਆ ਸੀ। ਏਸ ਖਿਆਲ ਨਾਲ ਅਸਾਂ ਸਤਿਗੁਰੂ ਸੱਚੇ ਪਾਤਿਸ਼ਾਹ ਦਾ ਵਾਕ ਲਿਆ ਸੀ। ਮਹਾਰਾਜ ਜੀ ਦਾ ਹੁਕਮ ਸੋਹਣਾ ਨਿਕਲਿਆ ਹੈ, ਤੁਸੀਂ ਹੁਣ ਏਥੇ ਅਨੰਦ ਨਾਲ ਰਹੋ "ਕੀਰਤਨ, ਬੱਚਿਆਂ ਦੀ ਪੜ੍ਹਾਈ ਅਤੇ ਸਤਿਗੁਰੂ ਦੀ ਸੇਵਾ ਵਿਚ ਮਨ ਬਿਰਤੀ ਜੋੜੀ ਰੱਖੋ।"

ਏਸ ਤੋਂ ਦੂਜੇ ਦਿਨ ਹੀ ਸੰਤ ਜੀ ਮਹਾਰਾਜ ਨੇ ਇਲਾਕੇ ਵਿੱਚ ਦੌਰੇ ਦੀ ਤਿਆਰੀ ਕਰ ਲਈ। ਜਦ ਤੁਰਨ ਲੱਗੇ ਤਦ ਸੰਤ ਗੁਲਾਬ ਸਿੰਘ ਜੀ ਅਤੇ ਦਾਸ ਨੂੰ ਇਕਾਂਤ ਬੁਲਾਇਆ। ਦੋਹਾਂ ਨੂੰ ਇਕੱਠਾ ਕਰ ਕੇ ਆਖਿਆ, "ਜਿਥੇ ਤੁਸੀਂ ਦੋਵੇਂ ਮਿਲ ਕੇ ਕੰਮ ਕਰੋਗੇ, ਅਸੀਂ ਤੁਹਾਡੇ ਅੰਗ-ਸੰਗ ਹੋਵਾਂਗੇ।" ਫੇਰ ਸੰਤ ਗੁਲਾਬ ਸਿੰਘ ਜੀ ਵਲ ਧਿਆਨ ਕਰਕੇ ਆਖਿਆ, "ਭਾਈ ਗੁਲਾਬ ਸਿੰਘ ਜੀ! ਜੇ ਕੋਈ ਪ੍ਰੇਮੀ ਭਾਈ ਤੇਜਾ ਸਿੰਘ ਦੀ ਬਾਬਤ ਆ ਕੇ ਪੁੱਛ-ਗਿੱਛ ਕਰੇ ਤਾਂ ਸਾਡੀ ਤਰਫ਼ੋ ਇਹ ਕਹਿ ਦੇਣਾ ਕਿ ਸੰਤ, ਭਾਈ ਤੇਜਾ ਸਿੰਘ ਨੂੰ ਗੁਰੂਸਾਗਰ ਸਾਹਿਬ ਮਸਤੂਆਣੇ ਦਾ ਚੌਧਰੀ ਬਣਾ ਗਏ ਹਨ!" ਫੇਰ ਦਾਸ ਪ੍ਰਤੀ ਹੁਕਮ ਦਿੱਤਾ ਕਿ ਤੁਸੀਂ ਗੁਰੂਸਾਗਰ ਸਾਹਿਬ ਮਸਤੂਆਣੇ ਦੀ ਹੱਦ ਤੋਂ ਕਿਧਰੇ ਬਾਹਰ ਨਹੀਂ ਜਾਣਾ।

## ਦ੍ਰਿਸ਼ਟਮਾਨ ਹੈ ਸਗਲ ਮਿਥੇਨਾ

ਸਤਿਗੁਰੂ ਸੱਚੇ ਪਾਤਸ਼ਾਹ ਦਾ ਹੁਕਮ ਹੈ, "**ਦ੍ਰਿਸਟਮਾਨ ਹੈ ਸਗਲ ਮਿਥੇਨਾ ॥**" (**੧੦੮੩**) ਸਭ ਦੁਨੀਆਂ ਫ਼ਨਾਹ ਰੂਪ ਹੈ, ਇੱਕ ਸਾਧ ਬਚਨ ਅਟਲਾਧਾ ਹੈ। ਸਹਿਜ-ਸੁਭਾਏ ਸੰਤ ਜੀ ਮਹਾਰਾਜ ਦੇ ਮੁਖਾਰਬਿੰਦ ਤੋਂ ਇਹ ਬਚਨ ਨਿਕਲਿਆ ਸੀ ਕਿ ਤੁਸੀਂ ਏਥੇ ਠਹਿਰੋ, ਸਾਰੇ ਸਬੰਧੀ ਆ ਕੇ ਮਿਲ ਜਾਣਗੇ। ਹੁਕਮ ਮੰਨ ਦਾਸ ਤਾਂ ਗੁਰੂਸਾਗਰ ਸਾਹਿਬ ਹੀ ਟਿੱਕ ਗਿਆ ਅਤੇ ਸਾਰਿਆਂ ਨੂੰ ਖ਼ਬਰ ਕਰ ਦਿਤੀ ਕਿ ਦਾਸ ਉਹਨਾਂ ਦੇ ਦਰਸ਼ਨ ਲਈ ਹਾਜ਼ਰ ਨਹੀਂ ਹੋ ਸਕਦਾ। ਕੁਦਰਤ ਨੇ ਉਹਨਾਂ ਦੇ ਦਿਲਾਂ ਵਿਚ ਅਜਿਹੀ ਖਿੱਚ ਪਾਈ ਕਿ ਥੋੜ੍ਹੇ ਦਿਨਾਂ ਵਿਚ ਹੀ ਦਾਸ ਦੀ ਮਾਤਾ, ਭੁਝੰਗੀ ਹਰੀ ਸਿੰਘ ਦੇ ਨਾਨਾ, ਨਾਨੀ ਅਤੇ ਦਾਸ ਦੀ ਮਤਰੇਈ ਮਾਤਾ, ਸਾਰੇ ਵਾਰੀ-ਵਾਰੀ ਗੁਰੂਸਾਗਰ ਸਾਹਿਬ ਪੁੱਜ ਗਏ। ਦਾਸ ਦੀ ਮਾਤਾ ਜੀ ਨੇ ਤਾਂ ਤਰਨਤਾਰਨ ਸਾਹਿਬ ਹੀ ਦਾਸ ਦੇ ਨਾਲ ਸੰਤ ਹੀ ਮਹਾਰਾਜ ਪਾਸੋਂ ਅੰਮ੍ਰਿਤ ਛਕਿਆ ਹੋਇਆ ਸੀ, ਪਰ ਬਾਕੀ ਸਬੰਧੀ ਸਾਰੇ ਹੀ ਇਸ ਦਾਤ ਤੋ ਵਾਂਝੇ ਸਨ। ਮਹਾਂਪੁਰਖਾਂ ਦੇ ਬਚਨ ਮੰਨਣ ਨੇ ਆਪਣਾ ਰੰਗ ਲਿਆਂਦਾ ਅਤੇ ਜਿੰਨ੍ਹਾਂ ਦਾ ਅੰਮ੍ਰਿਤ ਛਕਣ ਦਾ ਸੁਪਨੇ ਵਿੱਚ ਵੀ ਖ਼ਿਆਲ ਨਹੀਂ ਸੀ, ਓਹੋ ਸਹਿਜ-ਸੁਭਾਏ ਗੁਰੂਸਾਗਰ ਸਾਹਿਬ ਦੀ ਨਾਮ-ਬਾਣੀ ਦੀ ਲਹਿਰ ਵਿੱਚ ਮਸਤ ਹੋ, ਸਤਿਗੁਰੂ ਕਲਗੀਆਂ ਵਾਲੇ ਦੇ ਜਹਾਜ਼ ਚੜ੍ਹ ਗਏ।

ਇੱਕ ਦਿਨ ਭੁਝੰਗੀ ਹਰੀ ਸਿੰਘ ਦੀ ਨਾਨੀ ਅਤੇ ਮਾਤਾ ਨੇ ਬੜਾ ਹੀ ਜ਼ੋਰ ਲਾਇਆ ਕਿ ਕਾਕਾ! ਆਪਣਾ ਬੂਟ-ਸੂਟ ਪਾ ਲੈ। ਭੁਝੰਗੀ ਨੇ ਇੱਕ ਨਾ ਮੰਨੀ ਤੇ ਆਖਿਆ, "ਸੰਤਾਂ ਕੋਲੋਂ ਪੁੱਛ ਲਓ, ਬਾਬੇ ਭੂਰੀ ਵਾਲੇ ਦਾ ਹੁਕਮ ਹੈ ਕਿ ਕਛਹਿਰਾ ਕੁੜਤਾ ਹੀ ਸੋਹਣਾ ਲੱਗਦਾ ਹੈ।"

ਗੁਰਮੁਖੀ ਸਕੂਲ ਦੇ ਲੜਕੇ ਦਿਨੋਂ-ਦਿਨ ਵਧੀ ਜਾਂਦੇ ਸਨ ਤੇ ਪੜ੍ਹਾਈ ਬੜੀ ਚੰਗੀ ਤਰ੍ਹਾਂ ਹੋ ਰਹੀ ਸੀ। ਦਾਸ ਨੂੰ ਇਕੱਲਾ ਵੇਖ ਕੇ ਸੰਤ ਜੀ ਮਹਾਰਾਜ ਨੇ ਭਾਈ ਹਿੰਮਤ ਸਿੰਘ ਜੀ ਨੂੰ, ਜਿਹੜੇ ਉਸ ਵੇਲੇ ਉਦਾਸੀ ਬਾਣੇ ਵਿੱਚ ਸਨ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੇਵਾ ਲਈ ਵਿਦਿਆਲਯ ਵਿੱਚ ਲਾ ਦਿੱਤਾ। ਡੇਢ ਕੁ ਸਾਲ ਇਹ ਦਾਸ ਨਾਲ ਸੇਵਾ ਕਰਦੇ ਰਹੇ। ਫੇਰ ਅੰਮ੍ਰਿਤ ਛਕ, ਦਾਸ ਦੀ ਰਾਹੀਂ ਤਰਨਤਾਰਨ ਵਿਦਿਆਲਯ ਵਿੱਚ ਦਾਖ਼ਲ ਹੋ ਗਏ ਅਤੇ ਉੱਥੋਂ ਗਿਆਨੀ ਬਣ ਉਪਦੇਸ਼ਕ ਕਾਲਜ ਗੁਜਰਾਂਵਾਲੇ ਵਿੱਚ ਚਲੇ ਗਏ।

ਭੁਝੰਗੀ ਮੁਕੰਦ ਸਿੰਘ ਅਤੇ ਹਰੀ ਸਿੰਘ ਵੀ ਬੱਚਿਆਂ ਨਾਲ ਗੁਰਮੁਖੀ ਪੜ੍ਹਨ ਲੱਗ ਪਏ। ਬਾਲ ਉਪਦੇਸ਼ ਦਾ ਬੜੀ ਛੇਤੀ ਪਾਠ ਕਰ ਲਿਆ। ਭੁਝੰਗੀ ਹਰੀ ਸਿੰਘ ਤਾਂ ਬੜੇ ਪ੍ਰੇਮ ਨਾਲ ਗੁਰਬਾਣੀ ਦੇ ਇੱਕ-ਦੋ ਗੁਟਕੇ ਰੱਖਣ ਲੱਗ ਪਿਆ। ਇੰਨ੍ਹਾਂ 'ਤੇ ਬੜੇ ਪ੍ਰੇਮ ਨਾਲ ਪੰਜ-ਪੰਜ ਰੁਮਾਲ ਲਪੇਟ ਕੇ ਰੱਖਦਾ। ਦਾਸ ਨੇ ਇੱਕ ਦਿਨ ਪੁੱਛਿਆ, "ਹਰੀ ਸਿੰਘ! ਤੂੰ ਗੁਟਕੇ ਨੂੰ ਬੜਾ ਸਾਂਭ ਕੇ ਰੱਖਦਾ ਹੈਂ।" ਕਹਿਣ ਲਗਾ, "ਬਾਬਾ ਜੀ! ਬਾਣੀ ਦੀ ਇੱਕ-ਇੱਕ ਤੁਕ ਵੀ ਗੁਰੂ ਦਾ ਰੂਪ ਹੈ।" ਇਸ ਬੱਚੇ ਨੇ ਆਪਣੀ ਉਮਰ ਦੇ ਬੱਚਿਆਂ ਨਾਲ ਬੜਾ ਹੀ

ਪ੍ਰੇਮ ਪਾ ਲਿਆ ਅਤੇ ਦਸਾਂ ਬਾਰਾਂ ਦਾ ਜਥਾ ਬਣਾ ਕੇ ਸਭ ਨੂੰ ਇਹ ਸਿੱਖਿਆ ਦਿਤੀ, "ਭਰਾਓ, ਜੇ ਅਸੀਂ ਲੜੀਏ ਭਿੜੀਏ ਤਾਂ ਆਪੋ ਵਿਚ ਹੀ ਸੁਲ੍ਹਾ ਸਫਾਈ ਕਰ ਲਿਆ ਕਰੀਏ। ਬਾਬਾ ਜੀ ਪਾਸ (ਅਥਵਾ ਦਾਸ ਕੋਲ) ਸ਼ਕਾਇਤ ਨਹੀਂ ਕਰਨੀ। ਉਹਨਾਂ ਨੂੰ ਤਕਲੀਫ਼ ਹੁੰਦੀ ਹੈ।" ਸਾਧੂਆਂ ਨਾਲ ਵੀ ਬੱਚਾ ਬੜੇ ਪ੍ਰੇਮ ਅਤੇ ਅਦਬ ਨਾਲ ਵਰਤਦਾ। ਥੋੜ੍ਹੇ ਚਿਰ ਵਿਚ ਹੀ ਇਸ ਨੇ ਸਾਰਿਆਂ ਦਾ ਦਿਲ ਮੋਹ ਲਿਆ।

ਇੱਕ ਦਿਨ ਇਹ ਪ੍ਰੇਮ ਦਾ ਪੁਤਲਾ ਪੜ੍ਹਾਈ ਕਰਦਿਆਂ ਕਰਦਿਆਂ ਕਿਸੇ ਹੋਰ ਪਾਸੇ ਚਲਾ ਗਿਆ। ਦਾਸ ਕੁਝ ਗੁੱਸੇ ਹੋਇਆ। ਬੜਾ ਨਿਮਾਣਾ ਅਤੇ ਉਦਾਸ ਹੋ ਕੇ ਭੁਝੰਗੀ ਨੇ ਆਖਿਆ, "ਬਾਬਾ ਜੀ, ਹੁਣ ਮੈਂ ਸਕੂਲ ਵਿੱਚ ਪੜ੍ਹਨ ਨਹੀਂ ਆਉਣਾ। ਉਸ ਵੇਲੇ ਕੌਣ ਜਾਣਦਾ ਸੀ ਕਿ ਜਿਹੜਾ ਬੱਚਾ ਸਾਧ ਸੰਗਤ ਦੇ ਪੁੱਛਣ ਤੇ ਸਾਰਿਆਂ ਨੂੰ ਆਖਦਾ ਹੈ ਕਿ ਮੈਂ ਬਾਬਾ ਜੀ ਦੀ ਲਾਇਨ ਤੇ ਚੱਲੂੰ, ਉਹ ਬੀਮਾਰ ਹੋ ਕੇ ਸਤਿਗੁਰੂ ਸੱਚੇ ਪਾਤਿਸ਼ਾਹ ਦੀ ਗੋਦ ਵਿੱਚ ਜਾ ਬਿਰਾਜੇਗਾ ਅਤੇ ਉਸ ਦੇ ਬਚਨ, "ਬਾਬਾ ਜੀ ਮੈਂ ਤੁਹਾਡੇ ਕੋਲੋਂ ਨਹੀਂ ਪੜ੍ਹਨਾ," ਸੱਚਮੁਚ ਹੀ ਪੂਰੇ ਹੋ ਜਾਣਗੇ।

ਸੰਤ ਜੀ ਮਹਾਰਾਜ ਸਹਿਜ ਸੁਭਾਅ ਇਹ ਬਚਨ ਆਖ ਕੇ ਕਿ "ਬੱਚੇ ਦਾ ਸਰੀਰ ਵਲਾਇਤੀ ਹੋ ਗਿਆ ਹੈ, ਦੌਰੇ ਚਲੇ ਗਏ। ਉਹਨਾਂ ਦੇ ਜਾਣ ਤੋਂ ਕੁਝ ਦਿਨ ਮਗਰੋਂ ਹੀ ਭੁਝੰਗੀ ਹਰੀ ਸਿੰਘ ਖੁਨਾਕ ਰੋਗ ਨਾਲ ਬਹੁਤ ਸਖ਼ਤ ਬੀਮਾਰ ਹੋ ਗਿਆ। ਬੁਖਾਰ ਬਹੁਤ ਜ਼ੋਰ ਦਾ ਚੜ੍ਹ ਗਿਆ। ਜਦ ਦਾਸ ਨੇ ਪੁੱਛਿਆ, ਕਾਕਾ, ਤੈਨੂੰ ਬੁਖਾਰ ਬਹੁਤ ਜ਼ੋਰ ਦਾ ਚੜ੍ਹ ਗਿਆ ਹੈ ਤਾਂ ਭੁਝੰਗੀ ਬੜੇ ਜੋਸ਼ ਬਾਲ ਬੋਲ ਉਠਿਆ, "ਨਹੀਂ, ਬਾਬਾ ਜੀ ਮੈਂ ਬੁਖਾਰ ਨੂੰ ਚੜ੍ਹਿਆ ਹੋਇਆ ਹਾਂ,।" ਅੱਠ ਦਿਨ ਬੀਮਾਰ ਰਿਹਾ, ਪਰ ਇਹਦੇ ਸੁੰਦਰ ਮੁਖੜੇ ਵਿੱਚੋਂ ਰਜ਼ਾ ਦੇ ਉਲਟ ਇੱਕ ਅੱਖਰ ਵੀ ਨਹੀਂ ਨਿਕਲਿਆ। ਬੀਮਾਰੀ ਦੇ ਛੇਵੇਂ ਦਿਨ ਮਾਤਾ ਨੇ ਪੁੱਛਿਆ, "ਬੱਚਾ ਕਦੋਂ ਰਾਜੀ ਹੋਵੇਂਗਾ ?" ਕਹਿਣ ਲੱਗਾ, "ਮਾਮਾ, ਪਰਸੋਂ ਰਾਜ਼ੀ ਹੋ ਜਾਊਂ ਤੇ ਮੇਰੇ ਯਾਰਾਂ ਨੂੰ ਕੜਾਹ ਪ੍ਰਸ਼ਾਦ ਬਣਾ ਕੇ ਛਕਾ ਦੇ।" ਉਸ ਵੇਲੇ ਭਾਈ ਕਿਸ਼ਨ ਸਿੰਘ ਜੀ ਵੈਦ ਬੜਖਾ ਕਾਕੇ ਨੂੰ ਵੇਖਣ ਆਏ ਹੋਏ ਸਨ। ਪਹਿਲਾਂ ਤਾਂ ਬੱਚਾ ਉਹਨਾਂ ਨੂੰ ਨਬਜ਼ ਨਾ ਵਿਖਾਏ, ਪਰ ਜਦ ਦਾਸ ਨੇ ਆਖਿਆ ਕਿ ਸੰਤ ਜੀ ਮਹਾਰਾਜ ਦੇ ਪ੍ਰੇਮੀ ਹਨ ਤਾਂ ਉਸੇ ਵੇਲੇ ਹੱਥ ਅੱਗੇ ਕਰ ਦਿੱਤਾ। ਹਕੀਮ ਨਬਜ਼ ਵੇਖ ਦਵਾਈ ਦੇ ਕੇ ਚਲਾ ਗਿਆ ਅਤੇ ਆਖ ਗਿਆ ਕਿ ਭੁਝੰਗੀ ਦੇ ਗਲੇ ਤੇ ਕੜਾਹ ਪ੍ਰਸ਼ਾਦ ਬੰਨ੍ਹ ਦਿਓ। ਮਾਤਾ ਨੂੰ ਕਾਕੇ ਦਾ ਬਚਨ "ਮੇਰੇ ਯਾਰਾਂ ਨੂੰ ਕੜਾਹ ਪ੍ਰਸ਼ਾਦ ਛਕਾ ਦੇ," ਭੁੱਲ ਗਿਆ। ਜਦ ਵੈਦ ਦੀ ਆਗਿਆ ਅਨੁਸਾਰ ਲੇਟੀ ਬਣਾ ਕੇ ਭੁਝੰਗੀ ਦੇ ਗਲ ਤੇ ਬੰਨੀ, ਤਦ ਭੁਝੰਗੀ ਨੇ ਖੋਲ੍ਹ ਕੇ ਸੁੱਟ ਦਿਤੀ ਅਤੇ ਆਖਿਆ, "ਮਾਮਾ, ਤੂੰ ਮੇਰੇ ਯਾਰਾਂ ਨੂੰ ਕੜਾਹ ਪ੍ਰਸ਼ਾਦ ਨਹੀ ਛਕਾਇਆ। ਅੱਛਾ ਹੁਣ ਉਹਨਾਂ ਨੂੰ ਪਤਾਸਿਆਂ ਦਾ ਸ਼ਰਬਤ ਹੀ ਪਿਆ ਦੇ।" ਉਸੇ ਵੇਲੇ ਸਾਰੇ ਬੱਚਿਆਂ ਨੂੰ ਸੱਦ ਕੇ ਹਰੀ ਸਿੰਘ ਦੇ ਸਾਹਮਣੇ ਸ਼ਰਬਤ ਛਕਾਇਆ ਅਤੇ ਭੁਝੰਗੀ ਅਨੰਦ ਹੋ ਗਿਆ।

ਇਸ ਦਿਨ ਅੰਮ੍ਰਿਤ ਵੇਲੇ ਸੰਤ ਗੁਲਾਬ ਸਿੰਘ ਭੁਝੰਗੀ ਦੀ ਸੁਰਤ ਲੈਣ ਆਏ। ਉਹਨਾਂ ਨੇ ਦਾਸ ਨੂੰ ਆਖਿਆ ਕਿ ਰਾਤ ਦੇ ਸਮੇਂ ਜਦ ਅਸੀ ਸ਼ਬਦ ਦੇ ਅਭਿਆਸ ਵਿੱਚ ਜੁੜੇ ਹੋਏ ਸੀ, ਤਦ ਅਸੀਂ ਕੀ ਦੇਖਦੇ ਹਾਂ ਕਿ ਇੱਕ ਛਿਨ ਮਾਤਰ ਵਿੱਚ ਗੁਰੂ ਸਾਗਰ ਸਾਹਿਬ ਮਸਤੂਆਣੇ ਦੇ ਸਾਹਮਣੇ ਦੇ ਮੈਦਾਨ ਵਿੱਚ ਤੰਬੂ ਅਤੇ ਕਨਾਤਾਂ ਲੱਗ ਗਈਆਂ ਹਨ। ਇੱਕ ਸ਼ਾਹੀ ਸ਼ਾਮਇਆਨੇ ਵਿੱਚ ਸੁੰਦਰ ਤਖਤ ਸੱਜਿਆ ਹੋਇਆ ਹੈ ਅਤੇ ਉਸ ਉੱਪਰ ਕਲਗੀਧਰ ਪਿਤਾ ਬਿਰਾਜਮਾਨ ਹਨ। ਸਾਹਮਣੇ ਗੁਰੂ ਦੀਆਂ ਸੰਗਤਾਂ ਦੀਵਾਨ ਵਿੱਚ ਸਜੀਆਂ ਹੋਈਆਂ ਹਨ। ਪ੍ਰੇਮੀ ਭੇਟਾ ਚੜ੍ਹਾ, ਦੀਵਾਨ ਵਿੱਚ ਸਜੀ ਜਾਂਦੇ ਹਨ। ਬੜੀ ਆਵਾਜਾਈ ਲੱਗੀ ਹੋਈ ਸੀ। ਦਾਸ ਨੇ ਬੜੇ ਅਦਬ ਨਾਲ ਨਮਸਕਾਰ ਕੀਤੀ। ਥੋੜ੍ਹੇ ਚਿਰ ਵਿੱਚ ਹੀ ਇਹ ਅਦੁੱਤੀ, ਅਦਭੁਤ ਅਤੇ ਰੱਬੀ ਨਜ਼ਾਰਾ ਮੇਰੇ ਸਾਹਮਣੇ ਤੋਂ ਦੂਰ ਹੋ ਗਿਆ। ਤੁਹਾਡੇ ਪਾਸ ਆਉਣ ਤੋਂ ਪਹਿਲਾਂ ਮੈਂ ਸਤਿਗੁਰੂ ਦੇ ਦਰਸ਼ਨ ਦਾ ਜ਼ਿਕਰ ਸੰਤ

ਜੀ ਮਹਰਾਜ ਦੀ ਮਾਤਾ ਜੀ ਪਾਸ ਵਰਨਣ ਕੀਤਾ। ਉਹ ਕੰਬ ਉੱਠੇ ਅਤੇ ਆਖਿਆ, "ਬੱਚਾ, ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤੁਹਾਨੂੰ ਜਾਂ ਸੰਤ ਜੀ ਮਹਾਰਾਜ ਨੂੰ ਲੈਣ ਆਏ ਹਨ।"

ਹੁਣ ਹਰੀ ਸਿੰਘ ਦੀ ਬੀਮਾਰੀ ਨੇ ਬਹੁਤ ਜ਼ੋਰ ਪਕੜ ਲਿਆ। ਸਾਧ ਸੰਗਤ ਨੇ ਗੁਰਮਤਾ ਕੀਤਾ ਕਿ ਅਖੰਡ ਪਾਠ ਆਰੰਭ ਕੀਤਾ ਜਾਏ। ਕੜਾਹ ਪ੍ਰਸ਼ਾਦ ਦੀ ਦੇਗ ਤਿਆਰ ਹੋਣ ਦੇ ਮਗਰੋਂ ਹਰੀਮੰਦਰ ਸਾਹਿਬ ਵਿੱਚ ਅਖੰਡ ਪਾਠ ਸ਼ੁਰੂ ਹੋ ਗਿਆ। ਰਾਤ ਦੇ ਸਮੇਂ ਜਦ ਭੁਝੰਗੀ ਦੀ ਮੰਜੀ, ਸਰੋਵਰ ਦੀ ਪ੍ਰਕਰਮਾ ਵਿਚ ਡਾਹੀ ਤਾਂ ਦਾਸ ਨੇ ਪੁੱਛਿਆ, "ਕਾਕਾ, ਸੰਤ ਜੀ ਮਹਾਰਾਜ ਨੂੰ ਸੱਦ ਭੇਜੀਏ।" ਹਰੀ ਸਿੰਘ ਬੋਲਿਆ, "ਬਾਬਾ ਜੀ ਸੰਤ ਮੇਰੇ ਕੋਲ ਬੈਠੇ ਹਨ, ਸੰਤ ਸਰਬ-ਵਿਆਪੀ ਹੁੰਦੇ ਹਨ।" ਆਪਣੇ ਆਤਮ ਮਿਲਾਪ ਦਾ ਇਹ ਝਲਕਾਰਾ ਦਿਖਾ ਕੇ ਦੂਜੇ ਦਿਨ ਅੰਮ੍ਰਿਤ ਵੇਲੇ ਅਖੰਡ ਪਾਠ ਦੇ ਮੱਧ ਦੇ ਵੇਲੇ ਭੁਝੰਗੀ ਗੁਰਪੁਰੀ ਸਿਧਾਰ ਗਿਆ।

ਸਾਧ ਸੰਗਤ ਨੇ ਗੁਰੂਸਾਗਰ ਸਾਹਿਬ ਦੀ ਧਰਤੀ ਵਿਖੇ ਹੀ ਭੁਝੰਗੀ ਦਾ ਸਸਕਾਰ ਕੀਤਾ ਅਤੇ ਜਦ ਅਖੰਡ ਪਾਠ ਦਾ ਭੋਗ ਪਿਆ ਤਦ ਇਹ ਵਾਕ ਨਿਕਲਿਆ:

**ਆਸਾ ਮਹਲਾ ੫ ॥**
**ਥਿਰੁ ਸੰਤਨ ਸੋਹਾਗੁ ਮਰੈ ਨ ਜਾਵਏ ॥**
**ਜਾ ਕੈ ਗ੍ਰਿਹਿ ਹਰਿ ਨਾਹੁ ਸੁ ਸਦ ਹੀ ਰਾਵਏ ॥**
**ਅਵਿਨਾਸੀ ਅਵਿਗਤੁ ਸੋ ਪ੍ਰਭੁ ਸਦਾ ਨਵਤਨੁ ਨਿਰਮਲਾ ॥**
**ਨਹ ਦੂਰਿ ਸਦਾ ਹਦੂਰਿ ਠਾਕੁਰੁ ਦਹ ਦਿਸ ਪੂਰਨੁ ਸਦ ਸਦਾ ॥**
**ਪ੍ਰਾਨਪਤਿ ਗਤਿ ਮਤਿ ਜਾ ਤੇ ਪ੍ਰਿਅ ਪ੍ਰੀਤਿ ਪ੍ਰੀਤਮੁ ਭਾਵਏ ॥**
**ਨਾਨਕੁ ਵਖਾਣੈ ਗੁਰ ਬਚਨਿ ਜਾਣੈ ਥਿਰੁ ਸੰਤਨ ਸੋਹਾਗੁ ਮਰੈ ਨ ਜਾਵਏ ॥੧॥ (੪੫੭)**

ਭੁਝੰਗੀ ਦੀ ਮਾਤਾ ਦੇ ਹਿਰਦੇ ਤੇ ਬੱਚੇ ਦੀ ਚੜ੍ਹਾਈ ਦੀ ਡਾਢੀ ਸੱਟ ਵੱਜੀ। ਦੋ ਕੁ ਦਿਨ ਮਗਰੋਂ ਇਹ ਵੀ ਖਬਰ ਉਡ ਗਈ ਕਿ ਸੰਤ ਜੀ ਮਹਾਰਾਜ ਜੋਤੀ-ਜੋਤ ਸਮਾ ਗਏ ਹਨ। ਪਰ ਕੁਝ ਦਿਨ ਮਗਰੋਂ ਸੰਤ ਜੀ ਮਹਾਰਾਜ ਸੰਗਰੂਰ ਪੁੱਜ ਗਏ। ਦਾਸ ਦਰਸ਼ਨ ਲਈ ਗਿਆ। ਸੰਤ ਜੀ ਮਹਾਰਾਜ ਨੇ ਪੁੱਛਿਆ ਕਿ ਭਾਈ ਭੁਝੰਗੀ ਦੀ ਚੜ੍ਹਾਈ ਦਾ ਕੋਈ ਖੇਦ ਤਾਂ ਨਹੀਂ ਮੰਨਿਆ। ਦਾਸ ਨੇ ਹੱਥ ਜੋੜ ਕੇ ਅਰਜ਼ ਕੀਤੀ ਕਿ ਸੱਚੇ ਪਾਤਿਸ਼ਾਹ, ਇਹ ਸਾਰੀ ਖੇਡ ਆਪ ਦੀ ਵਰਤਾਈ ਹੋਈ ਹੈ। ਦੂਜੇ ਦਿਨ ਹੀ ਭੁਝੰਗੀ ਦੀ ਮਾਤਾ ਦੇ ਹਿਰਦੇ ਦਾ ਕਸ਼ਟ ਅਨੁਭਵ ਕਰਦੇ ਹੋਏ, ਸੰਤ ਗੁਰੂਸਾਗਰ ਸਾਹਿਬ ਆ ਗਏ ਅਤੇ ਸਿੱਧਾ ਦਾਸ ਦੇ ਬੁੰਗੇ ਪੁੱਜੇ। ਕਾਕੇ ਦੀ ਮਾਤਾ ਦੇ ਸਿਰ ਤੇ ਹੱਥ ਰੱਖਿਆ ਅਤੇ ਆਖਿਆ, "ਬੀਬੀ, ਕੋਈ ਦੁੱਖ ਤੇ ਨਹੀਂ ਮੰਨ ਲਿਆ ?" ਸੰਤ ਜੀ ਮਹਾਰਾਜ ਇਹ ਖੇਲ ਕਰਕੇ ਆਪਣੇ ਆਸਣ 'ਤੇ ਚਲੇ ਗਏ ਅਤੇ ਆਪਣੀ ਕਿਰਪਾ ਦ੍ਰਿਸ਼ਟੀ ਦੁਆਰਾ ਦਾਸ ਨੂੰ ਸ਼ੁਕਰ ਦੇ ਮੰਡਲ ਵਿੱਚ ਪਹੁੰਚਾ ਦਿੱਤਾ, ਪਰ ਭੁਝੰਗੀ ਦੀ ਮਾਤਾ ਬਹੁਤ ਚਿਰ ਸੰਭਲ ਨਾ ਸਕੇ। ਇੱਕ ਰਾਤ ਹੀ ਰਹਿ ਕੇ, ਦੂਜੇ ਦਿਨ ਸੰਤ ਜੀ ਮਹਾਰਾਜ ਫੇਰ ਸੰਗਰੂਰ ਜਾ ਪੁੱਜੇ ਅਤੇ ਉਥੋਂ ਨਗਰਾਂ ਦੀਆਂ ਸੰਗਤਾਂ ਨੂੰ ਨਿਹਾਲ ਕਰਨ ਲਈ ਦੌਰੇ ਤੇ ਚਲੇ ਗਏ।

ਭੁਝੰਗੀ ਦੇ ਚਲਾਣੇ ਦੀ ਖਬਰ ਸਾਰੇ ਅਖਬਾਰਾਂ ਵਿੱਚ ਛਪ ਗਈ। ਮਲਾਇਆ, ਹਾਂਗ-ਕਾਂਗ, ਸ਼ੰਘਾਈ, ਵਿਕਟੋਰੀਆ, ਵੈਨਕੂਵਰ, ਸਟਾਕਟਨ ਦੀਆਂ ਸੰਗਤਾਂ ਨੇ ਥਾਂ ਥਾਂ ਅਖੰਡ ਪਾਠ ਰਖਵਾਏ ਅਤੇ ਏਸ ਹੋਣਹਾਰ ਬੱਚੇ ਦੇ ਵਿਛੋੜੇ ਦਾ ਸੱਲ ਸਾਰਿਆਂ ਨੇ ਅਨੁਭਵ ਕੀਤਾ।

ਇਸ ਖ਼ਬਰ ਛਪਣ ਦਾ ਇਹ ਵੀ ਨਤੀਜਾ ਹੋਇਆ ਕਿ ਸਾਰੇ ਗੁਰੂ ਖ਼ਾਲਸੇ ਜੀ ਨੂੰ ਦਾਸ ਦੇ ਗੁਰੂਸਾਗਰ ਸਾਹਿਬ ਮਸਤੂਆਣੇ ਵਿੱਚ ਪੱਕਾ ਟਿਕਣ ਦਾ ਪਤਾ ਲੱਗ ਗਿਆ। ਹਰ ਰੋਜ਼ ਕਈ ਚਿੱਠੀਆਂ ਆਉਣ ਲੱਗ ਪਈਆਂ ਕਿ ਆ ਕੇ ਦਰਸ਼ਨ ਦਿਓ। ਸੰਤ ਜੀ ਮਹਾਰਾਜ ਦਾ ਹੁਕਮਬੰਦ ਹੋਣ ਕਰਕੇ ਦਾਸ ਸਭ ਨੂੰ ਨਾਂਹ ਹੀ ਕਰਦਾ ਰਿਹਾ **ਪਰ ਹਰ ਇੱਕ ਇਨਸਾਨੀ ਹਿਰਦੇ ਵਿੱਚ ਲੈਕਚਰ ਕਰਕੇ ਵਾਹ-ਵਾਹ ਕਰਾਉਣ ਦੀ ਮਾਨ ਵਡਿਆਈ ਲੈਣ ਦੀ ਸੂਖਸ਼ਮ ਇੱਛਾ ਹੁੰਦੀ ਹੈ। ਜਦ ਤੀਕਰ ਸਤਿਗੁਰੂ ਸੱਚੇ ਪਾਤਸ਼ਾਹ ਆਪਣੀ ਮਿਹਰ ਦੁਆਰਾ ਏਸ ਦੀ ਜੜ੍ਹ ਨਾ ਕੱਟ ਦੇਣ, ਇਹ ਕਮਜ਼ੋਰੀ ਕਦੀ ਨਾ ਕਦੀ ਬੰਦੇ ਨੂੰ ਆਦਰਸ਼ ਤੋਂ ਡੇਗ ਦਿੰਦੀ ਹੈ।** ਜਦ ਛੇ ਕੁ ਮਹੀਨੇ ਲਗਾਤਾਰ ਚਿੱਠੀਆਂ ਆਉਦੀਆਂ ਰਹੀਆਂ, ਤਦ ਇੱਕ ਦਿਨ ਦਾਸ ਦੇ ਹਿਰਦੇ ਵਿੱਚ ਇਹ ਸੂਖਮ ਸੰਕਲਪ ਜਾਗ ਪਿਆ ਅਤੇ ਹੁਕਮ ਅਦੂਲੀ ਕਰਕੇ ਮਾਨ ਵਡਿਆਈ ਲਈ ਬਾਹਰ ਜਾਣ ਦੀ ਇੱਛਾ ਪੈਦਾ ਹੋ ਗਈ, ਪਰ ਜਿਸ ਦੇ ਸਿਰ 'ਤੇ ਪੂਰੇ ਸਤਿਗੁਰੂ ਦਾ ਹੱਥ ਹੋਵੇ, ਓਸ ਨੂੰ ਆਪ ਹੀ ਡਿਗਣ ਤੋਂ ਬਚਾ ਲੈਂਦਾ ਹੈ। ਰਾਤ ਦੇ ਸਮੇਂ ਜਦ ਦਾਸ ਬਿਰਾਜ ਗਿਆ, ਤਦ ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਇੱਕ ਬੜਾ ਉੱਚਾ ਸੂਰਜ ਵਤ ਚਮਕਦਾ ਬੁਰਜ ਦਿਖਾਇਆ। ਇਸ ਵੱਲ ਉਂਗਲ ਕਰਕੇ ਆਖਿਆ, "ਬੱਚਾ! ਕਾਹਲਾ ਨਾ ਪਉ, ਅਸੀਂ ਗੁਰੂਸਾਗਰ ਸਾਹਿਬ ਦੀ ਧਰਤੀ ਉੱਤੇ ਹੀ ਗਿਆਨ ਦਾ ਪ੍ਰਕਾਸ਼ ਕਰਾਂਗੇ।" ਓਸੇ ਵੇਲੇ ਚਿੱਤ ਸ਼ਾਂਤ ਹੋ ਗਿਆ ਅਤੇ ਸੰਤ ਜੀ ਮਹਾਰਾਜ ਦੇ ਹੁਕਮ ਉਲੰਘਨ ਦਾ ਜੋ ਸੰਕਲਪ ਪੈਦਾ ਹੋਇਆ ਸੀ, ਨਸ਼ਟ ਹੋ ਗਿਆ।

ਇੱਕ ਦਿਨ ਦਾਸ ਦੇ ਹਿਰਦੇ ਵਿੱਚ ਇਹ ਸੰਕਲਪ ਪੈਦਾ ਹੋਇਆ, ਸੱਚੇ ਪਾਤਸ਼ਾਹ (ਸੰਤ ਜੀ ਮਹਾਰਾਜ), ਜਿਹੜੇ ਸੇਵਕ ਹਜ਼ੂਰ ਦੇ ਚਰਨਾਂ ਵਿਚ ਰਹਿ ਕੇ ਹਜ਼ੂਰ ਦਾ ਹਰ ਰੋਜ਼ ਇਸ਼ਨਾਨ ਕਰਾਉਂਦੇ ਹਨ, ਉਹ ਬੜੇ ਹੀ ਵਡਭਾਗੀ ਹਨ। ਓਸੇ ਰਾਤ ਹੀ ਬੇਤਾਰ-ਤਾਰ ਦੁਆਰਾ ਇਹ ਜਵਾਬ ਮਿਲਿਆ, "**ਭਾਈ! ਏਸ ਸਮੇਂ ਦੋ ਵਜੇ ਉੱਠ, ਇਸ਼ਨਾਨ ਪਾਣੀ ਕਰ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਅਸਥਾਨ ਵਿੱਚ ਝਾੜੂ ਦੇਣਾ, ਓਹੋ ਹੀ ਸੇਵਾ ਹੈ ਜਿਹੜੀ ਬਾਬਾ ਅਮਰਦਾਸ ਜੀ, ਗੁਰੂ ਅੰਗਦ ਦੇਵ ਜੀ ਮਹਾਰਾਜ ਦੀ ਹਰ ਰੋਜ਼ ਅੰਮ੍ਰਿਤ ਵੇਲੇ ਖਡੂਰ ਸਾਹਿਬ ਵਿਖੇ ਕਰਦੇ ਸਨ।**" ਇਸ਼ਾਰਾ ਸਮਝ, ਦੂਜੇ ਦਿਨ ਤੋਂ ਹੀ ਦਾਸ ਨੇ ਹਰਿਮੰਦਰ ਸਾਹਿਬ ਵਿੱਚ ਝਾੜੂ ਦੀ ਸੇਵਾ ਅਰੰਭ ਕਰ ਦਿੱਤੀ। ਸੰਤ ਜੀ ਮਹਾਰਾਜ ਦੀ ਮਿਹਰ ਦੁਆਰਾ, ਦਾਸ ਦਾ ਨਿੱਤਨੇਮ ਇਹ ਪ੍ਰੋਗਰਾਮ ਬਣ ਗਿਆ, ਅੰਮ੍ਰਿਤ ਵੇਲੇ ਸਵਾ ਪਹਿਰ ਤੜਕੇ ਜਾਗਣਾ, ਹਾੜ ਸਿਆਲ ਸਰੋਵਰ ਵਿੱਚ ਇਸ਼ਨਾਨ ਕਰਨਾ, ਹਰਿਮੰਦਰ ਵਿੱਚ ਝਾੜੂ ਦੇ ਕੇ, ਦਰੀਆਂ ਝਾੜ ਵਿਛਾਉਣਾ। ਇਸ ਸੇਵਾ ਦੇ ਨਾਲ-ਨਾਲ ਜਪੁ ਜੀ ਸਾਹਿਬ ਅਤੇ ਜਾਪ ਸਾਹਿਬ ਦਾ ਪਾਠ ਪੂਰਾ ਕਰ ਲੈਣਾ। ਫੇਰ ਆਪਣੇ ਆਸਣ 'ਤੇ ਆ ਕੇ, ਕੁਝ ਚਿਰ ਸਿਮਰਨ ਵਿੱਚ ਜੁੜ, ਸੁਖਮਨੀ ਸਾਹਿਬ ਅਤੇ ਅਨੰਦ ਸਾਹਿਬ ਦਾ ਪਾਠ ਪੋਥੀ ਤੋਂ ਕਰ, ਹਰਿਮੰਦਰ ਸਾਹਿਬ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰ, ਆਸਾ ਜੀ ਦੀ ਵਾਰ ਦਾ ਕੀਰਤਨ ਕਰਨਾ। ਭੋਗ ਦੇ ਮਗਰੋਂ ਜਲ-ਪਾਣੀ ਛਕ, ਕਹੀ ਟੋਕਰੀ ਜਾਂ ਹੁਕਮ ਅਨੁਸਾਰ ਹੋਰ ਹੱਥੀ ਸੇਵਾ ਕਰਨਾ। ਫੇਰ ਬਾਰਾਂ ਵਜੇ ਤੀਕਰ ਬੱਚਿਆਂ ਦੀ ਪੜ੍ਹਾਈ ਕਰਾਉਣਾ। ਪ੍ਰਸ਼ਾਦ ਛਕ, ਕੁਝ ਚਿਰ ਅਰਾਮ ਕਰ, ਬੱਚਿਆਂ ਦੀ ਪੜ੍ਹਾਈ ਅਤੇ ਫੇਰ ਕੁਝ ਚਿਰ ਹੱਥੀਂ ਸੇਵਾ ਕਰਨਾ। ਫੇਰ ਰਹਿਰਾਸ ਦੇ ਪਾਠ ਮਗਰੋਂ ਪ੍ਰਸ਼ਾਦ ਛੱਕ, ਰਾਤ ਲਈ ਅਰਾਮ ਕਰਨਾ।

ਜਦੋਂ ਦਾਸ ਗੁਜਰਾਂਵਾਲੇ ਜਾਣ ਦਾ ਸੰਕਲਪ ਤਿਆਗ ਕੇ ਗੁਰੂਸਾਗਰ ਸਾਹਿਬ ਟਿੱਕ ਗਿਆ, ਓਸ ਸਮੇਂ ਸੰਤ ਹੀ ਮਹਾਰਾਜ ਨੇ ਆਪਣੇ ਇੱਕ ਸੇਵਕ, ਭਾਈ ਕਿਸ਼ਨ ਸਿੰਘ ਜੀ, ਪਿੰਡ ਸਾਰੋਂ ਨੂੰ ਹੁਕਮ ਕੀਤਾ ਕਿ ਭਾਈ! ਹਰ ਮਹੀਨੇ ਭਾਈ ਤੇਜਾ ਸਿੰਘ ਨੂੰ ਪੰਜ ਸੇਰ ਘਿਓ ਪਹੁੰਚਾ ਦਿਆ ਕਰੋ। ਦੋ ਕੁ ਮਹੀਨੇ ਮਗਰੋਂ ਸੰਤ ਜੀ ਮਹਾਰਾਜ ਨੇ ਚੁਪੀਤੇ ਹੀ ਪ੍ਰੇਮੀ ਨੂੰ ਸਮਝਾ ਦਿੱਤਾ ਕਿ ਹੁਣ ਘਿਓ ਪੁਚਾਣ ਦੀ ਕੋਈ ਲੋੜ ਨਹੀਂ

ਦਾਸ ਇਹ ਇਸ਼ਾਰਾ ਸਮਝ ਗਿਆ ਅਤੇ ਸਤਿਗੁਰੂ ਦੀ ਮਿਹਰ ਤੇ ਸੰਤ ਜੀ ਦੀ ਕਿਰਪਾ ਦੁਆਰਾ ਗੁਰੂਸਾਗਰ ਸਾਹਿਬ ਮਸਤੂਆਣੇ ਤੇ ਮਠੱਲ੍ਹ, ਬਦਾਮਾਂ ਦੀ ਦਾਲ, ਰੋਤ੍ਹ ਪ੍ਰਸ਼ਾਦ ਅੰਮ੍ਰਿਤ ਭੋਜਨ ਬਣ ਗਏ। ਐਸਾ ਰਸ ਆਵੇ ਕਿ ਸਾਰੀ ਸ੍ਰਿਸ਼ਟੀ ਦੇ ਭੋਜਨਾਂ ਵਿੱਚ ਕਦੀਂ ਵੀ ਨਹੀਂ ਸੀ ਆਇਆ। ਦੋ ਵਰ੍ਹੇ ਉਪਰ ਲਿਖਿਆ ਪ੍ਰੋਗਰਾਮ ਕਰਤਾਰ ਨੇ ਸਿਰ ਤੇ ਹੱਥ ਰੱਖ ਕੇ ਇਸੇ ਤਰ੍ਹਾਂ ਹੀ ਨਿਭਾਇਆ।

ਗੁਰੂਸਾਗਰ ਸਾਹਿਬ ਵਿਖੇ ਦਾਸ ਦੀ ਛੋਟੀ ਭੈਣ ਨਰਾਇਣ ਦੇਵੀ ਤੇ ਸੰਤ ਜੀ ਮਹਾਰਾਜ ਦੀ ਅਪਾਰ ਕਿਰਪਾ ਹੋਈ। ਇਹ ਆਪਣੇ ਵੱਡੇ ਪੁੱਤਰ ਸੁਰਿੰਦਰ ਸਿੰਘ ਸਮੇਤ ਏਥੇ ਆਈ ਤੇ ਦੋਹਾਂ ਨੇ ਬੜੇ ਪ੍ਰੇਮ ਨਾਲ ਅੰਮ੍ਰਿਤ ਛਕਿਆ। ਬੀਬੀ ਨੇ ਸਤਿਗੁਰੂ ਸੱਚੇ ਪਾਤਿਸ਼ਾਹ ਦੀ ਅਤੁਟ ਸੇਵਾ ਕੀਤੀ। ਸਤਿਸੰਗ ਦੀ ਕ੍ਰਿਪਾ ਦੁਆਰਾ ਇਸ ਤੇ ਨਾਮ ਬਾਣੀ ਦਾ ਗੂੜ੍ਹਾ ਰੰਗ ਚੜ੍ਹ ਗਿਆ।

ਕੁਝ ਮਹੀਨਿਆਂ ਮਗਰੋਂ ਇਹ ਆਪਣੇ ਪਤੀ ਬਾਵਾ ਹਰਬੰਸ ਸਿੰਘ ਜੀ ਬੇਦੀ ਪਾਸ, ਲੂਣ ਮਿਆਣੀ ਚਲੀ ਗਈ। ਹੁਣ ਅਕਾਲ ਪੁਰਖ ਦੇ ਹੁਕਮ ਅੰਦਰ ਇਹਦੀ ਚੜ੍ਹਾਈ ਦਾ ਸਮਾਂ ਆ ਗਿਆ। ਇਸ ਦੇ ਪਤੀ ਦੁਆਰਾ, ਦਾਸ ਨੇ ਇਹ ਅਸਚਰਜ ਵਾਰਤਾ ਸੁਣੀ। ਬੀਬੀ ਬਿਲਕੁਲ ਅਰੋਗ, ਇੱਕ ਦਿਨ ਅੰਮ੍ਰਿਤ ਵੇਲੇ ਇਸ਼ਨਾਨ ਪਾਣੀ ਕਰ, ਨਾਮ ਬਾਣੀ ਵਿੱਚ ਬਿਰਤੀ ਜੋੜ, ਆਪਣੇ ਪਤੀ ਨੂੰ ਕਹਿਣ ਲੱਗੀ, "ਸਾਡੀ ਹੁਣ ਤਿਆਰੀ ਹੈ। ਉਹ ਸ਼ਹੀਦ ਸਿੰਘ ਘੋੜਾ ਲਈ ਖੜੇ ਹਨ।" ਇਹ ਬਚਨ ਕਰਦਿਆ ਹੀ ਸਰੀਰ ਤਿਆਗ ਦਿੱਤਾ ਅਤੇ ਸਤਿਗੁਰੂ ਕਲਗੀਆਂ ਵਾਲੇ ਦੇ ਚਰਨਾਂ ਵਿਚ ਹਾਜ਼ਰ ਹੋ ਗਈ।

ਭੁਝੰਗੀ ਹਰੀ ਸਿੰਘ ਦੇ ਚਲਾਣੇ ਤੋਂ ਕੁਝ ਚਿਰ ਮਗਰੋਂ ਦਾਸ ਇੱਕ ਰਾਤ ਆਪਣੇ ਬੁੰਗੇ ਦੀ ਛੱਤ ਤੇ ਪਿਆ ਸੀ। ਰਾਤ ਦੇ ਇੱਕ ਵਜੇ ਦੇ ਨੇੜੇ ਦਾਸ ਦੇ ਰੋਮ ਰੋਮ ਵਿੱਚ ਇੱਕ ਬੜੀ ਤੀਖਣ ਤੇ ਅਸਚਰਜ ਸ਼ਕਤੀ ਪ੍ਰਵੇਸ਼ ਕਰ ਗਈ। ਦਾਸ ਨੂੰ ਇਹ ਭਾਸਿਆ ਕਿ ਇੱਕ ਸ਼ਹੀਦ ਘੋੜੇ ਤੇ ਸਵਾਰ ਅਤੇ ਬਹੁਤ ਸਾਰੇ ਸ਼ਹੀਦ ਸਿੰਘਾਂ ਦੀ ਸਵਾਰੀ ਬੜੀ ਤੇਜ਼ੀ ਨਾਲ ਲੰਘੀ ਹੈ। ਇਹ ਸ਼ਕਤੀ ਐਨੀ ਅਸਚਰਜ ਸੀ ਕਿ ਇਸ ਸਮੇਂ ਅਭਿਆਸ ਦੇ ਘੱਟ ਹੋਣ ਕਰਕੇ ਦਾਸ ਦੀ ਚੀਕ ਨਿਕਲ ਗਈ। ਅਸੀਂ ਉਠ ਕੇ ਬੈਠ ਗਏ ਤੇ ਵਾਹਿਗੁਰੂ ਦਾ ਜਾਪ ਕਰਨ ਲੱਗ ਪਏ। ਅਜੇ ਬੈਠਦਿਆਂ ਪਲ ਕੁ ਹੋਇਆ ਸੀ ਕਿ ਬੜੀ ਮਧੁਰ ਸੁਰ ਵਿੱਚ ਹਰਿਮੰਦਰ ਸਾਹਿਬ ਵਿੱਚ ਕੀਰਤਨ ਸ਼ੁਰੂ ਹੋ ਗਿਆ। ਸਾਜ ਬੜੇ ਨਿੰਮ੍ਹੇ ਨਿੰਮ੍ਹੇ ਵਜਦੇ ਰਹੇ। ਜਦ ਘੰਟੇ ਕੁ ਮਗਰੋਂ ਦੋ ਵਜੇ ਦਾ ਨਗਾਰਾ ਵੱਜਿਆ ਤਾਂ ਇਹ ਕੀਰਤਨ ਬੰਦ ਹੋ ਗਿਆ।

## ਪਰੀਖਿਆ ਦੀ ਕਸਵੱਟੀ

ਗੁਰੂਸਾਗਰ ਸਾਹਿਬ ਮਸਤੂਆਣੇ ਵਿਖੇ ਬਹੁਤ ਸਾਰੇ ਪ੍ਰੇਮੀਆਂ ਦੇ ਚਿਤ ਵਿੱਚ ਇਹ ਖਿਆਲ ਪੈਦਾ ਹੋ ਗਿਆ ਕਿ ਅਸੀਂ ਸਾਲਾਂ ਬੱਧੀ ਅਸਥਾਨ ਦੀ ਟੋਕਰੀ ਢੋਈ ਹੈ; ਇਹ ਨਵਾਂ ਪ੍ਰੇਮੀ ਕਿਧਰੋਂ ਆ ਗਿਆ ਅਤੇ ਇਸ ਨਾਲ ਸੰਤ ਜੀ, ਮਹਾਰਾਜ ਕਿਉਂ ਪ੍ਰੇਮ ਕਰਦੇ ਹਨ। ਇਸ ਖਿਆਲ ਦੇ ਹਿਰਦੇ ਵਿੱਚ ਪਰਪੱਕ ਹੋਣ ਕਰਕੇ, ਸਤਿਗੁਰੂ ਦੇ ਸਵਾਰਿਆ ਨੇ ਕਈ ਜੁਗਤੀਆਂ ਵਰਤਣੀਆਂ ਸ਼ੁਰੂ ਕਰ ਦਿੱਤੀਆਂ। ਇੱਕ ਪਾਸੇ ਤਾਂ ਭੁਝੰਗੀ ਭੁਝੰਗਣਾਂ ਨੂੰ ਟੋਕਣਾ ਅਤੇ ਔਖਾ ਕਰਨਾ ਸ਼ੁਰੂ ਕਰ ਦਿੱਤਾ ਤਾਂ ਕਿ ਉਹਨਾਂ ਦੀ ਗਿਣਤੀ ਘਟ ਜਾਏ। ਦੂਜੇ ਪਾਸੇ, ਸੰਤ ਜੀ ਮਹਾਰਾਜ ਦੇ ਪਾਸ ਕਈ ਢੰਗਾਂ ਨਾਲ ਸ਼ਿਕਾਇਤਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਪਹਿਲਾਂ ਪਹਿਲਾਂ ਤਾਂ ਸੱਚੇ ਪਾਤਸ਼ਾਹ ਉਹਨਾਂ ਦੀਆਂ ਗੱਲਾਂ ਸੁਨਣ ਤੋ ਉੱਕਾ ਹੀ ਨਾਂਹ ਕਰਦੇ ਰਹੇ। ਫੇਰ ਜਦ ਪ੍ਰੇਮੀ ਨਾ ਟਲੇ ਤਾਂ ਮਹਾਰਾਜ ਜੀ ਨੇ ਸਮਝਾਉਣ ਦਾ ਜਤਨ ਕੀਤਾ ਕਿ ਭਾਈ ਗੁਣੀ ਪੁਰਸ਼ ਅਮੋਲਕ ਹੀਰੇ ਹੁੰਦੇ ਹਨ। ਪਰ ਜਦ ਫੇਰ ਵੀ ਨਾ ਸਮਝੇ ਤਾਂ ਸੰਤ ਜੀ ਮਹਾਰਾਜ ਨੇ ਹੱਦ ਹੀ ਮੁਕਾ ਦਿੱਤੀ ਅਤੇ ਫੁਰਮਾਇਆ,

"ਭਾਈ, ਸ਼ਰਨ ਆਏ ਦੀ ਲਾਜ ਰੱਖਣੀ ਆਦਿ ਤੋਂ ਗੁਰੂ ਘਰ ਦੀ ਮਰਿਯਾਦਾ ਚਲੀ ਆਈ ਹੈ।"

ਉਹਨਾਂ ਦੀਆਂ ਸਾਰੀਆਂ ਸ਼ਿਕਾਇਤਾਂ ਦਾ ਅਮਲੀ ਜਵਾਬ ਦੇਣ ਹਿਤ, ਸੰਤ ਜੀ ਮਹਾਰਾਜ ਦੇ ਹਿਰਦੇ ਵਿੱਚ ਇਹ ਗੱਲ ਆਈ ਕਿ ਦਾਸ ਪਾਸੋ ਕਹੀ ਟੋਕਰੀ ਦੀ ਕਾਰ ਕਰਾ ਕੇ ਪ੍ਰੇਮੀਆਂ ਨੂੰ ਪਰਤੱਖ ਕਰ ਦੇਈਏ ਕਿ ਤੇਜਾ ਸਿੰਘ ਵੀ ਹੁਕਮ ਮੰਨ, ਇਹ ਕਾਰ ਅਡੋਲ ਰਹਿ ਕੇ ਕਰ ਸਕਦਾ ਹੈ।

ਇੱਕ ਦਿਨ ਜਦ ਦਾਸ ਸੰਤ ਜੀ ਮਹਾਰਾਜ ਦੇ ਦਰਸ਼ਨ ਲਈ ਗਿਆ, ਤਦ ਓਸ ਵੇਲੇ ਸਾਧ ਸੰਗਤ ਦੇ ਬਹੁਤ ਸਾਰੇ ਸਰੀਰ, ਮਹਾਰਾਜ ਜੀ ਦੇ ਪਾਸ ਬੈਠੇ ਸਨ। ਦਾਸ ਵੱਲ ਧਿਆਨ ਕਰ ਕੇ ਸੰਤ ਜੀ ਨੇ ਫੁਰਮਾਇਆ, "ਭਾਈ ਤੇਜਾ ਸਿੰਘ ! ਤੁਸੀਂ ਗੁਰੂਸਾਗਰ ਸਾਹਿਬ ਸਰੋਵਰ ਦੀ ਸਾਰੀ ਪ੍ਰਕਰਮਾ, ਪੰਜ ਗਜ਼ ਚੌੜੀ ਅਤੇ ਇਕ ਫੁਟ ਡੂੰਘੀ, ਪੰਜਾਂ ਹਫਤਿਆਂ ਵਿੱਚ ਪੁਟ ਕੇ ਤਿਆਰ ਕਰ ਦਿਓ।" ਦਾਸ ਨੇ ਹੱਥ ਜੋੜ ਅਰਜ਼ ਕੀਤੀ, "ਜੇ ਸੰਗਤ ਨਾਲ ਲਗੇਗੀ ਤਾਂ ਇਹ ਸੇਵਾ ਪੂਰੀ ਹੋ ਜਾਵੇਗੀ।" ਸੰਤ ਜੀ ਨੇ ਫੁਰਮਾਇਆ, "ਨਹੀਂ ਭਾਈ, ਹੋ ਜਾਵੇਗੀ।" ਦਾਸ ਨੇ ਹੱਥ ਜੋੜ ਆਖਿਆ, "ਸਤਿ ਬਚਨ"

ਅੰਤਰਜਾਮੀ ਸਭ ਕੁਝ ਜਾਣਦੇ ਸਨ। ਇਹ ਖੇਲ ਤਾਂ ਸਿਰਫ ਦਾਸ ਨੇ ਮਨ ਦੀ ਪ੍ਰੀਖਿਆ ਤੇ ਪ੍ਰੇਮੀਆਂ ਨੂੰ ਸਮਝਾਉਣ ਲਈ ਕੀਤੀ ਸੀ। ਇਹ ਪਰਗਟ ਕਰਨਾ ਸੀ ਕਿ ਸਤਿਗੁਰੂ ਦੀ ਕਹੀ ਟੋਕਰੀ, ਹਰ ਇੱਕ ਸਿੱਖ ਮਾਤਰ ਦੀ ਜੱਦੀ ਜਾਇਦਾਦ ਹੈ। ਇਹ ਹੁਕਮ ਦੇ ਕੇ ਸੰਤ ਜੀ ਮਹਾਰਾਜ ਤਾਂ ਦੌਰੇ ਚਲੇ ਗਏ ਅਤੇ ਦਾਸ ਨੇ ਦੋ ਘੰਟੇ ਸਵੇਰੇ ਅਤੇ ਦੋ ਹੀ ਸ਼ਾਮ ਨੂੰ ਸਰੋਵਰ ਦੁਆਲੇ ਪ੍ਰਕਰਮਾ ਦੀ ਕਾਰ ਸ਼ੁਰੂ ਕਰ ਦਿੱਤੀ। ਹੋਰ ਤਾਂ ਸੰਗਤ ਦਾ ਇੱਕ ਵੀ ਸਰੀਰ ਨਾ ਆਇਆ, ਪਰ ਚਾਰ ਪੰਜ ਦਿਨ ਭਾਈ ਸ਼ਾਮ ਸਿੰਘ ਜੀ ਮਾਂਦਰੀ ਨੇ ਬੜੇ ਪ੍ਰੇਮ ਨਾਲ ਹਿੱਸਾ ਲਿਆ। ਇਸ ਤੋਂ ਮਗਰੋਂ ਦਾਸ ਤੇ ਪੰਜ ਭੁਝੰਗੀ ਹੀ ਰਹਿ ਗਏ। (ਭੁਝੰਗੀਆਂ ਦੀ ਗਿਣਤੀ ੬● ਤੋ ਕੇਵਲ ਪੰਜ ਹੀ ਰਹਿ ਗਈ ਸੀ।) ਇਹ ਭੁਝੰਗੀ ਭਾਈ ਮੁਕੰਦ ਸਿੰਘ, ਭਾਈ ਈਸ਼ਰ ਸਿੰਘ, ਭਾਈ ਹਜ਼ੂਰਾ ਸਿੰਘ, ਭਾਈ ਤਾਰਾ ਸਿੰਘ ਅਤੇ ਭਾਈ ਸ਼ਹੀਦ ਸਿੰਘ ਸਨ। ਇਹਨਾਂ ਪੰਜ ਹਫ਼ਤਿਆਂ ਦੇ ਮਗਰੋਂ ਸੰਤ ਜੀ ਮਹਾਰਾਜ ਗੁਰੂਸਾਗਰ ਸਾਹਿਬ ਮਸਤੂਆਣੇ ਆ ਗਏ। ਜਦ ਰਹਿਰਾਸ ਕੇ ਦੀਵਾਨ ਦੇ ਮਗਰੋਂ, ਦਾਸ ਦਰਸ਼ਨ ਕਰਨ ਲਈ ਗਿਆ ਤਦ ਸੰਤ ਜੀ ਮਹਾਰਾਜ ਨੇ ਫੁਰਮਾਇਆ, "ਕਲ ਸਵੇਰੇ ਤੁਹਾਡੀ ਸੇਵਾ ਵੇਖਾਂਗੇ।"

ਦੂਜੇ ਦਿਨ ਅੰਮ੍ਰਿਤ ਵੇਲੇ, ਆਸਾ ਜੀ ਦੀ ਵਾਰ ਦੇ ਭੋਗ ਮਗਰੋਂ, ਸੰਤ ਪ੍ਰਕਰਮਾਂ ਵਿੱਚ ਮੰਜੀ ਡਾਹ, ਸੱਜ ਗਏ, ਅਤੇ ਸੇਵਕ ਦੋ ਘੰਟੇ ਕਾਰ ਕਰਦੇ ਰਹੇ। ਜਦ ਸੇਵਾ ਦੇ ਮਗਰੋਂ, ਦਾਸ ਸੰਤ ਜੀ ਮਹਾਰਾਜ ਦੇ ਚਰਨਾਂ ਵਿੱਚ ਹਾਜ਼ਰ ਹੋਇਆ ਤਾਂ ਫੁਰਮਾਇਆ, "ਭਾਈ, ਹੁਣ ਸੱਤ ਗਜ਼ ਪੁਟਣਾ ਸ਼ੁਰੂ ਕਰ ਦਿਓ।" ਦਾਸ ਨੇ ਆਖਿਆ, "ਸਤਿ ਬਚਨ।" ਪੰਜਾਂ ਹਫਤਿਆਂ ਵਿੱਚ ਸਰੋਵਰ ਦੀ ਪ੍ਰਕਰਮਾਂ ਦਾ ਅਠਵਾਂ ਹਿੱਸਾ ਤਿਆਰ ਹੋ ਸਕਿਆ ਸੀ।

ਜਦ ਸ਼ਾਮ ਦੇ ਸਮੇਂ, ਰਹਿਰਾਸ ਦੇ ਮਗਰੋਂ ਲੰਗਰ ਵਿੱਚ ਪ੍ਰਸ਼ਾਦ ਛਕ, ਦਾਸ ਦਰਸ਼ਨ ਲਈ ਹਾਜ਼ਰ ਹੋਇਆ ਤਾਂ ਸੰਤ ਜੀ ਮਹਾਰਾਜ ਨੇ ਹੁਕਮ ਕੀਤਾ ਕਿ ਭਾਈ ਤੁਹਾਡੀ ਸੇਵਾ ਪੂਰੀ ਹੋ ਗਈ ਹੈ। ਪ੍ਰਕਰਮਾ ਦੀ ਪੁਟਾਈ ਅਸੀਂ ਪਿੰਡਾਂ ਦੀਆਂ ਸੰਗਤਾਂ ਕੋਲੋਂ ਕਰਾ ਲਵਾਂਗੇ ਤੁਸੀਂ ਹੁਣ ਗੁਰੂ ਕੇ ਲੰਗਰ ਦਾ ਪੀਹਣ ਕਰਿਆ ਕਰੋ।

ਪਾਠਕ ਜੀ; ਇਹ ਤਾਂ ਮਹਾਂ ਪੁਰਖਾਂ ਦੀ ਖੇਡ ਹੀ ਸੀ, ਦਾਸ ਦੇ ਮਨ ਦੀ ਪ੍ਰੀਖਿਆ ਹੀ ਕਰਨੀ ਸੀ। ਜਦ ਤਨ ਅਤੇ ਮਨ ਨੇ ਸਾਰੀ ਸੇਵਾ ਕਰਨੀ ਪ੍ਰਵਾਨ ਕਰ ਲਈ, ਤਦ ਸੰਤ ਜੀ ਮਹਾਰਾਜ ਨੇ ਸੇਵਾ ਦੇ

ਪੂਰੇ ਹੋਣ ਦੀ ਸਹੀ ਪਾ ਦਿਤੀ ਅਤੇ ਪ੍ਰੇਮੀਆਂ ਨੂੰ ਗੁਝੀ ਰਮਜ਼ ਦੁਆਰਾ ਇਸ਼ਾਰਾ ਕਰ ਦਿੱਤਾ ਕਿ ਭਾਈ ਤੇਜਾ ਸਿੰਘ ਵਿੱਚ ਵੀ ਸੇਵਾ ਭਾਵ ਦੀ ਕਣੀ ਮੌਜੂਦ ਹੈ। ਭੁਝੰਗੀ ਜਗਜੀਤ ਸਿੰਘ (ਅੰਮ੍ਰਿਤ ਛਕਣ ਦੇ ਮਗਰੋਂ ਭਾਈ ਈਸ਼ਰ ਸਿੰਘ) ਨੂੰ ਸਾਡੇ ਛੋਟੇ ਭਾਈ ਨਰੈਣ ਸਿੰਘ ਨੇ ਗੁਰੂਸਾਗਰ ਸਾਹਿਬ ਮਸਤੂਆਣੇ ਟਿਕਣ ਲਈ ਭੇਜ ਦਿੱਤਾ। ਇਸ ਨੇ ਗੁਰਬਾਣੀ ਚੰਗੀ ਕੰਠ ਕਰ ਲਈ ਅਤੇ ਢੋਲਕੀ ਵੀ ਵਜਾਉਣ ਲੱਗ ਪਿਆ। ਜਦੋਂ ਸੰਤ ਜੀ ਮਹਾਰਾਜ ਨੇ ਗੁਰੂਸਾਗਰ ਸਾਹਿਬ ਸਰੋਵਰ ਦੀ ਪ੍ਰਕਰਮਾ ਵਿਚ ਪੱਥਰ ਲਵਾਉਣ ਦਾ ਸੰਕਲਪ ਦ੍ਰਿੜ ਕਰ ਲਿਆ, ਤਦ ਦੁਆਲੇ ਦੇ ਨਗਰਾਂ ਵਿੱਚੋਂ ਚੂਨੇ ਦੇ ਫੂਕਣ ਲਈ ਲੱਕੜ ਇਕੱਠੀ ਕਰਨ ਲਈ ਕਮਰਕਸਾ ਕਰ ਲਿਆ।

ਇਸ ਦੌਰੇ ਵਿੱਚ ਸੰਤ ਜੀ, ਭਾਈ ਈਸ਼ਰ ਸਿੰਘ ਨੂੰ ਨਾਲ ਲੈ ਗਏ। ਸਵੇਰੇ ਨਗਰ ਵਿੱਚ ਦੀਵਾਨ ਲੱਗਦਾ ਅਤੇ ਲੱਕੜ ਦੇ ਅਰਦਾਸੇ ਹੁੰਦੇ। ਸਾਰਾ ਦਿਨ ਸਾਧ ਸੰਗਤ ਲੱਕੜ ਦੀ ਕਟਾਈ ਕਰਦੀ। ਸ਼ਾਮ ਦੇ ਵੇਲੇ ਸੋਦਰ ਦਾ ਦੀਵਾਨ ਸੱਜਦਾ। ਜਦ ਸੰਤ ਜੀ ਮਹਾਰਾਜ ਇਸ ਦੌਰੇ ਨੂੰ ਸੰਪੂਰਨ ਕਰ ਕੇ ਗੁਰੂ ਸਾਗਰ ਸਾਹਿਬ ਆ ਗਏ, ਤਦ ਦਾਸ ਨੂੰ ਆਖਿਆ, "ਭੁਝੰਗੀ ਈਸ਼ਰ ਸਿੰਘ ਬੜੀ ਚੰਗੀ ਢੋਲਕੀ ਵਜਾਂਦਾ ਹੈ, ਇਸ ਨੂੰ ਸਾਡੇ ਹਵਾਲੇ ਕਰ ਦਿਓ," ਹੱਥ ਜੋੜ ਦਾਸ ਨੇ ਬੇਨਤੀ ਕੀਤੀ, "ਸਚੇ ਪਾਤਸ਼ਾਹ, ਸਭ ਕੁਝ ਹਜ਼ੂਰ ਦਾ ਹੈ, ਜਦ ਚਾਹੋ ਲੈ ਲਵੋ।" ੧੯੧੭ ਵਿੱਚ ਗੁਜਰਾਂਵਾਲੇ ਦੀ ਦੂਜੀ ਸਿੱਖ ਐਜੂਕੇਸ਼ਨਲ ਕਾਨਫਰੰਸ ਦੇ ਮਗਰੋਂ ਸੰਤ ਜੀ ਮਹਾਰਾਜ ਨੇ ਇਸ ਨੂੰ ਨਾਲ ਲੈ ਲਿਆ।

ਜਦ ਭੱਠੀ ਲਈ ਲੱਕੜ ਸਾਰੀ ਵੱਡੀ ਗਈ ਤਦ ਸੰਤ ਜੀ ਮਹਾਰਾਜ ਨੇ ਚੂਨੇ ਲਈ ਰੋੜ ਫੂਕਣ ਦੀ ਤਿਆਰੀ ਕੀਤੀ। ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦਾ ਭੋਗ ਜਦ ਪੌਣੇ ਛੇ ਵਜੇ ਪੈ ਗਿਆ ਤਦ ਸੰਤ ਜੀ ਮਹਾਰਾਜ ਨੇ ਹੁਕਮ ਦਿੱਤਾ ਕਿ ਜੋ ਨਰ ਜਾਮਾ ਹੈ ਉਹ ਸਾਰਾ ਸੇਵਾ ਵਿੱਚ ਚਲੇ, ਅਤੇ ਜਿਹੜਾ ਮਾਈ ਜਾਮਾ ਗੁਰਦਵਾਰੇ ਵਿੱਚ ਹੈ ਉਹ ਲੰਗਰ ਦੀ ਟਹਿਲ ਲਈ ਹਾਜ਼ਰ ਹੋ ਜਾਵੇ। ਲੰਗਰ ਦੀ ਸੇਵਾ ਵਾਸਤੇ ਸਿਰਫ ਪੰਜ ਹੀ ਮਾਈਆਂ ਹੋਈਆਂ। ਸੰਤ ਜੀ ਮਹਾਰਾਜ ਦੀ ਮਾਤਾ, ਦਾਸ ਦੀ ਸੁਪਤਨੀ, ਬੀਬੀ ਬਿਸ਼ਨ ਕੌਰ, ਮਾਈ ਰਾਜ ਕੌਰ ਅਤੇ ਬੀਬੀ ਰਾਮ ਕੌਰ। ਇਹਨਾਂ ਦੀ ਮਦਦ ਲਈ ਲੋਹ ਹੇਠਾਂ ਚੰਡਾਂ ਡਾਹੁਣ ਦੀ ਸੇਵਾ ਲਈ ਭੁਝੰਗੀ ਮੁਕੰਦ ਸਿੰਘ ਅਤੇ ਭੁਝੰਗੀ ਈਸ਼ਰ ਸਿੰਘ ਜੀ ਦਿੱਤੇ ਗਏ। ਬਾਕੀ ਸਾਰੀ ਸੰਗਤ ਕਹੀਆਂ, ਟੋਕਰੀਆਂ ਲੈ ਬਾਹਰ ਭੱਠੀ ਵਿੱਚ ਰੋੜ ਪਾਉਣ ਦੀ ਸੇਵਾ ਲਈ ਹਾਜ਼ਰ ਹੋ ਗਈ। ਸੰਤ ਜੀ ਮਹਾਰਾਜ ਮੰਜੀ ਤੇ ਬਿਰਾਜਮਾਨ ਹੋ ਗਏ ਅਤੇ ਸਾਰੇ ਪ੍ਰੇਮੀ ਆਪਣੀ ਆਪਣੀ ਥਾਂ ਰੋੜ ਭਰਨ, ਚੁਕਣ ਅਤੇ ਚੁਕਾਉਣ ਦੀ ਸੇਵਾ ਵਿੱਚ ਲੱਗ ਪਏ। ਤਿੰਨ ਦਿਨ ਛੇ ਵਜੇ ਸਵੇਰ ਤੋਂ ਸ਼ਾਮ ਦੇ ਸੱਤ ਵਜੇ ਤੀਕਰ ਇਹ ਸੇਵਾ ਦਾ ਕੁੰਭ ਲੱਗਾ ਰਿਹਾ। ਪ੍ਰਸ਼ਾਦਾ ਵੀ ਏਥੇ ਹੀ ਆ ਜਾਂਦਾ ਅਤੇ ਛਕਣ ਸਾਰ ਸਾਧ ਸੰਗਤ ਸੇਵਾ ਵਿੱਚ ਜੁਟ ਪੈਂਦੀ।

ਸੇਵਾ ਦੇ ਦੂਜੇ ਦਿਨ ਪਿਛਲੇ ਪਹਿਰ ਦੋ ਕੁ ਵਜੇ ਲਾਲਾ ਬਿਸ਼ਨ ਦਾਸ ਪੁਰੀ ਐਮ. ਏ. ਦਾਸ ਨੂੰ ਮਿਲਣ ਲਈ ਆਏ। ਇਹਨਾਂ ਨੇ ਸੰਤ ਜੀ ਮਹਾਰਾਜ ਦੇ ਚਰਨਾਂ ਵਿੱਚ ਮੱਥਾ ਟੇਕਿਆ ਅਤੇ ਪੁੱਛਿਆ ਕਿ ਭਾਈ ਤੇਜਾ ਸਿੰਘ ਜੀ ਕਿਥੇ ਹਨ ? ਸੰਤ ਜੀ ਮਹਾਰਾਜ ਨੇ ਹੱਸ ਕੇ ਆਖਿਆ, "ਜਾਓ ਭਾਈ, ਪਛਾਣ ਲਓ, ਸਾਧ ਸੰਗਤ ਦੇ ਵਿੱਚ ਹੀ ਟਹਿਲ ਕਰ ਰਹੇ ਹਨ।" ਹੁਕਮ ਮੰਨ ਕੇ ਭਾਈ ਸਾਹਿਬ ਸੇਵਾ ਦੇ ਅਖਾੜੇ ਵਿੱਚ ਟੁਰ ਪਏ। ਸਿਰ ਤੋਂ ਲੈ ਕੇ ਪੈਰਾਂ ਤੀਕਰ ਤਾਂ ਸਰੀਰ ਮਿੱਟੀ ਨਾਲ ਢੱਕਿਆ ਹੋਇਆ ਸੀ, ਪਰ ਲਾਲਾ ਜੀ ਨੇ ਐਨਕਾਂ ਤੋ ਦਾਸ ਨੂੰ ਪਛਾਣ ਲਿਆ। ਉਸੇ ਵੇਲੇ ਕੋਟ ਪਜਾਮਾ ਲਾਹ, ਭਾਈ ਬਿਸ਼ਨ ਦਾਸ ਜੀ ਵੀ ਸੇਵਾ ਵਿੱਚ ਜੁਟ ਪਏ ਅਤੇ ਦੋ ਦਿਨ ਇਹ ਸੇਵਾ ਦਾ ਲਾਹਾ ਖੱਟਿਆ। ਗੁਰੂ ਲੰਗਰ ਦੇ ਮਠੱਲੂ ਵੀ ਲਾਲਾ ਜੀ ਬੜੇ ਪ੍ਰੇਮ ਨਾਲ ਛਕਦੇ ਅਤੇ ਆਖਦੇ ਕਿ ਇਹਨਾਂ ਪ੍ਰਸ਼ਾਦਿਆਂ ਵਿੱਚ ਬੜਾ ਹੀ ਰਸ ਹੈ। ਮੈਂ ਅੱਜ ਤੀਕਰ ਇਹੋ ਜਿਹਾ ਅੰਮ੍ਰਿਤ ਭੋਜਨ ਕਦੀ ਨਹੀਂ ਛਕਿਆ। ਜਿਸ ਦਿਨ ਆਪ ਗੁਰੂਸਾਗਰ ਸਾਹਿਬ ਤੋਂ ਟੁਰੇ ਤਾਂ ਛੇ ਸੱਤ

ਮਿੱਠੇ (ਬਹੇ) ਪ੍ਰਸ਼ਾਦੇ ਪੱਲੇ ਬੰਨ੍ਹ ਲਏ ਅਤੇ ਬੜੇ ਪ੍ਰੇਮ ਨਾਲ ਆਖਿਆ ਕਿ ਇਹਨਾਂ ਦਾ ਅਨੰਦ ਰਾਹ ਵਿੱਚ ਲਵਾਂਗਾ ਅਤੇ ਅੰਮ੍ਰਿਤ ਪ੍ਰਸ਼ਾਦ ਘਰ ਵਾਲਿਆਂ ਨੂੰ ਦਿਆਂਗਾ।

ਚੂਨਾ ਤਿਆਰ ਹੋਣ ਦੇ ਮਗਰੋਂ ਸੰਤ ਜੀ ਮਹਾਰਾਜ ਗੁਰੂਸਾਗਰ ਸਾਹਿਬ ਮਸਤੂਆਣੇ ਮੰਜੀ ਡਾਹ ਕੇ ਬੈਠ ਗਏ ਅਤੇ ਹਰਿਮੰਦਰ ਸਾਹਿਬ ਤੇ ਸਰੋਵਰ ਦੀ ਪ੍ਰਕਰਮਾਂ ਵਿੱਚ ਪੱਥਰ ਲਵਾਇਆ।

## ਮਨ ਦੀ ਸਹਿਜ ਅਵਸਥਾ ਸਵਾਸ-ਸਵਾਸ ਸਿਮਰਨ ਨਾਲ ਆਉਂਦੀ ਹੈ

ਗੁਰੂਸਾਗਰ ਸਾਹਿਬ ਮਸਤੂਆਣੇ ਦਾਸ ਦੋ ਸਾਲ ਸੰਤ ਜੀ ਮਹਾਰਾਜ ਦੀ ਮਿਹਰ ਦਾ ਹੱਥ ਸਿਰ ’ਤੇ ਹੋਣ ਕਰਕੇ ਟਿਕਿਆ ਰਿਹਾ। ਜਦ ਵੀ ਸੰਤ ਦੌਰੇ ਤੋਂ ਮੁੜ ਕੇ ਆਉਂਦੇ ਤਦ ਕੋਈ ਨਾ ਕੋਈ ਮਨ ਦੇ ਵੱਸ ਕਰਨ ਦੀ ਜੁਗਤੀ ਅਤੇ ਸੇਵਾ ਦਾ ਨੁਕਤਾ ਸਮਝਾ ਜਾਂਦੇ। ਇੱਕ ਵਾਰੀ ਜਦ ਦਾਸ ਦਰਸ਼ਨ ਕਰਨ ਲਈ ਸੰਗਰੂਰ ਗਿਆ ਤਦ ਸੰਤ ਜੀ ਮਹਾਰਾਜ ਨੇ ਫੁਰਮਾਇਆ, **“ਭਾਈ! ਸੱਪ ਨੂੰ ਡੱਬੀ ਵਿੱਚ ਪਾਣ ਵਾਂਗਣ, ਮਨ ਨੂੰ ਘੁੱਟ-ਘੁੱਟ ਕੇ ਵੱਸ ਕਰਨਾ ਵੀ ਠੀਕ ਨਹੀਂ। ਜਦੋਂ ਅਚਨਚੇਤ ਡੱਬੀ ਦਾ ਢੱਕਣ ਖੁੱਲ੍ਹ ਜਾਏ, ਸੱਪ ਉੱਛਲ ਕੇ ਬੜਾ ਸਖ਼ਤ ਡੰਗ ਮਾਰਦਾ ਹੈ। ਇਹੋ ਹੀ ਮਨ ਦਾ ਹਾਲ ਹੈ। ਸਵਾਸ-ਸਵਾਸ ਸਿਮਰਨ ਕਰੋ ਤਾਂ ਕਿ ਮਨ ਸਹਿਜ ਅਵਸਥਾ ਵਿੱਚ ਆ ਜਾਵੇ।**

ਇਹ ਬਚਨ ਸੁਣਨ ਦੇ ਮਗਰੋਂ ਦਾਸ ਨੇ ਪੂਰਾ-ਪੂਰਾ ਯਤਨ ਕੀਤਾ ਕਿ ਟੁਰਦਿਆਂ-ਫਿਰਦਿਆਂ, ਬਹਿਦਿਆਂ-ਉਠਦਿਆਂ, ਸੇਵਾ ਕਰਦਿਆਂ, ਕੋਈ ਦਮ ਵੀ ਬਿਰਥਾ ਨਾ ਜਾਵੇ। **“ਦਮਿ ਦਮਿ ਸਦਾ ਸਮਾਲਦਾ ਦੰਮੁ ਨ ਬਿਰਥਾ ਜਾਇ॥” (੫੫੬)** ਜਦ ਕਈ ਮਹੀਨਿਆਂ ਮਗਰੋਂ ਸੰਤ ਜੀ ਮਹਾਰਾਜ ਫੇਰ ਸੰਗਰੂਰ ਆਏ, ਤਦ ਦਾਸ ਚਰਨਾਂ ਵਿੱਚ ਹਾਜ਼ਰ ਹੋਇਆ। ਹੱਸ ਕੇ ਆਖਿਆ, “ਭਾਈ ਤੇਜਾ ਸਿੰਘ! ਮਨ ਤਾਂ ਹੈ ਹੀ ਨਹੀਂ। ਇਹ ਤੇ ਧੂੰਏਂ ਦੇ ਪਹਾੜ ਵਾਂਗੂੰ ਬੜਾ ਹੀ ਭਿਆਨਕ ਭਾਸਦਾ ਹੈ, ਪਰ ਪ੍ਰੇਮ ਅਤੇ ਵਿਚਾਰ ਦੀ ਤੀਖਨ ਪਵਨ ਦੇ ਹੁਲਾਰੇ ਨਾਲ ਛਿਨ ਮਾਤਰ ਵਿੱਚ ਉੱਡ ਜਾਂਦਾ ਹੈ।”

## ਭਸੌੜ ਕੰਨਯਾ ਵਿਦਿਆਲਯ ਦੀ ਸੇਵਾ

ਇਸ ਦੋ ਸਾਲ ਦੇ ਸਮੇਂ ਵਿੱਚ ਬਾਬੂ ਤੇਜਾ ਸਿੰਘ ਜੀ ਭਸੌੜ ਵਾਲੇ ਨੇ ਸੰਤ ਜੀ ਮਹਾਰਾਜ ਪਾਸੋਂ ਦਾਸ ਨੂੰ ਕਈ ਵਾਰੀ ਪੰਚ-ਖੰਡ ਕੰਨਯਾ ਵਿਦਿਆਲੇ ਲਈ ਮੰਗਿਆ, ਪਰ ਸੰਤ ਜੀ ਸਦਾ ਹੀ ਨਾਂਹ ਕਰਦੇ ਰਹੇ। ਹੁਣ ਜਦ ਮਹਾਰਾਜ ਜੀ ਨੇ ਦੇਖਿਆ ਕਿ ਗੁਰੂਸਾਗਰ ਸਾਹਿਬ ਦਾ ਵਾਯੂ-ਮੰਡਲ ਠੀਕ ਨਹੀਂ, ਤਦ ਸੰਤ ਜੀ ਦੇ ਹਿਰਦੇ ਵਿੱਚ ਸੰਕਲਪ ਪੈਦਾ ਹੋਇਆ ਕਿ ਦਾਸ ਦੀ ਸੇਵਾ ਕਿਸੇ ਹੋਰ ਥਾਂ ਲਾਈ ਜਾਵੇ! ਇਸ ਮਹਾਂਪੁਰਖਾਂ ਦੇ ਫ਼ੁਰਨੇ ਦੀ ਤਾਰ ਦਾਸ ਦੇ ਹਿਰਦੇ ਵਿੱਚ ਵੀ ਖੜਕ ਗਈ। ਸਰੋਵਰ ਦੀ ਸੇਵਾ ਸੰਪੂਰਨ ਕਰਨ ਦੇ ਮਗਰੋਂ ਸੰਤ ਬਡਰੁਖੇ ਨਗਰ ਨੂੰ ਨਿਹਾਲ ਕਰਨ ਲਈ ਚਲੇ ਗਏ। ਓਥੇ ਪਿੰਡ ਤੋਂ ਬਾਹਰ ਇੱਕ ਉਦਾਸੀ ਸਾਧੂ ਦੀ ਕੁਟੀਆ ਵਿੱਚ ਡੇਰਾ ਲਾਇਆ। ਇੱਕ ਦਿਨ ਭੁਜੰਗੀਆਂ ਨੂੰ ਸੰਥਿਆ ਦੇਣ ਦੇ ਮਗਰੋਂ, ਯਾਰਾਂ ਕੁ ਵਜੇ, ਦਾਸ ਦੇ ਹਿਰਦੇ ਵਿੱਚ ਦਰਸ਼ਨ ਕਰਨ ਦੀ ਤੀਬਰ ਖਿੱਚ ਪੈਦਾ ਹੋਈ। ਪ੍ਰਸ਼ਾਦ ਛਕ, ਬਡਰੁਖੇ ਦੇ ਰਾਹ ਪੈ ਗਿਆ। ਅਜੇ ਅਧ ਕੁ ਰਾਹ ਹੀ ਟੁਰਿਆ ਸੀ ਕਿ ਦਾਸ ਨੂੰ ਭਾਈ ਗੰਡਾ ਸਿੰਘ ਜੀ ਕਾਂਝਲੇ ਵਾਲੇ ਮਿਲ ਗਏ। ਪੁੱਛਣ ਲੱਗੇ, ਕਿੱਧਰ ਚੱਲੇ ਹੋ? ਦਾਸ ਨੇ ਆਖਿਆ ਕਿ ਸੰਤ ਜੀ ਮਹਾਰਾਜ ਦੇ ਦਰਸ਼ਨ ਕਰਨ ਲਈ। ਉਹ ਬੋਲ ਉੱਠੇ ਕਿ ਮਹਾਰਾਜ ਜੀ ਤਾਂ ਬਿਰਾਜ ਗਏ ਹੋਣਗੇ ਤੁਸੀਂ ਜਾ ਕੇ ਕੀ ਕਰੋਗੇ? (ਆਮ ਤੌਰ ’ਤੇ ਸੰਤ ਜੀ ਦਸ ਵਜੇ ਦਰਵਾਜ਼ਾ ਬੰਦ ਕਰ ਲੈਂਦੇ ਅਤੇ ਤਿੰਨ ਵਜੇ ਖੋਲ੍ਹਦੇ।) ਭਾਈ ਗੰਡਾ ਸਿੰਘ ਜੀ ਦੇ

ਇਹਨਾਂ ਬਚਨਾਂ ਨੇ ਦਾਸ 'ਤੇ ਕੋਈ ਅਸਰ ਨਾ ਕੀਤਾ। ਪ੍ਰੇਮ ਦੀ ਲਹਿਰ ਵਿੱਚ ਮਸਤ ਟੁਰਿਆ ਗਿਆ। ਇਹ ਵੀ ਦਾਸ ਦੇ ਮਗਰ-ਮਗਰ ਹੋ ਟੁਰੇ। ਭੁਝੰਗੀ ਮੁਕੰਦ ਸਿੰਘ ਅਤੇ ਈਸ਼ਰ ਸਿੰਘ ਵੀ ਦਾਸ ਦੇ ਨਾਲ ਸਨ। ਐਨ ਬਾਰਾਂ ਵਜੇ ਸਾਧੂ ਦੀ ਕੁਟੀਆ ਅੱਪੜੇ। ਕੀ ਦੇਖਦੇ ਹਾਂ ਕਿ ਅੰਤਰਜਾਮੀ ਪ੍ਰੇਮ ਦੀ ਤਾਰ ਬੁੱਝਣ ਵਾਲੇ ਸੰਤ, ਸਿਖ਼ਰ ਦੁਪਿਹਰ, ਕੁਟੀਆ ਦੀ ਕੰਧ ਦੇ ਨਾਲ ਦਰਖਤ ਦੀ ਛਾਵੇਂ ਬੈਠੇ ਹਨ। ਦੂਰੋਂ ਹੀ ਦਾਸ ਨੂੰ ਵੇਖ ਕੇ ਇੱਕ ਸੇਵਕ ਨੂੰ ਹੁਕਮ ਦਿੱਤਾ ਕਿ ਭਾਈ ਪੱਟੀ ਲੈ ਆਓ। ਜਦ ਦਾਸ ਨਮਸਕਾਰ ਕਰਕੇ ਬੈਠ ਗਏ, ਤਦ ਸੰਤ ਜੀ ਮਹਾਰਾਜ ਨੇ ਪੁੱਛਿਆ ਕਿ ਭਾਈ! ਗੁਰੂ ਘਰ ਵਿੱਚ ਸਭ ਤੋਂ ਵੱਡੀ ਦਾਸ ਕਿਹੜੀ ਹੈ? ਪਹਿਲਾਂ ਭੁਝੰਗੀ ਮੁਕੰਦ ਸਿੰਘ, ਈਸ਼ਰ ਸਿੰਘ ਵਲ ਵਾਰੋ-ਵਾਰੀ ਉਂਗਲੀ ਕੀਤੀ। ਇਹ ਤਾਂ ਦੋਵੇਂ ਸਿਰ ਨੀਵਾਂ ਕਰ ਚੁੱਪ ਬੈਠੇ ਰਹੇ। **ਮਹਾਰਾਜ ਜੀ ਨੇ ਹੱਸ ਕੇ ਫੁਰਮਾਇਆ ਕਿ ਭਾਈ! ਇਹ ਬੱਚੇ ਹਨ। ਇਹਨਾਂ ਦੇ ਨਾਲ ਹੀ ਭਾਈ ਗੰਡਾ ਸਿੰਘ ਜੀ ਬੈਠੇ ਸਨ। ਸੰਤ ਜੀ ਮਹਾਰਾਜ ਨੇ ਉਹਨਾਂ ਨੂੰ ਪੁੱਛਿਆ। ਭਾਈ ਸਾਹਿਬ ਨੇ ਉੱਤਰ ਦਿੱਤਾ, "ਦਵੈਤ ਨਾ ਕਰੇ।" ਸੰਤ ਜੀ ਮਹਾਰਾਜ ਹੱਸ ਪਏ ਤੇ ਆਖਿਆ, "ਭਾਈ! ਤੂੰ ਤਾਂ ਨਹੀਂ ਕਰਦਾ।" ਭਾਈ ਸਾਹਿਬ ਨੀਵੀਂ ਪਾ ਚੁੱਪ ਰਹੇ। ਛੇਕੜ ਦਾਸ ਦੀ ਵਾਰੀ ਆਈ। ਹੁਕਮ ਮਿਲਣ 'ਤੇ ਅਰਜ਼ ਕੀਤੀ, "ਸੱਚੇ ਪਾਤਸ਼ਾਹ! ਰਜ਼ਾ ਵਿੱਚ ਰਹਿਣਾ ਅਤੇ ਭਾਣਾ ਮੰਨਣਾ ਗੁਰੂ ਘਰ ਦੀ ਸਭ ਤੋ ਵੱਡੀ ਦਾਤ ਹੈ।" ਸੰਤ ਜੀ ਮਹਾਰਾਜ ਨੇ ਇਸ 'ਤੇ ਸਹੀ ਪਾਈ ਅਤੇ ਆਖਿਆ, "ਹਾਂ ਭਾਈ।"**

ਏਸ ਨੁਕਤੇ ਦੁਆਰਾ ਸੰਤ ਜੀ ਮਹਾਰਾਜ ਨੇ ਇੱਕ ਅਮੋਲਕ ਗੱਲ ਸਮਝਾ ਦਿੱਤੀ ਅਤੇ ਨਾਲ ਹੀ ਆਪਣੀ ਖੇਡ ਦੇ ਅਗਲੇ ਹਿੱਸੇ ਲਈ ਦਾਸ ਦੇ ਮਨ ਨੂੰ ਤਿਆਰ ਕਰ ਦਿੱਤਾ।

ਓਸੇ ਦਿਨ ਸ਼ਾਮ ਵੇਲੇ ਸੰਤ ਹੀ ਮਹਾਰਾਜ ਬਡਰੁਖੇ ਤੋਂ ਟੁਰ ਪਏ। ਸੰਗਰੂਰ ਤੋਂ ਗੱਡੀ ਚੜ੍ਹ, ਧੂਰੀ ਪੁੱਜੇ। ਸਟੇਸ਼ਨ 'ਤੇ ਬਾਬੂ ਤੇਜਾ ਸਿੰਘ ਜੀ ਭਸੌੜ, ਸੰਤ ਜੀ ਮਹਾਰਾਜ ਨੂੰ ਮਿਲ ਪਏ। ਬਾਬੂ ਜੀ ਨੇ ਫਿਰ ਹੱਥ ਜੋੜ ਅਰਜ਼ ਕੀਤੀ, "ਮਹਾਰਾਜ ਜੀ! ਪ੍ਰੋਫ਼ੈਸਰ ਤੇਜਾ ਸਿੰਘ ਸਾਨੂੰ ਦੇ ਦਿਓ।" ਸੰਤ ਜੀ ਮਹਾਰਾਜ ਨੇ ਫੁਰਮਾਇਆ, "ਚੰਗਾ ਭਾਈ! ਪੰਜ ਸਿੰਘ ਜਾ ਕੇ ਲੈ ਆਓ।"

ਦੂਜੇ ਦਿਨ ਹੀ ਸ਼ਾਮ ਦੇ ਵੇਲੇ ਬਹਾਦਰਪੁਰ ਤੋਂ ਪੰਜ ਸਿੰਘ ਸੰਤ ਜੀ ਮਹਾਰਾਜ ਦਾ ਹੁਕਮ ਲੈ ਕੇ ਦਾਸ ਦੇ ਪਾਸ ਆ ਗਏ ਅਤੇ ਸਾਰੀ ਵਿੱਥਿਆ ਸੁਣਾਈ। ਦਾਸ ਨੇ ਅਰਜ਼ ਕੀਤੀ ਕਿ ਆਪਣੇ ਮੁਖਾਰਬਿੰਦ ਤੋਂ ਸੰਤ ਜੀ ਮਹਾਰਾਜ ਦਾਸ ਨੂੰ ਕੋਈ ਹੁਕਮ ਨਹੀਂ ਦੇ ਗਏ। ਕੱਲ੍ਹ ਅੰਮ੍ਰਿਤ ਵੇਲੇ ਸਹਿਜ-ਸੁਭਾਏ ਜੋ ਹੁਕਮ ਹੋਵੇਗਾ, ਉਹ ਦਾਸ ਦੇ ਹਿਰਦੇ ਵਿੱਚ ਪ੍ਰਗਟ ਹੋ ਜਾਵੇਗਾ। ਤੁਸੀਂ ਆਸਾ ਜੀ ਦੀ ਵਾਰ ਦੇ ਦੀਵਾਨ ਵਿੱਚ ਦਰਸ਼ਨ ਦੇਣਾ, ਫੇਰ ਜੋ ਸਤਿਗੁਰ ਦੀ ਰਜ਼ਾ ਹੋਵੇਗੀ, ਵਰਤ ਜਾਵੇਗੀ।

ਰਾਤ ਨੂੰ ਸੌਣ ਤੋਂ ਪਹਿਲਾਂ ਹੀ ਭੁਝੰਗੀ ਮੁਕੰਦ ਸਿੰਘ ਨੇ ਆਖਿਆ, "ਭਾਪਾ ਜੀ! ਸੰਤ ਜੀ ਮਹਾਰਾਜ ਦਾ ਏਥੋਂ ਜਾਣ ਦਾ ਹੀ ਹੁਕਮ ਹੈ।" ਦਾਸ ਨੇ ਕਿਹਾ, "ਅੱਛਾ ਕਾਕਾ! ਸਵੇਰੇ ਸਿਮਰਨ ਦੇ ਸਮੇਂ ਇਹ ਹੁਕਮ ਪਰਤੱਖ ਹੋ ਜਾਵੇਗਾ।" ਅੱਗੇ ਪਾਠਕ ਦੇਖ ਹੀ ਆਏ ਹਨ ਕਿ ਛੋਟੀ ਉਮਰ ਵਿੱਚ ਇਸ ਭੁਝੰਗੀ ਦੀ ਸਾਧੂ ਬਿਰਤੀ ਸੀ। ਇਹਨੂੰ ਸਹਿਜ-ਸੁਭਾਏ ਦੂਰ ਦੀ ਗੱਲ ਫ਼ੁਰ ਜਾਂਦੀ। ਸੰਤ ਜੀ ਮਹਾਰਾਜ ਨੇ ਵੀ ਇੱਕ ਦਿਨ ਇਸ ਗੱਲ 'ਤੇ ਸਹੀ ਪਾ ਦਿੱਤੀ। ਜਦ ਦਾਸ ਗਰਮੀਆਂ ਵਿੱਚ ਪਹਿਲੇ-ਪਹਿਲ ਮਸਤੂਆਣੇ ਪੁੱਜਾ ਤਦ ਭੁਝੰਗੀ ਮੁਕੰਦ ਸਿੰਘ ਦਾ ਸਰੀਰ ਫੋੜਿਆਂ ਨਾਲ ਪੱਕ ਗਿਆ।

ਇਕ ਦਿਨ ਇਹ ਆਪਣੀ ਮੌਜ ਵਿੱਚ ਮਸਤ, ਸੰਤ ਜੀ ਮਹਾਰਾਜ ਦੇ ਚਰਨਾਂ ਵਿੱਚ ਬੈਠਾ ਸੀ। ਸੰਤਾਂ ਦੀ ਨਿਗਾਹ ਇਸ 'ਤੇ ਪਈ। ਮਹਾਰਾਜ ਜੀ ਨੇ ਆਖਿਆ, "ਭਾਈ! ਇਹ ਸਾਧੂ ਹੈ।" ਹਾਂ! ਹਾਂ!

ਪੱਛਮੀ ਮਾਇਕ ਚੱਕਰ, ਤੋਂ ਵੱਡਿਆਂ ਵੱਡਿਆਂ ਦੇ ਪੈਰਾਂ ਹੇਠੋਂ ਰੇਤ ਕੱਢ ਕੇ ਸਿਰ ਦੇਂ ਭਾਰ ਡੇਗ ਦੇਂਦਾ ਹੈ। ਇਹ ਵਿਚਾਰਾ ਭੋਲਾ ਭਾਲਾ ਭੁਝੰਗੀ, ਭਾਵੇਂ ਏਹਦੀ ਕਿੰਨੀ ਹੀ ਰਾਖੀ ਕੀਤੀ ਗਈ, ਤੇਰੇ ਅਗੇ ਕਿਥੇ ਅੜ ਸਕਦਾ ਸੀ ? ਜਦ ਰਾਖੀ ਕਰਨ ਵਾਲਾ ਇੱਕ ਹੋਵੇ ਅਤੇ ਫਸੌਣ ਵਾਲੇ ਅਨੇਕਾਂ, ਤੇਰੀ ਚਾਲ ਚਲ ਹੀ ਜਾਂਦੀ ਹੈ। (ਹਾਂ ਸਤਿਗੁਰੂ ਮੇਹਰ ਕਰੇ ਤਾਂ ਸਮਾਂ ਪਾ ਕੇ ਪੁਰਾਣਾ ਅੰਕੁਰ ਜਾਗ ਵੀ ਸਕਦਾ ਹੈ।)

ਅੰਮ੍ਰਿਤ ਵੇਲੇ ਸੰਤ ਜੀ ਮਹਾਰਾਜ ਦਾ ਹੁਕਮ ਦਾਸ ਦੇ ਹਿਰਦੇ ਵਿੱਚ ਪ੍ਰਕਾਸ਼ ਹੋ ਗਿਆ। ਪੰਜ ਸਿੰਘ ਵੀ ਬਹਾਦਰ ਪੁਰ ਤੋਂ ਦੀਵਾਨ ਵਿੱਚ ਹਾਜ਼ਰ ਹੋ ਗਏ। ਆਸਾ ਦੀ ਵਾਰ ਦੇ ਭੋਗ ਦੇ ਮਗਰੋਂ ਗੱਡੇ ਤੇ ਅਸਬਾਬ ਲਦ, ਗੁਰੂ ਕੇ ਸਿੰਘਾਂ ਸਮੇਤ ਅਸੀਂ ਸਾਰੇ ਸੰਗਰੂਰ ਵੱਲ ਟੁਰ ਪਏ। ਓਥੋ ਗੱਡੀ ਚੜ੍ਹ ਲਛਾਬਦੀ ਦੇ ਉਤਰ ਭਸੌੜ ਪੁੱਜ ਗਏ।

ਦੂਜੇ ਦਿਨ ਹੀ ਬਾਬੂ ਤੇਜਾ ਸਿੰਘ ਨੇ ਦਾਸ ਨੂੰ ਕੰਨਯਾ ਮਹਾਂ ਵਿਦਯਾਲਯ ਦਾ ਪ੍ਰਿੰਸੀਪਲ ਬਣਾ ਦਿੱਤਾ ਅਤੇ ਸਕੂਲ ਦਾ ਸਾਰਾ ਵਿਦਿਅਕ ਪ੍ਰਬੰਧ ਦਾਸ ਦੇ ਸਪੁਰਦ ਕਰ ਦਿੱਤਾ। ਨਾਲ ਹੀ ਇੱਕ ਗੁਰਬਾਣੀ ਦੀ ਸੇਵਾ ਲਾਈ, ਦਾਸ ਨੂੰ ਬੇਨਤੀ ਕੀਤੀ। ਬਾਬੂ ਤੇਜਾ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਦਿਆਂ ਕਰਦਿਆਂ ਇੱਕ ਚੋਣਵੇਂ ਸ਼ਬਦਾਂ ਦੀ ਸੈਂਚੀ ਤਿਆਰ ਕੀਤੀ ਸੀ। ਇਹ ਸੈਂਚੀ, ਬਾਬੂ ਜੀ ਨੇ ਦਾਸ ਦੇ ਹਵਾਲੇ ਕਰ ਦਿੱਤੀ ਅਤੇ ਆਖਿਆ ਕਿ ਤੁਸੀ ਆਪਣੀ ਵੀਚਾਰ ਦੁਆਰਾ ਇਸ ਨੂੰ ਬੇਨਤੀ ਭਾਗ, ਨਾਮ ਭਾਗ, ਵੈਰਾਗ ਭਾਗ ਤੇ ਹੋਰ ਹਿੱਸਿਆਂ ਵਿੱਚ ਜਿੱਥੇ ਤੁਸੀ ਵਾਜਬ ਸਮਝੋ ਵੰਡ ਦਿਓ। ਵਿਦਿਆ ਦਾ ਕੰਮ ਬੜਾ ਸੋਹਣਾ ਟੁਰ ਪਿਆ ਅਤੇ ਬੀਬੀਆਂ ਦਾ ਦਾਸ ਨਾਲ ਬੜਾ ਹੀ ਪ੍ਰੇਮ ਹੋ ਗਿਆ। ਸਾਰੀਆਂ 'ਪਿਤਾ ਜੀ, ਪਿਤਾ ਜੀ' ਆਖ ਕੇ ਪੁਕਾਰਣ ਲੱਗ ਪਈਆਂ, ਨਹੀਂ ਨਹੀਂ ਸੱਚਮੁਚ ਹੀ ਬੱਚੀਆਂ ਬਣ ਗਈਆਂ।

ਸਮਾਂ ਪਾ ਕੇ ਸ਼ਬਦਾਂ ਦਾ ਗੁਟਕਾ ਤਿਆਰ ਹੋ ਗਿਆ। ਦਾਸ ਨੇ ਇਹ ਪੋਥੀ ਬਾਬੂ ਤੇਜਾ ਸਿੰਘ ਜੀ ਦੇ ਹਵਾਲੇ ਕਰ ਦਿੱਤੀ। ਬਾਬੂ ਜੀ ਨੇ ਆਖਿਆ, "ਤੁਹਾਡੀ ਵੀਚਾਰ ਦੀ ਸੁਧਾਈ ਲਈ ਪੰਜਾਂ ਸਿੰਘਾਂ ਨੂੰ ਸੱਦ ਲਵਾਂ। ਦਾਸ ਨੇ ਉੱਤਰ ਦਿੱਤਾ, 'ਜ਼ਰੂਰ।"

ਦੋ ਚਾਰ ਦਿਨ ਮਗਰੋਂ ਇਹ ਪੰਜ ਸਿੰਘ ਆ ਗਏ। ਇਹਨਾਂ ਵਿਚ ਇਕ ਸੂਰਮਾਂ ਸਿੰਘ ਭਾਈ ਸੇਵਾ ਸਿੰਘ ਜੀ ਅਤੇ ਗਿਆਨੀ ਪ੍ਰਾਕਰਮ ਸਿੰਘ ਜੀ ਸੰਗਰੂਰ ਵਾਲੇ ਵੀ ਸਨ। ਜਦ ਇਹ ਆ ਗਏ, ਬਾਬੂ ਜੀ ਨੇ ਆਖਿਆ ਕਿ ਤੁਸੀਂ ਵੀ ਇਹਨਾਂ ਦੇ ਨਾਲ ਬੈਠ ਜਾਓ। ਦਾਸ ਨੇ ਬੇਨਤੀ ਕੀਤੀ ਕਿ ਹੁਣ ਬੀਬੀਆਂ ਦੀ ਪੜ੍ਹਾਈ ਦਾ ਸਮਾਂ ਹੈ; ਪ੍ਰੇਮੀ ਸੁਤੰਤਰ ਬੈਠ ਕੇ ਵੀਚਾਰ ਕਰ ਲੈਣ। ਸਕੂਲ ਦੇ ਵਕਤ ਮਗਰੋਂ, ਜਿਹੜੇ ਸ਼ਬਦਾਂ ਵਿੱਚ ਕੋਈ ਵੀਚਾਰ ਦਾ ਫ਼ਰਕ ਹੋ ਜਾਵੇਗਾ, ਉਹਨਾਂ ਦੀ ਨਜ਼ਰਸਾਨੀ ਲਈ ਦਾਸ ਨਾਲ ਹੋ ਜਾਵੇਗਾ।

ਸ਼ਾਮ ਦੇ ਛੇ ਵਜੇ ਪੰਜੇ ਸਿੰਘ, ਬਾਬੂ ਤੇਜਾ ਸਿੰਘ ਜੀ ਅਤੇ ਦਾਸ, ਇਕਾਂਤ ਇੱਕ ਕਮਰੇ ਵਿੱਚ ਬੈਠ ਗਏ। ਉੰਨੀ ਸ਼ਬਦਾਂ ਵਿੱਚ ਰਾਏ ਦਾ ਫਰਕ ਸੀ। ਇਹਨਾਂ ਤੇ ਇੱਕ ਇੱਕ ਕਰ ਕੇ ਵਿਚਾਰ ਸ਼ੁਰੂ ਹੋ ਗਈ। ਸਰਬ ਸੰਮਤੀ ਨਾਲ ਕੋਈ ਸ਼ਬਦ ਕਿਸੇ ਭਾਗ ਵਿੱਚ ਤੇ ਕੋਈ ਕਿਸੇ ਵਿਚ ਚਲਾ ਲਿਆ ਪਰ ਇੱਕ ਸ਼ਬਦ ਤੇ:

**ਘਰੁ ੪ ਸੋਰਠਿ ॥**

**ਪਾੜ ਪੜੋਸਣਿ ਪੂਛਿ ਲੇ ਨਾਮਾ ਕਾ ਪਹਿ ਛਾਨਿ ਛਵਾਈ ਹੋ ॥**
**ਤੋ ਪਹਿ ਦੁਗਣੀ ਮਜੂਰੀ ਦੈਹਉ ਮੋ ਕਉ ਬੇਢੀ ਦੇਹੁ ਬਤਾਈ ਹੋ॥੧॥**
**ਰੀ ਬਾਈ ਬੇਢੀ ਦੇਨੁ ਨ ਜਾਈ ॥ ਦੇਖੁ ਬੇਢੀ ਰਹਿਓ ਸਮਾਈ ॥**

ਹਮਾਰੈ ਬੇਢੀ ਪ੍ਰਾਨ ਅਧਾਰਾ ॥੧॥ ਰਹਾਉ॥

ਬੇਢੀ ਪ੍ਰੀਤਿ ਮਜੂਰੀ ਮਾਂਗੈ ਜਉ ਕੋਊ ਛਾਨਿ ਛਵਾਵੈ ਹੋ ॥

ਲੋਗ ਕੁਟੰਬ ਸਭਹੁ ਤੇ ਤੋਰੈ ਤਉ ਆਪਨ ਬੇਢੀ ਆਵੈ ਹੋ ॥੨॥

ਐਸੋ ਬੇਢੀ ਬਰਨਿ ਨ ਸਾਕਉ ਸਭ ਅੰਤਰ ਸਭ ਠਾਂਈ ਹੋ ॥

ਗੂੰਗੈ ਮਹਾ ਅੰਮ੍ਰਿਤ ਰਸੁ ਚਾਖਿਆ ਪੂਛੇ ਕਹਨੁ ਨ ਜਾਈ ਹੋ ॥੩॥

ਬੇਢੀ ਕੇ ਗੁਣ ਸੁਨਿ ਰੀ ਬਾਈ ਜਲਧਿ ਬਾਂਧਿ ਧ੍ਰੂ ਥਾਪਿਓ ਹੋ ॥

ਨਾਮੇ ਕੇ ਸੁਆਮੀ ਸੀਅ ਬਹੋਰੀ ਲੰਕ ਭਭੀਖਣ ਆਪਿਓ ਹੋ ॥੪॥੨॥ (੬੫੭)

ਇਹ ਅਨਹੋਣੀ ਵਿਚਾਰ ਸ਼ੁਰੂ ਹੋ ਗਈ। ਸੂਰਮਾ ਗਿਆਨੀ ਸੇਵਾ ਸਿੰਘ ਜੀ ਆਖਣ ਲੱਗੇ ਕਿ ਇਹ ਸ਼ਬਦ ਪੰਚਖੰਡ ਦੇ ਗੁਟਕੇ ਵਿੱਚ ਦਰਜ਼ ਹੋਣ ਦੇ ਲਾਇਕ ਨਹੀਂ। ਬਾਕੀ ਸਾਰਿਆਂ ਨੇ ਵੀ ਏਸ ਦੀ ਪ੍ਰੋੜ੍ਹਤਾ ਵਿੱਚ ਸਿਰ ਹਿਲਾ ਦਿੱਤਾ ਤੇ ਆਖਿਆ ਕਿ ਹਾਂ ਗਿਆਨੀ ਜੀ ਠੀਕ ਕਹਿੰਦੇ ਹਨ। ਇਹ ਗੱਲ ਸੁਣ ਕੇ ਦਾਸ ਨੂੰ ਬੜਾ ਸਖ਼ਤ ਰੋਹ ਚੜ੍ਹ ਗਿਆ। ਬੜੇ ਜੋਸ਼ ਨਾਲ ਆਖਿਆ ਕਿ ਤੁਸੀ ਸਾਰੇ, ਪੰਚਖੰਡ ਦੀਵਾਨ ਦੀ ਜੜ੍ਹ ਪੁਟਣ ਲੱਗੇ ਹੋ। ਗੁਰੂ ਅਰਜਨ ਦੇਵ ਹੀ ਮਹਾਰਾਜ ਦੇ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਤਾਂ ਇਹ ਸ਼ਬਦ ਰਹਿਣ ਦੇ ਲਾਇਕ ਹੋਵੇ ਅਤੇ ਤੁਸੀਂ ਇਹ ਕਹੋ ਕਿ ਪੰਚਖੰਡ ਦੇ ਅਸੂਲਾਂ ਦੀ ਸ਼ਾਨ ਦੇ ਇਹ ਸ਼ਬਦ ਉਲਟ ਹੈ। ਫੇਰ ਸਤਿਗੁਰ ਨੇ ਦਾਸ ਨੂੰ ਸ਼ਾਂਤੀ ਦੀ ਲਹਿਰ ਬਖਸ਼ ਦਿੱਤੀ। ਬੜੇ ਪ੍ਰੇਮ ਨਾਲ ਬੇਨਤੀ ਕੀਤੀ ਕਿ ਤੁਸੀ ਗਿਆਨੀ ਹੋ। ਦਾਸ ਕਿਸੇ ਗੁਰਮੁਖੀ ਦੇ ਟਕਸਾਲੀ ਵਿਦਿਆਲਯ ਵਿੱਚ ਨਹੀਂ ਪੜ੍ਹਿਆ। ਤੁਸੀਂ ਕ੍ਰਿਪਾ ਕਰਕੇ ਇਸ ਸ਼ਬਦ ਦੀ ਵਿਚਾਰ ਦਾਸ ਨੂੰ ਦੱਸੋ ਅਤੇ ਸਮਝਾ ਦਿਓ ਕਿ ਕਿਸ ਤਰ੍ਹਾਂ ਇਹ ਸ਼ਬਦ ਪੰਚਖੰਡ ਦੇ ਗੁਟਕੇ ਵਿੱਚ ਰਹਿਣ ਦੇ ਲਾਇਕ ਨਹੀਂ। ਜਦ ਸਾਰਿਆਂ ਨੇ ਕੁਝ ਚਿਰ ਲਈ ਡੁੰਨ ਵੱਟ ਛੱਡੀ ਤਾਂ ਦਾਸ ਨੇ ਆਖਿਆ, "ਜੇ ਆਗਿਆ ਹੋਵੇ, ਤਾਂ ਦਾਸ ਸ਼ਬਦ ਦੀ ਵਿਚਾਰ ਪੇਸ਼ ਕਰੇ।" ਪੰਜਾਂ ਸਿੰਘਾਂ ਨੇ ਆਖਿਆ, 'ਹਾਂ ਕਰੋ।' ਪਰ ਬਾਬੂ ਜੀ ਦੜ ਵੱਟੀ ਬੈਠੇ ਰਹੇ। ਆਗਿਆ ਮੰਨ ਕੇ ਦਾਸ ਨੇ ਅਰਜ਼ ਕੀਤੀ ਕਿ ਪਹਿਲਾਂ ਨਾਮ ਦੇਵ ਜੀ ਮਾਈ ਨੂੰ ਨਿਰਾਕਾਰ ਬੋਧਕ ਸ਼ਬਦਾਂ ਵਿੱਚ ਸਮਝਾਉਂਦੇ ਰਹੇ ਹਨ ਪਰ ਜਦ ਦੇਖਿਆ ਕਿ ਮਾਈ ਦੇ ਪੱਲੇ ਕੁਝ ਨਹੀਂ ਪਿਆ, ਤਦ ਉਸ ਦੇ ਸਮਝਾਉਣ ਹਿੱਤ ਆਖਿਆ ਕਿ ਹੇ ਮਾਈ! ਜਿਸ ਤਰ੍ਹਾਂ ਨਾਮ ਦੇਵ ਦੇ ਮਾਲਕ, ਸਰਬ-ਵਿਆਪੀ ਰਾਮ ਨੇ, ਰਾਮ ਚੰਦਰ ਜੀ ਦੀ ਸੀਤਾ ਮੋੜ ਕੇ ਲਿਆਂਦੀ, ਓਸੇ ਤਰ੍ਹਾਂ ਮੇਰੀ ਕੁਟੀਆ ਬਣਾ ਦਿੱਤੀ। ਲੰਕਾ ਵਿੱਚ, ਭਿਬੀਕਸ਼ਣ ਵਿੱਚ ਅਥਵਾ ਸਾਰੇ ਸੰਸਾਰ ਵਿੱਚ ਓਹੋ ਰਚਿਆ ਹੈ।

**ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ, ਹਰਿ ਰੂਪੁ ਨਦਰੀ ਆਇਆ ॥ (੯੨੨)**

ਏਸ ਵਿਚਾਰ ਦਾ ਸਾਰੇ ਗਿਆਨੀ ਸਿੰਘਾਂ 'ਤੇ ਪੂਰਾ-ਪੂਰਾ ਅਸਰ ਪੈ ਗਿਆ ਅਤੇ ਸਭ ਚੁੱਪ ਹੋ ਗਏ ਪਰ ਬਾਬੂ ਜੀ ਨੇ, ਜਿਹੜੇ ਆਪਣੀ ਹੱਠ ਦੇ ਪੂਰੇ ਸਨ, ਕਿਸੇ ਨੂੰ ਬੋਲਣ ਦਾ ਸਮਾਂ ਹੀ ਨਾ ਲੈਣ ਦਿੱਤਾ। ਲਾਲਟੈਨ ਫੜ੍ਹ, ਉੱਠ ਖਲੋਤੇ ਅਤੇ ਆਖਿਆ, "ਚਲੋ, ਗੱਡੀ ਦਾ ਵਕਤ ਹੋ ਗਿਆ ਹੈ।" ਸਾਰੇ ਗਿਆਨੀ ਬਾਬੂ ਜੀ ਦੇ ਮਗਰ ਲੱਗ ਟੁਰੇ ਅਤੇ ਵਿਚਾਰ ਓਥੇ ਦੀ ਓਥੇ ਹੀ ਰਹਿ ਗਈ। ਦਾਸ ਵੀ ਚੁਪੀਤਾ ਆਪਣੇ ਆਸਣ 'ਤੇ ਚਲਾ ਗਿਆ।

ਬਾਬੂ ਜੀ ਨੇ ਇਸ ਦਿਨ ਤੋਂ ਦਾਸ ਦੇ ਵਿਰੁੱਧ ਆਪਣੇ ਦਿਲ ਵਿੱਚ ਵੱਟ ਰੱਖਿਆ। ਕੁਦਰਤ ਨੇ ਵੀ ਦਾਸ ਨੂੰ ਏਥੋਂ ਹਿਲਾਉਣ ਲਈ ਆਪੇ ਹੀ ਪ੍ਰਬੰਧ ਕਰ ਦਿੱਤਾ। ਸਰਦਾਰ ਆਤਮਾ ਸਿੰਘ ਜੀ S. D. O

(ਐਸ ਡੀ ਓ) ਪਟਿਆਲਾ, ਲੰਡਨ ਧਰਮਸਾਲ ਦੀ ਸੇਵਾ ਅਤੇ ਸਤਿਸੰਗ ਦੁਆਰਾ ਦਾਸ ਦੇ ਪੂਰੇ ਸ਼ਰਧਾਲੂ ਬਣ ਚੁਕੇ ਸਨ, ਸ਼ਬਦ ਦੀ ਵੀਚਾਰ ਦੇ ਚਾਰ ਪੰਜ ਦਿਨ ਮਗਰੋਂ ਇਹ ਦਾਸ ਨੂੰ ਮਿਲਣ ਲਈ ਭਸੌੜ ਆਏ ਅਤੇ ਭੁਝੰਗੀ ਮੁਕੰਦ ਸਿੰਘ ਨੂੰ ਗਿਆਨੀ ਜਮਾਤ ਵਿਚ ਪੜ੍ਹਨ ਲਈ ਆਪਣੇ ਨਾਲ ਲੈ ਗਏ। ਬੱਚੇ ਦੀ ਮਾਤਾ ਵੀ ਉਸ ਦੇ ਨਾਲ ਚਲੀ ਗਈ। ਚਾਰ ਦਿਨ ਮਗਰੋਂ ਸਕੂਲ ਵਿਚ ਛੁੱਟੀ ਹੋਈ ਤਦ ਦਾਸ ਵੀ ਪਟਿਆਲੇ ਵਲ ਟੁਰ ਪਿਆ। ਰਸਤੇ ਵਿਚ, ਧੂਰੀ ਜੰਕਸ਼ਨ ਤੇ, ਗੱਡੀਆਂ ਦੇ ਮੇਲ ਵਿਚ ਕੋਈ ਚਾਰ ਕੁ ਘੰਟਿਆਂ ਦਾ ਫ਼ਰਕ ਸੀ। ਦਾਸ ਗੁਰਦੁਆਰੇ ਸਾਹਿਬ ਆਰਾਮ ਕਰਨ ਚਲਾ ਗਿਆ। ਓਥੇ ਪਟਿਆਲੇ ਵਾਲੀ ਗੱਡੀ ਤੋਂ ਉਤਰ ਕੇ ਕਰਨੈਲ ਸੁੰਦਰ ਸਿੰਘ ਜੀ ਵੀ ਗੁਰਦੁਆਰੇ ਸਾਹਿਬ ਆ ਗਏ। ਦਾਸ ਨੂੰ ਏਥੇ ਦੇਖ ਕੇ ਸਹਿਜ ਸੁਭਾਇ ਪੁੱਛਿਆ ਕਿ ਤੁਸੀ ਕਿਧਰ? ਜਦ ਦਾਸ ਨੇ ਆਖਿਆ ਕਿ ਅਸੀਂ ਪਟਿਆਲੇ ਜਾ ਰਹੇ ਹਾਂ, ਤਦ ਕਰਨੈਲ ਸਾਹਿਬ ਬੋਲ ਉਠੇ ਕਿ ਬਾਬੂ ਤੇਜਾ ਸਿੰਘ ਜੀ ਨੇ ਤੁਹਾਡੇ ਕੱਢਣ ਲਈ ਕਮੇਟੀ ਸੱਦੀ ਹੋਈ ਹੈ, ਮੈਂ ਓਸੇ ਮੀਟਿੰਗ ਵਿਚ ਜਾ ਰਿਹਾ ਹਾਂ। ਦਾਸ ਨੇ ਜਵਾਬ ਦਿੱਤਾ ਕਿ ਏਸ ਗੱਲ ਦਾ ਮੈਨੂੰ ਕੋਈ ਪਤਾ ਨਹੀਂ।

ਏਧਰ ਦਾਸ ਪਟਿਆਲੇ ਪਹੁੰਚ ਗਿਆ ਅਤੇ ਓਧਰ ਪੰਚਖੰਡ ਦੀ ਕਮੇਟੀ ਆਪਣਾ ਗੁਰਮਤਾ ਕਰਦੀ ਰਹੀ। ਪਟਿਆਲੇ ਵਿੱਚ ਸਰਦਾਰ ਜੁਗਿੰਦਰ ਸਿੰਘ ਜੀ ਅਕਾਊਂਟੈਂਟ ਨੇ, ਜਿਹੜੇ ਪੰਚਖੰਡ ਦੀਵਾਨ ਦੇ ਕਿਸੇ ਸਮੇਂ ਮੈਂਬਰ ਰਹਿ ਚੁੱਕੇ ਸਨ ਅਤੇ ਬਾਬੂ ਜੀ ਦੀ ਆਦਤ ਨੂੰ ਚੰਗੀ ਤਰ੍ਹਾਂ ਜਾਣਦੇ ਸਨ, ਦਾਸ ਨੂੰ ਸਲਾਹ ਦਿੱਤੀ ਕਿ ਤੁਸੀ ਉੱਕਾ ਹੀ ਭਸੌੜ ਨਾ ਜਾਓ। ਏਥੋਂ ਹੀ ਅਸਤੀਫਾ ਲਿਖ ਕੇ ਭੇਜ ਦਿਓ ਅਤੇ ਕੁਝ ਦਿਨ ਪਾ ਕੇ ਅਸਬਾਬ ਲੈ ਆਓ। ਹੋਰ ਸਾਰੇ ਪ੍ਰੇਮੀਆਂ ਨੇ ਵੀ ਉਹਨਾਂ ਦੀ ਪ੍ਰੋੜ੍ਹਤਾ ਕੀਤੀ। ਓਸ ਵੇਲੇ ਸਾਧ ਸੰਗਤ ਦੀ ਵੀਚਾਰ ਤੇ ਅਮਲ ਕੀਤਾ ਗਿਆ ਅਤੇ ਅਸਤੀਫ਼ਾ ਰਜਿਸਟਰੀ ਕਰਾ ਕੇ ਭੇਜ ਦਿੱਤਾ ਗਿਆ। ਹਫਤੇ ਮਗਰੋਂ ਜਦ ਪੰਚਖੰਡ ਤੋਂ ਦਾਸ ਆਪਣਾ ਅਸਬਾਬ ਲੈ ਕੇ ਟੁਰਿਆ ਤਾਂ ਸਾਰੇ ਸਕੂਲ ਵਿਚ ਹਾਹਾਕਾਰ ਮਚ ਗਈ। ਬੀਬੀਆਂ ਢਾਹੀ ਮਾਰ ਕੇ ਰੋਣ ਲਗ ਪਈਆਂ। ਅਧ ਕੁ ਮੀਲ ਤੀਕਰ ਇਹਨਾਂ ਦੀ ਪ੍ਰੇਮ ਅਤੇ ਦਰਦ ਭਰੀ ਆਵਾਜ਼ ਦਾਸ ਦੇ ਕੰਨੀ ਪੈਂਦੀ ਰਹੀ। ਦਾਸ ਦਾ ਹਿਰਦਾ ਤਾਂ ਬਹੁਤਾ ਦ੍ਰਵ ਗਿਆ, ਪਰ ਹੁਣ ਏਥੋਂ ਜਾਣ ਦੇ ਬਗੈਰ ਹੋਰ ਕੋਈ ਚਾਰਾ ਨਹੀ ਸੀ। ਦੋ ਚਾਰ ਹਫਤੇ ਮਗਰੋਂ ਪਟਿਆਲੇ ਖਬਰ ਆ ਗਈ ਕਿ ਭਸੌੜ ਦਾ ਸਕੂਲ ਟੁੱਟ ਗਿਆ ਹੈ।



ਸੰਤ ਤੇਜਾ ਸਿੰਘ ਜੀ

# ਕਾਂਡ ੧੫

ਰਾਮਕਲੀ ਮਹਲਾ ੯ ॥

ਸਾਧੋ ਕਉਨ ਜੁਗਤਿ ਅਬ ਕੀਜੈ ॥
ਜਾ ਤੇ ਦੁਰਮਤਿ ਸਗਲ ਬਿਨਾਸੈ ਰਾਮ ਭਗਤਿ ਮਨੁ ਭੀਜੈ ॥੧॥ ਰਹਾਉ॥
ਮਨੁ ਮਾਇਆ ਮਹਿ ਉਰਝਿ ਰਹਿਓ ਹੈ ਬੂਝੈ ਨਹ ਕਛੁ ਗਿਆਨਾ ॥
ਕਉਨੁ ਨਾਮੁ ਜਗੁ ਜਾ ਕੈ ਸਿਮਰੈ ਪਾਵੈ ਪਦੁ ਨਿਰਬਾਨਾ ॥੧॥
ਭਏ ਦਇਆਲ ਕ੍ਰਿਪਾਲ ਸੰਤ ਜਨ ਤਬ ਇਹ ਬਾਤ ਬਤਾਈ ॥
ਸਰਬ ਧਰਮ ਮਾਨੋ ਤਿਹ ਕੀਏ ਜਿਹ ਪ੍ਰਭ ਕੀਰਤਿ ਗਾਈ ॥੨॥
ਰਾਮ ਨਾਮੁ ਨਰੁ ਨਿਸਿ ਬਾਸੁਰ ਮਹਿ ਨਿਮਖ ਏਕ ਉਰਿ ਧਾਰੈ ॥
ਜਮ ਕੋ ਤ੍ਰਾਸੁ ਮਿਟੈ ਨਾਨਕ ਤਿਹ ਅਪੁਨੋ ਜਨਮੁ ਸਵਾਰੈ ॥੩॥੨॥ (੯੦੨)

## ਕੱਲਰ ਖ਼ਾਲਸਾ ਹਾਈ ਸਕੂਲ ਦੇ ਪ੍ਰਬੰਧ ਦੀ ਸੇਵਾ

ਪਟਿਆਲੇ ਦਾਸ ਨੂੰ ਆਇਆ ਅਜੇ ਹਫ਼ਤਾ ਕੁ ਹੀ ਹੋਇਆ ਸੀ ਕਿ ਕੱਲਰ ਤੋਂ ਦੋ ਪ੍ਰੇਮੀ ਭਾਈ ਜਗਤ ਸਿੰਘ ਜੀ 'ਪ੍ਰਦੇਸੀ' ਅਤੇ ਭਾਈ ਕਰਤਾਰ ਸਿੰਘ ਜੀ ਸਕੱਤਰ ਖ਼ਾਲਸਾ ਹਾਈ ਸਕੂਲ ਉੱਥੇ ਆ ਪੁੱਜੇ। ਰਾਜਿੰਦਰ ਦੇਵਾ ਯਤੀਮ ਖਾਨੇ ਵਿੱਚ, ਜਿੱਥੇ ਅੱਜ-ਕੱਲ੍ਹ ਖ਼ਾਲਸਾ ਹਾਈ ਸਕੂਲ ਹੈ, ਦਾਸ ਦਾ ਡੇਰਾ ਸੀ। ਇਹ ਸੱਜਣ ਪੁੱਛਦੇ-ਪੁੱਛਦੇ ਏਥੇ ਆ ਗਏ। ਜਲ-ਪਾਣੀ ਛਕਣ ਦੇ ਮਗਰੋਂ ਇਹਨਾਂ ਨੇ ਬੜੇ ਪ੍ਰੇਮ ਨਾਲ ਬੇਨਤੀ ਕੀਤੀ ਕਿ ਅਸੀਂ ਤੁਹਾਡੇ ਪਾਸ ਕੱਲਰ ਹਾਈ ਸਕੂਲ ਦੀ ਕਮੇਟੀ ਵੱਲੋਂ ਹਾਜ਼ਰ ਹੋਏ ਹਾਂ। ਉਸ ਧਰਤੀ ਨੂੰ ਸੰਤ ਜੀ ਮਹਾਰਾਜ ਨੇ ਆਪਣੇ ਤਪ, ਨਿਰਬਾਣ ਕੀਰਤਨ ਅਤੇ ਖੰਡੇ ਦੀ ਪਾਹੁਲ ਦੁਆਰਾ ਨਿਵਾਜਿਆ ਹੈ। ਸਕੂਲ ਦੀ ਹਾਲਤ ਏਸ ਵੇਲੇ ਬੜੀ ਡਾਵਾਂ-ਡੋਲ ਹੈ। ਤੁਸੀਂ ਚੱਲ ਕੇ ਏਸ ਨੂੰ ਪੱਕਿਆਂ ਪੈਰਾਂ 'ਤੇ ਕਰ ਦੇਵੋ; ਸਾਰਾ ਇਲਾਕਾ ਤੁਹਾਡਾ ਧੰਨਵਾਦੀ ਹੋਵੇਗਾ। ਭਾਵੇਂ ਪਟਿਆਲੇ ਦੀ ਸਾਧ-ਸੰਗਤ ਦਾ ਬੜਾ ਹੀ ਪ੍ਰੇਮ ਸੀ ਅਤੇ ਪ੍ਰਚਾਰ ਦਾ ਚੱਕਰ ਵੀ ਸੋਹਣਾ ਚੱਲਿਆ ਹੋਇਆ ਸੀ, ਪਰ ਸੰਤ ਹੀ ਮਹਾਰਾਜ ਦੀ ਤਪ-ਭੂਮੀ ਦੀ ਖਿੱਚ ਅਤੇ ਪ੍ਰਚਾਰ ਦੇ ਦਿਲੀ ਪ੍ਰੇਮ ਨੇ ਦਾਸ ਨੂੰ ਧੂ ਪਾਈ। ਪਟਿਆਲੇ ਦੀ ਸਾਧ-ਸੰਗਤ ਤੋਂ ਛੁੱਟੀ ਲੈ ਕੇ ਦੂਜੇ ਦਿਨ ਹੀ ਉਹਨਾਂ ਦੇ ਨਾਲ ਟੁਰ ਪਿਆ। ਦਾਸ ਦੇ ਨਾਲ ਭੁਝੰਗੀ ਈਸ਼ਰ ਸਿੰਘ, ਮੁਕੰਦ ਸਿੰਘ ਅਤੇ ਉਸ ਦੀ ਮਾਤਾ ਵੀ ਸਨ। ਦੋਵੇਂ ਭੁਝੰਗੀ ਬੜਾ ਮਨੋਹਰ ਕੀਰਤਨ ਕਰਦੇ ਅਤੇ ਜਿੱਥੇ ਜਾਂਦੇ ਸਾਧ-ਸੰਗਤ ਦਾ ਮਨ ਮੋਹ ਲੈਂਦੇ। ਕੱਲਰ ਦੀ ਸਾਧ-ਸੰਗਤ ਨੇ ਦਾਸ ਨੂੰ ਖ਼ਾਲਸਾ ਹਾਈ ਸਕੂਲ ਦੇ ਪ੍ਰਬੰਧ ਦੀ ਸੇਵਾ ਬਖਸ਼ੀ। ਮਾਸਟਰ ਤਾਰਾ ਸਿੰਘ ਜੀ ਇਹਨਾਂ ਦਿਨਾਂ ਵਿੱਚ ਏਥੇ ਹੈਡ ਮਾਸਟਰ ਸਨ। ਸਕੂਲ ਇੱਕ ਕਿਰਾਏ ਦੀ ਬੜੀ ਮਾਮੂਲੀ ਜਿਹੀ ਇਮਾਰਤ ਵਿੱਚ ਸੀ ਅਤੇ ਇਸ ਦੀ ਆਮਦਨ ਖ਼ਰਚ ਵਿੱਚ ਸਰਕਾਰੀ ਗਰਾਂਟ ਨਾ ਹੋਣ ਕਰਕੇ ਬਹੁਤ ਸਾਰਾ ਫ਼ਰਕ ਸੀ। ਇਹਨਾਂ ਔਕੜਾਂ ਦੇ ਹੁੰਦਿਆਂ ਵੀ ਮਾਸਟਰ ਤਾਰਾ ਸਿੰਘ ਜੀ ਆਪਣੇ ਪ੍ਰੇਮ ਅਤੇ ਸਬਰ-ਸੰਤੋਖ ਨਾਲ ਸਮੇਂ ਨੂੰ ਨਜਿੱਠੀ ਜਾਂਦੇ। ਬਾਕੀ ਦੇ ਮਾਸਟਰ ਵੀ ਇਹਨਾਂ ਦੀ ਮਿਸਾਲ ਦੇਖ ਕੇ, ਬਗੈਰ ਘਬਰਾਉਣ ਦੇ, ਆਪਣੇ-ਆਪਣੇ ਕੰਮਾਂ 'ਤੇ ਲੱਗੇ ਰਹਿੰਦੇ। ਤਨਖ਼ਾਹਾਂ ਆਮ ਤੌਰ 'ਤੇ ਕਈ-ਕਈ ਮਹੀਨਿਆਂ

ਦੀਆਂ ਬਾਕੀ ਵਿੱਚ ਰਹਿੰਦੀਆਂ ਸਨ। ਫੀਸ ਅਤੇ ਚੰਦਿਆਂ ਦੀ ਥੋੜ੍ਹੀ ਬਹੁਤੀ ਆਮਦਨੀ ਸੀ। ਏਸ ਨੂੰ ਸਾਰੇ ਆਪਣੇ ਹਿਸੇ ਅਨੁਸਾਰ ਵੰਡ ਛਕਦੇ। ਦਾਸ ਲਈ ਵੀ ਸਾਧ ਸੰਗਤ ਨੇ ਆਪਣੇ ਵਿਤ ਅਨੁਸਾਰ ਲੰਗਰ ਦੀ ਰਸਦ ਬੰਨ੍ਹ ਦਿੱਤੀ।

ਹੁਣ ਦਾਸ ਅੱਗੇ ਇਹ ਸਵਾਲ ਪੈਦਾ ਹੋਇਆ ਕਿ ਕਿਸ ਜੁਗਤ ਨਾਲ ਸਕੂਲ ਨੂੰ ਪਕੇ ਪੈਰਾਂ ਤੇ ਕੀਤਾ ਜਾਵੇ, ਇਸ ਦੇ ਤਿੰਨ ਤਰੀਕੇ ਨਜ਼ਰ ਆਏ:-

(੧) ਇਲਾਕੇ ਵਿਚ ਪ੍ਰਚਾਰ ਦਵਾਰਾ, ਸਾਧ ਸੰਗਤ ਦਾ ਧਿਆਨ ਸਕੂਲ ਵਲ ਕਰਾਉਣਾ।

(੨) ਬਾਬਾ ਗੁਰਬਖਸ਼ ਸਿੰਘ ਬੇਦੀ ਅਤੇ ਉਨ੍ਹਾਂ ਦੇ ਸੇਵਕਾਂ ਨੂੰ ਸ੍ਰੀ ਗੁਰੂ ਸਿੰਘ ਸਭਾ ਦੇ ਪ੍ਰਬੰਧਕਾਂ ਅਤੇ ਸਾਧ ਸੰਗਤ ਨਾਲ ਸਕੂਲ ਸਬੰਧੀ ਇੱਕ ਰਾਹ ਤੇ ਲਿਆਉਣਾ।

(੩) ਸਕੂਲ ਨੂੰ ਪੰਜਾਬ ਵਿੱਦਿਅਕ ਮਹਿਕਮੇ ਨਾਲ ਸਬੰਧਤ ਕਰਕੇ ਗਰਾਂਟ ਮਨਜ਼ੂਰ ਕਰਾਉਣਾ।

ਪੜ੍ਹਾਈ ਦਾ ਕੰਮ ਤਾਂ ਦਾਸ ਨੇ ਸਕੂਲ ਵਿੱਚ ਥੋੜ੍ਹਾ ਹੀ ਲਿਆ। ਸਿਰਫ਼ ਅੰਗਰੇਜ਼ੀ ਕਵਿਤਾ ਨੌਂਵੀ ਦਸਵੀਂ ਜਮਾਤ ਨੂੰ ਪੜ੍ਹਾਉਣੀ ਸ਼ੁਰੂ ਕਰ ਦਿੱਤੀ। ਬਾਕੀ ਸਾਰਾ ਸਮਾਂ ਉੱਪਰ ਲਿਖੇ ਮੰਤਵ ਪੂਰੇ ਕਰਨ ਹਿਤ ਲਾਉਣਾ ਸ਼ੁਰੂ ਕਰ ਦਿੱਤਾ।

ਕੱਲਰ ਪੁੱਜਣ ਤੋਂ ਥੋੜ੍ਹੇ ਚਿਰ ਮਗਰੋਂ ਹੀ ਬੇਵਲ ਨਗਰ ਵਿਚ ਇਕ ਅਨੰਦ ਕਾਰਜ ਸੀ। ਪ੍ਰੇਮੀ ਦਾਸ ਨੂੰ ਉੱਥੇ ਲੈ ਗਏ। ਅਨੰਦ ਕਾਰਜ ਬੜੀ ਸੋਹਣੀ ਤਰ੍ਹਾਂ ਨਿਭਾ ਗਿਆ ਅਤੇ ਪ੍ਰੇਮੀਆਂ ਨੇ ਸਕੂਲ ਵਾਸਤੇ ਆਪਣੇ ਵਿਤ ਅਨੁਸਾਰ ਸਹਾਇਤਾ ਕੀਤੀ। ਪ੍ਰਸ਼ਾਦ ਛਕਣ ਕੇ ਮਗਰੋਂ ਅਜੇ ਦਾਸ ਆਰਾਮ ਕਰਨ ਲੱਗਾ ਸੀ ਕਿ ਕੱਲਰ ਹੁੰਦੇ ਹੋਏ ਬਾਪੂ ਸ਼ਾਮ ਸਿੰਘ ਜੀ ਭੱਠੇ ਵਾਲੇ ਬੇਵਲ ਆ ਪੁੱਜੇ। ਇਹਨਾਂ ਨੇ ਆਖਿਆ ਕਿ ਸੰਤ ਜੀ ਮਹਾਰਾਜ ਨੇ ਤੁਹਾਨੂੰ ਗੁਜਰਾਂਵਾਲੇ ਸੱਦ ਭੇਜਿਆ ਹੈ। ਉਥੋਂ ਦੀ ਸਾਧ ਸੰਗਤ ਨੇ ਬੇਨਤੀ ਕੀਤੀ ਸੀ ਕਿ ਵਲੈਤ ਮੁੜਨ ਤੋਂ ਪਿੱਛੋਂ ਦਰਸ਼ਨ ਮੇਲਾ ਨਹੀਂ ਹੋਇਆ। ਸੋ, ਸੰਤ ਜੀ ਮਹਾਰਾਜ ਨੇ ਮੈਨੂੰ ਆਪ ਦੇ ਲੈਣ ਵਾਸਤੇ ਭੇਜਿਆ ਹੈ। ਉਹ ਬਾਰ੍ਹਾਂ ਵਜੇ ਦਾ ਵੇਲਾ ਸੀ ਅਤੇ ਦਿਨ ਵੀ ਗਰਮੀਆਂ ਦੇ ਸਨ; ਓਸੇ ਵੇਲੇ ਤਿਆਰੀ ਕਰ ਲਈ। ਘੋੜੇ ਟਟੂ ਲੈ ਕੇ, ਬਾਪੂ ਸ਼ਾਮ ਸਿੰਘ ਜੀ ਦੇ ਨਾਲ ਜੱਥੇ ਸਮੇਤ ਗੁਜਰ ਖਾਂ ਵਲ ਟੁਰ ਪਏ ਅਤੇ ਉਥੋਂ ਗੱਡੀ ਚੜ੍ਹ ਕੇ ਗੁਜਰਾਂਵਾਲੇ ਆ ਪੁੱਜੇ।

ਏਥੇ ਸੰਤ ਜੀ ਮਹਾਰਾਜ ਨੇ ਸ: ਗੁਰਮੁਖ ਸਿੰਘ ਘਰਜਾਖੀਏ ਦੀ ਕੋਠੀ, ਜਿਹੜੀ ਸ਼ਹਿਰ ਤੋਂ ਬਾਹਰ ਮੀਲ ਕੁ ਦੇ ਫਾਸਲੇ ਤੇ ਹੈ, ਡੇਰਾ ਕੀਤਾ ਹੋਇਆ ਸੀ। ਸਟੇਸ਼ਨ ਤੋਂ ਸਿੱਧਾ ਏਥੇ ਹਾਜ਼ਰ ਹੋਏ। ਸੰਤ ਜੀ ਮਹਾਰਾਜ ਦੇ ਦਰਸ਼ਨ ਕਰਨ ਦੇ ਮਗਰੋਂ ਇਕ ਕਮਰੇ ਵਿੱਚ ਡੇਰਾ ਕੀਤਾ।

ਦਾਸ ਪੰਦਰਾਂ ਦਿਨ ਗੁਜਰਾਂਵਾਲੇ ਬੜੇ ਭਾਰੀ ਦੀਵਾਨ ਸਜਦੇ ਰਹੇ। ਸਵੇਰ ਦਾ ਦੀਵਾਨ ਸ੍ਰੀ ਗੁਰੂ ਸਿੰਘ ਸਭਾ ਦੇ ਗੁਰਦੁਆਰੇ ਘੰਟਾ ਘਰ ਦੇ ਪਾਸ ਹੁੰਦਾ ਅਤੇ ਸ਼ਾਮ ਦਾ ਖ਼ਾਲਸਾ ਹਾਈ ਸਕੂਲ ਦੇ ਵੱਡੇ ਹਾਲ ਵਿੱਚ। ਸ਼ਹਿਰ ਦੇ ਮਾਈ ਭਾਈ ਟੁਟ ਕੇ ਏਸ ਅਮੋਲਕ ਸਮੇਂ ਦਾ ਲਾਹਾ ਲੈਣ ਲਈ ਆਉਂਦੇ। ਪੰਜ ਪੰਜ ਛੇ ਛੇ ਮੀਲ ਤੋਂ ਬਾਹਰ ਦੇ ਨਗਰਾਂ ਦੀਆਂ ਸੰਗਤਾਂ ਵੀ ਖਿੱਚੀਆਂ ਆਉਦੀਆਂ। ਸ਼ਾਮ ਦੇ ਦੀਵਾਨ ਵਿੱਚ ਸੰਤ ਜੀ ਮਹਾਰਾਜ, ਦਾਸ ਨੂੰ ਸ਼ਬਦ ਕੀਰਤਨ ਦੇ ਮਗਰੋਂ ਕੁਝ ਸਮਾਂ ਲੈਕਚਰ ਲਈ ਬਖਸ਼ਦੇ। ਸ਼ਹਿਰ ਦੇ ਹਿੰਦੂ, ਮੁਸਲਮਾਨ, ਵਕੀਲ ਅਤੇ ਹੋਰ ਪੜ੍ਹੇ ਲਿਖੇ ਆਦਮੀ ਬਹੁਤ ਆਉਂਦੇ। ਸੰਤ ਜੀ ਮਹਾਰਾਜ ਦੇ ਮਨੋਹਰ ਕੀਰਤਨ ਅਤੇ ਗੁਰੂ ਘਰ ਦੇ ਅਸੂਲਾਂ ਤੇ ਵੀਚਾਰ ਦਾ ਸਭ ਤੇ ਬੜਾ ਭਾਰੀ ਅਸਰ ਪਿਆ। ਹਜ਼ਾਰ ਕੁ ਮਾਈ ਭਾਈ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ, ਜਿਨ੍ਹਾਂ ਵਿਚੋ ਸੌ ਤੋਂ ਵਧ ਸਹਿਜਧਾਰੀ ਪ੍ਰੇਮੀ ਸਨ। ਅੰਮ੍ਰਿਤ

ਪ੍ਰਚਾਰ ਹਰ ਰੋਜ਼, ਤਿੰਨ ਵਜੇ ਦਸ ਦਿਨ ਹੁੰਦਾ ਰਿਹਾ ਅਤੇ ਹਰ ਰੋਜ਼ ਹੀ ਸੌ-ਸੌ ਜਗਿਆਸੂ ਗੁਰੂ ਕਲਗੀਆਂ ਵਾਲੇ ਦੇ ਜਹਾਜ਼ 'ਤੇ ਚੜ੍ਹਦੇ।

ਇੱਕ ਦਿਨ ਸ਼ਹਿਰ ਵਿੱਚ ਕਿਸੇ ਗੁਰੂ ਕੇ ਪਿਆਰੇ ਦੇ ਘਰ ਪ੍ਰਸ਼ਾਦਾ ਸੀ। ਸਮੇਂ ਸਿਰ ਪ੍ਰੇਮੀ ਨੇ ਟਾਂਗੇ ਭੇਜ ਦਿੱਤੇ। ਸੰਤ ਜੀ ਮਹਾਰਾਜ ਨੇ ਆਪਣੀ ਮਿਹਰ ਦੁਆਰਾ ਦਾਸ ਨੂੰ ਆਪਣੇ ਨਾਲ ਬਿਠਾ ਲਿਆ। ਰਸਤੇ ਵਿੱਚ ਜਦ ਖ਼ਾਲਸਾ ਸਕੂਲ ਦੇ ਨੇੜੇ ਅੱਪੜੇ ਤਾਂ ਸੰਤ ਜੀ ਮਹਾਰਾਜ ਨੇ ਇੱਕ ਹੱਥ ਨਾਲ ਦਾਸ ਨੂੰ ਆਪਣੀ ਬਗਲ ਵਿੱਚ ਲੈ ਲਿਆ ਅਤੇ ਫੁਰਮਾਇਆ, **"ਭਾਈ! ਹੁਣ ਤੁਹਾਨੂੰ ਸਾਧ ਸੰਗਤ ਨੇ ਸੰਤ ਆਖਣਾ ਸ਼ੁਰੂ ਕਰ ਦਿਤਾ ਹੈ। ਏਸ ਅੱਖਰ ਦੀ ਲਾਜ ਰੱਖਣੀ। ਇਹ ਸਾਧਾਰਨ ਵਰਦੀ ਨਹੀਂ ਤਿਆਗਣੀ, ਏਸ ਨਾਲ ਬਹੁਤ ਹੀ ਭਲਾ ਹੋਵੇਗਾ।"** ਇੱਕ ਦਿਨ ਸੰਤ ਜੀ ਮਹਾਰਾਜ ਦਾ ਦੀਵਾਨ, ਕੰਵਰ ਪ੍ਰਿਥੀਪਾਲ ਸਿੰਘ ਜੀ, ਜਿਹੜੇ ਉਸ ਵੇਲੇ ਗੁਜਰਾਂਵਾਲੇ ਦੀ ਵਿੱਦਿਅਕ ਕਮੇਟੀ ਦੇ ਪ੍ਰਧਾਨ ਸਨ, ਦੀ ਕੋਠੀ ਵਿੱਚ ਹੋਇਆ। ਸ਼ਹਿਰ ਦੇ ਮਾਈ-ਭਾਈ ਹੁੰਮ-ਹੁਮਾ ਕੇ ਆਏ। ਦੂਜੇ ਦਿਨ ਏਸ ਸ਼ਹਿਰ ਤੋਂ ਸੰਤ ਜੀ ਮਹਾਰਾਜ ਦੀ ਤਿਆਰੀ ਸੀ। ਦਾਸ ਨੇ ਵੀ ਕੱਲਰ ਮੁੜ ਕੇ ਜਾਣਾ ਸੀ। ਆਸਾ ਜੀ ਦੀ ਵਾਰ ਦੇ ਮਗਰੋਂ ਸੰਤ ਜੀ ਮਹਾਰਾਜ ਨੇ ਦਾਸ ਨੂੰ ਹੁਕਮ ਕੀਤਾ ਕਿ ਤੁਸੀਂ ਕੋਈ ਖਾਸ ਉਪਦੇਸ਼ ਸਾਧ-ਸੰਗਤ ਨੂੰ ਕਰੋ। ਕੁਦਰਤੀ ਦਾਸ ਨੂੰ ਉਸ ਵੇਲੇ ਇਹ ਗੱਲ ਫ਼ੁਰੀ:

**ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥**
**ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ ॥** (੬੪੨)

ਹੱਥ ਜੋੜ ਕੇ ਸਾਧ-ਸੰਗਤ ਅੱਗੇ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ ਦੀ ਪਿਆਰੀ ਸੰਗਤ ! ਕਲਜੁਗ ਵਿੱਚ ਕੀਰਤਨ ਹੀ ਉਧਾਰ ਦਾ ਵੱਡਾ ਸਾਧਨ ਹੈ। ਭਾਵੇਂ ਨਾਮ-ਸਿਮਰਨ ਇਹਦੇ ਨਾਲ ਲੱਗਦੀ ਇੱਕ ਵੱਡੀ ਸਚ-ਖੰਡ ਨੂੰ ਲਿਜਾਣ ਵਾਲੀ ਇੱਕ ਪੌੜੀ ਹੈ, ਪਰ ਸਿਮਰਨ ਤੇ ਜੀਵਾਂ ਦਾ ਮਨ ਬਹੁਤ ਚਿਰ ਨਹੀਂ ਟਿੱਕ ਸਕਦਾ। ਕਿਸੇ ਭਾਗਾਂ ਵਾਲੇ ਦੀ ਹੀ ਬਿਰਤੀ ਅੰਤਰ-ਆਤਮੇ ਸਿਮਰਨ ਸਮੇਂ ਜੁੜਦੀ ਹੈ। ਜੇ ਟਿੱਕ ਵੀ ਜਾਵੇ ਤਾਂ ਥੋੜ੍ਹੇ ਚਿਰ ਮਗਰੋਂ ਹੀ ਉਥਾਨ ਹੋ ਜਾਂਦੀ ਹੈ। ਏਸ ਲਈ ਸਤਿਗੁਰੂ ਨੇ ਸਾਧ-ਸੰਗਤ ਲਈ ਕੀਰਤਨ ਇੱਕ ਅਮੋਲਕ ਦਾਤ ਬਖ਼ਸ਼ੀ ਹੈ ਕਿ ਜਦ ਨਾਮ-ਸਿਮਰਨ ਤੋਂ ਚਿੱਤ ਉਪਰਾਮ ਹੋ ਜਾਵੇ ਤਾਂ ਕੀਰਤਨ ਵਿੱਚ ਆ ਜੁੜੇ। ਏਸ ਗੱਲ ਨੂੰ ਜ਼ੁਬਾਨੀ ਤਾਂ ਮੰਨਣ ਦਾ ਪੂਰਾ ਲਾਭ ਨਹੀਂ ਹੋ ਸਕਦਾ। ਏਸ ਲਈ ਕਿਰਪਾ ਕਰਕੇ ਸਾਧ-ਸੰਗਤ ਇਹ ਗੁਰਮਤਾ ਕਰ ਲਵੇ ਕਿ ਸਭ ਮਾਈ-ਭਾਈ ਮਿਲ ਕੇ ਹਰ ਰੋਜ਼ ਪੂਰੀ ਆਸਾ ਜੀ ਦੀ ਵਾਰ ਦਾ ਕੀਰਤਨ ਕਰਿਆ ਕਰਾਂਗੇ। ਏਸ ਕੰਮ ਨੂੰ ਸਿਰੇ ਚਾੜ੍ਹਨ ਲਈ ਲੋੜ ਹੈ ਕਿ ਪੰਜ ਗੁਰਮੁਖ ਸਿੰਘ ਹੁਣੇ ਹੀ ਏਸ ਕੌਮ ਦੇ ਮੋਢੀ ਬਣ ਜਾਣ ਅਤੇ ਪ੍ਰਣ ਕਰਨ ਕਿ ਅਸੀਂ ਨਿੱਤਨੇਮ ਨਾਲ ਆਪ ਆਵਾਂਗੇ ਅਤੇ ਹੋਰ ਸਾਧ-ਸੰਗਤ ਨੂੰ ਵੀ ਪ੍ਰੇਰ ਕੇ ਲਿਆਵਾਂਗੇ। ਸੰਤ ਜੀ ਮਹਾਰਾਜ ਬੜੇ ਹੀ ਪ੍ਰਸੰਨ ਹੋਏ ਅਤੇ ਏਸ ਗੱਲ ਦੀ ਪੂਰੀ ਜ਼ੋਰ ਨਾਲ ਮਹਾਂਵਾਕ ਦੁਆਰਾ ਪੁਸ਼ਟੀ ਕੀਤੀ।

**ਭਏ ਦਇਆਲ ਕ੍ਰਿਪਾਲ ਸੰਤ ਜਨ ਤਬ ਇਹ ਬਾਤ ਬਤਾਈ ॥**
**ਸਰਬ ਧਰਮ ਮਾਨੋ ਤਿਹ ਕੀਏ ਜਿਹ ਪ੍ਰਭ ਕੀਰਤਿ ਗਾਈ ॥** (੯●੨)

ਓਸੇ ਵੇਲੇ ਹੱਥ ਜੋੜ ਕੇ ਕੰਵਰ ਪ੍ਰਿਥੀਪਾਲ ਸਿੰਘ ਜੀ ਅਤੇ ਡਾਕਟਰ ਮਹਾਂ ਸਿੰਘ ਜੀ ਖੜ੍ਹੇ ਹੋ ਗਏ। ਫੇਰ ਸੰਤ ਜੀ ਮਹਾਰਾਜ ਦੇ ਹੁਕਮ ਦੇਣ ਪਰ ਕਿ ਭਾਈ! ਪੰਜ ਸਰੀਰ ਏਸ ਸੇਵਾ ਲਈ ਹਾਜ਼ਰ ਹੋਣੇ

ਚਾਹੀਦੇ ਹਨ, ਤਿੰਨ ਹੋਰ ਖੜ੍ਹੇ ਹੋ ਗਏ। ਏਸ ਦੇ ਮਗਰੋਂ ਦੀਵਾਨ ਦੀ ਅਰਦਾਸ ਕੀਤੀ ਗਈ ਅਤੇ ਸਤਿਗੁਰੂ ਅੱਗੇ ਬੇਨਤੀ ਕੀਤੀ ਗਈ ਕਿ ਹੇ ਸੱਚੇ ਪਾਤਿਸ਼ਾਹ ! ਗੁਜਰਾਂਵਾਲੇ ਦੀ ਸੰਗਤ ਨੂੰ ਏਸ ਗੁਰਮਤੇ ਉਤੇ ਚੱਲਣ ਦੀ ਤਾਕਤ ਬਖਸ਼ਣੀ ਅਤੇ ਪੰਜ ਸੇਵਕਾਂ ਦੇ ਸਿਰ ਤੇ ਹੱਥ ਧਰ ਕੇ ਏਸ ਨਿੱਤਨੇਮ ਦੇ ਮਹਾਂ ਯੱਗ ਤੇ ਸ਼੍ਰੋਮਣੀ ਤਪ ਨੂੰ ਸਿਰੇ ਚਾੜ੍ਹਨ ਦੀ ਤਾਕਤ ਬਖਸ਼ਣੀ। ਦੂਜੇ ਦਿਨ ਦਾਸ ਨੂੰ ਕੱਲਰ ਜਾਣ ਦੀ ਆਗਿਆ ਮਿਲ ਗਈ ਅਤੇ ਸੰਤ ਹੀ ਮਹਾਰਾਜ, ਸੰਗਤਾਂ ਦੇ ਖਿੱਚੇ ਹੋਏ, ਨਾਮ ਤੇ ਅੰਮ੍ਰਿਤ ਦਾ ਛਿੱਟਾ ਦੇਣ ਲਈ ਇਕ ਨਗਰ ਚਲੇ ਗਏ। ਏਥੋਂ ਕਰਤਾਰ ਦੀ ਕੁਦਰਤ ਸੰਤ ਜੀ ਨੂੰ ਜੇਹਲਮ ਲੈ ਆਈ ਅਤੇ ਏਥੋ ਸੰਗਤਾਂ ਨੂੰ ਨਿਹਾਲ ਕਰਦੇ ਹੋਏ ਰਾਵਲਪਿੰਡੀ ਆ ਪੁੱਜੇ।

## ਪੋਠੋਹਾਰ ਵਿੱਚ ਗੁਰਮਤਿ ਪ੍ਰਚਾਰ

ਡੇਰੇ ਖ਼ਾਲਸੇ ਤੋਂ ਤੁਰਨ ਲੱਗਿਆ ਇਕ ਪ੍ਰੇਮੀ ਨੇ ਸੰਤ ਜੀ ਮਹਾਰਾਜ ਅੱਗੇ ਬੇਨਤੀ ਕੀਤੀ ਕਿ ਸੰਤ ਤੇਜਾ ਸਿੰਘ ਨੂੰ ਸਾਡੇ ਨਾਲ ਭੇਜੋ, ਇਨ੍ਹਾਂ ਨੇ ਸਾਡੇ ਨਾਲ ਬਚਨ ਕੀਤਾ ਹੋਇਆ ਹੈ। ਸੰਤ ਹੀ ਮਹਾਰਾਜ ਨੇ ਫੁਰਮਾਇਆ ਕਿ ਭਾਈ, ਇਨ੍ਹਾਂ ਨੂੰ ਸਤਿਗੁਰੂ ਦਾ ਕੋਈ ਖ਼ਾਸ ਜ਼ਰੂਰੀ ਕਾਰਜ ਹੋਣ ਕਰਕੇ ਤਾਰੀਖ ਬਦਲਣੀ ਪਈ ਹੈ ਭਾਈ, ਪਰੋਪਕਾਰੀ ਪੁਰਸ਼ ਕਿਸੇ ਬੰਧਨ ਵਿੱਚ ਨਹੀਂ ਹੁੰਦੇ। ਇਹ ਸੁਣ ਕੇ ਪ੍ਰੇਮੀ ਨੇ ਤਾਰੀਖ ਬਦਲਣੀ ਖੁਸ਼ੀ ਨਾਲ ਮੰਨ ਲਈ।

ਡੇਰੇ ਖ਼ਾਲਸੇ ਤੋਂ ਦਾਸ ਕੱਲਰ ਮੁੜ ਆਇਆ। ਏਥੋਂ ਦੀ ਸਾਧ ਸੰਗਤ ਨੇ ਨੜਾਲੀ ਦੇ ਦੀਵਾਨ ਦਾ, ਉਤਸ਼ਾਹ ਦੇਖ ਕੇ ਕੱਲਰ ਵਿਖੇ ਦੀਵਾਨ ਕਰਨ ਦਾ ਗੁਰਮਤਾ ਕਰ ਲਿਆ। ਦੀਵਾਨ ਦੀਆਂ ਤਾਰੀਖਾਂ ਨੀਯਤ ਕੀਤੀਆਂ ਅਤੇ ਸਾਰੇ ਇਲਾਕੇ ਵਿਚ ਇਸ਼ਤਿਹਾਰ ਛਾਪ ਕੇ ਵੰਡੇ ਗਏ। ਹੁਣ ਦੀਵਾਨ ਦਾ ਸਮਾਂ ਆ ਗਿਆ। ਦੋ ਦਿਨ ਪਹਿਲਾਂ ਹੀ ਕਾਕਾ ਸਮੁੰਦ ਸਿੰਘ ਜੀ ਆਪਣੇ ਪਿਤਾ ਸਮੇਤ ਅਤੇ ਇਕ ਸਰਹੱਦ ਦਾ ਕੀਰਤਨੀ ਜਥਾ ਪਹੁੰਚ ਗਿਆ। ਕਈ ਉੱਘੇ ਪ੍ਰਚਾਰਕ ਵੀ ਸੰਤ ਜੀ ਮਹਾਰਾਜ ਦੀ ਤਪ ਭੂਮੀ ਦੀ ਚਰਨ ਧੂੜ ਦੇ ਖਿੱਚੇ ਹੋਏ ਆ ਗਏ। ਜਲੂਸ ਬੜਾ ਸ਼ਾਨਦਾਰ ਨਿਕਲਿਆ ਅਤੇ ਦੋ ਦਿਨ ਅਖੰਡ ਕੀਰਤਨ ਤੇ ਗੁਰਮਤਿ ਪ੍ਰਚਾਰ ਹੁੰਦਾ ਰਿਹਾ। ੧੦੦ ਤੋਂ ਉਤੇ ਮਾਈ ਭਾਈ ਨੇ ਅੰਮ੍ਰਿਤ ਪਾਨ ਕੀਤਾ। ਇਹਨਾਂ ਵਿੱਚ ਭਾਈ ਜਗਜੀਤ ਸਿੰਘ ਬੀ. ਏ. ਸੈਕੰਡ ਮਾਸਟਰ ਚਕਵਾਲ ਹਾਈ ਸਕੂਲ ਵੀ ਸਨ। ਏਸ ਦੀਵਾਨ ਵਿਚ ਖ਼ਾਲਸਾ ਹਾਈ ਸਕੂਲ ਕੱਲਰ ਦੀ ਆਪਣੀ ਇਮਾਰਤ ਬਨਾਉਣ ਦਾ ਗੁਰਮਤਾ ਪਾਸ ਕੀਤਾ ਗਿਆ ਅਤੇ ਪ੍ਰੇਮੀਆਂ ਨੇ ਏਸ ਕਾਰਜ ਲਈ ਦਿਲ ਖੋਲ੍ਹ ਕੇ ਅਰਦਾਸੇ ਕਰਵਾਏ। ਸ: ਸੰਤ ਸਿੰਘ ਸੂਰੀ ਕਾਂਸ਼ੀ ਨਦੀ ਦੇ ਉਸ ਢਾਏ ਉਤੇ, ਜਿਥੇ ਕਿ ਇੱਕ ਡੂੰਮ (ਡੂੰਘੇ ਪਾਣੀ ਦੀ ਜਗ੍ਹਾ) ਵਿੱਚ ਸੰਤ ਜੀ ਮਹਾਰਾਜ ਗਰਮੀਆਂ ਦੀ ਬਹਾਰ ਵਿਚ ਇਸ਼ਨਾਨ ਕਰਨ ਜਾਂਦੇ ਸਨ, ਸਕੂਲ ਲਈ ਜ਼ਮੀਨ ਅਰਦਾਸ ਕਰਵਾ ਦਿੱਤੀ। ਦੀਵਾਨ ਦੇ ਮਗਰੋਂ ਹੀ ਭਾਈ ਸੇਵਾ ਵਿਚ ਤਨ, ਮਨ, ਧਨ ਨਾਲ ਡਟ ਗਏ ਅਤੇ ਸਹਿਜ ਸੁਭਾਏ ਥੋੜ੍ਹੇ ਚਿਰ ਵਿੱਚ ਹੀ ਇਮਾਰਤ ਤਿਆਰ ਹੋ ਗਈ। ਭਾਈ ਮੁਹੰਮਦ ਕਾਸਮ ਇੰਜੀਨੀਅਰ ਨੇ ਵੇਲੇ ਸਿਰ ਸਕੂਲ ਦੇ ਕਮਰੇ ਪੂਰੇ ਕਰਨ ਲਈ ਉੱਘਾ ਹਿੱਸਾ ਲਿਆ। ਇੰਸਪੈਕਟਰ ਦੇ ਆਉਣ ਦੀ ਤਾਰੀਖ ਨੀਯਤ ਹੋ ਚੁੱਕੀ ਸੀ ਅਤੇ ਉਸ ਦੇ ਆਉਣ ਤੋਂ ਪਹਿਲਾਂ ਸਕੂਲ ਦੀ ਇਮਾਰਤ ਤਿਆਰ ਕਰਨੀ ਸੀ। ਕਮਰੇ ਵੇਲੇ ਸਿਰ ਬਣ ਗਏ ਅਤੇ ਇੰਸਪੈਕਟਰ ਨੇ ਨਵੀਂ ਇਮਾਰਤ ਵਿੱਚ ਹੀ ਸਕੂਲ ਦਾ ਮੁਆਇਨਾ ਕੀਤਾ। ਮਿਡਲ ਅਤੇ ਹਾਈ ਸਕੂਲ ਦੀਆਂ ਜਮਾਤਾਂ ਸ਼ਹਿਰ ਤੋਂ ਬਾਹਰ ਆ ਗਈਆਂ ਅਤੇ ਪ੍ਰਾਇਮਰੀ ਦੀਆਂ ਸ਼ਹਿਰ ਦੇ ਵਿੱਚ ਹੀ ਰਹੀਆਂ। ਇੰਸਪੈਕਟਰ ਵਾਈਟ (Whyte) ਬੜਾ ਹੀ ਲਾਇਕ, ਮਿਲਨਸਾਰ ਅਤੇ ਵਿਚਾਰਵਾਨ ਪ੍ਰੇਮੀ ਸੀ। ਏਸ ਨੇ ਸਕੂਲ ਦੀ ਬੜੀ ਸੋਹਣੀ ਰਿਪੋਰਟ ਕੀਤੀ। ਥੋੜ੍ਹੇ

ਚਿਰ ਮਗਰੋਂ ਸਕੂਲ ਮਨਜ਼ੂਰ ਹੋ ਗਿਆ ਅਤੇ ਸਰਕਾਰੀ ਗਰਾਂਟ ਮਿਲਣ ਲੱਗ ਪਈ।

ਨੜਾਲੀ ਅਤੇ ਕੱਲਰ ਦੇ ਦੀਵਾਨਾਂ ਦੀ ਕਾਮਯਾਬੀ ਨੇ ਇਲਾਕੇ ਵਿਚ ਇਕ ਤਕੜੀ ਲਹਿਰ ਚਲਾ ਦਿੱਤੀ। ਮੁਰੀਦ, ਚਕਵਾਲ ਅਤੇ ਗੰਡਾ ਕੱਸ ਬੜੇ ਭਾਰੀ ਦੀਵਾਨ ਹੋਏ। ਇਨ੍ਹਾਂ ਦੀਵਾਨਾਂ ਵਿੱਚ ਸੰਗਤ ਦਾਸ ਨੂੰ ਜਥੇ ਸਮੇਤ ਲੈ ਗਈ। ਸੰਤ ਜੀ ਮਹਾਰਾਜ ਦੀ ਬਖਸ਼ੀ ਹੋਈ ਦਾਤ ਹਰੀ ਕੀਰਤਨ ਅਤੇ ਅੰਮ੍ਰਿਤ ਪ੍ਰਚਾਰ ਦੀ ਸੇਵਾ ਲਾਈ। ਅੰਮ੍ਰਿਤ ਦੀ ਬੜੀ ਲਹਿਰ ਚੱਲੀ। ਕਈ ਸਹਿਜਧਾਰੀ ਪ੍ਰਵਾਰ ਸਿੰਘ ਸਜ ਗਏ। ਮੁਰੀਦ ਵਿਖੇ ਦੀਵਾਨ ਵਿੱਚ ਡੇਢ ਸੌ (੧੫●) ਮਾਈ ਭਾਈ ਨੇ ਜਿਨ੍ਹਾਂ ਵਿਚ ਲਾਲਾ ਗਨੇਸ਼ ਦਾਸ ਅਤੇ ਲਾਲਾ ਸੁੰਦਰ ਦਾਸ ਆਪਣੇ ਪ੍ਰਵਾਰਾਂ ਸਮੇਤ ਸ਼ਾਮਲ ਸਨ, ਅੰਮ੍ਰਿਤ ਛਕਿਆ। ਚਕਵਾਲ ਵਿਖੇ ੩੫● ਮਾਈ ਭਾਈ ਅਤੇ ਭੁਝੰਗੀਆਂ ਨੇ ਖੰਡੇ ਦੀ ਪਾਹੁਲ ਲੀਤੀ ਅਤੇ ਗੰਡਾ ਕੱਸ ਵਿਖੇ ੧●● ਪ੍ਰੇਮੀ ਸਤਿਗੁਰੂ ਕਲਗੀਆਂ ਵਾਲੇ ਦੇ ਜਹਾਜ਼ 'ਤੇ ਚੜ੍ਹੇ।

### ਸੂਫੀ ਫ਼ੱਕਰ ਦਾ ਪ੍ਰੇਮ

ਇਨ੍ਹਾਂ ਦੀਵਾਨਾਂ ਦੇ ਮਗਰੋਂ ਫਰੂਕੇ ਹਾਈ ਸਕੂਲ ਦੇ ਦੀਵਾਨ ਵਿੱਚ ਸਤਿਗੁਰੂ ਦੇ ਪਿਆਰਿਆਂ ਨੇ ਦਾਸ ਨੂੰ ਯਾਦ ਕੀਤਾ। ਦੀਵਾਨ ਬੜਾ ਹੀ ਸ਼ਾਨਦਾਰ ਅਤੇ ਪ੍ਰੇਮ ਦੇ ਰੰਗ ਵਿੱਚ ਰੱਤਾ ਹੋਇਆ ਨਿਭਿਆ। ੧੫● ਮਾਈ ਭਾਈ ਅਤੇ ਵਿਦਿਆਰਥੀਆਂ ਨੇ ਅੰਮ੍ਰਿਤ ਛਕਿਆ, ਜਿਨ੍ਹਾਂ ਵਿਚ ਭਾਈ ਸਾਹਿਬ ਸਿੰਘ ਜੀ, ਜਿਹੜੇ ਕਿ ਅੱਜ ਕਲ੍ਹ ਖ਼ਾਲਸਾ ਕਾਲਜ ਅੰਮ੍ਰਿਤਸਰ ਵਿੱਚ ਪ੍ਰੋਫੈਸਰ ਹਨ (ਹੁਣ ਅਕਾਲ ਚਲਾਣਾ ਕਰ ਗਏ ਹਨ), ਸ਼ਾਮਲ ਸਨ। ਕੀਰਤਨ ਦੀ ਸੇਵਾ ਭਾਈ ਸੁਧ ਸਿੰਘ ਜੀ ਰਾਗੀ ਅਤੇ ਹੋਰ ਕਈ ਜੱਥਿਆਂ ਨੇ ਕੀਤੀ। ਪ੍ਰਚਾਰਕ ਵੀ ਬਹੁਤ ਸਾਰੇ ਆਏ ਪਰ ਇੱਕ ਪ੍ਰੇਮੀ ਅਲਾਹ ਯਾਰ ਖਾਂ ਯੋਗੀ ਨੇ ਆਪਣੀ ਕਵਿਤਾ ਦੁਆਰਾ ਇੱਕ ਅਸਚਰਜ ਰੰਗ ਬੰਨ੍ਹ ਦਿੱਤਾ। ਇਸ ਪ੍ਰੇਮੀ ਨੇ ਇਕ ਖ਼ਾਸ ਦਿਲ-ਖਿਚਵੇਂ, ਪ੍ਰੇਮ ਦੇ ਰੰਗ ਵਿੱਚ ਛੋਟੇ ਅਤੇ ਵਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਉਰਦੂ ਕਵਿਤਾ ਵਿੱਚ ਲਿਖੀ ਹੋਈ ਸੀ। ਜਦ ਏਸ ਨੇ ਇਹ ਕਵਿਤਾ ਆਪਣੇ ਅੰਤਰ ਆਤਮਾ ਪ੍ਰੇਮ ਦੁਆਰਾ ਸਾਧ ਸੰਗਤ ਵਿੱਚ ਪੜ੍ਹੀ ਤਾਂ ਇਕ ਸਨਾਟੇ ਦਾ ਆਲਮ ਛਾ ਗਿਆ। ਸਭ ਮਾਈ ਭਾਈ ਦੇ ਨੇਤਰਾਂ ਵਿੱਚੋਂ ਸੁਤੇ ਸਿਧ ਵੈਰਾਗ ਦਾ ਨੀਰ ਵਹਿ ਟੁਰਿਆ ਅਤੇ ਸ਼ਹੀਦੀ ਦਾ ਪੂਰਾ ਨਕਸ਼ਾ ਸਾਰਿਆਂ ਦੇ ਹਿਰਦੇ ਵਿੱਚ ਵਸ ਗਿਆ। ਦਾਸ ਦਾ ਯੋਗੀ ਜੀ ਨਾਲ ਬੜਾ ਹੀ ਪ੍ਰੇਮ ਹੋ ਗਿਆ। ਦੀਵਾਨ ਤੋਂ ਮੁੜਦੇ ਹੋਏ ਸਿਲਾਂ ਵਾਲੀ ਦੇ ਸਟੇਸ਼ਨ ਤੀਕਰ ਇਕੱਠੇ ਆਏ। ਸਾਧ ਸੰਗਤ ਵੱਲੋਂ ਤਾਂ ਸਵਾਰੀ ਦਾ ਪੂਰਾ ਪ੍ਰਬੰਧ ਸੀ ਪਰ ਅਸੀਂ ਦੋਵੇਂ ਕੁਝ ਚਿਰ ਲਈ ਪੈਦਲ ਤੁਰ ਪਏ। ਪ੍ਰੇਮ ਦੇ ਬਚਨ ਬਿਲਾਸ ਕਰਦਿਆਂ ਯੋਗੀ ਜੀ ਇੱਕ ਇਲਾਹੀ ਰੰਗ ਵਿਚ ਆ ਗਏ ਅਤੇ ਨੇਤਰਾਂ ਵਿੱਚੋਂ ਇੱਕ ਖ਼ਾਸ ਨੂਰ ਟਪਕਣ ਲਗ ਪਿਆ। ਬੜੇ ਪ੍ਰੇਮ ਅਤੇ ਨਿਮਰਤਾ ਦੇ ਲਹਿਜੇ ਵਿਚ ਦਾਸ ਨੂੰ ਆਖਿਆ, "ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਮੇਰੇ ਮੁਲਕ ਮੱਕੇ ਮਦੀਨੇ ਨੂੰ ਨਿਵਾਜਿਆ ਸੀ। ਮੈਂ ਹੁਣ ਉਨ੍ਹਾਂ ਦੇ ਦੇਸ ਦੀ ਜ਼ਿਆਰਤ ਕਰਨ ਲਈ ਆਇਆ ਹਾਂ।" ਇਨ੍ਹਾਂ ਦੇ ਸ਼ੁੱਧ ਪ੍ਰਭਾਵ ਦੀ ਝਲਕ ਕੁਦਰਤ ਨੇ ਦਾਸ ਦੇ ਹਿਰਦੇ ਵਿੱਚ ਪਾ ਦਿੱਤੀ। ਸੱਚਮੁੱਚ ਜਿਸ ਤਰ੍ਹਾਂ ਕਈ ਯੋਗੀ, ਮੁਨੀ ਜਨ, ਭਗਤ, ਸਿੱਖ ਅਤੇ ਕਵੀ (Wordsworth) ਆਪਣੇ ਪਿਛਲੇ ਜਨਮ ਦੀ ਝਾਕੀ ਦੇਖ ਲੈਂਦੇ ਹਨ, ਏਸੇ ਤਰ੍ਹਾਂ ਹੀ ਅੱਲ੍ਹਾ ਯਾਰ ਖਾਂ ਯੋਗੀ ਜੀ ਨੂੰ ਆਪਣਾ ਪੁਰਾਣਾ ਜਨਮ ਭਾਸ ਆਇਆ। ਹੁਣ ਸਤਿਗੁਰੂ ਨਾਨਕ ਦੇਵ ਜੀ ਦੀ ਚਰਨ ਛੁਹ ਪ੍ਰਾਪਤ ਕਰਨ ਲਈ ਪੰਜਾਬ ਭੂਮੀ ਵਿੱਚ ਯੋਗੀ ਜੀ ਦੇ ਰੂਪ ਵਿੱਚ ਆ ਗਏ।

ਫਰੂਕੇ ਦੀਵਾਨ ਤੋਂ ਮੁੜਿਆਂ ਦਾਸ ਨੂੰ ਅਜੇ ਥੋੜ੍ਹੇ ਦਿਨ ਹੀ ਹੋਏ ਸਨ ਕਿ ਸਰਾਏ ਆਲਮਗੀਰ ਤੋਂ

ਸੰਤ ਜੋਧ ਸਿੰਘ ਦੀ ਚਿੱਠੀ ਆ ਗਈ। ਏਸ ਵਿੱਚ ਉਨ੍ਹਾਂ ਨੇ ਬੇਨਤੀ ਕਰ ਭੇਜੀ ਕਿ ਅਸਾਂ ਇਕ ਬੜਾ ਭਾਰੀ ਦੀਵਾਨ ਰਚਿਆ ਹੋਇਆ ਹੈ। ਸੰਤ ਜੀ ਮਹਾਰਾਜ ਵੀ ਕੁਝ ਚਿਰ ਤੋਂ ਸਾਡੇ ਪਾਸ ਸਾਧ ਸੰਗਤ ਨੂੰ ਦਰਸ਼ਨ ਦੇ ਰਹੇ ਹਨ, ਤੁਸੀਂ ਜ਼ਰੂਰ ਏਥੇ ਪਹੁੰਚੋ। ਚਿੱਠੀ ਮਿਲਦਿਆਂ ਹੀ ਦਾਸ ਟੁਰ ਪਿਆ ਅਤੇ ਮਾਨਕਿਆਲਾ ਤੋਂ ਗੱਡੀ ਚੜ੍ਹ ਕੇ ਸਰਾਏ ਆਲਮਗੀਰ ਪਹੁੰਚ ਗਿਆ।

ਸੰਤ ਜੀ ਮਹਾਰਾਜ ਦੀ ਆਕਰਖਣ ਸ਼ਕਤੀ ਨੇ ਏਸ ਦੀਵਾਨ ਵਿੱਚ ਸਾਰੇ ਜਿਹਲਮ ਦੇ ਮਾਈ ਭਾਈ ਅਤੇ ਛਾਉਣੀ ਦੇ ਸਿੰਘਾਂ ਨੂੰ ਖਿੱਚ ਲਿਆ। ਆਲੇ ਦੁਆਲੇ ਦੇ ਪਿੰਡਾਂ ਦੀਆਂ ਸੰਗਤਾਂ ਵੀ ਹੁੰਮ ਹੁਮਾ ਕੇ ਆਈਆਂ। ੨੦ ਹਜ਼ਾਰ ਤੋਂ ਉੱਤੇ ਸੰਗਤ ਇਕੱਠੀ ਹੋ ਗਈ। ਗੁਰਬਾਣੀ ਅਤੇ ਅੰਮ੍ਰਿਤ ਦਾ ਅਤੁੱਟ ਪਰਵਾਹ ਚੱਲਿਆ। ਗੁਰੂ ਕਾ ਲੰਗਰ ਬੇਅੰਤ ਵਰਤਿਆ। ਸੰਤ ਹੀ ਮਹਾਰਾਜ ਨੇ ਲੰਗਰ ਦੀ ਸੇਵਾ ਸੰਤ ਬਾਬਾ ਸੁੰਦਰ ਸਿੰਘ ਅਲੀ ਬੇਗ ਵਾਲਿਆਂ ਨੂੰ ਬਖਸ਼ੀ ਅਤੇ ਅੰਮ੍ਰਿਤ ਪ੍ਰਚਾਰ ਦਾ ਪਹਿਰਾ ਦਾਸ ਨੂੰ ਲਾਇਆ।

ਜਦ ਦਾਸ ਨੂੰ ਸੰਤ ਜੀ ਮਹਾਰਾਜ ਨੇ ਬਾਪੂ ਸ਼ਾਮ ਸਿੰਘ ਦੀ ਰਾਹੀਂ ਕੱਲਰ ਤੋਂ ਗੁਜਰਾਂਵਾਲੇ ਬੁਲਾ ਭੇਜਿਆ ਸੀ, ਉਸ ਵੇਲੇ ਇਹ ਹੁਕਮ ਕੀਤਾ ਸੀ ਕਿ ਕੱਲਰ ਜਾ ਕੇ ਸਕੂਲ ਸੰਬੰਧੀ ਖ਼ਾਲਸਾ ਜੀ ਦੇ ਦੋਵੇਂ ਧੜਿਆਂ ਨੂੰ ਇਕ ਕਰ ਦਿਓ। ਗੁਰੂ ਘਰ ਦਾ ਬਿਰਦ ਹੈ ਕਿ ਸਭ ਦਾ ਭਲਾ ਕਰੇ:

**ਬੁਰਾ ਭਲਾ ਤਿਚਰੁ ਆਖਦਾ ਜਿਚਰੁ ਹੈ ਦੁਹੁ ਮਾਹਿ ॥ (੭੫੭)**

ਸਿੱਖ ਭਾਵੇਂ ਕਿਸੇ ਖਿਆਲ ਦਾ ਹੋਵੇ, ਨਰਮ ਭਾਵੇਂ ਗਰਮ, ਜਿਸ ਦੇ ਮੂੰਹ 'ਤੇ ਸਤਿਗੁਰੂ ਸੱਚੇ ਪਾਤਸ਼ਾਹ ਦੀ ਦਾਹੜੀ ਹੈ, ਉਸ ਨੂੰ ਜ਼ਰੂਰ ਸਿੱਖੀ ਦੀ ਲਾਜ ਹੁੰਦੀ ਹੈ। ਸਰਾਏ ਆਲਮਗੀਰ, ਸੰਤ ਜੀ ਮਹਾਰਾਜ ਨੇ ਏਸ ਹੁਕਮ ਨੂੰ ਫੇਰ ਦੁਹਰਾਇਆ ਅਤੇ ਫੁਰਮਾਇਆ, "ਭਾਈ! ਤੁਸੀਂ ਏਸ ਗੱਲ ਲਈ ਪੂਰਾ ਜ਼ੋਰ ਲਾ ਦਿਓ, ਅਸੀਂ ਤੁਹਾਡੇ ਵਿੱਚ ਦੀ ਵਰਤਾਂਗੇ।"

ਜਦ ਦਾ ਗੁਜਰਾਂਵਾਲੇ ਤੋਂ ਸੰਤ ਜੀ ਮਹਾਰਾਜ ਦਾ ਹੁਕਮ ਮਿਲਿਆ ਸੀ, ਦਾਸ ਕਈ ਵਾਰੀ ਕੱਲਰ, ਦਮਦਮੇ ਸਾਹਿਬ, ਸਰ ਬਾਬਾ ਗੁਰਬਖਸ਼ ਸਿੰਘ ਹੀ ਬੇਦੀ ਨੂੰ ਮਿਲਣ ਵਾਸਤੇ ਗਿਆ। ਇਹ ਬੜੇ ਪ੍ਰੇਮ ਅਤੇ ਸਿਆਣਪ ਨਾਲ ਗੱਲ ਬਾਤ ਕਰਦੇ। ਹੁਣ ਦੂਜੀ ਵਾਰੀ ਸੰਤ ਜੀ ਮਹਾਰਾਜ ਦੇ ਵੱਲੋਂ ਪੱਕੀ ਹੋਣ 'ਤੇ ਦਾਸ ਨੇ ਏਸ ਪਾਸੇ ਜ਼ਿਆਦਾ ਧਿਆਨ ਦੇਣਾ ਸ਼ੁਰੂ ਕਰ ਦਿੱਤਾ। ਸੰਤ ਜੀ ਮਹਾਰਾਜ ਦੀ ਕਿਰਪਾ ਦੁਆਰਾ ਬਾਬਾ ਜੀ ਦਾਸ ਨਾਲ ਬੜਾ ਹੀ ਪ੍ਰੇਮ ਕਰਨ ਲੱਗ ਪਏ। ਇੱਕ ਦਿਨ ਬਾਬਾ ਸਾਹਿਬ ਅਤੇ ਦਾਸ ਸ਼ਾਮ ਦੇ ਵੇਲੇ ਗੱਲ ਬਾਤ ਕਰ ਰਹੇ ਸੀ ਕਿ ਕੁਝ ਪ੍ਰੇਮੀ ਬਾਹਰ ਤੋਂ ਦਰਸ਼ਨ ਮੇਲੇ ਲਈ ਆਏ। ਇਹਨਾਂ ਨੇ ਦਾਸ ਨੂੰ ਮੱਥਾ ਜਾ ਟੇਕਿਆ। ਉਸੇ ਵੇਲੇ ਏਸ ਸਰੀਰ ਨੇ ਇਸ਼ਾਰਾ ਕੀਤਾ ਕਿ ਭਾਈ, ਬਾਬਾ ਜੀ ਅੱਗੇ ਬੈਠੇ ਹਨ। ਬਾਬਾ ਗੁਰਬਖਸ਼ ਸਿੰਘ ਜੀ ਹੱਸ ਪਏ ਅਤੇ ਬੜੇ ਪ੍ਰੇਮ ਨਾਲ ਆਖਿਆ, "ਭਾਈ ਕੋਈ ਡਰ ਨਹੀਂ, ਇੱਕੋ ਹੀ ਗੱਲ ਹੈ।" ਸੁਭਾਵਕ ਬਾਬਾ ਜੀ ਦਾ ਇਹ ਪ੍ਰੇਮ ਅਤੇ ਨਿਰਮਾਣਤਾ ਦੇਖ ਕੇ ਦਾਸ ਨੂੰ ਖਿਆਲ ਆਇਆ ਕਿ ਹੁਣ ਸਾਰੀ ਗੱਲ ਬਾਤ ਨਜਿੱਠਣ ਦਾ ਸਮਾਂ ਆ ਗਿਆ ਹੈ।

ਦੂਜੇ ਦਿਨ ਹੀ ਬਾਬਾ ਜੀ ਨਾਲ ਕੱਲਰ ਹਾਈ ਸਕੂਲ ਦੀ ਬਾਬਤ ਗੱਲ ਬਾਤ ਕੀਤੀ ਗਈ। ਉਹ ਖੁਸ਼ੀ ਨਾਲ ਉਸ ਨੂੰ ਮਿਲ ਕੇ ਚਲਾਣ ਲਈ ਤਿਆਰ ਹੋ ਗਏ ਅਤੇ ਪ੍ਰਧਾਨਗੀ ਦੀ ਸੇਵਾ ਪ੍ਰਵਾਨ ਕਰ ਲਈ ਪਰ ਏਸ ਗੱਲ ਨੂੰ ਦੂਜੇ ਧੜੇ ਦੇ ਜੋਸ਼ੀਲੇ ਪ੍ਰੇਮੀਆਂ ਨੇ ਸਿਰੇ ਨਾ ਚੜ੍ਹਨ ਦਿੱਤਾ।

# ਕਾਂਡ ੧੬

ਤਿਲੰਗ ਮਹਲਾ ੫ ਘਰੁ ੩ ॥

ਮਿਹਰਵਾਨੁ ਸਾਹਿਬੁ ਮਿਹਰਵਾਨੁ ॥ ਸਾਹਿਬੁ ਮੇਰਾ ਮਿਹਰਵਾਨੁ ॥
ਜੀਅ ਸਗਲ ਕਉ ਦੇਇ ਦਾਨੁ ॥ ਰਹਾਉ ॥
ਤੂ ਕਾਹੇ ਡੋਲਹਿ ਪ੍ਰਾਣੀਆ ਤੁਧੁ ਰਾਖੈਗਾ ਸਿਰਜਣਹਾਰੁ ॥
ਜਿਨਿ ਪੈਦਾਇਸਿ ਤੂ ਕੀਆ ਸੋਈ ਦੇਇ ਆਧਾਰੁ ॥੧॥
ਜਿਨਿ ਉਪਾਈ ਮੇਦਨੀ ਸੋਈ ਕਰਦਾ ਸਾਰ ॥
ਘਟਿ ਘਟਿ ਮਾਲਕੁ ਦਿਲਾ ਕਾ ਸਚਾ ਪਰਵਦਗਾਰੁ ॥੨॥
ਕੁਦਰਤਿ ਕੀਮ ਨ ਜਾਣੀਐ ਵਡਾ ਵੇਪਰਵਾਹੁ ॥
ਕਰਿ ਬੰਦੇ ਤੂ ਬੰਦਗੀ ਜਿਚਰੁ ਘਟ ਮਹਿ ਸਾਹੁ ॥੩॥
ਤੂ ਸਮਰਥੁ ਅਕਥੁ ਅਗੋਚਰੁ ਜੀਉ ਪਿੰਡੁ ਤੇਰੀ ਰਾਸਿ ॥
ਰਹਮ ਤੇਰੀ ਸੁਖੁ ਪਾਇਆ ਸਦਾ ਨਾਨਕ ਕੀ ਅਰਦਾਸਿ ॥੪॥੩॥ (੭੨੪)

## ਸ਼ਿਮਲੇ ਵਿੱਚ ਅੰਮ੍ਰਿਤ ਪ੍ਰਚਾਰ

੧੯੧੭ ਈਸਵੀ ਦੀ ਗਰਮੀ ਦੀਆਂ ਛੁੱਟੀਆਂ ਸਾਧ-ਸੰਗਤ ਸ਼ਿਮਲਾ ਨੇ ਬੜੇ ਪ੍ਰੇਮ ਨਾਲ ਦਾਸ ਨੂੰ ਸੱਦਿਆ ਤੇ ਪੂਰੇ ਢਾਈ ਮਹੀਨੇ ਉੱਥੇ ਹੀ ਰੱਖਿਆ। ਸਕਿਪਟਨ ਵਿਲਾ ਮਹਾਰਾਜਾ ਪਟਿਆਲਾ ਦੀ ਕੋਠੀ ਵਿੱਚ ਡੇਰਾ ਕਰਾਇਆ ਅਤੇ ਬੜੇ ਪ੍ਰੇਮ ਅਤੇ ਉਤਸ਼ਾਹ ਨਾਲ ਸੇਵਾ ਕੀਤੀ। ਹਰ ਰੋਜ਼ ਸਿੰਘ ਸਭਾ ਦੇ ਗੁਰਦੁਆਰੇ ਵਿੱਚ ਸਵੇਰੇ ਅਤੇ ਸ਼ਾਮ ਦੀਵਾਨ ਸਜਦਾ। ਕਦੀ-ਕਦੀ ਛੋਟਾ ਸ਼ਿਮਲਾ, ਸੰਜੌਲੀ, ਕੈਥੂ, ਨਾਭਾ ਹਾਊਸ ਵਿੱਚ ਵੀ ਖ਼ਾਲਸਾ ਜੀ ਦੇ ਦੀਵਾਨ ਹੁੰਦੇ। ਬਹੁਤ ਮਾਈ-ਭਾਈ ਨੇ ਅੰਮ੍ਰਿਤ ਛਕਿਆ। ਅੰਗਰੇਜ਼ੀ ਪੜ੍ਹੇ ਬਾਬੂਆਂ ਵਿੱਚ ਅੱਗੇ ਅੰਮ੍ਰਿਤ ਛਕਣ ਦਾ ਪ੍ਰਭਾਵ ਬਹੁਤ ਹੀ ਘੱਟ ਸੀ ਪਰ ਇੱਕ ਆਪਣੇ ਵਰਗੇ ਪੱਛਮੀ ਵਿੱਦਿਆ ਦੇ ਅਸ਼ਰਧਕ ਹੋਏ-ਹੋਏ ਹਿਰਦੇ ਵਿੱਚ ਨਾਮ-ਬਾਣੀ ਦਾ ਪ੍ਰੇਮ ਪ੍ਰਗਟ ਹੋਇਆ ਦੇਖ ਕੇ ਇਹਨਾਂ ’ਤੇ ਬੜਾ ਹੀ ਅਸਰ ਹੋਇਆ ਅਤੇ ਕਰੀਬਨ ਨੱਬੇ ਫੀਸਦੀ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ। ਸ਼ੁਰੂ ਅਗਸਤ ਵਿੱਚ ਸ਼ਿਮਲੇ ਦਾ ਸਾਲਾਨਾ ਦੀਵਾਨ ਬੜੀ ਧੂਮ-ਧਾਮ ਨਾਲ ਹੋਇਆ। ਏਸ ਦੇ ਕੁਝ ਦਿਨ ਮਗਰੋਂ ਦਾਸ ਨੂੰ ਕੋਇਟਾ ਦੇ ਸਾਲਾਨਾ ਦੀਵਾਨ ਵਿੱਚ ਹਾਜ਼ਰ ਹੋਣ ਲਈ ਤਾਰ ਆ ਗਈ। ਦੂਜੇ ਦਿਨ ਹੀ ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦੇ ਭੋਗ ਤੋਂ ਮਗਰੋਂ ਦਾਸ ਨੇ ਸ਼ਿਮਲੇ ਦੀ ਸਾਧ-ਸੰਗਤ ਪਾਸੋਂ ਆਗਿਆ ਲੈ ਲਈ ਅਤੇ ਬੇਨਤੀ ਕੀਤੀ ਕਿ ਸਤਿਗੁਰੂ ਦੀ ਬੜੀ ਹੀ ਕ੍ਰਿਪਾ ਹੋਵੇਗੀ ਜੇਕਰ ਹਰ ਰੋਜ਼ ਅੰਮ੍ਰਿਤ ਵੇਲੇ, ਮਾਈ-ਭਾਈ ਮਿਲ ਕੇ ਆਸਾ ਜੀ ਦੀ ਵਾਰ ਨਿੱਤਨੇਮ ਲਗਾਇਆ ਕਰਨ। ਸਾਧ-ਸੰਗਤ ਨੇ ਬੜੇ ਪ੍ਰੇਮ ਅਤੇ ਉਤਸ਼ਾਹ ਨਾਲ ਇਹ ਬੇਨਤੀ ਪ੍ਰਵਾਨ ਕੀਤੀ। ਓਸ ਵੇਲੇ ਪੰਜ ਪ੍ਰੇਮੀ ਜਿੰਨ੍ਹਾਂ ਵਿੱਚੋਂ ਇੱਕ ਭਾਈ ਅਤਰ ਸਿੰਘ ਤੇ ਚਾਰ ਹੋਰ ਸਰੀਰ ਖੜ੍ਹੇ ਹੋ ਗਏ ਅਤੇ ਏਸ ਸ਼ੁਭ ਕਾਰਜ ਦੇ ਮੋਢੀ ਬਨਣ ਦੀ ਸੇਵਾ ਪ੍ਰਵਾਨ ਕੀਤੀ।

ਸ਼ਿਮਲੇ ਤੋਂ ਸਿੱਧਾ ਦਾਸ ਗੱਡੀ ਚੜ੍ਹ ਲਾਹੌਰ ਦੇ ਰਸਤੇ ਕੋਇਟੇ ਪਹੁੰਚਾ। ਏਥੇ ਬੜਾ ਭਾਰੀ ਦੀਵਾਨ ਸਜਿਆ। ਡੇਢ ਸੌ ਮਾਈ-ਭਾਈ ਨੇ ਅੰਮ੍ਰਿਤ ਛਕਿਆ।

੧੯੧੮ ਈਸਵੀ ਦੀਆਂ ਛੁੱਟੀਆਂ ਵਿੱਚ ਫੇਰ ਸ਼ਿਮਲੇ ਦੀ ਸਾਧ-ਸੰਗਤ ਨੇ ਦਾਸ ਨੂੰ ਯਾਦ ਕੀਤਾ। ਸਲਾਨਾ ਦੀਵਾਨ ਦੇ ਸਮਾਗਮ ਵਿੱਚ ਜਦ ਵੀਹ ਕੁ ਦਿਨ ਰਹਿ ਗਏ, ਤਦ ਦਾਸ ਨੇ ਪ੍ਰਬੰਧਕਾਂ ਨੂੰ ਸੰਤ ਜੀ ਮਹਾਰਾਜ ਦੇ ਸੱਦਣ ਲਈ ਪ੍ਰੇਰਨਾ ਕੀਤੀ। ਪਹਿਲਾਂ ਤਾਂ ਪ੍ਰਬੰਧਕ ਕੁਝ ਗਿਣਤੀ ਵਿੱਚ ਪੈ ਗਏ ਕਿ ਸੰਤ ਜੀ ਦੇ ਨਾਲ ਜਥਾ ਖਾਸਾ ਹੁੰਦਾ ਹੈ, ਉਹਨਾਂ ਦੇ ਆਉਣ-ਜਾਣ ਦਾ ਖ਼ਰਚਾ ਬਹੁਤ ਹੋਵੇਗਾ, ਪਰ ਆਖਰਕਾਰ ਆਪਣੇ ਸੇਵਕ ਦੀ ਬੇਨਤੀ ਮਨਜ਼ੂਰ ਕਰ ਕੇ ਉਹਨਾਂ ਨੇ ਸੰਤ ਜੀ ਮਹਾਰਾਜ ਨੂੰ ਦੀਵਾਨ ਤੋਂ ੧੦ ਦਿਨ ਪਹਿਲਾਂ ਸੱਦ ਲਿਆ ਅਤੇ ਮਹਾਰਾਜ ਜੀ ਦਾ ਡੇਰਾ ਨਾਭੇ ਹਾਊਸ ਵਿੱਚ ਕਰਾਇਆ। ਨੇਮ ਅਨੁਸਾਰ ਸੰਤ ਜੀ ਮਹਾਰਾਜ ਦਾ ਦੀਵਾਨ ਸਵੇਰੇ-ਸ਼ਾਮ ਸਿੰਘ ਸਭਾ ਵਿੱਚ ਸਜਣ ਲੱਗਾ। ਸਾਰਾ ਗੁਰਦੁਆਰਾ ਭਰ ਜਾਂਦਾ। ਮਾਨੋ ਕਿ ਸਲਾਨਾ ਦੀਵਾਨ ਦਸ ਦਿਨ ਪਹਿਲਾਂ ਹੀ ਸ਼ੁਰੂ ਹੋ ਗਿਆ ਹੋਵੇ। ਦੀਵਾਨ ਦਾ ਸਮਾਗਮ ਵੀ ਏਸ ਵਾਰੀ ਬਹੁਤ ਭਾਰੀ ਉਤਸ਼ਾਹ ਨਾਲ ਹੋਇਆ। ਸਾਧ-ਸੰਗਤ ਨੂੰ ਸੰਤ ਜੀ ਮਹਾਰਾਜ ਦੇ ਸ਼ਬਦ-ਕੀਰਤਨ ਦਾ ਬੜਾ ਹੀ ਇਲਾਹੀ-ਰਸ ਆਇਆ ਅਤੇ ਰੋਜ਼ ਮਾਈ-ਭਾਈ ਵੱਲੋਂ ਤਕੜੀ ਪੂਜਾ ਚੜ੍ਹਨ ਕਰਕੇ, ਗਿਣਤੀ ਵਾਲਿਆਂ ਦੀ ਗਿਣਤੀ ਘਾਟੇ ਤੋਂ ਵਾਧੇ ਵਾਲੇ ਪਾਸੇ ਚਲੀ ਗਈ।

ਸਾਧ-ਸੰਗਤ ਨੇ ਸੰਤ ਜੀ ਮਹਾਰਾਜ ਨੂੰ ਦੀਵਾਨ ਦੇ ਮਗਰੋਂ ਬਹੁਤ ਦਿਨ ਰੱਖਿਆ ਤੇ ਹਰ ਸਾਲ ਏਸ ਸਮੇਂ ਸੰਤ ਜੀ ਮਹਾਰਾਜ ਨੂੰ ਸ਼ਿਮਲੇ ਲਿਆ ਕੇ ਰੰਗ ਮਾਨਣ ਦਾ ਸੁਆਦ ਪੈ ਗਿਆ।

੧੯੨੩ ਈਸਵੀ ਦੀਆਂ ਗਰਮੀਆਂ ਤੀਕਰ ਸੰਤ ਜੀ ਮਹਾਰਾਜ ਹਰ ਸਾਲ ਏਥੇ ਜਾਂਦੇ ਰਹੇ ਅਤੇ ਬੇਅੰਤ ਮਾਈ-ਭਾਈ ਨੂੰ ਗੁਰਬਾਣੀ ਦਾ ਰਸ ਭਰਿਆ ਅੰਮ੍ਰਿਤ ਛਕਾਉਂਦੇ ਰਹੇ। ਬਹੁਤ ਸਾਰੇ ਸਹਿਜਧਾਰੀ ਅਤੇ ਹੋਰ ਪ੍ਰੇਮੀਆਂ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ। ੧੯੧੮ ਈਸਵੀਂ ਵਿੱਚ ਸ਼ਿਮਲੇ, ਦਾਸ ਇੱਕ ਦਿਨ ਕੁਝ ਬਿਮਾਰ ਸੀ। ਦਾਸ ਦੀ ਸੁਪਤਨੀ ਅਤੇ ਭੁਝੰਗੀ ਮੁਕੰਦ ਸਿੰਘ, ਸੰਤ ਜੀ ਮਹਾਰਾਜ ਦੇ ਦਰਸ਼ਨ ਕਰਨ ਲਈ ਨਾਭੇ ਹਾਊਸ ਗਏ। ਸੰਤ ਜੀ ਮਹਾਰਾਜ ਏਕਾਂਤ ਵਿੱਚ ਬੈਠੇ ਸਨ। ਅੰਤਰਜਾਮੀ ਪੁੱਛਣ ਲੱਗੇ, "ਬੀਬਾ! ਤੇਜਾ ਸਿੰਘ ਨੇ ਗੁਜਰਾਂਵਾਲੇ ਕੋਈ ਕੁਟੀਆ ਬਣਾਈ ਹੈ ਕਿ ਨਹੀਂ?" ਇਹਨਾਂ ਨੇ ਬੇਨਤੀ ਕੀਤੀ, "ਸਚੇ ਪਾਤਸ਼ਾਹ! ਉਹਨਾਂ ਅੱਗੇ ਕਈ ਵਾਰੀ ਬੇਨਤੀ ਕੀਤੀ ਗਈ, ਉਹ ਇਹੋ ਜਵਾਬ ਦਿੰਦੇ ਹਨ ਕਿ ਸਾਰੀਆਂ ਕੁਟੀਆਂ ਸਾਡੀਆਂ ਹੀ ਹਨ, ਸਾਨੂੰ ਵੱਖਰੀ ਬਣਾਉਣ ਦੀ ਕੀ ਲੋੜ ਹੈ। ਸੰਤ ਜੀ ਮਹਾਰਾਜ ਨੇ ਫੁਰਮਾਇਆ ਕਿ ਤੁਸੀਂ ਸਾਡੇ ਤਰਫੋਂ ਤੇਜਾ ਸਿੰਘ ਨੂੰ ਆਖ ਦੇਣਾ ਕਿ ਕੁਟੀਆ ਜ਼ਰੂਰ ਬਣਾਉਣ। ਵਕਤ ਪਾ ਕੇ ਏਸ ਦਾ ਨਾਉ 'ਸੰਤ ਕੁਟੀ' ਰੱਖਾਂਗੇ, ਜਦ ਸਾਨੂੰ ਮਿਲਣਗੇ, ਅਸੀਂ ਵੀ ਸਮਝਾ ਦਿਆਂਗੇ।

੧੯੧੮ ਈਸਵੀ ਦੀਆਂ ਸਰਦੀਆਂ ਵਿੱਚ ਸੰਤ ਜੀ ਮਹਾਰਾਜ ਨੇ ਸਹਿਜ-ਸੁਭਾਏ ਗੁਜਰਾਂਵਾਲੇ ਆ ਕੇ ਦਰਸ਼ਨ ਦਿੱਤੇ। ਉਦੋਂ ਦਾਸ ਬਾਪੂ ਸ਼ਾਮ ਸਿੰਘ ਦੇ ਮਕਾਨ ਵਿੱਚ ਰਹਿੰਦਾ ਸੀ। ਦਾਸ ਦੀ ਕੁਟੀਆ ਲਈ ਮਸਾਲਾ ਤਾਂ ਇਕੱਠਾ ਹੋਇਆ ਸੀ ਪਰ ਅਜੇ ਬਣਨੀ ਸ਼ੁਰੂ ਨਹੀਂ ਸੀ ਹੋਈ। ਭੁਝੰਗੀ ਮੁਕੰਦ ਸਿੰਘ ਕੁਦਰਤੀ ਬਹੁਤ ਬਿਮਾਰ ਹੋ ਗਿਆ। ਸੰਤ ਜੀ ਬੜੇ ਪ੍ਰੇਮ ਨਾਲ ਉਹਦੇ ਪਾਸ ਗਏ ਅਤੇ ਮਿਹਰ ਦੀ ਨਿਗਾਹ ਕੀਤੀ। ਥੋੜੇ ਦਿਨਾਂ ਪਿੱਛੋਂ ਉਹ ਵੱਲ ਹੋ ਗਿਆ। ਏਥੋਂ ਸੰਤ ਜੀ ਮਹਾਰਾਜ ਪੋਠੋਹਾਰ ਵੱਲ ਗਏ। ਮਾਝਾ ਜ਼ਿਲ੍ਹਾ ਗੁਜਰਾਤ ਦੇ ਵਿੱਚ ਵੀ ਆ ਕੇ ਦਰਸ਼ਨ ਦਿੱਤੇ। ਏਥੋਂ ਦੀ ਸਾਧ-ਸੰਗਤ ਨੇ ਦਾਸ ਨੂੰ ਵੀ ਸੱਦ ਭੇਜਿਆ। ਦੋ ਦਿਨ ਬੜੇ ਭਾਰੀ ਦੀਵਾਨ ਸਜੇ। ਸੰਤ ਜੀ ਮਹਾਰਾਜ ਦੀ ਕ੍ਰਿਪਾ ਦੁਆਰਾ ੬੦੦ ਮਾਈ-ਭਾਈ ਨੇ ਅੰਮ੍ਰਿਤ ਛਕਿਆ।

ਅੰਮ੍ਰਿਤ ਪ੍ਰਚਾਰ ਦੀ ਸੇਵਾ ਸੰਤ ਜੀ ਮਹਾਰਾਜ ਨੇ ਦਾਸ ਨੂੰ ਬਖ਼ਸ਼ੀ। ਏਸ ਦੀਵਾਨ ਵਿੱਚ ਸੰਤ ਸੰਗਤ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੜੀ ਮਨੋਹਰ ਕਥਾ ਕੀਤੀ ਤੇ ਸਾਧ-ਸੰਗਤ ਨੂੰ ਸ਼ਬਦ ਦੇ ਪ੍ਰਭਾਵ ਵਿੱਚ ਰੰਗ ਦਿੱਤਾ।

## ਦੋ ਉੱਚੀਆਂ ਦੇਗਾਂ ਬਨਾਉਣਾ

ਦਾਸ ਦੀ ਕੁਟੀਆ ਕਰੀਬਨ ਬਣ ਚੁੱਕੀ ਸੀ। ਚਾਰ-ਪੰਜ ਕਮਰੇ ਦਾ ਪਲੱਸਤਰ ਅਤੇ ਸਫ਼ੈਦੀ ਹੋ ਚੁੱਕੀ ਸੀ। ਸੰਤ ਜੀ ਮਹਾਰਾਜ ਨੇ ਇਹਦੇ ਵਿੱਚ ਡੇਰਾ ਕਰਾਉਣ ਦੀ ਆਗਿਆ ਕੀਤੀ। ਦਾਸ ਅਜੇ ਨਾਲ ਵਾਲੇ ਮਕਾਨ ਵਿੱਚ ਸੀ। ਕਰਤਾਰ ਦੀ ਨੇਤ, ਜਿਸ ਸਿਰੇ ਦੀ ਇਕਾਂਤ ਕੁਟੀਆ ਵਿੱਚ ਸੰਤ ਜੀ ਮਹਾਰਾਜ ਦਾ ਆਸਨ ਕਰਾਇਆ, ਉਸ ਵਿੱਚ ਰਾਤੀ ਕੀੜੇ ਨਿਕਲ ਆਏ ਅਤੇ ਸੰਤ ਜੀ ਮਹਾਰਾਜ ਨੇ ਆਪਣਾ ਪਲੰਘ ਦੂਜੇ ਪਾਸੇ ਦੀ ਕੁਟੀਆ ਵਿੱਚ, ਜਿਸ ਦਾ ਪਲੱਸਤਰ ਹੋ ਰਿਹਾ ਸੀ ਅਤੇ ਦੋ ਗਾਰੇ ਦੀਆਂ ਤਗਾਰੀਆਂ ਵੀ ਉਸ ਵਿੱਚ ਪਈਆਂ ਸਨ, ਕਰਵਾ ਲਿਆ। ਜਦ ਸਵੇਰੇ ਚਾਰ ਵਜੇ ਦਾਸ ਸੰਤ ਜੀ ਮਹਾਰਾਜ ਦੇ ਪਾਸ ਆਇਆ, ਤਦ ਏਥੇ ਆਸਨ ਦੇਖ, ਹੱਥ ਜੋੜ ਕੇ ਬੇਨਤੀ ਕੀਤੀ, "ਸੱਚੇ ਪਾਤਸ਼ਾਹ! ਆਪ ਜੀ ਨੂੰ ਰਾਤੀ ਬੜੀ ਤਕਲੀਫ਼ ਹੋਈ।" ਸੰਤ ਜੀ ਮਹਾਰਾਜ ਮੁਸਕਰਾਏ ਅਤੇ ਆਖਿਆ, "ਸਾਨੂੰ ਤਕਲੀਫ਼? ਕਰਤਾਰ ਦੀ ਰਜ਼ਾ ਵਿੱਚ ਕੁਝ ਕੀੜੇ ਨਿਕਲ ਆਏ, ਅਸੀਂ ਮੰਜੀ ਏਥੇ ਲੈ ਆਏ।" ਕੁਝ ਦਿਨ ਠਹਿਰ ਕੇ ਗੁਜਰਾਂਵਾਲੇ ਦੀਆਂ ਸੰਗਤਾਂ ਨੂੰ ਨਿਹਾਲ ਕੀਤਾ, ਫੇਰ ਜ਼ੇਹਲਮ ਵੱਲ ਚਲੇ ਗਏ। ਟੁਰਨ ਤੋਂ ਪਹਿਲਾਂ ਦਾਸ ਨੂੰ ਦੋ ਛੇ-ਛੇ ਫੁੱਟ ਉੱਚੀਆਂ ਦੇਗਾਂ ਬਨਵਾਉਣ ਦਾ ਹੁਕਮ ਦਿੱਤਾ। ਇਹਨਾਂ ਦੇਗਾਂ ਦੇ ਬਨਵਾਉਣ ਦਾ ਗੁਰਮਤਾ ਭਾਈ ਖੁਸ਼ਹਾਲ ਸਿੰਘ ਠਠਿਆਰ ਨਾਲ ਹੋਇਆ। ਜੰਗ ਕਰ ਕੇ ਸਭ ਚੀਜ਼ ਮਹਿੰਗੀ ਸੀ। ਖ਼ਰਚ ਦਾ ਅੰਦਾਜ਼ਾ ੬ ਹਜ਼ਾਰ ਦਮੜਾ ਬਣਿਆ। ਠਠਿਆਰ ਨੇ ਕੁਟੀਆ ਦੇ ਵਿਹੜੇ ਵਿੱਚ ਭੱਠੀ ਬਣਾਈ ਅਤੇ ਦੇਗਾਂ ਦਾ ਕਾਰਖਾਨਾ ਏਥੇ ਹੀ ਜਾਰੀ ਕਰ ਦਿੱਤਾ। ਸੰਤ ਜੀ ਮਹਾਰਾਜ ਦੇ ਜਾਣ ਤੋਂ ੧੫-੨● ਦਿਨ ਮਗਰੋਂ ਭਾਈ ਮੱਥਰਾ ਦਾਸ, ਜੋ ਪਹਿਲੇ ਸੰਤ ਅਤਰ ਸਿੰਘ ਜੀ ਮਹਾਰਾਜ ਨੂੰ ਮਿਲਿਆ ਸੀ, ਸਖ਼ਤ ਬਿਮਾਰ ਹੋ ਗਿਆ। ਇਹਦਾ ਪਿਤਾ ਏਸ ਦੀ ਟਹਿਲ ਵਾਸਤੇ ਪੁੱਜ ਗਿਆ। ਮੱਥਰਾ ਦਾਸ ਦਾ ਸਰੀਰ ਏਨਾ ਢਿੱਲਾ ਹੋ ਗਿਆ ਕਿ ਏਸ ਦੇ ਬਚਨ ਦੀ ਕੋਈ ਆਸ ਨਾ ਰਹੀ। ਏਸ ਹਾਲਤ ਵਿੱਚ ਇਸ ਨੇ ਬੇਨਤੀ ਕਰ ਭੇਜੀ ਕਿ ਮੈਨੂੰ ਅੰਮ੍ਰਿਤ ਛਕਾਓ, ਮੈਂ ਮਹਾਂਪੁਰਖਾਂ ਦਾ ਬਚਨ ਨਹੀਂ ਮੰਨਿਆਂ। ਉਸੇ ਵੇਲੇ ਦਾਸ ਨੇ ਸ੍ਰੀ ਗੁਰੂ ਸਿੰਘ ਸਭਾ ਵਿੱਚ ਅੰਮ੍ਰਿਤ ਦੀ ਤਿਆਰੀ ਕੀਤੀ। ਭਾਈ ਮਥਰਾ ਦਾਸ ਬਿਮਾਰੀ ਦੀ ਹਾਲਤ ਵਿਚ ਉੱਥੇ ਪੁੱਜਾ ਅਤੇ ਅੰਮ੍ਰਿਤ ਪਾਨ ਕਰਨ ਦੇ ਮਗਰੋਂ ਇਹਨਾਂ ਦੇ ਪਿਤਾ ਦੀ ਸਿਹਤ ਦਿਨੋ-ਦਿਨ ਹੇਠ ਜਾਣ ਲੱਗ ਪਈ ਤੇ ਇਹ ਤਕੜੇ ਹੋਣ ਲੱਗ ਪਏ। ਪਿਤਾ ਜੀ ਚੜ੍ਹਾਈ ਕਰ ਗਏ ਅਤੇ ਭਾਈ ਕੇਵਲਾ ਸਿੰਘ ਜੀ ਬਚ ਗਏ। ਇਹਨਾਂ ਦੇ ਪਿਤਾ ਦਾ ਇਹਨਾਂ ਨਾਲ ਖ਼ਾਸ ਪ੍ਰੇਮ ਸੀ।

ਥੋੜ੍ਹੇ ਦਿਨਾਂ ਪਿੱਛੋਂ ਕੁਟੀਆ ਤਿਆਰ ਹੋ ਗਈ ਅਤੇ ਅਖੰਡ ਪਾਠ ਰੱਖਿਆ ਗਿਆ। ਏਸ ਸਮਾਗਮ 'ਤੇ ਦਾਸ ਦੀ ਸੁਪਤਨੀ ਦੀ ਮਾਤਾ ਭਾਗਵੰਤੀ ਆਈ ਅਤੇ ਕੁਝ ਦਿਨ ਠਹਿਰ ਕੇ ਆਪਣੇ ਪਿੰਡ ਚਲੀ ਗਈ। ਇਹ ਪ੍ਰੇਮਣ ਮਾਈ ਥੋੜ੍ਹੇ ਚਿਰ ਮਗਰੋਂ ਡਾਢੀ ਬਿਮਾਰ ਹੋ ਕੇ ਮੁੜ ਆਈ ਅਤੇ ਇੱਥੇ ਹੀ ਚੜ੍ਹਾਈ ਕਰ ਗਈ। ਅੰਤ ਵੇਲੇ ਸੰਤ ਜੀ ਮਹਾਰਾਜ ਦੇ ਚਰਨਾਂ ਦੀ ਬਰਕਤ ਦੁਆਰਾ ਇਹਦੇ ਮੁੱਖ ਵਿੱਚੋਂ 'ਵਾਹਿਗੁਰੂ' ਸ਼ਬਦ ਨਿਕਲਿਆ। ਇਹਨਾਂ ਦਾ ਪਤੀ ਭਾਈ ਝੰਡਾ ਸਿੰਘ ਇਕੱਲਾ ਰਹਿ ਗਿਆ ਅਤੇ ਆਪਣਾ ਵਿਹਾਰ ਸੰਕੋਚ ਕੇ ਆਪਣੀ ਲੜਕੀ ਪਾਸ 'ਸੰਤ ਕੁਟੀਆ' ਵਿੱਚ ਆ ਗਿਆ।

ਦੇਗਾਂ ਦਾ ਕੰਮ ਬੜੇ ਉਤਸ਼ਾਹ ਨਾਲ ਅਰੰਭ ਹੋ ਗਿਆ। ਪ੍ਰੇਮੀਆਂ ਨੇ ਖੁੱਲ੍ਹੇ ਦਿਲ ਅਰਦਾਸੇ ਕਰਾ ਕੇ ਏਸ ਕੰਮ ਦਾ ਮੁੱਢ ਬੰਨ੍ਹ ਦਿੱਤਾ। ਕੁਝ ਸਮਾਂ ਪਾ ਕੇ ਦਾਸ ਜ਼ੇਹਲਮ, ਸੰਤ ਜੀ ਮਹਾਰਾਜ ਦੇ ਦਰਸ਼ਨ ਲਈ ਗਿਆ। ਏਥੇ ਭਾਈ ਗੁਲਾਬ ਸਿੰਘ ਜੀ ਨੇ ੧੫●● ਦਮੜੇ ਦੇ ਨੋਟ ਇਕਾਂਤ ਵਿੱਚ ਸੰਤ ਜੀ ਮਹਾਰਾਜ ਦੀ ਭੇਟ ਕੀਤੇ। ਓਸ ਵੇਲੇ ਇਹ ਰਕਮ ਮਹਾਰਾਜ ਜੀ ਨੇ ਦਾਸ ਨੂੰ ਫੜ੍ਹਾ ਦਿੱਤੀ, "ਭਾਈ! ਦੇਗਾਂ ਦਾ ਖ਼ਰਚ ਤਕੜਾ ਹੈ, ਇਹ ਸੇਵਾ ਓਸ ਕਾਰਜ ਵਿੱਚ ਲਾਉਣੀ।" ਏਥੇ ਭਾਈ ਹੁਕਮ ਸਿੰਘ, ਬਿਸ਼ਨ ਕੌਰ ਸੰਤ ਹੀ ਮਹਾਰਾਜ ਦੇ ਦਰਸ਼ਨ ਕਰਨ ਆਏ। ਇਹਨਾਂ ਨੂੰ ਵੀ ਸੰਤ ਜੀ ਮਹਾਰਾਜ ਨੇ ਦੇਗਾਂ ਦੀ ਸੇਵਾ ਲਈ ਹੁਕਮ ਕੀਤਾ। ਜ਼ੇਹਲਮ ਤੋਂ ਸੰਤ, ਦਾਸ ਦੇ ਨਾਲ ਗੁਜਰਾਂਵਾਲੇ ਆ ਗਏ ਕੁਟੀਆ ਵਿੱਚ ਹੀ ਡੇਰਾ ਕੀਤਾ। ਕਿਸੇ ਖਾਸ ਸਮਾਗਮ ਲਈ ਭਾਈ ਤਾਰਾ ਸਿੰਘ, ਹੀਰਾ ਸਿੰਘ ਏਥੇ ਆਏ ਹੋਏ ਸਨ।

ਇਹਨਾਂ ਦਿਨਾਂ ਵਿੱਚ ਹੀ ਭੁਝੰਗੀ ਮੁਕੰਦ ਸਿੰਘ ਦੇ ਨਾਨੇ ਨੇ ਏਸ ਦੇ ਵਾਸਤੇ ਇੱਕ ਮੰਗਣੀ ਲਿਆਂਦੀ ਸੀ। ਜਦ ਇਹਨਾਂ ਅਤੇ ਭੁਝੰਗੀ ਦੀ ਮਾਤਾ ਨੇ ਦਾਸ ਨੂੰ ਪੁੱਛਿਆ, ਤਦ ਦਾਸ ਨੇ ਜਵਾਬ ਦਿੱਤਾ ਕਿ ਸੰਤ ਜੀ ਮਹਾਰਾਜ ਕੋਲੋਂ ਪੁੱਛ ਕੇ ਦੱਸਾਂਗੇ। ਸ਼ਾਮ ਨੂੰ ਸੰਤ ਜੀ ਮਹਾਰਾਜ ਦਾ ਪ੍ਰਸ਼ਾਦ, ਕੰਵਰ ਪ੍ਰਿਥੀਪਾਲ ਸਿੰਘ ਦੀ ਕੋਠੀ ਸੀ। ਕੰਵਰ ਸਾਹਿਬ ਨੇ ਦਾਸ ਨੂੰ ਵੀ ਸੱਦ ਭੇਜਿਆ। **ਜਦ ਪੰਗਤ ਲੱਗੀ ਤਾਂ ਸੰਤ ਜੀ ਮਹਾਰਾਜ ਨੇ ਦਾਸ ਨੂੰ ਆਪਣੇ ਕੋਲ ਸੱਜੇ ਪਾਸੇ ਬਿਠਾ ਲਿਆ। ਅਜੇ ਪ੍ਰਸ਼ਾਦ ਵਰਤ ਹੀ ਰਿਹਾ ਸੀ ਕਿ ਦਾਸ ਨੇ ਹੌਲੀ ਜਿਹੀ ਸੰਤ ਜੀ ਮਹਾਰਾਜ ਨੂੰ ਪੁੱਛਿਆ, "ਸਚੇ ਪਾਤਸ਼ਾਹ! ਭੁਝੰਗੀ ਮੁਕੰਦ ਸਿੰਘ ਦੀ ਕੁੜਮਾਈ ਆਈ ਹੈ।" ਅਜੇ ਇਹ ਅੱਖਰ ਦਾਸ ਦੇ ਮੂੰਹ ਵਿੱਚ ਹੀ ਸਨ ਕਿ ਸੰਤ ਜੀ ਮਹਾਰਾਜ ਨੇ ਦਾਸ ਨੂੰ ਆਪਣੀ ਸੱਜੀ ਬਾਂਹ ਦੀ ਜੱਫੀ ਵਿੱਚ ਲੈ ਲਿਆ ਤੇ ਫੁਰਮਾਇਆ, "ਭਾਈ! ਕੁੜਮਾਈ ਕਰਨ ਵਾਲੇ ਹੋਰ ਥੋੜੇ ਹਨ? ਜਤੀ-ਸਤੀ ਬਗੈਰ ਦੁਨੀਆਂ ਸਿੱਧੀ ਨਹੀਂ ਹੁੰਦੀ।" ਇਹ ਸੁਣ ਕੇ ਦਾਸ ਚੁੱਪ ਹੋ ਗਿਆ ਅਤੇ ਭੁਝੰਗੀ ਦੀ ਕੁੜਮਾਈ ਦਾ ਫ਼ੁਰਨਾ ਦਿਲ ਵਿੱਚੋਂ ਉੱਕਾ ਹੀ ਕੱਢ ਦਿੱਤਾ।**

ਭਾਈ ਹੁਕਮ ਸਿੰਘ ਜ਼ੇਹਲਮ ਤੋਂ ਦੇਗ ਦੀ ਸੇਵਾ ਦਾ ਹੁਕਮ ਸੁਣ ਕੇ ਸਿੱਧਾ ਆਪਣੇ ਪਿੰਡ ਚਲਾ ਗਿਆ। ਇਹਨਾਂ ਦਿਨਾਂ ਵਿਚ ਏਸ ਪ੍ਰੇਮ ਦਾ ਹੱਥ ਬੜਾ ਤੰਗ ਸੀ। ਆਪਣੇ ਘਰ ਨੂੰ ਗਹਿਣੇ ਪਾ ਕੇ ਬੜੇ ਯਤਨ ਨਾਲ ੨●● ਰੁਪਿਆ ਬਣਾਇਆ ਤੇ ਇਹ ਰਕਮ ਲੈ ਕੇ ਗੁਜਰਾਂਵਾਲੇ ਆ ਹਾਜ਼ਰ ਕੀਤਾ। ਸੰਤ ਜੀ ਮਹਾਰਾਜ ਨੇ ਇਹ ਦਮੜੇ ਦਾਸ ਨੂੰ ਫੜਾ ਦਿੱਤੇ, ਪਰ ਜਦੋਂ ਪਤਾ ਲੱਗਾ ਕਿ ਪ੍ਰੇਮ ਘਰ ਨੂੰ ਗਹਿਣੇ ਪਾ ਕੇ ਦਮੜੇ ਲਿਆਇਆ ਹੈ ਤਾਂ ਹੁਕਮ ਕੀਤਾ, "ਭਾਈ ਤੇਜਾ ਸਿੰਘ! ਭਾਈ ਹੁਕਮ ਸਿੰਘ ਹੋਰਾਂ ਨੂੰ ਇਹ ਦਮੜੇ ਮੋੜ ਦਿਓ, ਇਹ ਅੱਗੇ ਬਹੁਤ ਸੇਵਾ ਕਰ ਚੁੱਕੇ ਹਨ।" ਓਸੇ ਵੇਲੇ ਦਮੜੇ ਭਾਈ ਸਾਹਿਬ ਨੂੰ ਦੇ ਦਿੱਤੇ ਗਏ।

ਗੁਜਰਾਂਵਾਲੇ ਤੋਂ ਸੰਤ ਜੀ ਮਹਾਰਾਜ ਮਾਲਵੇ ਵੱਲ ਚਲੇ ਗਏ। ਦੋ ਕੁ ਮਹੀਨੇ ਮਗਰੋਂ ਇੱਕ ਦੇਗ ਤਿਆਰ ਹੋ ਗਈ, ਦੂਜੀ ਦਾ ਕੰਮ ਕੁਝ ਬਾਕੀ ਰਹਿ ਗਿਆ। ਗੁਰੂਸਾਗਰ ਸਾਹਿਬ ਮਸਤੂਆਣੇ ਮਾਘੀ ਦਾ ਸਮਾਗਮ ਨੇੜੇ ਆ ਗਿਆ। ਦਾਸ ਨੇ ਆਪਣੇ ਚਿੱਤ ਵਿੱਚ ਵਿਚਾਰ ਕੀਤੀ ਕਿ ਇਹ ਦੇਗ ਉਸ ਸਮਾਗਮ 'ਤੇ ਪਹੁੰਚਾਈ ਜਾਏ। ਮਾਲ ਗੱਡੀ ਦੇ ਖ਼ਾਸ ਛਕੜੇ 'ਤੇ ਲਦਵਾ, ਏਸ ਨੂੰ ਸੰਗਰੂਰ ਵੱਲ ਟੋਰਿਆ ਅਤੇ ਦੋ ਦਿਨ ਮਗਰੋਂ ਬਿਲਟੀ ਲੈ ਕੇ ਖੁਸ਼ਹਾਲ ਸਿੰਘ, ਹੀਰਾ ਸਿੰਘ ਠਠਿਆਰ ਸਮੇਤ ਮਾਘੀ ਦੇ ਸਮਾਗਮ ਲਈ ਗੁਰੂਸਾਗਰ ਸਾਹਿਬ ਵੱਲ ਤੁਰ ਪਿਆ। ਬਿਲਟੀ ਛੁੜਾ, ਦੇਗ ਗੱਡੇ 'ਤੇ ਲੱਦ, ਗੁਰੂਸਾਗਰ ਸਾਹਿਬ ਪੁੱਜਾ। ਮਾਘੀ ਦੇ ਸਮਾਗਮ ਦਾ ਇਹ ਪਹਿਲਾ ਦਿਨ ਸੀ। ਗੁਰੂ ਦੀਆਂ ਸੰਗਤਾਂ ਏਸ ਦੇ ਦਰਸ਼ਨ ਕਰ, ਬੜੀਆਂ ਹੀ ਅਨੰਦ ਹੋਈਆਂ ਅਤੇ ਵਿੱਚ-ਵਿੱਚ ਵਿਚਾਰਵਾਨ ਸਰੀਰ ਕਹਿਣ ਲੱਗ ਪਏ, "ਪਤਾ ਨਹੀਂ ਸੰਤ ਜੀ ਮਹਾਰਾਜ ਨੇ ਇਹਨਾਂ ਨੂੰ ਕਿਹੜੇ ਸਮੇਂ ਲਈ ਬਣਵਾਇਆ ਹੈ।" ਥੋੜ੍ਹੇ ਚਿਰ ਪਿੱਛੋਂ ਦੂਜੀ ਦੇਗ ਵੀ ਤਿਆਰ ਹੋ ਗਈ ਅਤੇ

# ਗੁਰੂ ਕੇ ਲੰਗਰ ਲਈ ਛੇ ਫੁੱਟ ਉੱਚੀ ਦੇਗ



ਇਹੋ ਜਿਹੀ ਇਕ ਦੇਗ ਮਸਤੂਆਣੇ ਅਤੇ ਦੂਜੀ ਗੁਰੂ ਕਾਂਸ਼ੀ ਦਮਦਮਾ ਸਾਹਿਬ ਲਗੀਆਂ ਹੋਈਆਂ ਹਨ ਜੋ ਸੰਤ ਅਤਰ ਸਿੰਘ ਜੀ ਮਹਾਰਾਜ ਨੇ ਬਣਵਾਈਆਂ ਸਨ ।

ਗੁਰੂਸਾਗਰ ਸਾਹਿਬ ਜਾ ਕੇ ਜੜੀ ਗਈ। ਏਸ ਵੇਲੇ ਇਕ ਦੇਗ ਗੁਰੂਸਗਾਰ ਸਾਹਿਬ ਮਸਤੂਆਣੇ ਹੈ ਅਤੇ ਦੂਜੀ ਗੁਰੂ ਕਾਸ਼ੀ ਦਮਦਮੇ ਸਾਹਿਬ ਹਾਜ਼ਰ ਹੈ। ਮਾਘੀ ਦੇ ਜੋੜ ਮੇਲੇ ਦੇ ਦੂਜੇ ਦਿਨ ਦਾਸ ਦੇ ਹਿਰਦੇ ਵਿੱਚ ਪ੍ਰੇਮ ਦੀ ਲਹਿਰ ਉੱਠੀ ਅਤੇ ਇਹ ਸੰਕਲਪ ਹੋਇਆ ਕਿ ਸੰਤ ਜੀ ਮਹਾਰਾਜ ਗੁਜਰਾਂਵਾਲੇ ਚੱਲਣ। ਪਰ ਨਾਲ ਹੀ ਚਿੱਤ ਨੇ ਇਹ ਠਾਨ ਲਈ ਕਿ ਆਪਣੀ ਜ਼ਬਾਨੀ ਕੋਈ ਅਰਜ਼ ਨਹੀਂ ਕਰਨੀ। ਏਸੇ ਦਿਨ ਹੀ ਸ਼ਾਮ ਦੇ ਵੇਲੇ ਜਦ ਰਹਿਰਾਸ ਸਾਹਿਬ ਦੇ ਦੀਵਾਨ ਦੇ ਮਗਰੋਂ ਸੰਤ ਜੀ ਮਹਾਰਾਜ ਆਪਣੇ ਬੁੰਗੇ ਵਿੱਚ ਆਏ; ਤਦ ਦਾਸ ਨੂੰ ਨੇੜੇ ਸੱਦ ਕੇ ਹੌਲੀ ਜਿਹੀ ਫੁਰਮਾਇਆ, "ਸਾਨੂੰ ੧੨ ਪਿੰਡ ਆਪਣੀ ਆਪਣੀ ਥਾਂ ਲਿਜਾਣ ਲਈ ਖਿੱਚ ਰਹੇ ਹਨ। ਅਸੀਂ ੩੫ ਸਾਲ ਦੌਰਾ ਕਰਕੇ ਥੱਕ ਗਏ ਹਾਂ। ਕਲ ਅੰਮ੍ਰਿਤ ਵੇਲੇ ਤੁਹਾਡੇ ਨਾਲ ਚੋਰੀਓ ਨਿਕਲ ਚਲਾਂਗੇ ਅਤੇ ਛੇ ਮਹੀਨੇ ਤੁਹਾਡੇ ਪਾਸ ਕੁਟੀਆ ਵਿੱਚ ਆਰਾਮ ਕਰਾਂਗੇ। ਤੁਸੀ ਸਿਰਫ਼ ਸਾਡੇ ਦੋ ਸੇਵਕਾਂ, ਬਾਬਾ ਕਲਿਆਣ ਸਿੰਘ ਅਤੇ ਨੰਦ ਸਿੰਘ ਜੀ ਨੂੰ ਖਬਰ ਕਰਨਾ ਅਤੇ ਆਖ ਦੇਣਾ ਕਿ ਉਹ ਸਾਨੂੰ ਸਵੇਰੇ ਪੌਣੇ ਸੱਤ ਦੀ ਗੱਡੀ  ਤੇ ਸੰਗਰੂਰ ਮਿਲਣ।" ਦਾਸ ਕੋਲੋਂ ਭੁੱਲ ਨਾਲ ਇਕ ਤੀਜੇ ਪ੍ਰੇਮੀ ਭਾਈ ਮਹਾਂ ਸਿੰਘ ਨੂੰ ਆਖਿਆ ਗਿਆ?  ਗੁਰਮਤੇ ਅਨੁਸਾਰ ਇਸ਼ਨਾਨ ਪਾਣੀ ਕਰਨ ਦੇ ਮਗਰੋਂ ਕੋਈ ਢਾਈ ਵਜੇ, ਸਵੇਰੇ ਮਹਾਰਾਜ ਜੀ ਆਪਣੇ ਬੁੰਗੇ ਦੀ ਪਿੱਛਲੀ ਮੋਰੀ ਵਿਚੋਂ ਨਿਕਲ ਤੁਰੇ। ਦੋਵੇਂ ਗੜਵੇ ਦਾਸ ਨੂੰ ਫੜ੍ਹਾ ਦਿੱਤੇ। ਏਸ ਤਰ੍ਹਾਂ ਤੁਰਦਿਆਂ ਤੁਰਦਿਆਂ ਮੀਲ ਕੁ ਆਏ ਸਾਂ ਕਿ ਸੰਤ ਜੀ ਮਹਾਰਾਜ ਨੇ ਪੁੱਛਿਆ, "ਕੀਹਨੂੰ ਖਬਰ ਕਰ ਆਏ ਹੋ?" ਜਦ ਦਾਸ ਨੇ ਮਹਾਂ ਸਿੰਘ ਦਾ ਨਾਮ ਲਿਆ ਤਾਂ ਆਖਣ ਲਗੇ, "ਅਸਾਂ ਤਾਂ ਘਰ ਵਾਂਗਣ ਜਾ ਕੇ ਰਹਿਣ ਸੀ, ਇਹ ਪ੍ਰੇਮੀ ਸਾਨੂੰ ਟਿਕਣ ਨਹੀਂ ਦੇਵੇਗਾ। ਤੁਸਾਂ ਅੱਛਾ ਨਹੀਂ ਕੀਤਾ।"

ਅਸੀ ਸਟੇਸ਼ਨ ਤੇ ੫ ਕੁ ਵਜੇ ਅਪੜ ਗਏ ਅਤੇ ਛੇ ਵਜੇ ਦੂਜੇ ਸੇਵਕ ਪੁੱਜ ਗਏ। ਭਾਈ ਨੰਦ ਸਿੰਘ ਨਿਯਮ ਅਨੁਸਾਰ ਜਲ ਪਾਣੀ ਬਣਾ ਕੇ ਲਈ ਆਇਆ। ਪੌਣੇ ਘੰਟੇ ਮਗਰੋਂ ਗੱਡੀ ਆ ਗਈ। ਏਸ ਤੇ ਚੜ੍ਹ ਕੇ ਸਾਢੇ ਨੌਂ ਵਜੇ ਰਾਤ ਗੁਜਰਾਂਵਾਲੇ ਅਪੜੇ। ਰਸਤੇ ਵਿੱਚ ਲਾਹੌਰ ਹਿੰਦੂ ਹੋਟਲ ਦੇ ਸਿੱਖ ਪ੍ਰਬੰਧਕਾਂ ਨੇ ਸੰਤ ਜੀ ਮਹਾਰਾਜ ਅਤੇ ਜੱਥੇ ਨੂੰ ਬੜੇ ਪ੍ਰੇਮ ਨਾਲ ਪ੍ਰਸ਼ਾਦ ਛਕਾਇਆ। ਸਟੇਸ਼ਨ ਤੋਂ ਟਾਂਗਾ ਲੈ ਸਿੱਧਾ ਕੁਟੀਆ ਪੁੱਜ ਗਏ ਅਤੇ ਏਥੇ ਚੁਪੀਤੇ ਹੀ ਆਸਨ ਕੀਤਾ। ਸੰਤ ਜੀ ਮਹਾਰਾਜ ਨੇ ਫੁਰਮਾਇਆ ਕਿ ਸਾਡੇ ਆਉਣ ਦਾ ਕਿਸੇ ਨੂੰ ਪਤਾ ਨਹੀਂ ਕਰਨਾ; ਅਸੀਂ ਆਰਾਮ ਕਰਨ ਆਏ ਹਾਂ ਕਿਧਰੇ ਦੀਵਾਨ ਲਾਉਣ ਜਾਂ ਪ੍ਰਸ਼ਾਦ ਛਕਣ ਨਹੀਂ ਜਾਣਾ।

'ਸੰਤ ਕੁਟੀਆ' ਦੇ ਪਿੱਛਲੇ ਪਾਸੇ ਜੋ ਤਿੰਨ ਕਮਰੇ ਹਨ, ਉਸਦੇ ਵਿਚਕਾਰਲੇ ਕਮਰੇ ਵਿੱਚ ਸੰਤ ਜੀ ਮਹਾਰਾਜ ਨੇ ਬਿਸ਼ਰਾਮ ਕੀਤਾ। ਨਾਲ ਦੇ ਬਾਹਰ ਵਾਲੇ ਕਮਰੇ ਦੇ ਵਿੱਚ ਚੌਕੀ ਡਾਹ ਕੇ ਸੁਚੇਤ ਪਾਣੀ ਦੀ ਜਗ੍ਹਾ ਬਣਵਾ ਲਈ ਅਤੇ ਪਿੱਛਲੇ ਕਮਰੇ ਵਿੱਚ ਸੇਵਕ ਟਿਕ ਗਏ। ਸੰਤ ਜੀ ਮਹਾਰਾਜ ਇੱਕ ਰਸ ਇਕਾਂਤ ਸਿਮਰਨ ਵਿਚ ਜੁਟ ਪਏ ਅਤੇ ਹੁਕਮ ਦਿੱਤਾ ਕਿ ਸਾਡੇ ਕਮਰੇ ਵਿਚ ਪ੍ਰਸ਼ਾਦ ਛਕਾਣ ਵਾਲੇ ਸੇਵਕ ਦੇ ਬਿਨਾਂ ਹੋਰ ਕੋਈ ਨਾ ਆਵੇ। ਏਸ ਕਮਰੇ ਦੀਆਂ, ਕੁਟੀਆ ਦੇ ਪ੍ਰਕਾਸ਼ ਅਸਥਾਨ ਵਿੱਚ, ਮਿਆਨੇ ਛੱਤ ਤੇ ਦੋ ਬਾਰੀਆਂ ਸਨ। ਉਹ ਵੀ ਥੋਬੇ ਲਗਾ ਕੇ ਬੰਦ ਕਰਵਾ ਦਿੱਤੀਆਂ ਤਾਂ ਕਿ ਬਾਹਰ ਦੀ ਕੋਈ ਆਵਾਜ਼ ਅੰਦਰ ਨਾ ਆ ਸਕੇ। ਕਮਰੇ ਦਾ ਦਰਵਾਜ਼ਾ ਹਰ ਵੇਲੇ ਬੰਦ ਰਹਿੰਦਾ, ਸਿਰਫ ਨਿਯਮ ਅਨੁਸਾਰ ਸੇਵਕ ਜਲ ਪਾਣੀ ਅਤੇ ਪ੍ਰਸ਼ਾਦ ਛਕਾਉਣ ਲਈ ਅੰਦਰ ਜਾਂਦਾ।

ਇਹ ਸੱਚ ਹੈ, ਬ੍ਰਹਮ ਗਿਆਨੀ ਦਾ ਭੇਤ ਬ੍ਰਹਮ ਗਿਆਨੀ ਜਾਣੇ, ਪਰ ਓਸ ਵੇਲੇ ਆਪਣੇ ਅਨੁਭਵ ਅਤੇ ਸੰਤ ਜੀ ਮਹਾਰਾਜ ਦੇ ਪਿੱਛੇ ਕੀਤੇ ਹੋਏ ਬਚਨਾਂ ਤੋਂ ਇਹ ਪ੍ਰਤੀਤ ਹੁੰਦਾ ਸੀ ਕਿ ਸੰਤ ਜੀ ਦਾਸ ਦੀ ਕੁਟੀਆ ਵਿੱਚ ਭੁਝੰਗੀ ਮੁਕੰਦ ਸਿੰਘ ਤੇ ਖਾਸ ਮਿਹਰ ਕਰਨ ਲਈ ਆਏ ਸਨ। ਉਹਨਾਂ ਦਾ ਖਿਆਲ ਸੀ

ਕਿ ਛੇ ਮਹੀਨੇ ਇਕਾਂਤ ਸਿਮਰਨ ਤਪ ਦੇ ਮਗਰੋਂ ਏਸ ਨੂੰ ਆਪਣੀ ਤਾਕਤ ਦਾ ਇਕ ਕਿਣਕਾ ਬਖਸ਼ ਦੇਈਏ ਤਾਂ ਕਿ ਇਹ ਜਤੀ ਰਹਿ ਕੇ ਸਤਿਗੁਰੂ ਦੀ ਸੇਵਾ ਵਿੱਚ ਹਾਜ਼ਰ ਹੋ ਜਾਵੇ।

ਛੇ ਕੁ ਹਫਤੇ ਮਗਰੋਂ ਅੰਤਰਯਾਮੀ ਮਹਾਂ ਪੁਰਖਾਂ ਨੇ ਭੁਝੰਗੀ ਅਤੇ ਉਸ ਦੀ ਮਾਤਾ ਦੇ ਵਤੀਰੇ ਤੋਂ ਦੇਖ ਲਿਆ ਕਿ ਸਾਡਾ ਇਹ ਪ੍ਰੇਮ ਸਿਰੇ ਨਹੀ ਚੜ੍ਹ ਸਕਦਾ। ਇਹ ਖਿਆਲ ਪੈਦਾ ਹੁੰਦਿਆਂ ਹੀ ਸੰਤ ਹੀ ਮਹਾਰਾਜ ਦਾ ਚਿਤ ਉਦਾਸ ਹੋ ਗਿਆ ਅਤੇ ਕੁਟੀਆ ਤੋਂ ਟੁਰ ਜਾਣ ਦਾ ਸੰਕਲਪ ਫੁਰ ਪਿਆ। ਇਹ ਸੰਕਲਪ ਕੀ ਸੀ ਬਿਜਲੀ ਦੀ ਤਾਰ ਸੀ, ਛੇਤੀ ਹੀ ਸਰਦਾਰ ਰਜਵੰਤ ਸਿੰਘ ਜੀ ਦੇ ਹਿਰਦੇ ਵਿੱਚ ਜਾ ਪੁੱਜਾ। ਸਵੇਰ ਦੇ ਸਤ ਵਜੇ ਇਹ ਟਾਂਗਾ ਲੈ ਕੇ ਆ ਗਏ। ਬੇਨਤੀ ਕਰਨ ਪਰ ਸੰਤ ਜੀ ਮਹਾਰਾਜ ਨੇ ਆਪਣਾ ਦਰਵਾਜ਼ਾ ਖੋਲ੍ਹ ਦਿੱਤਾ ਅਤੇ ਇਹਨਾਂ ਨਾਲ ਤੁਰਨ ਲਈ ਤਿਆਰ ਹੋ ਗਏ, ਓਸ ਵੇਲੇ ਟਾਂਗੇ ਚੜ੍ਹ ਰਾਜਕੋਟ (ਪਾਕਿਸਤਾਨ) ਜਾ ਪਹੁੰਚੇ।

ਦਾਸ ਦੇ ਹਿਰਦੇ ਵਿਚ ਭਾਸ ਗਿਆ ਕਿ ਸੰਤ ਜੀ ਮਹਾਰਾਜ ਕੁਝ ਨਾਰਾਜ਼ ਹੋ ਕੇ ਚੱਲੇ ਹਨ, ਪਰ ਕਾਲਜ ਦੀ ਪੜ੍ਹਾਈ ਦਾ ਵਕਤ ਸੀ। ਓਸ ਵੇਲੇ ਤਾਂ ਸਬਰ ਕੀਤਾ ਪਰ ਸ਼ਾਮ ਦੇ ੩ ਵਜੇ ਕਾਲਜ ਤੋ ਵਿਹਲੇ ਹੁੰਦਿਆਂ ਹੀ, ਸਿੱਧਾ ਰਾਜਕੋਟ ਵਲ ਤੁਰ ਪਿਆ। ਜਦ ਦੂਜੇ ਸੂਏ ਦੇ ਪੁਲ 'ਤੇ ਪੁੱਜਾ ਤਦ ਦੇਖਿਆ ਕਿ ਸੰਤ ਜੀ ਮਹਾਰਾਜ ਰਾਜਕੋਟ ਦੇ ਖੇਤਾਂ ਵਿੱਚ ਤੁਰਦੇ ਹੋਏ ਨਹਿਰ ਵਲ ਆ ਰਹੇ ਹਨ। ਦਾਸ ਵੀ ਸਿੱਧਾ ਪਟੜੀ ਪੈ ਓਧਰ ਟੁਰ ਪਿਆ ਅਤੇ ਦੋ ਚਾਰ ਮਿੰਟਾਂ ਵਿੱਚ ਹੀ ਸੱਚੇ ਪਾਤਿਸ਼ਾਹ ਦੀ ਹਜ਼ੂਰੀ ਵਿੱਚ ਜਾ ਪੁੱਜਾ। ਨਿਮਾਣਾ ਹੋ ਕੇ ਮੱਥਾ ਟੇਕਿਆ। ਹੱਥ ਜੋੜ ਬੇਨਤੀ ਕੀਤੀ, "ਮਹਾਰਾਜ ਜੀ ਆਪ ਨਾਰਾਜ਼ ਹੋ ਕੇ ਆ ਗਏ ਹੋ?" ਦਿਆਲੂ ਸੰਤ ਓਸੇ ਵੇਲੇ ਬੋਲ ਉੱਠੇ, "ਤੁਹਾਡੇ ਨਾਲ ਨਰਾਜ਼ ? ਸਰੀਰ ਕੀਹਦਾ ਹੈ? ਜੇ ਮੁਕੰਦ ਸਿੰਘ ਸੇਵਾ ਨਹੀਂ ਕਰੇਗਾ, ਅਸੀਂ ਸੇਵਾ ਤੁਹਾਡੇ ਪਾਸੋਂ ਲੈ ਲਵਾਂਗੇ; ਤੁਹਾਡੇ ਨਾਲ ਸੰਗਤਾਂ ਪ੍ਰੇਮ ਕਰਦੀਆਂ ਹਨ।"

ਫੇਰ ਸ਼ਾਮ ਦੇ ਦੀਵਾਨ ਮਗਰੋਂ ਇਕਾਂਤ ਵਿੱਚ ਸਮਝਾਇਆ ਕਿ ਗਲਤੀ ਬਿਸ਼ਨ ਕੌਰ ਅਤੇ ਮੁਕੰਦ ਸਿੰਘ ਦੀ ਹੈ। ਤੁਸੀਂ ਏਹਨਾਂ ਨੂੰ ਸੱਤਿਆ ਨਾ ਦਿਓ, ਆਪਣੀ ਥਾਂ ਸਾਡੀ ਆਗਿਆ ਮੰਨੀ ਜਾਓ।

ਰਾਜਕੋਟ ਕੁਝ ਦਿਨ ਠਹਿਰ ਕੇ ਸੰਤ ਜੀ ਮਹਾਰਾਜ ਸਿਆਲਕੋਟ ਚਲੇ ਗਏ ਅਤੇ ਸਰਦਾਰ ਖੜਕ ਸਿੰਘ ਦੇ ਬਾਗ ਵਿੱਚ ਡੇਰਾ ਕੀਤਾ। ਮਹਾਰਾਜ ਜੀ ਦਾ ਆਸਨ ਚੁਬਾਰੇ ਵਿੱਚ ਸੀ ਅਤੇ ਜਥਾ ਹੇਠਾਂ ਬਿਸ਼ਰਾਮ ਕਰਦਾ ਸੀ। ਇਥੋਂ ਮਹਾਰਾਜ ਜੀ ਨੇ ਦਾਸ ਨੂੰ ਯਾਦ ਕਰ ਭੇਜਿਆ। ਓਸੇ ਵੇਲੇ ਦਾਸ ਛੁੱਟੀ ਲੈ ਸਿਆਲਕੋਟ ਪੁੱਜ ਗਿਆ ਅਤੇ ਬਾਗ ਵਿੱਚ ਸੰਤ ਜੀ ਮਹਾਰਾਜ ਦੇ ਚਰਨਾਂ ਵਿੱਚ ਜਾ ਹਾਜ਼ਰ ਹੋਇਆ। ਦਾਸ ਐਨ ਓਸ ਵੇਲੇ ਪੁੱਜਾ ਜਦੋਂ ਸੰਤ ਜੀ ਮਹਾਰਾਜ ਦੁਪਹਿਰ ਦਾ ਆਰਾਮ ਕਰ ਚੁੱਕੇ ਸਨ ਅਤੇ ਜਲ ਪਾਣੀ ਛਕ ਏਕਾਂਤ ਬੈਠੇ ਸਨ। ਜਦ ਦਾਸ ਚਰਨਾਂ ਵਿੱਚ ਮੱਥਾ ਟੇਕ ਬੈਠ ਗਿਆ ਤਦ ਸੰਤ ਜੀ ਮਹਾਰਾਜ ਨੇ ਆਖਿਆ, "ਭਾਈ ਤੁਸਾਂ ਸਾਡਾ ਹੁਕਮ ਪੂਰਾ ਮੰਨਿਆ ਹੈ; ਗਲਤੀ ਘਰ ਵਾਲਿਆਂ ਦੀ ਹੈ।" ਸਿਆਲਕੋਟ ਕੁਝ ਚਿਰ ਠਹਿਰ ਕੇ ਸੰਤ ਜੀ ਗੁਰੂਸਾਗਰ ਸਾਹਿਬ ਮਸਤੂਆਣੇ ਚਲੇ ਗਏ। ਥੋੜ੍ਹੇ ਚਿਰ ਪਿੱਛੋਂ ਹੀ ਦਾਸ ਨੂੰ ਓਥੋਂ ਚਿੱਠੀ ਆਈ ਕਿ ਅਕਾਲ ਕਾਲਜ ਗੁਰੂਸਾਗਰ ਸਾਹਿਬ ਮਸਤੂਆਣੇ ਦੀ ਨੀਂਵ ਫਲਾਨੀ ਤਾਰੀਖ ਨੂੰ ਰੱਖਣੀ ਹੈ, ਤੁਸੀਂ ਏਸ ਸਮੇਂ ਜ਼ਰੂਰ ਪੁੱਜੋ। ਹੁਕਮ ਮੰਨ ਦਾਸ ਇੱਕ ਦਿਨ ਪਹਿਲਾਂ ਹੀ ਪੁੱਜ ਗਿਆ। ਸ਼ਾਮ ਦੇ ਵੇਲੇ ਕਾਲਜ ਦੇ ਨਕਸ਼ੇ ਦੀ ਵੀਚਾਰ ਹੋਈ ਅਤੇ ਦੂਜੇ ਦਿਨ ਸਵੇਰੇ ਆਸਾ ਜੀ ਦੀ ਵਾਰ ਦੇ ਦੀਵਾਨ ਮਗਰੋਂ ਸੰਤ ਜੀ ਮਹਾਰਾਜ, ਸਾਰੀ ਸਾਧ ਸੰਗਤ, ਭਾਈ ਅਰਜਨ ਸਿੰਘ ਜੀ ਬਾਗੜੀਆ, ਸਰਦਾਰ ਤੇਜਾ ਸਿੰਘ ਬਡਰੁੱਖਾ, ਸਰਦਾਰ ਬਚਨ ਸਿੰਘ ਜੀ ਵਿਦਿਅਕ ਵਜ਼ੀਰ ਨਾਭਾ ਅਤੇ ਹੋਰ ਨਗਰਾਂ ਦੇ ਪਤਵੰਤੇ ਨੀਂਹ ਟਿਕਾਉਣ ਵਾਲੇ ਅਸਥਾਨ 'ਤੇ ਪੁੱਜੇ। ਸੰਤ ਜੀ ਮਹਾਰਾਜ ਨੇ ਭਾਈ ਸਾਹਿਬ ਬਾਗੜੀਆ ਨੂੰ ਅਰਦਾਸ ਕਰਨ ਲਈ ਹੁਕਮ ਦਿੱਤਾ। ਸਤਿਗੁਰੂ ਦੇ

ਚਰਨਾਂ ਵਿੱਚ ਬੇਨਤੀ ਕਰਨ ਦੇ ਮਗਰੋਂ ਇਕ ਇੱਟ ਸੰਤ ਜੀ ਮਹਾਰਾਜ ਨੇ ਆਪਣੇ ਹਸਤ ਕੰਵਲਾਂ ਨਾਲ ਨੀਂਹ ਵਿੱਚ ਟਿਕਾਈ ਅਤੇ ਇਕ ਇਕ ਭਾਈ ਸਾਹਿਬ ਅਰਜਨ ਸਿੰਘ, ਸਰਦਾਰ ਤੇਜਾ ਸਿੰਘ, ਸਰਦਾਰ ਬਚਨ ਸਿੰਘ ਅਤੇ ਦਾਸ ਪਾਸੋਂ ਰਖਾਈ। ਦੂਜੇ ਦਿਨ ਹੀ ਪੁਰਾਣੀਆਂ ਕੁਟੀਆਂ ਢਾਉਣ ਦਾ ਕੰਮ ਸ਼ੁਰੂ ਹੋ ਗਿਆ। ਕਰਤਾਰ ਦੀ ਨੇਤ ਜਿਸ ਬਾਹੀ ਵਿਖੇ ਅਕਾਲ ਕਾਲਜ ਦੀ ਇਮਾਰਤ ਬਣਾਉਣ ਦਾ ਗੁਰਮਤਾ ਹੋਇਆ, ਓਸੇ ਵਿੱਚ ਸੰਤ ਜੀ ਮਹਾਰਾਜ ਦੀ ਮਾਤਾ ਜੀ ਨੇ ਬੜੇ ਪ੍ਰੇਮ ਨਾਲ ਇਕ ਦੋ-ਮੰਜ਼ਲਾ ਬੁੰਗਾ ਪਵਾਇਆ ਸੀ, ਜਿਸ ਦੇ ਵਿਹੜੇ ਵਿੱਚ ਇਕ ਬੜੀ ਸੁੰਦਰ ਖੂਹੀ ਲੱਗੀ ਹੋਈ ਸੀ। ਏਸ ਬੁੰਗੇ ਨੂੰ ਵੀ ਸੰਤ ਜੀ ਮਹਾਰਾਜ ਜੀ ਨੇ ਢਾਉਣ ਦਾ ਹੁਕਮ ਦੇ ਦਿੱਤਾ। ਮਾਤਾ ਜੀ ਹੋਰ ਕੁਟੀਆ ਵਿੱਚ ਜਾ ਬਿਰਾਜੇ ਅਤੇ ਸੰਗਤ ਨੇ ਰਾਤੋ ਰਾਤ ਇਸ ਨੂੰ ਢਾਹ ਦਿੱਤਾ। ਸੰਤ ਜੀ ਨੂੰ ਕਈ ਪ੍ਰੇਮੀਆਂ ਪਾਸੋਂ ਇਹ ਸਰੋਤ ਪੁੱਜੀ ਕਿ ਸ਼ਾਇਦ ਅਕਾਲ ਕਾਲਜ ਦੀ ਇਮਾਰਤ ਦੇ ਬਣਾਨ ਵਿੱਚ ਕਿਸੇ ਪਾਸਿਓ ਰੁਕਾਵਟ ਪੈ ਜਾਵੇ। ਏਸ ਲਈ ਸੰਤ ਜੀ ਮਹਾਰਾਜ ਮੰਜੀ ਡਾਹ ਬੈਠ ਗਏ ਅਤੇ ਨੌਂ ਮਹੀਨੇ ਮਗਰੋਂ ਕਾਲਜ ਨੂੰ ਸਿਰੇ ਚਾੜ੍ਹ ਕੇ ਹੀ ਉੱਠੇ। ਜਦ ਦਾਸ ਨੇ ਗੁਜਰਾਂਵਾਲੇ ਜਾਣ ਦੀ ਆਗਿਆ ਮੰਗੀ ਤਾਂ ਸੰਤ ਜੀ ਮਹਾਰਾਜ ਨੇ ਪੁੱਛਿਆ ਕਿ ਹਿੰਦੂ ਯੂਨੀਵਰਸਿਟੀ ਵਾਲਾ ਗੁਰਮਤਾ ਸਿਰੇ ਚੜ੍ਹਿਆ ਹੈ ਕਿ ਨਹੀਂ? ਦਾਸ ਨੇ ਬੇਨਤੀ ਕੀਤੀ ਕਿ ਪ੍ਰੇਮੀ ਬਾਰ ਬਾਰ ਸੱਦ ਰਹੇ ਹਨ ਅਤੇ ਲਿਖ ਰਹੇ ਹਨ ਕਿ ਗੁਜ਼ਾਰੇ ਮਾਤਰ ੫●● ਰੁਪਏ ਮਾਹਵਾਰ ਲੈ ਲਵੋ।

ਸੰਤ ਜੀ ਮਹਾਰਾਜ ਨੇ ਹੁਕਮ ਦਿੱਤਾ, ਏਸ ਗੱਲ ਨੂੰ ਮਨਜ਼ੂਰ ਕਰ ਲਵੋ, "ਅਸੀਂ ਅਕਾਲ ਕਾਲਜ ਵਾਸਤੇ ਕਿਸੇ ਰਾਜੇ ਮਹਾਰਾਜੇ ਪਾਸੋਂ ਮਦਦ ਨਹੀਂ ਮੰਗਣੀ, ਅੱਧਾ ਗੁਜ਼ਾਰਾ ਤੁਸੀਂ ਰੱਖਣਾ ਅਤੇ ਅੱਧਾ ਕਾਲਜ ਦੀ ਸੇਵਾ ਲਈ ਭੇਜ ਦਿਆ ਕਰਨਾ।" ਨਾਲ ਹੀ ਹੁਕਮ ਦਿੱਤਾ ਕਿ ਕਲਕੱਤਾ ਤੋਂ ਕਾਲਜ ਲਈ ਗਾਰਡਰ ਅਤੇ ਲੋਹੇ ਦਾ ਸਮਾਨ ਭੇਜਣਾ।

# ਕਾਂਡ ੧੨

ਪਉੜੀ ॥

ਨਾਨਕ ਵੀਚਾਰਹਿ ਸੰਤ ਜਨ ਚਾਰਿ ਵੇਦ ਕਹੰਦੇ ॥
ਭਗਤ ਮੁਖੈ ਤੇ ਬੋਲਦੇ ਸੇ ਵਚਨ ਹੋਵੰਦੇ ॥
ਪ੍ਰਗਟ ਪਹਾਰਾ ਜਾਪਦਾ ਸਭਿ ਲੋਕ ਸੁਣੰਦੇ ॥
ਸੁਖੁ ਨ ਪਾਇਨਿ ਮੁਗਧ ਨਰ ਸੰਤ ਨਾਲਿ ਖਹੰਦੇ ॥
ਓਇ ਲੋਚਨਿ ਓਨਾ ਗੁਣੈ ਨੋ ਓਇ ਅਹੰਕਾਰਿ ਸੜੰਦੇ ॥
ਓਇ ਵਿਚਾਰੇ ਕਿਆ ਕਰਹਿ ਜਾ ਭਾਗ ਧੁਰਿ ਮੰਦੇ ॥
ਜੋ ਮਾਰੇ ਤਿਨਿ ਪਾਰਬ੍ਰਹਮਿ ਸੇ ਕਿਸੈ ਨ ਸੰਦੇ ॥
ਵੈਰੁ ਕਰਹਿ ਨਿਰਵੈਰ ਨਾਲਿ ਧਰਮ ਨਿਆਇ ਪਚੰਦੇ ॥
ਜੋ ਜੋ ਸੰਤਿ ਸਰਾਪਿਆ ਸੇ ਫਿਰਹਿ ਭਵੰਦੇ ॥
ਪੇਡੁ ਮੁੰਢਾਹੂੰ ਕਟਿਆ ਤਿਸੁ ਡਾਲ ਸੁਕੰਦੇ ॥੧੨॥ (੩੦੬)

## ਬਨਾਰਸ ਹਿੰਦੂ ਯੂਨੀਵਰਸਿਟੀ ਵਿੱਚ ਪ੍ਰਿੰਸੀਪਲ ਲੱਗਣਾ (ਜੁਲਾਈ 1919 ਈਸਵੀ)

ਗੁਰੂ ਨਾਨਕ ਖ਼ਾਲਸਾ ਕਾਲਜ ਕੌਂਸਲ ਦੇ ਮੈਂਬਰਾਂ ਦਾ ਰੰਗ-ਢੰਗ ਦੇਖ ਕੇ ਇੱਕ ਦਿਨ ਸੰਤ ਜੀ ਮਹਾਰਾਜ ਨੇ ਫੁਰਮਾਇਆ, "ਭਾਈ! ਪ੍ਰੇਮੀ ਗੁਰੂ ਬਾਬੇ ਦੇ ਕਾਲਜ ਦਾ ਖ਼ਿਆਲ ਘੱਟ ਰੱਖਦੇ ਹਨ, ਆਪਣੇ ਘਰਾਂ ਦੇ ਕੰਮਾਂ ਵਿੱਚ ਬਾਹਲੇ ਲੱਗੇ ਰਹਿੰਦੇ ਹਨ। ਇੱਕ ਮੁਨਸ਼ੀ ਲੱਧਾ ਸਿੰਘ ਜੀ ਹੀ ਅੰਦਰੋਂ-ਬਾਹਰੋਂ ਫ਼ਿਕਰ ਰੱਖਦੇ ਹਨ।" ਕਰਤਾਰ ਦੀ ਨੇਤ ਥੋੜ੍ਹੇ ਚਿਰ ਮਗਰੋਂ ਵੱਡੇ ਮੈਂਬਰਾਂ ਦੇ ਘਰ ਅੱਗ ਲੱਗ ਕੇ ਸੜ ਗਏ। ਇਹਨਾਂ ਦਿਨਾਂ ਵਿੱਚ ਹੀ ਪੰਡਤ ਮਾਲਵੀਆ ਜੀ ਨੂੰ ਹਿੰਦੂ ਯੂਨੀਵਰਸਿਟੀ ਬਨਾਰਸ ਦੇ ਟੀਚਰਜ਼ ਟਰੇਨਿੰਗ ਕਾਲਜ ਲਈ ਪ੍ਰਿੰਸੀਪਲ ਦੀ ਲੋੜ ਸੀ। ਇਹਨਾਂ ਨੂੰ ਕਿਸੇ ਪ੍ਰੇਮੀ ਪਾਸੋਂ ਪਤਾ ਲੱਗਾ ਕਿ ਦਾਸ ਨੇ ਪੱਛਮੀ ਦੇਸ਼ਾਂ ਵਿੱਚ ਜਾ ਕੇ ਕਈ ਯੂਨੀਵਰਸਿਟੀਆਂ ਵਿੱਚ ਵਿੱਦਿਅਕ ਪ੍ਰਬੰਧ ਅਤੇ ਪੜ੍ਹਾਈ ਦੇ ਤਰੀਕਿਆਂ ਦੀ ਵਿਚਾਰ ਪ੍ਰਾਪਤ ਕੀਤੀ ਹੈ। ਇਹਨਾਂ ਦਾ ਚਿੱਠੀ-ਪੱਤਰ ਦਾਸ ਨਾਲ ਹੋ ਰਿਹਾ ਸੀ ਅਤੇ ਉਹਨਾਂ ਨੇ ਪੁੱਛਿਆ ਸੀ ਕਿ ਤੁਸੀਂ ਟੀਚਰਜ਼ ਟਰੇਨਿੰਗ ਕਾਲਜ ਦਾ ਪ੍ਰਿੰਸੀਪਲ ਹੋਣਾ ਮਨਜ਼ੂਰ ਕਰ ਲਵੋਗੇ? ਦਾਸ ਨੇ ਸੰਤ ਜੀ ਮਹਾਰਾਜ ਦੀ ਸੇਵਾ ਵਿੱਚ ਏਸ ਗੱਲ ਦਾ ਜ਼ਿਕਰ ਕੀਤਾ। ਸੰਤ ਜੀ ਮਹਾਰਾਜ ਨੇ ਫੁਰਮਾਇਆ, "ਭਾਈ! ਏਸ ਗੱਲ ਨੂੰ ਮਨਜ਼ੂਰ ਕਰ ਲਵੋ ਅਤੇ ਏਥੋਂ ਚਲੇ ਜਾਉ। ਓਧਰ ਬੜਾ ਪਰਉਪਕਾਰ ਹੋਵੇਗਾ।"

ਸੰਤ ਜੀ ਮਹਾਰਾਜ ਦਾ ਹੁਕਮ ਮੰਨ ਦਾਸ ਨੇ ਬਨਾਰਸ ਯੂਨੀਵਰਸਿਟੀ ਦੇ ਟੀਚਰਜ਼ ਟਰੇਨਿੰਗ ਕਾਲਜ ਵਿੱਚ ਪ੍ਰਿੰਸੀਪਲ ਦੀ ਸੇਵਾ ਪ੍ਰਵਾਨ ਕਰ ਲਈ। ਏਧਰ ਜੁਲਾਈ ਦੇ ਸ਼ੁਰੂ ਵਿੱਚ ਗੁਰੂ ਨਾਨਕ ਖ਼ਾਲਸਾ ਕਾਲਜ ਗੁਜਰਾਂਵਾਲਾ ਗਰਮੀ ਦੀਆਂ ਛੁੱਟੀਆਂ ਕਰਕੇ ਬੰਦ ਹੋ ਗਿਆ ਤੇ ਓਧਰ ਬਨਾਰਸ ਟੀਚਰਜ਼ ਟਰੇਨਿੰਗ ਕਾਲਜ

ਦੀਆਂ ਛੁੱਟੀਆਂ ਖ਼ਤਮ ਹੋ ਗਈਆਂ। ਸੋ ਦਾਸ ਗੁਰੂਸਾਗਰ ਸਾਹਿਬ ਮਸਤੂਆਣੇ ਸੰਤ ਜੀ ਮਹਾਰਾਜ ਦੇ ਦਰਸ਼ਨ ਕਰਦਾ ਹੋਇਆ ਬਨਾਰਸ ਪੁੱਜਾ। ਦਰਸ਼ਨ ਮੇਲੇ ਦੇ ਸਮੇਂ ਸੰਤ ਜੀ ਮਹਾਰਾਜ ਨੇ ਪੱਕੀ ਕੀਤੀ ਕਿ ਅਕਾਲ ਕਾਲਜ ਦੇ ਕਮਰਿਆਂ ਦੇ ਸਾਰੇ ਗਾਡਰ ਸੰਗਰੂਰ ਸਟੇਸ਼ਨ 'ਤੇ ਫਲਾਨੀ ਤਰੀਖ਼ ਤੇ ਪੁੱਜ ਜਾਣ। ਇਕ ਰਾਤ ਤੇ ਇੱਕ ਦਿਨ ਸਫ਼ਰ ਕਰਨ ਦੇ ਮਗਰੋਂ ਦਾਸ ਬਨਾਰਸ ਪਹੁੰਚ ਗਿਆ। ਅੱਗੋਂ ਪਤਾ ਦਿੱਤਾ ਹੋਇਆ ਸੀ। ਕਾਲਜ ਦੇ ਕੁਝ ਪ੍ਰੇਮੀ ਬਨਾਰਸ ਛਾਵਣੀ ਦੇ ਸਟੇਸ਼ਨ 'ਤੇ ਪੁੱਜ ਗਏ ਅਤੇ ਦਾਸ ਨੂੰ ਪੁਰਾਣੇ ਹਿੰਦੂ ਕਾਲਜ ਦੀ ਇਮਾਰਤ ਵਿੱਚ ਲੈ ਗਏ। ਏਥੇ ਆ ਕੇ ਇੱਕ ਮਕਾਨ ਵਿੱਚ ਡੇਰਾ ਕਰਾਇਆ ਅਤੇ ਦੂਜੇ ਦਿਨ ਸਵੇਰ ਦੇ ਵੇਲੇ ਟੀਚਰਜ਼ ਕਾਲਜ ਦੀ ਪ੍ਰਿੰਸੀਪਲਸ਼ਿਪ ਦਾ ਚਾਰਜ ਪ੍ਰਬੰਧਕਾਂ ਨੇ ਸ੍ਰੀਯੁਤ ਸ਼ੁਕਲ ਜੀ ਪਾਸੋਂ ਦਿਵਾਇਆ। ਥੋੜੇ ਦਿਨਾਂ ਮਗਰੋਂ ਹਿੰਦੂ ਯੂਨੀਵਰਸਿਟੀ ਦੀ ਨਵੀਂ ਇਮਾਰਤ ਵਿੱਚ ਦਾਸ ਨੂੰ ਰਿਹਾਇਸ਼ ਲਈ ਇੱਕ ਅੱਵਲ ਦਰਜੇ ਦੀ ਕੋਠੀ ਮਿਲ ਗਈ। ਏਸ ਸਮੇਂ ਭੁਝੰਗੀ ਕੇਵਲ ਸਿੰਘ ਅਤੇ ਮੁਕੰਦ ਸਿੰਘ ਗੁਜਰਾਂਵਾਲੇ ਤੋਂ ਇੱਕ ਸੁੰਦਰ ਪੰਚ ਕਲਿਆਨ ਘੋੜੀ (ਜੋ ਰਾਣੀ ਲਛਮਣ ਕੌਰ ਨੇ ਅਰਦਾਸ ਕਰਾਈ ਸੀ) ਲੈ ਕੇ ਆ ਗਏ।

ਬਨਾਰਸ ਟਿੱਕ ਜਾਣ ਦੇ ਮਗਰੋਂ ਸੰਤ ਜੀ ਮਹਾਰਾਜ ਦਾ ਜੋ ਹੁਕਮ ਅਕਾਲ ਕਾਲਜ ਲਈ ਗਾਡਰ ਭੇਜਣ ਦਾ ਸੀ, ਓਸ ਦੇ ਪੂਰਾ ਕਰਨ ਲਈ ਚਿੱਤ ਵਿੱਚ ਇਹ ਸਲਾਹ ਬਣੀ ਕਿ ਹਰ ਸ਼ਨਿਚਰਵਾਰ ਸ਼ਾਮ ਦੀ ਗੱਡੀ ਚੜ੍ਹ ਕੇ ਐਤਵਾਰ ਸਵੇਰੇ ਕਲਕੱਤੇ ਅੱਪੜਿਆ ਜਾਏ ਅਤੇ ਓਥੋਂ ਖ਼ਾਲਸਾ ਜੀ ਪਾਸੋਂ ਉਗਰਾਹੀ ਕਰਕੇ ਗਾਡਰ ਅਤੇ ਲੋਹੇ ਦਾ ਸਾਰਾ ਸਮਾਨ ਭੇਜਿਆ ਜਾਵੇ। ਦੋ-ਤਿੰਨ ਵਾਰੀ ਕਲਕੱਤੇ ਜਾਣ ਮਗਰੋਂ ਸਾਢੇ ਚਾਰ ਹਜ਼ਾਰ ਦੀ ਉਗਰਾਹੀ ਹੋ ਗਈ। ਮਾਰਟਨ ਕੰਪਨੀ ਪਾਸੋਂ ਸਾਰੇ ਗਾਡਰ ਮਿਲ ਗਏ। ਬਿੱਲ ਸੱਤ ਹਜ਼ਾਰ ਤਿੰਨ ਸੌ ਤੇਤੀ ਦਮੜੇ ਦਾ ਸੀ। ਚਾਰ ਹਜ਼ਾਰ ਤਿੰਨ ਸੌ ਤੇਤੀ ਰੁਪਏ ਨਕਦ ਦਿੱਤੇ ਗਏ ਅਤੇ ਬਿਲਟੀ ਪੰਜਾਬ ਨੈਸ਼ਨਲ ਬੈਂਕ ਗੁਜਰਾਂਵਾਲਾ ਰਾਹੀਂ ਭੇਜੀ ਗਈ। ਏਥੇ ਤਿੰਨ ਹਜ਼ਾਰ ਦਮੜਾ ਤਾਰ ਕੇ ਬੈਂਕ ਕੋਲੋਂ ਬਿਲਟੀ ਲੈਣੀ ਸੀ ਅਤੇ ਏਸ ਨੂੰ ਨੀਯਤ ਤਰੀਖ਼ 'ਤੇ ਗੁਰੂਸਾਗਰ ਸਾਹਿਬ ਮਸਤੂਆਣੇ ਭਾਈ ਸੰਤ ਗੁਲਾਬ ਸਿੰਘ ਜੀ ਪਾਸ ਪਹੁੰਚਾਉਣਾ ਸੀ।

ਉੱਪਰ ਲਿਖੇ ਤਿੰਨ ਸਫ਼ਰਾਂ ਵਿੱਚੋਂ ਇੱਕ ਐਤਵਾਰ ਨਾਲ ਕੁਝ ਛੁੱਟੀਆਂ ਜ਼ਿਆਦਾ ਰਲ ਗਈਆਂ। ਸੋ, ਏਸ ਵਾਰੀ ਦਾਸ ਸਸਰਾਮ, ਚਾਚੇ ਫਗੂ ਦੇ ਗੁਰਦੁਆਰੇ ਦੇ ਦਰਸ਼ਨ ਕਰਨ ਲਈ ਉੱਤਰਿਆ। ਸਿੱਖ ਸਾਧ-ਸੰਗਤ ਵਿੱਚ ਬੜਾ ਉਤਸ਼ਾਹ ਪੈਦਾ ਹੋਇਆ। ਦੋ ਦਿਨ ਦੀਵਾਨ ਸਜਿਆ ਅਤੇ ੪● ਕੁ ਮਾਈ-ਭਾਈ ਨੇ ਅੰਮ੍ਰਿਤ ਛਕਿਆ। ਸਮਾਗਮ 'ਤੇ ਪਟਨੇ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਜਨਮ ਅਸਥਾਨ ਦੀ ਯਾਤਰਾ ਲਈ ਉੱਤਰਿਆ। ਏਥੇ ਸ: ਗੁਰਬਚਨ ਸਿੰਘ ਜੀ ਵਕੀਲ ਦੇ ਉਤਸ਼ਾਹ ਨਾਲ ਤਖ਼ਤ ਸਾਹਿਬ 'ਤੇ ਸਵੇਰ-ਸ਼ਾਮ ਦੇ ਭਾਰੀ ਦੀਵਾਨ ਸਜੇ। ਇੱਕ ਸਹਿਜਧਾਰੀ ਪ੍ਰੇਮੀ ਨੇ ਦਸ ਹਜ਼ਾਰ ਰੁਪਏ ਦਾ ਮਕਾਨ ਅਰਦਾਸ ਕਰਾਇਆ, ਜਿਸ ਵਿੱਚ ਸਾਧ-ਸੰਗਤ ਨੇ 'ਗੁਰਮੁਖੀ ਕੰਨਿਆ ਪਾਠਸ਼ਾਲਾ' ਖੋਲ੍ਹੀ। ਪਟਨੇ ਸਾਹਿਬ ਤੋਂ ਕਲਕੱਤੇ ਹੋ ਕੇ ਫੇਰ ਬਨਾਰਸ ਪੁੱਜੇ।

ਹੁਣ ਕਾਲਜ ਵਿੱਚ ਦੁਸਹਿਰੇ ਦੀਆਂ ਲੰਮੀਆਂ ਛੁੱਟੀਆਂ ਹੋ ਗਈਆਂ। ਬਿਲਟੀ ਛੁੜਾਉਣ ਦਾ ਵਕਤ ਨੇੜੇ ਆ ਗਿਆ। ਦਾਸ ਗੱਡੀ ਚੜ੍ਹ ਕੇ ਗੁਜਰਾਂਵਾਲੇ ਵੱਲ ਤੁਰ ਪਿਆ। ਰਸਤੇ ਵਿੱਚ ਦਿੱਲੀ ਉੱਤਰਨ ਪਰ ਪਤਾ ਲੱਗਾ ਕਿ ਸੰਤ ਜੀ ਮਹਾਰਾਜ ਏਥੇ ਆਏ ਹੋਏ ਹਨ ਅਤੇ ਡੇਰਾ ਸ: ਰਾਮ ਸਿੰਘ ਕਾਬਲੀ ਦੀ ਕੋਠੀ ਬਾਹਰ ਭੱਠੇ 'ਤੇ ਨਵੀਂ ਦਿੱਲੀ ਕੀਤੀ ਹੋਇਆ ਸੀ। ਇਹ ਖ਼ਬਰ ਸੁਣ ਕੇ ਦਾਸ ਸੀਸਗੰਜ ਤੋਂ ਸਿੱਧਾ ਸੰਤ ਜੀ ਮਹਾਰਾਜ ਦੇ ਚਰਨਾਂ ਵਿੱਚ ਪੁੱਜਾ ਅਤੇ ਪੂਰਬ ਦੀ ਸਾਰੀ ਸੇਵਾ ਦੀ ਵਿੱਥਿਆ ਆਖ ਸੁਣਾਈ।

## ਅਕਾਲ ਕਾਲਜ ਲਈ ਮਹਾਰਾਜਾ ਨਾਭਾ ਨਾਲ ਵਿਚਾਰ

ਦਾਸ ਦੋ ਚਾਰ ਘੰਟੇ ਹੀ ਦਿੱਲੀ ਠਹਿਰਿਆ; ਦਰਸ਼ਨ ਕਰ, ਆਗਿਆ ਲੈ ਗੁਰੂਸਾਗਰ ਸਾਹਿਬ ਬਿਲਟੀ ਪੁਚਾਣ ਲਈ ਟੁਰ ਪਿਆ। ਪਹਿਲਾਂ ਗੁਜਰਾਂਵਾਲੇ ਜਾ ਕੇ ਕੁਟੀਆ ਦੇ ਸਹਾਰੇ ਪੰਜਾਬ ਨੈਸ਼ਨਲ ਬੈਂਕ ਤੋਂ ਤਿੰਨ ਹਜ਼ਾਰ ਕਰਜ਼ਾ ਲਿਆ। ਬਿਲਟੀ ਛੁੜਾ, ਸਿੱਧਾ ਗੁਰੂਸਾਗਰ ਸਾਹਿਬ ਮਸਤੂਆਣੇ ਪੁੱਜਾ ਅਤੇ ਨੀਯਤ ਤਾਰੀਖ ਤੋਂ ਦੋ ਦਿਨ ਪਹਿਲਾਂ ਇਹ ਸੰਤ ਗੁਲਾਬ ਸਿੰਘ ਜੀ ਦੇ ਹੱਥ ਜਾ ਫੜ੍ਹਾਈ। ਏਥੋਂ ਪਤਾ ਲੱਗਾ ਕਿ ਸੰਤ ਜੀ ਮਹਾਰਾਜ ਨੂੰ ਮਹਾਰਾਜਾ ਰਿਪਦੁਮਨ ਸਿੰਘ ਜੀ ਆਪਣੇ ਲੜਕੇ ਤੇ ਲੜਕੀ ਨੂੰ ਅੰਮ੍ਰਿਤ ਛਕਾਣ ਲਈ ਦਿੱਲੀ ਤੋਂ ਨਾਭੇ ਲੈ ਆਏ ਹਨ। ਅਜੇ ਕੁਝ ਛੁੱਟੀਆਂ ਬਾਕੀ ਸਨ; ਦਾਸ ਸਿੱਧਾ ਗੱਡੀ ਚੜ੍ਹ ਨਾਭੇ ਪੁੱਜ ਗਿਆ ਅਤੇ ਸੰਤ ਜੀ ਮਹਾਰਾਜ ਦੇ ਡੇਰੇ ਤੇ ਜਾ ਹਾਜ਼ਰ ਹੋਇਆ। ਅਜੇ ਨਮਸਕਾਰ ਕਰ ਕੇ ਬੈਠਾ ਹੀ ਸੀ ਕਿ ਸੰਤ ਜੀ ਮਹਾਰਾਜ ਨੇ ਫੁਰਮਾਇਆ, "ਹੁਣ ਤਾਂ ਕੁਦਰਤੀ ਸਮਾਗਮ ਬਣ ਗਿਆ ਹੈ; ਜੇ ਸਮਾਂ ਮਿਲੇ ਤਾਂ ਰਾਜੇ ਨੂੰ ਬੇਸ਼ਕ ਅਕਾਲ ਕਾਲਜ ਦੀ ਸੇਵਾ ਲਈ ਆਖ ਦੇਣਾ ਅਤੇ ਜੇ ਰਾਜਾ ਕਹੇ ਤਾਂ ਬੇਸ਼ਕ ਬਨਾਰਸ ਛੱਡ ਕੇ ਗੁਰੂਸਾਗਰ ਸਾਹਿਬ ਆ ਜਾਣਾ।" ਅੰਮ੍ਰਿਤ ਛਕਾਉਣ ਮਗਰੋਂ ਸੰਤ ਜੀ ਮਹਾਰਾਜ ਕੁਝ ਦਿਨ ਨਾਭੇ ਰਹੇ। ਹਰ ਰੋਜ਼ ਸਵੇਰ ਸ਼ਾਮ ਹੀਰਾ ਮਹਿਲ ਵਿੱਚ ਦੀਵਾਨ ਸਜਦੇ। ਮਹਾਰਾਜਾ ਰਿਪਦੁਮਣ ਸਿੰਘ ਜੀ ਦੀ ਇਹ ਚਾਲ ਸੀ ਕਿ ਦੀਵਾਨ ਦੇ ਭੋਗ ਸਮੇਂ ਉਹ ਸਾਧ ਸੰਗਤ ਨੂੰ ਵਿਦਾ ਕਰਨ ਲਈ ਬਾਹਰ ਪੌੜੀਆਂ ਤੇ ਖਲੋਂਦੇ ਅਤੇ ਬੜੇ ਆਦਰ ਤੇ ਨਿਮਰਤਾ ਦੇ ਬਚਨ ਪ੍ਰੇਮੀਆਂ ਨਾਲ ਕਰਦੇ। ਕਰਤਾਰ ਦੀ ਨੇਤ ਜਦ ਪਹਿਲੇ ਦਿਨ ਹੀ ਸ਼ਾਮ ਦੇ ਦੀਵਾਨ ਮਗਰੋਂ ਦਾਸ ਬਾਹਰ ਨਿਕਲਿਆ ਤਦ ਮਹਾਰਾਜ ਰਿਪਦੁਮਣ ਸਿੰਘ ਜੀ ਨੇ ਪੌੜੀਆਂ ਤੇ ਖਲੋਤੇ, ਦਾਸ ਨੂੰ ਆਖਿਆ ਕਿ ਹੁਣ ਤਾਂ ਤੁਸੀ ਬੜੇ ਦੂਰ ਚਲੇ ਗਏ ਹੋ। ਹੱਸ ਕੇ ਦਾਸ ਨੇ ਉੱਤਰ ਦਿੱਤਾ ਕੀ ਤੁਸੀ ਨੇੜੇ ਲੈ ਆਉ। ਮਹਾਰਾਜਾ ਸਾਹਿਬ ਨੇ ਇਹ ਇਸ਼ਾਰਾ ਸਮਝ ਲਿਆ ਅਤੇ ਆਖਿਆ ਕਿ ਕਲ ਸ਼ਾਮ ਨੂੰ ਇਹ ਗੁਰਮਤਾ ਕਰਾਂਗੇ; ਤੁਸੀਂ ਮੇਰੇ ਪਾਸ ਨਹੀਂ ਆਉਣਾ, ਮੈਂ ਖੁਦ ਹਾਜ਼ਰ ਹੋਵਾਂਗਾ; ਭਾਈ ਅਰਜਨ ਸਿੰਘ ਜੀ ਬਾਗੜੀਆਂ ਦੇ ਡੇਰੇ ਤੇ ਬੈਠ ਕੇ, ਰਲ ਮਿਲ ਕੇ ਇਹ ਗੁਰਮਤਾ ਕੀਤਾ ਜਾਏਗਾ।

ਦੂਜੇ ਦਿਨ ਸ਼ਾਮ ਦੇ ਦੀਵਾਨ ਲੱਗਣ ਤੋਂ ਪਹਿਲਾਂ ਭਾਈ ਸਾਹਿਬ ਬਾਗੜੀਆਂ ਦੇ ਡੇਰੇ ਤੇ ਕੁਝ ਖਾਸ ਸੱਜਣਾਂ ਦੀ ਇਕੱਤ੍ਰਤਾ ਹੋਈ। ਦਾਸ ਵੀ ਓਥੇ ਹਾਜ਼ਰ ਸੀ। ਗੱਲ ਬਾਤ ਛੇੜਨ ਤੋਂ ਪਹਿਲਾਂ ਮਹਾਰਾਜਾ ਸਾਹਿਬ ਨੇ ਆਖਿਆ ਕਿ ਅਕਾਲ ਕਾਲਜ ਦਾ ਗੁਰਮਤਾ ਤਾਂ ਹੀ ਸਿਰੇ ਚੜ੍ਹ ਸਕਦਾ ਹੈ ਜੇ ਤੁਸੀ ਹਿੰਦੂ ਯੂਨੀਵਰਸਿਟੀ ਨੂੰ ਛੱਡ ਕੇ ਏਸ ਆਸ਼ਰਾਮ ਦੀ ਸੇਵਾ ਵਿੱਚ ਆ ਜਾਵੋ। ਸੰਤ ਜੀ ਮਹਾਰਾਜ ਦਾ ਹੁਕਮ ਹੋ ਹੀ ਚੁੱਕਾ ਸੀ; ਦਾਸ ਨੇ ਓਸੇ ਵੇਲੇ ਆਖਿਆ, 'ਸਤਿ ਬਚਨ।' ਹੁਣ ਸਭ ਨੇ ਆਪਣੀ ਆਪਣੀ ਵਿਚਾਰ ਪੇਸ਼ ਕੀਤੀ। ਭਾਈ ਸਾਹਿਬ ਬਾਗੜੀਆ ਅਤੇ ਸਰਦਾਰ ਸਰਦੂਲ ਸਿੰਘ ਕਵੀਸ਼ਰ ਨੇ ਬੜੇ ਜ਼ੋਰ ਨਾਲ ਕਾਲਜ ਦੇ ਸ਼ੁਰੂ ਕਰਨ ਦੀ ਹਾਮੀ ਭਰੀ ਤੇ ਆਖਰ ਇਹ ਫੈਸਲਾ ਹੋਇਆ ਕਿ ਅਗਲੀ ਵੈਸਾਖੀ (੧੯੨●) ਨੂੰ ਇਹ ਕਾਰਜ ਆਰੰਭ ਕੀਤਾ ਜਾਏ। ਸਾਰੀ ਗੱਲ ਬਾਤ ਸ਼ਾਮ ਦੇ ਦੀਵਾਨ ਮਗਰੋਂ ਸੰਤ ਜੀ ਮਹਾਰਾਜ ਦੇ ਚਰਨਾਂ ਵਿੱਚ ਪੇਸ਼ ਕੀਤੀ ਗਈ। ਦੂਜੇ ਦਿਨ ਸਵੇਰੇ ਆਗਿਆ ਲੈ, ਦਾਸ ਤਾਂ ਬਨਾਰਸ ਵੱਲ ਟੁਰ ਪਿਆ ਤੇ ਸੰਤ ਜੀ ਮਹਾਰਾਜ ਗੁਰੂਸਾਗਰ ਸਾਹਿਬ ਮਸਤੂਆਣੇ ਆ ਗਏ। ਏਥੇ ਬੈਠ ਕੇ ਅਕਾਲ ਕਾਲਜ ਦੇ ਸਾਰੇ ਕਮਰਿਆਂ ਦੀ ਛੱਤ ਪਵਾਈ। ਕਮਰਿਆਂ ਦੇ ਪਿੱਛੋਂ ਕਾਲਜ ਦੇ ਹਾਲ ਦਾ ਕੰਮ ਸ਼ੁਰੂ ਹੋਇਆ ਜਿਸ ਉਤੇ ੪● ਫੁਟੇ ਗਾਰਡਰ ਚੜ੍ਹਦੇ ਸਨ। ਮਹਾਰਾਜ ਜੀ ਨੇ ਦਾਸ ਨੂੰ ਬਨਾਰਸ ਹੁਕਮ ਕਰ ਭੇਜਿਆ ਕਿ ਇਹ ਗਾਡਰ ਛੇਤੀ ਹੀ ਸੰਗਰੂਰ ਪੁਚਾ ਦਿਓ। ਏਸ ਸਮੇਂ ਕੁਦਰਤੀ ਐਤਵਾਰ ਨਾਲ ਦੋ ਕੁ ਛੁੱਟੀਆਂ ਹੋਰ ਰਲ ਗਈਆਂ। ਦਾਸ ਗੱਡੀ ਚੜ੍ਹ ਕਲਕੱਤੇ ਪੁੱਜਿਆ। ਬੜੀ ਸੰਗਤ ਸੂਤਾ ਪੱਟੀ, ਹੈਰੀਸਨ ਰੋਡ ਸਵੇਰੇ ਸ਼ਾਮ ਦੀਵਾਨ ਸਜਦੇ; ਸਿੱਖ ਸੰਗਤ

ਹੁੰਮ-ਹੁਮਾ ਕੇ ਆਉਂਦੀ। ਇਹਨਾਂ ਦਿਨਾਂ ਵਿੱਚ ਗੁਰਦੁਆਰੇ ਸਾਹਿਬ ਟਰੱਸਟੀਆਂ ਤੇ ਸੰਗਤਾਂ ਵਿਚ ਝਗੜਾ ਬਹੁਤ ਵਧਿਆ ਹੋਇਆ ਸੀ। ਮੁਕੱਦਮੇਬਾਜ਼ੀ ਤਕ ਨੌਬਤ ਪਹੁੰਚੀ ਹੋਈ ਸੀ। ਦੋਹਾਂ ਪਾਸਿਆਂ ਨੂੰ ਸਮਝਾਣ ਪਰ ਸਤਿਗੁਰੂ ਦੀ ਕ੍ਰਿਪਾ ਦੁਆਰਾ ਸਮਝੌਤਾ ਹੋ ਗਿਆ ਤੇ ਸਾਧ ਸੰਗਤ ਵਿੱਚ ਬੜੇ ਉਤਸ਼ਾਹ ਦੀ ਲਹਿਰ ਚਲ ਪਈ। ਸ਼ਹਿਰ ਦੇ ਵੱਡੇ ਹਾਲ ਵਿੱਚ ਇਕ ਸਾਰੀ ਜਨਤਾ ਲਈ ਲੈਕਚਰ ਰੱਖਿਆ ਗਿਆ। ਹਿੰਦੂ, ਮੁਸਲਮਾਨ, ਸਿੱਖ, ਦਸ ਕੁ ਹਜ਼ਾਰ ਦੀ ਗਿਣਤੀ ਵਿਚ ਇਕੱਠੇ ਹੋਏ। ਜਦ ਛੁੱਟੀ ਦਾ ਇਕ ਦਿਨ ਬਾਕੀ ਰਹਿ ਗਿਆ ਤਦ ਇਕ ਪ੍ਰੇਮੀ ਦੀ ਮੋਟਰ ਵਿੱਚ ਬੈਠ ਸਰਦਾਰ ਲਛਮਣ ਸਿੰਘ ਕੋਇਲੇ ਵਾਲੇ ਨੂੰ ਨਾਲ ਲੈ ਸ਼ਹਿਰ ਵਿੱਚ ਉਗਰਾਹੀ ਕੀਤੀ। ਚਾਲੀ ਫੁਟੇ ਛੇ ਗਾਰਡਰਾਂ ਦੀ ਕੀਮਤ ੩੬●●) ਦਮੜਾ ਤਿੰਨ ਚਾਰ ਘੰਟੇ ਵਿਚ ਹੀ ਉਘਰ ਗਿਆ। ਸਿੱਖ, ਸਹਿਜਧਾਰੀ ਅਤੇ ਮਾਰਵਾੜੀ ਪ੍ਰੇਮੀਆਂ ਨੇ ਬੜੇ ਉਤਸ਼ਾਹ ਨਾਲ ਆਪਣੇ ਹਿੱਸੇ ਰਲਾਏ। ਓਸੇ ਦਿਨ ਮਾਰਟਨ ਐਂਡ ਕੰਪਨੀ ਦੇ ਗਾਡਰਾਂ ਦੀ ਬਿਲਟੀ ਕਰਾ ਦਿੱਤੀ। ਇਹਨਾਂ ਵਿਚੋਂ ਤਿੰਨ ਗਾਡਰ ਅਕਾਲ ਕਾਲਜ ਦੇ ਹਾਲ ਵਿੱਚ ਅਤੇ ਤਿੰਨ ਦਮਦਮਾ ਸਹਿਬ ਗੁਰੂ ਕਾਂਸ਼ੀ ਦੇ ਦੀਵਾਨ ਅਸਥਾਨ ਦੀ ਸੇਵਾ ਵਿਖੇ ਲੱਗੇ। ਇੱਕ ਵਾਰੀ ਦਾਸ ਨੇ ਕਲਕੱਤੇ ਸ੍ਰ: ਲਛਮਣ ਸਿੰਘ ਜੀ ਕੋਇਲੇ ਵਾਲੇ ਦੇ ਘਰ ਡੇਰਾ ਕੀਤਾ। ਇਹਨਾਂ ਦੇ ਪਿਤਾ ਆਰੀਆ ਸਮਾਜੀ ਸਨ। ਭਾਵੇਂ ਇਹਨਾਂ ਦੀ ਮਾਤਾ ਚੰਗੇ ਸਿੱਖ ਖਾਨਦਾਨ ਵਿੱਚੋਂ ਸਨ, ਪਰ ਪਿਤਾ ਦੀ ਸੰਗਤ ਦਾ ਅਸਰ ਪ੍ਰਬਲ ਹੋ ਗਿਆ ਤੇ ਇਨ੍ਹਾਂ ਨੇ ਕੇਸ ਕਤਲ ਕਰਵਾ ਦਿੱਤੇ। ਕਈ ਪ੍ਰੇਮੀ ਦਾਸ ਨੂੰ ਕਹਿਣ ਲੱਗੇ ਕਿ ਪਤਿਤ ਦੇ ਘਰ ਠਹਿਰਣਾ ਠੀਕ ਨਹੀਂ। ਦਾਸ ਨੇ ਬੇਨਤੀ ਕੀਤੀ, "ਭਾਈ, ਪ੍ਰੇਮ ਕੀਤੇ ਬਗੈਰ ਕੋਈ ਸੁਧਰ ਨਹੀਂ ਸਕਦਾ।" ਕਰਤਾਰ ਦੀ ਨੇਤ, ਦੋ ਤਿੰਨ ਵਾਰੀ ਕਹਿਣ ਦੇ ਮਗਰੋਂ ਸਾਰੇ ਪ੍ਰਵਾਨ ਨੇ ਅੰਮ੍ਰਿਤ ਛਕ ਲਿਆ।

ਨਾਭੇ ਵਿਖੇ ਜੋ ਅਕਾਲ ਕਾਲਜ ਸਬੰਧੀ ਗੁਰਮਤਾ ਹੋਇਆ ਸੀ, ਓਸ ਵਿੱਚ ਇਹ ਵੀ ਫੈਸਲਾ ਹੋਇਆ ਸੀ ਕਿ ਦਾਸ ਸ: ਸਰਦੂਲ ਸਿੰਘ ਕਵੀਸ਼ਰ ਨਾਲ ਮਿਲ ਕੇ ਅਕਾਲ ਟਕਸਾਲ, ਅਕਾਲ ਕਾਲਜ ਗੁਰੂਸਾਗਰ ਸਾਹਿਬ ਮਸਤੂਆਣੇ ਦੇ ਨਿਯਮਾਂ ਦਾ ਖਰੜਾ ਤਿਆਰ ਕਰੇ। ਕੁਦਰਤੀ ਇਹਨਾਂ ਦਿਨਾਂ ਵਿੱਚ ਅੰਮ੍ਰਿਤਸਰ ਸਾਹਿਬ ਕਾਂਗਰਸ ਦੇ 29 ਵੇਂ ਸਮਾਗਮ ਸਮੇਂ ਪਹਿਲੀ ਸਿੱਖ ਲੀਗ ਨੀਯਤ ਕੀਤੀ ਗਈ ਸੀ। ਏਸ ਦੇ ਨਿਯਮਾਂ ਤੇ ਵੀ ਨਾਲ ਮਿਲ ਕੇ ਵੀਚਾਰ ਕੀਤੀ ਤੇ ਪ੍ਰੇਮੀਆਂ ਨੇ ਦਾਸ ਨੂੰ ਓਥੇ ਪੁੱਜਣ ਦਾ ਹੁਕਮ ਦਿੱਤਾ। ਲਾਹੌਰ ਤੋਂ ਇੱਕ ਦਿਨ ਲਈ ਦਾਸ ਗੁਜਰਾਂਵਾਲੇ ਗਿਆ। ਦੂਜੇ ਦਿਨ ਸਵੇਰੇ ਅੰਮ੍ਰਿਤਸਰ ਸਾਹਿਬ ਪੁੱਜਣ ਦੀ ਚਿਤ ਵਿੱਚ ਬੜੀ ਤੀਬਰ ਖਿੱਚ ਹੋਈ ਪਰ ਜਦ ਦਾਸ ਸਟੇਸ਼ਨ ਤੇ ਗਿਆ, ਸਾਰੀਆਂ ਸਵੇਰ ਦੀਆਂ ਗੱਡੀਆਂ ਨਿਕਲ ਚੁੱਕੀਆਂ ਸਨ। ਇਕ ਮਾਲ ਗੱਡੀ ਖੜੀ ਸੀ। ਝਟ ਸਟੇਸ਼ਨ ਮਾਸਟਰ ਨੂੰ ਪੁੱਛ, ਫਸਟ ਕਲਾਸ (ਪਹਿਲੇ ਦਰਜੇ) ਦਾ ਕਿਰਾਇਆ ਭਰ ਲਾਹੌਰ ਪੁੱਜਾ। ਏਥੇ ਨੰ: ੧ ਪਲੇਟ ਫਾਰਮ ਤੇ ਕਾਂਗਰਸ ਦੇ ਪ੍ਰੈਜ਼ੀਡੈਂਟ ਪੰਡਤ ਮੋਤੀ ਲਾਲ ਨਹਿਰੂ ਦੀ ਸਪੈਸ਼ਨ ਗੱਡੀ ਤਿਆਰ ਖੜੀ ਸੀ। ਕੁਦਰਤੀ ਪਲੇਟ ਫਾਰਮ ਤੇ ਲਾਲਾ ਨਿਰੰਜਨ ਪ੍ਰਸ਼ਾਦ ਵਕੀਲ ਮਿਲ ਗਏ ਅਤੇ ਦਾਸ ਨੂੰ ਪ੍ਰੈਜ਼ੀਡੈਂਟ ਦੇ ਖਾਨੇ ਵਿੱਚ ਲੈ ਗਏ। ਥੋੜ੍ਹੇ ਮਿੰਟਾਂ ਮਗਰੋਂ ਗੱਡੀ ਤੁਰ ਪਈ ਅਤੇ ਘੰਟੇ ਕੁ ਵਿੱਚ ਅੰਮ੍ਰਿਤਸਰ ਪੁੱਜ ਗਈ। ਸਟੇਸ਼ਨ ਤੇ ਮਹਾਤਮਾ ਗਾਂਧੀ, ਹਕੀਮ ਅਜਮਲ ਖਾਂ, ਪੰਡਤ ਮਾਲਵੀ ਜੀ, ਸਵਾਮੀ ਸ਼ਰਧਾ ਨੰਦ ਅਤੇ ਹੋਰ ਮੁਖੀ ਸੱਜਣ ਪ੍ਰੈਜ਼ੀਡੈਂਟ ਦੇ ਸਵਾਗਤ ਅਤੇ ਜਲੂਸ ਲਈ ਆਏ ਹੋਏ ਸਨ। ਪ੍ਰੈਜ਼ੀਡੈਂਟ ਸਾਹਿਬ ਦੇ ਸਾਥੀ ਅਤੇ ਇਹ ਸਾਰੇ ਫਸਟ ਕਲਾਸ ਦੇ ਵੇਟਿੰਗ ਰੂਮ ਵਿੱਚ ਬੈਠ ਗਏ ਅਤੇ ਜਲੂਸ ਦੀ ਵਿਚਾਰ ਕੀਤੀ। ਏਸ ਸਮੇਂ ਦਾਸ ਨੇ ਬੇਨਤੀ ਕੀਤੀ ਕਿ ਬੜੀ ਸੋਹਣੀ ਗੱਲ ਹੋਵੇ ਜੇ ਕਾਂਗਰਸ ਦੇ ਪ੍ਰਧਾਨ ਪੰਡਤ ਮੋਤੀ ਲਾਲ ਜੀ ਨਹਿਰੂ ਅਤੇ ਮੁਸਲਿਮ ਲੀਗ ਦੇ ਸਭਾਪਤੀ ਹਕੀਮ ਅਜਮਲ ਖਾਂ, ਘੰਟਾ ਘਰ ਤੋਂ ਉਤਰ ਕੇ ਹਰੀਮੰਦਰ ਸਾਹਿਬ ਅਤੇ ਅਕਾਲ ਤਖਤ ਸਾਹਿਬ ਦੀ ਹਾਜ਼ਰੀ ਭਰ ਕੇ ਸਤਿਗੁਰੂ ਦੀ ਖੁਸ਼ੀ ਲੈ ਆਉਣ। ਪਹਿਲਾਂ ਤੇ ਗਾਂਧੀ ਜੀ ਅਤੇ ਹੋਰ ਪ੍ਰੇਮੀਆਂ ਨੇ

ਆਖਿਆ ਕਿ ਐਡੇ ਵੱਡੇ ਜਲੂਸ ਨੂੰ ਰੋਕਣਾ ਬੜਾ ਮੁਸ਼ਕਲ ਹੋਵੇਗਾ ਪਰ ਫੇਰ ਸੁਤੇ ਸਹਿਜ ਗਾਂਧੀ ਜੀ ਬੋਲ ਪਏ, "ਸੰਤ ਜੀ, ਆਪ ਮੋਟਰ ਮੇਂ ਬੈਠ ਪ੍ਰਧਾਨ ਜੀ ਕੀ ਸਵਾਰੀ ਕੇ ਸਾਥ ਹੋ ਜਾਓ। ਮੈਂ ਪੀਛੇ ਸੇ ਜਲੂਸ ਕੋ ਰੋਕੂੰਗਾ ਔਰ ਸਵਾਮੀ ਸ਼ਰਧਾ ਨੰਦ ਜੀ, ਮੋਤੀ ਲਾਲ ਜੀ ਔਰ ਹਕੀਮ ਸਾਹਿਬ ਕੋ ਆਪ ਕੇ ਸਾਥ ਸ੍ਰੀ ਦਰਬਾਰ ਸਾਹਿਬ ਕੋ ਲੇ ਜਾਏਗੇ।" ਏਸ ਵਿਚਾਰ ਦੇ ਮਗਰੋਂ ਜਲੂਸ ਦੇ ਤੁਰਨ ਦੀ ਤਿਆਰੀ ਹੋ ਗਈ। ਭੀੜ ਏਨੀ ਸੀ ਕਿ ਧੱਕੇ ਤੇ ਧੱਕਾ ਪੈ ਰਿਹਾ ਸੀ। ਦਾਸ ਬੜੀ ਮੁਸ਼ਕਲ ਨਾਲ ਆਪਣੇ ਸਾਥੀ ਅਬਾਸ ਤਿਆਬ ਜੀ ਨੂੰ ਲੈ ਕੇ ਆਪਣੀ ਮੋਟਰ ਵਿਚ ਚੜ੍ਹਿਆ। ਗਰੀਬ ਤਿਆਬ ਜੀ, ਮੋਟਰ ਦੇ ਨੇੜੇ ਧੱਕਿਆਂ ਨਾਲ ਅਧਮੋਇਆ ਹੋ ਗਿਆ। ਬਾਂਹੋ ਫੜ ਸਾਰੇ ਜ਼ੋਰ ਨਾਲ ਖਿੱਚ ਕੇ ਇਹਨੂੰ ਮਸਾਂ ਮੋਟਰ ਵਿਚ ਬਿਠਾਇਆ। ਵਿਚਾਰੇ ਦਾ ਦਸਾਂ ਕੁ ਮਿੰਟਾਂ ਮਗਰੋਂ ਸਾਹ ਥਾਂ ਸਿਰ ਆਇਆ।

ਜਦ ਸਾਰੇ ਥਾਉਂ-ਥਾਈਂ ਆਪਣੀਆਂ-ਆਪਣੀਆਂ ਸਵਾਰੀਆਂ ਵਿੱਚ ਬੈਠ ਗਏ ਤਾਂ ਜਲੂਸ ਸਟੇਸ਼ਨ ਤੋਂ ਟੁਰ ਪਿਆ। ਹਾਲ ਬਾਜ਼ਾਰ ਤੋਂ ਹੁੰਦਾ ਹੋਇਆ ਸਾਰਾਗੜ੍ਹੀ ਦੇ ਮੈਮੋਰੀਅਲ ਪਾਸੋਂ ਬਾਗ ਅਤੇ ਬਾਜ਼ਾਰ ਵਿੱਚੋ ਲੰਘ ਕੇ ਘੰਟਾ ਘਰ ਪੁੱਜਿਆ। ਜਲ੍ਹਿਆ ਵਾਲੇ ਬਾਗ ਦੀ ਖੇਡ ਵਰਤ ਚੁੱਕੀ ਸੀ। ਆਮ ਜਨਤਾ ਵਿੱਚ ਬੜੇ ਜੋਸ਼ ਦੀ ਲਹਿਰ ਚੱਲੀ ਹੋਈ ਸੀ। ਬਾਜ਼ਾਰਾਂ ਵਿੱਚ ਆਲੇ ਦੁਆਲੇ ਦੇ ਕੋਠਿਆਂ ਤੇ ਲੱਖਾਂ ਹੀ ਪ੍ਰੇਮੀ ਆਪਣੇ ਆਪਣੇ ਜੈਕਾਰੇ ਬੁਲਾਂਦੇ ਜਲੂਸ ਦੇ ਦਰਸ਼ਨ ਕਰ ਰਹੇ ਸਨ। ਕਿਤੇ ਤਿਲ ਸੁੱਟਣ ਨੂੰ ਥਾਂ ਨਹੀਂ ਸੀ।

ਜਦ ਦੋਹਾਂ ਪ੍ਰੈਜ਼ੀਡੈਂਟਾਂ ਦੀ ਸਵਾਰੀ ਘੰਟਾ ਘਰ ਦੇ ਨੇੜੇ ਪੁੱਜੀ, ਤਦ ਦਾਸ ਨੇ ਤਿੰਨ ਚਾਰ ਵਾਰੀ ਸਵਾਮੀ ਸ਼ਰਧਾ ਨੰਦ ਵੱਲ ਖਲੋ ਜਾਣ ਲਈ ਸੁਨੇਹਾ ਭੇਜਿਆ ਪਰ ਉਹ ਆਪਣੇ ਖਿਆਲਾਂ ਵਿੱਚ ਮਸਤ ਅੱਗੇ ਹੀ ਤੁਰਿਆ ਗਿਆ। ਹਰਿਮੰਦਰ ਸਾਹਿਬ ਜਾਣ ਦੀ ਵਿਚਾਰ ਏਸ ਦਿਨ ਸਿਰੇ ਨਾ ਚੜ੍ਹੀ। ਏਥੇ ਇਹ ਜ਼ਿਕਰ ਕਰਨਾ ਜ਼ਰੂਰੀ ਹੈ ਕਿ ਅਬਾਸ ਤਿਆਬ ਜੀ ਜਿਉਂ ਜਿਉਂ ਜਲੂਸ ਨੂੰ ਵੇਖੇ, ਤਿਉਂ ਤਿਉਂ ਮੋਹਿਤ ਹੁੰਦਾ ਜਾਵੇ ਤੇ ਆਖੇ, "ਇਹ ਸਭ ਗੁਰੂ ਜੀ ਦੀ ਕ੍ਰਿਪਾ ਹੈ। ਮੈਂ ਇਹੋ ਜਿਹਾ ਉਤਸ਼ਾਹ ਅਤੇ ਪ੍ਰੇਮ ਭਰਿਆ ਜਲੂਸ ਸਾਰੀ ਉਮਰ ਨਹੀਂ ਦੇਖਿਆ।"

ਮਾਈ ਸੇਵਾ, ਗੁਰੂ ਬਾਜ਼ਾਰ ਅਤੇ ਹੋਰ ਬਾਜ਼ਾਰਾਂ ਵਿੱਚੋਂ ਹੁੰਦਾ ਹੋਇਆ ਜਲੂਸ ਸ਼ਾਮ ਦੇ ਵੇਲੇ ਖਤਮ ਹੋਇਆ ਅਤੇ ਸਭ ਨੇ ਆਪਣੇ ਆਪਣੇ ਡੇਰਿਆਂ ਤੇ ਜਾ ਆਸਣ ਕੀਤਾ। ਦਾਸ ਪੰਡਤ ਮਾਲਵੀਆ ਜੀ ਦੇ ਨਾਲ ਰੇਲ ਘਰ ਦੇ ਪਾਸ ਇਕ ਸਨਾਤਨ ਨਿਵਾਸ ਅਸਥਾਨ ਵਿੱਚ ਚਲਾ ਗਿਆ। ਦੂਜੇ ਦਿਨ ਕਾਂਗਰਸ ਅਤੇ ਮੁਸਲਿਮ ਲੀਗ ਦਾ ਸੈਸ਼ਨ ੧੦ ਵਜੇ ਸ਼ੁਰੂ ਹੋਣਾ ਸੀ। ਨੌਂ ਕੁ ਵਜੇ ਮਹਾਤਮਾ ਗਾਂਧੀ ਪੰਡਤ ਜੀ ਪਾਸ ਆਏ ਅਤੇ ਅਸੀਂ ਸਾਰੇ ਮੋਟਰ ਵਿੱਚ ਬੈਠ ਕੇ ਕਾਂਗਰਸ ਦੇ ਪੰਡਾਲ ਵੱਲ ਤੁਰ ਪਏ। ਮੋਟਰ ਚੜ੍ਹਦਿਆਂ ਹੀ ਗਾਂਧੀ ਜੀ ਨੇ ਆਖਿਆ, "ਮੈਨੇ ਤੋ ਅਪਨੇ ਇਕਰਾਰ ਮੁਤਾਬਿਕ ਜਲੂਸ ਕੋ ਰੋਕ ਰੱਖਾ ਥਾ, ਆਪ ਪੰਡਤ ਜੀ ਔਰ ਹਕੀਮ ਜੀ ਕੋ ਹਰਿਮੰਦਰ ਸਾਹਿਬ ਕਿਉ ਨਾ ਲੇ ਗਏ?" ਦਾਸ ਨੇ ਉੱਤਰ ਦਿੱਤਾ ਕਿ ਸਵਾਮੀ ਸ਼ਰਧਾ ਨੰਦ ਵਲ ਕਈ ਸੁਨੇਹੇ ਭੇਜੇ, ਪਰ ਉਹਨਾਂ ਪ੍ਰਧਾਨ ਦੀ ਸਵਾਰੀ ਖੜ੍ਹੀ ਨਾ ਕੀਤੀ ਅਤੇ ਅੱਗੇ ਹੀ ਅੱਗੇ ਤੁਰੇ ਗਏ। ਅਜੇ ਇਹ ਗੱਲ ਕਰ ਰਹੇ ਸਾਂ ਕਿ ਸਾਹਮਣੇ ਤੋਂ ਹਕੀਮ ਅਜਮਲ ਖਾਂ ਦੀ ਮੋਟਰ ਆ ਨਿਕਲੀ, ਦੋਵੇ ਮੋਟਰਾਂ ਖੜ੍ਹੀਆਂ ਹੋ ਗਈਆਂ। ਪੁੱਛਣ ਤੋਂ ਪਤਾ ਲਗਾ ਕਿ ਹਕੀਮ ਸਾਹਿਬ ਪੰਡਾਲ ਦਾ ਰਾਹ ਭੁੱਲ ਗਏ ਹਨ। ਕਰਤਾਰ ਦੀ ਨੇਤ, ਪੰਡਤ ਮੋਤੀ ਲਾਲ ਨਹਿਰੂ ਵੀ ਮੋਟਰ ਤੇ ਸਵਾਰ ਏਥੇ ਹੀ ਆ ਪੁੱਜੇ। ਇਹ ਕੁਦਰਤੀ ਇਕੱਠ ਦੇਖ ਕੇ ਦਾਸ ਨੇ ਮਹਾਤਮਾ ਜੀ ਨੂੰ ਆਖਿਆ ਕਿ ਹੁਣ ਸਮਾਂ ਹੈ, ਦੋਹਾਂ ਪ੍ਰਧਾਨਾਂ ਨੂੰ ਹਰਿਮੰਦਰ ਸਾਹਿਬ ਵਿੱਚ ਨਮਸਕਾਰ ਕਰਵਾ ਕੇ ਫੇਰ ਸੈਸ਼ਨ ਸ਼ੁਰੂ ਕੀਤੇ ਜਾਵਣ। ਪੰਡਤ ਜੀ ਆਖਣ ਲਗੇ ਕਿ ਦੇਰੀ ਹੋ ਜਾਏਗੀ, ਪਰ ਮਹਾਤਮਾ ਜੀ ਨੇ ਓਸੇ ਵੇਲੇ ਆਖਿਆ, "ਨਹੀਂ ਪੰਡਤ ਜੀ ਸੰਤ ਜੀ ਠੀਕ ਕਹਿਤੇ ਹੈਂ। ਸੰਤ ਜੀ! ਆਪ ਮੋਤੀ ਲਾਲ

ਜੀ ਔਰ ਹਕੀਮ ਸਾਹਿਬ ਕੋ ਸਾਥ ਲੇ ਜਾਈਏ। ਮੈਂ ਜਾਕਰ ਪੰਡਾਲ ਮੇਂ ਸੰਗਤ ਕਾ ਧਿਆਨ ਰੱਖੂੰਗਾ।" ਉਸੇ ਵੇਲੇ ਪੰਡਤ ਜੀ ਹਕੀਮ ਸਾਹਿਬ ਤੇ ਦਾਸ, ਮੋਤੀ ਲਾਲ ਜੀ ਦੀ ਮੋਟਰ ਵਿੱਚ ਬੈਠ ਗਏ ਅਤੇ ਗਾਂਧੀ ਜੀ ਬਾਕੀ ਸਾਥੀਆਂ ਨੂੰ ਨਾਲ ਲੈ ਕੇ ਕਾਂਗਰਸ ਦੇ ਪੰਡਾਲ ਵੱਲ ਚਲੇ ਗਏ। ਘੰਟਾ ਘਰ ਪੁੱਜਦਿਆਂ ਹੀ ਫੁੱਲ ਪਤਾਸੇ ਲੈ ਕੇ ਸਾਰੇ ਹਰਿਮੰਦਰ ਸਾਹਿਬ ਪੁੱਜੇ। ਦੋਹਾਂ ਪ੍ਰਧਾਨਾਂ ਵੱਲੋਂ ਪੰਜ-ਪੰਜ ਦਮੜੇ ਸਤਿਗੁਰੂ ਦੀ ਭੇਟਾ ਕੀਤੇ ਗਏ। ਪ੍ਰਬੰਧਕਾਂ ਨੇ ਸਤਿਗੁਰੂ ਦਾ ਪ੍ਰਸ਼ਾਦ, ਕੂਜੇ (ਮਿਸ਼ਰੀ) ਤੇ ਸਿਰੋਪਾਓ, ਪ੍ਰਧਾਨਾਂ ਅਤੇ ਸਾਥੀਆਂ ਨੂੰ ਦਿੱਤੇ। ਫੇਰ ਅਕਾਲ ਤਖ਼ਤ ਸਾਹਿਬ ਦੀ ਹਾਜ਼ਰੀ 'ਤੇ ਨਜ਼ਰ ਕਰ, ਪ੍ਰਸ਼ਾਦ ਲੈ ਕੇ ਕਾਂਗਰਸ ਦੇ ਅਸਥਾਨ ਪੁੱਜ ਗਏ ਤੇ ਡਾਇਸ ਉੱਤੇ ਆਪਣੀ-ਆਪਣੀ ਥਾਂ ਆ ਬੈਠੇ।

ਹੁਣ ਸਮਾਗਮ ਦੀ ਕਾਰਵਾਈ ਸ਼ੁਰੂ ਹੋਣ ਲਗੀ। ਏਸ ਸਮੇਂ ਪੰਜਾਬ ਦੇ ਬਲਾਕ ਵਿੱਚ ਬੜਾ ਭੜਥੂ ਮੱਚ ਗਿਆ। ਪੰਡਤ ਮਾਲਵੀ ਜੀ ਨੇ ਦਾਸ ਨੂੰ ਆਖਿਆ ਕਿ ਤੁਸੀਂ ਪੰਜਾਬੀਆਂ ਦੇ ਬਲਾਕ ਵਿੱਚ ਜਾਓ ਤੇ ਦੇਖੋ ਓਥੇ ਕੀ ਗੱਲ ਹੈ। ਦਾਸ ਓਸੇ ਵੇਲੇ ਸੰਤ ਜੀ ਮਹਾਰਾਜ ਦੀ ਬਖ਼ਸ਼ੀ ਹੋਈ ਜੁਗਤੀ ਅਨੁਸਾਰ ਹੱਥ ਜੋੜ ਕੇ ਗ਼ਰੀਬੀ ਪਹਿਨ ਏਸ ਘਮਸਾਨ ਵਾਲੇ ਪਾਸੇ ਵੜ ਗਿਆ ਤੇ ਥੋੜ੍ਹੇ ਸਮੇਂ ਵਿੱਚ ਸਾਰੇ ਬਲਾਕ ਅੰਦਰ ਫਿਰ ਨਿਕਲਿਆ। ਪ੍ਰਤੀਤ ਹੋਇਆ ਕਿ ਏਸ ਬਲਾਕ ਵਿੱਚ ਕੁਝ ਪ੍ਰੇਮੀ ਐਸੇ ਘੁਸੇ ਹੋਏ ਹਨ ਜਿਹੜੇ ਕਿ ਜਾਣ ਕੇ ਰੌਲੇ ਦਾ ਕੋਈ ਕਾਰਨ ਬਣਾ ਕੇ ਕਾਂਗਰਸ ਦਾ ਸਮਾਗਮ ਤਿੱਤਰ-ਬਿੱਤਰ ਕਰਨਾ ਚਾਹੁੰਦੇ ਹਨ। ਦਾਸ ਡਾਇਸ 'ਤੇ ਮੁੜ ਆਇਆ ਅਤੇ ਪੰਡਤ ਮਾਲਵੀ ਜੀ ਨੂੰ ਸਾਰੀ ਗੱਲ ਸਮਝਾ ਦਿੱਤੀ ਤੇ ਆਖਿਆ ਕਿ ਤੁਸੀ ਘੜਿਆਲ ਵਜਾ ਸਾਰੀ ਖ਼ਲਕਤ ਨੂੰ ਉੱਚੀ ਅਵਾਜ਼ ਸੁਣਾ ਦਿਓ ਕਿ ਭਾਈ! ਸਭ ਗ਼ਰੀਬੀ ਧਾਰ ਲਓ ਅਤੇ ਭਾਵੇਂ ਕੋਈ ਛਿੱਤਰ ਜਾਂ ਚਪੇੜ ਵੀ ਮਾਰੇ ਤਦ ਵੀ ਨਾ ਬੋਲੋ, ਨਹੀਂ ਤਾਂ ਇਹ ਕਾਂਗਰਸ ਦਾ ਸਮਾਗਮ ਸਿਰੇ ਨਹੀਂ ਚੜ੍ਹ ਸਕੇਗਾ। ਰੌਲਾ ਪਾਉਣ ਵਾਲੇ ਪ੍ਰੇਮੀ ਤੁਹਾਡੇ ਵਿੱਚ ਬਹੁਤ ਸਾਰੇ ਰਲੇ ਬੈਠੇ ਹਨ। ਇਹ ਗੱਲ ਪੰਡਤ ਜੀ ਦੇ ਦਿਲ ਲੱਗੀ। ਓਸੇ ਵੇਲੇ ਘੜਿਆਲ ਵਜਾ ਕੇ ਤੇ ਮੇਜ਼ ਉੱਤੇ ਚੜ੍ਹ ਕੇ ਉੱਚੀ ਅਵਾਜ਼ ਵਿੱਚ ਸਭ ਨੂੰ ਪੱਕੀ ਕਰ ਦਿੱਤੀ। ਫੇਰ ਸਤਿਗੁਰੂ ਸੱਚੇ ਪਾਤਸ਼ਾਹ ਤੇ ਸੰਤ ਜੀ ਮਹਾਰਾਜ ਦੀ ਮਿਹਰ ਨਾਲ ਇਹ ਸਮਾਗਮ ਬਿਨਾਂ ਕਿਸੇ ਰੌਲੇ-ਗੌਲੇ ਦੇ ਸਿਰੇ ਚੜ੍ਹ ਗਿਆ।

ਦੂਜੇ ਦਿਨ ਇੱਕ ਵਜੇ ਹਾਲ ਬਜ਼ਾਰ ਦੇ ਇੱਕ ਸਿਨੇਮਾ ਘਰ ਵਿੱਚ ਸਿੱਖ ਲੀਗ ਦਾ ਪਹਿਲਾ ਸਮਾਗਮ ਹੋਇਆ। ਸਾਧ-ਸੰਗਤ ਦੇ ਪ੍ਰੇਮ ਦਾ ਬੱਧਾ ਹੋਇਆ ਦਾਸ ਵੀ ਹਾਜ਼ਰ ਹੋਇਆ। ਅਰਦਾਸ ਦੇ ਮਗਰੋਂ ਸ਼ਬਦ ਕੀਰਤਨ ਹੋਇਆ ਤੇ ਫੇਰ ਲੀਗ ਦੀ ਕਾਰਵਾਈ ਸ਼ੁਰੂ ਹੋਈ। ਥੋੜ੍ਹੇ ਚਿਰ ਮਗਰੋਂ ਮਹਾਤਮਾ ਗਾਂਧੀ ਤੇ ਪੰਡਤ ਮਾਲਵੀ ਜੀ ਵੀ ਆ ਪੁੱਜੇ ਅਤੇ ਗਾਂਧੀ ਜੀ ਨੇ ਕੁਝ ਉਪਦੇਸ਼ ਵੀ ਕੀਤਾ। ਦੋਹਾਂ ਪ੍ਰਧਾਨਾਂ ਦੀਆਂ ਸਪੀਚਾਂ ਮਗਰੋਂ ਗੁਰਮਤੇ ਪਾਸ ਹੋਏ। ੬ ਵਜੇ ਸ਼ਾਮ ਦੀ ਕਾਰਵਾਈ ਸਮਾਪਤ ਹੋਈ।

ਅੰਮ੍ਰਿਤਸਰ ਸਾਹਿਬ ਤੋਂ ਦਾਸ ਬਨਾਰਸ ਗਿਆ। ਕੁਝ ਦਿਨਾਂ ਮਗਰੋਂ ਦੇਹਰਾਦੂਨ ਤੋਂ ਸੰਤ ਜੀ ਮਹਾਰਾਜ ਦੀ ਚਿੱਠੀ ਆਈ ਕਿ ਮੈਨੂੰ ਮਹਾਰਾਜਾ ਨਾਭਾ ਨੇ ਅਕਾਲ ਕਾਲਜ ਦੇ ਗੁਰਮਤੇ ਨੂੰ ਸਿਰੇ ਚਾੜ੍ਹਨ ਲਈ ਏਥੇ ਸੱਦ ਭੇਜਿਆ ਹੈ, ਤੁਸੀਂ ਹਫ਼ਤੇ ਦੀ ਛੁੱਟੀ ਲੈ ਕੇ ਏਥੇ ਪੁੱਜ ਜਾਓ।

## ਬਨਾਰਸ ਯੂਨੀਵਰਸਿਟੀ ਛੱਡ ਅਕਾਲ ਕਾਲਜ ਦੀ ਸੇਵਾ ਕਰਨੀ

ਹੁਕਮ ਮੰਨ ਕੇ ਦਾਸ ਦੇਹਰਾਦੂਨ ਪੁੱਜ ਗਿਆ। ਸੰਤ ਜੀ ਮਹਾਰਾਜ ਨੇ ਅਕਾਲ ਟਕਸਾਲ, ਅਕਾਲ ਕਾਲਜ ਗੁਰੂਸਾਗਰ ਸਾਹਿਬ ਮਸਤੂਆਣਾ, ਖ਼ਾਲਸਾ ਪੰਥ ਨੂੰ ਸਪੁਰਦ ਕਰਨ ਦੀ ਲਿਖਤ ਆਪਣੇ ਦਸਤਖ਼ਤਾਂ ਹੇਠ ਦਾਸ ਨੂੰ ਦੇ ਦਿੱਤੀ। ਏਸ ਵਿੱਚ ਇਹ ਸ਼ਰਤ ਰੱਖੀ ਕਿ ਗੁਰੂ ਖ਼ਾਲਸਾ, ਗੁਰੂਸਾਗਰ ਸਾਹਿਬ ਵਿਖੇ ਜੋ

ਕੀਰਤਨ, ਨਾਮ-ਬਾਣੀ ਅਤੇ ਲੰਗਰ ਦੀ ਮਰਯਾਦਾ ਸੰਤ ਜੀ ਮਹਾਰਾਜ ਨੇ ਚਲਾਈ ਹੋਈ ਹੈ, ਕਾਇਮ ਰੱਖੇ। ਫੇਰ ਦਾਸ ਨੂੰ ਸੰਤ ਜੀ ਮਹਾਰਾਜ ਨੇ ਹੁਕਮ ਦਿੱਤਾ ਕਿ ਤੁਸੀਂ ਵਿਸਾਖੀ ਦੇ ਸਮੇਂ ਬਨਾਰਸ ਯੂਨੀਵਰਸਿਟੀ ਨਾਲੋਂ ਸਬੰਧ ਤੋੜ ਕੇ ਅਕਾਲ ਕਾਲਜ ਦੀ ਸੇਵਾ ਲਈ ਹਾਜ਼ਰ ਹੋ ਜਾਓ।

ਦੇਹਰਾਦੂਨ ਤੋਂ ਦਾਸ ਵਾਪਸ ਬਨਾਰਸ ਆ ਗਿਆ। ਹੁਣ ਟੀਚਰਜ਼ ਕਾਲਜ ਦੇ ਇਮਤਿਹਾਨ ਦਾ ਸਮਾਂ ਨੇੜੇ ਸੀ। ਪੂਰਾ-ਪੂਰਾ ਧਿਆਨ ਦੇ ਕੇ ਉਨ੍ਹਾਂ ਦੀ ਸਾਰੀ ਪਿਛਲੀ ਪੜ੍ਹਾਈ ਦੁਹਰਾਈ। ਅਪ੍ਰੈਲ ਦੇ ਸ਼ੁਰੂ ਵਿੱਚ ੩੬ ਲੜਕੇ ਇਮਤਿਹਾਨ ਵਿੱਚ ਬੈਠ ਅਤੇ ੩੪ ਪਾਸ ਹੋ ਗਏ।

ਦੇਹਰਾਦੂਨ ਤੋਂ ਮੁੜ ਕੇ ਆਉਂਦਿਆਂ ਹੀ ਦਾਸ ਨੇ ਹਿੰਦੂ ਯੂਨੀਵਰਸਿਟੀ ਦੇ ਪ੍ਰਬੰਧਕਾਂ ਨੂੰ ਖ਼ਬਰ ਕਰ ਦਿੱਤੀ ਸੀ ਕਿ ਸਾਲ ਦੀ ਪੜ੍ਹਾਈ ਖ਼ਤਮ ਹੋਣ ਦੇ ਮਗਰੋਂ ਦਾਸ ਅਕਾਲ ਕਾਲਜ ਦੀ ਸੇਵਾ ਲਈ ਚਲਾ ਜਾਏਗਾ। ਅਪ੍ਰੈਲ ਦੇ ਪਹਿਲੇ ਹਫ਼ਤੇ ਵਿੱਚ ਇਮਤਿਹਾਨ ਖ਼ਤਮ ਹੋ ਗਏ ਅਤੇ ਦੂਜੇ ਹਫ਼ਤੇ ਦੇ ਸ਼ੁਰੂ ਵਿੱਚ ਕਾਲਜ ਗਰਮੀਆਂ ਦੀਆਂ ਛੁੱਟੀਆਂ ਲਈ ਬੰਦ ਹੋ ਗਿਆ। ਬਨਾਰਸ ਤੋਂ ਡੇਰਾ ਕੂਚ ਕਰ ਦਾਸ ਜਥੇ ਸਮੇਤ ਸਿੱਧਾ ਗੁਰੂਸਾਗਰ ਸਾਹਿਬ ਵਿਸਾਖੀ ਤੋਂ ਇੱਕ ਦਿਨ ਪਹਿਲਾਂ ਪੁੱਜ ਗਿਆ।

ਅਕਾਲ ਕਾਲਜ ਦੇ ਖੋਲ੍ਹਣ ਦੀ ਸੇਵਾ ਮਹਾਰਾਜਾ ਰਿਪੁਦਮਣ ਸਿੰਘ ਜੀ ਨੇ ਕਰਨੀ ਸੀ। ਨੀਯਤ ਸਮੇਂ ਤੋਂ ਇੱਕ ਰਾਤ ਪਹਿਲਾਂ ਸ਼ਾਮ ਦੇ ਵੇਲੇ ਗੁਰੂਸਾਗਰ ਸਾਹਿਬ ਮਸਤੂਆਣੇ ਭਾਈ ਸਾਹਿਬ ਬਾਗੜੀਆ, ਸਰਦਾਰ ਸਰਦੂਲ ਸਿੰਘ ਕਵੀਸ਼ਰ, ਡਾਕਟਰ ਟਹਿਲ ਸਿੰਘ, ਸਰਦਾਰ ਬਚਨ ਸਿੰਘ ਵਿੱਦਿਅਕ ਵਜ਼ੀਰ ਅਤੇ ਹੋਰ ਅਹਿਲਕਾਰ ਪੁੱਜ ਗਏ। ਇਹਨਾਂ ਨਾਲ ਓਪਨਿੰਗ ਸੈਰਾਮਨੀ ਦੀ ਵਿਚਾਰ ਕੀਤੀ। ਇਹਨਾਂ ਨੇ ਆਖਿਆ ਕਿ ਜੰਦਰਾ ਮਾਰਨ ਦੀ ਕੋਈ ਲੋੜ ਨਹੀਂ, ਕਾਲਜ ਦੇ ਹਾਲ ਵਿੱਚ ਆਸਾ ਦੀ ਵਾਰ ਦਾ ਦੀਵਾਨ ਸਜ ਜਾਏ ਅਤੇ ਅਰਦਾਸ ਕੀਤੀ ਜਾਏ, ਗੁਰੂ ਘਰ ਵਿੱਚ ਏਹੋ ਓਪਨਿੰਗ ਸੈਰਾਮਨੀ ਦੀ ਮਰਯਾਦਾ ਚਾਹੀਦੀ ਹੈ। ਦੂਜੇ ਦਿਨ ਵਿਸਾਖੀ ਦੇ ਦਿਹਾੜੇ ਏਸੇ ਤਰ੍ਹਾਂ ਹੀ ਕੀਤਾ। ਮਹਾਰਾਜਾ ਸਾਹਿਬ ਵੱਲੋਂ ਭਰੇ ਦੀਵਾਨ ਵਿੱਚ ਅਕਾਲ ਕਾਲਜ ਦੀ ਸਹਾਇਤਾ ਲਈ ਇਹ ਐਲਾਨ ਕੀਤਾ ਗਿਆ:

(੧) ਇੱਕ ਹਜ਼ਾਰ ਵਿਘਾ ਜ਼ਮੀਨ ਬਹਾਦਰਪੁਰ ਦੀ ਜੂਹ ਵਿੱਚੋਂ, ਮਸਤੂ ਜੱਟ ਦਾ ਤਲਾਕਿਆ ਹੋਇਆ ਝਿੜਾ ਵੀ ਇਹਦੇ ਵਿੱਚ ਸ਼ਾਮਲ ਸੀ; ਅਰ ਏਸ ਨਾਲ ਮਹਾਰਾਜਾ ਸਾਹਿਬ ਨੇ ਇਹ ਸ਼ਰਤ ਲਗਾਈ ਕਿ ਇਹਦੇ ਵਿੱਚ ਖੇਤੀ-ਬਾੜੀ ਨਾ ਕੀਤੀ ਜਾਏ; ਬਾਕੀ ਹੋਰ ਕੋਈ ਸੇਵਾ ਸਾਧ-ਸੰਗਤ ਏਸ ਤੋਂ ਲੈ ਸਕਦੀ ਹੈ।

(੨) ਡੇਢ ਲੱਖ ਰੁਪਏ ਦਾ ਸੂਦ ੫●● ਰੁਪਏ ਮਾਹਵਾਰ।

(੩) ੧●● ਰੁਪਿਆ ਮਾਹਵਾਰ ਗੁਰੂ ਕੇ ਲੰਗਰ ਦੀ ਸੇਵਾ।

(੪) ਨਵੇਂ ਗੁਰੂ ਕੇ ਲੰਗਰ ਦੀ ਇਮਾਰਤ ਦਾ ਖ਼ਰਚ ਜੋ ਐਸਟੀਮੇਟ ਅਨੁਸਾਰ ਆਵੇ।

ਪਰ ਏਸ ਦੇ ਨਾਲ ਆਪਣੇ ਸੁਭਾਅ ਅਨੁਸਾਰ ਇਹ ਸ਼ਰਤ ਲਗਾਈ ਕਿ ਉੱਪਰ ਲਿਖੀ ਸਹਾਇਤਾ ਤਦ ਤੀਕ ਕਾਇਮ ਰਹੇਗੀ ਜਦ ਤੀਕਰ ਅਕਾਲ ਕਾਲਜ ਵਿੱਦਿਆ ਦਾਨ ਦਿੰਦਾ ਰਹੇਗਾ।

ਸ਼ਾਮ ਦੇ ਵੇਲੇ ਮਹਾਰਾਜਾ ਸਾਹਿਬ ਨੇ ਆਪਣੇ ਤੰਬੂਆਂ ਵਿੱਚ ਕੁਝ ਪਤਵੰਤਿਆਂ ਨੂੰ ਸੱਦ ਭੇਜਿਆ ਅਤੇ ਕੰਮ ਚਲਾਉਣ ਲਈ ਅਕਾਲ ਕਾਲਜ ਦੀ ਪ੍ਰੋਵੀਜ਼ਨਲ ਕਮੇਟੀ ਆਪਣੀ ਪ੍ਰਧਾਨਗੀ ਹੇਠ ਨੀਯਤ ਕੀਤੀ, ਜਿਨ੍ਹਾਂ ਵਿੱਚ ਭਾਈ ਅਰਜਨ ਸਿੰਘ ਬਾਗੜੀਆ, ਸਰਦਾਰ ਫਤਹਿ ਸਿੰਘ ਬਡਰੁੱਖਾ, ਸਰਦਾਰ ਸਰਦੂਲ ਸਿੰਘ ਕਵੀਸ਼ਰ, ਸਰਦਾਰ ਬਚਨ ਸਿੰਘ ਜੀ ਵਿੱਦਿਅਕ ਵਜ਼ੀਰ ਨਾਭਾ, ਸਰਦਾਰ ਇੰਦਰ ਸਿੰਘ ਜੀ ਪ੍ਰੈਜ਼ੀਡੈਂਟ ਕੌਂਸਲ

ਫਰੀਦਕੋਟ, ਸਰਦਾਰ ਹਰਨਾਮ ਸਿੰਘ ਜੀ ਸਬ-ਜੱਜ, ਸਰਦਾਰ ਜੋਗਿੰਦਰ ਸਿੰਘ ਜੀ ਗਰੇਵਾਲ ਅਤੇ ਦਾਸ ਸ਼ਾਮਲ ਸਨ।

ਦੂਜੇ ਦਿਨ ਸੰਤ ਜੀ ਮਹਾਰਾਜ ਨੇ ਅਸਥਾਨ ਦੀ ਸਾਰੀ ਚੀਜ਼-ਵਸਤ ਅਤੇ ਦਸ ਹਜ਼ਾਰ ਰੁਪਿਆ ਨਕਦ, ਕਮੇਟੀ ਦੇ ਪ੍ਰਬੰਧ ਵਿੱਚ ਦੇ ਦਿੱਤਾ। ਕੁਝ ਸਾਧੂ ਸੰਤਪੁਰੇ (ਮਹੇਰਨਾ), ਕੁਝ ਕਾਂਝਲੇ ਤੇ ਕੁਝ ਗੁਰੂਸਾਗਰ ਸਾਹਿਬ ਸੇਵਾ ਵਿੱਚ ਟਿਕੇ ਰਹੇ। **ਸੰਤ ਜੀ ਮਹਾਰਾਜ ਦਾ ਹੁਕਮ ਸੀ ਕਿ ਕੋਈ ਸਾਧੂ ਸਿਵਾਏ ਕਛਹਿਰੇ ਪਰਨੇ ਦੇ, ਹੋਰ ਚੀਜ਼ ਗੁਰੂਸਾਗਰ ਸਾਹਿਬ ਤੋਂ ਬਾਹਰ ਨਾ ਲੈ ਜਾਏ। ਆਪਣੀ ਬਣਾਈ ਮਰਯਾਦਾ ਅਨੁਸਾਰ ਸੰਤ ਜੀ ਮਹਾਰਾਜ ਇੱਕ ਖੱਦਰ ਦਾ ਚਕੂਟਾ ਸਿਰ 'ਤੇ ਬੰਨ੍ਹ ਜਥੇ ਸਮੇਤ ਇਲਾਕੇ ਵਿੱਚ ਚਲੇ ਗਏ।** ਏਸ ਤਿਆਗ-ਵੈਰਾਗ ਅਤੇ ਉਦਾਰਤਾ ਦੇ ਪ੍ਰਕਾਸ਼ ਨੇ ਮਾਲਵੇ ਦੇਸ ਵਿੱਚ ਸਤਿਸੰਗ ਦਾ ਹੜ੍ਹ ਵਗਾ ਦਿੱਤਾ। ਸਾਲ ਦੇ ਅੰਦਰ ਨਗਰਾਂ ਵਿੱਚ ਅੱਸੀ ਗੁਰਦੁਆਰੇ ਪ੍ਰਗਟ ਹੋਏ ਅਤੇ ਹਜ਼ਾਰਾਂ ਮਾਈ-ਭਾਈ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ।

## ਸਿੱਖ ਲੀਗ ਸਮਾਗਮ ਵਿੱਚ ਭਾਗ ਲੈਣਾ

ਇਹਨਾਂ ਦਿਨਾਂ ਵਿੱਚ ਲਾਹੌਰ ਸ਼ਹਿਰ ਵਿਖੇ ਸਾਧ-ਸੰਗਤ ਨੇ ਦੂਜੀ ਸਿੱਖ ਲੀਗ ਦੀ ਤਿਆਰੀ ਅਰੰਭ ਕਰ ਦਿੱਤੀ ਅਤੇ ਤਰੀਖ ਲੈਣ ਵਾਸਤੇ ਸਰਦਾਰ ਗੁਰਬਖਸ਼ ਸਿੰਘ ਬੀ. ਏ. ਐਲ. ਐਲ. ਬੀ. ਸਿਆਲਕੋਟ ਨੂੰ ਸੰਤ ਜੀ ਮਹਾਰਾਜ ਦੀ ਸੇਵਾ ਵਿੱਚ ਭੇਜਿਆ। ਪਹਿਲਾਂ ਏਹ ਮਸਤੂਆਣੇ ਆਏ, ਏਥੋਂ ਇੱਕ ਸਿੰਘ ਨਾਲ ਲੈ ਕੇ ਇਲਾਕੇ ਵਿੱਚ ਮਹਾਰਾਜ ਜੀ ਦੀ ਸੇਵਾ ਵਿੱਚ ਪੁੱਜੇ, ਇਕਾਂਤ ਵਿੱਚ ਆਪਣੀ ਬੇਨਤੀ ਅਤੇ ਸਾਧ-ਸੰਗਤ ਦਾ ਸੁਨੇਹਾ ਪੇਸ਼ ਕੀਤਾ। ਸੰਤ ਜੀ ਮਹਾਰਾਜ ਨੇ ਫੁਰਮਾਇਆ, "ਭਾਈ! ਖੁਦ ਦੇਖ ਲਓ ਕਿ ਕਿੰਨੇ ਕੁ ਪਰਉਪਕਾਰ ਦੀ ਲਹਿਰ ਚੱਲੀ ਹੋਈ ਹੈ। ਏਸ ਚੱਕਰ ਨੂੰ ਛੱਡ ਕੇ ਅਸੀਂ ਹੁਣ ਕਿਧਰੇ ਨਹੀਂ ਜਾ ਸਕਦੇ। ਅਸੀਂ ਹਰ ਤਰ੍ਹਾਂ ਸਾਧ-ਸੰਗਤ ਦੇ ਨਾਲ ਹਾਂ। ਸਾਡੇ ਵੱਲੋਂ ਬੇਨਤੀ ਕਰ ਦੇਣਾ ਕਿ ਹੁਣ ਸਮਾਂ ਮੇਲ-ਮਿਲਾਪ ਕਰਨ ਦਾ ਹੈ। ਸਰਦਾਰ ਖੜਕ ਸਿੰਘ ਜੀ ਅਤੇ ਸਰਦਾਰ ਸੁੰਦਰ ਸਿੰਘ ਜੀ ਮਜੀਠੀਆ ਇੱਕ ਹੋ ਜਾਣ।" ਸਰਦਾਰ ਗੁਰਬਖਸ਼ ਸਿੰਘ ਜੀ ਉਤਸ਼ਾਹ ਦਾ ਚੱਕਰ ਦੇਖ ਕੇ ਸੰਤ ਜੀ ਮਹਾਰਾਜ ਨੂੰ ਜ਼ੋਰ ਨਾ ਦੇ ਸਕੇ ਅਤੇ ਗੁਰੂਸਾਗਰ ਸਾਹਿਬ ਮਸਤੂਆਣੇ ਮੁੜ ਆਏ। ਏਥੋਂ ਸੰਗਰੂਰ ਪੁੱਜ, ਗੱਡੀ ਚੜ੍ਹ ਗਏ। ਟੁਰਦੀ ਵਾਰੀ ਦਾਸ ਨੂੰ ਬੇਨਤੀ ਕਰ ਗਏ ਕਿ ਤੁਸੀਂ ਜ਼ਰੂਰ ਇਸ ਸਮਾਗਮ ਵਿੱਚ ਸੇਵਾ ਦਾ ਹਿੱਸਾ ਲੈਣਾ।

ਥੋੜ੍ਹੇ ਦਿਨਾਂ ਮਗਰੋਂ ਸਿੱਖ ਲੀਗ ਕਮੇਟੀ ਦੀ ਚਿੱਠੀ ਆ ਗਈ ਕਿ ਤੁਸੀਂ ਵਿਚਾਰ ਲਈ ਲਾਹੌਰ ਪੁੱਜੋ। ਨੀਯਤ ਦਿਨ 'ਤੇ ਸਰਦਾਰ ਅਮਰ ਸਿੰਘ ਸ਼ੇਰੇ ਪੰਜਾਬ ਦੇ ਦਫ਼ਤਰ ਵਿੱਚ ਸਿੱਖ ਲੀਗ ਦੀ ਵਰਕਿੰਗ ਕਮੇਟੀ ਦੀ ਵਿਚਾਰ ਹੋਈ। ਜਦ ਲੰਗਰ ਦੀ ਵਾਰੀ ਆਈ ਤਦ ਕੁਝ ਪ੍ਰੇਮੀਆਂ ਨੇ ਜ਼ੋਰ ਦਿੱਤਾ ਕਿ ਸਭ ਪ੍ਰੇਮੀ ਆਪਣਾ-ਆਪਣਾ ਪ੍ਰਬੰਧ ਕਰਨ; ਗੁਰੂ ਕੇ ਲੰਗਰ ਦੀ ਕੋਈ ਲੋੜ ਨਹੀਂ। ਇਹ ਸੁਣ ਦਾਸ ਨੇ ਹੱਥ ਜੋੜ ਬੇਨਤੀ ਕੀਤੀ ਕਿ ਖ਼ਾਲਸਾ ਜੀ ਦਾ ਕੋਈ ਸਮਾਗਮ ਲੰਗਰ ਅਤੇ ਦੀਵਾਨ ਬਿਨਾਂ ਨਹੀਂ ਸ਼ੋਭਦਾ। ਜਦ ਤੱਕ ਲੀਗ ਦੇ ਨਾਲ ਸਿੱਖ ਅੱਖਰ ਹੈ, ਅਟੁੱਟ ਗੁਰੂ ਕਾ ਲੰਗਰ ਜ਼ਰੂਰ ਵਰਤਨਾ ਚਾਹੀਦਾ ਹੈ। ਦਾਸ ਦੀ ਇਹ ਗੱਲ ਸੁਣ ਕੇ ਇੱਕ ਪ੍ਰੇਮੀ ਬੋਲ ਉੱਠਿਆ, ਜੇ ਲੰਗਰ ਜ਼ਰੂਰ ਚਲਾਉਣਾ ਹੈ ਤਾਂ ਇਹ ਸੇਵਾ ਤੁਸੀਂ ਲੈ ਲਓ। ਸੰਤ ਜੀ ਮਹਾਰਾਜ ਦੀ ਮਿਹਰ ਦੁਆਰਾ ਦਾਸ ਨੇ ਇਹ ਸੇਵਾ ਸਿਰ ਮੱਥੇ 'ਤੇ ਰੱਖੀ। ਏਸ ਦੇ ਨਾਲ ਹੀ ਸਾਧ-ਸੰਗਤ ਨੇ ਧਾਰਮਿਕ ਦੀਵਾਨ ਦੀ ਜਥੇਦਾਰੀ ਦੀ ਟਹਿਲ ਵੀ ਦਾਸ ਨੂੰ ਬਖ਼ਸ਼ੀ। ਉਸ ਵੇਲੇ ਦਾਸ ਦੇ ਬੇਨਤੀ ਕਰਨ ਪਰ ਲੰਗਰ ਅਤੇ ਦੀਵਾਨ ਦੀ ਇਕ ਸਬ-ਕਮੇਟੀ ਬਣਾਈ ਗਈ ਜਿਹਦੇ ਵਿੱਚ

ਸ: ਬਾ. ਮਹਿਤਾਬ ਸਿੰਘ, ਬਾਬਾ ਨਿਹਾਲ ਸਿੰਘ, ਗੁਰਦਿਆਲ ਸਿੰਘ ਭੈਣੀ ਵਾਲੇ ਅਤੇ ਹੋਰ ਕਈ ਗੁਰਮੁਖ ਸ਼ਾਮਲ ਸਨ। ਏਥੋਂ ਦਾਸ ਗੁਰੂਸਾਗਰ ਸਾਹਿਬ ਸੇਵਾ ਵਿੱਚ ਮੁੜ ਆਇਆ। ਇੱਕ ਦਿਨ ਕਿਸੇ ਵਿਚਾਰ ਦੀ ਖਾਤਰ ਸੰਤ ਜੀ ਮਹਾਰਾਜ ਨੇ ਪੰਧੇਰ ਨਗਰ ਵਿੱਚ ਦਾਸ ਨੂੰ ਸੱਦ ਭੇਜਿਆ। ਜਿਸ ਵੇਲੇ ਦਾਸ ਪੁੱਜਾ, ਸੰਤ ਜੀ ਮਹਾਰਾਜ ਦਾ ਸ਼ਾਮ ਦਾ ਦੀਵਾਨ ਓਸ ਮੰਜੀ ਸਾਹਿਬ ਦੇ ਕੋਲ ਸਜਿਆ ਹੋਇਆ ਸੀ ਜਿਥੇ ਇਕ ਗ਼ਰੀਬ ਘੁਮਿਆਰ ਦੇ ਘਰ ਗੁਰੂ ਤੇਗ ਬਾਹਦਰ ਸਾਹਿਬ ਨੇ ਖੋਤਿਆਂ ਦੀ ਲਿੱਦ ਵਿੱਚ ਰਾਤ ਗੁਜ਼ਾਰੀ ਸੀ। ਜਦ ਸੱਚੇ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਮਹਾਰਾਜ ਕੁਝ ਹਨ੍ਹੇਰਾ ਪਏ ਪੰਧੇਰ ਪੁੱਜੇ ਤਦ ਸਾਰੇ ਨਗਰ ਨਿਵਾਸੀਆਂ ਨੇ ਆਪਣੇ ਘਰ ਡੇਰਾ ਕਰਾਉਣ ਤੋਂ ਨਾਂਹ ਕਰ ਦਿੱਤੀ ਅਤੇ ਸਭ ਨੇ ਮਖੌਲ ਨਾਲ ਇੱਕ ਘੁਮਿਆਰ ਦੀ ਕੁੱਲੀ ਵੱਲ ਉਂਗਲ ਕੀਤੀ, ਉਹ ਪ੍ਰੇਮੀ ਸਾਡੇ ਪਿੰਡ ਵਿੱਚ ਤੁਰਦਾ ਹੈ, ਤੁਸੀਂ ਉਹਦੇ ਘਰ ਜਾ ਕੇ ਡੇਰਾ ਕਰ ਲਵੋ। ਜਦ ਹਿੰਦ ਦੀ ਚਾਦਰ ਸਤਿਗੁਰੂ ਓਸ ਕੁੱਲੀ ਪਾਸ ਪੁੱਜੇ ਤਦ ਓਹ ਗਰੀਬ ਰੁੱਖੀ-ਮਿੱਸੀ ਖਾ ਕੇ ਸੌਂ ਚੁੱਕਾ ਸੀ। ਮਹਾਰਾਜ ਜੀ ਨੇ ਓਸ ਦਾ ਬੂਹਾ ਖੜਕਾਇਆ ਤਾਂ ਉਹ ਹੱਥ ਜੋੜ ਕੇ ਬਾਹਰ ਆ ਖਲੋਤਾ ਅਤੇ ਸਾਰੀ ਵਿੱਥਿਆ ਸੁਣ ਆਖਣ ਲੱਗਾ, “ਸੱਚੇ ਪਾਤਸ਼ਾਹ! ਪ੍ਰੇਮੀਆਂ ਨੇ ਟਿੱਚਰ ਕੀਤੀ ਹੈ, ਮੈਂ ਸਾਰੇ ਨਗਰ ਵਿੱਚੋਂ ਗ਼ਰੀਬ ਹਾਂ ਪਰ ਇਹ ਕੁੱਲੀ ਹਜ਼ੂਰ ਦੀ ਹੈ, ਜਿਸ ਤਰ੍ਹਾਂ ਚਾਹੋ ਇਹਨੂੰ ਵਰਤੋ।” ਸੱਚੇ ਪਾਤਸ਼ਾਹ ਅੰਦਰ ਜਾ ਵੜੇ ਤੇ ਏਥੇ ਹੀ ਰਾਤ ਕੱਟੀ। ਗ਼ਰੀਬ ਘੁਮਿਆਰ ਦੇ ਖੋਤੇ ਕੋਠੇ ਵਿੱਚ ਬੰਨ੍ਹੇ ਪਏ ਸਨ। ਇਹ ਸਾਰਾ ਖੇਲ ਦੇਖ ਕੇ ਸੁਤੇ-ਸਹਿਜ ਪੂਰੇ ਸਤਿਗੁਰੂ ਦੇ ਮੂੰਹੋ ਬਚਨ ਨਿਕਲਿਆ, “ਚੈਹਲ ਸਿੱਖ ਨਹੀ।” ਹੁਣ ਸੰਤ ਜੀ ਮਹਾਰਾਜ ਦੇ ਚਰਨ ਏਸ ਨਗਰ ਵਿੱਚ ਪਏ। ਨਗਰ ਅਤੇ ਨੇੜੇ ਦੇ ਪਿੰਡਾਂ ਦੇ ਹਜ਼ਾਰਾਂ ਮਾਈ-ਭਾਈ ਸਵੇਰ ਅਤੇ ਸ਼ਾਮ ਦੇ ਦੀਵਾਨ ਵਿੱਚ ਹਾਜ਼ਰ ਹੁੰਦੇ। ਇੱਕ ਦਿਨ ਭਰੇ ਦੀਵਾਨ ਵਿੱਚ ਪੰਧੇਰ ਨਗਰ ਦੀ ਚੈਹਲ ਪੰਚਾਇਤ ਨੇ ਬੇਨਤੀ ਕੀਤੀ, “ਅਸੀਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਸਰਾਪੇ ਹੋਏ ਹਾਂ; ਕਿਰਪਾ ਕਰ ਕੇ ਇਹ ਸਾਡਾ ਸਰਾਪ ਬਖ਼ਸ਼ੋ।” ਸੰਤ ਜੀ ਮਹਾਰਾਜ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਸਜੇ ਹੋਏ ਸਨ; ਆਖਿਆ, “ਸਾਧ-ਸੰਗਤ ਸਮਰੱਥ ਹੈ, ਏਸ ਦਾ ਉਪਾਓ ਕਰ ਸਕਦੀ ਹੈ।” ਇੱਕ-ਦੋ ਵਾਰੀ ਸੰਤ ਜੀ ਮਹਾਰਾਜ ਨੇ ਸਾਧ-ਸੰਗਤ ਨੂੰ ਪੁੱਛਿਆ, ਸਾਰੇ ਇਕ-ਜ਼ਬਾਨ ਬੋਲ ਉੱਠੇ, “ਸੱਚੇ ਪਾਤਸ਼ਾਹ! ਇਹ ਗੱਲ ਹਜ਼ੂਰ ਦੇ ਕਰਨ ਦੀ ਹੈ।” ਇਹ ਬੇਨਤੀ ਸੁਣ ਕੇ ਸੰਤ ਜੀ ਮਹਾਰਾਜ ਨੇ ਫੁਰਮਾਇਆ, “ਭਾਈ! ਏਸ ਮੰਜੀ ਸਾਹਿਬ ਦੀ ਜਗ੍ਹਾ ਬੜਾ ਭਾਰੀ ਗੁਰਦੁਆਰਾ ਬਣਾਓ, ਬਖ਼ਸ਼ੇ ਜਾਓਗੇ।” ਸਾਧ-ਸੰਗਤ ਨੇ ਓਸੇ ਵੇਲੇ ਗੁਰਦੁਆਰੇ ਲਈ ਉਗਰਾਹੀ ਅਰੰਭ ਦਿੱਤੀ ਤੇ ਥੋੜ੍ਹੇ ਦਿਨਾਂ ਵਿੱਚ ਹੀ ਗੁਰਦੁਆਰਾ ਸੰਪੂਰਨ ਹੋ ਗਿਆ। ਇਹ ਗੁਰਦੁਆਰਾ ਦੋ-ਮੰਜ਼ਲਾਂ ਉੱਚਾ ਹੈ ਅਤੇ ਕਈ ਮੀਲਾਂ ਤੋਂ ਨਜ਼ਰੀ ਆਉਂਦਾ ਹੈ। ਦਾਸ ਦੋ ਕੁ ਦਿਨ ਪੰਧੇਰ ਰਿਹਾ। ਹਰ ਸ਼ਾਮ ਦੇ ਦੀਵਾਨ ਵਿਚ ਬਹੁਤ ਸਾਰੇ ਮਾਈ-ਭਾਈ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ ਵਾਸਤੇ ਦੀਵਾਨ ਦੇ ਸਾਹਮਣੇ ਖੜ੍ਹੇ ਹੋ ਜਾਂਦੇ। ਸੰਤ ਜੀ ਮਹਾਰਾਜ ਤਾਬੇ ਬੈਠ ਕੇ ਕੀਰਤਨ ਕਰੀ ਜਾਂਦੇ ਅਤੇ ਜਥੇ ਦੇ ਪੰਜ ਸਿੰਘ ਅੰਮ੍ਰਿਤ ਦਾ ਬਾਟਾ ਤਿਆਰ ਕਰ ਕੇ ਪ੍ਰੇਮੀਆਂ ਨੂੰ ਗੁਰੂ ਕਲਗੀਧਰ ਜੀ ਦੇ ਜਹਾਜ਼ ਚਾੜ੍ਹ ਦਿੰਦੇ। ਅੰਮ੍ਰਿਤ ਛਕਾਉਣ ਦੇ ਮਗਰੋਂ ਦੀਵਾਨ ਵਿੱਚ ਸਤਿਗੁਰੂ ਦੀ ਰਹਿਤ ਸੁਣਾਈ ਜਾਂਦੀ ਤੇ ਫੇਰ ਦੀਵਾਨ ਅਤੇ ਅੰਮ੍ਰਿਤ ਪ੍ਰਚਾਰ ਦੀ ਇਕੱਠੀ ਅਰਦਾਸ ਕੀਤੀ ਜਾਂਦੀ।

ਏਸ ਸੱਚਖੰਡੀ ਨਜ਼ਾਰੇ ਦਾ ਅਨੰਦ ਲੈ ਕੇ ਸੰਤ ਜੀ ਮਹਾਰਾਜ ਦਾ ਹੁਕਮ ਸੁਣ ਕੇ ਦਾਸ ਗੁਰੂਸਾਗਰ ਸਾਹਿਬ ਮਸਤੂਆਣੇ ਮੁੜ ਆਇਆ। ਥੋੜ੍ਹੇ ਚਿਰ ਮਗਰੋਂ ਸਿੱਖ ਲੀਗ ਦੇ ਸਮਾਗਮ ਦੀਆਂ ਤਰੀਕਾਂ ਨੇੜੇ ਆ ਗਈਆਂ। ਲੋੜ ਤਾਂ ਦਾਸ ਦੀ ਕਈ ਦਿਨ ਪਹਿਲਾਂ ਜਾਣ ਦੀ ਸੀ ਤਾਂ ਕਿ ਲੰਗਰ ਦਾ ਪ੍ਰਬੰਧ ਅਤੇ ਉਗਰਾਹੀ ਚੰਗੀ ਹੋ ਜਾਵੇ ਪਰ ਸੰਤ ਜੀ ਮਹਾਰਾਜ ਦੇ ਚਰਨਾਂ ਵਿੱਚ ਪੰਧੇਰ ਹਾਜ਼ਰ ਹੋਣ ਦੇ ਕਾਰਨ ਦਾਸ ਮਸਾਂ ਦੋ-ਤਿੰਨ ਦਿਨ ਪਹਿਲਾਂ ਹੀ ਪੁੱਜ ਸਕਿਆ। ਸਤਿਗੁਰੂ ਨੇ ਆਪਣਾ ਕਾਰਜ ਆਪ ਸਵਾਰ ਲਿਆ:

ਸਾਧ ਸੰਗਤ ਨੇ ਖੁਲ੍ਹੇ ਦਿਲ ਗੱਫੇ ਅਰਦਾਸ ਕਰਾਏ। ਕਰਤਾਰ ਨੇ ਮਹੰਤ ਨਰਾਇਣ ਦਾਸ ਪਾਸੋਂ ਇੱਕ ਹਜ਼ਾਰ ਦੀ ਸੇਵਾ ਕਰਾ ਲਈ। ਲੰਗਰ ਦੇ ਸੇਵਕ ਨੀਯਤ ਕੀਤੇ ਗਏ ਤੇ ਜਲੂਸ ਵਾਲੇ ਦਿਨ ਤੋਂ ਹੀ ਅਤੁਟ ਲੰਗਰ ਵਰਤਾਣਾ ਸ਼ੁਰੂ ਹੋ ਗਿਆ। ਤਿੰਨ ਦਿਨ ਹਜ਼ਾਰਾਂ ਦੀ ਗਿਣਤੀ ਵਿਚ ਮਾਈ ਭਾਈ ਨੇ ਸੋਹਣੀਆਂ ਪੰਗਤਾਂ ਲਾ ਕੇ ਪ੍ਰਸ਼ਾਦ ਛਕਿਆ ਤੇ ਸੇਵਕਾਂ ਦੀ ਟਹਿਲ ਸਫਲੀ ਕੀਤੀ।

ਸਿੱਖ ਲੀਗ ਦੇ ਸੈਸ਼ਨ ਦੇ ਪਹਿਲੇ ਦਿਨ ਬਰੈਡਲੇ ਹਾਲ ਦੇ ਚੁਗਾਨ ਵਿੱਚ ਬੜਾ ਭਾਰੀ ਦੀਵਾਨ ਸਜਿਆ। ਆਸਾ ਜੀ ਦੀ ਵਾਰ ਦੇ ਭੋਗ ਮਗਰੋਂ ਸ: ਜਸਵੰਤ ਸਿੰਘ ਝਬਾਲ ਨੇ ਦੀਵਾਨ ਦੇ ਜਥੇਦਾਰ ਦੀ ਹੈਸੀਅਤ ਵਿੱਚ ਦਾਸ ਪਾਸੋਂ ਚੁਮਾਲੇ ਸਾਹਿਬ ਜਾਣ ਦੀ ਆਗਿਆ ਮੰਗੀ। ਦਾਸ ਨੇ ਆਖਿਆ ਕਿ ਭਾਈ, ਪੂਰੇ ੧● ਵਜੇ ਲੀਗ ਦਾ ਸੈਸ਼ਨ ਸ਼ੁਰੂ ਹੋਣਾ ਹੈ; ਤੁਸੀਂ ਵੇਲੇ ਸਿਰ ਮੁੜ ਕੇ ਆ ਜਾਣਾ, ਕਿਤੇ ਸ: ਖੜਕ ਸਿੰਘ ਜੀ ਸਾਨੂੰ ਉਲਾਂਭਾ ਨਾ ਦੇਣ ਕਿ ਲੀਗ ਦਾ ਸਮਾਗਮ ਪਛੜਾ ਦਿੱਤਾ ਹੈ। ਪ੍ਰੇਮੀਆਂ ਨੇ ਆਖਿਆ, "ਨਹੀਂ, ਨਹੀਂ, ਵੇਲੇ ਸਿਰ ਮੁੜ ਆਵਾਂਗੇ।" ਇਹ ਕਹਿ ਕੇ ਪ੍ਰੇਮੀ ਆਪਣੇ ਸਾਥੀ ਨਾਲ ਲੈ ਕੇ ਚੁਮਾਲਾ ਸਾਹਿਬ ਵਲ ਤੁਰ ਗਏ ਤੇ ਦਾਸ ਆਪਣੇ ਡੇਰੇ ਤੇ ਆ ਗਿਆ। ੯ ਵਜੇ ਸਾਧ ਸੰਗਤ ਦੀਆਂ ਪੰਗਤਾਂ ਸਜ ਗਈਆਂ। ਪ੍ਰਸ਼ਾਦ ਛਕ ਕੇ ਪੰਡਾਲ ਵਿਚ ਸਭ ਆਪਣੇ ਥਾਉਂ ਜਾ ਬੈਠੇ। ਸ: ਖੜਕ ਸਿੰਘ ਜੀ ਤੇ ਹੋਰ ਮੁੱਖੀ ਪ੍ਰੇਮੀ ਇਕ ਨਵੇਕਲੇ ਕਮਰੇ ਵਿੱਚ ਕੁਝ ਵਿਚਾਰ ਕਰਨ ਲਈ ਬੈਠ ਗਏ। ਪੌਣੇ ਦਸ ਕੁ ਵਜੇ ਸ: ਖੜਕ ਸਿੰਘ ਜੀ ਨੇ ਪੁੱਛਿਆ ਕਿ ਸੈਸ਼ਨ ਦਾ ਵਕਤ ਨੇੜੇ ਆ ਗਿਆ ਹੈ; ਸ: ਅਮਰ ਸਿੰਘ ਝਬਾਲ ਅਤੇ ਹੋਰ ਕਈ ਸੱਜਣ, ਜਿਨ੍ਹਾਂ ਨੇ ਲੀਗ ਦੀ ਕਾਰਵਾਈ ਵਿੱਚ ਉੱਘਾ ਹਿੱਸਾ ਲੈਣਾ ਹੈ, ਨਜ਼ਰ ਨਹੀਂ ਆਉਂਦੇ। ਇਹ ਸੁਣ ਕੇ ਦਾਸ ਨੇ ਸਾਰੀ ਵਿਥਿਆ ਆਖ ਸੁਣਾਈ। ਇਕ ਵਜੇ ਤੀਕਰ ਉਡੀਕ ਕੇ ਦਾਸ ਨੂੰ ਮਜ਼ਬੂਰੀ ਚੁਮਾਲੇ ਸਾਹਿਬ ਜਾਣਾ ਪਿਆ। ਓਥੇ ਜਾ ਕੇ ਇਕ ਬੜਾ ਦਿਲ ਨੂੰ ਠੋਕਰ ਮਾਰਨ ਵਾਲਾ ਨਜ਼ਾਰਾ ਵੇਖਣ ਵਿੱਚ ਆਇਆ। ਵਿਚਾਰਾ ਮਹੰਤ ਇਕ ਪਾਸੇ ਬੱਕਰੀ ਵਾਂਗਣ ਸਹਿਮਿਆ ਬੈਠਾ ਸੀ ਤੇ ਸਾਰੇ ਪ੍ਰੇਮੀ ਭਿਆਨਕ ਰੂਪ ਧਾਰ ਕੇ ਖੜੇ ਹਨ। ਦੋ ਕੁ ਮਿੰਟ ਤਾਂ ਦਾਸ ਚੁਪ ਕਰਕੇ ਬੈਠਾ ਰਿਹਾ ਪਰ ਜਦ ਵੇਖਿਆ ਕਿ ਇਹ ਖੇਲ ਮੁੱਕਣ ਵਾਲਾ ਨਹੀਂ ਤੇ ਨਾਲੇ ਗੁਰੂ ਸਚੇ ਪਾਤਸ਼ਾਹ ਦੀ ਬੇਅਦਬੀ ਹੋ ਰਹੀ ਹੈ, ਨਾਲ ਹੀ ਲੀਗ ਦਾ ਸੈਸ਼ਨ ਪਲੋ ਪਲੀ ਲੇਟ ਹੋ ਰਿਹਾ ਹੈ, ਕੁਝ ਜੋਸ਼ ਵਿੱਚ ਆ ਕੇ ਉੱਠ ਬੈਠਾ। ਹੱਥ ਜੋੜ ਕੇ ਬੇਨਤੀ ਕੀਤੀ ਕਿ ਭਾਈ, ਤੁਸੀਂ ਕੀ ਕਰ ਰਹੇ ਹੋ ? ਇਕ ਪਾਸੇ ਤਾਂ ਤੁਸੀਂ ਇਹ ਕੂਕ ਰਹੇ ਹੋ ਕੇ ਜ਼ੋਰ ਜ਼ਬਰ ਵਾਲਾ ਕਰਮ ਕਰਕੇ ਕਿਸੇ 'ਤੇ ਵਾਰ ਨਹੀਂ ਕਰਨਾ ਤੇ ਦੂਜੇ ਪਾਸੇ ਗਰੀਬ ਮਹੰਤ ਨੂੰ ਘੇਰੀ ਬੈਠੇ ਹੋ-ਮਾਨੋ ਕਿ ਹੁਣੇ ਇਹਦਾ ਲਹੂ ਪੀ ਲੈਣਾ ਹੈ। ਜੇ ਇਹਦੇ ਪ੍ਰਬੰਧ ਵਿੱਚ ਕੁਝ ਗਲਤੀ ਹੈ ਤਾਂ ਸ਼ਾਂਤੀ ਨਾਲ ਵਿਚਾਰ ਕਰ ਲਵੋ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਫਿਕੇ ਅਤੇ ਕੌੜੇ ਬਚਨ ਸ਼ੋਭਦੇ ਨਹੀਂ। ਦੂਜੇ ਪਾਸੇ ਤੁਸੀਂ ਅੰਮ੍ਰਿਤ ਵੇਲੇ ਇਕ ਬਚਨ ਕਰਕੇ ਆਏ ਸੀ ਕਿ ਦਸ ਵਜੇ ਤੋਂ ਪਹਿਲਾਂ ਮੁੜ ਆਵਾਂਗੇ। ਆਖਰ ਤੁਸਾਂ ਉਹੀ ਗਲ ਕੀਤੀ ਤੇ ਸਰਦਾਰ ਖੜਕ ਸਿੰਘ ਪਾਸੋਂ ਉਲਾਂਭਾ ਦਿਵਾ ਹੀ ਦਿੱਤਾ। ਉਹਨਾਂ ਨੇ ਖਾਸ ਤੌਰ ਤੇ ਸਾਨੂੰ ਤੁਹਾਡੇ ਸੱਦਣ ਲਈ ਭੇਜਿਆ ਹੈ। ਕਿਰਪਾ ਕਰਕੇ ਏਸ ਖੇਡ ਦਾ ਭੋਗ ਪਾ ਦਿਓ ਤੇ ਸਿੱਧੇ ਹੋ ਕੇ ਲੀਗ ਦੇ ਸੈਸ਼ਨ ਵਲ ਤੁਰ ਪਵੋ। ਮਹੰਤ ਨਾਲ ਕਿਸੇ ਵੇਹਲੇ ਵੇਲੇ ਸ਼ਾਂਤੀ ਨਾਲ ਨਜਿੱਠ ਲੈਣਾ। ਇਹ ਸੁਣ ਕੇ ਮਹੰਤ ਦੀ ਖੇਡ ਨੂੰ ਓਥੇ ਹੀ ਛੱਡ ਕੇ ਸਭ ਪ੍ਰੇਮੀ ਬਰੈਡਲੇ ਹਾਲ ਵਲ ਤੁਰ ਪਏ। ਉੱਥੇ ਪੁੱਜ ਕੇ ਸਰਦਾਰ ਖੜਕ ਸਿੰਘ ਜੀ ਨੂੰ ਜਾ ਮਿਲੇ ਅਤੇ ਪ੍ਰਸ਼ਾਦਾ ਛੱਕ ਕੇ ਲੀਗ ਦੇ ਸੈਸ਼ਨ ਵਿੱਚ ਹਾਜ਼ਰ ਹੋ ਗਏ।

ਏਸ ਸਮੇਂ ਮਹਾਤਮਾ ਗਾਂਧੀ ਜੀ ਦੀ ਚਲਾਈ ਹੋਈ ਨਾ-ਮਿਲਵਰਤਨ ਦੀ ਲਹਿਰ (Non-violent

non-cooperation) ਬੜੇ ਜ਼ੋਰਾਂ ਵਿੱਚ ਸੀ। ਖਾਲਸਾ ਜੀ ਨੇ ਏਸ ਵਿਚ ਸ਼ਾਮਲ ਹੋਣ ਲਈ ਲੀਗ ਵਿੱਚ ਫੈਸਲਾ ਕਰਨਾ ਸੀ। ਮਹਾਤਮਾ ਗਾਂਧੀ ਜੀ ਅਤੇ ਪੰਡਿਤ ਮਾਲਵੀ ਜੀ ਕਈਆਂ ਦਿਨਾਂ ਦੇ ਲਾਹੌਰ ਆਏ ਹੋਏ ਸਨ ਅਤੇ ਸ਼ਹਿਰ ਵਿੱਚ ਆਪਣੀ ਲਹਿਰ ਸੰਬੰਧੀ ਪ੍ਰਚਾਰ ਕਰ ਰਹੇ ਸਨ। ਸਿੱਖ ਲਹਿਰ ਦੇ ਸੈਸ਼ਨ ਵਿੱਚ ਖਾਲਸਾ ਜੀ ਨੇ ਉਹਨਾਂ ਨੂੰ ਖਾਸ ਤੌਰ ਤੇ ਸੱਦਿਆ ਹੋਇਆ ਸੀ। ਜਦ ਸਾਰਾ ਬਰੈਡਲੇ ਹਾਲ ਭਰ ਗਿਆ ਅਤੇ ਡਾਇਸ ਤੇ ਵੀ ਪ੍ਰੇਮੀ ਆਪਣੀ ਥਾਂ ਬੈਠ ਗਏ ਤਦ ਮਹਾਤਮਾ ਜੀ ਪੰਡਿਤ ਜੀ ਸਮੇਤ ਆਪ ਪੁੱਜੇ। ਕੁਦਰਤੀ ਗਾਂਧੀ ਜੀ ਦੀ ਕੁਰਸੀ ਦਾਸ ਦੇ ਨਾਲ ਦੀ ਸੀ। ਜਦ ਇਹ ਪ੍ਰੇਮੀ ਬੈਠ ਗਏ ਤਦ ਸ਼ਬਦ ਕੀਰਤਨ ਸ਼ੁਰੂ ਹੋ ਗਿਆ। ਹੌਲੀ ਜਿਹੀ ਮਹਾਤਮਾ ਜੀ ਨੂੰ ਦਾਸ ਨੇ ਆਖਿਆ ਕਿ ਤੁਹਾਡੀ ਹੱਥ ਚੁੱਕਣ ਬਗੈਰ ਨਾ-ਮਿਲਵਰਤਨ ਦੀ ਫਿਲਾਸਫੀ ਵਿੱਚ ਇੱਕ ਦੂਜੇ ਤੋਂ ਵਿਰੁੱਧ ਦੋ ਲਹਿਰਾਂ ਹਨ; ਨਾ-ਮਿਲਵਰਤਨ ਵਿੱਚ ਨਫ਼ਰਤ ਦਾ ਬੀਜ਼ ਹੈ। ਜਿੱਥੇ ਦਵੈਤ ਆ ਗਈ, ਓਥੇ ਡੰਡਾ ਜ਼ਰੂਰ ਥਾਂ ਲੱਭ ਲੈਂਦਾ ਹੈ। ਏਸ ਵਾਸਤੇ ਤੁਹਾਡੀ ਇਹ ਲਹਿਰ ਕਾਮਯਾਬ ਨਹੀਂ ਹੋ ਸਕਦੀ। ਦੂਜੀ ਗੱਲ ਇਹ ਹੈ ਕਿ ਜਿੱਥੇ ਹਿਰਦਾ ਉੱਕਾ ਹੀ ਪੱਥਰ ਵਤ ਕਠੋਰ ਹੋ ਜਾਏ, ਓਥੇ ਸ਼ਾਂਤੀ ਕੁਝ ਖੋਹ ਨਹੀਂ ਸਕਦੀ। ਦੱਸੋ ਖਾਂ ਇਕ ਅਨਾਥ ਮਾਈ ਨੂੰ ਮੁਸ਼ਟੰਡੇ ਲੁੱਟਦੇ ਹੋਣ, ਜਾਂ ਇਕ ਜੁਆਨ ਸੁੰਦਰ ਇਸਤਰੀ ਦੀ ਗੁੰਡੇ ਬੇਪਤੀ ਕਰਦੇ ਹੋਣ, ਕੀ ਮੇਰੇ ਹੱਥ ਜੋੜਿਆ ਸ਼ਾਂਤਮਈ ਵਤੀਰੇ ਨਾਲ ਉਹ ਆਪਣੀ ਕਰਤੂਤ ਛਡ ਦੇਣਗੇ? ਐਸੇ ਸੰਗਦਿਲ ਪੁਰਸ਼ਾਂ ਨੂੰ ਡੰਡਾ ਹੀ ਪਾਪ ਕਰਨ ਤੋਂ ਰੋਕ ਸਕਦਾ ਹੈ ਅਤੇ ਅਨਾਥਾਂ ਦੀ ਰਾਖੀ ਕਰ ਸਕਦਾ ਹੈ। ਸਿਆਣਿਆਂ ਨੇ ਸੱਚ ਆਖਿਆ ਹੈ:-

**"ਡੰਡਾ ਪੀਰ ਹੈ ਵਿਗੜਿਆਂ ਤਿਗੜਿਆਂ ਦਾ।"**

ਇਹ ਸੁਣ, ਮਹਾਤਮਾ ਜੀ ਨੇ ਉੱਤਰ ਦਿੱਤਾ, "ਸੰਤ ਜੀ, ਆਪ ਕੀ ਬਾਤ ਤੋ ਠੀਕ ਹੈ ਪਰ ਮੈਂ ਫੈਸਲਾ ਕਰ ਚੁੱਕਾ ਹੂੰ। ਆਪ ਏਕ ਸ਼ਬਦ ਸੁਣਾਈਏ।" ਸਾਡੇ ਗੱਲ ਬਾਤ ਕਰਦਿਆਂ, ਬੀਬੀਆਂ ਦੇ ਸ਼ਬਦ ਦਾ ਭੋਗ ਪੈ ਗਿਆ। ਸਾਧ ਸੰਗਤ ਦੀ ਆਗਿਆ ਲੈ, ਗਾਂਧੀ ਜੀ ਦਾ ਪ੍ਰੇਮ ਪੂਰਾ ਕਰਨ ਲਈ ਇਹ ਸ਼ਬਦ ਪੜ੍ਹਿਆ:

**ਚਿਤ ਚਰਨ ਕੰਵਲ ਕਾ ਆਸਰਾ ਚਿਤ ਚਰਨ ਕੰਮਲ ਸੰਗਿ ਜੋੜੀਏ ॥**
**ਮਨ ਲੋਚੇ ਬੁਰਿਆਈਆ ਗੁਰ ਸ਼ਬਦੀ ਇਹ ਮਨ ਹੋੜੀਏ ॥**
**ਬਾਂਹਿ ਜਿਨਾਂ ਦੀ ਪਕੜੀਐ ਸਿਰ ਦੀਜੈ ਬਾਂਹਿ ਨਾ ਛੋੜੀਏ ॥**
**ਗੁਰੂ ਤੇਗ ਬਹਾਦੁਰ ਬੋਲਿਆ, ਧਰ ਪਈਏ ਧਰਮ ਨਾ ਛੋੜੀਏ ॥**

ਇਹ ਸ਼ਬਦ ਏਸ ਧਾਰਨਾ ਵਿਚ ਪੜ੍ਹਿਆ ਅਤੇ ਤਿੰਨ ਥਾਂ ਮਾਈ ਭਾਈ ਨੂੰ ਪੜ੍ਹਾਇਆ।

ਧਾਰਨਾ: ਅਸੀਂ ਇੱਕੋ ਗੁਰੂ ਦੀਆਂ ਚੇਰੀਆਂ ਜੀ ਬੋਲੋ ਸਤਿਨਾਮ। ਚਿਤ ਚਰਨ ਕੰਵਲ ਕਾ ਆਸਰਾ ਜੀ, ਬੋਲੋ ਸਤਿਨਾਮ......

ਹਜ਼ਾਰਾਂ ਮਾਈ ਭਾਈ ਨੇ ਇਕ ਰਸ ਇਹ ਬੈਰਾਗ, ਸੂਰਬੀਰਤਾ ਅਤੇ ਦੇਸ਼ ਭਗਤੀ ਦਾ ਭਰਿਆ ਹੋਇਆ ਸ਼ਬਦ ਪੜ੍ਹਿਆ। ਸਾਰਾ ਬਰੈਡਲੇ ਹਾਲ ਏਸ ਦੀ ਗੂੰਜ ਨਾਲ ਭਰ ਗਿਆ ਅਤੇ ਮਹਾਂ-ਅਕਾਸ਼ ਵਿਚ ਬਿਜਲੀ ਵਤਿ ਗੁਰਬਾਣੀ ਦੀ ਰੌ ਵਹਿ ਤੁਰੀ। ਕੁਦਰਤੀ ਮਹਾਤਮਾ ਗਾਂਧੀ ਦੇ ਲੈਕਚਰ ਦਾ ਸਮਾਂ ਏਸ ਲਹਿਰ ਦੇ ਮਗਰੋਂ ਹੀ ਆ ਗਿਆ। ਉਹਨਾਂ ਨੇ ਵੀ ਇਕ ਜਗ੍ਹਾ ਜੋਸ਼ ਵਿੱਚ ਆ ਕੇ ਇਹ ਗੱਲ ਕਹਿ ਦਿੱਤੀ, "ਜਬ ਸਿੱਖੋਂ ਮੇਂ ਕੋਈ ਗੁਰੂ ਤੇਗ ਬਹਾਦਰ ਸਾਹਿਬ ਜੀ ਕੀ ਸ਼ਕਤੀ ਵਾਲਾ ਪੁਰਸ਼ ਪ੍ਰਗਟ ਹੋ ਜਾਏ ਤੋ ਸਿੱਖੋਂ ਕੋ

ਤਲਵਾਰ ਉਠਾਣੇ ਕਾ ਅਖਤਿਆਰ ਹੋਗਾ। ਤਬ ਤੱਕ ਸ਼ਾਂਤ-ਮਈ ਨਾ-ਮਿਲਵਰਤਨ ਸੇ ਹੀ ਦੇਸ਼ ਕੀ ਆਜ਼ਾਦੀ ਕਾ ਆਦਰਸ਼ ਪੂਰਾ ਹੋ ਸਕਤਾ ਹੈ।" ਗਾਂਧੀ ਜੀ ਦਾ ਉਪਦੇਸ਼ ਖਤਮ ਹੋਣ ਪਰ ਦੋਹਾਂ ਪ੍ਰਧਾਨਾਂ ਦੇ ਅਡਰੈਸ ਪੜ੍ਹੇ ਗਏ। ਇਹਨਾਂ ਦੇ ਪੂਰੇ ਹੋਣ ਤੇ ਗਾਂਧੀ ਜੀ ਤੇ ਪੰਡਿਤ ਜੀ ਹਾਲ ਤੋਂ ਬਾਹਰ ਚਲੇ ਗਏ।

ਹੁਣ ਗੁਰਮਤਿਆਂ ਦੇ ਪਾਸ ਹੋਣ ਦਾ ਵੇਲਾ ਆ ਗਿਆ। ਪਹਿਲਾ ਮਤਾ ਸ਼ਾਂਤਮਈ ਨਾ-ਮਿਲਵਰਤਨ ਦਾ ਖਾਲਸੇ ਜੀ ਵਿਚ ਪ੍ਰਚਲਤ ਕਰਨ ਸਬੰਧੀ ਸੀ। ਕੁਝ ਕੁ ਪ੍ਰੇਮੀ ਇਹਦੇ ਵਿਰੁੱਧ ਸਨ, ਪਰ ਸਾਰੀ ਲੁਕਾਈ ਦੂਜੇ ਪਾਸੇ ਉਲਟੀ ਹੋਈ ਸੀ। ਜਦ ਇਹ ਗੁਰਮਤਾ ਪੜ੍ਹਿਆ ਗਿਆ ਅਤੇ ਏਹਦੀ ਪ੍ਰੋੜ੍ਹਤਾ ਵੀ ਹੋ ਗਈ ਤਦ ਕਈ ਪ੍ਰੇਮੀ ਆਪਣੀ ਵਿਚਾਰ ਅਨੁਸਾਰ ਇਹਦੀ ਵਿਰੋਧਤਾ ਕਰਨ ਲਈ ਉਠਣ ਲੱਗੇ। ਸਾਰੇ ਪੰਡਾਲ ਵਿੱਚ ਰੌਲਾ ਪੈ ਗਿਆ। "ਬੈਠ ਜਾਓ, ਬੈਠ ਜਾਓ," ਦੀ ਆਵਾਜ਼ ਨਾਲ ਪੰਡਾਲ ਭਰ ਗਿਆ। ਪ੍ਰਧਾਨ ਸਾਹਿਬ ਨੇ ਬੜੇ ਜ਼ੋਰ ਨਾਲ ਟੱਲੀ ਵਜਾਈ ਅਤੇ ਉੱਚੀ ਆਵਾਜ਼ ਵਿਚ ਸੁਣਾਇਆ: ਭਰਾਵੋ, ਗੱਲ ਸਾਰੇ ਵੀਰਾਂ ਦੀ ਸੁਨਣੀ ਚਾਹੀਦੀ ਹੈ; ਆਖਰ ਫੈਸਲਾ ਤਾਂ ਤੁਸਾਂ ਹੀ ਕਰਨਾ ਹੈ; ਪਿੱਛੋਂ ਜਿੰਦਾਂ ਜੀਅ ਕਰੇ, ਕਰਨਾ। ਪ੍ਰਧਾਨ ਜੀ ਦੀ ਇਹ ਗੱਲ ਸੁਣ ਰੌਲਾ ਤਾਂ ਕੁਝ ਮੱਠਾ ਹੋ ਗਿਆ ਪਰ ਵਿੱਚ ਪ੍ਰੇਮੀ ਨਿਰਾਦਰ ਦੇ ਅੱਖਰ ਬੋਲਣ ਤੋਂ ਨਾ ਟਲੇ। ਸ: ਬ: ਮਹਿਤਾਬ ਸਿੰਘ ਤੇ ਪ੍ਰੋਫੈਸਰ ਜੋਧ ਸਿੰਘ ਨੇ ਹੌਂਸਲਾ ਕਾਇਮ ਰੱਖਿਆ ਤੇ ਨਾ-ਮਿਲਵਰਤਨ ਦੇ ਵਿਰੁਧ ਆਪਣੀਆਂ ਦਲੀਲਾਂ ਆਖ ਸੁਣਾਈਆਂ।

## ਗੁਰੂ ਘਰ ਦਾ ਸਤਿਆਗ੍ਰਹਿ

ਇਹਨਾਂ ਦੇ ਮਗਰੋਂ ਦਾਸ ਨੇ ਇਕ ਤਰਮੀਮ ਪੇਸ਼ ਕੀਤੀ, "**ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ ॥**" (੪੭੪) ਅਤੇ ਬੇਨਤੀ ਕੀਤੀ, ਖਾਲਸਾ ਜੀ ! ਗੁਰੂ ਘਰ ਵਿੱਚ ਸਤਿਆਗ੍ਰਹਿ ਆਦਿ ਤੋਂ ਚਲੀ ਆਉਂਦੀ ਹੈ। ਕਿਸੇ ਨਾਲ ਨਫ਼ਰਤ ਕਰਕੇ ਨਾ-ਮਿਲਵਰਤਨ ਕਰਨਾ ਅਥਵਾ ਉੱਕਾ ਹੀ ਛੇਕ ਦੇਣਾ ਗੁਰੂ ਘਰ ਦੀ ਮਰਿਯਾਦਾ ਨਹੀਂ। ਜਿਸ ਤਰ੍ਹਾਂ ਦੀ ਕੋਈ ਭਾਵਨੀ ਕਰਕੇ ਆਵੇ, ਓਸੇ ਤਰ੍ਹਾਂ ਹੀ ਉਸ ਦੇ ਨਾਲ ਸਾਰੇ ਸਤਿਗੁਰੂ ਅਤੇ ਗੁਰਸਿੱਖ ਵਰਤਦੇ ਚਲੇ ਆਏ ਹਨ:

**ਸਤਿਗੁਰੁ ਪੁਰਖੁ ਦਇਆਲੁ ਹੈ ਜਿਸ ਨੋ ਸਮਤੁ ਸਭੁ ਕੋਇ ॥**
**ਏਕ ਦ੍ਰਿਸਟਿ ਕਰਿ ਦੇਖਦਾ ਮਨ ਭਾਵਨੀ ਤੇ ਸਿਧਿ ਹੋਇ ॥ (੩●●)**

ਦੂਜੇ, ਗੁਰੂ ਘਰ ਵਿੱਚ ਸ਼ਾਂਤਮਈ ਸਤਿਆਗ੍ਰਹਿ ਸ਼ਬਦ ਵਿੱਚ ਲੀਨ ਹੋਣਾ ਹੈ। ਜਦ ਪ੍ਰਿਥੀ ਚੰਦ ਸੁਲਹੀ ਖਾਂ ਨੂੰ ਲੈ ਕੇ ਗੁਰੂ ਅਰਜਨ ਸਾਹਿਬ ਜੀ ਤੇ ਚੜ੍ਹਾਈ ਕਰਨ ਆਇਆ ਤਾਂ ਓਸ ਸਮੇਂ ਸੱਚੇ ਪਾਤਿਸ਼ਾਹ ਹਰਿਮੰਦਰ ਸਾਹਿਬ ਵਿਖੇ ਕੀਰਤਨ ਵਿਚ ਜੁੜੇ ਹੋਏ ਸਨ। ਓਸ ਵੇਲੇ ਸਿੱਖਾਂ ਨੇ ਤਿੰਨ ਵਾਰੀ ਬੇਨਤੀ ਕੀਤੀ,

**ਆਸਾ ਮਹਲਾ ੫ ॥**
**ਪ੍ਰਥਮੇ ਮਤਾ ਜਿ ਪਤ੍ਰੀ ਚਲਾਵਉ ॥**
**ਦੁਤੀਏ ਮਤਾ ਦੁਇ ਮਾਨੁਖ ਪਹੁਚਾਵਉ ॥**
**ਤ੍ਰਿਤੀਏ ਮਤਾ ਕਿਛੁ ਕਰਉ ਉਪਾਇਆ ॥**
**ਮੈ ਸਭੁ ਕਿਛੁ ਛੋਡਿ ਪ੍ਰਭ ਤੁਹੀ ਧਿਆਇਆ ॥੧॥ (੩੭੧)**

ਤਿੰਨੋ ਵਾਰੀ ਸੱਚੇ ਪਾਤਸ਼ਾਹ ਨੇ ਹੁਕਮ ਕੀਤਾ, "ਪ੍ਰੇਮੀਓ! ਕੋਈ ਫ਼ੁਰਨਾ ਨਾ ਕਰੋ, ਕੀਰਤਨ ਵਿੱਚ ਜੁੜੇ ਰਹੋ।" ਏਸ ਗੁਰ-ਸ਼ਬਦ ਦੀ ਅਡੋਲ ਸਤਿਆਗ੍ਰਹਿ ਦੀ ਐਸੀ ਲਹਿਰ ਚੱਲੀ ਕਿ ਸੁਲਹੀ ਖਾਨ ਦੂਖ ਨਿਵਾਰਣ, ਤਰਨਤਾਰਨ ਦੇ ਨੇੜੇ, ਪ੍ਰਿਥੀ ਚੰਦ ਦੇ ਨਵੇਂ ਗੁਰਦੁਆਰੇ ਦੇ ਪੰਜਾਵੇ ਦੇਖਣ ਗਿਆ, ਓਥੇ ਹੀ ਚਿੱਤ ਹੋ ਗਿਆ। ਇੱਕ ਥਾਂ ਘੋੜੇ ਦਾ ਪੈਰ ਭੱਠੇ ਵਿੱਚ ਧੱਸ ਗਿਆ ਤੇ ਇਹਦੀ ਆਪਣੀ ਤਲਵਾਰ ਹੁਝਕੇ ਨਾਲ ਮਿਆਨ ਵਿੱਚੋਂ ਨਿਕਲ ਪਈ ਤੇ ਉਸ ਦਾ ਸਿਰ ਧੜ ਤੋਂ ਵੱਖਰਾ ਹੋ ਕੇ ਧਰਤੀ 'ਤੇ ਜਾ ਡਿੱਗਾ। ਉਹਦੇ ਤੇ ਉਹਦੇ ਯਾਰ ਪ੍ਰਿਥੀ ਚੰਦ ਦੇ ਮਨਸੂਬੇ ਵਿੱਚੇ ਹੀ ਰਹਿ ਗਏ।

ਦੂਜੀ ਗੱਲ ਇਹ ਹੈ ਕਿ ਸਤਿਗੁਰੂ ਕਲਜੁਗ ਦੇ ਪੂਰਨ ਉਸਤਾਦ ਹਨ। ਜਿਸ ਤਰ੍ਹਾਂ ਮੁੰਡਿਆਂ ਨੂੰ ਪੜ੍ਹਾਉਣ ਵਾਲਾ ਅਧਿਆਪਕ ਵਿਦਿਆਰਥੀ ਦੇ ਭਲੇ ਵਾਸਤੇ ਸਾਰੇ ਹੀਲੇ ਕਰ ਕੇ ਅੱਕ ਜਾਂਦਾ ਹੈ ਤਦ ਮੁੰਡੇ ਦੇ ਹੱਠ ਅਤੇ ਹੰਕਾਰ ਨੂੰ ਤੋੜਨ ਲਈ ਡੰਡੇ ਨੂੰ ਵਰਤ ਕੇ ਉਸ ਦਾ ਭਲਾ ਕਰਦਾ ਹੈ, ਨਹੀਂ ਤਾਂ ਓਸ ਦਾ ਸਾਰਾ ਜਨਮ ਐਵੇਂ ਹੀ ਜਾਵੇ. ਪਰ ਪੂਰਾ ਉਸਤਾਦ ਉਹ ਹੈ ਜਿਹਦੇ ਹੱਥ ਡੰਡਾ ਹੋਵੇ ਪਰ ਚਿਹਰੇ 'ਤੇ ਕ੍ਰੋਧ ਨਾ ਹੋਵੇ। ਏਸੇ ਤਰ੍ਹਾਂ ਦੀਨ-ਦੁਨੀਆਂ ਦਾ ਕਾਮਲ ਉਸਤਾਦ ਗੁਰੂ ਅਰਜਨ ਦੇਵ ਜੀ, ਸੌ ਦਰਜਾ ਸ਼ਾਂਤਮਈ ਮਗਰੋਂ ਸੂਰਬੀਰ ਹਰਿਗੋਬਿੰਦ ਰੂਪ ਵਿੱਚ ਪ੍ਰਗਟ ਹੋਏ **(ਅਰਜਨ ਕਾਇਆਂ ਪਲਟ ਕੈ ਮੂਰਤ ਹਰਿਗੋਬਿੰਦ ਸਵਾਰੀ॥) (ਵਾਰ ੧, ਪਉੜੀ ੪੮)** ਉਹਨਾਂ ਨੇ ਬਿਨਾਂ ਜਾਤ-ਪਾਤ ਦੇ ਖ਼ਿਆਲ ਦੇ ਯਤੀਮ ਪਠਾਨ ਬੱਚੇ ਪੈਂਦੇ ਖਾਂ ਨੂੰ ਪਾਲਿਆ, ਪੜ੍ਹਾਇਆ ਅਤੇ ਸਾਰੀ ਸ਼ਸਤਰ ਵਿੱਦਿਆ ਸਿਖਾਈ। ਪਿੱਪਲੀ ਸਾਹਿਬ ਦੇ ਯੁੱਧ ਵਿੱਚ ਇਹ ਸੱਚੇ ਪਾਤਸ਼ਾਹ ਦੇ ਝੰਡੇ ਹੇਠ ਸ਼ਾਹਜਹਾਨ ਦੀ ਫੌਜ਼ ਨਾਲ ਲੜਿਆ। ਸਤਿਗੁਰੂ ਦੀ ਫ਼ਤਹਿ ਹੋਈ ਪਰ ਇਹਦੇ ਚਿੱਤ ਵਿੱਚ ਅਹੰਕਾਰ ਦਾ ਭੂਤ ਆ ਵੜਿਆ। ਮਨ ਵਿੱਚ ਆਖਣ ਲੱਗਾ ਕਿ ਜੇ ਮੈਂ ਨਾ ਹੁੰਦਾ ਤਾਂ ਗੁਰੂ ਜੀ ਕਦੇ ਨਾ ਜਿੱਤਦੇ। ਜਾਣੀ-ਜਾਣ ਸਤਿਗੁਰੂ ਨੇ ਫੇਰ ਵੀ ਇਹਨੂੰ ਆਪਣੇ ਦਿਆਲੂ ਸੁਭਾਅ ਅਨੁਸਾਰ ਇੱਕ ਘੋੜਾ ਅਤੇ ਪੋਸ਼ਾਕਾ ਖ਼ਿਲਅੱਤ ਵੱਜੋਂ ਬਖ਼ਸ਼ਿਆ ਅਤੇ ਹੁਕਮ ਦਿੱਤਾ ਕਿ ਦਰਬਾਰ ਵਿੱਚ ਇਹਨੂੰ ਪਹਿਨ ਕੇ ਘੋੜੇ 'ਤੇ ਚੜ੍ਹ ਕੇ ਆਇਆ ਕਰੋ, ਪਰ ਵਿਚਾਰਾ ਇਸਤਰੀ ਦੇ ਅਧੀਨ ਹੋ ਕੇ ਇਹ ਦੋਵੇਂ ਬਖ਼ਸ਼ਿਸ਼ਾਂ ਆਪਣੇ ਜਵਾਈ ਨੂੰ ਦੇ ਬੈਠਾ **(ਜੋਰਾ ਦਾ ਆਖਿਆ ਪੁਰਖ ਕਮਾਵਦੇ ਸੇ ਅਪਵਿਤ ਅਮੇਧ ਖਲਾ ॥ ਕਾਮਿ ਵਿਆਪੇ ਕੁਸੁਧ ਨਰ ਸੇ ਜੋਰਾ ਪੁਛਿ ਚਲਾ ॥) (੩੦੪)** ਤੇ ਦਰਬਾਰ ਵਿਚ ਐਵੇਂ ਹੀ ਆ ਗਿਆ। ਸਤਿਗੁਰੂ ਨੇ ਪੁੱਛਿਆ, "ਪੋਸ਼ਾਕ ਤੇ ਘੋੜਾ ਕਿੱਥੇ ਹਈ?" ਝੂਠ ਬੋਲ ਗਿਆ, "ਗਵਾਚ ਗਏ ਹਨ।" ਜਾਣੀ-ਜਾਣ ਸਤਿਗੁਰੂ ਨੇ ਭਾਈ ਬਿਧੀ ਚੰਦ ਨੂੰ ਇਸ਼ਾਰਾ ਕੀਤਾ। ਉਹਨਾਂ ਝੱਟ ਜਾ ਕੇ ਹੁਸੈਨ ਖਾਂ ਦੇ ਚੁਬਾਰੇ ਚੜ੍ਹ, ਪੋਸ਼ਾਕਾ ਕਿੱਲੀ ਤੋਂ ਲਾਹ ਲਿਆ ਅਤੇ ਤਬੇਲੇ ਵਿੱਚੋਂ ਘੋੜਾ ਖੋਲ੍ਹ ਲਿਆਂਦਾ। ਦੀਵਾਨ ਵਿੱਚ ਹੀ ਮਹਾਰਾਜ ਦੇ ਹਜ਼ੂਰ ਪੇਸ਼ ਕਰ ਦਿੱਤਾ। ਪੈਂਦੇ ਖਾਂ ਫੇਰ ਵੀ ਨਾ ਪਛਤਾਇਆ। ਭੁੱਲ ਵੀ ਨਾ ਮੰਨੀ, ਸਗੋਂ ਮਨ ਵਿੱਚ ਠਾਨ ਲਿਆ ਕੇ ਜਦ ਕਿਤੇ ਸਤਿਗੁਰੂ ਜੰਗਲ ਵਿੱਚ ਸ਼ਿਕਾਰ ਖੇਡਣ ਜਾਣਗੇ, ਕੁਝ ਪਠਾਨਾਂ ਨੂੰ ਨਾਲ ਲੈ ਕੇ ਝਾੜਾਂ ਵਿੱਚ ਲੁਕ ਜਾਵਾਂਗਾ ਅਤੇ ਸਤਿਗੁਰੂ ਨੂੰ ਕਤਲ ਕਰ ਦਿਆਂਗਾ। ਜਾਣੀ-ਜਾਣ ਸਤਿਗੁਰੂ ਦੇ ਸਿੱਖ ਵੀ ਸਿਆਣੇ ਹੁੰਦੇ ਸਨ। ਇਹਨਾਂ ਨੇ ਇਸ ਦੇ ਚਿਹਰੇ ਤੋਂ ਇਹਦੀ ਨੀਯਤ ਬਦਲੀ ਹੋਈ ਦੇਖ ਲਈ। ਦੂਜੇ ਦਿਨ ਸ਼ਿਕਾਰ ਜਾਣ ਸਮੇਂ ਜਥੇ ਬਣਾ ਕੇ ਪੱਕਾ ਪਹਿਰਾ ਰੱਖਿਆ। ਸਾਰੇ ਝਾੜੀਆਂ-ਬੂਟੀਆਂ ਦੀ ਖੋਜ ਕੀਤੀ। ਇੱਕ ਵਿੱਚੋਂ ਪੈਂਦੇ ਖਾਂ ਨੰਗੇ ਸ਼ਸਤਰਾਂ ਸਮੇਤ ਫੜ੍ਹ ਕੇ ਸਤਿਗੁਰੂ ਦੇ ਪੇਸ਼ ਕੀਤਾ ਅਤੇ ਸਿਰ ਲਾਹ ਦੇਣ ਦੀ ਆਗਿਆ ਮੰਗੀ। ਦਇਆ ਦੇ ਸਮੁੰਦਰ ਸਤਿਗੁਰੂ ਨੇ ਆਖਿਆ, "ਜਾਣ ਦਿਓ; ਆਪਣਾ ਪਾਲਿਆ ਹੋਇਆ ਭੁੱਲਣਹਾਰ ਬੱਚਾ ਹੈ।"

ਹੰਕਾਰ ਦਾ ਮੱਤਾ ਹੋਇਆ ਹੱਠੀ ਮੂਰਖ ਫੇਰ ਵੀ ਨਾ ਸਮਝਿਆ। ਸਿੱਧਾ ਲਾਹੌਰ, ਸ਼ਾਹਜਹਾਨ ਕੋਲੋਂ ਫੌਜ ਲੈਣ ਗਿਆ ਪਰ ਵਜ਼ੀਰ ਖਾਂ ਨੇ ਜੋ ਗੁਰੂ ਘਰ ਦਾ ਪ੍ਰੇਮੀ ਸੀ, ਬਾਦਸ਼ਾਹ ਨੂੰ ਆਖਿਆ, "ਇਹ ਨਮਕ

ਹਰਾਮ ਹੈ।" ਬਾਦਸ਼ਾਹ ਨੇ ਮਦਦ ਨਾ ਦਿੱਤੀ। ਸ਼ਰਈ ਅਹਿਲਕਾਰਾਂ ਨੇ ਵਜ਼ੀਰ ਖਾਂ ਦੀ ਤਬਦੀਲੀ ਕਾਬਲ ਕਰਵਾ ਦਿੱਤੀ ਅਤੇ ਪੈਂਦੇ ਖਾਂ ਨੂੰ ਬੜੀ ਭਾਰੀ ਫੌਜ ਦੇ ਕੇ ਸਤਿਗੁਰੂ 'ਤੇ ਚੜ੍ਹਾਈ ਕਰਵਾ ਦਿੱਤੀ। ਹਰਿਗੋਬਿੰਦ ਪੁਰੇ, ਦੋਵੇ ਫੌਜ਼ਾਂ ਆਹਮਣੇ-ਸਾਹਮਣੇ ਆ ਟੱਕਰੀਆਂ। ਜਦ ਯੁੱਧ ਸ਼ੁਰੂ ਹੋ ਗਿਆ ਤਦ ਸਤਿਗੁਰੂ ਜੀ ਨੇ ਬੜੀ ਉੱਚੀ ਪੁਕਾਰਿਆ, "ਪੈਂਦੇ ਖਾਂ! ਗ਼ਰੀਬਾਂ ਨੂੰ ਐਵੇਂ ਕਿਉਂ ਮਰਵਾਉਂਦਾ ਹੈ? ਤੇਰਾ ਗੁੱਸਾ ਤਾਂ ਸਾਡੇ ਨਾਲ ਹੈ, ਸਿੱਧਾ ਆ ਕੇ ਲੜ।" ਹੰਕਾਰੀ ਪਠਾਨ ਚਾਈਂ-ਚਾਈਂ ਘੋੜਾ ਦੁੜਾ ਮੈਦਾਨ ਵਿੱਚ ਆ ਪੁੱਜਾ। ਸਮਝਿਓ ਸੂ ਕਿ ਹੁਣੇ ਸਿਰ ਵੱਢ ਕੇ ਵੈਰ ਲੈ ਲਵਾਂਗਾ। ਓਧਰੋਂ ਸਤਿਗੁਰੂ ਕਾਬਲੀ ਘੋੜੇ 'ਤੇ ਸਵਾਰ ਹੋ ਸਾਹਮਣੇ ਆ ਖਲੋਤੇ। ਹੱਸ ਕੇ ਆਖਣ ਲੱਗੇ, "ਪੈਂਦੇ ਖਾਂ! ਸਾਡਾ ਤਾਂ ਤੇਰੇ ਨਾਲ ਕੋਈ ਗੁੱਸਾ ਨਹੀ, ਤੂੰ ਸਾਡੇ ਨਾਲ ਗੁੱਸੇ ਹੈਂ, ਆਪਣਾ ਗੁੱਸਾ ਕੱਢ ਲੈ, ਆ ਵਾਰ ਕਰ।" ਤਿੰਨ ਵਾਰੀ ਸਤਿਗੁਰੂ ਨੇ ਆਪ ਆਖ ਕੇ ਵਾਰ ਕਰਵਾਏ। ਪਹਿਲਾਂ ਤਾਂ ਮਹਾਰਾਜ ਜੀ ਕਰਤਬ ਵਿੱਦਿਆ ਨਾਲ ਟਾਲ ਗਏ। ਦੂਜੇ ਵਿੱਚ ਮਸਾਂ ਵਾਲ-ਵਾਲ ਬਚੇ। ਤੀਜੇ ਅਤੁੱਟ ਕ੍ਰੋਧ ਭਰੇ ਹੋਏ ਵਾਰ ਨੂੰ ਸ਼ਸਤਰ ਵਿੱਦਿਆ ਦੀ ਪੂਰੀ ਜੁਗਤੀ ਨਾਲ ਸੰਭਾਲਿਆ ਤਾਂ ਸਹੀ ਪਰ ਥੋੜ੍ਹੀ ਜਿਹੀ ਤਲਵਾਰ ਦੀ ਧਾਰ ਸਤਿਗੁਰੂ ਦੇ ਸਰੀਰ ਨਾਲ ਛੋਹ ਗਈ। ਲਹੂ ਤੁਰ ਪਿਆ। ਨਾਲ ਹੀ ਪੈਂਦੇ ਖਾਂ ਦੀ ਤਲਵਾਰ ਵਾਰ ਦੇ ਜ਼ੋਰ ਨੂੰ ਨਾ ਸੰਭਾਲ ਸਕੀ; ਧਰਤੀ 'ਤੇ ਡਿੱਗ ਪਈ। **"ਜਬੈ ਬਾਣ ਲਾਗਿਯੋ ਤਬੈ ਰੋਸ ਜਾਗਿਯੋ।" (ਬਚਿਤ੍ਰ ਨਾਟਕ ਪਾ: ੧●)** ਸਤਿਗੁਰੂ ਨੇ ਉੱਚੀ ਅਵਾਜ਼ ਵਿੱਚ ਆਖਿਆ, "ਪੈਂਦੇ ਖਾਂ! ਤਕੜਾ ਹੋ, ਆਪਣੀ ਤਲਵਾਰ ਸੰਭਾਲ; ਹੁਣ ਸਾਡੀ ਵਾਰੀ ਆਈ ਹੈ।" ਇਹ ਕਹਿੰਦਿਆ ਸਾਰ ਹੀ ਬਿਜਲੀ ਵਤ ਸਤਿਗੁਰੂ ਦਾ ਤੇਗਾ ਚਮਕਿਆ ਅਤੇ ਪੈਂਦੇ ਖਾਂ ਦੇ ਠੀਕ ਸਿਰ ਦੇ ਅੱਧ ਵਿੱਚ ਲੱਗਾ। ਇਹ ਘਾਇਲ ਹੋ ਘੋੜੇ ਤੋਂ ਡਿੱਗ ਪਿਆ। ਗਰਮੀ ਦੇ ਦਿਨ ਸਨ, ਦੁਪਹਿਰ ਦਾ ਵੇਲਾ ਸੀ। ਸੂਰਜ ਦੀਆਂ ਕਿਰਨਾਂ ਪੂਰੇ ਜੋਬਨ ਵਿੱਚ ਸਨ ਅਤੇ ਇਹਦੇ ਚਿਹਰੇ 'ਤੇ ਪੈ ਕੇ ਇਹਨੂੰ ਬੜਾ ਵਿਆਕੁਲ ਕਰ ਰਹੀਆਂ ਸਨ। ਮਿਹਰ ਦੇ ਪੁੰਜ, ਦੀਨ-ਦੁਨੀਆਂ ਦੇ ਕਾਮਲ ਉਸਤਾਦ ਸਤਿਗੁਰੂ, ਇਹਦਾ ਦੁੱਖ ਨਾ ਸਹਾਰ ਸਕੇ। ਘੋੜੇ ਤੋਂ ਉੱਤਰ, ਆਪਣੀ ਢਾਲ ਨਾਲ ਇਹਦੇ ਚਿਹਰੇ 'ਤੇ ਛਾਂ ਕਰ, ਗੋਡੇ 'ਤੇ ਸਿਰ ਰੱਖ, ਆਖਿਆ, "ਪੈਂਦੇ ਖਾਂ! ਪੜ੍ਹ ਕਲਮਾ!" ਇਸ ਦਾ ਹੰਕਾਰ ਟੁੱਟ ਚੁੱਕਾ ਸੀ। ਹੱਥ ਜੋੜ ਬੋਲਿਆ, "ਸੱਚੇ ਪਾਤਸ਼ਾਹ! ਹਜ਼ੂਰ ਦੀ ਤਲਵਾਰ ਮੇਰਾ ਕਲਮਾ!" ਇਹ ਅੱਖਰ ਆਖਦਿਆਂ ਸਾਰ ਹੀ ਫੂਕ ਸਰੀਰ 'ਚੋਂ ਨਿਕਲ ਗਈ ਤੇ ਇਹ ਕੁਝ ਚਿਰ ਲਈ ਬਹਿਸ਼ਤ ਦਾ ਰੰਗ ਮਾਣ ਕੇ ਮਾਣਸ ਜਨਮ ਦਾ ਅਧਿਕਾਰੀ ਬਣਿਆ।

ਖ਼ਾਲਸਾ ਜੀ! ਇਹ ਹੈ ਗੁਰੂ ਘਰ ਦਾ ਸਤਿਆਗ੍ਰਹਿ। ਸਾਡਾ ਕਿਸੇ ਨਾਲ ਵੈਰ-ਵਿਰੋਧ ਨਹੀਂ ਹੋਣਾ ਚਾਹੀਦਾ:

**ਬਿਸਰਿ ਗਈ ਸਭ ਤਾਤਿ ਪਰਾਈ ॥**
**ਜਬ ਤੇ ਸਾਧਸੰਗਤਿ ਮੋਹਿ ਪਾਈ ॥ (੧੨੯੯)**

ਜਿਹੜੀ ਭਾਵਨੀ ਕੋਈ ਵਰਤੇ, ਉਸ ਦੇ ਅਨੁਸਾਰ ਸਿੱਖ ਨੂੰ ਵਰਤਨਾ ਚਾਹੀਦਾ ਹੈ। ਸੋ ਅਸੀਂ ਸਮੁੱਚਾ ਮਿਲਵਰਤਨ ਦਾ ਮਤਾ ਨਾ ਪਾਸ ਕਰੀਏ, ਬਲਕਿ:

**ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ ॥ (੪੭੪)**

ਦੀ ਤਰਮੀਮ ਪਾਸ ਕਰ ਕੇ ਆਪਣੇ ਬਜ਼ੁਰਗਾਂ ਦੀ ਚਾਲੀ 'ਤੇ ਫੁੱਲ ਚੜ੍ਹਾਈਏ:

**ਗੁਰਸਿਖ ਮੀਤ ਚਲਹੁ ਗੁਰ ਚਾਲੀ ॥** (੬੬੭)

ਸਾਰੀ ਸੰਗਤ ਨੇ ਦਾਸ ਦੀ ਬੇਨਤੀ ਨੂੰ ਬੜੀ ਸ਼ਾਂਤੀ ਅਤੇ ਪ੍ਰੇਮ ਨਾਲ ਸੁਣਿਆ। ਇੱਕ ਜੀਅ ਵੀ ਨਾ ਕੁਸਕਿਆ ਪਰ ਨਾ ਮਿਲਵਰਤਨ ਦੀ ਤਹਿਰੀਕ ਦਾ ਕਈ ਹਫਤਿਆਂ ਤੋਂ ਪਹਿਲਾਂ ਹੀ ਪ੍ਰਚਾਰ ਹੁੰਦਾ ਸੀ; ਵੋਟਾਂ ਲੈਣ ਪਰ ਇਹ ਤਹਿਰੀਕ ਦਾ ਮਤਾ ਪਾਸ ਹੋ ਗਿਆ। ਹੋਰ ਕਈ ਮਤੇ ਪਾਸ ਹੋਣ ਦੇ ਮਗਰੋਂ ਲੀਗ ਦਾ ਸ਼ੈਸ਼ਨ ਖ਼ਤਮ ਹੋ ਗਿਆ। ਥੋੜ੍ਹਾ ਚਿਰ ਅਰਾਮ ਕਰਨ ਦੇ ਮਗਰੋਂ ਸੰਗਤਾਂ ਹੁੰਮ-ਹੁਮਾ ਕੇ ਧਾਰਮਿਕ ਦੀਵਾਨ ਵਿੱਚ ਹਾਜ਼ਰ ਹੋ ਗਈਆਂ। ਜਦ ਦੀਵਾਨ ਭਰਪੂਰ ਹੋ ਗਿਆ ਤਦ ਸਾਧ-ਸੰਗਤ ਅੱਗੇ ਦਾਸ ਨੇ ਬੇਨਤੀ ਕੀਤੀ ਕਿ ਖਾਲਸਾ ਜੀ! ਸਾਡੀ ਗੁਰਦੁਆਰਿਆਂ ਸੰਬੰਧੀ ਬੜੀ ਆਪੋ-ਧਾਪੀ ਪੈ ਰਹੀ ਹੈ। ਇੱਕ ਪਾਸੇ ਭਾਈ ਤੇਜਾ ਸਿੰਘ ਜੀ ਭੁੱਚਰ ਆਪਣੇ ਮਨ ਦੀ ਮੌਜ ਨਾਲ ਜਥਾ ਲੈ ਕੇ ਸੂਬਾ ਸਰਹੰਦ ਵੱਲ ਗੁਰਦੁਆਰਿਆਂ ਉੱਤੇ ਕਬਜ਼ਾ ਕਰਨ ਵਾਸਤੇ ਤੁਰੇ ਹੋਏ ਹਨ ਅਤੇ ਓਧਰੋਂ ਰੋਜ਼ ਖ਼ਬਰਾਂ ਆ ਰਹੀਆਂ ਹਨ ਕਿ ਸਹਿਜਧਾਰੀ ਆਪਣੇ ਘਰਾਂ ਅਤੇ ਧਰਮਸਾਲਾਂ ਵਿੱਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਚੁੱਕ ਕੇ ਜਲ-ਪ੍ਰਵਾਹ ਕਰ ਰਹੇ ਹਨ। ਦੂਜੇ ਪਾਸੇ ਪਿੰਡਾਂ ਤੇ ਸ਼ਹਿਰਾਂ ਵਿੱਚ ਜਿਸ ਦਾ ਜੀਅ ਕਰਦਾ ਹੈ ਕਈ ਸਾਥੀ ਬਣਾ ਕੇ ਮਹੰਤਾਂ ਦੇ ਦੁਆਲੇ ਹੋ ਜਾਂਦਾ ਹੈ, ਨਾ ਕੋਈ ਜੁਗਤ, ਨਾ ਕੋਈ ਮਰਯਾਦਾ। ਇਸ ਲਈ ਲੋੜ ਹੈ ਕਿ ਪੰਥ ਵਿੱਚ ਕੋਈ ਸ਼੍ਰੋਮਣੀ ਜਥੇਬੰਦੀ ਕੀਤੀ ਜਾਵੇ ਜਿਹੜੀ ਕਿ ਖ਼ਾਲਸਾ ਜੀ ਦੇ ਸਾਰੇ ਕਾਰਜਾਂ ਨੂੰ ਇੱਕ ਲੜੀ ਵਿੱਚ ਪਰੋ ਕੇ ਪੂਰੀ ਜੁਗਤ ਅਤੇ ਵਿਚਾਰਾਂ ਨਾਲ ਤੋਰੇ। ਹੁਣ ਸਮਾਂ ਆ ਗਿਆ ਹੈ ਕਿ ਸਾਰੇ ਪੰਥ ਨੂੰ ਇਕ ਝੰਡੇ ਹੇਠਾਂ ਇਕੱਠਾ ਕੀਤਾ ਜਾਏ। ਸੋ, ਖ਼ਾਲਸਾ ਜੀ! ਹੰਭਲਾ ਮਾਰੋ ਤੇ ਗੁਰੂ ਖ਼ਾਲਸਾ ਦੀਵਾਨ ਪ੍ਰਗਟ ਕਰਦੇ ਹੋਏ ਇਸ ਦੇ ਵਿੱਦਿਅਕ, ਭਾਈਚਾਰਕ, ਮੁਲਕੀ, ਗੁਰਦੁਆਰਾ ਪ੍ਰਬੰਧ, ਆਤਮ-ਵਿਚਾਰ ਅਤੇ ਪ੍ਰਚਾਰ ਦੇ ਮਹਿਕਮੇ ਬਣਾਓ। ਹਰ ਇੱਕ ਸ਼ਾਖ ਦਾ ਵੱਖਰਾ-ਵੱਖਰਾ ਸਕੱਤਰ ਹੋਵੇ ਅਤੇ ਸਾਰੇ ਸ਼੍ਰੋਮਣੀ ਪ੍ਰਧਾਨ ਦੇ ਸਕੱਤਰ ਦੀ ਆਗਿਆ ਵਿੱਚ ਚੱਲਣ। ਸਾਧ-ਸੰਗਤ ਨੇ ਏਸ ਵਿਚਾਰ ਨੂੰ ਬੜੀ ਗਹੁ ਨਾਲ ਸੁਣਿਆ। ਭਾਈ ਕਰਤਾਰ ਸਿੰਘ ਝਬਰ ਨੇ ਏਸ ਦੀ ਬੜੀ ਜ਼ੋਰ ਨਾਲ ਪ੍ਰੋੜ੍ਹਤਾ ਕੀਤੀ ਪਰ ਵਿੱਚੋਂ ਹੀ ਜੋਸ਼ ਦਾ ਭਰਿਆ ਹੋਇਆ ਇੱਕ ਸਿੰਘ ਬੋਲ ਉੱਠਿਆ ਕਿ ਸਾਨੂੰ ਏਡੀ ਵੱਡੀ ਜਥੇਬੰਦੀ ਦੀ ਜ਼ਰੂਰਤ ਨਹੀਂ, ਅਸਾਂ ਤਾਂ ਛੇਤੀ ਤੋਂ ਛੇਤੀ ਗੁਰਦੁਆਰੇ ਆਪਣੇ ਹੱਥਾਂ ਵਿੱਚ ਲੈਣੇ ਹਨ। ਲੋੜ ਕੇਵਲ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬਣਾਉਣ ਦੀ ਹੈ। ਲੀਗ ਵਿੱਚ ਦਾਸ ਦੇਖ ਚੁੱਕਾ ਸੀ ਕਿ ਵਿਚਾਰ ਨਾਲੋਂ ਜੋਸ਼ ਦਾ ਪਲੜਾ ਏਸ ਸਮੇਂ ਭਾਰੀ ਹੈ। ਏਸ ਲਈ ਸਾਧ-ਸੰਗਤ ਅੱਗੇ ਅਰਦਾਸ ਕੀਤੀ ਕਿ ਚੰਗਾ ਭਾਈ! ਗੁਰਦੁਆਰਿਆਂ ਦੀ ਕਮੇਟੀ ਬਣਾ ਲਓ ਪਰ ਇਹਦੇ ਵਿੱਚ ਢਿੱਲ ਨਾ ਕਰੋ ਸਤਿਗੁਰੂ ਸੱਚੇ ਪਾਤਸ਼ਾਹ ਦੀ ਨਿਰਾਦਰੀ ਸਹੀ ਨਹੀਂ ਜਾਂਦੀ। ਓਸੇ ਵੇਲੇ ਸਾਧ-ਸੰਗਤ ਨੇ ਗਿਆਰਾਂ ਸਿੰਘਾਂ ਦੀ ਪ੍ਰੋਵੀਜ਼ਨਲ ਕਮੇਟੀ ਬਣਾ ਦਿੱਤੀ ਤੇ ਆਗਿਆ ਕੀਤੀ ਕਿ ਲੀਗ ਦੇ ਸੈਸ਼ਨ ਮਗਰੋਂ ਇਹ ਸੱਜਣ ਅਕਾਲ ਤਖ਼ਤ ਸਾਹਿਬ 'ਤੇ ਇਕੱਠੇ ਹੋ ਕੇ ਮੁੱਢਲੇ ਨਿਯਮ ਬਣਾ ਲੈਣ ਅਤੇ ਸਰਬੱਤ ਸਿੰਘ ਸਭਾਵਾਂ, ਜਥਿਆਂ, ਸਕੂਲਾਂ ਆਸ਼ਰਮਾਂ ਤੇ ਸੰਪਰਦਾਵਾਂ ਨੂੰ ਸੱਦੇ-ਪੱਤਰ ਭੇਜ ਕੇ ਛੇਤੀ ਤੋਂ ਛੇਤੀ ਅਕਾਲ ਤਖਤ ਸਾਹਿਬ 'ਤੇ ਗੁਰੂ ਪੰਥ ਦੀ ਇਕੱਤ੍ਰਤਾ ਸੱਦਣ ਅਤੇ ਉਸ ਦੇ ਫੈਸਲੇ ਅਨੁਸਾਰ ਗੁਰਦੁਆਰਾ ਪ੍ਰਬੰਧਕ ਕਮੇਟੀ ਬਨਾਉਣ।

ਜਦ ਲੀਗ ਦਾ ਸਾਰਾ ਸੈਸ਼ਨ ਸਮਾਪਤ ਹੋ ਗਿਆ ਤਦ ਪ੍ਰੋਵੀਜ਼ਨਲ ਕਮੇਟੀ ਦੇ ਸਾਰੇ ਮੈਂਬਰ ਅਕਾਲ ਤਖ਼ਤ ਸਾਹਿਬ ਜਾ ਜੁੜੇ। ਹੇਠ ਲਿਖੇ ਸੱਜਣ ਹਾਜ਼ਰ ਸਨ:

| | |
|---|---|
| ੧. ਪ੍ਰੋਫੈਸਰ ਜੋਧ ਸਿੰਘ ਜੀ, | ੨. ਬਾਵਾ ਹਰਕਿਸ਼ਨ ਸਿੰਘ ਜੀ, |
| ੩. ਮਾਸਟਰ ਮੋਤਾ ਸਿੰਘ ਜੀ, | ੪. ਭਾਈ ਜਸਵੰਤ ਸਿੰਘ ਜੀ ਝੱਬਾਲ, |
| ੫. ਭਾਈ ਸਰਮੁਖ ਸਿੰਘ ਜੀ ਝੱਬਾਲ, | ੬. ਭਾਈ ਤੇਜਾ ਸਿੰਘ ਜੀ ਅਕਰਪੁਰ, |
| ੭. ਭਾਈ ਦੀਦਾਰ ਸਿੰਘ ਜੀ, | ੮. ਦਾਸ ਅਤੇ ਤਿੰਨ ਹੋਰ ਸੱਜਣ। |

## ਅਕਾਲ ਤਖ਼ਤ ਦੀ ਸੇਵਾ ਕਰਨੀ

ਬੜੀ ਬਹਿਸ ਅਤੇ ਵਿਚਾਰ ਦੇ ਮਗਰੋਂ ਇਹ ਫੈਸਲਾ ਹੋਇਆ ਕਿ ਏਸ ਗੁਰੂ ਪੰਥ ਦੇ ਇਕੱਠ ਵਿੱਚ ਉਹ ਸਿੱਖ ਸੱਜਣ ਨੇਤਾ ਹੋ ਕੇ ਆਵਣ ਜਿਹੜੇ ਕਿ ਹਰ ਰੋਜ਼ ਅੰਮ੍ਰਿਤ ਵੇਲੇ ਪਹਿਰ ਦੇ ਤੜਕੇ ਜਾਗਦੇ ਹੋਣ ਅਤੇ ਪੰਜਾਂ ਬਾਣੀਆਂ ਦਾ ਪਾਠ ਕਰਦੇ, ਦਸਵੰਧ ਕੱਢਦੇ ਅਤੇ ਚੌਹਾਂ ਕੁਰਹਿਤਾਂ ਤੋਂ ਰਹਿਤ ਹੋਣ। ਇਹ ਗੁਰਮਤਾ ਪਾਸ ਹੁੰਦੇ ਹੀ ਫੈਸਲਾ ਹੋਇਆ ਕਿ ਚਿੱਠੀਆਂ ਅਤੇ ਇਸ਼ਤਿਹਾਰਾਂ ਦੁਆਰਾ ਸਮੁੱਚੇ ਪੰਥ ਦੇ ਗੁਰਦੁਆਰਿਆਂ, ਸਿੰਘ ਸਭਾਵਾਂ, ਜੱਥਿਆਂ, ਆਸ਼ਰਮਾਂ ਅਤੇ ਸੰਪਰਦਾਵਾਂ ਦੇ ਪ੍ਰਤੀਨਿਧ ਨੀਯਤ ਤਾਰੀਖ ਤੇ ਬੁਲਾਏ ਜਾਣ।

ਸੱਦਾ ਪੱਤਰ ਭੇਜਣ ਅਤੇ ਇਕੱਤਰਤਾ ਵਿਚਕਾਰ ਜੋ ਸਮਾਂ ਮਿਲਿਆ, ਦਾਸ ਗੁਰੂਸਾਗਰ ਸਾਹਿਬ ਮਸਤੂਆਣਾ ਅਕਾਲ ਕਾਲਜ ਦੀ ਸੰਭਾਲ ਕਰ ਆਇਆ। ਪੰਥ ਦੇ ਸਮਾਗਮ ਤੋਂ ਦੋ ਕੁ ਦਿਨ ਪਹਿਲਾਂ ਦਾਸ ਲਾਹੌਰ ਪੁੱਜਾ। ਏਥੇ ਡੇਹਰਾ ਸਾਹਿਬ ਅੰਮ੍ਰਿਤ ਵੇਲੇ ਦੇ ਦੀਵਾਨ ਦੇ ਪਿੱਛੋਂ ਇਕ ਪ੍ਰੇਮੀ ਨੇ ਘਰ ਲੈ ਜਾ ਕੇ ਬੜੀ ਇਕਾਂਤ ਵਿਚ ਬੇਨਤੀ ਕੀਤੀ, "ਪਤਾ ਲੱਗਾ ਹੈ, ਅਕਾਲ ਤਖਤ ਸਾਹਿਬ ਉਤੇ ਨਿਹੰਗਾਂ ਦੇ ਦੋਵੇਂ ਦਲ ਖਾਸ ਸਮਾਂ ਵੇਖ ਕੇ ਕਬਜ਼ਾ ਕਰਨ ਲਈ ਆਵਣਗੇ। ਅਕਾਲੀਆਂ ਤੇ ਇਹਨਾਂ ਦਾ ਟਾਕਰਾ ਹੋ ਜਾਏਗਾ। ਫੇਰ ਪੁਲਿਸ ਆਵੇਗੀ ਅਤੇ ਉਸ ਦੇ ਮਗਰ ਹੀ ਫੌਜ। ਤੁਸੀਂ ਏਸ ਸਮਾਗਮ ਵਿੱਚ ਨਾ ਜਾਣਾ।" ਇਹ ਸੁਣ ਦਾਸ ਚੁਪ ਕਰ ਰਿਹਾ ਅਤੇ ਪ੍ਰੇਮੀ ਦਾ ਪ੍ਰੇਮ ਲੈ ਸਿੱਧਾ ਅਕਾਲ ਤਖਤ ਸਾਹਿਬ ਤੇ ਆ ਪੁੱਜਾ। ਪ੍ਰੋਵੀਜ਼ਨਲ ਕਮੇਟੀ ਦੇ ਮੈਂਬਰਾਂ ਨੂੰ ਸੱਦ ਭੇਜਿਆ ਅਤੇ ਸਭ ਨਾਲ ਬੈਠ ਕੇ ਏਸ ਸਮੇਂ ਨੂੰ ਨਜਿੱਠਣ ਦੀ ਵਿਚਾਰ ਕੀਤੀ।

ਇਕੱਠ ਤੋਂ ਇਕ ਦਿਨ ਪਹਿਲਾਂ ਹੀ ਦੂਰ-ਦੂਰ ਤੋਂ ਪੰਥ ਦੇ ਨੇਤਾ ਪੁੱਜਣ ਲਗ ਪਏ। ਇਕੱਠ ਦੇ ਦਿਨ ਹੀ ਸਵੇਰ ਨੂੰ ਆਸਾ ਦੀ ਵਾਰ ਦੇ ਸਮੇਂ ਅਕਾਲ ਤਖਤ ਸਾਹਿਬ ਦਾ ਸਾਰਾ ਚੁਗਾਨ ਭਰ ਗਿਆ। ਅਰਦਾਸ ਦੇ ਮਗਰੋਂ ਪ੍ਰੋਵੀਜ਼ਨਲ ਕਮੇਟੀ ਦੀ ਇਕੱਤਰਤਾ ਅਕਾਲ ਤਖਤ ਸਾਹਿਬ ਦੀ ਦੂਜੀ ਛੱਤ ਤੇ ਸ਼ੁਰੂ ਹੋਈ ਤੇ ਗੁਰੂ ਦੀਆਂ ਸੰਗਤਾਂ, ਆਪਣੇ-ਆਪਣੇ ਸੁਭਾਓ ਅਨੁਸਾਰ, ਕੀਰਤਨ ਅਤੇ ਪਰਸਪਰ ਵਿਚਾਰ ਵਿੱਚ ਪਰਚ ਗਈਆਂ। ੧੧ ਵਜੇ ਦੇ ਨੇੜੇ ਸਾਰੀ ਸੰਗਤ ਗੁਰੂ ਕੇ ਲੰਗਰ ਵਿੱਚ ਪ੍ਰਸ਼ਾਦ ਛਕਣ ਲਈ ਗਈ। ਅਕਾਲ ਤਖਤ ਸਾਹਿਬ ਤੇ ਇਕ ਗ੍ਰੰਥੀ ਸਿੰਘ ਸਤਿਗੁਰੂ ਜੀ ਦੇ ਤਾਬੇ ਅਤੇ ਪ੍ਰੋਵੀਜ਼ਨਲ ਕਮੇਟੀ ਦੇ ਗਿਆਰਾਂ ਮੈਂਬਰ ਰਹਿ ਗਏ। ਹੇਠਲੇ ਦੀਵਾਨ ਅਸਥਾਨ ਵਿੱਚ ਵੀ ਕੋਈ ਟਾਵਾਂ-ਟਾਵਾਂ ਪ੍ਰੇਮੀ ਆਉਂਦਾ ਜਾਂਦਾ ਨਜ਼ਰ ਪੈਂਦਾ। ਐਨ ਏਸ ਵੇਲੇ ਅਕਾਲ ਤਖਤ ਸਾਹਿਬ ਦੀਆਂ ਹੇਠਲੀਆਂ ਪੌੜੀਆਂ ਤੋਂ 'ਅਕਾਲ ਅਕਾਲ', 'ਸਤਿ ਸ੍ਰੀ ਅਕਾਲ, ਗੁਰਬਰ ਅਕਾਲ' ਦੀ ਗੂੰਜ ਉੱਠੀ। ਮਿੰਟਾਂ ਵਿੱਚ ਹੀ ਦੋ ਢਾਈ ਸੌ ਨਿਹੰਗ ਸਿੰਘ ਸਨਧਬੱਧ, ਢਾਲੇ ਕਮਰ ਪਿੱਛੇ ਬੱਧੀ, ਸ੍ਰੀ ਸਾਹਿਬ ਸਜਾਈ, ਟਾਕੂਆਂ ਤੇ ਭਾਲਿਆਂ ਦੀ ਲਿਸ਼ਕਾਰ ਵਿੱਚ ਤਖਤ ਸਾਹਿਬ ਤੇ ਆ ਗਏ ਅਤੇ ਆਪਣੀ ਮਰਿਯਾਦਾ ਅਨੁਸਾਰ ਪ੍ਰਕਰਮਾਂ ਕਰਨ ਲਗ ਪਏ। ਇਹ ਦੇਖ ਕੇ ਭਾਈ ਜੋਧ ਸਿੰਘ ਜੀ ਉਤਲੀ ਛਤ ਤੋਂ ਹੀ ਉੱਠ ਕੇ ਆਖਣ ਲਗੇ, "ਖਾਲਸਾ ਜੀ, ਇਹ ਗੁਰੂ ਕਾ ਤਖਤ ਹੈ; ਏਥੇ ਰੌਲਾ ਨਹੀਂ ਪਾਉਣਾ।" ਪਰ ਦਾਸ ਨੂੰ ਪ੍ਰੇਮੀ ਦੀ ਸੁਣਾਈ ਹੋਈ ਗੱਲ ਏਸ ਸਮੇਂ ਕੰਮ ਆ ਗਈ। ਸਾਰੇ ਨਕਸ਼ੇ ਦਾ ਪਹਿਲਾ ਹਿੱਸਾ ਸਾਹਮਣੇ ਆ ਗਿਆ। ਓਸੇ ਵੇਲੇ ਚਾਦਰ ਦੀ ਬੁੱਕਲ ਮਾਰ ਕੇ ਤੇ ਹੱਥ ਜੋੜ, ਇਹਨਾਂ ਵਿਚ ਆ ਵੜਿਆ ਅਤੇ ਸੱਜਾ ਹੱਥ ਸਤਿਗੁਰੂ ਵੱਲ ਰਖ, ਪ੍ਰਕਰਮਾਂ ਕਰਨ ਲਗ ਪਿਆ। ਬੜੀ ਨਿਮਰਤਾ ਸਹਿਤ ਬੇਨਤੀ ਕੀਤੀ, "ਖਾਲਸਾ ਜੀ! ਤਖਤ ਸਾਹਿਬ ਤੇ ਰੌਲਾ ਰੱਪਾ ਚੰਗਾ ਨਹੀ', ਆਓ ਬੈਠ ਕੇ ਗੁਰਮਤਾ ਕਰ ਲਈਏ।" ਇਹ ਅੱਖਰ ਅਜੇ ਦਾਸ ਦੇ ਮੂੰਹ ਵਿੱਚ ਹੀ ਸਨ ਕਿ ਭਾਈ ਸਾਹਿਬ ਸਿੰਘ ਜੀ ਨਿਹੰਗ ਬੋਲ ਉੱਠੇ, "ਇਹ ਵੀ ਸਿੰਘ-ਸਭੀਆਂ ਨਾਲ ਰਲ ਗਿਆ ਹੈ; ਗ੍ਰੰਥੀ ਨੂੰ ਅਤੇ ਇਹਨੂੰ ਤਖਤ ਸਾਹਿਬ ਤੋ ਹੇਠਾਂ ਸੁੱਟ ਦਿਓ।" ਕਰਤਾਰ ਦੀ ਨੇਤ, ਪ੍ਰਕਰਮਾ ਕਰਦੇ ਕਰਦੇ ਭਾਈ ਤੇਜਾ ਸਿੰਘ ਜੀ ਬੁੱਢਾ ਦਲ ਦੇ ਜਥੇਦਾਰ ਦੇ

ਨੇਤਰ ਦਾਸ ਨਾਲ ਮਿਲ ਗਏ। ਓਸੇ ਵੇਲੇ ਬੋਲ ਉੱਠੇ, "ਸਾਹਿਬ ਸਿੰਘ! ਚੁੱਪ ਕਰ, ਇਹ ਤਾਂ ਗੁਰੂ ਕਾ ਕੋਈ ਪ੍ਰੇਮੀ ਸਿੱਖ ਹੈ। ਇਹਦੀ ਗੱਲ ਸੁਣਨੀ ਹੀ ਠੀਕ ਹੈ" ਪਰ ਭਾਈ ਸਾਹਿਬ ਸਿੰਘ ਫੇਰ ਨਾ ਰਹਿ ਸਕਿਆ ਤੇ ਬੋਲਿਆ, "ਸੁੱਟ ਦਿਓ ਦੋਹਾਂ ਨੂੰ ਹੇਠਾਂ ਅਤੇ ਕਰ ਲਓ ਤਖ਼ਤ ਸਾਹਿਬ 'ਤੇ ਕਬਜ਼ਾ।" ਭਾਈ ਤੇਜਾ ਸਿੰਘ ਜੀ ਭਾਂਵੇ ਸਰੀਰ ਦੇ ਹੌਲੇ ਤੇ ਮਧਰੇ ਸਨ ਪਰ ਬੰਦਗੀ ਦੀ ਤਾਕਤ ਕਰਕੇ ਬਚਨ ਦੇ ਸੂਰੇ ਤੇ ਹੌਸਲੇ ਦੇ ਪੂਰੇ ਸਨ। ਕੜਕ ਕੇ ਬੋਲ ਉੱਠੇ, "ਚੁੱਪ ਨਹੀਂ ਕਰਦਾ, ਖ਼ਬਰਦਾਰ ਜੇ ਬੋਲਿਆ, ਅਸਾਂ ਏਸ ਸਿੰਘ ਦੀ ਗੱਲ ਜ਼ਰੂਰ ਸੁਣਨੀ ਹੈ।" ਧੰਨ ਹੈ ਸਤਿਗੁਰੂ ਕਲਗੀਆਂ ਵਾਲਾ ਜਿਹੜਾ ਆਪਣੇ ਨਿਮਾਣੇ ਸੇਵਕਾਂ ਦੀ ਆਪ ਲਾਜ ਰੱਖਦਾ ਹੈ। ਛਿਨ ਵਿੱਚ ਜੋਸ਼, ਕ੍ਰੋਧ ਅਤੇ 'ਪਕੜੋ' ਦਾ ਠਾਠਾਂ ਮਾਰਦਾ ਹੋਇਆ ਸਮੁੰਦਰ ਸ਼ਾਂਤ ਹੋ ਗਿਆ। ਫੇਰ ਭਾਈ ਤੇਜਾ ਸਿੰਘ ਜੀ ਪ੍ਰੇਮ ਭਰੀ ਅਵਾਜ਼ ਨਾਲ ਦਾਸ ਵੱਲ ਧਿਆਨ ਦੇ ਕੇ ਬੋਲੇ, "ਗੁਰੂ ਕਿਆ ਸਿੰਘਾ! ਕੀ ਆਖਣਾ ਏ?" ਨਿਮਰਤਾ ਸਹਿਤ ਦਾਸ ਨੇ ਬੇਨਤੀ ਕੀਤੀ, ਪੰਜ ਸਿੰਘ ਤੁਸੀਂ ਥਾਪ ਲਓ, ਪੰਜ ਅਸੀਂ ਚੁਣ ਲੈਂਦੇ ਹਾਂ, ਬੈਠ ਕੇ ਭਰਾਵਾਂ ਵਾਂਗਣ ਆਪਸ ਵਿੱਚ ਸਮੇਂ ਦੀ ਵਿਚਾਰ ਕਰ ਲਈਏ।" ਜੱਥੇਦਾਰ ਸਾਹਿਬ ਨੇ ਓਸੇ ਵੇਲੇ ਆਪਣੇ ਸਾਥੀਆਂ ਦੀ ਸਲਾਹ ਨਾਲ ਪੰਜ ਸਿੰਘ ਚੁਣ ਲਏ। ਇਹਨਾਂ ਵਿਚ ਖੁਦ ਜਥੇਦਾਰ ਸਾਹਿਬ ਤੇ ਭਾਈ ਸਾਧੂ ਸਿੰਘ ਜੀ ਸ਼ਹੀਦ ਬਾਗ਼ ਵਾਲੇ ਸ਼ਾਮਲ ਸਨ। ਏਧਰੋਂ ਖ਼ਾਲਸਾ ਜੀ ਵੱਲੋਂ ਮਾਸਟਰ ਮੋਤਾ ਸਿੰਘ ਜੀ, ਭਾਈ ਤੇਜਾ ਸਿੰਘ ਭੁੱਚਰ, ਬਾਵਾ ਹਰਕਿਸ਼ਨ ਸਿੰਘ ਅਤੇ ਦਾਸ ਸੇਵਾ ਵਿੱਚ ਹਾਜ਼ਰ ਹੋ ਗਏ। ਢਾਈ ਘੰਟੇ ਦੀ ਵਿਚਾਰ ਮਗਰੋਂ ਇਹ ਫੈਸਲਾ ਹੋਇਆ ਕਿ ਬੇਸ਼ਕ ਪੰਥ ਗੁਰਦੁਆਰਿਆਂ ਦੀ ਕਮੇਟੀ ਬਣਾ ਲਵੇ ਅਤੇ ਅਕਾਲ ਤਖ਼ਤ ਸਾਹਿਬ 'ਤੇ ਆਪਣਾ ਕਬਜ਼ਾ ਕਾਇਮ ਰੱਖੋ, ਪਰ ਜੋ ਪੁਰਾਤਨ ਮਰਯਾਦਾ ਅਕਾਲ ਤਖ਼ਤ ਸਾਹਿਬ 'ਤੇ ਚੱਲੀ ਆਉਂਦੀ ਹੈ, ਉਸ ਨੂੰ ਬਦਲਿਆ ਨਾ ਜਾਏ। ਗੁਰੂ ਹਰਿਗੋਬਿੰਦ ਸਾਹਿਬ ਸਾਖੀ ਹਨ; ਇਹ ਬਚਨ ਕਦਾਚਿੱਤ ਨਹੀਂ ਹਾਰਨਾ।

## ਪੰਚ ਮਿਲੇ ਸੋ ਪੀਰਨ ਪੀਰ

ਬਸੰਤੁ ਮਹਲਾ ੫ ਘਰੁ ੨ ਹਿੰਡੋਲ ੧ੴ ਸਤਿਗੁਰ ਪ੍ਰਸਾਦਿ ॥

ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ ॥
ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ ॥੧॥
ਇਨ੍ ਬਿਧਿ ਪਾਸਾ ਢਾਲਹੁ ਬੀਰ ॥
ਗੁਰਮੁਖਿ ਨਾਮੁ ਜਪਹੁ ਦਿਨੁ ਰਾਤੀ ਅੰਤ ਕਾਲਿ ਨਹ ਲਾਗੈ ਪੀਰ ॥੧॥ ਰਹਾਉ॥
ਕਰਮ ਧਰਮ ਤੁਮ੍ ਚਉਪੜਿ ਸਾਜਹੁ ਸਤੁ ਕਰਹੁ ਤੁਮ੍ ਸਾਰੀ ॥
ਕਾਮੁ ਕ੍ਰੋਧੁ ਲੋਭੁ ਮੋਹੁ ਜੀਤਹੁ ਐਸੀ ਖੇਲ ਹਰਿ ਪਿਆਰੀ ॥੨॥
ਉਠਿ ਇਸਨਾਨੁ ਕਰਹੁ ਪਰਭਾਤੇ ਸੋਏ ਹਰਿ ਆਰਾਧੇ ॥
ਬਿਖੜੇ ਦਾਉ ਲੰਘਾਵੈ ਮੇਰਾ ਸਤਿਗੁਰੁ ਸੁਖ ਸਹਜ ਸੇਤੀ ਘਰਿ ਜਾਤੇ ॥੩॥
ਹਰਿ ਆਪੇ ਖੇਲੈ ਆਪੇ ਦੇਖੈ ਹਰਿ ਆਪੇ ਰਚਨੁ ਰਚਾਇਆ ॥
ਜਨ ਨਾਨਕ ਗੁਰਮੁਖਿ ਜੋ ਨਰੁ ਖੇਲੈ ਸੋ ਜਿਣਿ ਬਾਜੀ ਘਰਿ ਆਇਆ ॥੪॥੧॥੧੯॥ (੧੧੮੫)

ਥੋੜ੍ਹੇ ਦਿਨਾਂ ਮਗਰੋਂ ਅਕਾਲ ਤਖ਼ਤ 'ਤੇ ਬੈਠ ਕੇ ਬਹੁਤ ਲੰਮੀ ਵਿਚਾਰ ਮਗਰੋਂ ਇਸ ਨਵੀਂ ਜਥੇਬੰਦੀ ਦੇ ਮੁੱਢਲੇ ਨਿਯਮ ਬਣਾਏ ਤੇ ਨਾਮ ਗੁਰਦੁਆਰਾ ਪ੍ਰਬੰਧਕ ਕਮੇਟੀ ਰੱਖਿਆ। ਨਿਯਮ ਇਹ ਸਨ:

੧. ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਰਹਿਤਵਾਨ, ਪੰਜਾਂ ਬਾਣੀਆਂ ਦੇ ਨਿੱਤਨੇਮੀ, ਅੰਮ੍ਰਿਤ ਵੇਲੇ ਜਾਗਣ ਵਾਲੇ ਹੋਣ।

੨. ਇਹਨਾਂ ਦੀ ਚੋਣ ਵਾਸਤੇ ਪੰਥ ਦਾ ਸਮਾਗਮ ਸੱਦਿਆ ਜਾਏ ਜਿਸ ਵਿੱਚ ਤਖ਼ਤਾਂ, ਸਾਰੀਆਂ ਸਿੰਘ ਸਭਾਵਾਂ, ਜਥਿਆਂ, ਦੀਵਾਨਾਂ, ਸਕੂਲਾਂ ਤੇ ਸਾਰੀਆਂ ਸੰਪਰਦਾਵਾਂ ਦੇ ਪ੍ਰਤੀਨਿਧ ਹੋਣ। ਇਹੋ ਪ੍ਰਤੀਨਿਧ ਅਕਾਲ ਤਖ਼ਤ ਦੀ ਹਜ਼ੂਰੀ ਵਿੱਚ ਜ਼ਿਲ੍ਹੇ ਵਾਰ ਤੇ ਸੰਪਰਦਾਇਕ ਵਾਰ ਆਪਣੇ ਵੱਲੋਂ ਨੁਮਾਇੰਦੇ ਚੁਨਣ।

੩. ਚੋਣ ਦੇ ਮਗਰੋਂ ਸਾਰੇ ਹੋਏ ਮੈਂਬਰ ਵਾਰੀ-ਵਾਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਪੰਜਾਂ ਪਿਆਰਿਆਂ ਦੀ ਹਜ਼ੂਰੀ ਵਿੱਚ ਦੱਸਣ ਕਿ ਉਨ੍ਹਾਂ ਪਾਸੋਂ ਕੋਈ ਕੁਰਹਿਤ ਤਾਂ ਨਹੀਂ ਹੋਈ। ਜਿਸ ਕੋਲੋਂ ਅੱਵਗਿਆ ਹੋਈ ਹੋਵੇ ਉਸ ਨੂੰ ਅੰਮ੍ਰਿਤ ਛਕਾਇਆ ਜਾਏ।

ਸਤਿਗੁਰੂ ਦੀ ਅਪਾਰ ਕ੍ਰਿਪਾ ਦੁਆਰਾ ਇਹ ਨਿਯਮ ਪ੍ਰਚਲਤ ਹੋ ਗਏ। ਇਸ ਪ੍ਰਬੰਧ ਹੇਠ ੧੯੨੩ ਵਿੱਚ ਸੁਧਾਸਰ ਸਰੋਵਰ ਦੀ ਕਾਰ ਸੇਵਾ ਹੋਈ। ਇਹ ਖ਼ਾਲਸਈ ਸ਼ਾਨ ਦਾ ਅਦੁੱਤੀ ਨਜ਼ਾਰਾ ਸੀ ਜੋ ਫੇਰ ਹੋਣਾ ਬਹੁਤ ਹੀ ਕਠਿਨ ਭਾਸ ਰਿਹਾ ਹੈ, ਹਾਂ ਜੇ ਸਤਿਗੁਰੂ ਮਿਹਰ ਕਰਨ ਤੇ ਖ਼ਾਲਸਾ ਜੀ ਵਿੱਚ ਧਾਰਮਿਕ ਜੀਵਨ ਦੀ ਲਹਿਰ ਫੇਰ ਚੱਲ ਪਵੇ ਤਾਂ ਸਤਿਗੁਰੂ ਦੇ ਘਰ ਕੋਈ ਘਾਟਾ ਨਹੀਂ। ਇਹ ਜਲੂਸ ਗੁਰਦੁਆਰਾ ਪਿੱਪਲੀ ਸਾਹਿਬ ਤੋਂ ਅੰਮ੍ਰਿਤ ਵੇਲੇ ੯ ਵਜੇ ਸ਼ੁਰੂ ਹੋਇਆ ਅਤੇ ਰਾਤ ਦੇ ਸਾਢੇ ਨੌਂ ਵਜੇ ਤੱਕ ਬਾਵਰਦੀ ਅਕਾਲੀ ਜਥਿਆਂ ਦਾ ਬਕਾਇਦਾ ਦਰਿਆ ਵਗਦਾ ਰਿਹਾ। ਦੇਸ਼-ਪ੍ਰਦੇਸ਼ ਦੇ ਫੋਟੋਗਰਾਫਰਾਂ ਨੇ ਫਿਲਮਾਂ ਤਕ ਲਈਆਂ ਅਤੇ ਸਾਰੀ ਦੁਨੀਆਂ ਵਿੱਚ ਇਸ ਦੀ ਧਾਕ ਪੈ ਗਈ ਸੀ।

੧੯੨੪-੨੫ ਈਸਵੀ ਵਿੱਚ ਕਈ ਕਾਰਨਾਂ ਕਰਕੇ ਸਰਕਾਰੀ ਤੌਰ 'ਤੇ ਬਿੱਲ ਲੈਣ ਦੀ ਵਿਚਾਰ ਚੱਲੀ। ਇਸ ਦੀ ਛਾਣ-ਬੀਣ ਲਈ ਇੱਕ ਸਬ-ਕਮੇਟੀ ਮੁਕੱਰਰ ਹੋਈ। ਜਿਸ ਦੇ ਮੈਂਬਰ ੧. ਸ: ਨਰੈਣ ਸਿੰਘ ਜੀ ਵਕੀਲ ਗੁਜਰਾਂਵਾਲੇ ੨. ਭਾਈ ਜੋਧ ਸਿੰਘ ੩. ਸ: ਤਾਰਾ ਸਿੰਘ ਐਡਵੋਕੇਟ ਮੋਗਾ ਤੇ ਇਕ ਹੋਰ ਸੱਜਣ ਮੁਕੱਰਰ ਹੋਏ।

ਸ: ਨਰੈਣ ਸਿੰਘ ਜੀ ਨੇ ਸਬ-ਕਮੇਟੀ ਵਾਲਿਆਂ ਨੂੰ ਆਖਿਆ ਕਿ (ਸੰਤ) ਤੇਜਾ ਸਿੰਘ ਜੀ ਪੁਰਾਣੇ ਤਜਰਬੇਕਾਰ ਸੱਜਣ ਹਨ ਇਸ ਖਰੜੇ ਦੀ ਵਿਚਾਰ ਵਾਸਤੇ ਉਹਨਾਂ ਨੂੰ ਵੀ ਨਾਲ ਲਿਆ ਜਾਵੇ। ਦਾਸ ਨੂੰ ਇਸ ਕੰਮ ਲਈ ਪ੍ਰੇਮੀਆਂ ਸ਼ਾਮਲ ਕਰ ਲਿਆ ਤੇ ਸਾਰੇ ਬਿੱਲ ਦੀ ਵਿਚਾਰ ਮੁਕੰਮਲ ਕੀਤੀ ਗਈ।

ਹੋਰ ਸੁਧਾਈਆਂ ਦੇ ਛੁੱਟ ਦਾਸ ਨੇ ਬੇਨਤੀ ਕੀਤੀ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅੰਦਰ ਦੋ ਧੜੇ ਬਣ ਚੁੱਕੇ ਹਨ ਤੁਸੀਂ ਜ਼ਰੂਰ ਹੀ ਸਰ ਮੈਲਕਮ ਹੇਲੀ (Sir Malcolm Hailley) ਗਵਰਨਰ ਪੰਜਾਬ ਕੋਲੋਂ ਲਿਖਤ ਲੈ ਲੈਣੀ ਕਿ ਬਿੱਲ ਪਾਸ ਹੋਣ ਮਗਰੋਂ ਉਹ ਸਾਰੇ ਕੈਦੀ ਜੋ ਗੁਰਦੁਆਰਾ ਸੁਧਾਰ ਲਹਿਰ ਲਈ ਮੋਰਚੇ ਲਾ ਕੇ ਕੈਦ ਹੋ ਰਹੇ ਸਨ, ਉਨ੍ਹਾਂ ਨੂੰ ਇਕੱਠੇ ਛੱਡੇਗਾ। ਪ੍ਰੇਮੀਆਂ ਨੇ ਕਿਹਾ ਕਿ ਇਸ ਦੀ ਲੋੜ ਨਹੀਂ। ਹੇਲੀ ਨੇ ਸਾਡੇ ਨਾਲ ਇਕਰਾਰ ਕਰ ਲਿਆ ਹੈ ਕਿ ਉਹ ਕੋਈ ਗੱਲ ਸਾਡੀ ਸਲਾਹ ਦੇ ਬਗੈਰ ਨਹੀਂ ਕਰੇਗਾ। ਦਾਸ ਨੂੰ ਕੈਨੇਡਾ ਦੀ ਖੇਡ ਵਿੱਚ ਤਜ਼ਰਬਾ ਹੋ ਚੁੱਕਾ ਸੀ। ਹੱਸ ਕੇ ਕਿਹਾ, ਇਹ ਤੁਹਾਡੇ ਨਾਲ ਠੱਗੀ ਕਰੇਗਾ। ਇੱਕ ਧੜੇ ਨੂੰ ਛੱਡ ਦੇਵੇਗਾ ਤੇ ਦੂਜੇ ਨੂੰ ਕੁਝ ਚਿਰ ਬੰਦ ਰੱਖੇਗਾ। ਇਸ ਦਾ ਨਤੀਜਾ ਇਹ ਹੋਵੇਗਾ ਕਿ ਸਾਡੇ ਵਿੱਚ ਜੁੱਤੀ ਖੜਕੇਗੀ।

ਦੂਜੀ ਬੇਨਤੀ, ਜਿਸ ਵਾਸਤੇ ਦਾਸ ਖਾਸ ਤੌਰ 'ਤੇ ਬਿੱਲ ਪਾਸ ਹੋਣ ਸਮੇਂ ਸ਼ਿਮਲੇ ਵੀ ਪਹੁੰਚਿਆ ਸੀ

ਕਿ ਖਾਲਸਾ ਜੀ ਅਕਾਲ ਤਖਤ ਤੇ ਪੰਜ ਪਿਆਰਿਆਂ ਦੀ ਤਾਕਤ ਨਾ ਗਵਾਓ। ਕੁਝ ਸੱਜਣਾਂ ਨੇ ਇਹ ਗੱਲ ਮੰਨ ਵੀ ਲਈ ਪਰ ਇੱਕ ਸੱਜਣ ਦੇ ਮਨ ਵਿਚ ਪਤਾ ਨਹੀਂ ਕੀ ਗੁਜ਼ਰਿਆ ਤੇ ਇਸ ਨੇ ਇਸ ਵਿਚ ਵਿਘਣ ਪਾ ਦਿੱਤਾ। ਦਾਸ ਉਦਾਸ ਹੋ ਕੇ ਗੁਜਰਾਂਵਾਲੇ ਮੁੜ ਆਇਆ। ਜਦ ਸ: ਨਰੈਣ ਸਿੰਘ ਜੀ ਵਕੀਲ ਬਿਲ ਪਾਸ ਕਰਵਾ ਕੇ ਗੁਜਰਾਂਵਾਲੇ ਦਾਸ ਨੂੰ ਮਿਲੇ ਤਦ ਪੁੱਛਣ ਤੋਂ ਪਤਾ ਲਗਾ ਕਿ ਹੇਲੀ ਨੇ ਆਪਣਾ ਇਕਰਾਰ ਪੂਰਾ ਨਹੀਂ ਕੀਤਾ, ਟੈਲੀਫੋਨ ਤੇ ਇਹਨਾਂ ਬਿੱਲ ਪਾਸ ਕਰਵਾਉਣ ਵਾਲੇ ਸੱਜਣਾਂ ਨੂੰ ਜੁਆਬ ਦੇ ਦਿੱਤਾ ਕਿ ਮੈਂ ਆਪਣੀ ਸਪੀਚ ਟਾਈਪ ਕਰਵਾ ਚੁੱਕਾ ਹਾਂ। ਬਦਲੀ ਨਹੀਂ ਜਾ ਸਕਦੀ। ਸਹਿਜ ਸੁਭਾ ਦਾਸ ਦੇ ਮੂੰਹ ਤੋਂ ਇਹ ਬਚਨ ਨਿਕਲੇ, "ਦੇਖ ਲਿਆ, ਚਾਚਾ ਠੱਗੀ ਕਰ ਗਿਆ।" ਬਸ ਹੁਣ ਕੀ ਸੀ ਦੋਹਾਂ ਧੜਿਆਂ ਵਿੱਚ ਸਟੇਜ਼ ਅਤੇ ਅਖਬਾਰਾਂ ਵਿੱਚ ਬਹੁਤ ਬੁਰੀ ਤਰ੍ਹਾਂ ਖਿੱਚੋਤਾਣ ਪ੍ਰਗਟ ਹੋ ਗਈ। ਜਿਸ ਕਰਕੇ ਸਾਰੇ ਪੰਥ ਦਰਦੀਆਂ ਦੇ ਦਿਲਾਂ 'ਤੇ ਬਹੁਤ ਸੱਟ ਵੱਜੀ। ਦਾਸ ਨੇ ਬਾਬਾ ਕੇਹਰ ਸਿੰਘ ਪੱਟੀ ਤੇ ਰਛਪਾਲ ਸਿੰਘ ਜਾਮਾਰਾਈਆਂ ਦੇ ਨਾਲ ਮਿਲ ਕੇ ਦੋਹਾਂ ਧਿਰਾਂ ਨੂੰ ਨਾਲ ਮਿਲਾਉਣ ਦੀ ਵੀ ਕੋਸ਼ਿਸ਼ ਕੀਤੀ ਪਰ ਸਫਲ ਨਾ ਹੋਈ।

੧੯੨੬ ਈਸਵੀ ਵਿੱਚ ਅਕਾਲ ਚਲਾਣੇ ਤੋਂ ਪਹਿਲਾਂ ਸੰਤ ਅਤਰ ਸਿੰਘ ਜੀ ਮਹਾਰਾਜ ਸਿਬੀਆ ਸਰਦਾਰ ਗੋਬਿੰਦਰ ਸਿੰਘ ਦੀ ਕੋਠੀ ਬਿਰਾਜਮਾਨ ਸਨ। ਉੱਥੇ ਕਈ ਸੱਜਣ ਪਹੁੰਚੇ ਅਤੇ ਦੁੱਖ ਭਰੇ ਹਿਰਦਿਆਂ ਤੋਂ ਇਹ ਪੁਕਾਰ ਨਿਕਲੀ। "ਮਹਾਰਾਜ ਜੀ ਸਾਰੀ ਕੀਤੀ ਕਤਰੀ ਖੂਹ ਵਿੱਚ ਪੈ ਗਈ। ਧੜੇ ਬੰਦੀ ਨੇ ਪੰਥ ਦੀ ਬਣੀ-ਬਣਾਈ ਇੱਜ਼ਤ ਤੇ ਪਾਣੀ ਫੇਰ ਦਿੱਤਾ ਹੈ। ਕੋਈ ਉਪਾਉ ਦੱਸੋ ਫਿਰ ਅਸੀਂ ਇੱਕਠੇ ਹੋ ਜਾਈਏ।" ਸੰਤ ਜੀ ਮਹਾਰਾਜ ਨੇ ਫੁਰਮਾਇਆ, "ਗੁਰਮੁਖੋ! ਦੋਹਾਂ ਧੜਿਆਂ ਦੇ ਮੁਖੀ ਸੱਜਣ ਸ੍ਰੀ ਅਕਾਲ ਤਖਤ ਸਾਹਿਬ ਤੇ ਇਕੱਠੇ ਹੋ ਕੇ ਕੀਰਤਨ ਕਰਿਆ ਕਰਨ। ਗੁਰੂ ਕਾ ਸ਼ਬਦ ਮੇਲ ਕਰਵਾ ਦੇਵੇਗਾ।" ਇਹ ਸੁਣ ਗੁਰਮੁਖ ਸੱਜਣਾਂ ਨੇ ਫੇਰ ਨਿਮਰਤਾ ਸਹਿਤ ਬੇਨਤੀ ਕੀਤੀ, "ਮਹਾਰਾਜ ਜੀ ਇਹ ਬੜਾ ਲੰਬਾ ਕੰਮ ਹੈ। ਹੋਰ ਕੋਈ ਅਮਲੀ ਗੱਲ ਦੱਸੋ।" ਇਹ ਬਚਨ ਸੁਣ ਕੇ ਸੰਤ ਜੀ ਆਪਣੇ ਜਲਾਲ ਵਿੱਚ ਆ ਗਏ ਤੇ ਆਖਿਆ, "ਖਾਲਸਾ ਜੀ ਦੁੱਧ ਵੀ ਤੁਹਾਡਾ ਖੰਡ ਵੀ ਤੁਹਾਡੀ ਅਸੀਂ ਤੇ ਉਂਗਲ ਫੇਰਨ ਹੀ ਜਾਣਦੇ ਹਾਂ ਪਰ ਜਿਸ ਸਮੇਂ ਤੁਸੀਂ ਇਕੱਤ੍ਰ ਹੋ ਕੇ ਬਗੈਰ ਲਿਹਾਜ਼ ਦੇ ਪੰਜ ਗੁਰਸਿੱਖ (**ਰਹਿਣੀ ਰਹੈ ਸੋਈ ਸਿਖ ਮੇਰਾ ॥ ਉਹ ਸਾਹਿਬ ਮੈਂ ਉਸ ਕਾ ਚੇਰਾ ॥**) ਆਪਣੇ ਆਗੂ ਚੁਣ ਲਵੋਗੇ ਤੇ ਨਾਲ ਇੱਕ ਗੁਰਮੁਖ ਸਾਖੀ (ਗ੍ਰੰਥੀ) ਬਣਾ ਦਿਉਗੇ, ਜਿਸ ਕੰਮ ਨੂੰ ਗੁਰੂ ਕੀ ਤਾਬੇ ਗੁਰਮਤਾ ਕਰਕੇ ਹੱਥ ਪਾਵੋਗੇ ਫਤਹਿ ਹੋਵੇਗਾ। ਪਰ ਇਹ ਨਾ ਹੋਵੇ ਕਿ ਅੱਜ ਕੋਠੇ ਤੇ ਚਾੜ੍ਹ ਦਿੱਤਾ ਤੇ ਕੱਲ੍ਹ ਪਉੜੀ ਖਿੱਚ ਲਈ। ਜਦ ਤਕ ਇਹ ਪ੍ਰੇਮੀ ਜਿਉਂਦੇ ਰਹਿਣ ਤੇ ਰਹਿਤ ਮਰਿਯਾਦਾ ਵਿੱਚ ਪੱਕੇ ਰਹਿਣ ਤਦ ਤੱਕ ਪੰਥ ਇਹਨਾਂ ਦੀ ਆਗਿਆ ਵਿੱਚ ਰਹੇ।" ਗੁਰੂ ਖਾਲਸਾ ਜੀ ਏਸ ਵੇਲੇ ਪੰਥ ਦੀ ਹਾਲਤ ਬੜੀ ਦਰਦਨਾਕ ਤੇ ਹਾਸੋਹੀਣੀ ਹੋ ਚੁੱਕੀ ਹੈ। ਇਸ ਸਮੇਂ ਨਾਸਤਕਾ, ਅਵਿਸ਼ਵਾਸ, ਖੁਦ ਗਰਜ਼ੀ ਅਤੇ ਪਾਟੋ ਧਾੜ ਦੀ ਹਨੇਰੀ ਚਲ ਰਹੀ ਹੈ। ਜਿਸ **ਕਰਕੇ ਬਹੁਤ ਬਦਨਾਮੀ ਹੋਈ ਹੈ।**

ਸੰਤ ਅਤਰ ਸਿੰਘ ਜੀ ਮਹਾਰਾਜ ਦੇ ਸ਼ੁਭ ਬਚਨ ਫੁੱਟ ਦੀ ਬੀਮਾਰੀ ਦੇ ਸਹੀ ਇਲਾਜ ਅਜੇ ਤੀਕਰ ਜਮ੍ਹਾਂ ਹਨ। ਉਸੇ ਤਰੀਕੇ ਨਾਲ ਗੁਰਮੁਖ ਰਹਿਤਵਾਨ ਪ੍ਰਤੀਨਿਧ ਸਿੱਖਾਂ ਦਾ ਇਕੱਠ ਅਕਾਲ ਤਖਤ ਸਾਹਿਬ ਤੇ ਕਰ ਕੇ ਪੰਜ ਗੁਰੂ ਕੇ ਸਿੱਖ ਤੇ ਇੱਕ ਸਾਖੀ (ਗ੍ਰੰਥੀ) ਚੁਣ ਲਈਏ ਜਿਹੜੇ ਕਿ ਕਦੀ ਵੀ ਵਜ਼ੀਰ, ਐਮ ਐਲ ਏ ਜਾਂ ਐਮ ਪੀ ਨਾ ਬਣੇ ਹੋਣ ਤੇ ਅੱਗੇ ਉਹ ਇਸ ਮਾਰਗ ਦੇ ਪਾਂਧੀ ਹੋਣ ਦਾ ਆਪਣੇ ਹਿਰਦੇ ਅੰਦਰ ਕੋਈ ਸੰਕਲਪ ਵੀ ਨਾ ਰੱਖਦੇ ਹੋਣ ਤੇ ਇਨ੍ਹਾਂ ਗੁਰਦੁਆਰਿਆਂ ਚੋਣਾਂ ਦੀ ਲਾਅਨਤ ਤੋਂ ਬਚੀਏ (ਜੋ ਭੇੜੈ ਤਰੀਕਿਆਂ ਨਾਲ ਕੀਤੀਆਂ ਜਾਂਦੀਆਂ ਹਨ), ਜਿਨ੍ਹਾਂ ਨੇ ਪੰਥ ਦੀ ਧੜੇਬੰਦੀ ਦਾ ਮੁੱਢ ਪੱਕਾ ਕੀਤਾ ਹੈ। ਜਿਸ ਦੇ ਚੋਣਾਂ ਦੇ ਨਜ਼ਾਰੇ ਦੇਖ ਕੇ ਇਹ ਤੁੱਕ ਸਾਹਮਣੇ ਆ ਜਾਂਦੀ ਹੈ। **"ਥਾਨਸਟ ਜਗ ਭਰਿਸਟ ਹੋਏ ਡੂਬਤਾ ਇਵ ਜਗੁ ॥"**

ਸਾਰੇ ਗੁਰਦੁਆਰਿਆਂ ਦਾ ਪ੍ਰਬੰਧ ਇਹਨਾਂ ਪੰਜਾਂ ਦੇ ਸਪੁਰਦ ਕਰ ਦੇਈਏ। ਇਹ ਪੰਜੇ ਨਿਰਲੇਪ ਰਹਿਣ ਅਤੇ ਕੋਈ ਪ੍ਰਬੰਧ ਦੀ ਸਿਧੀ ਜੁੰਮੇਵਾਰੀ ਨਾ ਲੈਣ। ਗੁਰਦੁਆਰਿਆਂ ਦੀਆਂ ਪ੍ਰਬੰਧਕ ਕਮੇਟੀਆਂ ਜਾਂ ਗੁਰਮੁਖ ਸੱਜਣ ਆਦਿ ਮੁਕੱਰਰ ਕਰਕੇ ਇਹਨਾਂ ਦੀ ਨਿਗਰਾਨੀ ਤੇ ਕੰਟਰੋਲ ਆਪਣੇ ਹੱਥ ਰੱਖਣ।

ਸਤਿਗੁਰੂ ਸੱਚੇ ਪਾਤਿਸ਼ਾਹ ਦਾ ਹੁਕਮ ਹੈ, "**ਗਿਰਿ ਬਸੁਧਾ ਜਲ ਪਵਨ ਜਾਇਗੋ ਇਕਿ ਸਾਧ ਬਚਨ ਅਟਲਾਧਾ ॥**" **(੧੨੦੪)** ਮਹਾਂ ਪੁਰਸ਼ਾਂ ਦਾ 'ਬਚਨ' ਮਹਾਂ-ਅਕਾਸ਼ ਵਿੱਚ ਗੂੰਜ ਰਿਹਾ ਹੈ। ਜਿੰਨੀ ਛੇਤੀ ਅਮਲ ਕਰਾਂਗੇ, ਸੁੱਖ, ਸ਼ਾਂਤੀ ਅਤੇ ਚੜ੍ਹਦੀ ਕਲਾ ਦੇ ਭਾਗੀ ਹੋਵਾਂਗੇ ਅਤੇ ਇਹਨਾਂ ਪੰਜਾਂ ਸਿੱਖਾਂ ਦੀ ਬਰਕਤ ਦੁਆਰਾ ਅੱਗੋਂ ਪੂਰੇ ਹੋਣ ਵਾਲੇ ਸਾਰੇ ਕਾਰਜ ਫਤਹਿ ਹੋਣਗੇ ਤੇ ਇਸ ਸੰਸਾਰ-ਵਿਆਪੀ ਭਿਆਨਕ ਚੱਕਰ ਵਿੱਚ ਗੁਰੂ ਖਾਲਸਾ ਜੀ ਦਾ ਪਹਿਰਾ ਸਫਲ ਹੋਵੇਗਾ।

. **ਪੰਚ ਪਰਵਾਣ ਪੰਚ ਪਰਧਾਨੁ ॥ ਪੰਚੇ ਪਾਵਹਿ ਦਰਗਹਿ ਮਾਨੁ ॥**
**ਪੰਚੇ ਸੋਹਹਿ ਦਰਿ ਰਾਜਾਨੁ ॥ ਪੰਚਾ ਕਾ ਗੁਰੁ ਏਕੁ ਧਿਆਨੁ ॥ (੩)**

# ਕਾਂਡ ੧੮

ਗੂਜਰੀ ਮਹਲਾ ੫ ॥
ਦਿਨੁ ਰਾਤੀ ਆਰਾਧਹੁ ਪਿਆਰੋ ਨਿਮਖ ਨ ਕੀਜੈ ਢੀਲਾ ॥
ਸੰਤ ਸੇਵਾ ਕਰਿ ਭਾਵਨੀ ਲਾਈਐ ਤਿਆਗਿ ਮਾਨੁ ਹਾਠੀਲਾ ॥੧॥
ਮੋਹਨੁ ਪ੍ਰਾਨ ਮਾਨ ਰਾਗੀਲਾ ॥
ਬਾਸਿ ਰਹਿਓ ਹੀਅਰੇ ਕੈ ਸੰਗੇ ਪੇਖਿ ਮੋਹਿਓ ਮਨੁ ਲੀਲਾ ॥੧॥ਰਹਾਉ॥
ਜਿਸੁ ਸਿਮਰਤ ਮਨਿ ਹੋਤ ਅਨੰਦਾ ਉਤਰੈ ਮਨਹੁ ਜੰਗੀਲਾ ॥
ਮਿਲਬੇ ਕੀ ਮਹਿਮਾ ਬਰਨਿ ਨ ਸਾਕਉ ਨਾਨਕ ਪਰੈ ਪਰੀਲਾ ॥੨॥੪॥੧੩॥ (੪੯੮)

ਆਪਸ ਵਿੱਚ ਗੁਰਮਤਾ ਕਰਦਿਆਂ-ਕਰਦਿਆਂ ਢਾਈ ਘੰਟੇ ਲੰਘ ਗਏ। ਏਨੇ ਚਿਰ ਵਿੱਚ ਸਾਰੀ ਸਾਧ-ਸੰਗਤ ਪ੍ਰਸ਼ਾਦ ਛਕ ਕੇ ਅਕਾਲ ਤਖ਼ਤ ਦੇ ਸਾਹਮਣੇ ਆ ਇਕੱਠੀ ਹੋਈ। ਨਿਹੰਗ ਸਿੰਘ ਅਤੇ ਹੋਰ ਗੁਰਮੁਖ ਸੱਜਣ ਅਕਾਲ ਤਖ਼ਤ ਸਾਹਿਬ ਉੱਤੇ ਸਜ ਗਏ। ਪ੍ਰੋਵੀਜ਼ਨਲ ਕਮੇਟੀ ਦੇ ਮੈਂਬਰ ਕੁਝ ਵਿਚਾਰ ਕਰਨ ਅਤੇ ਪ੍ਰਸ਼ਾਦ ਛਕਣ ਦੇ ਮਗਰੋਂ ਦੀਵਾਨ ਅਸਥਾਨ 'ਤੇ ਆ ਗਏ। ਬਾਬਾ ਕੇਹਰ ਸਿੰਘ ਜੀ ਪੰਥ ਦੇ ਠਾਠਾਂ ਮਾਰਦੇ ਇਕੱਠ ਨੂੰ ਵੇਖ ਕੇ ਸੁਤੇ-ਸਹਿਜ ਬੋਲ ਉੱਠੇ। ਇਹ ਇਕੱਠ ਸੰਤ ਤੇਜਾ ਸਿੰਘ ਮਸਤੂਆਣਾ ਹੀ ਸਾਂਭ ਸਕਦੇ ਹਨ, ਇਹ ਸਭ ਦੇ ਸਾਂਝੇ ਹਨ, ਕਿਸੇ ਧੜੇ ਨਾਲ ਨਹੀਂ। ਇਹ ਆਖਦੇ ਸਾਰ ਹੀ ਬੜੀ ਉੱਚੀ ਅਵਾਜ਼ ਵਿੱਚ ਉਹਨਾਂ ਨੇ ਦਾਸ ਦਾ ਨਾਉ ਜਥੇਦਾਰੀ ਲਈ, ਸਾਧ-ਸੰਗਤ ਦੇ ਪੇਸ਼ ਕਰ ਦਿੱਤਾ। ਸਾਰਿਆਂ ਨੇ ਉੱਚੀ ਅਵਾਜ਼ ਵਿੱਚ 'ਸਤਿ ਸ੍ਰੀ ਅਕਾਲ' ਦਾ ਜੈਕਾਰਾ ਬੁਲਾ ਦਿੱਤਾ। ਫਿਰ ਮਾਸਟਰ ਮੋਤਾ ਸਿੰਘ ਜੀ ਮੁਖਾਲਫ਼ਤ ਕਰਨ ਵਾਸਤੇ ਉੱਠੇ ਪਰ ਇਹਨਾਂ ਦੀ ਅਵਾਜ਼ ਸਾਧ-ਸੰਗਤ ਦੇ ਜੈਕਾਰੇ ਵਿੱਚ ਦੱਬ ਗਈ। ਸਾਧ-ਸੰਗਤ ਦਾ ਪ੍ਰਭਾਵ ਦੇਖ ਕੇ ਇਹ ਵੀ ਚੁੱਪ ਹੋ ਕੇ ਬੈਠ ਗਏ।

ਪੰਥ ਦਾ ਹੁਕਮ ਮੰਨ, ਦਾਸ ਅਕਾਲ ਤਖ਼ਤ ਸਾਹਿਬ ਉੱਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬੇ ਜਾ ਹਾਜ਼ਰ ਹੋਇਆ। ਦਾਸ ਦੇ ਸੱਜੇ ਪਾਸੇ ਸਿੰਘ ਸਾਹਿਬ ਸਾਧੂ ਸਿੰਘ ਜੀ ਸ਼ਹੀਦ ਬਾਗ਼ ਵਾਲੇ ਬੈਠੇ ਸਨ। ਇਹਨਾਂ ਵਿੱਚੋਂ ਕਰਤਾਰ ਵੱਲੋਂ ਇੱਕ ਲਹਿਰ ਚੱਲ ਪਈ। ਬੋਲ ਉੱਠੇ, "ਗੁਰੂ! ਗੁਰੂ! ਗੁਰੂ! ਪਹਿਲਾਂ ਮਸੰਦਾਂ ਦਾ ਪਹਿਰਾ ਸੀ। ਹੁਣ ਇੱਛਾਧਾਰੀ ਖ਼ਾਲਸਾ ਏਸ ਪਹਿਰੇ 'ਤੇ ਆਉਣ ਲੱਗਾ ਹੈ, ਇਹ ਵੀ ਨਹੀਂ ਨਿਭਣਾ। ਇੱਕ ਦਿਨ ਨਿਰ-ਇੱਛਤ ਖ਼ਾਲਸਾ ਏਸ ਤਖ਼ਤ 'ਤੇ ਸਜੇਗਾ, ਓਸ ਦਿਨ ਗੁਰੂ ਪੰਥ ਦਾ ਪੂਰਾ ਪ੍ਰਤਾਪ ਪ੍ਰਗਟ ਹੋਵੇਗਾ।"

ਦੋ ਦਿਨ ਦੀ ਬੜੀ ਹੀ ਬਿਖੜੀ ਵਿਚਾਰ ਦੇ ਮਗਰੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਬਣਤਰ ਸਿਰੇ ਚੜ੍ਹੀ। ਮੈਂਬਰਾਂ ਦੀ ਰਹਿਤ-ਬਹਿਤ ਦੀ ਪੜਤਾਲ ਹਿੱਤ ਪੰਜ ਪਿਆਰੇ ਨੀਯਤ ਕੀਤੇ ਗਏ। ਪੜਤਾਲ ਦੇ ਮਗਰੋਂ ਪ੍ਰਧਾਨ, ਸਕੱਤਰ ਤੇ ਅਹੁੱਦੇਦਾਰਾਂ ਦੀ ਚੋਣ ਹੋਈ।

ਏਹ ਸੇਵਾ ਨਜਿੱਠਣ ਦੇ ਮਗਰੋਂ ਦਾਸ ਗੱਡੀ ਚੜ੍ਹ ਸੰਗਰੂਰ ਆ ਉੱਤਰਿਆ। ਸੰਤ ਜੀ ਮਹਾਰਾਜ ਏਥੇ ਕਈ ਦਿਨਾਂ ਦੇ ਆਏ ਹੋਏ ਸਨ। ਹਰ ਸਾਲ ਬੂੜੀਏ ਵਾਲੀ ਮਹਾਰਾਣੀ ਗੁਰੂ ਨਾਨਕ ਸਾਹਿਬ ਦਾ ਜਨਮ ਉਤਸਵ ਬੜੇ ਉਤਸ਼ਾਹ ਨਾਲ ਮਨਾਉਂਦੀ ਅਤੇ ਸੰਤ ਜੀ ਮਹਾਰਾਜ ਨੂੰ ਬੜੇ ਪ੍ਰੇਮ ਨਾਲ ਸੱਤ ਦਿਨ ਪਹਿਲਾਂ ਹੀ ਸੱਦ ਲੈਂਦੀ। ਪੂਰਨਮਾਸ਼ੀ ਵਾਲੇ ਦਿਨ ਅਖੰਡ ਪਾਠ ਦਾ ਭੋਗ ਪਵਾ ਸਾਧ-ਸੰਗਤ ਦਾ ਖੁੱਲ੍ਹਾ ਲੰਗਰ ਕਰਦੀ।

ਕੁਦਰਤੀ ਦਾਸ ਲੰਗਰ ਵਾਲੇ ਦਿਨ ਸੰਗਰੂਰ ਪੁੱਜਾ। ਜਦ ਮਹਾਰਾਜ ਸਾਹਿਬ ਦੇ ਦੀਵਾਨ ਖਾਨੇ ਵਿੱਚ ਆਇਆ ਤਦ ਸੰਤ ਜੀ ਮਹਾਰਾਜ ਪੰਗਤ ਵਿੱਚ ਸਜੇ ਹੋਏ ਸਨ; ਪ੍ਰਸ਼ਾਦ ਵਰਤ ਰਿਹਾ ਸੀ। ਦਿਆਲੂ ਸੰਤ ਜੀ ਮਹਾਰਾਜ ਨੇ ਦਾਸ ਨੂੰ ਦੂਰੋਂ ਹੀ ਵੇਖ ਕੇ ਆਪਣੇ ਪਾਸ ਸੱਦ ਲਿਆ ਅਤੇ ਸੱਜੇ ਹੱਥ ਪ੍ਰਸ਼ਾਦ ਛਕਣ ਲਈ ਬਿਠਾ ਲਿਆ। ਫੇਰ ਪੁੱਛਣ ਲੱਗੇ, "ਭਾਈ ਤੇਜਾ ਸਿੰਘ ਜੀ! ਕਮੇਟੀ ਬਣ ਗਈ ਹੈ?" ਦਾਸ ਨੇ ਬੇਨਤੀ ਕੀਤੀ, "ਹਾਂ ਸੱਚੇ ਪਾਤਸ਼ਾਹ!" ਇਹ ਸੁਣ, ਮਹਾਂਪੁਰਖਾਂ ਨੇ ਸੁਤੇ-ਸਿੱਧ ਹੀ ਇਹ ਬਚਨ ਕੀਤਾ, "ਕਮੇਟੀ ਬਣ ਤਾਂ ਗਈ ਹੈ ਪਰ ਜੇ ਖ਼ਾਲਸਾ ਪੂਜਾ ਖਾਣ ਲਗ ਪਿਆ ਤਾਂ ਪੰਥ ਕਮਜ਼ੋਰ ਹੋ ਜਾਏਗਾ।" ਹੁਣ ਸਭ ਥਾਲ ਪਰੋਸੇ ਗਏ ਅਤੇ ਸਾਧ-ਸੰਗਤ ਵਿੱਚ "**ਕਾਮ ਕ੍ਰੋਧ ਅਰੁ ਲੋਭ ਮੋਹ ਬਿਨਸਿ ਜਾਇ ਅਹੰਮੇਵ ॥**" (੨੬੯) ਦੀ ਗੂੰਜ ਉੱਠੀ ਅਤੇ ਸਾਰੇ ਪ੍ਰਸ਼ਾਦ ਛਕਣ ਲਗ ਪਏ।

ਏਥੋਂ ਸੰਤ ਜੀ ਮਹਾਰਾਜ ਤਾਂ ਇਲਾਕੇ ਵਿੱਚ ਦੌਰਾ ਕਰਨ ਚਲੇ ਗਏ; ਦਾਸ ਗੁਰੂਸਾਗਰ ਸਾਹਿਬ ਮਸਤੂਆਣੇ ਜਾ ਪੁੱਜਾ। ਕੁਝ ਦਿਨਾਂ ਦੇ ਮਗਰੋਂ ਅਕਾਲ ਤਖ਼ਤ ਸਾਹਿਬ 'ਤੇ ਸ਼੍ਰੋਮਣੀ ਪ੍ਰਬੰਧਕ ਕਮੇਟੀ ਦਾ ਸਮਾਗਮ ਹੋਇਆ। ਪੰਥ ਨੇ ਅਕਾਲ ਤਖ਼ਤ ਸਾਹਿਬ ਦੀ ਜਥੇਦਾਰੀ ਦੀ ਸੇਵਾ ਦਾਸ ਨੂੰ ਬਖ਼ਸ਼ੀ ਹੋਈ ਸੀ, ਇਸ ਲਈ ਇਕੱਠ ਤੋਂ ਕੁਝ ਦਿਨ ਪਹਿਲਾਂ ਹੀ ਉੱਥੇ ਜਾਣਾ ਪਿਆ। ਖ਼ਾਲਸੇ ਜੀ ਦੀ ਜਥੇਬੰਦੀ ਦਾ ਭੈ ਸਾਰੇ ਗੁਰਦੁਆਰਿਆਂ ਦੇ ਮਹੰਤਾਂ ਵਿੱਚ ਪੈ ਚੁੱਕਿਆ ਸੀ। ਗੱਡੀ ਵਿੱਚ ਮਾਨਕ ਦਾ ਮਹੰਤ ਦਾਸ ਨੂੰ ਮਿਲਿਆ ਅਤੇ ਆਖਣ ਲੱਗਾ ਕਿ ਮੈਨੂੰ ਅੰਮ੍ਰਿਤ ਛਕਾ ਦੇਵੋ ਅਤੇ ਖ਼ਾਲਸਾ ਜੀ ਦੀ ਨਿਗਰਾਨੀ ਹੇਠ ਸੇਵਾ ਕਰਨ ਦੀ ਆਗਿਆ ਲੈ ਦੇਵੋ। ਏਸੇ ਤਰ੍ਹਾਂ ਹੀ ਲਹਿਰ ਦੇ ਪ੍ਰਤਾਪ ਨੇ ਮਹੰਤ ਨਰਾਇਣ ਦਾਸ ਦਾ ਚਿੱਤ ਪ੍ਰੇਰ ਲਿਆ। ਉਸ ਨੇ ਭਾਈ ਤੇਜਾ ਸਿੰਘ ਭੁੱਚਰ ਵੱਲ ਇੱਕ ਚਿੱਠੀ ਲਿਖੀ। ਜਦ ਅਕਾਲ ਤਖ਼ਤ ਸਾਹਿਬ 'ਤੇ ਪ੍ਰਬੰਧਕ ਕਮੇਟੀ ਦਾ ਇਕੱਠ ਹੋਇਆ ਤਦ ਭਾਈ ਤੇਜਾ ਸਿੰਘ ਨੇ ਉੱਠ ਕੇ ਇਹ ਖ਼ੱਤ ਪੜ੍ਹ ਸੁਣਾਇਆ। ਮਹੰਤ ਨੇ ਲਿਖਿਆ ਸੀ, "ਖ਼ਾਲਸਾ ਜੀ! ਕ੍ਰਿਪਾ ਕਰ ਕੇ ਮੈਨੂੰ ਅੰਮ੍ਰਿਤ ਛਕਾ ਦਿਓ ਅਤੇ ਜਿਹੜੀ ਇਸਤਰੀ ਨਾਲ ਮੇਰਾ ਸੰਬੰਧ ਹੈ, ਉਸ ਨੂੰ ਸਿੱਖ ਬਣਾ ਕੇ ਸਾਡਾ ਅਨੰਦ ਕਾਰਜ ਕਰ ਦੇਵੋ। ਮੈਂ ਸਾਰਾ ਗੁਰਦੁਆਰਾ ਸਾਧ-ਸੰਗਤ ਦੇ ਸਪੁਰਦ ਕਰਨ ਲਈ ਤਿਆਰ ਹਾਂ। ਖ਼ਾਲਸਾ ਜੀ ਮੈਨੂੰ ਸੇਵਕ ਸਮਝ ਕੇ ਜੋ ਗੁਜ਼ਾਰਾ ਦੇਣਗੇ, ਮੈਂ ਮਨਜ਼ੂਰ ਕਰ ਲਵਾਂਗਾ। ਟਾਕਰੇ ਵਿੱਚ ਜੇ ਮੈਂ ਮਰ ਗਿਆ ਤਾਂ ਜ਼ਾਇਦਾਦ ਮੇਰੇ ਕਿਸ ਕੰਮ? ਜੇ ਗੁਰੂ ਕੇ ਸਿੱਖ ਮੇਰੇ ਹੱਥੋਂ ਮਰ ਗਏ ਤਾਂ ਮੈਂ ਕੈਦ ਹੋ ਜਾਵਾਂਗਾ। ਫੇਰ ਵੀ ਜ਼ਾਇਦਾਦ ਮੇਰੇ ਕਿਸ ਕੰਮ?" ਜਦ ਇਹ ਚਿੱਠੀ ਪੜ੍ਹੀ ਗਈ ਤਾਂ ਦਾਸ ਨੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਸਾਧ-ਸੰਗਤ ਪੰਜ ਸਿੰਘ ਨਾਲ ਦੇਵੇ ਤਦ ਦਾਸ ਮਹੰਤ ਨੂੰ ਅੰਮ੍ਰਿਤ ਛਕਾਉਣ ਦੀ ਸੇਵਾ ਨਨਕਾਣੇ ਸਾਹਿਬ ਜਾ ਕੇ ਕਰ ਸਕਦਾ ਹੈ। ਇਹ ਸੁਣ, ਇੱਕ ਗੁਰਮੁਖ ਬੋਲ ਉੱਠਿਆ ਕਿ ਮਹੰਤ, ਅਕਾਲ ਤਖ਼ਤ 'ਤੇ ਆਵੇ ਅਤੇ ਏਥੇ ਹੀ ਉਸ ਨੂੰ ਅਤੇ ਉਸ ਦੇ ਸਾਥੀਆਂ ਨੂੰ ਅੰਮ੍ਰਿਤ ਛਕਾਇਆ ਜਾਵੇ। ਅਜੇ ਇਹ ਗੱਲ ਹੋ ਰਹੀ ਸੀ ਕਿ ਸ. ਨਿਹਾਲ ਸਿੰਘ ਜੁਡੀਸ਼ਲ ਮਨਿਸਟਰ, ਪਟਿਆਲਾ ਨੇ ਸੰਗਤ ਦੇ ਸਾਹਮਣੇ ਮਹੰਤ ਦੇ ਵਿੱਰੁਧ ਇੱਕ ਬੜੀ ਇਸ਼ਤਆਲ ਭਰੀ ਤਕਰੀਰ ਕੀਤੀ। ਇਸ ਦੇ ਮਗਰੋਂ ਭਾਈ ਕਰਤਾਰ ਸਿੰਘ ਝੱਬਰ ਨੇ ਬੜੇ ਭੜਕਾਵੇਂ ਸ਼ਬਦਾਂ ਵਿੱਚ ਇਸ ਦੀ ਤਾਈਦ ਕੀਤੀ ਅਤੇ ਆਖਿਆ ਕਿ ਜਿਹੜੇ ਮਹੰਤ ਦੇ ਬਰਖ਼ਿਲਾਫ਼ ਮੋਰਚਾ ਲਾਉਣ ਦੀ ਤਜਵੀਜ਼ ਸਰਦਾਰ ਸਾਹਿਬ ਨੇ ਕੀਤੀ ਹੈ, ਉਹ ਬਿਲਕੁਲ ਠੀਕ ਹੈ। ਛੇਤੀ ਤੋਂ ਛੇਤੀ ਇਸ ਮੋਰਚੇ ਦੀ ਤਰੀਖ਼ ਨੀਯਤ ਕੀਤੀ ਜਾਵੇ ਅਤੇ ਇਸ਼ਤਿਹਾਰ ਛਪਵਾ ਕੇ ਸਾਰੇ ਪੰਥ ਵਿੱਚ ਇਸ ਦੀ ਖ਼ਬਰ ਦਿੱਤੀ ਜਾਵੇ। ਬਸ ਹੁਣ ਕੀ ਸੀ, ਮਿੰਟਾਂ ਵਿੱਚ ਇਕੱਠ ਦੀ ਲਹਿਰ ਬਦਲ ਗਈ। ਅੰਮ੍ਰਿਤ ਛਕਾਉਣ ਦੀ ਵਿਚਾਰ ਉੱਕੀ ਹੀ ਭੁੱਲ ਗਈ ਅਤੇ ਸਾਰੇ ਬੋਲ ਉੱਠੇ, "ਜ਼ਰੂਰ ਮੋਰਚਾ ਲਾਓ ਅਤੇ ਮਹੰਤ ਨੂੰ ਸਿੱਧਿਆਂ ਕਰੋ।" ਸਿਰਫ਼ ਦੋ ਸਰੀਰ, ਸਰਦਾਰ ਹਰਬੰਸ ਸਿੰਘ ਜੀ ਅਟਾਰੀ ਅਤੇ ਦਾਸ ਨੇ ਇੱਕ ਖ਼ਾਸ ਤਰ੍ਹਾਂ ਦੀ ਸ਼ਰਾਰਤ ਦਾ ਅਨੁਭਵ ਕੀਤਾ ਪਰ ਇਕੱਠ ਅੱਗੇ ਕੀ ਚਾਰਾ ਸੀ? ਇੱਕ ਦੂਜੇ ਵੱਲ ਵੇਖ, ਮਨਾਂ 'ਤੇ ਪੱਥਰ ਧਰ ਕੇ ਚੁੱਪ ਬੈਠੇ ਰਹੇ।

ਮੋਰਚੇ ਦੀ ਤਰੀਕ ਨੀਯਤ ਹੋ ਗਈ ਅਤੇ ਝਟ ਪਟ ਇਸ਼ਤਿਹਾਰ ਛਪ ਕੇ ਸਾਰੇ ਪੰਥ ਵਿੱਚ ਵੰਡੇ ਗਏ।

ਕਰਤਾਰ ਦੀ ਨੇਤ, ਸਮਾਗਮ ਦੀ ਤਰੀਕ ਤੋਂ ਪਹਿਲਾਂ ਹੀ ਸ. ਲਛਮਣ ਸਿੰਘ ਜੀ ਦੀ ਜੱਥੇਦਾਰੀ ਹੇਠ ੧੦੦ ਤੋਂ ਉਪਰ ਸਿੰਘ ਨਨਕਾਣਾ ਸਾਹਿਬ ਚਲੇ ਗਏ ਅਤੇ ਮਹੰਤ ਸਾਹਿਬ ਦੀ ਰਾਹੀਂ ਬੜੀ ਬੇ-ਰਹਿਮੀ ਨਾਲ ਕਤਲ ਹੋਏ। ਜਦ ਖ਼ਾਲਸੇ ਨੂੰ ਇਹ ਖਬਰ ਸਟੇਸ਼ਨ ਮਾਸਟਰ ਕਰਮ ਸਿੰਘ ਅਤੇ ਸ. ਉਤਮ ਸਿੰਘ ਦੇ ਉਦਮ ਨਾਲ ਸਭ ਜਗ੍ਹਾ ਤਾਰਾਂ ਦੁਆਰਾ ਪੁੱਜੀ; ਤਦ ਰੇਲਾਂ ਦੇ ਟਿਕਟ ਬੰਦ ਹੋਣ ਦੇ ਬਾਵਜੂਦ ਬੇਅੰਤ ਸੰਗਤਾਂ ਏਥੇ ਪੁੱਜ ਗਈਆਂ। ਪ੍ਰਬੰਧਕ ਕਮੇਟੀ ਦੇ ਸੇਵਾਦਾਰ ਵੀ ਹਾਜ਼ਰ ਹੋ ਗਏ ਅਤੇ ਹੌਂਸਲੇ ਅਤੇ ਜੁਗਤ ਨਾਲ ਨਨਕਾਣੇ ਸਾਹਿਬ ਦਾ ਪ੍ਰਬੰਧ ਪੰਥ ਦੇ ਹੱਥ ਆ ਗਿਆ।

## ਪੰਥ ਦੀ ਜਥੇਬੰਦੀ

ਇਸ ਦੇ ਮਗਰੋਂ ਪ੍ਰਬੰਧਕ ਕਮੇਟੀ ਦੀ ਇੱਕ ਖ਼ਾਸ ਇਕੱਤਰਤਾ ਅਕਾਲ ਤਖਤ ਸਾਹਿਬ ਤੇ ਸੱਦੀ ਗਈ ਅਤੇ ਨਨਕਾਣੇ ਸਾਹਿਬ ਸ਼ਹੀਦੀ ਦੀਵਾਨ ਸਜਾਉਣ ਦੀ ਤਰੀਕ ਨੀਯਤ ਹੋਈ। ਸੰਤ ਜੀ ਮਹਾਰਾਜ ਇਸ ਦੀਵਾਨ ਦੇ ਸਮੇਂ ਨਨਕਾਣੇ ਸਾਹਿਬ ਆਪਣੀ ਸਤਿਆ ਦੇਣ ਲਈ ਹਾਜ਼ਰ ਹੋਏ ਅਤੇ ਦਾਸ ਦੁਆਰਾ ਪੰਥ ਸੇਵਕਾਂ ਨੂੰ ਇਹ ਬੇਨਤੀ ਕਰਨ ਦੀ ਆਗਿਆ ਕੀਤੀ ਕਿ ਸਤਿਗੁਰੂ ਦੀ ਰਜ਼ਾ ਵਿੱਚ ਅਕਾਲ ਤਖਤ ਸਾਹਿਬ ਅਤੇ ਨਨਕਾਣਾ ਸਾਹਿਬ ਪੰਥ ਦੇ ਕਬਜ਼ੇ ਵਿੱਚ ਆ ਗਏ ਹਨ; ਹੁਣ ਖ਼ਾਲਸਾ ਜੀ ਇਸ ਅਤੁੱਟ ਖਜ਼ਾਨੇ ਨਾਲ ਅੰਮ੍ਰਿਤ ਪ੍ਰਚਾਰ ਤੇ ਜ਼ੋਰ ਦੇਵੇ। ਘਰ ਘਰ, ਪਿੰਡ-ਪਿੰਡ ਸਤਿਗੁਰੂ ਕਲਗੀਆਂ ਵਾਲੇ ਦੇ ਬਾਟੇ ਦਾ ਦੌਰ ਚਲੇ ਅਤੇ ਪੰਥ ਦੀ ਜਥੇਬੰਦੀ ਇੱਕ ਸ਼ਾਨਦਾਰ ਲੜੀ ਵਿੱਚ ਪਰੋਤੀ ਜਾਵੇ।

ਬਾਕੀ ਗੁਰਦੁਆਰਿਆਂ ਤੇ ਪੰਥ ਕਬਜ਼ਾ ਨਾ ਕਰੇ। ਅਕਾਲੀ ਫੂਲਾ ਸਿੰਘ ਵਾਂਗੂੰ ਮਹੰਤਾਂ ਨੂੰ ਆਪਣੇ ਧਮ੍ਹੇ ਹੇਠਾਂ ਰੱਖੇ, ਮਾਰੇ ਨਾਲੋਂ ਪਦਾਇਆ ਚੰਗਾ ਹੁੰਦਾ ਹੈ। ਇਸ ਜੁਗਤ ਨਾਲ ਸਾਰਾ ਪ੍ਰਬੰਧ ਵੀ ਖ਼ਾਲਸਾ ਜੀ ਦੀ ਮਰਜ਼ੀ ਅਨੁਸਾਰ ਹੋਵੇਗਾ ਅਤੇ ਪੰਥ, ਪੂਜਾ ਦੇ ਜ਼ਹਿਰ ਤੋ ਵੀ ਬਚਿਆ ਰਹੇਗਾ। ਸ਼ਹੀਦੀ ਦੀਵਾਨ, ਜਨਮ ਅਸਥਾਨ ਸਾਹਿਬ ਸੱਜਿਆ। ਸੰਤ ਜੀ ਮਹਾਰਾਜ ਨੇ ਸਵੇਰੇ ਅਤੇ ਸ਼ਾਮ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਦੂਜੇ ਦਿਨ ਅੰਮ੍ਰਿਤ ਵੇਲੇ ਮਾਲਜੀ ਸਾਹਿਬ ਆਸਾ ਜੀ ਦੀ ਵਾਰ ਦਾ ਦੀਵਾਨ ਸੱਜਿਆ ਅਤੇ ਸ਼ਾਮ ਨੂੰ ਗੱਡੀ ਚੜ੍ਹ ਕੇ ਲਾਹੌਰ ਵੱਲ ਟੁਰ ਪਏ। ਰਸਤੇ ਵਿੱਚ ਹੌਲੀ ਜਿਹੀ ਆਪਣੀ ਜੱਥੇ ਨੂੰ ਆਖਿਆ, "ਭਾਈ! ਜਦ ਅਸੀਂ ਪਿਛਲੇ ਪਹਿਰ ਜਨਮ ਅਸਥਾਨ ਤੋਂ ਦੀਵਾਨ ਲਾ ਕੇ ਪ੍ਰਕਰਮਾ ਵਿੱਚ ਤੁਰੇ ਆਉਂਦੇ ਸੀ ਤਾਂ ਕੁਝ ਅਕਾਲੀ ਪ੍ਰੇਮੀ ਆਪਸ ਵਿੱਚ ਬੜੇ ਜੋਸ਼ ਨਾਲ ਆਖ ਰਹੇ ਸਨ, ਕੱਲ੍ਹ ਨੂੰ ਜੇ ਇਹ ਚਿਟ-ਕਪੜੀਏ ਏਥੇ ਆਏ ਤਾਂ ਇਹਨਾਂ ਨੂੰ ਦੀਵਾਨ ਵਿੱਚ ਕੀਰਤਨ ਨਹੀਂ ਕਰਨ ਦੇਣਾ।" ਸੋ, ਅਸਾਂ ਇਹ ਸਮਝ ਕੇ ਕਿਧਰੇ ਏਕਤਾ ਦੇ ਰੰਗ ਵਿੱਚ ਭੰਗ ਨਾ ਪੈ ਜਾਵੇ, ਪਰੇ ਹੋਣਾ ਹੀ ਵਾਜਬ ਸਮਝਿਆ। ਆਪਣਾ ਸਵੇਰ ਦੇ ਕੀਰਤਨ ਦਾ ਨਿੱਤਨੇਮ ਮਾਲਜੀ ਸਾਹਿਬ ਹੀ ਕਰ ਲਿਆ।

## ਅਤਿ ਦੀ ਆਤਮਿਕ ਗਰੀਬੀ ਨਾਲ ਸੇਵਾ

ਸਤਿਗੁਰੂ ਦੀ ਕ੍ਰਿਪਾ, ਸੰਤ ਜੀ ਮਹਾਰਾਜ ਦੀ ਅਤੁੱਟ ਘਾਲਣਾ ਅਤੇ ਉਹਨਾਂ ਦੇ ਬਖਸ਼ੇ ਹੋਏ ਉਦਮ ਦੁਆਰਾ ਅਕਾਲ ਕਾਲਜ ਗੁਰੂਸਾਗਰ ਵਿਖੇ, ਖੁੱਲ੍ਹਣ ਤੋਂ ਦੋ ਮਹੀਨੇ ਦੇ ਅੰਦਰ-ਅੰਦਰ ਹੀ ਚਾਰ ਪੰਜ ਸੌ ਵਿਦਿਆਰਥੀ ਹੋ ਗਏ। ਪੰਜਾਹ ਕੁ ਕਾਲਜ ਦੀਆਂ ਜਮਾਤਾਂ ਵਿੱਚ ਤੇ ਬਾਕੀ ਹਾਈ ਸਕੂਲ ਵਿੱਚ ਖੁੱਲ੍ਹਣ ਸਮੇਂ ਹੀ ਏਸ ਕਾਲਜ ਦਾ ਖਿਆਲ ਅਧਿਆਤਮਿਕ, ਧਾਰਮਿਕ ਰੱਖਿਆ ਗਿਆ ਸੀ। ਏਸ ਵਿੱਚ ਉੱਚ-

**ਟਕਸਾਲ ਦੇ ਗਿਆਨੀ, ਧਾਰਮਿਕ ਪ੍ਰਚਾਰਕ ਤਿਆਰ ਕਰਨ ਦੀ ਸਕੀਮ ਸੀ। ਏਸ ਦੇ ਅਨੁਸਾਰ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ, ਭਾਈ ਗੁਰਦਾਸ ਜੀ ਤੇ ਭਾਈ ਨੰਦ ਲਾਲ ਜੀ ਦੀਆਂ ਰਚਨਾਵਾਂ ਤੋਂ ਛੁੱਟ ਸਾਰੇ ਬੇਦ-ਕਤੇਬ ਦੇ ਧਰਮਾਂ ਦੀ ਵਿਚਾਰ ਕਰਾ ਕੇ, ਗਿਆਨ-ਮਾਰਗ ਦੇ ਅਨੁਭਵੀ ਖੋਜੀ ਤਿਆਰ ਕਰਨਾ ਸੀ। ਇਸ ਆਤਮਿਕ ਵਿੱਦਿਆ ਦੇ ਨਾਲ-ਨਾਲ, ਪੂਰਬੀ ਅਤੇ ਪੱਛਮੀ ਫਲਸਫ਼ਾ, ਰਾਗ ਵਿੱਦਿਆ, ਕਾਵ, ਸ਼ੁੱਧ ਪ੍ਰਸਤਾਵ ਅਤੇ ਪ੍ਰਚਾਰ ਦੀ ਜੁਗਤ ਸਿਖਾਉਣਾ ਵੀ ਸ਼ਾਮਲ ਸੀ।** ਸੁਤੇ-ਸਹਿਜ ਹੀ ਸਤਿਗੁਰੂ ਦੇ ਪ੍ਰੇਰੇ ਹੋਏ, ਇਸ ਉੱਚ-ਕੋਟੀ ਦੀ ਵਿੱਦਿਆ ਪ੍ਰਾਪਤ ਕਰਨ ਲਈ ਪੰਜ ਕੁ ਭੁਝੰਗੀ ਤਾਂ ਪੰਜਾਬ ਦੇ ਤਿਆਰ ਹੋ ਗਏ ਅਤੇ ਦੋ ਅਸਾਮ ਤੇ ਪਟਨਾ ਸਾਹਿਬ ਤੋਂ ਖਿੱਚੇ ਹੋਏ ਆ ਗਏ। ਇਹਨਾਂ ਦੇ ਨਾਲ-ਨਾਲ ਗੁਰੂ ਘਰ ਦੀ ਵਿੱਦਿਆ ਪ੍ਰਾਪਤ ਕਰਨ ਲਈ ਹੋਰ ੪● ਕੁ ਭੁਝੰਗੀ ਆਸ਼ਰਮ ਵਿਖੇ ਹਾਜ਼ਰ ਹੋ ਗਏ। ਸਟਾਫ ਵੀ ਵਿੱਦਿਆ ਕਰਕੇ ਬੜਾ ਸੁੰਦਰ ਮਿਲ ਗਿਆ, ਪਰ ਕਰਤਾਰ ਦੀ ਨੇਤ, ਦਰਿਆ ਸਤਲੁਜ ਦੇ ਪਾਣੀ ਦੀ ਲੀਕ ਨੇ ਆਪਣਾ ਰੰਗ ਦਿਖਾਉਣਾ ਸ਼ੁਰੂ ਕਰ ਦਿੱਤਾ। ਸਤਿਗੁਰੂ ਕਲਗੀਆਂ ਵਾਲੇ ਨੇ ਤਾਂ ਸਾਨੂੰ ਇੱਕ ਮਾਂ-ਪਿਓ ਦੇ ਅੰਮਾਂ-ਜਾਏ ਪੁੱਤ ਬਣਾਇਆ ਸੀ। ਇੱਕ ਬਾਟੇ ਵਿੱਚ ਖੰਡੇ ਦਾ ਅੰਮ੍ਰਿਤ ਛਕਾ ਕੇ ਤੇ ਇਕੱਠੇ ਕੜਾਹ ਪ੍ਰਸ਼ਾਦ ਦੇ ਗੱਫੇ ਲਵਾ, ਮਾਝਾ, ਮਾਲਵਾ, ਪੱਛਮ, ਪੂਰਬ, ਖੱਤਰੀ, ਜੱਟ, ਝੀਵਰ, ਨਾਈ ਅਤੇ ਛੀਂਬੇ ਨੂੰ ਇੱਕ ਪਦਵੀ ਬਖਸ਼ੀ। **(ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ॥) (੬੧੧)** ਪਰ ਸਾਡੇ ਅੰਦਰ ਕਈ ਜੁਗਾਂ ਦੀ ਭਰੀ ਹੋਈ ਦਵੈਤ ਹੁਣ ਤੀਕਰ ਜਾਤ-ਪਾਤ ਤੇ ਇਲਾਕੇ ਦੀਆਂ ਧੜੇ ਬੰਦੀਆਂ ਦੇ ਰੂਪ ਵਿੱਚ ਪੰਥ ਦੇ ਸਮੂੰਹ ਕਾਰਜਾਂ ਵਿੱਚ ਵਿਘਨ ਦਾ ਕਾਰਨ ਬਣੀ ਆਉਂਦੀ ਹੈ। ਏਸੇ ਫੁੱਟ ਨੇ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਅਤੇ ਉਹਨਾਂ ਦੇ ਮਗਰੋਂ ਰੰਗ ਲਿਆਂਦਾ। ਭਰਾ-ਭਰਾ ਨੂੰ ਲੜਾ ਕੇ ਸਿੱਖ ਰਾਜ ਦੇ ਤਖ਼ਤ ਨੂੰ ਉਲਟਾ ਕੇ ਹੀ ਰੱਖ ਛੱਡਿਆ।

ਸੰਤ ਜੀ ਮਹਾਰਾਜ ਦੀ ਇਹ ਸ਼ੋਭਨੀਕ, ਆਤਮਿਕ ਤੇ ਵਿੱਦਿਅਕ ਫੁਲਵਾੜੀ ਨੂੰ ਖਿੜੇ ਹੋਏ ਦੇਖ ਕੇ ਬਾਗ਼ੋ-ਬਾਗ਼ ਹੋਣ ਦੀ ਥਾਂ, ਕਈ ਪ੍ਰੇਮੀਆਂ ਦੇ ਹਿਰਦੇ ਵਿੱਚ ਈਰਖਾ ਦੀ ਅਗਨ ਪ੍ਰਜ੍ਵਲਤ ਹੋਣੀ ਸ਼ੁਰੂ ਹੋ ਗਈ। ਹੇ ਈਰਖਾ! ਤੂੰ ਧੰਨ ਹੈਂ! ਹਿੰਦੁਸਤਾਨ ਦਾ ਰਾਜ ਵੀ ਗਿਆ, ਸਚਾਈ ਵੀ ਗਈ, ਧਰਮ ਵੀ ਖੰਭ ਲਾ ਉੱਡ ਗਿਆ। ਦਿਲ-ਦਿਮਾਗ ਗ਼ੁਲਾਮ ਹੋ ਗਏ ਪਰ ਤੂੰ ਆਪਣੇ ਪੱਕੇ ਪਹਿਰੇ ’ਤੇ ਖਲੋਤੀ ਰਹੀ। ਭਾਰਤ ਮਾਤਾ ਦੀ ਦੁਰਗਤੀ ’ਤੇ ਵੀ ਤੂੰ ਤਰਸ ਨਾ ਖਾਧਾ ਤੇ ਸਦਾ ਹੀ ਜਰਵਾਣਿਆਂ ਦੇ ਨਾਲ ਮਿਲ ਕੇ ਇੱਕ ਧੜੇ ਤੋਂ ਦੂਜੇ ਨੂੰ ਤਬਾਹ ਕਰਾ ਦੇ ਹੀ ਛੱਡਿਆ। ਜੇ ਕਿਤੇ ਪਿੱਛਲੇ ਮਹਾਂਪੁਰਖਾਂ, ਸਤਿਗੁਰਾਂ ਤੇ ਸ਼ਹੀਦਾਂ-ਮੁਰੀਦਾਂ ਦੇ ਲਹੂ ਨਾਲ ਇਹ ਧਰਤੀ ਨਾ ਸਿੰਝੀ ਜਾਂਦੀ ਅਤੇ ਆਪਣੇ ਮਾਈ ਜਾਮੇ ਦਾ ਪਤੀਬ੍ਰਤਾ ਧਰਮ, ਪ੍ਰੇਤ-ਚੱਕਰ ਦੀ ਢਾਹ ਦੇ ਹੁੰਦਿਆ-ਸੁੰਦਿਆਂ ਸਾਰੀ ਦੁਨੀਆਂ ਨਾਲੋਂ ਉੱਚਾ ਤੇ ਸੁੱਚਾ ਨਾ ਹੁੰਦਾ, ਤਦ ਹਿੰਦੁਸਤਾਨ ਦੀ ਕੌਮ ਅਮਰੀਕਾ ਦੇ ਅਸਲੀ ਵਸਨੀਕਾਂ (Red Indians) ਅਤੇ ਆਸਟ੍ਰੇਲੀਆ ਦੇ (Maouse) ਮਿਉਚੀ ਕੌਮਾਂ ਵਾਂਗੂੰ ਦੁਨੀਆਂ ਦੇ ਤਖ਼ਤੇ ਤੋਂ ਉੱਠ ਜਾਂਦੀ। ਕਿਧਰੇ-ਕਿਧਰੇ ਲੁਕੀ-ਛੁਪੀ ਪੱਛਮੀ ਤਹਿਜ਼ੀਬ ਦੇ ਐਬਾਂ ਦੀ ਮਾਰੀ ਹੋਈ, ਪਹਾੜਾਂ ਦੀ ਕੰਦਰਾਂ ਵਿੱਚ ਨਜ਼ਰ ਆਉਂਦੀ।

ਅਕਾਲ ਕਾਲਜ ਦੇ ਇਸ ਬਗ਼ੀਚੇ ਵਿੱਚ ਵੀ ਇਹ ਪ੍ਰੇਮਣ ਆ ਵੜੀ। ਕਈ ਸੱਜਣ ਸੰਤ ਜੀ ਮਹਾਰਾਜ ਪਾਸ ਪੁੱਜੇ ਤੇ ਆਖਣ ਲੱਗੇ, “ਸੱਚੇ ਪਾਤਸ਼ਾਹ! ਤੁਸੀਂ ਇਹ ਕੀ ਕੀਤਾ? ਮਾਲਵੇ ਦਾ ਇੱਕ ਮੁੱਖ ਕੇਂਦਰ ਗੁਜਰਾਂਵਾਲੇ ਦੇ ਖੱਤਰੀ ਦੇ ਸਪੁਰਦ ਕੀਤਾ। ਸਾਨੂੰ ਹੁਕਮ ਦਿੰਦੇ ਤਾਂ ਅਸੀਂ ਤਕੜੇ ਹੋ ਕੇ ਸੇਵਾ ਕਰਦੇ ਤੇ ਸਾਰਾ ਕੰਮ ਸੰਭਾਲ ਲੈਂਦੇ।” ਸੰਤ ਜੀ ਮਹਾਰਾਜ ਇਹਨਾਂ ਨੂੰ ਆਪਣੇ ਉੱਚ-ਸੁਭਾਅ ਅਨੁਸਾਰ ਉੱਤਰ ਦਿੰਦੇ, “ਭਾਈ! ਅਸੀਂ ਬੁੱਢੇ ਹੋ ਗਏ ਸੀ। ਸਾਨੂੰ ਕਿਸੇ ਨਹੀਂ ਪੁੱਛਿਆ। ਇਸ ਪ੍ਰੇਮੀ ਨੇ ਆ ਕੇ ਕਾਲਜ ਸਾਂਭ ਲਿਆ ਹੈ। ਅਸੀਂ ਹੁਣ ਅਰਾਮ ਨਾਲ ਸਾਧ-ਸੰਗਤ ਦਾ ਦਰਸ਼ਨ ਮੇਲਾ ਕਰਦੇ ਹਾਂ ਤੇ ਸਤਿਗੁਰੂ ਸੱਚੇ ਪਾਤਸ਼ਾਹ ਦੀ

ਬਖ਼ਸ਼ੀ ਹੋਈ ਅੰਮ੍ਰਿਤ ਦੀ ਦਾਤ ਵੰਡਦੇ ਫਿਰਦੇ ਹਾਂ। ਅਸਾਂ ਕਈ ਵਾਰੀ ਪਹਿਲਾਂ ਪੁੱਛਿਆ ਪਰ ਕੋਈ ਟਹਿਲ ਵਿੱਚ ਹਾਜ਼ਰ ਨਾ ਹੋਇਆ। ਜੇ ਤੁਸੀਂ ਪਹਿਲਾਂ ਆਉਂਦੇ ਤਾਂ ਅਸੀਂ ਅਸਥਾਨ ਤੁਹਾਨੂੰ ਸਪੁਰਦ ਕਰ ਦਿੰਦੇ।" ਇਸ ਗੱਲ ਦਾ ਪ੍ਰੇਮੀ ਜਵਾਬ ਨਾ ਦਿੰਦੇ ਤੇ ਚੁੱਪ ਹੋ ਜਾਂਦੇ ਪਰ ਮਨ ਦੀ ਮਨ ਵਿੱਚ ਹੀ ਰੱਖਦੇ। ਸਾਧੂਆਂ ਵਿੱਚ ਕਈ ਪ੍ਰੇਮੀ ਖ਼ਿਆਲ ਕਰਦੇ ਕਿ ਸਾਲਾਂ ਬੱਧੀ ਕਹੀ ਟੋਕਰੀ ਦੀ ਕਾਰ ਅਸਾਂ ਕੀਤੀ ਹੈ; ਇੱਕ ਨਵੇਂ ਜਿਹੇ ਪ੍ਰੇਮੀ ਨੂੰ ਸੰਤਾਂ ਨੇ ਅਸਥਾਨ ਸੰਭਾਲ ਦਿੱਤਾ ਹੈ। ਪੰਜ-ਛੇ ਮਹੀਨੇ ਤਾਂ ਇਹ ਅੱਗ ਵਿੱਚੇ-ਵਿੱਚ ਧੁਖਦੀ ਰਹੀ ਪਰ ਉੱਦਮ ਅਤੇ ਉਤਸ਼ਾਹ ਦੀ ਲਹਿਰ ਅੱਗੇ ਇਹ ਕੁਝ ਨਾ ਕਰ ਸਕੀ। ਦਿਨੋ-ਦਿਨ ਅਸਥਾਨ ਵਧਦਾ ਗਿਆ, ਨਵੇਂ ਭੁਜੰਗੀ ਅਤੇ ਉਸਤਾਦ ਆਉਂਦੇ ਰਹੇ। ਸਾਲ ਦੇ ਅੰਦਰ-ਅੰਦਰ ਅਮਰੀਕਾ ਦੇ ਇੱਕ ਭਾਈ ਚਰਨਜੀਤ ਸਿੰਘ ਬਿਜਲੀ ਦੇ ਇੰਜੀਨੀਅਰ (Electric Engineer M.Sc.) ਇੱਕ ਖੇਤੀ-ਬਾੜੀ ਦੇ ਮਾਹਿਰ ਲਾਲਾ ਸਾਂਝੀ ਰਾਮ ਤੇ ਇੱਕ ਤਿਜਾਰਤ ਅਤੇ ਵਪਾਰ ਦੇ ਐਮ. ਏ. ਸੋਢੀ ਚਰਨ ਸਿੰਘ; ਸਟਾਫ ਵਿੱਚ ਆ ਗਏ। ਅਗੇ ਵੀ ਅਧਿਆਪਕਾਂ ਵਿੱਚ ਹੈਡ ਮਾਸਟਰ ਸਰਦਾਰ ਭਗਵਾਨ ਸਿੰਘ ਜੀ ਐਮ. ਏ. ਸਨ। ਇਹਨਾਂ ਦੇ ਨਾਲ ਇੱਕ ਬੀ. ਐਸ ਸੀ (B.Sc.), ਇੱਕ ਐਸ. ਏ. ਵੀ ਤੇ ਇੱਕ-ਦੋ ਐਸ ਵੀ ਹੋਰ ਕਈ ਟਰੇਂਡ ਉਸਤਾਦ ਮੌਜੂਦ ਸਨ। ਦਾਸ ਮਹਾਰਾਜਾ ਪਟਿਆਲਾ, ਮਹਾਰਾਜਾ ਕਪੂਰਥਲਾ ਤੇ ਨਵਾਬ ਮਲੇਰਕੋਟਲਾ ਨੂੰ ਮਿਲ ਚੁੱਕਾ ਸੀ। ਇਹਨਾਂ ਸਾਰਿਆਂ ਨੇ ਬਚਨ ਕੀਤਾ ਸੀ ਕਿ ਮਹਾਰਾਜਾ ਨਾਭਾ ਸਮੇਤ ਸਾਰੇ ਮਿਲ ਕੇ ਇਸ ਅਸਥਾਨ ਨੂੰ ਚਲਾਵਾਂਗੇ। ਕੋਈ ਧਾਰਮਿਕ, ਕੋਈ ਬਿਜਲੀ, ਕੋਈ ਖੇਤੀ ਅਤੇ ਹੋਰ ਵਿੱਦਿਅਕ ਮਹਿਕਮੇ, ਆਪੋ ਆਪਣੇ ਥਾਂ ਆਪਣੀ-ਆਪਣੀ ਰਿਆਸਤ ਦੇ ਖ਼ਰਚ 'ਤੇ ਚਲਾਏਗਾ। ਮਹਾਰਾਜਾ ਜੀਂਦ ਨੇ ਸੰਗਰੂਰ ਤੋਂ ਲੈ ਕੇ ਗੁਰੂਸਾਗਰ ਸਾਹਿਬ ਤੱਕ ਪੱਕੀ ਸੜਕ ਬਣਾਉਣ ਦਾ ਬਚਨ ਵੀ ਕਰ ਦਿੱਤਾ ਸੀ ਪਰ ਕਰਤਾਰ ਦੀ ਨੇਤ ਅਨਪੜ੍ਹਾਂ ਵਿੱਚ ਤਾਂ ਅੱਗੇ ਹੀ ਮਾਝੇ ਮਾਲਵੇ ਦੀ ਅੱਗ ਸੁਲਘ ਰਹੀ ਸੀ, ਹੁਣ ਇਹ ਪ੍ਰੇਮਣ ਪੜ੍ਹਿਆਂ ਵਿੱਚ ਵੀ ਜਾ ਵੜੀ। ਉਸਤਾਦ ਆਪਸ ਵਿੱਚ ਧੜੇ ਬੰਨ੍ਹ ਬੈਠੇ। ਇਲਾਕੇ ਵਿੱਚ ਮਾਸਟਰਾਂ ਦੁਆਰਾ ਵੀ ਇਹ ਬਿਖ ਭਰਿਆ ਪ੍ਰਚਾਰ ਹੋਣ ਲੱਗ ਪਿਆ। ਇਹ ਦੇਖ ਕੇ ਸਾਧੂਆਂ ਤੇ ਅਨਪੜ੍ਹਿਆਂ ਦੀ ਚੜ੍ਹ ਮੱਚ ਗਈ। ਇੱਕ ਦਿਨ ਆਸਾ ਦੀ ਵਾਰ ਦੇ ਭੋਗ ਮਗਰੋਂ ਸਾਰੇ ਵਿਦਿਆਰਥੀ, ਅਧਿਆਪਕ ਅਤੇ ਦਾਸ ਗੁਰਦੁਆਰਾ ਸਾਹਿਬ ਤੋਂ ਨਿਕਲੇ ਹੀ ਸੀ ਕਿ ਭਾਈ ਸ਼ਾਮ ਸਿੰਘ ਮਾਂਦਰੀ ਜੋ ਇੱਕ ਪੁਰਾਣੇ ਬਿਹੰਗਮ ਸੇਵਾਦਾਰ ਸਨ, ਕਿਸੇ ਲਹਿਰ ਦੇ ਅਧੀਨ ਹੋ ਕੇ ਉੱਚੀ-ਉੱਚੀ ਦਾਸ ਨੂੰ ਬੁਰੇ-ਭਲੇ ਬਚਨ ਕਹਿਣ ਲੱਗ ਪਏ। ਦਾਸ ਨੂੰ ਹੋਰ ਤਾਂ ਕੁਝ ਨਾ ਸੁੱਝੀ, ਹੌਲੀ ਜਿਹੀ ਪ੍ਰੇਮ ਨਾਲ ਭਾਈ ਸ਼ਾਮ ਸਿੰਘ ਜੀ ਦਾ ਹੱਥ ਫੜ੍ਹ ਕੇ ਲੰਗਰ ਦੀ ਕੁਠਾਰ ਵਿੱਚ ਇਹ ਆਖ ਕੇ ਲੈ ਗਿਆ, "ਭਾਈ! ਅੰਦਰ ਬਹਿ ਕੇ ਗੱਲਾਂ ਕਰਦੇ ਹਾਂ, ਭੁਜੰਗੀਆਂ ਤੇ ਮਾਸਟਰਾਂ ਦੇ ਸਾਹਮਣੇ ਇਹ ਗੱਲ ਸ਼ੋਭਾ ਨਹੀਂ ਪਾਉਂਦੀ।" ਭਾਈ ਸ਼ਾਮ ਸਿੰਘ ਹੋਰਾਂ ਦਾ ਜੋਸ਼, ਅੰਦਰ ਵੜ ਕੇ ਵੀ ਠਾਠਾਂ ਮਾਰ ਰਿਹਾ ਸੀ। ਹੌਲੀ ਜਿਹੀ ਦਾਸ ਨੇ ਆਪਣੀ ਜੁੱਤੀ ਲਾਹ ਭਾਈ ਸ਼ਾਮ ਸਿੰਘ ਦੇ ਹੱਥ ਫੜ੍ਹਾਈ ਅਤੇ ਆਖਿਆ, "ਏਥੇ ਇਕਾਂਤ ਵਿੱਚ ਜਿੰਨੀਆਂ ਮਰਜ਼ੀ ਹੈ ਮਾਰ ਲਵੋ। ਜੇ ਲੜਕਿਆਂ ਤੇ ਉਸਤਾਦਾਂ ਦੇ ਸਾਹਮਣੇ ਇਹ ਗੱਲ ਹੋਣ ਲੱਗ ਪਈ ਤਾਂ ਆਸ਼ਰਮ ਨਹੀਂ ਚੱਲੇਗਾ।" ਇਸ ਗ਼ਰੀਬੀ ਦੇ ਹਥਿਆਰ (**ਗਰੀਬੀ ਗਦਾ ਹਮਾਰੀ ॥ ਖੰਨਾ ਸਗਲ ਰੇਨੁ ਛਾਰੀ ॥**) **(੬੨੮)** ਨੇ ਭਾਈ ਸ਼ਾਮ ਸਿੰਘ 'ਤੇ ਆਪਣਾ ਤੁਰੰਤ ਅਸਰ ਕੀਤਾ। ਰੰਗ ਬਦਲ ਗਿਆ ਤੇ ਆਖਣ ਲੱਗੇ, "ਚੰਗਾ ਭਾਈ! ਅੱਗੇ ਤੋਂ ਅੰਦਰ ਵੜ ਕੇ ਗੱਲ ਕਰ ਲਿਆ ਕਰਾਂਗੇ।" ਇਹਨਾਂ ਦਿਨਾਂ ਵਿੱਚ ਸੰਤ ਜੀ ਮਹਾਰਾਜ ਕਾਂਝਲੇ ਦੀ ਕੋਠੀ ਵਿਖੇ ਬਿਰਾਜਮਾਨ ਸਨ। ਓਸੇ ਦਿਨ ਇਹ ਗੱਲ ਉਹਨਾਂ ਪਾਸ ਪੁੱਜੀ। ਆਪਣਾ ਸੇਵਕ ਭੇਜ, ਮਹਾਰਾਜ ਜੀ ਨੇ ਭਾਈ ਸ਼ਾਮ ਸਿੰਘ ਨੂੰ ਆਪਣੇ ਪਾਸ ਬੁਲਾਇਆ ਅਤੇ ਆਖਿਆ, "**ਭਾਈ ਸ਼ਾਮ ਸਿੰਘ ਜੀ! ਤੁਸੀਂ ਭਾਈ ਤੇਜਾ ਸਿੰਘ ਦੀ ਨਿਆਦਰੀ ਨਾ ਕਰਿਆ ਕਰੋ, ਉਹਨਾਂ ਵਿੱਚ ਗ਼ਰੀਬੀ ਦੀ ਹੱਦ ਹੈ। ਏਨੀ ਗ਼ਰੀਬੀ ਰਾਮਚੰਦਰ ਅਵਤਾਰ ਵਿੱਚ ਵੀ ਨਹੀਂ ਸੀ। ਉਹਨਾਂ ਵੀ ਧੋਬੀ ਦਾ ਮਿਹਣਾ ਨਾ ਸਹਾਰ ਕੇ ਸੀਤਾ ਨੂੰ ਬਣਵਾਸ ਦੇ ਦਿੱਤਾ ਸੀ।**"

੧੯੨੧ ਈਸਵੀ ਦਾ ਅਕਤੂਬਰ ਆ ਗਿਆ। ਕਾਲਜ ਚੱਲਦਿਆਂ ਨੂੰ ਡੇਢ ਸਾਲ ਦੇ ਨੇੜੇ ਹੋ ਚੱਲਿਆ ਸੀ। ਇੱਕ ਪਾਸੇ ੫●● ਭੁਝੰਗੀ, ਸੋਹਣਾ ਸਟਾਫ, ਨਿੱਤਨੇਮ ਕੀਰਤਨ, ਗੁਰਬਾਣੀ ਦੀ ਵਿਚਾਰ ਦੀ ਸੋਹਣੀ ਗਹਿਮਾ-ਗਹਿਮ ਹੋ ਰਹੀ ਸੀ। ਦੂਜੇ ਪਾਸੇ ਵਿੱਚੋਂ-ਵਿੱਚ ਹੀ ਇਹ ਈਰਖਾ ਦੀ ਅੱਗ ਪ੍ਰੇਮੀਆਂ ਦੇ ਹਿਰਦੇ ਨੂੰ ਸਾੜੀ ਜਾਂਦੀ ਸੀ ਅਤੇ ਇਸ ਦਾ ਸੇਵਕਾਂ ਅਤੇ ਇਸ ਸੋਹਣੇ ਬਾਗ਼ ਦੇ ਬੂਟਿਆਂ ’ਤੇ ਵੀ ਅਸਰ ਹੋ ਰਿਹਾ ਸੀ ਪਰ ਇਸ ਕਮਜ਼ੋਰੀ ਦੇ ਹੁੰਦਿਆਂ-ਸੁੰਦਿਆਂ ਵੀ ਸਤਿਗੁਰੂ ਦੇ ਬਖ਼ਸ਼ੇ ਹੋਏ ਉੱਦਮ ਅਤੇ ਸੰਗਤਾਂ ਦੇ ਪ੍ਰੇਮ ਦੁਆਰਾ ਅਸਥਾਨ ਦਿਨ ਦੂਣੀ ਅਤੇ ਰਾਤ ਚੌਗੁਣੀ ਤਰੱਕੀ ’ਤੇ ਸੀ। ਬਹੁਤ ਸਾਰੇ ਭੁਝੰਗੀ ਗੁਰੂ ਕੇ ਲੰਗਰ ਵਿੱਚ ਮਹਾਰਾਜ ਦੀ ਬਖ਼ਸ਼ੀ ਹੋਈ ਦਾਤ ਖੁੱਲ੍ਹੀ ਵਰਤ ਰਹੇ ਸਨ। ਸੌ ਦੇ ਲਗਭਗ ਸੇਵਾਦਾਰ ਅਤੇ ਸਾਧੂ ਵੀ ਮਹਾਰਾਜ ਦੇ ਲੰਗਰ ਦੀਆਂ ਪੰਗਤਾਂ ਵਿੱਚ ਹਰ ਰੋਜ਼ ਸ਼ੋਭਨੀਕ ਹੁੰਦੇ ਸਨ। ੭● ਰਾਜ ਅਤੇ ੨●● ਮਜ਼ਦੂਰ ਸਕੂਲ ਅਤੇ ਬੋਰਡਿੰਗ ਹਾਊਸ ਦੀ ਉਸਾਰੀ ਵਿੱਚ ਲੱਗੇ ਹੋਏ ਸਨ। ਲੰਗਰ ਵਿੱਚ ਹਰ ਰੋਜ਼ ਦਸ ਕੁ ਮਣ ਆਟਾ ਪੱਕਦਾ। ਆਏ-ਗਏ ਦੀ ਵੀ ਗਹਿਮਾ-ਗਹਿਮ ਰਹਿੰਦੀ। ਚੌਦਾਂ ਪੰਦਰਾਂ ਸੇਰ ਖੰਡ ਹਰ ਰੋਜ਼ ਚਾਹ-ਪਾਣੀ ਲਈ ਵਰਤੀ ਜਾਂਦੀ। ਸਟਾਫ ਦਾ ਡੇਢ ਹਜ਼ਾਰ ਰੁਪਏ ਦੇ ਕਰੀਬ ਬਿੱਲ ਵੀ ਹਰ ਮਹੀਨੇ ਦੇ ਸ਼ੁਰੂ ਵਿੱਚ ਵੰਡਿਆ ਜਾਂਦਾ। ਪੰਜਾਹ ਕੁ ਹਜ਼ਾਰ ਦਾ ਸਾਇੰਸ ਅਤੇ ਹੋਰ ਸਕੂਲ ਦਾ ਸਮਾਨ ਇੰਜਣ ਆਦਿ ਵੀ ਸਤਿਗੁਰੂ ਦੀ ਮਿਹਰ ਨਾਲ ਸਹਿਜੇ-ਸਹਿਜੇ ਇਕੱਠਾ ਹੋ ਗਿਆ। ਅਸਥਾਨ ਦੀ ਸ਼ੋਭਾ ਐਨੀ ਵਧੀ ਕਿ ੨●● ਦਮੜਾ ਰੋਜ਼ ਦੀ ਆਮਦਨ ਹੋਣ ਲੱਗ ਪਈ ਅਤੇ ਇਸ ਵੱਡੇ ਖ਼ਰਚ ਦਾ ਨਿਬਾਹ ਸਹਿਜ-ਸੁਭਾਏ ਹੁੰਦਾ ਰਿਹਾ।

## ਸੇਵਾ ਵਿੱਚ ਅਤਿ ਦੀ ਪ੍ਰੀਖਿਆ

ਕਾਲਜ, ਸਕੂਲ, ਲੰਗਰ, ਇਮਾਰਤ ਤੇ ਹੋਰ ਸੇਵਾ ਅਡੋਲ ਟੁਰੀ ਗਈ। ਬਹੁਤ ਸਾਰੇ ਰਾਜ ਮਜ਼ਦੂਰ ਬੋਰਡਿੰਗ ਹਾਉਸ ਦੀ ਸੇਵਾ ਵਿੱਚ ਲੱਗੇ ਹੋਏ ਸਨ ਤੇ ਇਹਨਾਂ ਲਈ ਮਾਇਆ ਦੀ ਬੜੀ ਲੋੜ ਰਹਿੰਦੀ। ਕਰਤਾਰ ਨੇ ਆਪਣਾ ਕਾਰਜ ਆਪ ਸਵਾਰਾਨਾ ਸੀ। ਅਕਤੂਬਰ ਦੇ ਮਹੀਨੇ ਵਿੱਚ ਬਰ੍ਹਮਾ ਦੀਵਾਨ ਵੱਲੋਂ ਸਕੱਤਰ ਦੀ ਚਿੱਠੀ ਆ ਗਈ ਕਿ ਖ਼ਾਲਸਾ ਦੀਵਾਨ ਬਰ੍ਹਮਾ ਦਾ ਸਲਾਨਾ ਦੀਵਾਨ ਸਤੰਬਰ ਦੀਆਂ ਛੁੱਟੀਆਂ ਵਿਖੇ ਹੋਣਾ ਹੈ, ਤੁਸੀਂ ਜ਼ਰੂਰ ਦਰਸ਼ਨ ਦਿਓ। ਦਾਸ ਨੇ ਸਾਧ-ਸੰਗਤ ਦੀ ਹਾਜ਼ਰੀ ਭਰਨੀ ਪ੍ਰਵਾਨ ਕਰ ਲਈ ਤੇ ਤਿੰਨ ਕੁ ਹਫਤੇ ਮਗਰੋਂ, ਬਰ੍ਹਮਾ ਦੀਵਾਨ ਕੇ ਸਕੱਤਰ ਨੇ ਦਾਸ ਨੂੰ ੫●● ਦਮੜਾ ਸਫ਼ਰ ਖ਼ਰਚ ਲਈ ਭੇਜ ਦਿੱਤਾ।

ਅਕਾਲ ਤਖ਼ਤ ਸਾਹਿਬ ਦਾ ਪ੍ਰਬੰਧ ਕੁਝ ਸਮੇਂ ਲਈ ਇੱਕ ਮਾਲਵਾ ਦੇਸ਼ ਦੇ ਜਥੇ ਦੇ ਹੱਥ ਦੇ ਦਿੱਤਾ ਗਿਆ। ਦਾਸ ਨੂੰ ਖ਼ਾਲਸਾ ਪੰਥ ਨੇ ਕੁਝ ਚਿਰ ਲਈ ਅਕਾਲ ਤਖ਼ਤ ਸਾਹਿਬ ਦੀ ਜਥੇਦਾਰੀ ਬਖ਼ਸ਼ੀ ਹੋਈ ਸੀ। ਪ੍ਰਬੰਧਕ ਕਮੇਟੀ ਦੀ ਇੱਕ ਇਕੱਤ੍ਰਤਾ ਵਿੱਚ, ਜਿਸ ਵਿੱਚ ਸਾਰੇ ਪੰਥ ਦੇ ਦਿੱਲੀ ਤੋਂ ਲੈ ਕੇ ਪਿਸ਼ਾਵਰ ਤੀਕਰ ਮਾਝਾ, ਮਾਲਵਾ, ਪੋਠੋਹਾਰ ਆਦਿ ਦੇ ਪ੍ਰਤੀਨਿਧ ਹਾਜ਼ਰ ਸਨ, ਸਾਰਿਆਂ ਪੰਥਕ ਵਿਚਾਰਾਂ ਮਗਰੋਂ ਇਹ ਮਤਾ ਪੇਸ਼ ਹੋਇਆ ਕਿ ਇਸ ਜਥੇ ਦਾ ਅਕਾਲ ਤਖ਼ਤ ਸਾਹਿਬ ਦੀ ਸੇਵਾ ਵਿੱਚ ਰਹਿਣਾ ਯੋਗ ਨਹੀਂ। ਸੰਗਤ ਨੇ ਦਾਸ ਨੂੰ ਆਗਿਆ ਕੀਤੀ ਕਿ ਤੁਸੀਂ ਬਤੌਰ ਜਥੇਦਾਰ ਇਹਨਾਂ ਪਾਸੋਂ ਚਾਰਜ ਲੈ ਲਓ। ਦਾਸ ਨੇ ਬੇਨਤੀ ਕੀਤੀ ਕਿ ਚਾਰ ਗੁਰੂ ਕੇ ਸਿੱਖ ਨਾਲ ਹੋਰ ਦੇ ਦੇਵੋ, ਉਹਨਾਂ ਦੇ ਗੁਰਮਤੇ ਅਤੇ ਸਹਾਇਤਾ ਨਾਲ ਪ੍ਰੇਮ ਸਹਿਤ ਇਹ ਗੱਲ ਨਜਿੱਠੀ ਜਾਵੇਗੀ। ਚਿੱਤ ਵਿੱਚ ਇਹ ਖ਼ਿਆਲ ਸੀ ਕਿ ਇਕੱਲਿਆਂ ਇਹ ਪੰਡ ਚੁੱਕਣੀ ਅਕਾਲ ਕਾਲਜ ਗੁਰੂਸਾਗਰ ਸਾਹਿਬ ਦੀ ਸੇਵਾ ਲਈ ਹਾਨੀਕਾਰਕ ਹੋਵੇਗੀ। ਭਾਵੇਂ ਪੂਰੀ ਜੁਗਤ, ਪ੍ਰੇਮ ਅਤੇ ਨਿਮਰਤਾ ਵਰਤੀ ਗਈ ਪਰ ਇਸ ਜਥੇ ਦੇ ਪ੍ਰੇਮੀਆਂ ਨੇ ਅਕਾਲ ਤਖ਼ਤ ਸਾਹਿਬ ਤੋਂ ਅਲਹਿਦਾ ਹੋਣ ਦਾ ਡਾਢਾ ਬੁਰਾ ਮਨਾਇਆ। ਚਿੱਤ ਵਿੱਚ ਕਿੜ ਰੱਖੀ। ਜਦ ਗੁਰੂਸਾਗਰ ਸਾਹਿਬ ਵਿਖੇ ੧੯੨੧ ਵਿੱਚ ਨਿਮਾਣੀ ਦਾ ਜੋੜ ਮੇਲਾ ਹੋਇਆ, ਤਦ ਸੰਤ ਜੀ ਜੀ ਮਹਾਰਾਜ ਸਹਿਜ-ਸੁਭਾਏ ਕਿਸੇ ਹੋਰ ਸੇਵਾ ਦੇ ਕਾਰਨ, ਗੁਰੂਸਾਗਰ ਸਾਹਿਬ

ਮਸਤੂਆਣੇ ਨਹੀਂ ਪਹੁੰਚ ਸਕੇ। ਦਾਸ ਨੂੰ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬੇ, ਇਸ ਸਮਾਗਮ ਦਾ ਸਾਰਾ ਕਾਰਜ ਨੱਜਿਠਣਾ ਪਿਆ। ਇਹ ਪ੍ਰੇਮੀ ਇਲਾਕੇ ਵਿੱਚ ਪ੍ਰਚਾਰ ਕਰ ਕੇ ਪਹਿਲਾਂ ਹੀ ਮਤਾ ਪਕਾ ਕੇ ਆਏ ਸਨ ਕਿ ਅਕਾਲ ਕਾਲਜ ਗੁਰੂਸਾਗਰ ਸਾਹਿਬ ਤੇ ਕਬਜ਼ਾ ਕਰਨਾ ਹੈ। ਆਸਾ ਦੀ ਵਾਰ ਅਤੇ ਹਰੀ ਕਥਾ ਦੇ ਮਗਰੋਂ ਇਹਨਾਂ ਵਿਚੋਂ ਇੱਕ ਪ੍ਰੇਮੀ ਨੇ ਪ੍ਰਚਾਰ ਕਰਨ ਲਈ ਸਮਾਂ ਮੰਗਿਆ। ਸੰਤ ਜੀ ਮਹਾਰਾਜ ਦੀ ਚਲਾਈ ਹੋਈ ਟਕਸਾਲ ਅਨੁਸਾਰ, ਸਭ ਦਾ ਸਾਂਝਾ ਘਰ ਸਮਝ ਕੇ ਬੜੇ ਪ੍ਰੇਮ ਨਾਲ ਓਸ ਸੱਜਣ ਨੂੰ ਵਕਤ ਦਿੱਤਾ ਗਿਆ। ਦਸ ਕੁ ਮਿੰਟ ਧਾਰਮਿਕ ਪ੍ਰਚਾਰ ਦੇ ਮਗਰੋਂ ਇਹ ਪ੍ਰੇਮੀ ਪੋਲੀਟੀਕਲ ਲੈਕਚਰ ਦੇਣ ਲੱਗ ਪਿਆ। ਫਿੱਕੇ ਬਚਨਾਂ ਤੇ ਉੱਤਰ ਆਇਆ। ਪ੍ਰਬੰਧਕ ਦਾ ਫਰਜ਼ ਸਮਝ ਕੇ, ਦਾਸ ਨੇ ਬੇਨਤੀ ਕੀਤੀ ਕਿ ਇਹ ਤਰੀਕਾ ਸੰਤ ਜੀ ਮਹਾਰਾਜ ਦੀ ਧਰਮ ਪ੍ਰਚਾਰ ਦੀ ਚਲਾਈ ਹੋਈ ਮਰਯਾਦਾ ਤੋਂ ਵਿਰੁੱਧ ਹੈ। ਦੂਜਾ ਹੁਣ ਇਹ ਵਿੱਦਿਆ ਪ੍ਰਚਾਰ ਦਾ ਸਮਾਂ ਹੈ, ਏਥੇ ਕਿਸੇ ਨੂੰ ਬੁਰਾ-ਭਲਾ ਕਹਿਣਾ ਨਹੀਂ ਬਣਦਾ। ਇਹ ਸ਼ਬਦ ਦਾਸ ਦੇ ਮੂੰਹੋਂ ਨਿਕਲੇ ਹੀ ਸਨ ਕਿ ਪਹਿਲਾਂ ਹੀ ਗੁੰਦੇ ਮਤੇ ਅਨੁਸਾਰ ਇਸ ਜਥੇ ਦੇ ਆਗੂਆਂ ਨੇ ਇਸ਼ਾਰਾ ਕੀਤਾ ਕਿ ਬਾਹੋਂ ਫੜ ਲਓ ਅਤੇ ਤਾਬਿਓ ਲਾਹ ਕੇ ਸੁੱਟ ਦਿਓ। ਦਾਸ ਹੁਣ ਚੁੱਪ ਵੱਟ ਕੇ ਅਡੋਲ ਬੈਠ ਗਿਆ। ਪ੍ਰੇਮੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਖ਼ਤ ਤੋਂ ਦੋ ਕੁ ਗਜ਼ ਰਹਿ ਗਏ ਸਨ ਕਿ **"ਰਾਖਾ ਏਕੁ ਹਮਾਰਾ ਸੁਆਮੀ ॥ ਸਗਲ ਘਟਾ ਕਾ ਅੰਤਰਜਾਮੀ ॥" (੧੧੩੬)** ਅੱਖ ਦੇ ਫੋਰੇ ਵਿੱਚ ਸਤਿਗੁਰੂ ਜੀ ਨੇ ਨੇੜੇ ਦੇ ਪਿੰਡਾਂ ਦੀਆਂ ਸੰਗਤਾਂ ਨੂੰ ਪ੍ਰੇਰਿਆ। ਸੰਗਤਾਂ ਨੇ ਡਾਂਗਾਂ 'ਤੇ ਹੱਥ ਧਰ ਕੇ ਲਲਕਾਰਾ ਮਾਰਿਆ, "ਖਬਰਦਾਰ! ਜੇ ਕਿਸੇ ਨੇ ਗੁਰੂ ਦੇ ਪ੍ਰੇਮੀ ਨੂੰ ਹੱਥ ਲਾਇਆ, ਸਿਰ ਲਾਹ ਦਿਆਂਗੇ।" ਵਾਹ ਸਤਿਗੁਰੂ! ਤੂੰ ਸਦਾ ਹੀ ਆਪਣੇ ਨਿਮਾਣੇ ਟਹਿਲ ਵਾਲਿਆਂ ਦੀ ਪੈਜ ਰੱਖਦਾ ਆਇਆ ਹੈਂ:

**ਗਉੜੀ ਮਹਲਾ ੫ ॥**

**ਅਪਨੇ ਸੇਵਕ ਕਉ ਆਪਿ ਸਹਾਈ ॥**
**ਨਿਤ ਪ੍ਰਤਿਪਾਰੈ ਬਾਪ ਜੈਸੇ ਮਾਈ ॥੧॥**
**ਪ੍ਰਭ ਕੀ ਸਰਨਿ ਉਬਰੈ ਸਭ ਕੋਇ ॥**
**ਕਰਨ ਕਰਾਵਨ ਪੂਰਨ ਸਚੁ ਸੋਇ ॥ਰਹਾਉ॥**
**ਅਬ ਮਨਿ ਬਸਿਆ ਕਰਨੈਹਾਰਾ ॥**
**ਭੈ ਬਿਨਸੇ ਆਤਮ ਸੁਖ ਸਾਰਾ ॥੨॥**
**ਕਰਿ ਕਿਰਪਾ ਅਪਨੇ ਜਨ ਰਾਖੇ ॥**
**ਜਨਮ ਜਨਮ ਕੇ ਕਿਲਬਿਖ ਲਾਥੇ ॥੩॥**
**ਕਹਨੁ ਨ ਜਾਇ ਪ੍ਰਭ ਕੀ ਵਡਿਆਈ ॥**
**ਨਾਨਕ ਦਾਸ ਸਦਾ ਸਰਨਾਈ ॥੪॥੧੧੩॥ (੨●੨)**

ਜਿਸ ਤਰ੍ਹਾਂ ਇਹ ਪ੍ਰੇਮੀ ਖੀਰ ਦੇ ਉਬਾਲੇ ਵਾਂਗੂ ਉੱਠੇ ਸਨ, ਉਸੇ ਤਰ੍ਹਾਂ ਪ੍ਰੇਮੀਆਂ ਦਾ ਲਲਕਾਰਾ ਸੁਣ ਝੱਗ ਵਾਂਗੂੰ ਬਹਿ ਗਏ।

## ਕਲਜੁਗ ਵਿੱਚ ਆਤਮਿਕ ਸ਼ਾਂਤੀ ਦੀ ਲਹਿਰ

ਇੱਕ ਵਾਰੀ ਸੰਤ ਜੀ ਮਹਾਰਾਜ ਗੁਰੂਸਾਗਰ ਸਾਹਿਬ ਸੰਗਤਾਂ ਨੂੰ ਦਰਸ਼ਨ ਦੇ ਕੇ ਨਿਹਾਲ ਕਰ ਰਹੇ ਸਨ ਕਿ ਦਾਸ ਚਰਨ ਬੰਦਨਾਂ ਲਈ ਬੁੰਗੇ ਵਿੱਚ ਗਿਆ। ਭੁਝੰਗੀ ਮੁਕੰਦ ਸਿੰਘ ਦਾਸ ਦੇ ਨਾਲ ਸੀ। ਸੰਤ ਜੀ

ਮਹਾਰਾਜ ਨੇ ਬੜੇ ਪ੍ਰੇਮ ਨਾਲ ਫੁਰਮਾਇਆ ਕਿ ਭਾਈ! ਇਸ ਅਸਥਾਨ ਨੂੰ ਖੂਬ ਚਲਾਓ ਅਤੇ ਇਸ ਵਿਦਿਅਕ ਕੇਂਦਰ ਵਿੱਚੋਂ ਸਤੋਗੁਣੀ ਪ੍ਰੇਮੀ ਪੈਦਾ ਕਰ ਕੇ ਪੁਰਾਣੇ ਰਿਸ਼ੀਆਂ-ਮੁਨੀਆਂ ਦਾ ਸਮਾਂ ਫੇਰ ਮੋੜ ਕੇ ਭਾਰਤ ਵਰਸ਼ ਤੇ ਲੈ ਆਓ। ਇਹ ਹੁਕਮ ਸੁਣ, ਦਾਸ ਨੇ ਸੀਸ ਨਿਵਾਇਆ ਅਤੇ ਸਹਿਜ-ਸੁਭਾਅ ਬੇਨਤੀ ਕੀਤੀ, "ਸੱਚੇ ਪਾਤਿਸ਼ਾਹ, ਇਹ ਟਕਸਾਲ ਇਸ ਭੁਝੰਗੀ ਨੇ ਪੂਰੀ ਕਰਨੀ ਹੈ। ਜਿਸ ਤਰ੍ਹਾਂ ਦੀ ਇਹ ਬਿਰਤੀ ਧਾਰਨ ਕਰੇਗਾ, ਓਸੇ ਤਰ੍ਹਾਂ ਦੇ ਸਾਰੇ ਵਿਦਿਆਰਥੀ ਬਣ ਜਾਣਗੇ।" ਇਹ ਸੁਣ ਸੰਤ ਜੀ ਮਹਾਰਾਜ ਨੇ ਫੁਰਮਾਇਆ, "ਹਾਂ ਭਾਈ, ਠੀਕ ਹੈ।" ਫੇਰ ਸੰਤ ਜੀ ਨੇ ਭੁਝੰਗੀ ਵੱਲ ਤੱਕਿਆ ਤੇ ਕਿਹਾ, "ਪ੍ਰੇਮੀਆਂ, ਤਕੜਾ ਹੋ।" ਪਰ ਕਰਤਾਰ ਦੀ ਨੇਤ, ਇਸ ਭੁਝੰਗੀ ਦੇ ਮਨ ਦਾ ਦ੍ਰਿਸ਼ਟਮਾਨ ਪਦਾਰਥਾਂ ਵੱਲ ਟੁਰ ਪਿਆ, ਨਿਰਾਕਾਰ ਵੱਲ ਰੁਚੀ ਘੱਟਦੀ ਗਈ। ਦੇਹ ਅਭਿਮਾਨ ਵਿੱਚ ਆ ਕੇ ਇਸ ਪ੍ਰੇਮੀ ਨੇ ਪ੍ਰੇਮੀ ਸੇਵਕਾਂ ਨਾਲ ਵਿਗਾੜ ਲਈ, ਉਹਨਾਂ ਦੇ ਦਿਲਾਂ ਤੇ ਸੱਟ ਮਾਰੀ। ਇੱਥੇ ਅੱਗੇ ਹੀ ਈਰਖਾ ਦੀ ਅੱਗ ਬਲਦੀ ਸੀ, ਓਥੇ ਇਹ ਵੀ ਇਸ ਨੂੰ ਵਧਾਉਣ ਦਾ ਕਾਰਨ ਬਣ ਗਿਆ।

ਜਦ ਬਰ੍ਹਮਾ ਦੇ ਖਾਲਸਾ ਦੀਵਾਨ ਵੱਲੋਂ ਕੁਝ ਮਾਇਆ ਪੁੱਜੀ, ਤਾਂ ਦਾਸ ਮੁਕੰਦ ਸਿੰਘ ਨੂੰ ਲੈ ਕੇ ਕਲਕੱਤੇ ਵੱਲ ਟੁਰ ਪਿਆ। ਚਿੱਤ ਵਿੱਚ ਖਿਆਲ ਸੀ ਕਿ ਸਾਧ-ਸੰਗਤ ਦੇ ਪ੍ਰਭਾਵ ਅਤੇ ਸਤਿਸੰਗ ਵਿੱਚ ਪ੍ਰਚਾਰ ਦੀ ਲਹਿਰ ਜੋ ਚਲਣੀ ਹੈ, ਉਸ ਦੁਆਰਾ ਇਸ ਭੁਝੰਗੀ ਦੀ ਪੁਰਾਣੀ ਸਤੋਗੁਣੀ ਬਿਰਤੀ ਫੇਰ ਮੁੜ ਆਵੇਗੀ ਅਤੇ ਜੋ ਮੌਕਾ ਇਸ ਨੂੰ ਸੇਵਾ ਕਰਨ ਦਾ ਮਿਲੇਗਾ, ਉਸ ਨਾਲ ਮਨ ਦਾ ਪ੍ਰਭਾਵ ਕੁਝ ਉਚੇਰਾ ਹੋ ਜਾਵੇਗਾ। ਨਾਲ ਹੀ ਅਜੇ ਤੀਕਰ ਦਾਸ ਨੂੰ ਕੋਈ ਇਤਬਾਰੀ, ਮਿਹਨਤੀ ਅਤੇ ਉਦਮੀ ਸੇਵਕ ਨਹੀਂ ਸੀ ਮਿਲਿਆ। ਕੁਝ ਮਹੀਨਿਆਂ ਮਗਰੋਂ ਸੰਤ ਜੀ ਮਹਾਰਾਜ ਨੇ ਆਪਣੀ ਪੁਰਾਣੀ ੫੪ ਨੰਬਰ ਪਲਟਨ ਦੇ ਪੈਨਸ਼ਨੀ ਸਿਪਾਹੀ ਭਾਈ ਕਾਲਾ ਸਿੰਘ ਨੂੰ ਕਿਸ਼ਨ ਪੁਰੇ ਦਾਸ ਦੀ ਸੇਵਾ ਵਿੱਚ ਲਾ ਕੇ ਇਹ ਥੁੜ ਪੂਰੀ ਕੀਤੀ।

ਕਲਕੱਤੇ ਪੁੱਜ, ਜਹਾਜ਼ ਦੀ ਕੈਬਨ ਦਾ ਪ੍ਰਬੰਧ ਕੀਤਾ। ਤਿੰਨ ਦਿਨ ਮਗਰੋਂ ਜਹਾਜ਼ ਕਲਕੱਤੇ ਤੋਂ ਟੁਰਿਆ ਅਤੇ ੪ ਦਿਨ ਦੇ ਸਫਰ ਮਗਰੋਂ ਸਵੇਰੇ ੮ ਕੁ ਵਜੇ ਰੰਗੂਨ ਪੁੱਜਾ। ਬਰ੍ਹਮਾ ਵਲੋਂ ਡਾਕਟਰ ਰਣਧੀਰ ਸਿੰਘ ਅਤੇ ਹੋਰ ਕਈ ਸੱਜਣ, ਘਾਟ ਤੇ ਲੈਣ ਆਏ ਹੋਏ ਸਨ। ਬੜੇ ਪ੍ਰੇਮ ਨਾਲ ਗੁਰਦੁਆਰਾ ਸਾਹਿਬ ਲੈ ਗਏ ਅਤੇ ਉੱਥੇ ਆਸਣ ਕਰਾਇਆ। ਮੈਕਟੀਲਾ ਦੀਵਾਨ ਦੀ ਤਰੀਕ ਵੀ ਨੇੜੇ ਆ ਗਈ। ਰੰਗੂਨ ਤੋਂ ਗੱਡੀ ਚੜ੍ਹ ਕਈ ਸਾਥੀਆਂ ਸਮੇਤ ਦਾਸ ਉਥੇ ਪੁੱਜਾ। ਸਾਧ ਸੰਗਤ ਵਿੱਚ ਬੜਾ ਹੀ ਉਤਸ਼ਾਹ ਹੋਇਆ। ਤਿੰਨ ਦਿਨ ਹਰੀ ਕੀਰਤਨ, ਹਰੀ ਕਥਾ ਅਤੇ ਸਤਿਗੁਰੂ ਦੇ ਕਾਰਨਾਮਿਆਂ ਦੇ ਪ੍ਰਚਾਰ ਦੀ ਲਹਿਰ ਚਲਦੀ ਰਹੀ। ਦਾਸ ਕੋਲੋਂ ਵੀ ਸਾਧ ਸੰਗਤ ਨੇ ਪ੍ਰਚਾਰ ਦੀ ਸੇਵਾ ਲਈ। ਬਰ੍ਹਮੀਆਂ ਦੇ ਸਮਝਾਉਣ ਹਿੱਤ, ਅੰਗਰੇਜ਼ੀ ਵਿੱਚ ਲੈਕਚਰ ਕਰਵਾਏ। ਸਤਿਗੁਰੂ ਦੀ ਮਿਹਰ ਅਤੇ ਸੰਤ ਜੀ ਮਹਾਰਾਜ ਦੇ ਬਖਸ਼ੇ ਹੋਏ ਉਪਦੇਸ਼ਾਂ ਨੇ ਇੱਕ ਅਸਚਰਜ ਰੰਗ ਲਿਆਂਦਾ। ਸਾਰੀ ਸਾਧ ਸੰਗਤ ਨੇ ਮਿਲਕੇ, ਦਾਸ ਲਈ ਬਰ੍ਹਮਾ ਦੇ ਦੌਰੇ ਦਾ ਪ੍ਰੋਗਰਾਮ ਬਣਾਇਆ ਅਤੇ ਹੁਕਮ ਕੀਤਾ ਕਿ ਤੁਸੀਂ ਜ਼ਰੂਰ ਮਾਂਡਲੇ, ਸੈਗੋ, ਮੈਮਿਓ, ਲਾਸ਼ੋ, ਕਲੋ, ਰੰਗੂਨ, ਪ੍ਰੋਮ, ਮੈਗਈ, ਯਨਾਯਾਮ, ਸੰਗੇ, ਸਵੈਬੋ ਅਤੇ ਹੋਰ ਉੱਘੇ ਉੱਘੇ ਸ਼ਹਿਰਾਂ ਵਿੱਚ ਗੁਰੂ ਕੇ ਸਿੱਖਾਂ, ਬਰ੍ਹਮੀਆਂ ਅਤੇ ਹੋਰ ਕੌਮਾਂ ਨੂੰ ਗੁਰੂ ਘਰ ਦਾ ਸੁਨੇਹਾ ਦੇ ਕੇ ਜਾਓ, ਸਾਰਾ ਪ੍ਰੋਗ੍ਰਾਮ ਪੰਜ ਕੁ ਹਫ਼ਤੇ ਦਾ ਬਣ ਗਿਆ। ਭਾਵੇ ਅਕਾਲ ਕਾਲਜ ਵਿਖੇ ਮਾਘੀ ਦਾ ਜੋੜ ਮੇਲਾ ਆਉਣ ਕਰਕੇ, ਪਿੱਛੇ ਮੁੜਨ ਦੀ ਦਿਲ ਵਿੱਚ ਖਿੱਚ ਸੀ, ਪਰ ਸਾਧ ਸੰਗਤ ਦਾ ਹੁਕਮ ਨਾ ਮੋੜ ਸੱਕਿਆ।

ਮੈਕਟੀਲਾ ਦੀਵਾਨ ਤੋਂ ਸਾਧ-ਸੰਗਤ ਦੇ ਹੁਕਮ ਅਨੁਸਾਰ, ਬਰ੍ਹਮਾ ਦੀਵਾਨ ਦੇ ਪ੍ਰਧਾਨ ਅਤੇ ਇੱਕ ਦੋ ਹੋਰ ਸੱਜਣਾਂ ਸਮੇਤ ਦਾਸ ਸੈਗੋ ਤੋਂ ਹੁੰਦਾ ਹੋਇਆ ਮਾਂਡਲੇ ਪੁੱਜਾ। ਏਥੇ ਅੱਗੇ ਰਾਗੀ ਸੁਧ ਸਿੰਘ ਜੀ ਦਾ ਰਾਗੀ ਜਥਾ ਵੀ ਪੁੱਜ ਚੁੱਕਾ ਸੀ। ਸਾਧ-ਸੰਗਤ ਵਿੱਚ ਬੜਾ ਉਤਸ਼ਾਹ ਹੋਇਆ। ਸਵੇਰ ਤੋਂ ਸ਼ਾਮ ਸਾਰੀ ਸੰਗਤ ਦੇ ਦੀਵਾਨ ਸਜਦੇ ਰਹੇ ਅਤੇ ਇੱਕ ਦੋ ਜਗ੍ਹਾ ਬਰ੍ਹਮੀਆਂ ਵਿੱਚ ਪ੍ਰਚਾਰ ਲਈ ਅੰਗਰੇਜ਼ੀ ਦੇ ਵੀ ਵਖਿਆਨ ਹੋਏ।

ਸਾਧ-ਸੰਗਤ ਨੇ ਸਹਿਜ-ਸੁਭਾਏ ਬੜੇ ਪ੍ਰੇਮ ਨਾਲ ਅਕਾਲ ਕਾਲਜ ਗੁਰੂਸਾਗਰ ਸਾਹਿਬ ਦੀ ਸੇਵਾ ਦੀ ਗੱਲਬਾਤ ਪੁੱਛੀ। ਇਹਨਾਂ ਦਿਨਾਂ ਵਿੱਚ ਬੋਰਡਿੰਗ ਹਾਉਸ ਤੇ ਸਕੂਲ ਦੀ ਬਿਲਡਿੰਗ ਬਣ ਰਹੀ ਸੀ, ਬਹੁਤ ਸਾਰੇ ਪ੍ਰੇਮੀਆਂ ਨੇ ਮਾਇਆ ਦੀ ਸੇਵਾ ਆਪਣੇ ਆਪ ਕੀਤੀ। ਜਿਸ ਦਿਨ ਮਾਂਡਲੇ ਤੋਂ ਅਗਲੇ ਸ਼ਹਿਰ ਟੁਰਨਾ ਸੀ, ਖ਼ਾਲਸਾ ਦੀਵਾਨ ਬਰ੍ਹਮਾ ਦੇ ਪ੍ਰਧਾਨ ਨੇ ਦਾਸ ਨੂੰ ਆਖਿਆ ਕਿ ਰਾਗੀ ਸੁੱਧ ਸਿੰਘ ਨੂੰ ਦੀਵਾਨ ਵੱਲੋਂ ਉਗਰਾਹੀ ਕਰਨ ਦੀ ਆਗਿਆ ਮਿਲ ਚੁੱਕੀ ਹੈ। ਤੁਹਾਨੂੰ ਸੁਤੇ-ਸਿੱਧ ਸੰਗਤਾਂ ਨੇ ਉਗਰਾਹੀ ਦੇਣੀ ਸ਼ੁਰੂ ਕਰ ਦਿੱਤੀ ਹੈ। ਇਸ ਤਰ੍ਹਾਂ ਰਾਗੀ ਦੀ ਉਗਰਾਹੀ ਵਿੱਚ ਵਿਘਨ ਪਵੇਗਾ। ਸੋ, ਤੁਸੀਂ ਦੌਰਾ ਬੰਦ ਕਰ ਦਿਓ। ਤੇ ਸਿੱਧੇ ਰੰਗੂਨ ਚਲੇ ਜਾਓ। ਹੁਕਮ ਮੰਨ ਕੇ ਦਾਸ ਮਾਂਡਲੇ ਰੰਗੂਨ ਮੇਲ ’ਤੇ ਸਵਾਰ ਹੋ ਗਿਆ। ਜਦ ਰੰਗੂਨ ਪੁੱਜਾ, ਤਦ ਸਾਧ-ਸੰਗਤ ਤੇ ਪ੍ਰੇਮੀ ਸਟੇਸ਼ਨ ’ਤੇ ਲੈਣ ਆਏ ਤੇ ਆਖਿਆ ਕਿ ਸੰਗਤਾਂ ਤੁਹਾਡੇ ਪ੍ਰਚਾਰ ਲਈ ਵਿਆਕੁਲ ਹੋ ਰਹੀਆਂ ਹਨ ਅਤੇ ਥਾਂ-ਥਾਂ ਤੋਂ ਤਾਰਾਂ ਆਈਆਂ ਹਨ ਕਿ ਸੰਤ ਜ਼ਰੂਰ ਦਰਸ਼ਨ ਦੇਣ। ਦਾਸ ਨੇ ਪ੍ਰਧਾਨ ਸਾਹਿਬ ਦਾ ਹੁਕਮ ਆਖ ਸੁਣਾਇਆ। ਸੰਗਤ ਨੇ ਆਗਿਆ ਕੀਤੀ ਕਿ ਰਾਤੀਂ ਸਾਧ-ਸੰਗਤ ਵਿੱਚ ਵਿਚਾਰ ਕਰ ਲਵਾਂਗੇ ਪਰ ਤੁਹਾਨੂੰ ਦੌਰੇ ਵਾਸਤੇ ਜ਼ਰੂਰ ਜਾਣਾ ਪਵੇਗਾ। ਸੰਗਤਾਂ ਦਾ ਉਤਸ਼ਾਹ ਠਾਠਾਂ ਮਾਰ ਰਿਹਾ ਹੈ, ਇਸ ਨੂੰ ਰੋਕਣਾ ਠੀਕ ਨਹੀਂ। ਸੋ, ਰਾਤ ਨੂੰ ਰੰਗੂਨ ਸਿੰਘ ਸਭਾ ਵਿੱਚ ਅਰਾਮ ਕੀਤਾ। ਦੂਜੇ ਦਿਨ ਕਮੇਟੀ ਅਤੇ ਸਰਬ-ਸੰਗਤ ਨੇ ਪ੍ਰੋਮ ਜਾਣ ਦੀ ਆਗਿਆ ਕੀਤੀ। ਪ੍ਰੋਮ ਦੌਰੇ ਵਿੱਚ ਸਭ ਤੋਂ ਅਖੀਰ ’ਤੇ ਰੱਖਿਆ ਗਿਆ ਸੀ, ਹੁਣ ਇਹ ਪਹਿਲਾਂ ਹੋ ਗਿਆ ਤੇ ਮੈਗੋਈ, ਯਨਾਯਾਮ ਤੋਂ ਹੁੰਦੇ ਹੋਇਆਂ ਦਾਸ ਨੇ ਬਰ੍ਹਮਾ ਦੇ ਸਾਰੇ ਉੱਘੇ-ਉੱਘੇ ਸ਼ਹਿਰਾਂ ਵਿੱਚ ਦੌਰਾ ਕੀਤਾ। ਜਿੱਥੇ-ਜਿੱਥੇ ਦਾਸ ਗਿਆ, ਸੰਤ ਜੀ ਮਹਾਰਾਜ ਦੇ ਬਖ਼ਸ਼ੇ ਹੋਏ ਸ਼ਬਦ ਦੀ ਕ੍ਰਿਪਾ ਦੁਆਰਾ ਸਾਧ-ਸੰਗਤ ਵਿੱਚ ਬੜੀ ਡੂੰਘੀ ਪ੍ਰੇਮ ਦੀ ਲਹਿਰ ਚੱਲੀ ਤੇ ਸਮੂੰਹ ਸੰਗਤਾਂ ਨੇ ਅਕਾਲ ਕਾਲਜ ਦੀ ਇਮਾਰਤ ਲਈ ੧੭ ਹਜ਼ਾਰ ਰੁਪਏ ਦੀ ਸੇਵਾ ਬੜੇ ਉਤਸ਼ਾਹ ਨਾਲ ਕੀਤੀ। ਰੰਗੂਨ ਤੋਂ ਕਲਕੱਤੇ ਹੁੰਦਾ ਹੋਇਆ ਦਾਸ ਗੁਰੂਸਾਗਰ ਸਾਹਿਬ ਮਸਤੂਆਣੇ ਪੁੱਜਾ। ਮਾਘੀ ਦਾ ਦੀਵਾਨ ਹੋ ਚੁੱਕਾ ਸੀ। ਪਤਾ ਲਗਾ ਕਿ ਬਾਬਾ ਗੁਰਮੁਖ ਸਿੰਘ ਖਜ਼ਾਨਚੀ ਨੇ ਇਸ ਸਾਲ ਅਕਾਲੀਆਂ ਦਾ ਵੱਖਰਾ ਦੀਵਾਨ ਮਹਾਰਾਜਾ ਨਾਭੇ ਦੀ ਹੱਦ ਵਿੱਚ ਕਰਵਾਇਆ ਹੈ, ਜਿੱਥੇ ਕਿ ਪ੍ਰੇਮੀਆਂ ਨੇ ਸੰਤ ਜੀ ਮਹਾਰਾਜ ਦੀ ਟਕਸਾਲ ਦੇ ਵਿਰੁੱਧ ਬੜੀਆਂ ਜੋਸ਼ ਭਰੀਆਂ ਪੋਲੀਟੀਕਲ ਤਕਰੀਰਾਂ ਕੀਤੀਆਂ। ਚਿੱਤ ਵਿੱਚ ਉਸ ਵੇਲੇ ਖੜਕ ਗਈ ਕਿ ਕਿਧਰੇ ਇਸ ਗੱਲ ਦਾ ਭਾਰ ਮਹਾਰਾਜਾ ਨਾਭਾ ’ਤੇ ਨਾ ਆ ਜਾਵੇ, ਪਰ ਹੁਣ ਕੀ ਹੋ ਸਕਦਾ ਸੀ? ਤੀਰ ਕਮਾਨ ਵਿੱਚੋਂ ਨਿਕਲ ਚੁੱਕਾ ਸੀ। ਕੇਵਲ ਏਨਾਂ ਹੀ ਹੋ ਸਕਦਾ ਸੀ ਕਿ ਸਮੇਂ ਦੇ ਪ੍ਰਬੰਧਕਾਂ ਨੂੰ ਸਮਝਾਇਆ ਜਾਏ ਕਿ ਤੁਸੀਂ ਬੜੀ ਭੁੱਲ ਕੀਤੀ। ਦੀਵਾਨ ਇੱਕੋ ਥਾਂ ਸੰਗਰੂਰ ਦੀ ਰਿਆਸਤ ਵਿੱਚ ਰੱਖਣਾ ਸੀ ਤੇ ਨਿਰੋਲ ਧਾਰਮਿਕ ਉਪਦੇਸ਼ ਕਰਨੇ ਸਨ।

ਕਰਤਾਰ ਦੀ ਨੇਤ, ਸੰਤ ਜੀ ਮਹਾਰਾਜ ਦੇ ਦੋਹਾ ਨੇਤਰਾਂ ਵਿੱਚ ਮੋਤੀਆ ਉੱਤਰ ਆਇਆ ਤੇ ਸੰਤ ਜੀ ਦੌਰਾ ਬੰਦ ਕਰ ਕੇ ਕਾਂਝਲੇ ਦੇ ਬਾਹਰ ਕੋਠੀ ਵਿੱਚ ਆ ਬਿਰਾਜੇ।

## ਗੁਰੂ ਦੀ ਕੈਦ

ਇਨ੍ਹਾਂ ਦਿਨਾਂ ਵਿੱਚ ਹੀ ਗੁਰੂ ਕੇ ਬਾਗ਼ ਦਾ ਮੋਰਚਾ ਸ਼ੁਰੂ ਹੋ ਗਿਆ। ਸਾਰੀਆਂ ਸਿੱਖ ਸੰਗਤਾਂ ਵਿੱਚ ਬੜਾ ਜੋਸ਼ ਫੈਲਿਆ ਤੇ ਗੁਰੂ ਕੇ ਸਿੱਖਾਂ ਨੇ ਅਸਿਹ ਕਸ਼ਟ ਸਹਾਰ ਕੇ ਆਪਣੀ ਨਿਰਭੈਤਾ ਅਤੇ ਸਹਿਨਸ਼ੀਲਤਾ ਦੀ ਮਿਸਾਲ ਸਾਰੇ ਭਾਰਤ ਵਰਸ਼ ਲਈ ਕਾਇਮ ਕਰ ਦਿੱਤੀ। ਦਾਸ ਦੇ ਦਿਲ ਵਿੱਚ ਵੀ ਉਛਾਲਾ ਆਇਆ ਤੇ ਸੰਤ ਜੀ ਮਹਾਰਾਜ ਪਾਸੋਂ ਆਗਿਆ ਲੈਣ ਲਈ ਦਾਸ ਕਾਂਝਲੇ ਕੋਠੀ ਪੁੱਜਾ। ਆਪਣੇ ਦਿਲ ਦੀ ਵਿੱਥਿਆ ਆਖ ਸੁਣਾਈ। ਸੰਤ ਜੀ ਮਹਾਰਾਜ ਨੇ ਫੁਰਮਾਇਆ, “ਤੁਸੀਂ ਤਾਂ ਅੱਗੇ ਹੀ ਗੁਰੂ ਦੀ ਕੈਦ ਵਿੱਚ ਹੋ, ਤੁਹਾਨੂੰ



ਸੰਤ ਤੇਜਾ ਸਿੰਘ ਜੀ ਬਰਮਾ ਦੇ ਦੌਰੇ ਸਮੇਂ

ਕਿਧਰੇ ਜਾਣ ਦੀ ਲੋੜ ਨਹੀਂ। ਅਕਾਲ ਕਾਲਜ ਦੀ ਸੇਵਾ ਕਰੀ ਜਾਓ।" ਨਾਲ ਹੀ ਫੁਰਮਾਇਆ, "ਭਾਈ! ਅਸੀਂ ਤਾਂ ਫ਼ਕੀਰ ਹਾਂ, ਅਜੇ ਵੱਡੀ ਕ੍ਰਿਪਾਨ ਧਾਰਨ ਨਹੀਂ ਕੀਤੀ ਪਰ ਇਹ ਕਿੱਥੇ ਲਿਖਿਆ ਹੈ ਕਿ ਗੁਰੂ ਦਾ ਸਿੱਖ ਕਿਰਪਾਨਧਾਰੀ ਹੋਵੇ ਤੇ ਉਸ ਦੇ ਕੇਸਾਂ ਉੱਤੇ ਬੂਟ ਰੱਖੇ ਜਾਣ ਅਤੇ ਗੁਰੂ ਕੀ ਨਿੰਦਾ ਕੀਤੀ ਜਾਵੇ ਫਿਰ ਗੁਰੂ ਦਾ ਕਿਰਪਾਨਧਾਰੀ ਸਿੱਖ ਚੁੱਪ ਰਹੇ? ਗੁਰੂ ਕਲਗੀਆਂ ਵਾਲੇ ਦਾ ਇਹ ਹੁਕਮ ਹੈ:

**ਗੁਰੂ ਕੀ ਨਿੰਦਾ ਸੁਣੇ ਨ ਕਾਨ, ਸੀਸ ਭੇਟ ਕਰੇ ਕ੍ਰਿਪਾਨ। (ਪਾ: ੧੦)**

ਮਹਾਤਮਾ ਗਾਂਧੀ ਦੇ ਚੱਕਰ ਦੇ ਅਧੀਨ ਹੋ ਕੇ ਮਾਰ ਖਾਣ ਨਾਲ ਸਿੱਖਾਂ ਦੀ ਅਣਖ ਵਿੱਚ ਫ਼ਰਕ ਪਵੇਗਾ। ਇਹ ਚੱਕਰ ਬਹੁਤ ਚਿਰ ਨਹੀਂ ਨਿਭਣਾ। "ਨਵਾਂ ਨੌਂ ਦਿਨ, ਪੁਰਾਣਾ ਸੌ ਦਿਨ।" ਹੁਕਮ ਮੰਨ ਕੇ ਦਾਸ ਗੁਰੂਸਾਗਰ ਸਾਹਿਬ ਮਸਤੂਆਣੇ ਮੁੜ ਆਇਆ ਤੇ ਅਕਾਲ ਕਾਲਜ ਦੀ ਸੇਵਾ ਵਿੱਚ ਹਾਜ਼ਰ ਹੋ ਗਿਆ।

ਗੁਰੂ ਕੇ ਬਾਗ਼ ਦੇ ਮੋਰਚੇ ਦੇ ਕਾਰਨ ਸਾਰੀਆਂ ਸੰਗਤਾਂ ਥਾਂ-ਥਾਂ ਉਗਰਾਹੀ ਕਰ ਕੇ ਮਾਇਆ ਅਕਾਲ ਤਖ਼ਤ ਸਾਹਿਬ ਭੇਜ ਰਹੀਆਂ ਸਨ। ਇਸ ਲਈ ਦਾਸ ਨੇ ਉਗਰਾਹੀ ਲਈ ਜਾਣਾ ਵਾਜਬ ਨਾ ਸਮਝਿਆ। ਇਮਾਰਤ ਅਤੇ ਭੱਠੇ ਦੇ ਕੰਮ ਦੋਵੇਂ ਹੀ ਜਾਰੀ ਸਨ। ਬਾਹਰੋਂ ਉਗਰਾਹੀ ਨਾ ਲਿਆਉਣ ਦੇ ਕਾਰਨ, ਅਸਥਾਨ ਦੇ ਸਿਰ ਕਈ ਹਜ਼ਾਰ ਦਾ ਕਰਜ਼ਾ ਹੋ ਗਿਆ।

ਇਹਨਾਂ ਦਿਨਾਂ ਵਿੱਚ ਹੀ ਮਹਾਰਾਜਾ ਪਟਿਆਲਾ ਤੇ ਮਹਾਰਾਜਾ ਨਾਭੇ ਦਾ ਝਗੜਾ ਸ਼ੁਰੂ ਹੋ ਗਿਆ। ਇਸ ਸਬੰਧੀ ਡਾਕਟਰ ਨਿਰੰਜਨ ਸਿੰਘ, ਸੰਤ ਜੀ ਮਹਾਰਾਜ ਦੇ ਪਾਸ ਕਾਂਝਲੇ ਕੋਠੀ ਆਇਆ ਕਿ ਸੱਚੇ ਪਾਤਸ਼ਾਹ! ਸੰਤ ਤੇਜਾ ਸਿੰਘ ਮਹਾਰਾਜਾ ਨਾਭਾ ਦਾ ਪੱਖ ਕਰਦਾ ਹੈ। ਸੰਤ ਜੀ ਮਹਾਰਾਜ ਨੇ ਫੁਰਮਾਇਆ ਕਿ ਭਾਈ! ਸਾਡੀ ਤਰਫੋਂ ਮਹਾਰਾਜਾ ਪਟਿਆਲੇ ਨੂੰ ਕਹਿ ਦੇਣਾ ਕਿ ਸੰਤ ਤੇਜਾ ਸਿੰਘ ਸਾਰਿਆਂ ਦੇ ਸਾਂਝੇ ਹਨ, ਉਹ ਸਭ ਦਾ ਭਲਾ ਕਰਨਾ ਚਾਹੁੰਦੇ ਹਨ। ਇਹ ਸੁਨੇਹਾ ਲੈ ਕੇ ਡਾਕਟਰ ਨਿਰੰਜਨ ਸਿੰਘ ਤਾਂ ਪਟਿਆਲੇ ਮੁੜ ਗਿਆ ਤੇ ਦਾਸ ਨੂੰ ਸੰਤ ਮਹਾਰਾਜ ਨੇ ਕਾਂਝਲੇ ਸੱਦ ਭੇਜਿਆ ਤੇ ਉੱਪਰ ਲਿਖੀ ਸਾਰੀ ਵਿੱਥਿਆ ਆਖ ਸੁਣਾਈ, ਨਾਲ ਹੀ ਹੁਕਮ ਕੀਤਾ ਕਿ ਤੁਸੀਂ ਅਕਾਲ ਕਾਲਜ ਵਿੱਚ ਕਿਰਤ ਦਾ ਕੰਮ ਚਲਾ ਕੇ ਹੱਥਾਂ 'ਤੇ ਸਰ੍ਹੋਂ ਜਮਾ ਦਿਓ। ਬਹੁਤ ਚਿਰ ਦੇ ਕਈ ਪ੍ਰੇਮੀ ਵਿੱਚੋਂ-ਵਿੱਚ ਤੁਹਾਡੀ ਮੁਖਾਲਫ਼ਤ ਕਰਦੇ ਰਹਿੰਦੇ ਹਨ। ਗੁਰੂਸਾਗਰ ਸਾਹਿਬ ਦੀ ਪੰਡ ਬੜੀ ਭਾਰੀ ਹੈ। ਪੂਰੀ ਲਗਨ ਵਾਲੇ ਘੱਟ ਤੋਂ ਘੱਟ ਗਿਆਰਾਂ ਸੇਵਕਾਂ ਦੀ ਲੋੜ ਹੈ ਪਰ ਤੁਸੀਂ ਇਕੱਲੇ ਹੋ। ਗੁਰੂਸਾਗਰ ਸਾਹਿਬ ਵਿੱਚ ਇੱਕ ਭਾਈ ਕੇਵਲ ਸਿੰਘ ਦਾ ਤੁਹਾਡੇ ਨਾਲ ਪ੍ਰੇਮ ਹੈ ਪਰ ਉਸ ਵਿੱਚ ਹੌਂਸਲਾ ਨਹੀਂ।

ਕੁਦਰਤ ਨੇ ਅਕਾਲ ਕਾਲਜ ਵਿੱਚ ਬਿਜਲੀ, ਖੇਤੀ ਤੇ ਤਿਜਾਰਤ ਤਿੰਨ ਅਮਰੀਕਾ ਦੇ ਡਿਗਰੀ-ਯਾਫਤਾ ਸੱਜਣ (ਭਾਈ ਚਰਨਜੀਤ ਸਿੰਘ M.Sc. ਬਿਜਲੀ, ਲਾਲਾ ਸਾਂਝੀ ਰਾਮ M.Sc. ਖੇਤੀ-ਬਾੜੀ ਅਤੇ ਸੋਢੀ ਚਰਨ ਸਿੰਘ M.Sc. ਤਿਜਾਰਤ) ਭੇਜ ਦਿੱਤੇ। ਸੰਤ ਜੀ ਮਹਾਰਾਜ ਦਾ ਇਸ਼ਾਰਾ ਸਮਝ ਕੇ ਦਾਸ ਮਹਾਰਾਜਾ ਪਟਿਆਲਾ, ਜੀਂਦ, ਕਪੂਰਥਲਾ ਅਤੇ ਨਵਾਬ ਮਲੇਰਕੋਟਲਾ ਨੂੰ ਮਿਲਿਆ। ਸਭ ਨੇ ਕਾਲਜ ਵਿੱਚ ਸਾਇੰਸ ਅਤੇ ਕਿਰਤ ਸਬੰਧੀ ਮਦਦ ਦੇਣ ਦਾ ਭਰੋਸਾ ਦਿਵਾਇਆ। ਇਸ ਦੇ ਨਾਲ-ਨਾਲ ਕਾਲਜ ਲਈ ਹੌਲੀ-ਹੌਲੀ ਕਿਰਤ ਦਾ ਸਮਾਨ (Tubewell) ਲੱਗਣਾ ਸ਼ੁਰੂ ਹੋ ਗਿਆ। ਪੰਜ ਹਜ਼ਾਰ ਰੁਪਏ ਵਿੱਚ ਇੰਜਨ, ਲੱਕੜੀ ਦੇ ਕਾਰਖਾਨੇ ਲਈ ਰੰਦੇ ਆਦਿ ਸਾਰੇ ਹਥਿਆਰ ਤੇ ਖੱਡੀਆਂ ਆ ਗਈਆਂ।

ਏਧਰ ਤਾਂ ਇਹ ਉਤਸ਼ਾਹ ਭਰੀ ਸੇਵਾ ਅਕਾਲ ਕਾਲਜ ਵਿੱਚ ਹੋਣੀ ਸ਼ੁਰੂ ਹੋ ਗਈ, ਓਧਰ ਮਹਾਰਾਜਾ ਪਟਿਆਲਾ ਅਤੇ ਨਾਭੇ ਦਾ ਝਗੜਾ ਟੀਸੀ 'ਤੇ ਪੁੱਜ ਗਿਆ। ਸੰਤ ਜੀ ਮਹਾਰਾਜ ਨੇ ਦਾਸ ਨੂੰ

ਕਾਂਝਲੇ ਸੱਦ ਭੇਜਿਆ ਅਤੇ ਹੁਕਮ ਕੀਤਾ ਕਿ ਤੁਸੀਂ ਸਾਡੀ ਤਰਫ਼ੋਂ ਮਹਾਰਾਜਾ ਨਾਭਾ ਨੂੰ ਮਿਲ ਕੇ ਆਖੋ ਕਿ ਭਾਈ ਰਿਸ਼ਤੇਦਾਰੀ ਕਰਕੇ ਤੁਸੀਂ ਵੱਡੇ ਹੋ, ਸਿੱਧੇ ਮੋਟਰ ਤੇ ਚੜ੍ਹ ਮਹਾਰਾਜਾ ਪਟਿਆਲੇ ਪਾਸ ਚਲੇ ਜਾਓ ਅਤੇ ਆਖੋ ਕਿ ਭਾਈ, ਆਪਸ ਵਿੱਚ ਬੈਠ ਕੇ ਝਗੜਾ ਨਿਬੇੜ ਲਈਏ। ਜੇ ਇਹ ਗੱਲ ਵੱਧ ਗਈ ਤਾਂ ਦੂਹਾਂ ਰਿਆਸਤਾਂ ਦੀ ਤਾਕਤ ਘੱਟ ਜਾਵੇਗੀ ਅਤੇ ਬੜਾ ਹੀ ਨੁਕਸਾਨ ਹੋਵੇਗਾ। ਸਾਰੇ ਪੰਥ ਨੂੰ ਭੀੜਾ ਦਾ ਮੂੰਹ ਵੇਖਣਾ ਪਵੇਗਾ। ਸਾਡੀ ਸਤਿਆ ਤੁਹਾਡੇ ਨਾਲ ਹੋਵੇਗੀ। ਜੇ ਤੁਸੀਂ ਸਾਡਾ ਕਿਹਾ ਮੰਨ ਕੇ ਸਿੱਧੇ ਪਟਿਆਲਾ ਚਲੇ ਜਾਓਗੇ ਤਾਂ ਮਹਾਰਾਜਾ ਪਟਿਆਲਾ ਤੁਹਾਡੇ ਸਾਹਮਣੇ ਬੋਲ ਨਹੀਂ ਸਕੇਗਾ। ਸਾਰੀ ਗੱਲ ਦਾ ਓਸੇ ਵੇਲੇ ਨਿਬੇੜਾ ਹੋ ਜਾਵੇਗਾ। ਨਾਲ ਹੀ ਸੰਤ ਜੀ ਮਹਾਰਾਜ ਨੇ ਹੁਕਮ ਕੀਤਾ ਕਿ ਤੁਸੀਂ ਨਾਭੇ ਹੋ ਕੇ ਮਹਾਰਾਜਾ ਪਟਿਆਲਾ ਨੂੰ ਵੀ ਮਿਲਣਾ ਅਤੇ ਸਾਡੀ ਤਰਫ਼ੋਂ ਆਖਣਾ ਕਿ ਘਰ ਵਿੱਚ ਹੀ ਝਗੜਾ ਨਿਬੇੜਨਾ ਠੀਕ ਹੈ, ਨਹੀਂ ਤਾਂ ਗੱਲ ਬਹੁਤ ਵੱਧ ਜਾਵੇਗੀ। ਦੋਵੇਂ ਰਿਆਸਤਾਂ ਕਮਜ਼ੋਰ ਹੋ ਜਾਣਗੀਆਂ ਅਤੇ ਸਿੱਖੀ ਨੂੰ ਸੱਟ ਵੱਜੇਗੀ।

ਇਹ ਆਗਿਆ ਮੰਨ, ਦਾਸ ਪਹਿਲਾਂ ਨਾਭੇ ਗਿਆ ਅਤੇ ਹੀਰਾ ਮਹਿਲ ਵਿੱਚ ਮਹਾਰਾਜਾ ਰਿਪੁਦਮਣ ਸਿੰਘ ਜੀ ਨੂੰ ਮਿਲਿਆ। ਸੰਤ ਜੀ ਮਹਾਰਾਜ ਦਾ ਸੁਨੇਹਾ ਹੂਬਹੂ ਉਪਰ ਲਿਖੇ ਅੱਖਰਾਂ ਵਿੱਚ ਆਖ ਸੁਣਾਇਆ। ਮਹਾਰਾਜਾ ਸਾਹਿਬ ਨਾਭਾ ਨੇ ਆਖਿਆ, "ਇਹ ਰਾਜਨੀਤੀ ਕੀ ਬਾਤ ਹੈ, ਸੰਤ ਜੀ ਕੋ ਇਨ ਬਾਤੋਂ ਕਾ ਪਤਾ ਨਹੀਂ। ਮੁਝੇ ਰਾਜ ਕੀ ਪ੍ਰਵਾਹ ਨਹੀਂ ਪਰ ਮੈਂ ਮਹਾਰਾਜਾ ਪਟਿਆਲਾ ਕੋ ਮਿਲਨੇ ਨਹੀਂ ਜਾਉਂਗਾ।" ਫਿਰ ਦਾਸ ਵੱਲ ਮੁਖਾਤਬ ਹੋ ਕੇ ਬੋਲੇ, "ਸੰਤ ਜੀ ਮੈਂ ਰਾਜ ਕਿਸ ਕੇ ਲੀਏ ਰਖੂੰ? ਅਪਨੇ ਲੀਏ ਯਾ ਆਪ ਕੇ ਲੀਏ?" ਰਾਜੇ ਦੇ ਇਹਨਾਂ ਅੱਖਰਾਂ ਨਾਲ, ਸੱਟ ਤਾਂ ਦਾਸ ਦੇ ਹਿਰਦੇ ਤੇ ਬੜੇ ਡਾਢੀ ਵੱਜੀ, ਪਰ ਸਾਧੂ ਸੁਭਾਓ ਵਿੱਚ ਦਾਸ ਨੇ ਜਵਾਬ ਦਿੱਤਾ, "ਪੰਥ ਕੇ ਲੀਏ'। ਅਗਰ ਆਪ ਕੋ ਰਾਜ ਛੋੜਨਾ ਪੜਾ ਤੋ ਪੰਥ ਕੋ ਬਹੁਤ ਤਕਲੀਫ ਹੋਗੀ।"

ਨਾਭੇ ਤੋਂ ਵਿਦਾ ਹੋ ਦਾਸ ਪਟਿਆਲੇ ਪੁੱਜਾ। ਓਥੋਂ ਪਤਾ ਲੱਗਾ ਕਿ ਮਹਾਰਾਜਾ ਪਟਿਆਲਾ ਚਾਇਲ ਚਲੇ ਗਏ ਹਨ। ਚਾਇਲ ਜਾ ਕੇ ਸੰਤ ਜੀ ਮਹਾਰਾਜ ਦਾ ਸੁਨੇਹਾ ਦਿੱਤਾ। ਮਹਾਰਾਜਾ ਪਟਿਆਲਾ ਨੇ ਆਖਿਆ, "ਮੈ ਹਾਜ਼ਰ ਹਾਂ, ਸੰਤ ਜੀ ਮਹਾਰਾਜ ਸਾਨੂੰ ਦੋਹਾਂ ਨੂੰ ਇੱਕਠਿਆਂ ਕਰਕੇ ਜੋ ਫੈਸਲਾ ਕਰਨ, ਮੈਂ ਸਿਰ ਮੱਥੇ ਤੇ ਧਰਾਂਗਾ ਪਰ ਹੁਣ ਗੱਲ ਬਹੁਤ ਵੱਧ ਚੁੱਕੀ ਹੈ, ਆਪਸ ਵਿੱਚ ਫੈਸਲਾ ਕਰਨਾ ਬਹੁਤ ਹੀ ਮੁਸ਼ਕਲ ਹੈ। ਹਿੰਦੁਸਤਾਨ ਦੀ ਸਰਕਾਰ ਦਾ ਹੱਥ ਏਸ ਗੱਲ ਵਿੱਚ ਪੈ ਚੁੱਕਾ ਹੈ।"

ਦੋਹਾਂ ਮਹਾਰਾਜਿਆਂ ਨੂੰ ਮਿਲ ਕੇ ਦਾਸ ਗੁਰੂਸਾਗਰ ਸਾਹਿਬ ਹੁੰਦਾ ਹੋਇਆ ਸੰਤ ਮਹਾਰਾਜ ਪਾਸ ਕਾਂਝਲੇ ਪੁੱਜਾ। ਸੰਤ ਜੀ ਮਹਾਰਾਜ ਅੰਮ੍ਰਿਤ ਵੇਲੇ ਦੇ ਦੀਵਾਨ ਤੋਂ ਉੱਠ ਕੇ ਆਏ ਹੀ ਸਨ ਅਤੇ ਬਾਹਰ ਜਾਣ ਲਈ ਤਿਆਰ ਹੋ ਰਹੇ ਸਨ। ਓਸੇ ਵੇਲੇ ਦਾਸ ਗੜਵਈ ਨੂੰ ਨਾਲ ਲੈ ਕੇ ਕੋਠੀ ਦੇ ਨਾਲ ਝਿੜੇ ਵਿੱਚ ਗਿਆ ਅਤੇ ਜੰਗਲ ਪਾਣੀ ਹੋਣ ਦੇ ਮਗਰੋਂ ਇਕ ਏਕਾਂਤ ਰੇਤ ਦੇ ਫਰਸ਼ 'ਤੇ ਸਜ ਗਏ। ਦਾਸ ਵੀ ਚਰਨਾਂ ਵਿੱਚ ਬੈਠ ਗਿਆ। ਮਹਾਰਾਜ ਜੀ ਨੇ ਪੁੱਛਿਆ, "ਸੁਣਾਓ, ਭਾਈ ਤੇਜਾ ਸਿੰਘ, ਪ੍ਰੇਮੀਆਂ ਨੇ ਸਾਡੀ ਗੱਲ ਦਾ ਕੀ ਉੱਤਰ ਦਿੱਤਾ?" ਦਾਸ ਨੇ ਪਹਿਲਾਂ ਮਹਾਰਾਜਾ ਨਾਭਾ ਦੀ ਸਾਰੀ ਵਿੱਥਿਆ ਆਖ ਸੁਣਾਈ। ਇਹ ਸੁਣ ਕੇ ਸੰਤ ਜੀ ਮਹਾਰਾਜ ਸਹਿਜ ਸੁਭਾਏ ਬੋਲੇ, "ਭਾਈ, ਜੇ ਮਹਾਰਾਜਾ ਨਾਭਾ ਰਾਜਭਾਗ ਦਾ ਤਿਆਗੀ ਹੋਵੇ ਤਦ ਸਾਨੂੰ ਬੜੀ ਹੀ ਖੁਸ਼ੀ ਹੋਵੇ। ਪਰ ਜਿਸ ਵੇਲੇ ਰਾਜ ਖੁਸੇਗਾ, ਰੋਵੇਗਾ।" ਫੇਰ ਦਾਸ ਨੇ ਮਹਾਰਾਜਾ ਪਟਿਆਲਾ ਦੀ ਗੱਲ ਬਾਤ ਸੁਣਾਈ। ਸੰਤ ਜੀ ਮਹਾਰਾਜ ਨੇ ਫੁਰਮਾਇਆ, "ਭਾਈ, ਏਸ ਪ੍ਰੇਮੀ ਦਾ ਹਿਰਦਾ ਨਰਮ ਹੈ। ਸਮਝਾਇਆ ਆਖੇ ਵੀ ਲੱਗ ਸਕਦਾ ਹੈ ਪਰ ਹੁਣ ਦੋਹਾਂ ਪ੍ਰੇਮੀਆਂ ਦਾ ਇਕੱਠਾ ਕਰਨਾ ਕਠਨ ਹੈ।" ਇਹ

ਗੱਲਬਾਤ ਕਰ, ਸੰਤ ਜੀ ਮਹਾਰਾਜ ਤਾਂ ਅਰਾਮ ਲਈ ਆਪਣੇ ਅਸਥਾਨ ਤੇ ਚਲੇ ਗਏ ਅਤੇ ਦਾਸ ਆਗਿਆ ਲੈ, ਗੁਰੂਸਾਗਰ ਸਾਹਿਬ ਮੁੜ ਆਇਆ।

## ਊਭੀ ਸੇਵ

ਇੱਕ ਵੇਰ ਮਹਾਰਾਜਾ ਪਟਿਆਲਾ ਸੰਤ ਜੀ ਮਹਾਰਾਜ ਦੇ ਦਰਸ਼ਨ ਕਰਨ ਲਈ ਆਇਆ ਅਤੇ ਦਮਦਮੇ ਸਾਹਿਬ ਦੀ ਸੇਵਾ ਤੇ ਵੀਚਾਰ ਕਰਦਿਆਂ ਆਖਿਆ ਕਿ ਕਿਧਰੇ ਦਮਦਮੇ ਸਾਹਿਬ ਦੀ ਸੇਵਾ ਪੂਰੀ ਕਰ ਕੇ ਅਸਥਾਨ ਸੰਤ ਤੇਜਾ ਸਿੰਘ ਨੂੰ ਨਾ ਸੰਭਾਲ ਦੇਣਾ, ਉਹ ਮਹਾਰਾਜਾ ਨਾਭਾ ਦਾ ਪੱਖ ਕਰਦਾ ਹੈ। ਸੰਤ ਹੀ ਮਹਾਰਾਜ ਹੱਸ ਕੇ ਬੋਲੇ, "ਭਾਈ, ਇਹ ਤੁਹਾਨੂੰ ਵਹਿਮ ਹੈ, ਭਾਈ ਤੇਜਾ ਸਿੰਘ ਸਭ ਦਾ ਸਾਂਝਾ ਹੈ, ਕਿਸੇ ਨਾਲ ਦਵੈਤ ਨਹੀਂ ਰੱਖਦਾ।"

ਮਹਾਰਾਜਾ ਪਟਿਆਲੇ ਦੀ ਇਹ ਗੱਲਬਾਤ ਸੰਤ ਜੀ ਮਹਾਰਾਜ ਦੇ ਸੇਵਕਾਂ ਨੇ ਸੁਣੀ ਤੇ ਇਹ ਸਾਰੇ ਬਿਹੰਗਮਾਂ ਅਤੇ ਇਲਾਕੇ ਦੇ ਪ੍ਰੇਮੀਆਂ ਵਿੱਚ ਫੈਲ ਗਈ। ਗੁਪਤ ਈਰਖਾ ਤੇ ਹੋਰ ਕਈ ਗੱਲਾਂ ਅਗੇ ਹੀ ਮੌਜੂਦ ਸੀ, ਹੁਣ ਪ੍ਰੇਮੀਆਂ ਦੀ ਚੜ੍ਹ ਮਚ ਗਈ ਅਤੇ ਸਾਰੇ ਸੰਤ ਜੀ ਮਹਾਰਾਜ ਪਾਸ ਆ ਕੇ ਸ਼ਿਕਾਇਤਾਂ ਕਰਨ ਲੱਗ ਪਏ, "ਸਚੇ ਪਾਤਿਸ਼ਾਹ! ਗੁਰੂਸਾਗਰ ਸਾਹਿਬ ਤੇ ਕਰਜ਼ਾ ਚੜ੍ਹ ਗਿਆ ਹੈ। ਇਹ ਹਜ਼ੂਰ ਦੀ ਬਦਨਾਮੀ ਹੈ।" ਇਹ ਸਾਰੀਆਂ ਗੱਲਾਂ ਸੁਣ ਕੇ ਸੰਤ ਜੀ ਮਹਾਰਾਜ ਨੇ ਭਾਈ ਗੁਲਾਬ ਸਿੰਘ ਜੀ ਨੂੰ, ਜੋ ਉਸ ਸਮੇਂ ਦਮਦਮੇ ਸਾਹਿਬ ਕਾਰ ਕਰ ਰਹੇ ਸਨ, ਸੱਦਿਆ ਤੇ ਸਾਰੀ ਗੱਲ ਆਖ ਸੁਣਾਈ। ਭਾਈ ਗੁਲਾਬ ਸਿੰਘ ਨੇ ਹੱਥ ਜੋੜ ਕੇ ਬੇਨਤੀ ਕੀਤੀ, "ਸੱਚੇ ਪਾਤਸ਼ਾਹ! ਹਜ਼ੂਰ ਤਾਂ ਅਸਥਾਨ ਭਾਈ ਤੇਜਾ ਸਿੰਘ ਅਤੇ ਗੁਰੂ ਪੰਥ ਨੂੰ ਸੰਭਾਲ ਚੁੱਕੇ ਹੋ, ਹਜ਼ੂਰ ਦੀ ਬਦਨਾਮੀ ਕਾਹਦੀ? ਪ੍ਰੇਮੀ ਤਾਂ ਐਵੇਂ ਈਰਖਾ ਵਿੱਚ ਆ ਕੇ ਸ਼ਿਕਾਇਤਾਂ ਕਰਦੇ ਹਨ। ਹਜ਼ੂਰ, ਦੱਸੋ ਕਿ ਤੇਜਾ ਸਿੰਘ ਚੱਲਾ ਜਾਵੇ ਤਾਂ ਸ਼ਿਕਾਇਤਾਂ ਕਰਨ ਵਾਲਿਆ ਵਿੱਚੋਂ ਕਿਹੜਾ ਅਸਥਾਨ ਚਲਾਉਂਦਾ?" ਇਹ ਸੁਣ ਕੇ ਸੰਤ ਜੀ ਮਹਾਰਾਜ ਨੇ ਫੁਰਮਾਇਆ, "ਹਾਂ ਭਾਈ, ਤੁਹਾਡੀ ਗੱਲ ਤਾਂ ਠੀਕ ਹੈ। ਤੁਸੀਂ ਦਮਦਮੇ ਸਾਹਿਬ ਜਾ ਕੇ ਆਪਣੀ ਸੇਵਾ ਕਰਾਓ।"

ਕੁਝ ਦਿਨ ਲਈ ਸੰਤ ਜੀ ਮਹਾਰਾਜ ਜਿਹੜਾ ਕੋਈ ਸ਼ਿਕਾਇਤਾਂ ਕਰਦਾ, ਉਸ ਨੂੰ ਚੁਪ ਕਰਾ ਦੇਂਦੇ ਪਰ ਥੋੜ੍ਹੇ ਦਿਨਾਂ ਮਗਰੋਂ ਬਹੁਤ ਸਾਰੇ ਪ੍ਰੇਮੀ ਤੇ ਪਿੰਡਾਂ ਦੇ ਲੋਕ ਸੰਤ ਜੀ ਮਹਾਰਾਜ ਪਾਸ ਇਕੱਠੇ ਹੋ ਗਏ ਅਤੇ ਸ਼ਿਕਾਇਤਾਂ ਦਾ ਪੁੱਲ ਬੰਨ੍ਹ ਦਿੱਤਾ। ਸੰਤ ਜੀ ਮਹਾਰਾਜ ਨੇ ਉਹਨਾਂ ਨੂੰ ਆਖਿਆ, "ਚੰਗਾ ਭਾਈ, ਅਸੀਂ ਤੇਜਾ ਸਿੰਘ ਨੂੰ ਏਥੇ ਸੱਦ ਕੇ ਸਮਝਾ ਦੇਵਾਂਗੇ।" ਦੂਜੇ ਦਿਨ ਹੀ ਇਕ ਸੇਵਕ ਦਾਸ ਪਾਸ ਆਇਆ ਤੇ ਆਖਿਆ, ਸੰਤ ਜੀ ਮਹਾਰਾਜ ਦਾ ਹੁਕਮ ਹੈ ਕਿ ਤੁਸੀਂ ਅਤੇ ਭਾਈ ਚਰਨਜੀਤ ਸਿੰਘ ਜੀ ਸਿਵੀਆਂ ਚੱਲੋ। ਓਸੇ ਵੇਲੇ ਅਸੀਂ ਸੇਵਕ ਦੇ ਨਾਲ ਟੁਰ ਪਏ। ਜਦ ਰਾਮ ਨਗਰ ਸਿਵੀਆਂ ਪੁੱਜੇ ਤਦ ਸੰਤ ਜੀ ਮਹਾਰਾਜ ਆਪਣੇ ਅਰਾਮ ਵਾਲੇ ਕਮਰੇ ਵਿੱਚ ਹਨੇਰੇ ਵਿਚ ਪਲੰਘ 'ਤੇ ਸਜੇ ਹੋਏ ਸਨ। ਪਹਿਲਾਂ ਤਾਂ ਬਾਹਰੋਂ ਆਇਆਂ ਨਿਗਾਹ ਨੇ ਕੰਮ ਨਾ ਕੀਤਾ। ਪਰ ਇੱਕ ਦੋ ਮਿੰਟ ਮਗਰੋਂ ਹੀ ਮਹਾਰਾਜ ਦੇ ਦਰਸ਼ਨ ਹੋਏ ਤੇ ਅਸੀਂ ਨਮਸਕਾਰ ਕਰਕੇ ਚਰਨਾਂ ਵਿੱਚ ਬੈਠ ਗਏ। ਸੰਤ ਜੀ ਮਹਾਰਾਜ ਨੇ ਫੁਰਮਾਇਆ, "ਭਾਈ, ਪ੍ਰੇਮੀ ਬਹੁਤ ਸ਼ਿਕਾਇਤਾਂ ਕਰਦੇ ਹਨ ਕਿ ਅਸਥਾਨ ਤੇ ਕਰਜ਼ਾ ਚੜ੍ਹ ਗਿਆ ਹੈ ਅਤੇ ਇਸ ਅਸਥਾਨ ਦੀ ਬਦਨਾਮੀ ਹੈ।" ਦਾਸ ਨੇ ਬੇਨਤੀ ਕੀਤੀ, "ਸੱਚੇ ਪਾਤਿਸ਼ਾਹ ! ਇਕ ਪਾਸੇ ਤਾਂ ੧੫● ਰਾਜ ਮਜ਼ਦੂਰ ਲੱਗਾ ਹੋਇਆ ਹੈ, ਦੂਜੇ ਪਾਸੇ ਭੱਠਾ ਚਲ ਰਿਹਾ ਹੈ। ਕੋਲੇ ਅਤੇ ਮਸਾਲੇ ਵਾਲੇ ਪ੍ਰੇਮੀ ਦਾਸ ਤੇ ਇਤਬਾਰ ਕਰਕੇ ਸਭ ਚੀਜ਼ਾਂ ਖੁਸ਼ੀ ਨਾਲ ਦੇ ਰਹੇ ਹਨ। ਕਹਿੰਦੇ ਹਨ ਕਿ ਸਾਨੂੰ ਤੁਹਾਡੇ ਤੇ ਪੂਰਾ ਭਰੋਸਾ ਹੈ, ਥੋੜ੍ਹੇ ਚਿਰ ਮਗਰੋਂ ਮਿਲ ਜਾਵੇਗਾ। ਰਾਜ ਮਜ਼ਦੂਰ ਅਤੇ ਭੱਠੇ ਠੇਕੇਦਾਰ ਆਖਦੇ ਹਨ ਕਿ ਤੁਸੀਂ ਬੇਸ਼ਕ ਕੰਮ ਚਲਾਈ ਜਾਓ, ਸਾਨੂੰ

ਨਿਸ਼ਚਾ ਹੈ ਕਿ ਸਾਡੀ ਮਾਇਆ ਸੱਚੀ ਬੈਂਕ ਵਿਚ ਜਮ੍ਹਾਂ ਹੈ। ਕੰਮ ਕਰਨ ਵਾਲਿਆਂ ਵਿੱਚ ਨਾ ਕੋਈ ਕੁਸਕਦਾ ਹੈ ਅਤੇ ਨਾ ਕੋਈ ਬਦਨਾਮੀ ਕਰਦਾ ਹੈ। ਹਾਂ, ਖਿੱਚ ਵਾਲੇ ਪ੍ਰੇਮੀ ਆਪ ਹੀ ਚਰਚਾ ਫੈਲਾ ਰਹੇ ਹਨ। ਸਾਰਾ ਕਰਜ਼ਾ ਏਸ ਵੇਲੇ ਦਸ ਹਜ਼ਾਰ ਹੈ। ਗੁਰੂ ਦੇ ਬਾਗ਼ ਦੇ ਮੋਰਚੇ ਕਰਕੇ ਦਾਸ ਇੱਕ ਮਹੀਨੇ ਤੋਂ ਬਾਹਰ ਉਗਰਾਹੀ ਲਈ ਨਹੀਂ ਗਿਆ। ਕਿਉਂਕਿ ਦਾਸ ਅਨੁਭਵ ਕਰਦਾ ਹੈ ਕਿ ਪੰਥ ਦੀ ਭੀੜਾ ਦੇ ਸਮੇਂ ਕੋਈ ਵੀ ਉਗਰਾਹੀ ਕਰਨੀ ਠੀਕ ਨਹੀਂ ਹੈ। ਜਦੋਂ ਮੋਰਚਾ ਫ਼ਤਹਿ ਹੋ ਗਿਆ, ਸਾਰਾ ਕਰਜ਼ਾ ਇਕ ਮਹੀਨੇ ਦੀ ਉਗਰਾਹੀ ਨਾਲ ਪੂਰਾ ਹੋ ਜਾਵੇਗਾ। ਹਜ਼ੂਰ ਦਾ ਸਿਰ 'ਤੇ ਹੱਥ ਹੋਣ ਕਰਕੇ ਗੁਰੂ ਦੀਆ ਸੰਗਤਾਂ ਬਹੁਤ ਪ੍ਰੇਮ ਕਰਦੀਆਂ ਹਨ ਤੇ ਉਗਰਾਹੀ ਖੁੱਲ੍ਹੀ ਹੋ ਜਾਂਦੀ ਹੈ। ਕੋਈ ਭਰਮ ਦੀ ਗੱਲ ਨਹੀਂ, ਕਰਜ਼ਾ ਛੇਤੀ ਹੀ ਲਹਿ ਜਾਵੇਗਾ।''

ਦਾਸ ਦੀ ਇਹ ਬੇਨਤੀ ਪੂਰੀ ਹੋਣ ਤੇ ਸੰਤ ਜੀ ਮਹਾਰਾਜ ਨੇ ਬੜੇ ਪ੍ਰੇਮ ਨਾਲ ਆਪਣੀ ਸੱਜੀ ਬਾਂਹ ਦੁਆਰਾ ਦਾਸ ਨੂੰ ਜੱਫੀ ਵਿੱਚ ਲੈ ਕੇ ਨੇੜੇ ਕਰ ਲਿਆ ਤੇ ਬੜੀ ਧੀਮੀ ਅਤੇ ਪ੍ਰੇਮ ਭਰੀ ਅਵਾਜ਼ ਵਿੱਚ ਆਖਿਆ, ''ਤੇਜਾ ਸਿੰਘ ਜੀ, ਸਾਨੂੰ ਪ੍ਰੇਮੀ 'ਸੰਤ' ਆਖਦੇ ਹਨ, ਸਿੱਖ ਹੋਣਾ ਵੀ ਬੜਾ ਮੁਸ਼ਕਲ ਹੈ।''

**ਪ੍ਰਭ ਕੀ ਆਗਿਆ ਆਤਮ ਹਿਤਾਵੈ ॥ ਜੀਵਨ ਮੁਕਤਿ ਸੋਊ ਕਹਾਵੈ ॥**
**ਤੈਸਾ ਹਰਖੁ ਤੈਸਾ ਉਸੁ ਸੋਗੁ ॥ ਸਦਾ ਅਨੰਦੁ ਤਹ ਨਹੀ ਬਿਓਗੁ ॥** (੨੭੫)

ਇਹ ਪ੍ਰੇਮ ਦੇ ਬਚਨ ਸੁਣਾ ਕੇ ਸਾਨੂੰ ਤਾਂ ਸੰਤ ਜੀ ਮਹਾਰਾਜ ਨੇ ਸੇਵਾ ਲਈ ਵਾਪਸ ਭੇਜ ਦਿੱਤਾ ਤੇ ਕੁਝ ਦਿਨ ਟਿਕਟਿਕਾ ਰਿਹਾ ਪਰ ਜਦ ਪ੍ਰੇਮੀ ਫੇਰ ਵੀ ਨਾ ਮੁੜੇ ਤਾਂ ਸੰਤ ਜੀ ਮਹਾਰਾਜ ਨੇ ਫੁਰਮਾਇਆ, ''ਪ੍ਰੇਮੀਓ! ਗੁਰੂਸਾਗਰ ਸਾਹਿਬ ਦੀ ਸਾਰੀ ਜ਼ਮੀਨ ਤੇ ਜ਼ਾਇਦਾਦ ਦਾ ਚਾਰਜ ਤੁਹਾਨੂੰ ਅਸੀਂ ਤੇਜਾ ਸਿੰਘ ਪਾਸੋਂ ਲੈ ਦਿੰਦੇ ਹਾਂ ਪਰ ਸਕੂਲ ਉਹਨਾਂ ਦੇ ਪਾਸ ਹੀ ਰਹਿਣ ਦਿੰਦੇ ਹਾਂ। ਸਕੂਲ ਤੁਹਾਡੇ ਪਾਸੋਂ ਨਹੀਂ ਚੱਲਣਾ। ਤੇਜਾ ਸਿੰਘ ਨੂੰ ਜ਼ਾਇਦਾਦ ਨਾਲ ਕੋਈ ਪਕੜ ਨਹੀਂ। ਗੁਜ਼ਾਰਾ ਵੀ ਜਿੰਨਾਂ ਅਸੀਂ ਉਹਦਾ ਕਹਾਂਗੇ, ਲੈ ਲਵੇਗਾ। ਉਹ ਕਾਲਜ ਅਤੇ ਸਕੂਲ ਚਲਾਉਣਾ ਜਾਣਦਾ ਹੈ, ਤੁਹਾਡੇ ਪਾਸੋਂ ਇਹ ਕੰਮ ਨਹੀਂ ਹੋਣਾ।''

ਏਸ ਗੱਲਬਾਤ ਦੇ ਮਗਰੋਂ ਸੰਤ ਜੀ ਮਹਾਰਾਜ ਨੇ ਇੱਕ ਦਿਨ ਮੁਕੱਰਰ ਕਰ ਦਿੱਤਾ। ਪ੍ਰੇਮੀਆਂ ਵਿਚੋਂ ਵੀ ਉਸ ਦਿਨ ਮੁਖੀ ਸੱਜਣ ਸੱਦ ਲਏ। ਦਾਸ ਤੇ ਚਰਨਜੀਤ ਜੀ ਨੂੰ ਵੀ ਬੁਲਾ ਭੇਜਿਆ। ਜਦ ਸਾਰੇ ਇਕੱਤਰ ਹੋ ਕੇ ਬੈਠ ਗਏ ਤਦ ਸੰਤ ਜੀ ਮਹਾਰਾਜ ਨੇ ਫੁਰਮਾਇਆ, ''ਭਾਈ ਤੇਜਾ ਸਿੰਘ! ਤੁਸੀਂ ਅਸਥਾਨ ਦਾ ਖਜ਼ਾਨਾ, ਸਾਰੀ ਸਮਗਰੀ ਅਤੇ ਜ਼ਮੀਨ ਇਹਨਾਂ ਪ੍ਰੇਮੀਆਂ ਦੇ ਹਵਾਲੇ ਕਰ ਦਿਓ ਅਤੇ ਸਕੂਲ ਦਾ ਕੰਮ ਤਕੜੇ ਹੋ ਕੇ ਚਲਾਈ ਜਾਓ।'' ਦਾਸ ਨੇ ਹੱਥ ਜੋੜ ਕੇ ਆਖਿਆ, 'ਸਤਿ ਬਚਨ'। ਓਸੇ ਵੇਲੇ ਸੰਤ ਜੀ ਮਹਾਰਾਜ ਤੇ ਅਸੀਂ ਸਾਰੇ ਗੁਰੂਸਾਗਰ ਵੱਲ ਟੁਰ ਪਏ। ਉੱਥੇ ਚੱਲ ਕੇ ਸਾਰੀਆਂ ਕੁੰਜੀਆਂ ਮੰਗਵਾ ਕੇ ਪ੍ਰੇਮੀਆਂ ਨੂੰ ਆਖਿਆ ਕਿ ਤੁਸੀਂ ਸਾਰਾ ਖ਼ਜ਼ਾਨਾ ਅਤੇ ਸਮਾਨ, ਅਸਥਾਨ ਦੇ ਸੇਵਕਾਂ ਨਾਲ ਮਿਲਕੇ ਗਿਣ ਲਓ ਤੇ ਫੈਰਿਸਤ ਬਣਾ ਲਓ। ਫੇਰ ਦਾਸ ਦਸਤਖ਼ਤ ਕਰ ਕੇ ਸਾਰੀ ਜ਼ਾਇਦਾਦ ਤੁਹਾਡੇ ਸਪੁਰਦ ਕਰ ਦੇਵੇਗਾ। ਜਦ ਇਹ ਪੜਤਾਲ ਸ਼ੁਰੂ ਹੋਈ ਤਾਂ ਦੋ ਗੱਲਾਂ ਦਾ ਪਤਾ ਲੱਗਾ, ਇੱਕ ਤਾਂ ਖ਼ਜ਼ਾਨੇ ਵਿੱਚ ਕੋਈ ਮਾਇਆ ਨਹੀਂ, ਦਸ ਹਜ਼ਾਰ ਦਾ ਕਰਜ਼ਾ ਹੈ, ਦੂਜੇ ਕੁਝ ਕੁ ਭਾਂਡੇ ਭੁਝੰਗੀ ਮੁਕੰਦ ਸਿੰਘ ਦੇ ਅਨੰਦ-ਕਾਰਜ ਦੇ ਕਾਰਨ, ਸੰਗਤ ਨੂੰ ਪ੍ਰਸ਼ਾਦ ਛਕਾਉਣ ਲਈ, ਦਾਸ ਦੇ ਬੁੰਗੇ ਵਿੱਚ ਗਏ ਹੋਏ ਹਨ। ਬਾਕੀ ਸਾਰਾ ਪੰਜਾਹ ਕੁ ਹਜ਼ਾਰ ਦਾ ਸਮਾਨ, ਭੱਠੀ ਦੀ ਇੱਟ, ਕਲੀ, ਕੋਇਲਾ, ਜਿਉਂ ਦਾ ਤਿਉਂ ਹਾਜ਼ਰ ਹੈ। ਪ੍ਰੇਮੀਆਂ ਨੇ ਇਹਨਾਂ ਦੋਹਾਂ ਗੱਲਾਂ ਦਾ ਸ਼ੰਕਾ ਉਠਾਇਆ ਅਤੇ ਚਾਰਜ ਲੈਣ ਤੋ ਨਾਂਹ ਕਰ ਦਿੱਤੀ।

ਏਸ ਦੇ ਮਗਰੋਂ ਖਿੱਚੋ-ਤਾਨ ਏਨੀ ਵੱਧ ਗਈ ਕਿ ਵੀਹ ਕੁ ਪ੍ਰੇਮੀ ਜੱਥਾ ਬਣਾ ਕੇ ਦਾਸ ਦੇ ਬੁੰਗੇ ਦੇ ਆਸ-ਪਾਸ ਰਾਤ ਨੂੰ ਆਉਂਦੇ ਪਰ ਹੱਲਾ ਕਰਨ ਤੋਂ ਏਸ ਗੱਲ ਕਰਕੇ ਸੰਕੋਚ ਕਰਦੇ ਕਿ ਦੋ ਬੰਦੂਕਾਂ ਸੰਤ

ਜੀ ਮਹਾਰਾਜ ਨੇ ਦਾਸ ਦੇ ਭੁਝੰਗੀ ਮੁਕੰਦ ਸਿੰਘ ਨੂੰ ਬਖ਼ਸ਼ੀਆਂ ਹੋਈਆਂ ਸਨ। ਦਾਸ ਨੂੰ ਸੰਤ-ਸੁਭਾਉ ਜਾਣਦੇ ਪਰ ਭੁਝੰਗੀ ਪਾਸੋਂ ਡਰਦੇ। **ਇੱਕ ਪ੍ਰੇਮੀ ਨੇ ਦਾਸ ਨੂੰ ਇੱਕ ਦਿਨ ਆਖਿਆ ਕਿ ਜੇਕਰ ਤੈਨੂੰ ਸੰਤ ਹੁਕਮ ਦੇਣ ਕਿ ਏਥੇ ਰਹੋ ਤਾਂ ਵੀ ਨਾ ਰਹੀਂ ਪਰ ਦਾਸ ਨੇ ਇਹ ਪ੍ਰਣ ਕੀਤਾ ਹੋਇਆ ਸੀ ਕਿ ਸੇਵਾ ਦੀ ਪੰਡ ਸਿਰ ਤੋਂ ਨਹੀਂ ਸੁੱਟਣੀ ਭਾਵੇਂ ਏਸ ਦੇ ਹੇਠਾਂ ਹੀ ਕੁਚਲੇ ਕਿਉਂ ਨਾ ਜਾਈਏ।**

ਏਸ ਖੇਲ ਦੇ ਬਹੁਤੇ ਵਿਸਥਾਰ ਕਰਨ ਵਿੱਚ ਕੋਈ ਲਾਹਾ ਨਹੀਂ। ਸਿਰਫ਼ ਕਹਿਣੀ-ਮਾਤਰ ਕਾਰਣ ਥੋੜ੍ਹੇ-ਬਹੁਤੇ ਵਰਨਣ ਕਰਨੇ ਪੈ ਜਾਂਦੇ ਹਨ। ਉੱਪਰ ਲਿਖੀ ਚਾਰਜ ਦੇਣ ਦੀ ਖੇਲ ਦੇ ਮਗਰੋਂ ਇੱਕ ਦਿਨ ਪੰਜਾਹ-ਸੱਠ ਪ੍ਰੇਮੀ ਜਿਸ ਵਿੱਚ ਸੰਤ ਗੁਲਾਬ ਸਿੰਘ ਜੀ ਅਤੇ ਪਿੰਡਾਂ ਦੇ ਸੱਜਣ ਵੀ ਸ਼ਾਮਲ ਸਨ, ਗੁਰਦੁਆਰੇ ਸਾਹਿਬ ਵਿੱਚ ਆ ਗਏ ਅਤੇ ਦਾਸ ਨੂੰ ਸੱਦ ਬੁਲਾਇਆ। ਗੁਰਦੁਆਰੇ ਸਾਹਿਬ ਵਿੱਚ ਹੋਰ ਸੰਗਤ ਵੀ ਇਕੱਠੀ ਹੋ ਗਈ। ਇੱਕ ਪ੍ਰੇਮੀ ਨੇ ਆਖਿਆ ਕਿ ਸਾਰੇ ਅਸਥਾਨ ਨੂੰ ਜਿੰਦਰੇ ਮਾਰ ਲਵੋ। ਪ੍ਰੇਮੀਆਂ ਵਿੱਚ ਖਾਸਾ ਜੋਸ਼ ਸੀ। ਕਰਤਾਰ ਦੀ ਨੇਤ, ਸੰਤ ਗੁਲਾਬ ਸਿੰਘ ਜੀ ਦਾਸ ਦੇ ਪਾਸ ਬੈਠੇ ਸਨ। ਦਾਸ ਨੇ ਹੌਲੀ ਜਿਹੀ ਉਹਨਾਂ ਨੂੰ ਸਮਝਾਇਆ ਕਿ ਦਾਸ ਅਤੇ ਕਿਸੇ ਹੋਰ ਦੇ ਸਰੀਰ ਨੇ ਸਦਾ ਨਹੀਂ ਰਹਿਣਾ, ਅਸਥਾਨ ਜੁਗੋ-ਜੁਗ ਅਟੱਲ ਰਹੇਗਾ। ਜਿੰਦਰੇ ਮਾਰਨ ਨਾਲ ਦਾਸ ਦਾ ਤਾਂ ਕੋਈ ਹਰਜਾ ਨਹੀਂ, ਦਾਸ ਕਿਧਰੇ ਹੋਰ ਸੇਵਾ ਕਰ ਲਵੇਗਾ ਪਰ ਏਸ ਤਰ੍ਹਾਂ ਦੀ ਖੇਡ ਨਾਲ ਅਸਥਾਨ ਬਦਨਾਮ ਹੋ ਜਾਵੇਗਾ ਤੇ ਕਾਲਜ ਅਤੇ ਸਕੂਲ ਦਾ ਚੱਲਣਾ ਮੁਸ਼ਕਲ ਹੋ ਜਾਵੇਗਾ। ਨਿਮਾਣੀ ਵਿੱਚ ਦੋ ਕੁ ਮਹੀਨੇ ਰਹਿੰਦੇ ਹਨ। ਦਾਸ ਨੂੰ ਸਾਰਾ ਹਿਸਾਬ-ਕਿਤਾਬ ਛਾਪ ਲੈਣ ਦਿਓ। ੭੫ ਰੁਪਏ ਦਾ ਹਿਸਾਬੀ (Accountant) ਅਤੇ ੫੦ ਰੁਪਏ ਦਾ ਖਜ਼ਾਨਚੀ ਏਸੇ ਵਾਸਤੇ ਰੱਖੇ ਹੋਏ ਹਨ ਕਿ ਜਮ੍ਹਾਂ-ਖ਼ਰਚ ਦੋਵੇਂ ਪਾਸੇ ਹੋਵੇ ਤੇ ਕਿਸੇ ਰਕਮ ਦਾ ਭੁਲੇਖਾ ਨਾ ਰਹੇ। ਸਕੂਲ ਇੱਕ ਰਾਜਨੀਤਿਕ ਕੰਮ ਹੈ। ਏਸ ਦੀ ਇਮਾਰਤ, ਸਮਾਨ ਅਤੇ ਸਟੋਰ ਦਾ ਹਿਸਾਬ ਜ਼ਰੂਰ ਛਪਣਾ ਚਾਹੀਦਾ ਹੈ। ਨਾਲ ਹੀ ਲੰਗਰ ਦਾ ਅੰਨ, ਕੀਮਤ ਖ਼ਰਚ ਕੇ ਆਉਂਦਾ ਰਿਹਾ ਹੈ, ਉਹ ਵੀ ਹਿਸਾਬ ਸਾਧ-ਸੰਗਤ ਵਿੱਚ ਪ੍ਰਗਟ ਹੋ ਜਾਵੇਗਾ ਤੇ ਪਤਾ ਲੱਗੇਗਾ ਕਿ ਲੰਗਰ ਅਤੁੱਟ ਚੱਲਦਾ ਰਿਹਾ ਹੈ ਅਤੇ ਏਸ ’ਤੇ ਤਿੰਨਾਂ ਸਾਲਾਂ ਵਿੱਚ ੨੫ ਹਜ਼ਾਰ ਦਮੜਾ ਖ਼ਰਚ ਆਇਆ ਹੈ।

ਭਾਈ ਗੁਲਾਬ ਸਿੰਘ ਜੀ ਦੇ ਦਿਲ ਨੂੰ ਇਹ ਗੱਲ ਚੰਗੀ ਲੱਗੀ। ਉਹਨਾਂ ਨੇ ਸਾਰੀ ਸੰਗਤ ਨੂੰ ਰੋਕਿਆ ਤੇ ਆਖਿਆ, “ਚੱਲੋ ਭਾਈ! ਸੰਤ ਜੀ ਮਹਾਰਾਜ ਪਾਸ ਮੁੜ ਚੱਲੀਏ, ਭਾਈ ਤੇਜਾ ਸਿੰਘ ਠੀਕ ਆਖਦਾ ਹੈ। ਹਿਸਾਬ-ਕਿਤਾਬ ਛਪਣ ਦੇ ਮਗਰੋਂ ਪੂਰੀ ਜੁਗਤੀ ਨਾਲ ਭਾਈ ਤੇਜਾ ਸਿੰਘ ਪਾਸੋਂ ਅਸਥਾਨ ਸੰਭਾਲਣਾ ਚਾਹੀਦਾ ਹੈ, ਨਹੀਂ ਤੇ ਅਸਥਾਨ ਕਿਸੇ ਪਾਸੋਂ ਨਹੀ ਚੱਲਣਾ।”

ਇਹ ਸਾਰੀ ਗੱਲਬਾਤ ਸੰਤ ਗੁਲਾਬ ਸਿੰਘ ਨੇ ਸੰਤ ਜੀ ਮਹਾਰਾਜ ਨੂੰ ਆਖ ਸੁਣਾਈ ਤੇ ਆਖਿਆ, “ਸੱਚੇ ਪਾਤਸ਼ਾਹ! ਭਾਈ ਤੇਜਾ ਸਿੰਘ ਠੀਕ ਆਖਦਾ ਹੈ। ਪ੍ਰੇਮੀ ਐਵੇਂ ਕਾਹਲੀ ਕਰਦੇ ਹਨ। ਹਜ਼ੂਰ ਨੂੰ ਅੱਗੇ ਪਤਾ ਹੀ ਹੈ ਕਿ ਇਹਨਾਂ ਵਿਚੋਂ ਅਸਥਾਨ ਚਲਾਉਣ ਵਾਲਾ ਕੋਈ ਨਹੀਂ ਹੈ।” ਇਹ ਗੱਲ ਸੁਣਕੇ ਸੰਤ ਜੀ ਮਹਾਰਾਜ ਨੇ ਭਾਈ ਗੁਲਾਬ ਸਿੰਘ ਨੂੰ ਦਮਦਮੇ ਸਾਹਿਬ ਵਾਪਸ ਕਰ ਦਿੱਤਾ ਅਤੇ ਅੱਠ ਦਿਨ ਸ਼ਾਂਤੀ ਰਹੀ ਪਰ ਪ੍ਰੇਮੀ ਡਾਢੇ ਤੁਲੇ ਹੋਏ ਸਨ। ਇਹ ਸੰਤ ਜੀ ਮਹਾਰਾਜ ਕੋਲ ਫੇਰ ਗਏ ਅਤੇ ਸੰਤ ਜੀ ਮਹਾਰਾਜ ਪਾਸੋਂ ਇਹ ਲਿਖਵਾ ਕੇ ਲੈ ਆਏ ਕਿ ਭਾਈ ਤੇਜਾ ਸਿੰਘ ਅਸਥਾਨ ਦਾ ਚਾਰਜ ਇਹਨਾਂ ੧੧ ਪ੍ਰੇਮੀਆਂ ਦੇ ਸਪੁਰਦ ਕਰ ਦਿਓ, ਪਰ ਤੁਸੀਂ ਨਿਮਾਣੀ ਤੀਕਰ ਗੁਰੂਸਾਗਰ ਸਾਹਿਬ ਮਸਤੂਆਣੇ ਹੀ ਰਹੋ ਅਤੇ ਸਾਰਾ ਹਿਸਾਬ-ਕਿਤਾਬ ਛਾਪ ਕੇ ਹੀ ਜਾਓ।

ਜਦ ਇਹ ਚਿੱਠੀ ਦਾਸ ਨੂੰ ਮਿਲੀ ਤਾਂ ਦਾਸ ਨੇ ਇਸ ਨੂੰ ਸਿਰ ਮੱਥੇ ’ਤੇ ਰੱਖਿਆ ਅਤੇ ਪ੍ਰੇਮੀਆਂ

ਨੂੰ ਚਾਰਜ ਲੈਣ ਲਈ ਆਖਿਆ। ਸਾਰੇ ਮਹਿਕਮਿਆਂ (ਸਾਇੰਸ, ਖਜ਼ਾਨਾ, ਜ਼ਮੀਨ, ਦਫ਼ਤਰੀ ਹਿਸਾਬ, ਲੰਗਰ) ਦੇ ਸੇਵਕਾਂ ਨੂੰ ਸੱਦ ਭੇਜਿਆ ਅਤੇ ਆਖਿਆ ਕਿ ਤੁਸੀਂ ਸਾਰੇ ਫੈਰਿਸਤਾਂ ਤਿਆਰ ਕਰ ਕੇ ਇਹਨਾਂ ਪ੍ਰੇਮੀਆਂ ਨੂੰ ਸਮਾਨ ਦਿਓ ਅਤੇ ਫੇਰ ਫੈਰਿਸਤਾਂ 'ਤੇ ਦਾਸ ਦੇ ਅਤੇ ਇਹਨਾਂ ਦੇ ਦਸਤਖਤ ਕਰਾ ਦਿਓ।

ਭਾਵੇਂ ਸੰਤ ਜੀ ਮਹਾਰਾਜ ਨੇ ਦਾਸ ਦਾ ਗੁਜ਼ਾਰਾ ਵੀ ਪਹਿਲੇ ਪ੍ਰੇਮੀਆਂ ਦੇ ਆਉਣ ਸਮੇਂ ੩●● ਰੁ: ਤੋਂ ੧●● ਰੁ: ਕਰ ਦਿੱਤਾ ਸੀ ਅਤੇ ਦਾਸ ਨੇ ਸਿਰ ਮੱਥੇ 'ਤੇ ਕਬੂਲ ਕਰ ਲਿਆ ਸੀ ਤੇ ਦੋਵੇਂ ਵਾਰੀ ਚਾਰਜ ਦੇਣ ਨੂੰ ਤਿਆਰ ਹੋ ਗਿਆ ਸੀ, ਪਰ ਕਰਤਾਰ ਜਾਣੇ ਪ੍ਰੇਮੀਆਂ ਨੇ ਦਿਲ ਵਿੱਚ ਕੀ ਠਾਣੀ ਹੋਈ ਸੀ, ਉਹਨਾਂ ਨੇ ਇੱਕ ਨਾ ਮੰਨੀ ਅਤੇ ਬਜਾਏ ਸੇਵਕਾਂ ਪਾਸੋਂ ਚਾਰਜ ਦੀਆਂ ਫੈਰਿਸਤਾਂ ਬਨਵਾਉਣ ਦੇ, ਦਾਸ 'ਤੇ ਹੱਲਾ ਬੋਲ ਦਿੱਤਾ। ਇਕ ਪ੍ਰੇਮੀ ਦੇ ਧੱਕੇ ਨਾਲ ਦਾਸ ਦੀ ਦਸਤਾਰ ਵੀ ਲਹਿ ਗਈ। ਕਿਸੇ ਨੇ ਟਕੂਆ, ਕਿਸੇ ਨੇ ਡਾਂਗ, ਕਿਸੇ ਨੇ ਹੱਥ ਚੁੱਕ ਲਿਆ ਪਰ ਅੱਖ ਦੇ ਫੋਰ ਵਿੱਚ ਭਾਈ ਤੀਰਥ ਸਿੰਘ ਜੀ ਦੀ ਸਲੰਘ ਉੱਠੀ ਅਤੇ ਏਸ ਸ਼ੇਰ ਮਰਦ ਨੇ ਕੜਕ ਕੇ ਆਖਿਆ, "ਖਬਰਦਾਰ! ਜੇ ਭਾਈ ਤੇਜਾ ਸਿੰਘ ਨੂੰ ਹੱਥ ਲਾਇਆ, ਸਿਰ ਤੋੜ ਦਿਆਂਗੇ। ਤੁਸੀਂ ਬੇਸ਼ੱਕ ਸੰਤ ਜੀ ਮਹਾਰਾਜ ਪਾਸ ਇਹਨਾਂ ਨੂੰ ਲੈ ਚੱਲੋ ਅਤੇ ਉਹਨਾਂ ਦੇ ਸਾਹਮਣੇ ਸਾਰੀ ਗੱਲਬਾਤ ਕਰ ਕੇ ਫੈਸਲਾ ਕਰ ਲਵੋ।"

ਏਹ ਕਰਤਾਰ ਵਲੋਂ ਵਰਤਾਈ ਹੋਈ ਖੇਲ ਦੇਖ ਕੇ ਸਾਰੇ ਠੁੰਨ ਹੋ ਗਏ ਅਤੇ ਕਿਸੇ ਦਾ ਹੱਥ ਉਠਾਉਣ ਦਾ ਹੌਂਸਲਾ ਨਾ ਪਿਆ। ਦਾਸ ਅਤੇ ਸਾਰਾ ਜਥਾ, ਸੰਤ ਜੀ ਮਹਾਰਾਜ ਵੱਲ ਰਾਮ ਨਗਰ ਸਿਵੀਆਂ ਦੇ ਰਾਹ ਓਸੇ ਵੇਲੇ ਪੈ ਗਿਆ। ਜਦ ਏਥੇ ਅੱਪੜੇ ਤਦ ੧੨ ਕੁ ਵਜੇ ਦਾ ਸਮਾਂ ਸੀ। ਸੰਤ ਜੀ ਮਹਾਰਾਜ ਦੀ ਨਿੱਤ ਮਰਯਾਦਾ ੧● ਵਜੇ ਪ੍ਰਸ਼ਾਦ ਛਕ, ਅਰਾਮ ਲਈ ਆਪਣੇ ਕਮਰੇ ਦਾ ਦਰਵਾਜ਼ਾ ਬੰਦ ਕਰ ਲੈਣ ਦੀ ਸੀ ਪਰ ਏਸ ਦਿਨ ਸਾਰੀ ਖੇਡ ਦੇ ਸਾਖੀ ਜਾਣੀ-ਜਾਣ ਮਹਾਂਪੁਰਖ ਕੋਠੀ ਦੇ ਬਾਹਰ ਪਲੰਘ 'ਤੇ ਸਜੇ ਹੋਏ ਸਨ। ਕੁਝ ਸੇਵਕ ਪਾਸ ਬੈਠੇ ਸਨ।

ਜਦ ਦਾਸ ਨਮਸਕਾਰ ਕਰ ਕੇ ਬੈਠ ਗਿਆ ਤਦ ਸੰਤ ਜੀ ਮਹਾਰਾਜ ਨੇ ਫੁਰਮਾਇਆ, "ਭਾਈ ਤੇਜਾ ਸਿੰਘ! ਜੇ ਸਾਰੇ ਪ੍ਰੇਮੀ ਸਾਡੇ ਦੁਆਲੇ ਵੀ ਹੋ ਜਾਣ ਤਦ ਅਸੀਂ ਵੀ ਕੁਝ ਨਹੀਂ ਕਰ ਸਕਦੇ। ਤੁਸੀਂ ਅਸਥਾਨ ਦਾ ਕਰਜ਼ਾ (੧● ਹਜ਼ਾਰ ਰੁਪਿਆ) ਲਾਹ ਦਿਓ ਅਤੇ ਆਸ਼ਰਮ ਇਹਨਾਂ ਪ੍ਰੇਮੀਆਂ ਦੇ ਹਵਾਲੇ ਕਰ ਦਿਓ।" ਏਹ ਹੁਕਮ ਸੁਣ ਕੇ ਦਾਸ ਨੇ ਬੇਨਤੀ ਕੀਤੀ, "ਸੱਚੇ ਪਾਤਸ਼ਾਹ! ਅਸਥਾਨ ਵਿੱਚੋਂ ਚਲੇ ਜਾਣ ਦੇ ਮਗਰੋਂ ਏਸ ਲਈ ਚੰਦਾ ਇਕੱਠਾ ਕਰਨਾ ਮੁਸ਼ਕਲ ਹੈ ਪਰ ਦਾਸ ਆਪਣੀ ਗੁਜਰਾਂਵਾਲੇ ਵਾਲੀ ਕੁਟੀਆ, ਜਿਹੜੀ ਹਜ਼ੂਰ ਦੀ ਮਿਹਰ ਦੁਆਰਾ ੧੯੧੭-੧੮ ਵਿੱਚ ਬਣੀ ਸੀ, ਵੇਚ ਕੇ ਕਰਜ਼ਾ ਪੂਰਾ ਕਰ ਦੇਵੇਗਾ।"

ਏਹ ਗੱਲ ਸੁਣਦੇ ਸਾਰ ਹੀ ਸੰਤ ਜੀ ਮਹਾਰਾਜ ਦੇ ਮੁਖਾਰਬਿੰਦ ਤੋਂ ਏਹ ਬਚਨ ਨਿਕਲਿਆ, "ਭਾਈ! ਏਹ ਸੂਰਮੇ ਦਾ ਕੰਮ ਹੈ, ਸਾਡੀ ਤੇਰੇ 'ਤੇ ਖੁਸ਼ੀ ਹੈ।"

ਸੰਤ ਜੀ ਮਹਾਰਾਜ ਦਾ ਏਹ ਬਚਨ ਸੁਣ, ਭਾਈ ਹਰੀ ਸਿੰਘ ਜੀ ਕਾਂਝਲਾ ਅਚਨਚੇਤ ਬੋਲ ਉੱਠੇ, "ਬਾਜ਼ੀ ਲੈ ਗਿਆ।" ਏਸ ਦੇ ਮਗਰੋਂ ਦਾਸ ਨੇ ਕਾਗਜ਼, ਕਲਮ, ਦਵਾਤ ਮੰਗਾ, ਗੁਰੂਸਾਗਰ ਸਾਹਿਬ ਅਕਾਲ ਕਾਲਜ ਦਾ ਸਾਰਾ ਸਮਾਨ, ਸਮਗਰੀ ਅਤੇ ਜ਼ਾਇਦਾਦ ੧੧ ਸੱਜਣਾਂ ਦੇ ਸਪੁਰਦ ਕਰ ਦਿੱਤੀ। ਜਿਨ੍ਹਾਂ ਵਿੱਚ:

(੧) ਭਾਈ ਬਿਸ਼ਨ ਸਿੰਘ ਕਾਂਝਲਾ,

(੨) ਭਾਈ ਕਰਮ ਸਿੰਘ ਬਾਲੇਵਾਲ,

(੩) ਭਾਈ ਹਰੀ ਸਿੰਘ ਪੁਰਾਣਾ ਗੜਵਈ,

(੪) ਭਾਈ ਗੁਰਮੁਖ ਸਿੰਘ ਘਨੌਰੀ,

(੫) ਭਾਈ ਹਰਨਾਮ ਸਿੰਘ ਗ੍ਰੰਥੀ,

(੬) ਭਾਈ ਨਿਰੰਜਨ ਸਿੰਘ ਆਦਿ, ਮੋਢੀ ਸਨ।

ਜਦ ਏਹ ਲਿਖਤ ਦਾਸ ਲਿਖ ਚੁੱਕਾ ਤਦ ਸੰਤ ਜੀ ਮਹਾਰਾਜ ਨੇ ਫੁਰਮਾਇਆ, "ਭਾਈ! ਏਹ ਤਾਂ ਜਿੱਥੇ ਜਾਵੇਗਾ, ਸੇਵਾ ਹੀ ਕਰੇਗਾ।"

ਫੇਰ ਸੰਤ ਜੀ ਮਹਾਰਾਜ ਨੇ ਦੋ ਸੇਵਕ ਗੁਰੂਸਾਗਰ ਸਾਹਿਬ ਭੇਜ ਦਿੱਤੇ ਅਤੇ ਹੁਕਮ ਦਿੱਤਾ ਕਿ ਭਾਈ ਤੇਜਾ ਸਿੰਘ ਦਾ ਸਾਰਾ ਪਰਿਵਾਰ ਅਤੇ ਸਮਾਨ ਸੰਗਰੂਰ ਲੈ ਆਓ। ਹੁਣ ਏਹਨਾਂ ਦਾ ਮੁੜ ਕੇ ਗੁਰੂਸਾਗਰ ਸਾਹਿਬ ਜਾਣਾ ਠੀਕ ਨਹੀਂ। ਸਹਿਜ-ਸੁਭਾਏ ਦਾਸ ਦੇ ਹਿਰਦੇ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਾਕ ਲੈਣ ਦੀ ਖਿੱਚ ਹੋਈ। ਓਸੇ ਵੇਲੇ ਸੱਚੇ ਪਾਤਸ਼ਾਹ ਦੇ ਚਰਨਾਂ ਵਿੱਚ ਹਾਜ਼ਰ ਹੋ ਕੇ ਸ਼ਬਦ ਲਿਆ। ਏਹ ਹੁਕਮ ਨਿਕਲਿਆ:

**ਸਲੋਕੁ ਮਃ ੩ ॥**

**ਹਸਤੀ ਸਿਰਿ ਜਿਉ ਅੰਕਸੁ ਹੈ ਅਹਰਣਿ ਜਿਉ ਸਿਰੁ ਦੇਇ ॥**
**ਮਨੁ ਤਨੁ ਆਗੈ ਰਾਖਿ ਕੈ ਊਭੀ ਸੇਵ ਕਰੇਇ ॥**
**ਇਉ ਗੁਰਮੁਖਿ ਆਪੁ ਨਿਵਾਰੀਐ ਸਭੁ ਰਾਜੁ ਸ੍ਰਿਸਟਿ ਕਾ ਲੇਇ ॥**
**ਨਾਨਕ ਗੁਰਮੁਖਿ ਬੁਝੀਐ ਜਾ ਆਪੇ ਨਦਰਿ ਕਰੇਇ ॥੧॥ (੬੪੭-੪੮)**

ਏਹ ਹੁਕਮ ਭਾਈ ਤੀਰਥ ਸਿੰਘ ਅਤੇ ਦਾਸ ਨੇ ਸੁਣਿਆ। ਫੇਰ ਅਸੀਂ ਦੋਵੇਂ ਸੰਤ ਜੀ ਮਹਾਰਾਜ ਦੀ ਆਗਿਆ ਲੈ ਕੇ ਸੰਗਰੂਰ ਆ ਗਏ। ਦਾਸ ਤਾਂ ਓਥੇ ਹੀ ਟਿੱਕ ਗਿਆ ਪਰ ਭਾਈ ਤੀਰਥ ਸਿੰਘ ਜੀ ਗੁਰੂਸਾਗਰ ਸਾਹਿਬ ਚਲੇ ਗਏ। ਦੂਜੇ ਦਿਨ ਦਾਸ ਦਾ ਪਰਿਵਾਰ ਅਤੇ ਸਮਾਨ ਲੈ ਕੇ ਸੰਗਰੂਰ ਸਟੇਸ਼ਨ 'ਤੇ ਆ ਗਏ।

# ਕਾਂਡ ੧੯

**ਸੋਰਠਿ ਮਹਲਾ ੫ ॥**

**ਹਮ ਸੰਤਨ ਕੀ ਰੇਨੁ ਪਿਆਰੇ ਹਮ ਸੰਤਨ ਕੀ ਸਰਣਾ ॥**
**ਸੰਤ ਹਮਾਰੀ ਓਟ ਸਤਾਣੀ ਸੰਤ ਹਮਾਰਾ ਗਹਣਾ ॥੧॥**
**ਹਮ ਸੰਤਨ ਸਿਉ ਬਣਿ ਆਈ ॥ ਪੂਰਬਿ ਲਿਖਿਆ ਪਾਈ ॥**
**ਇਹੁ ਮਨੁ ਤੇਰਾ ਭਾਈ ॥ ਰਹਾਉ॥**
**ਸੰਤਨ ਸਿਉ ਮੇਰੀ ਲੇਵਾ ਦੇਵੀ ਸੰਤਨ ਸਿਉ ਬਿਉਹਾਰਾ ॥**
**ਸੰਤਨ ਸਿਉ ਹਮ ਲਾਹਾ ਖਾਟਿਆ ਹਰਿ ਭਗਤਿ ਭਰੇ ਭੰਡਾਰਾ ॥੨॥**
**ਸੰਤਨ ਮੋ ਕਉ ਪੂੰਜੀ ਸਉਪੀ ਤਉ ਉਤਰਿਆ ਮਨ ਕਾ ਧੋਖਾ ॥**
**ਧਰਮ ਰਾਇ ਅਬ ਕਹਾ ਕਰੈਗੋ ਜਉ ਫਾਟਿਓ ਸਗਲੋ ਲੇਖਾ ॥੩॥**
**ਮਹਾ ਅਨੰਦ ਭਏ ਸੁਖੁ ਪਾਇਆ ਸੰਤਨ ਕੈ ਪਰਸਾਦੇ ॥**
**ਕਹੁ ਨਾਨਕ ਹਰਿ ਸਿਉ ਮਨੁ ਮਾਨਿਆ ਰੰਗਿ ਰਤੇ ਬਿਸਮਾਦੇ ॥੪॥੮॥੧੯॥(੬੧੪)**

ਰਾਮ ਨਗਰ ਸਿਵੀਆਂ ਤੋਂ ਦਾਸ ਸੰਗਰੂਰ ਪੁੱਜਾ ਤੇ ਸਿੱਧਾ ਜੀਂਦ ਕੋਆਪ੍ਰੇਟਿਵ ਬੈਂਕ (Jind Cooperative Bank) ਦੇ ਦਫ਼ਤਰ ਵਿੱਚ ਗਿਆ। ਬੈਂਕ ਦੇ ਮੈਨੇਜਰ ਨੇ ਗੁਰੂਸਾਗਰ ਸਾਹਿਬ ਦੇ ਭੱਠੇ ਵਾਸਤੇ ੧੫ ਗੱਡੀਆਂ ਕੋਇਲੇ ਦੀਆਂ ਦਾਸ ਦੇ ਇਤਬਾਰ 'ਤੇ ਮੰਗਵਾਈਆਂ ਹੋਈਆਂ ਸਨ। ਸਾਰੀਆਂ ਗੱਡੀਆਂ ਉੱਤਰ ਕੇ ਸੰਗਰੂਰ ਦੇ ਸਟੇਸ਼ਨ 'ਤੇ ਪਈਆਂ ਸਨ। ਓਸ ਨੂੰ ਦਾਸ ਨੇ ਬੇਨਤੀ ਕੀਤੀ ਕਿ ਗੁਰੂਸਾਗਰ ਸਾਹਿਬ ਮਸਤੂਆਣੇ ਦਾ ਚਾਰਜ (Charge) ਅੱਜ ਹੋਰ ਪ੍ਰੇਮੀਆਂ ਨੂੰ ਦਿੱਤਾ ਗਿਆ ਹੈ। ਏਸ ਲਈ ਕੋਇਲਾ ਆਪਣੀ ਜ਼ਿਮੇਵਾਰੀ 'ਤੇ ਉੱਥੇ ਨਹੀਂ ਲੈ ਜਾ ਸਕਦਾ। ਬੜਾ ਹੀ ਚੰਗਾ ਹੋਵੇ ਕਿ ਤੁਸੀਂ ਇਹ ਕੋਇਲਾ ਵੇਚ ਦੇਵੋ। ਜਿਹੜਾ ਘਾਟਾ-ਵਾਧਾ ਭਾਉ ਦੇ ਡਿੱਗਣ ਕਰ ਕੇ ਨਿਕਲੇ, ਉਹ ਦਾਸ ਹਾਜ਼ਰ ਕਰ ਦੇਵੇਗਾ। ਮੈਨੇਜਰ ਨੇ ਬੜੇ ਪ੍ਰੇਮ ਨਾਲ ਇਹ ਗੱਲ ਮਨਜ਼ੂਰ ਕਰ ਲਈ ਤੇ ਰਾਤ ਵੀ ਆਪਣੇ ਪਾਸ ਰੱਖਿਆ ਅਤੇ ਬੜੇ ਉਤਸ਼ਾਹ ਨਾਲ ਸੇਵਾ ਕੀਤੀ।

ਦੂਜੇ ਦਿਨ ਅੰਮ੍ਰਿਤ ਵੇਲੇ ਦਾਸ ਰਾਮ ਨਗਰ ਸਿਵੀਆਂ ਵੱਲ ਗਿਆ। ਸੰਤ ਜੀ ਮਹਾਰਾਜ ਆਪਣੇ ਨਿੱਤਨੇਮ ਅਨੁਸਾਰ ਕੋਠੀ ਵਿੱਚ ਆਸਾ ਦੀ ਵਾਰ ਦਾ ਦੀਵਾਨ ਸਜਾਉਂਦੇ ਸਨ। ਟੁਰਦਿਆਂ-ਟੁਰਦਿਆਂ ਜਦ ਕੋਠੀ ਵੱਲ ਗੰਦੇ ਨਾਲੇ ਦੀ ਪਟੜੀ ਪੈ ਗਿਆ ਤਦ ਚਿੱਤ ਵਿੱਚ ਬਿਜਲੀ ਵਤ ਖਿਨ ਮਾਤਰ ਇਹ ਲਹਿਰ ਫ਼ੁਰੀ ਕਿ ਕੱਲ੍ਹ ਜਿਨ੍ਹਾਂ ਨੇ ਕੁੱਟ ਪੁਵਾਈ ਹੈ, ਉਹਨਾਂ ਪਾਸ ਕਿਉਂ ਜਾਣਾ ਹੈ। ਉਸੇ ਵੇਲੇ ਸ਼ਰਧਾ ਅਤੇ ਪ੍ਰੇਮ ਦੀ ਲਹਿਰ ਬੜੇ ਜ਼ੋਰ ਨਾਲ ਉੱਠੀ ਤੇ ਮਨ ਨੂੰ ਧਿਰਕਾਰ ਕੇ ਦਾਸ ਅੱਗੇ ਟੁਰ ਪਿਆ।

**ਆਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ ॥**
**ਨਾਨਕ ਸਿਝਿ ਇਵੇਹਾ ਵਾਰ ਬਹੁੜਿ ਨ ਹੋਵੀ ਜਨਮੜਾ ॥੧॥** (੧●੯੬)

ਅਤੇ ਕੋਠੀ ਜਾ ਪੁੱਜਾ। ਏਸ ਵੇਲੇ ਆਸਾ ਦੀ ਵਾਰ ਦੇ ਤਿੰਨ ਸਲੋਕ ਬਾਕੀ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਮਸਕਾਰ ਕਰਕੇ ਜਦ ਦਾਸ ਪਿੱਛੇ ਜਾ ਕੇ ਬੈਠਣ ਲੱਗਾ ਤਦ ਸੰਤ ਜੀ ਮਹਾਰਾਜ ਨੇ ਆਪਣਾ ਖੱਬਾ ਗੋਡਾ ਥੋੜ੍ਹਾ ਜਿਹਾ ਚੁੱਕ ਕੇ, ਹੱਥ ਨਾਲ ਆਪਣੇ ਪਾਸ ਬੈਠਣ ਲਈ ਇਸ਼ਾਰਾ ਕੀਤਾ। ਹੁਕਮ ਮੰਨ ਕੇ ਦਾਸ ਸੰਤ ਜੀ ਦੇ ਕੋਲ ਬੈਠ ਗਿਆ। ਜਦ ਆਸਾ ਦੀ ਵਾਰ ਦਾ ਭੋਗ ਪਿਆ ਤੇ ਸਤਿਗੁਰੂ ਸੱਚੇ ਪਾਤਸ਼ਾਹ ਦਾ ਹੁਕਮ ਲਿਆ ਤਦ ਇਹ ਵਾਕ ਨਿਕਲਿਆ:

**ਹਮ ਸੰਤਨ ਕੀ ਰੇਨੁ ਪਿਆਰੇ ਹਮ ਸੰਤਨ ਕੀ ਸਰਣਾ ॥**
**ਸੰਤ ਹਮਾਰੀ ਓਟ ਸਤਾਣੀ ਸੰਤ ਹਮਾਰਾ ਗਹਣਾ ॥੧॥**
**ਹਮ ਸੰਤਨ ਸਿਉ ਬਣਿ ਆਈ ॥ ਪੂਰਬਿ ਲਿਖਿਆ ਪਾਈ ॥**
**ਇਹੁ ਮਨੁ ਤੇਰਾ ਭਾਈ ॥ ਰਹਾਉ ॥- - - - - - (੬੧੪)**

ਦੀਵਾਨ ਦੀ ਸਮਾਪਤੀ ਦੇ ਮਗਰੋਂ ਸੰਤ ਜੀ ਮਹਾਰਾਜ ਕੋਠੀ ਦੇ ਬਾਹਰ ਪਲੰਘ 'ਤੇ ਆ ਸਜੇ। ਇਕ ਸੇਵਕ ਭਾਈ ਅਮਰ ਸਿੰਘ ਨਾਲ ਸਨ। ਦਾਸ ਵੀ ਮੱਥਾ ਟੇਕ ਕੇ ਚਰਨਾਂ ਵਿੱਚ ਬੈਠ ਗਿਆ ਤੇ ਹੱਥ ਜੋੜ ਕੇ ਬੇਨਤੀ ਕੀਤੀ, "ਸੱਚੇ ਪਾਤਸ਼ਾਹ! ਕੱਲ੍ਹ ਜਿਹੜੀ ਖੇਡ ਹਜ਼ੂਰ ਨੇ ਵਰਤਾਈ ਹੈ, ਓਸ ਦਾ ਦਾਸ ਨੂੰ ਕੋਈ ਇਸ਼ਾਰਾ ਤਾਂ ਕਰ ਦੇਣਾ ਸੀ।" ਸੰਤ ਜੀ ਮਹਾਰਾਜ ਹੱਸ ਕੇ ਬੋਲੇ ਕਿ ਭਾਈ! ਕਈ ਦਿਨ ਪਹਿਲਾਂ ਤੁਹਾਨੂੰ ਕੋਠੀ ਸੱਦ ਕੇ ਸੁਖਮਨੀ ਸਾਹਿਬ ਦੀ ਇਹ ਪਉੜੀ ਸੁਣਾਈ ਸੀ:

**ਪ੍ਰਭ ਕੀ ਆਗਿਆ ਆਤਮ ਹਿਤਾਵੈ ॥ ਜੀਵਨ ਮੁਕਤਿ ਸੋਊ ਕਹਾਵੈ ॥**
**ਤੈਸਾ ਹਰਖੁ ਤੈਸਾ ਉਸੁ ਸੋਗੁ ॥ ਸਦਾ ਅਨੰਦੁ ਤਹ ਨਹੀ ਬਿਓਗੁ ॥**
**ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥ ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥**
**ਤੈਸਾ ਮਾਨੁ ਤੈਸਾ ਅਭਿਮਾਨੁ ॥ ਤੈਸਾ ਰੰਕੁ ਤੈਸਾ ਰਾਜਾਨੁ ॥**
**ਜੋ ਵਰਤਾਏ ਸਾਈ ਜੁਗਤਿ ॥ ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ॥੭॥ (੨੭੫)**

ਇਹ ਪਉੜੀ ਸੁਣਦੇ ਸਾਰ ਹੀ ਦਾਸ ਨੂੰ ਪ੍ਰਤੱਖ ਹੋ ਗਿਆ ਕਿ ਇਹ ਸਾਰਾ ਕੌਤਕ ਤਾਂ ਇਕ ਪ੍ਰੀਖਿਆ ਹੀ ਸੀ।

ਫੇਰ ਸੰਤ ਜੀ ਮਹਾਰਾਜ ਨੇ ਬੜੇ ਪ੍ਰਸੰਨ ਹੋ ਕੇ ਇੱਕ ਪਰਨਾ ਸਿਰੋਪਾਓ ਬਖ਼ਸ਼ਿਆ ਅਤੇ ਫੁਰਮਾਇਆ, "**ਤੁਸੀਂ ਸਾਡਾ ਕਰਜ਼ਾ ਲਾਹੁਣ ਦਾ ਹੁਕਮ ਪੂਰਾ ਕਰੋ ਤੇ ਦਿਨ-ਰਾਤ ਬੰਦਗੀ ਵਿਚ ਜੁੜ ਜਾਓ। ਅਸੀਂ ਤੁਹਾਡੀ ਜਿਹੜੀ ਕਈ ਜਨਮਾਂ ਦੀ ਆਸ਼ਾ ਹੈ, ਐਤਕੀਂ ਪੂਰੀ ਕਰਾਂਗੇ।**"

ਥੋੜ੍ਹਾ ਚਿਰ ਬਾਹਰ ਬੈਠ ਕੇ ਸੰਤ ਜੀ ਮਹਾਰਾਜ ਤਾਂ ਪ੍ਰਸ਼ਾਦ ਛਕ ਕੇ ਆਪਣੇ ਕਮਰੇ ਵਿੱਚ ਅਰਾਮ ਲਈ ਚਲੇ ਗਏ। ਦਾਸ ਸੰਗਰੂਰ ਮੁੜ ਆਇਆ। ਏਸੇ ਦਿਨ ਸ਼ਾਮ ਦੇ ਵੇਲੇ ਦਾਸ ਦਾ ਪਰਿਵਾਰ ਗੁਰੂਸਾਗਰ ਸਾਹਿਬ ਮਸਤੂਆਣੇ ਤੋਂ ਆ ਗਿਆ ਤੇ ਦੂਜੇ ਦਿਨ ਅੰਮ੍ਰਿਤ ਵੇਲੇ ਸੰਤ ਜੀ ਮਹਾਰਾਜ ਦੇ ਦਰਸ਼ਨ ਕਰਕੇ ਅਤੇ ਆਗਿਆ ਲੈ ਕੇ ਦਿਨ ਦੇ ਇੱਕ ਵਜੇ ਦੀ ਗੱਡੀ ਚੜ੍ਹ, ਗੁਜਰਾਂਵਾਲੇ ਵੱਲ ਟੁਰ ਪਿਆ।

## ਹੁਕਮ ਅੰਦਰ

ਦਾਸ ਦਾ ਚਿਤ ਬਹੁਤ ਉਪਰਾਮ ਸੀ ਤੇ ਕਿਸੇ ਪੰਥਕ ਆਸ਼ਰਮ ਵਿਚ ਸੇਵਾ ਕਰਨ ਨੂੰ ਨਹੀਂ ਸੀ ਮੰਨਦਾ, ਪਰ ਸਾਧੂ ਦਾ ਇਹ ਬਚਨ, "ਭਾਈ ਜਿਥੇ ਇਹ ਜਾਏਗਾ ਏਸ ਨੇ ਸੇਵਾ ਹੀ ਕਰਨੀ ਹੈ," ਪੂਰਾ ਹੋਣਾ ਸੀ।


ਗੁਰੂ ਨਾਨਕ ਖਾਲਸਾ ਕਾਲਜ ਤਿੰਨ ਵਰ੍ਹਿਆਂ ਦਾ ਬੰਦ ਪਿਆ ਸੀ। ਜਦ ਏਸ ਦੀ ਕਮੇਟੀ ਨੂੰ ਪਤਾ ਲਗਾ ਕਿ ਦਾਸ ਗੁਜਰਾਂਵਾਲੇ ਆ ਗਿਆ ਹੈ ਤਦ ਉਨ੍ਹਾਂ ਨੇ ਝਟ-ਪਟ ਇੱਕ ਖਾਸ ਇਕੱਤ੍ਰਤਾ ਰੱਖ ਦਿੱਤੀ। ਕਮੇਟੀ ਦੇ ਦੋਵੇਂ ਧੜੇ ਇਕੱਠੇ ਹੋ ਗਏ ਤੇ ਸਰਬ ਸੰਮਤੀ ਨਾਲ ਪ੍ਰਵਾਨ ਹੋਇਆ ਕਿ ਕਾਲਜ ਫੇਰ ਖੋਲ੍ਹਿਆ ਜਾਵੇ ਅਤੇ ਦਾਸ ਨੂੰ ਏਸ ਦੀ ਵਾਗਡੋਰ ਸੰਭਾਲਣ ਲਈ ਬੇਨਤੀ ਕੀਤੀ ਜਾਵੇ। ਸਰਦਾਰ ਤੀਰਥ ਸਿੰਘ ਘਰਜਾਖੀਏ ਦੀ ਸੇਵਾ ਲੱਗੀ ਕਿ ਉਹ ਕਮੇਟੀ ਦਾ ਸੁਨੇਹਾ ਦਾਸ ਪਾਸ ਪਹੁੰਚਾਉਣ।

ਅਜੇ ਗੁਜਰਾਂਵਾਲੇ ਆਇਆਂ ਕੋਈ ਚੌਥਾ ਕੁ ਦਿਨ ਹੀ ਹੋਇਆ ਸੀ, ਦਾਸ ਆਪਣੇ ਕਮਰੇ ਵਿੱਚ ਇਕਾਂਤ ਰਸ ਵਿਚ ਬੈਠਾ ਸੀ ਕਿ ਖਬਰ ਆਈ, ਸਰਦਾਰ ਤੀਰਥ ਸਿੰਘ ਤੁਹਾਨੂੰ ਮਿਲਣਾ ਚਾਹੁੰਦੇ ਹਨ।

ਕਮਰੇ ਦਾ ਬੂਹਾ ਖੋਹਲ ਦਿੱਤਾ ਗਿਆ ਅਤੇ ਸਰਦਾਰ ਜੀ ਅੰਦਰ ਆ ਗਏ। ਬੜੇ ਪ੍ਰੇਮ ਅਤੇ ਨਿਮਰਤਾ ਸਹਿਤ ਉਹਨਾਂ ਕਮੇਟੀ ਦਾ ਸੁਨੇਹਾ ਸੁਣਾਇਆ। ਦਾਸ ਨੇ ਪਹਿਲਾਂ ਤਾਂ ਨਾਂਹ ਕਰ ਦਿੱਤੀ ਅਤੇ ਆਖਿਆ ਕਿ ਹੁਣ ਚਿਤ ਕਿਸੇ ਬੰਧਨ ਵਿੱਚ ਪੈਣਾ ਨਹੀਂ ਚਾਹੁੰਦਾ ਪਰ ਕਰਤਾਰ ਨੇ ਇਹ ਸੇਵਾ ਦਾਸ ਪਾਸੋਂ ਲੈਣੀ ਹੀ ਸੀ। ਝਟ ਸ. ਤੀਰਥ ਸਿੰਘ ਦੇ ਮੁੱਖ ਤੋਂ ਇਹ ਸ਼ਬਦ ਨਿਕਲੇ, "ਇਹ ਸੰਗਤ ਦਾ ਹੁਕਮ ਹੈ।" ਸਾਧ ਸੰਗਤ ਦਾ ਨਾਮ ਸੁਣਦੇ ਸਾਰ ਹੀ ਦਾਸ ਦੀਆਂ ਸਾਰੀਆਂ ਦਲੀਲਾਂ ਪਿੱਛੇ ਪੈ ਗਈਆਂ ਤੇ ਆਖਿਆ, 'ਸਤ ਬਚਨ।'

ਕੁਦਰਤੀ ਇਹ ਸਮਾਂ ਐਨ ਵਿਦਿਆਰਥੀਆਂ ਦੇ ਦਾਖਲੇ ਦਾ ਸੀ। ਕਮੇਟੀ ਨੇ ਓਸੇ ਵੇਲੇ ਇਸ਼ਤਿਹਾਰ ਛਪਵਾ ਦਿੱਤੇ ਤੇ ਅਖਬਾਰਾਂ ਵਿੱਚ ਵੀ ਲੇਖ ਦੇ ਦਿੱਤੇ। ਦਾਸ ਵੀ ਆਪਣੇ ਪਹਿਰੇ ਤੇ ਕਾਲਜ ਦੇ ਦਫ਼ਤਰ ਵਿੱਚ ਜਾ ਬੈਠਾ। ਬਹੁਤ ਸਾਰੇ ਵਿਦਿਆਰਥੀ ਅਤੇ ਉਨ੍ਹਾਂ ਦੇ ਪਿਤਾ ਦਾਖਲੇ ਲਈ ਆਉਣ ਲਗ ਪਏ। ਸਾਰੇ ਦੇ ਸਾਰੇ ਆਖਣ ਕਿ ਅਸੀਂ ਤੁਹਾਡੀ ਜ਼ੁਮੇਵਾਰੀ ਤੇ ਦਾਖਲ ਕਰਾਉਂਦੇ ਹਾਂ। ਸਾਨੂੰ ਕਮੇਟੀ ਤੇ ਕੋਈ ਇਤਬਾਰ ਨਹੀਂ, ਕਿਧਰੇ ਕਾਲਜ ਅਗੇ ਵਾਂਗੂ ਟੁਟ ਨਾ ਜਾਏ। ਦਾਸ ਨੇ ਭਰੋਸਾ ਦਿੱਤਾ, "ਭਾਈ, ਹੁਣ ਇਹ ਕਾਲਜ ਬੰਦ ਨਹੀਂ ਹੁੰਦਾ। ਜਦੋਂ ਸਾਰੇ ਟੁਟ ਜਾਣਗੇ ਤਦ ਇਹ ਵੀ ਨਾਲ ਰਲ ਜਾਏਗਾ।"

ਏਧਰ ਤਾਂ ਇਹ ਸੇਵਾ ਸ਼ੁਰੂ ਹੋ ਗਈ, ਓਧਰ ਸੰਤ ਜੀ ਮਹਾਰਾਜ ਦਾ ਹੁਕਮ ਪੂਰਾ ਕਰਨ ਹਿਤ ਦਾਸ ਨੇ ਸ਼ਹਿਰ ਦੇ ਸਾਰੇ ਦਲਾਲਾਂ ਨੂੰ ਮਕਾਨ ਵੇਚਣ ਲਈ ਬੁਲਾ ਭੇਜਿਆ। ਦਸ ਕੁ ਦਿਨ ਦਲਾਲਾਂ ਨੇ ਬੜਾ ਜ਼ੋਰ ਲਾਇਆ ਪਰ ਮਕਾਨ ਕੋਈ ਵੀ ਮੁਲ ਨਾ ਲਵੇ। ਸਭ ਆਖਣ, "ਅਸੀਂ ਸੰਤਾਂ ਨੂੰ ਆਪਣੇ ਆਹਲਣੇ ਵਿੱਚੋਂ ਕਿਓ ਕਢੀਏ?" ਹੁਣ ਦਾਸ ਨੇ ਆਪ ਕਮਰਕੱਸਾ ਕੀਤਾ ਅਤੇ ਇਕ ਪ੍ਰੇਮੀ ਨੂੰ ਬੜੀ ਮੁਸ਼ਕਲ ਨਾਲ ੪੫●● ਰੁਪਏ ਨਾਲ ਮਕਾਨ ਗਹਿਣੇ ਰੱਖਣ ਲਈ ਪ੍ਰੇਰਿਆ। ਇਹ ਰਕਮ ਲੈ ਕੇ ਦਾਸ ਸੰਗਰੂਰ ਪੁੱਜਾ ਅਤੇ ਬੈਂਕ ਦੇ ਮੈਨੇਜਰ ਦੇ ਘਰ ਡੇਰਾ ਕੀਤਾ। ਸਾਰੇ ਰਾਜ ਅਤੇ ਮਜ਼ਦੂਰਾਂ ਨੂੰ ਓਥੇ ਸੱਦ ਭੇਜਿਆ ਅਤੇ ਸਭ ਦੀ ਮਜ਼ਦੂਰੀ ਪਾਈ ਪਾਈ ਮੁਕਾ ਦਿੱਤੀ ਤੇ ਕੋਇਲੇ ਦਾ ਵੀ ੪●● ਰੁਪਏ ਦਾ ਘਾਟਾ ਪੂਰਾ ਕਰ ਦਿੱਤਾ। ਭੱਠੇ ਦਾ ੩●●● ਰੁਪਏ ਅਤੇ ੨੫●● ਰੁਪਏ ਮੁਤਫਰਕ ਕਰਜ਼ਾ ਬਾਕੀ ਰਹਿ ਗਿਆ।




ਸ੍ਰੀ ਮਾਨ ਸੰਤ ਅਤਰ ਸਿੰਘ ਜੀ ਮਹਾਰਾਜ

ਸੰਤ ਤੇਜਾ ਸਿੰਘ ਜੀ

ਗੁਰੂ ਨਾਨਕ ਖਾਲਸਾ ਕਾਲਜ ਗੁਜਰਾਂਵਾਲਾ

ਗੁਜਰਾਂਵਾਲੇ ਮੁੜਨ ’ਤੇ ਕਾਲਜ ਦਾ ਦਾਖ਼ਲਾ ਥੋੜ੍ਹੇ ਦਿਨਾਂ ਵਿੱਚ ਪੂਰਾ ਹੋ ਗਿਆ। ਸਟਾਫ਼ ਰੱਖਿਆ ਗਿਆ ਤੇ ਪੜ੍ਹਾਈ ਸ਼ੁਰੂ ਹੋ ਗਈ।

ਕੁਝ ਦਿਨ ਤਾਂ ਇਸ ਕੰਮ ਵਿੱਚ ਰੁੱਝ ਗਿਆ ਤੇ ਕੁਝ ਲੋਕ-ਲਾਜ ਨੇ ਦੱਬ ਲਿਆ। ਚਿੱਤ ਕਹੇ 'ਅਕਾਲ ਕਾਲਜ ਤਾਂ ਛੱਡ ਆਇਆ ਹੈਂ, ਹੁਣ ਕਿਹੜੇ ਮੂੰਹ ਨਾਲ ਓਸ ਲਈ ਚੰਦਾ ਮੰਗਦਾ ਹੈਂ? ਏਸ ਦਸ਼ਾ ਵਿੱਚ ਮਹੀਨਾ ਕੁ ਲੰਘ ਗਿਆ ਤੇ ਸੰਤ ਜੀ ਮਹਾਰਾਜ ਦਾ ਸੰਪੂਰਨ ਬਚਨ ਪੂਰਾ ਕਰਨ ਦਾ ਯਤਨ ਨਾ ਹੋਇਆ।

ਇੱਕ ਰਾਤ ਜਦ ਦਾਸ ਆਪਣੀ ਕੁਟੀਆ ਵਿੱਚ ਸੁੱਤਾ ਪਿਆ ਸੀ। ਇੱਕ ਡਾਢਾ ਦਿਲ ਹਿਲਾ ਦੇਣ ਵਾਲਾ ਦ੍ਰਿਸ਼ਟਾਂਤ ਹੋਇਆ। ਦਾਸ ਕੀ ਵੇਖਦਾ ਹੈ ਕਿ ਸੰਤ ਜੀ ਮਹਾਰਾਜ ਬੜੇ ਹੀ ਉਦਾਸ ਚਿਹਰੇ ਨਾਲ ਖੜੇ ਹਨ ਤੇ ਉਨ੍ਹਾਂ ਦੇ ਸਰੀਰ ’ਤੇ ਥਾਂ-ਥਾਂ ਮਰਹਮ ਦੇ ਫਹੇ ਲੱਗੇ ਹੋਏ ਹਨ। ਫੁਰਮਾਉਂਦੇ ਹਨ, “ਭਾਈ! ਐਤਕੀ ਤੂੰ ਸਾਡਾ ਬਚਨ ਜ਼ਰੂਰ ਹੀ ਪੂਰਾ ਕਰ।” ਇਹ ਦ੍ਰਿਸ਼ ਦੇਖ ਕੇ ਤੇ ਇਹ ਅਵਾਜ਼ ਸੁਣ ਕੇ ਦਾਸ ਦਾ ਸਾਰਾ ਸਰੀਰ ਕੰਬ ਉੱਠਿਆ। ਓਸੇ ਵੇਲੇ ਮੰਜੀ ’ਤੇ ਬੈਠ, ‘ਵਾਹਿਗੁਰੂ! ਵਾਹਿਗੁਰੂ!’ ਕਰਨ ਲਗ ਪਿਆ ਤੇ ਚਿੱਤ ਵਿੱਚ ਠਾਨ ਲਿਆ ਕਿ ਅੱਜ ਹੀ ਕਾਲਜ ਤੋਂ ਛੁੱਟੀ ਲੈ ਕੇ ਟੁਰ ਪੈਣਾ ਹੈ ਅਤੇ ਜਦ ਤੀਕਰ ਗੁਰੂਸਾਗਰ ਸਾਹਿਬ ਦਾ ਕਰਜ਼ਾ ਨਹੀਂ ਉੱਤਰਦਾ ਮੁੜ ਕੇ ਨਹੀਂ ਆਉਣਾ। ਸੰਤ ਜੀ ਮਹਾਰਾਜ ਨੂੰ ਪ੍ਰੇਮੀਆਂ ਦੇ ਕਠੋਰ ਬੋਲ-ਕਬੋਲ ਤੇ ਮੰਦ ਸੰਕਲਪਾਂ ਕਰਕੇ ਬੜੀ ਤਕਲੀਫ਼ ਹੁੰਦੀ ਹੈ। ਧ੍ਰਿਗ ਹੈ ਕਿ ਝੂਠੀ ਲੋਕ-ਲਾਜ ਤੋਂ ਸੰਗ ਕੇ ਅਜੇ ਤੀਕਰ ਮਹਾਂਪੁਰਖਾਂ ਦੇ ਬਚਨ ਦੀ ਪਾਲਣਾ ਨਹੀਂ ਕੀਤੀ।

ਦਿਨ ਚੜ੍ਹਦਿਆਂ ਸਾਰ ਹੀ ਦਾਸ ਨੇ ਭਾਈ ਕੇਵਲ ਸਿੰਘ ਨੂੰ ਸੱਦ ਲਿਆ ਤੇ ਸਾਰੀ ਵਿੱਥਿਆ ਆਖ ਸੁਣਾਈ। ਓਸੇ ਦਿਨ ਸਕੱਤਰ ਵੱਲ ਛੁੱਟੀ ਦੀ ਅਰਜ਼ੀ ਭੇਜ ਦਿੱਤੀ। ਪਹਿਲੀ ਗੱਡੀ ਕਰਾਚੀ ਵਾਲੀ ਫੜ੍ਹ ਲਈ ਚਿੱਤ ਵਿੱਚ ਸੰਕਲਪ ਫ਼ੁਰਿਆ ਕਿ ਕਰਾਚੀ ਦੇ ਰਸਤੇ ਵਿੱਚ ਮੁਲਤਾਨ ਤੋਂ ਕੁਝ ਸਟੇਸ਼ਨ ਉਰਲੇ ਪਾਸੇ ਪਹਿਲਾਂ ਪੀਰੇਵਾਲ ਸ. ਜਗਤ ਸਿੰਘ ਜੀ ਨੂੰ ਮਿਲ ਕੇ ਚੱਲੀਏ। ਟਿਕਟ ਇਸ ਥਾਂ ਦਾ ਲੈ ਲਿਆ। ਜਦ ਪੀਰੇਵਾਲ ਪੁੱਜੇ ਤਦ ਸਿੱਧਾ ਸਰਦਾਰ ਜਗਤ ਸਿੰਘ ਦੀ ਕੋਠੀ ਗਏ। ਇਹਨਾਂ ਬੜੇ ਸਤਿਕਾਰ ਨਾਲ ਸੇਵਾ ਕੀਤੀ ਤੇ ਰਾਤ ਲਈ ਏਥੇ ਹੀ ਅਰਾਮ ਕੀਤਾ। ਦੂਜੇ ਦਿਨ ਪ੍ਰਸ਼ਾਦ ਛਕਣ ਦੇ ਮਗਰੋਂ ਸ. ਜਗਤ ਸਿੰਘ ਨੂੰ ਗੁਰੂਸਾਗਰ ਸਾਹਿਬ ਦੇ ਕਰਜ਼ੇ ਦੀ ਵਿੱਥਿਆ ਆਖ ਸੁਣਾਈ। ਪਹਿਲਾਂ ਤਾਂ ਪ੍ਰੇਮੀ ੧●●● ਰੁਪਏ ’ਤੇ ਹੀ ਅੜ ਗਿਆ ਪਰ ਜਦ ਦਾਸ ਨੇ ਆਖਿਆ, “ਤੇਰੀ ਮਰਜ਼ੀ, ਸਾਡਾ ਕੀ ਜ਼ੋਰ ਹੈ?” ਇਹ ਪ੍ਰੇਮੀ ਢਾਈ ਮਾਰ ਕੇ ਮੰਜੀ ਤੋਂ ਉੱਠ ਖੜੋਤਾ ਤੇ ਦਾਸ ਦੇ ਚਰਨਾਂ ’ਤੇ ਆ ਡਿੱਗਾ ਅਤੇ ਹੱਥ ਜੋੜ ਕੇ ਆਖਿਆ ਕਿ ਸਭ ਕੁਝ ਤੁਹਾਡਾ ਹੀ ਬਖ਼ਸ਼ਿਆ ਹੋਇਆ ਹੈ। ਮੈ ਤਾਂ ਕੰਗਾਲ ਸੀ, ਠੇਕੇ ਵਿੱਚ ਕਈ ਸਾਲ ਘਾਟਾ ਹੀ ਘਾਟਾ ਪੈਂਦਾ ਰਿਹਾ। ਸਹਿਜ-ਸੁਭਾਏ ਤੁਸਾਂ ਮੇਰੇ ’ਤੇ ਤਰਸ ਖਾ ਕੇ ਲਾਹੌਰ ਇਹ ਆਖਿਆ ਸੀ ਕਿ ਬੱਚਾ! ਰੋ ਨਹੀਂ, ਕਰਤਾਰ ਤੈਨੂੰ ਬਹੁਤ ਕੁਝ ਦੇਵੇਗਾ। ਇਸ ਬਚਨ ਦਾ ਸਦਕਾ ਮੈ ਹੁਣ ਲੱਖਾਂ ਦਾ ਮਾਲਕ ਹਾਂ। ਹੁਕਮ ਦਿਓ ਸਾਰੇ ਕਰਜ਼ੇ ਦਾ ਚੈੱਕ ਲਿਖ ਦਿੰਦਾ ਹਾਂ।” ਦਾਸ ਨੇ ਓਸੇ ਵੇਲੇ ੩●●● ਰੁਪਏ ਭੱਠੇ ਦੇ ਠੇਕੇ ਵਾਲਿਆਂ ਅਤੇ ਹੋਰ ਪ੍ਰੇਮੀਆਂ ਦੇ ਨਾਮ ਚੈੱਕ ਲਿਖਵਾ ਲਏ। ਸਾਰਾ ਕਰਜ਼ਾ ਕਰਤਾਰ ਨੇ ਇੱਕ ਦਿਨ ਵਿੱਚ ਲਾਹ ਦਿੱਤਾ। ਏਥੋਂ ਹੀ ਗੁਜਰਾਂਵਾਲੇ ਮੁੜ ਆਇਆ ਤੇ ਸਾਰੇ ਚੈੱਕ ਪ੍ਰੇਮੀਆਂ ਨੂੰ ਅੱਪੜਦੇ ਕਰ ਦਿੱਤੇ।

ਹੁਣ ਪਾਠਕਾਂ ਨੂੰ ਅਸੀਂ ਅਕਾਲ ਕਾਲਜ ਗੁਰੂਸਾਗਰ ਸਾਹਿਬ ਵੱਲ ਲੈ ਜਾਂਦੇ ਹਾਂ। ਦਾਸ ਦੇ ਆਉਣ ਦੇ ਮਗਰੋਂ ਸ. ਬਚਨ ਸਿੰਘ ਵਿੱਦਿਅਕ ਵਜੀਰ ਨਾਭਾ ਨੇ ਜਦ ਇਸ ਅਸਥਾਨ ਵਿਖੇ ਵਰਤੀ ਹੋਈ ਖੇਡ ਦੀ ਵਿੱਥਿਆ ਮਹਾਰਾਜਾ ਸਾਹਿਬ ਨਾਭਾ ਪਾਸ ਪਹੁੰਚਾਈ ਤੇ ਲਿਖ ਭੇਜਿਆ ਕਿ ਇਹ ਸਾਰੀ ਕਾਰਵਾਈ ਅਯੋਗ

ਅਤੇ ਮਰਿਯਾਦਾ ਦੇ ਵਿਰੁਧ ਹੈ, ਇਸ ਲਈ ਗਰਾਂਟ ਬੰਦ ਕਰ ਦਿੱਤੀ ਜਾਵੇ ਤਦ ਉਹਨਾਂ ਨੇ ਅਕਾਲ ਕਾਲਜ ਦੀ ੫●● ਰੁਪਏ ਮਾਹਵਾਰ ਦੀ ਵਿਦਿਅਕ ਸੇਵਾ (ਡੇਢ ਲਖ ਦਮੜੇ ਦਾ ਸੂਦ) ਤੇ ੧੫● ਰੁਪਏ ਮਹੀਨਾ, ਲੰਗਰ ਦੀ ਭੇਟਾ ਬੰਦ ਕਰ ਦਿੱਤੀ। ਲੜਕੇ ਅਤੇ ਉਸਤਾਦ ਥੋੜ੍ਹੇ ਚਿਰ ਵਿੱਚ ਹੀ ਘਰੋ ਘਰੀ ਚਲੇ ਗਏ। ਜਿਥੇ ਅਗੇ ੫●● ਭੁਝੰਗੀ ਤੇ ੧੯ ਵਿਦਵਾਨ ਉਸਤਾਦਾਂ ਦੀ ਗਹਿਮਾ ਗਹਿਮ ਸੀ, ਹੁਣ ਕੇਵਲ ਕੁਝ ਪ੍ਰਾਇਮਰੀ ਦੇ ਲੜਕੇ ਅਤੇ ਇਕ ਮਾਸਟਰ ਚੇਤ ਸਿੰਘ ਰਹਿ ਗਏ। ਪਹਿਲਾਂ ਕੁਝ ਸਮਾਂ ਸੰਤ ਜੀ ਮਹਾਰਾਜ ਦੇ ਪ੍ਰੇਮ ਦੇ ਬੱਧੇ ਹੋਏ ਭਾਈ ਕੇਵਲ ਸਿੰਘ ਅਕਾਲ ਕਾਲਜ ਵਿੱਚ ਟਿਕੇ ਰਹੇ ਪਰ ਇਥੋਂ ਦੇ ਵਾਯੂ ਮੰਡਲ ਨੇ ਇਹਨਾਂ ਦੇ ਪੈਰ ਨਾ ਲੱਗਣ ਦਿੱਤੇ। ਇਹ ਹਾਰ ਕੇ ਸੰਤ ਜੀ ਮਹਾਰਾਜ ਦੇ ਚਰਨਾਂ ਵਿਚ ਸ਼ਿਮਲੇ ਚਲੇ ਗਏ।

# ਕਾਂਡ ੨੦

ਸੋਰਠਿ ਮਹਲਾ ੫ ॥

ਅਬਿਨਾਸੀ ਜੀਅਨ ਕੋ ਦਾਤਾ ਸਿਮਰਤ ਸਭ ਮਲੁ ਖੋਈ ॥
ਗੁਣ ਨਿਧਾਨ ਭਗਤਨ ਕਉ ਬਰਤਨਿ ਬਿਰਲਾ ਪਾਵੈ ਕੋਈ ॥੧॥
ਮੇਰੇ ਮਨ ਜਪਿ ਗੁਰ ਗੋਪਾਲ ਪ੍ਰਭੁ ਸੋਈ ॥
ਜਾ ਕੀ ਸਰਣਿ ਪਇਆਂ ਸੁਖੁ ਪਾਈਐ ਬਾਹੁੜਿ ਦੂਖੁ ਨ ਹੋਈ ॥੧॥ ਰਹਾਉ ॥
ਵਡਭਾਗੀ ਸਾਧਸੰਗੁ ਪਰਾਪਤਿ ਤਿਨ ਭੇਟਤ ਦੁਰਮਤਿ ਖੋਈ ॥
ਤਿਨ ਕੀ ਧੂਰਿ ਨਾਨਕੁ ਦਾਸੁ ਬਾਛੈ ਜਿਨ ਹਰਿ ਨਾਮੁ ਰਿਦੈ ਪਰੋਈ ॥੨॥੫॥੩੩॥ (੬੧੭-੧੮)

## ਜੇ ਗੁਰੁ ਝਿੜਕੇ ਤ ਮੀਠਾ ਲਾਗੈ ਜੇ ਬਖਸੇ ਤ ਗੁਰ ਵਡਿਆਈ ॥

ਏਧਰ ਸੰਤ ਜੀ ਮਹਾਰਾਜ ਗੁਰੂਸਾਗਰ ਸਾਹਿਬ ਵਿਖੇ ਇਹ ਲੰਗਰ ਦੀ ਖੇਲ ਪੂਰੀ ਕਰ ਰਹੇ ਸਨ ਅਤੇ ਓਧਰ ਆਪਣੀ ਖੇਲ ਰਚਾ, ਕਰਤਾਰ ਦੇ ਹੁਕਮ ਵਿੱਚ ਭਾਈ ਨਰਾਇਣ ਸਿੰਘ ਕਾਂਝਲੇ ਵਾਲੇ ਦੀ ਡੋਰੀ ਗੁਜਰਾਂਵਾਲੇ ਵੱਲ ਖਿੱਚ ਦਿੱਤੀ। ਇਹ ਪ੍ਰੇਮੀ ਦਾਸ ਪਾਸ ਪੁੱਜਾ ਅਤੇ ਇਸ ਨੇ ਆਪਣੀ ਅੱਖੀਂ ਦੇਖੀ ਸੁਣੀ ਵਾਰਤਾ ਦਾਸ ਨੂੰ ਆ ਸੁਣਾਈ। ਏਸ ਵਿੱਚ ਸੰਤ ਜੀ ਮਹਾਰਾਜ ਦਾ ਗੁਰੂਸਾਗਰ ਸਾਹਿਬ ਦੀ ਸੇਵਾ ਹਿੱਤ ਅਕਹਿ ਪ੍ਰੇਮ ਭਰਿਆ ਹੋਇਆ ਸੀ। ਕਈ ਦਿਨ ਲਗਾਤਾਰ ਇਹ ਪ੍ਰੇਮ ਭਰੀ ਗਾਥਾ ਸੁਣਨ ਕਰਕੇ ਦਾਸ ਦੇ ਹਿਰਦੇ ਵਿੱਚ ਇੱਕ ਬੜੀ ਤੀਬਰ ਤਾਂਘ, ਸੰਤ ਜੀ ਮਹਾਰਾਜ ਅਤੇ ਗੁਰੂਸਾਗਰ ਸਾਹਿਬ ਦੇ ਦਰਸ਼ਨ ਦੀ ਪੈਦਾ ਹੋ ਗਈ। ਮਾਘੀ ਤੋਂ ਤਿੰਨ ਦਿਨ ਪਹਿਲਾਂ ਕਾਲਜ ਤੋਂ ਛੁੱਟੀ ਲੈ, ਭਾਈ ਨਰੈਣ ਸਿੰਘ ਸਮੇਤ ਗੁਰੂਸਾਗਰ ਸਾਹਿਬ ਵਲ ਟੁਰ ਪਿਆ। ਸੰਗਰੂਰ ਗੱਡੀ ਤੋਂ ਉੱਤਰਦੇ ਹੀ ਵਾਹੋ-ਵਾਹੀ ਏਸ ਪਵਿੱਤਰ ਧਰਤੀ ਵੱਲ ਟੁਰ ਪਏ। ਅਸਥਾਨ ਦੀ ਬਿਜਲੀ ਅਤੇ ਸੰਤ ਜੀ ਮਹਾਰਾਜ ਦੇ ਪ੍ਰੇਮ ਦੀ ਲਹਿਰ ਅੱਧ ਕੁ ਮੀਲ ਦੂਰੋਂ ਹੀ ਰੋਮ-ਰੋਮ ਵਿੱਚ ਲਹਿਰਾਂ ਮਾਰਨ ਲੱਗ ਪਈ। ਦਰਸ਼ਨੀ ਡਿਉੜੀ ਦੇ ਅੰਦਰ ਵੜਦੇ ਹੀ ਅਸਚਰਜ ਦਸ਼ਾ ਵਰਤ ਗਈ। ਹਰਿਮੰਦਰ ਸਾਹਿਬ ਵਿੱਚ ਨਮਸਕਾਰ ਕਰ, ਸੰਤ ਜੀ ਮਹਾਰਾਜ ਦੇ ਦਰਸ਼ਨ ਲਈ ਨਾਭੇ ਵਾਲੇ ਹਾਲ ਵੱਲ ਟੁਰ ਪਏ। ਦੂਰੋਂ ਹੀ ਸੰਤ ਜੀ ਮਹਾਰਾਜ ਨਵੇਂ ਲੰਗਰ ਦੇ ਸਾਹਮਣੇ ਮੰਜੀ 'ਤੇ ਸਜੇ ਹੋਏ ਨਜ਼ਰ ਆਏ। ਨੇਤਰਾਂ ਵਿੱਚ ਜਲ ਭਰ ਆਇਆ ਅਤੇ ਵੈਰਾਗ ਦਾ ਸਮੁੰਦਰ ਠਾਠਾਂ ਮਾਰਨ ਲੱਗ ਪਿਆ। ਮੰਜੇ ਤੋਂ ਦਸ ਕੂ ਕਦਮ ਦੇ ਫਾਸਲੇ ਤੋਂ ਦਾਸ ਨੇ ਜੁੱਤੀ ਲਾਹ, ਧਰਤੀ 'ਤੇ ਮੱਥਾ ਧਰ ਨਮਸਕਾਰ ਕੀਤੀ। ਹੁਣ ਤਾਂ ਕੁਝ ਵੱਸ ਨਾ ਰਿਹਾ, ਵੈਰਾਗ ਵਹਿ ਟੁਰਿਆ ਪਰ ਛੇਤੀ ਹੀ ਸੰਭਲ ਕੇ, ਧਰਤੀ ਤੋਂ ਮੱਥਾ ਚੁੱਕ, ਸੰਤ ਜੀ ਮਹਾਰਾਜ ਦੇ ਚਰਨਾਂ ਵਿੱਚ ਆ ਹਾਜ਼ਰ ਹੋਇਆ। ਸੰਤ ਜੀ ਮਹਾਰਾਜ ਦੇ ਮੁਖਾਰਬਿੰਦ ਤੋਂ ਸਹਿਜ-ਸੁਭਾਏ ਇਹ ਬਚਨ ਨਿਕਲਿਆ, "ਭਾਈ! ਤੇਜਾ ਸਿੰਘ ਦਾ ਗੁਰੂਸਾਗਰ ਸਾਹਿਬ ਨਾਲ ਬੜਾ ਹੀ ਪ੍ਰੇਮ ਹੈ।" ਇਹ ਬਚਨ ਕਰਦਿਆਂ ਹੀ ਸੰਤ ਜੀ ਮਹਾਰਾਜ ਸਰਦਾਰ ਲਾਭ ਸਿੰਘ, ਭਾਈ ਚਰਨਜੀਤ ਸਿੰਘ ਅਤੇ ਦਾਸ ਨੂੰ ਨਾਲ ਲੈ, ਐਨ ਚੌਗਾਨ ਦੇ ਵਿੱਚਕਾਰ ਆ ਖਲੋਤੇ। ਪਹਿਲਾਂ ਤਾਂ ਦਾਸ ਵੱਲ ਕਿਰਪਾ ਦ੍ਰਿਸ਼ਟੀ ਕੀਤੀ ਅਤੇ ਆਖਿਆ:

**ਕਬੀਰ ਗੁਰੁ ਲਾਗਾ ਤਬ ਜਾਨੀਐ ਮਿਟੈ ਮੋਹੁ ਤਨ ਤਾਪ ॥**
**ਹਰਖ ਸੋਗ ਦਾਝੈ ਨਹੀ ਤਬ ਹਰਿ ਆਪਹਿ ਆਪਿ ॥੧੯੯॥ (੧੩੭੪)**

ਫੇਰ ਸਰਦਾਰ ਲਾਭ ਸਿੰਘ ਵਲ ਨਿਗਾਹ ਕੀਤੀ ਅਤੇ ਫੁਰਮਾਇਆ, "ਭਾਈ, ਏਸ ਵੇਲੇ ਤਾਂ ਤੇਜਾ ਸਿੰਘ ਵਿਚ ਕੋਈ ਮੋਹ ਨਹੀਂ, ਪਿੱਛਲੇ ਸੰਜੋਗਾਂ ਕਰਕੇ, ਸਾਹਮਣੇ ਆਇਆ ਥੋੜਾ ਬੁਹਤ ਜਾਗ ਪੈਂਦਾ ਹੈ। ਤਨ ਮਨ ਤੇਜਾ ਸਿੰਘ ਦਾ ਧੰਨ ਤੁਹਾਡਾ, ਦੋਵੇਂ ਮਿਲ ਕੇ ਅਕਾਲ ਕਾਲਜ ਨੂੰ ਚਲਾਓ।"

ਕੁਦਰਤੀ, ਏਸ ਇਲਾਹੀ ਸਮੇ ਬਾਬਾ ਸਾਹਿਬ ਸਿੰਘ ਏਥੇ ਆ ਪੁੱਜੇ। ਉੱਚੀ-ਉੱਚੀ ਕਹਿਣ ਲਗ ਪਏ, "ਸੱਚੇ ਪਾਤਸ਼ਾਹ, ਪ੍ਰੇਮੀ ਐਵੇਂ ਆਖਦੇ ਸਨ, ਤੇਜਾ ਸਿੰਘ 'ਖਾ ਗਿਆ, ਖਾ ਗਿਆ' ਮੈਂ ਸਾਰੀ ਖੇਡ ਆਪਣੇ ਸਾਹਮਣੇ ਦੇਖਦਾ ਰਿਹਾ ਹਾਂ। ਹਜ਼ਾਰ ਆਉਂਦਾ ਤੇ ਅੱਗੇ ਦੋ ਹਾਜ਼ਰ ਦਾ ਖਰਚ ਖੜਾ ਹੁੰਦਾ। ਓਸ ਵੇਲੇ ਮਾਇਆ ਵੰਡੀ ਜਾਂਦੀ।" ਇਹ ਬਚਨ ਸੁਣ ਸੰਤ ਜੀ ਮਹਾਰਾਜ ਆਪਣੇ ਰੰਗ ਵਿਚ ਆ ਗਏ ਤੇ ਫੁਰਮਾਇਆ, "ਭਾਈ ਸਾਹਿਬ ਸਿੰਘ, ਖਾ ਗਿਆ ਜਾਂ ਨਾ ਖਾ ਗਿਆ, ਇਹ ਤਾਂ ਕੋਈ ਗੱਲ ਹੀ ਨਹੀਂ। ਅਸੀਂ ਤਾਂ ਭਾਈ ਤੇਜਾ ਸਿੰਘ ਦੀ ਪ੍ਰੀਖਿਆ ਕੀਤੀ ਸੀ।" ਫੇਰ ਆਪਣੇ ਮੁਖਾਰਬਿੰਦ ਤੋਂ ਸੰਤ ਜੀ ਮਹਾਰਾਜ ਨੇ ਮਹਾਤਮਾ ਦਾਦੂ ਜੀ ਦੀ ਇਹ ਸਾਖੀ ਸੁਣਾਈ:

"ਇਕ ਦਿਨ ਬਾਰਾਂ ਸਾਲ ਦਾ ਜਗਿਆਸੂ ਭੁਝੰਗੀ, ਦਾਦੂ ਦੇ ਦਰਸ਼ਨ ਕਰਨ ਲਈ ਆ ਰਿਹਾ ਸੀ। ਅਸੀਂ ਆਪਣੇ ਮੂੰਹੋਂ ਏਹ ਤੇ ਨਹੀਂ ਕਹਿ ਸਕਦੇ ਕਿ ਦਾਦੂ ਨੇ ਮੁੰਡਨ ਕਰਾਇਆ ਹੋਇਆ ਸੀ, ਪਰ ਕਿਸੇ ਨਾ ਕਿਸੇ ਕਾਰਨ ਕਰਕੇ ਉਹਨਾਂ ਦਾ ਸਿਰ ਰੋਮਾਂ ਤੋਂ ਰਹਿਤ ਸੀ। ਜੰਗਲ ਪਾਣੀ ਮਗਰੋਂ ਇਕ ਟਿੱਬੇ ਤੇ ਸਜ ਗਏ ਅਤੇ ਸਮਾਧੀ ਅਸਥਿਤ ਹੋ ਗਏ। ਨਗਰ ਦੇ ਕੁਝ ਮੁੰਡੇ ਓਥੇ ਆ ਪਹੁੰਚੇ ਅਤੇ ਇਹਨਾਂ ਦੇ ਸਿਰ ਵਿੱਚ ਠੋਲੇ ਮਾਰਨ ਲਗ ਪਏ। ਓਧਰੋਂ ਉਹ ਜਗਿਆਸੂ ਭੁਝੰਗੀ ਵੀ ਏਥੇ ਆ ਨਿਕਲਿਆ। ਆਪਣੀ ਉਮਰ ਦੇ ਪ੍ਰੇਮੀਆਂ ਨੂੰ ਇਹ ਖੇਡ ਕਰਦਿਆਂ ਦੇਖ ਕੇ ਉਹਦੇ ਦਿਲ ਵਿੱਚ ਵੀ ਮੁੰਡਪੁਣਾ ਜਾਗ ਪਿਆ। ਝਟ ਘੋੜੀ ਤੋਂ ਉਤਰ, ਏਹ ਭੀ ਠੋਲੇ ਮਾਰਨ ਲਗ ਪਿਆ। ਹੁਣ ਦਾਦੂ ਦੇ ਨੇਤਰ ਖੁੱਲ੍ਹ ਗਏ ਅਤੇ ਉਹ ਚੁਪੀਤੇ ਹੀ ਆਪਣੀ ਚਿੱਪੀ ਲੈ, ਆਪਣੇ ਅਸਥਾਨ ਤੇ ਆ ਗਏ। ਪੰਜ ਇਸ਼ਨਾਨਾ ਕਰ ਆਪਣੀ ਗੱਦੀ ਤੇ ਆ ਬਿਰਾਜੇ। ਜਗਿਆਸੂ ਭੁਝੰਗੀ ਵੀ ਤਬੇਲੇ ਵਿੱਚ ਘੋੜੀ ਬੰਨ੍ਹ, ਹੱਥ ਮੂੰਹ ਧੋ, ਦਰਬਾਰ ਵਿਚ ਦਰਸ਼ਨ ਕਰਨ ਲਈ ਪੁੱਜਾ। ਨੇਤਰ ਨੀਵੇਂ ਰੱਖ, ਦਾਦੂ ਦੇ ਚਰਨਾਂ ਵਿੱਚ ਜਾ ਮੱਥਾ ਟੇਕਿਆ। ਜਦੋਂ ਦਰਸ਼ਨ ਲਈ ਸਿਰ ਚੁੱਕਿਆ, ਤਾਂ ਹੱਕਾ ਬੱਕਾ ਰਹਿ ਗਿਆ। ਮੂੰਹ ਪੀਲਾ ਪਿਜਾ ਜੋ ਗਿਆ ਅਤੇ ਬੜਾ ਹੀ ਘਬਰਾਇਆ। ਦਾਦੂ ਜੀ ਹੱਸ ਪਏ ਅਤੇ ਆਖਿਆ, "ਭਾਈ ਤੂੰ ਤਾਂ ਗੁਰੂ ਕਰਨ ਆਇਆ ਹੈ। ਘੁਮਿਆਰੀ ਕੋਲੋਂ ਦੋ ਪੈਸੇ ਦਾ ਭਾਂਡਾ ਲਈਦਾ ਹੈ, ਉਹ ਨੂੰ ਵੀ ਠੋਲਾ ਮਾਰ ਕੇ ਦੇਖੀਦਾ ਹੈ।"

ਦੂਜੇ ਦਿਨ ਹੀ ਮਾਘੀ ਦਾ ਦੀਵਾਨ ਸ਼ੁਰੂ ਹੋ ਗਿਆ। ਬੇਅੰਤ ਸੰਗਤਾਂ ਇਕੱਠੀਆਂ ਹੋ ਗਈਆਂ ਸੰਤ ਜੀ ਮਹਾਰਾਜ ਸ਼ਾਮ ਦੇ ਤਿੰਨ ਵਜੇ ਦੀਵਾਨ ਅਸਥਾਨ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬੇ ਸਜ ਗਏ ਅਤੇ ਨਿਰਬਾਨ ਕੀਰਤਨ ਦਾ ਅਤੁਟ ਪ੍ਰਵਾਹ ਸ਼ੁਰੂ ਹੋ ਗਿਆ। ਕੁਝ ਚਿਰ ਲਈ ਤਾਂ ਸੰਤ ਜੀ ਮਹਾਰਾਜ ਨੇ ਸ਼ਬਦ ਦੀ ਘਣਘੋਰ ਬਣਾ ਦਿੱਤੀ, ਮਹਾਂ ਅਕਾਸ਼ ਵੀ ਗੂੰਜ ਉਠਿਆ। ਉਸਦੇ ਮਗਰੋਂ ਵਾਰੀ ਵਾਰੀ ਮਾਈ ਭਾਈ ਸ਼ਬਦ ਪੜ੍ਹਨ ਲਗ ਪਏ ਤੇ ਬਾਬੇ ਨਾਨਕ ਜੀ ਦੀ ਸੱਚੇ ਸੌਦੇ ਦੀ ਹੱਟ ਖੁੱਲ੍ਹ ਗਈ। ਰਹਿਰਾਸ ਸਾਹਿਬ ਦੇ ਪਾਠ ਮਗਰੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਵਾਕ ਲਿਆ ਗਿਆ। ਹੁਕਮ ਆਇਆ:

ਰਾਗੁ ਸੂਹੀ ਅਸਟਪਦੀਆ ਮਹਲਾ ੪ ਘਰੁ ੨ ੧ੴ ਸਤਿਗੁਰ ਪ੍ਰਸਾਦਿ ॥

ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ ਹਉ ਤਿਸੁ ਪਹਿ ਆਪੁ ਵੇਚਾਈ ॥੧॥
ਦਰਸਨੁ ਹਰਿ ਦੇਖਣ ਕੈ ਤਾਈ ॥ ਕ੍ਰਿਪਾ ਕਰਹਿ ਤਾ ਸਤਿਗੁਰੁ ਮੇਲਹਿ ਹਰਿ ਹਰਿ ਨਾਮੁ ਧਿਆਈ ॥੧॥ਰਹਾਉ॥
ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ ॥੨॥
ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੂਖ ਮਨਾਈ ॥੩॥
ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ ॥੪॥
ਪਖਾ ਫੇਰੀ ਪਾਣੀ ਢੋਵਾ ਜੋ ਦੇਵਹਿ ਸੋ ਖਾਈ ॥੫॥
ਨਾਨਕੁ ਗਰੀਬੁ ਢਹਿ ਪਇਆ ਦੁਆਰੈ ਹਰਿ ਮੇਲਿ ਲੈਹੁ ਵਡਿਆਈ ॥੬॥
ਅਖੀ ਕਾਢਿ ਧਰੀ ਚਰਣਾ ਤਲਿ ਸਭ ਧਰਤੀ ਫਿਰਿ ਮਤ ਪਾਈ ॥੭॥
ਜੇ ਪਾਸਿ ਬਹਾਲਹਿ ਤਾ ਤੁਝਹਿ ਅਰਾਧੀ ਜੇ ਮਾਰਿ ਕਢਹਿ ਭੀ ਧਿਆਈ ॥੮॥
ਜੇ ਲੋਕੁ ਸਲਾਹੇ ਤਾ ਤੇਰੀ ਉਪਮਾ ਜੇ ਨਿੰਦੈ ਤ ਛੋਡਿ ਨ ਜਾਈ ॥੯॥
ਜੇ ਤੁਧੁ ਵਲਿ ਰਹੈ ਤਾ ਕੋਈ ਕਿਹੁ ਆਖਉ ਤੁਧੁ ਵਿਸਰਿਐ ਮਰਿ ਜਾਈ ॥੧੦॥
ਵਾਰਿ ਵਾਰਿ ਜਾਈ ਗੁਰ ਊਪਰਿ ਪੈ ਪੈਰੀ ਸੰਤ ਮਨਾਈ ॥੧੧॥
ਨਾਨਕੁ ਵਿਚਾਰਾ ਭਇਆ ਦਿਵਾਨਾ ਹਰਿ ਤਉ ਦਰਸਨ ਕੈ ਤਾਈ ॥੧੨॥
ਝਖੜੁ ਝਾਗੀ ਮੀਹੁ ਵਰਸੈ ਭੀ ਗੁਰੁ ਦੇਖਣ ਜਾਈ ॥੧੩॥
ਸਮੁੰਦੁ ਸਾਗਰੁ ਹੋਵੈ ਬਹੁ ਖਾਰਾ ਗੁਰਸਿਖੁ ਲੰਘਿ ਗੁਰ ਪਹਿ ਜਾਈ ॥੧੪॥
ਜਿਉ ਪ੍ਰਾਣੀ ਜਲ ਬਿਨੁ ਹੈ ਮਰਤਾ ਤਿਉ ਸਿਖੁ ਗੁਰ ਬਿਨੁ ਮਰਿ ਜਾਈ ॥੧੫॥
ਜਿਉ ਧਰਤੀ ਸੋਭ ਕਰੇ ਜਲੁ ਬਰਸੈ ਤਿਉ ਸਿਖੁ ਗੁਰ ਮਿਲਿ ਬਿਗਸਾਈ ॥੧੬॥
ਸੇਵਕ ਕਾ ਹੋਇ ਸੇਵਕੁ ਵਰਤਾ ਕਰਿ ਕਰਿ ਬਿਨਉ ਬੁਲਾਈ ॥੧੭॥
ਨਾਨਕ ਕੀ ਬੇਨੰਤੀ ਹਰਿ ਪਹਿ ਗੁਰ ਮਿਲਿ ਗੁਰ ਸੁਖੁ ਪਾਈ ॥੧੮॥
ਤੂ ਆਪੇ ਗੁਰੁ ਚੇਲਾ ਹੈ ਆਪੇ ਗੁਰ ਵਿਚੁ ਦੇ ਤੁਝਹਿ ਧਿਆਈ ॥੧੯॥
ਜੋ ਤੁਧੁ ਸੇਵਹਿ ਸੋ ਤੂਹੈ ਹੋਵਹਿ ਤੁਧੁ ਸੇਵਕ ਪੈਜ ਰਖਾਈ ॥੨੦॥
ਭੰਡਾਰ ਭਰੇ ਭਗਤੀ ਹਰਿ ਤੇਰੇ ਜਿਸੁ ਭਾਵੈ ਤਿਸੁ ਦੇਵਾਈ ॥੨੧॥
ਜਿਸੁ ਤੂੰ ਦੇਹਿ ਸੋਈ ਜਨੁ ਪਾਏ ਹੋਰ ਨਿਹਫਲ ਸਭ ਚਤੁਰਾਈ ॥੨੨॥
ਸਿਮਰਿ ਸਿਮਰਿ ਸਿਮਰਿ ਗੁਰੁ ਅਪੁਨਾ ਸੋਇਆ ਮਨੁ ਜਾਗਾਈ ॥੨੩॥
ਇਕੁ ਦਾਨੁ ਮੰਗੈ ਨਾਨਕੁ ਵੇਚਾਰਾ ਹਰਿ ਦਾਸਨਿ ਦਾਸੁ ਕਰਾਈ ॥੨੪॥
ਜੇ ਗੁਰੁ ਝਿੜਕੇ ਤ ਮੀਠਾ ਲਾਗੈ ਜੇ ਬਖਸੇ ਤ ਗੁਰ ਵਡਿਆਈ ॥੨੫॥
ਗੁਰਮੁਖਿ ਬੋਲਹਿ ਸੋ ਥਾਇ ਪਾਏ ਮਨਮੁਖਿ ਕਿਛੁ ਥਾਇ ਨ ਪਾਈ ॥੨੬॥
ਪਾਲਾ ਕਕਰੁ ਵਰਫ ਵਰਸੈ ਗੁਰਸਿਖੁ ਗੁਰ ਦੇਖਣ ਜਾਈ ॥੨੭॥
ਸਭੁ ਦਿਨਸੁ ਰੈਣਿ ਦੇਖਉ ਗੁਰੁ ਅਪੁਨਾ ਵਿਚਿ ਅਖੀ ਗੁਰ ਪੈਰ ਧਰਾਈ ॥੨੮॥
ਅਨੇਕ ਉਪਾਵ ਕਰੀ ਗੁਰ ਕਾਰਣਿ ਗੁਰ ਭਾਵੈ ਸੋ ਥਾਇ ਪਾਈ ॥੨੯॥
ਰੈਣਿ ਦਿਨਸੁ ਗੁਰ ਚਰਣ ਅਰਾਧੀ ਦਇਆ ਕਰਹੁ ਮੇਰੇ ਸਾਈ ॥੩੦॥
ਨਾਨਕ ਕਾ ਜੀਉ ਪਿੰਡੁ ਗੁਰੂ ਹੈ ਗੁਰ ਮਿਲਿ ਤ੍ਰਿਪਤਿ ਅਘਾਈ ॥੩੧॥
ਨਾਨਕ ਕਾ ਪ੍ਰਭੁ ਪੂਰਿ ਰਹਿਓ ਹੈ ਜਤ ਕਤ ਤਤ ਗੋਸਾਈ ॥੩੨॥੧॥ (੭੫੭-੫੮)

ਇੱਕ-ਇੱਕ ਤੁਕ ਦਾਸ ਦੇ ਹਿਰਦੇ ਵਿੱਚ ਬੈਠ ਗਈ ਅਤੇ ਸੰਤ ਜੀ ਮਹਾਰਾਜ ਦੀ ਪਿਛਲੀ ਖੇਲ ਦੀ ਪੂਰੀ-ਪੂਰੀ ਸਮਝ ਪੈ ਗਈ। ਦਾਸ ਦੂਰ ਇੱਕ ਨੁੱਕਰ ਵਿੱਚ ਸਾਧ-ਸੰਗਤ ਦੇ ਪਿੱਛੇ ਬੈਠਾ ਸੀ। ਜਦ ਨੌਂ ਵਜੇ ਸੰਤ ਜੀ ਮਹਾਰਾਜ ਸਾਰੀ ਰਾਤ ਦੇ ਜਾਗੇ ਦਾ ਮੁੱਢ ਬੰਨ੍ਹ ਕੇ ਅਰਾਮ ਲਈ ਆਪਣੇ ਬੁੰਗੇ ਵਿੱਚ ਜਾਣ ਲੱਗੇ ਤਦ ਇੱਕ ਪ੍ਰੇਮੀ ਪਾਸੋਂ ਉੱਚੀ ਅਵਾਜ਼ ਦਿਵਾ ਕੇ ਦਾਸ ਨੂੰ ਆਪਣੇ ਪਾਸ ਸੱਦ ਲਿਆ ਅਤੇ ਆਪਣੀ ਹੱਥੀਂ ਚਉਰ ਫੜ੍ਹਾ, ਤਾਬੇ ਬੈਠਣ ਦਾ ਹੁਕਮ ਦਿੱਤਾ। ਤਿੰਨ ਰਾਤਾਂ ਇਹੋ ਹੀ ਖੇਲ ਕਰਦੇ ਰਹੇ। ਤੀਜੀ ਵਾਰੀ ਤਾਂ ਇਕ ਪ੍ਰੇਮੀ ਨਾ ਸਹਿ ਸਕਿਆ ਅਤੇ ਸਤਲੁਜ ਦੇ ਪਾਣੀ ਦੀ ਲੀਕ ਦੇ ਰੋਗ ਨੇ ਉਸ ਨੂੰ ਮਜ਼ਬੂਰ ਕਰ ਦਿੱਤਾ। ਅਜੇ ਸੰਤ ਜੀ ਮਹਾਰਾਜ ਦੀਵਾਨ ਤੋਂ ਬਾਹਰ ਨਿਕਲੇ ਹੀ ਸਨ ਕਿ ਦੱਬੀ ਅਵਾਜ਼ ਵਿੱਚ ਬੋਲ ਉੱਠਿਆ, "ਵੇਖੋ ਭਾਈ! ਫੇਰ ਮਝੈਲ ਨੂੰ ਗੱਦੀ 'ਤੇ ਬਿਠਾ ਦਿੱਤਾ ਹੈ।"

ਮਾਘੀ ਦੇ ਜੋੜ ਮੇਲੇ ਦੇ ਮਗਰੋਂ ਦਾਸ ਸੰਤ ਜੀ ਮਹਾਰਾਜ ਦੀ ਆਗਿਆ ਲੈ, ਗੁਜਰਾਂਵਾਲੇ ਗੁਰੂ ਨਾਨਕ ਖ਼ਾਲਸਾ ਕਾਲਜ ਦੀ ਸੇਵਾ ਵਿੱਚ ਮੁੜ ਆਇਆ। ਜਾਣ ਤੋਂ ਪਹਿਲਾਂ ਸਰਦਾਰ ਲਾਭ ਸਿੰਘ ਨਾਲ ਸਲਾਹ ਕਰ ਲਈ ਕਿ ਕਾਲਜ ਮਸਤੂਆਣੇ ਵਿਖੇ, ਪੰਜਾਬ ਯੂਨੀਵਰਸਿਟੀ ਦੀ ਮਨਜ਼ੂਰੀ ਲੈ ਕੇ ਬਕਾਇਦਾ FA ਅਤੇ F. Sc. ਦੀਆਂ ਜਮਾਤਾਂ ਖੋਲ੍ਹੀਆਂ ਜਾਣ। ਅੱਗੇ ਵਾਂਙਣ ਧਾਰਮਿਕ ਕਾਲਜ ਵੀ ਨਾਲ ਹੋਵੇ ਅਤੇ ਜਿਉਂ-ਜਿਉਂ ਤਾਕਤ ਵਧੇ, ਕਿਰਤ ਦੀ ਸਿਖਲਾਈ ਦਾ ਪ੍ਰਬੰਧ ਵੀ ਕੀਤਾ ਜਾਵੇ। ਏਸ ਸਲਾਹ ਅਨੁਸਾਰ ਦਾਸ ਗੱਡੀ ਚੜ੍ਹਨ ਤੋਂ ਪਹਿਲਾਂ ਸੰਗਰੂਰ, ਜੀਂਦ ਦੇ ਚੀਫ਼ ਮਨਿਸਟਰ ਬਿਹਾਰੀ ਲਾਲ ਢੀਂਗੜਾ ਜੀ ਨੂੰ ਮਿਲਿਆ ਅਤੇ ਓਹਨਾਂ ਦੀ ਏਸ ਮਾਮਲੇ ਸੰਬੰਧੀ ਰਾਏ ਪੁੱਛੀ। ਉਹਨਾਂ ਨੇ ਆਖਿਆ ਕਿ ਸਾਇੰਸ ਦੀ ਤਰੱਕੀ ਲਈ, ਰਿਆਸਤ ਹਰ ਤਰ੍ਹਾਂ ਮਦਦ ਕਰਨ ਨੂੰ ਤਿਆਰ ਹੈ। ਰਿਆਸਤ ਨਾਭਾ ਤੇ ਸਾਡਾ ਗੁਰਮਤਾ ਇੱਕ ਹੈ। ਜੇਕਰ ਤੁਸੀਂ ਯੂਨੀਵਰਸਿਟੀ ਦੀ ਮਨਜ਼ੂਰੀ ਲੈ ਲਵੋ ਤਦ ਸਾਡੀ ਰਿਆਸਤ ਵੀ ਮਦਦ ਕਰੇਗੀ ਅਤੇ ਰਿਆਸਤ ਨਾਭਾ ਦੀ ਜਿਹੜੀ ਪੁਰਾਣੀ ਗਰਾਂਟ ਸੀ ਉਹ ਵੀ ਮਿਲਣ ਲੱਗ ਪਵੇਗੀ। ਏਸ ਵਿਚਾਰ ਦੇ ਮਗਰੋਂ ਦਾਸ ਗੱਡੀ ਚੜ੍ਹ, ਗੁਜਰਾਂਵਾਲੇ ਜਾ ਪੁੱਜਿਆ ਅਤੇ ਉੱਥੇ ਜਾਂਦਿਆਂ ਹੀ ਅਕਾਲ ਕਾਲਜ ਦੀ Affiliation ਲਈ ਪੰਜਾਬ ਯੂਨੀਵਰਸਿਟੀ ਦੇ ਰਜਿਸਟਰਾਰ ਨੂੰ ਅਰਜ਼ੀ ਭੇਜ ਦਿੱਤੀ। ਮਹੀਨੇ ਕੁ ਦੇ ਮਗਰੋਂ ਯੂਨੀਵਰਸਿਟੀ ਦਾ ਜਵਾਬ ਆ ਗਿਆ ਅਤੇ ਉਹਨਾਂ ਨੇ ਡਾਕਟਰ ਲੁਕਸ, ਪ੍ਰਿੰਸੀਪਲ ਫੋਰਮਨ ਕ੍ਰਿਸਚੀਅਨ ਕਾਲਜ ਅਤੇ ਲਾਲਾ ਦੇਵੀ ਦਿਆਲ ਪ੍ਰੋਫ਼ੈਸਰ D. A. V. ਕਾਲਜ ਨੂੰ ਅਕਾਲ ਕਾਲਜ ਦੀ Inspection ਲਈ ਨੀਯਤ ਕਰ ਦਿੱਤਾ।

ਯੂਨੀਵਰਸਿਟੀ ਵੱਲੋਂ ਨੀਯਤ ਕੀਤੀ ਹੋਈ ਤਰੀਖ ਤੋਂ ਇੱਕ ਦਿਨ ਪਹਿਲਾਂ ਦਾਸ ਲਾਹੌਰ ਪੁੱਜਾ ਅਤੇ ਇਹਨਾਂ ਦੋਹਾਂ ਪ੍ਰੇਮੀਆਂ ਨੂੰ ਨਾਲ ਲੈ ਕੇ, ਦੂਜੇ ਦਿਨ ਸੰਗਰੂਰ ਪਹੁੰਚ ਗਿਆ। ਏਥੋਂ ਮੋਟਰ ਦਾ ਪ੍ਰਬੰਧ ਕਰ, ਯੂਨੀਵਰਸਿਟੀ ਕਮਿਸ਼ਨ ਨੂੰ ਗੁਰੂਸਾਗਰ ਸਾਹਿਬ ਮਸਤੂਆਣੇ ਵਿਖੇ ਲੈ ਗਿਆ। ਹਰਿਮੰਦਰ ਸਾਹਿਬ ਅਕਾਲ ਕਾਲਜ, ਹਾਈ ਸਕੂਲ, ਬੋਰਡਿੰਗ ਹਾਉਸ ਗੁਰੂ ਦਾ ਲੰਗਰ ਅਤੇ ਸੰਤ ਜੀ ਮਹਾਰਾਜ ਦੀ ਕੋਠੀ ਦਾ ਦਰਸ਼ਨ ਕਰਾਇਆ। ਸਾਰਾ ਅਸਥਾਨ, ਇਮਾਰਤਾਂ ਅਤੇ ਵਿੱਦਿਆ ਦਾ ਸਮਾਨ ਦੇਖ ਕੇ ਇਹ ਬੜੇ ਹੀ ਪ੍ਰਸੰਨ ਹੋਏ ਅਤੇ ਆਪਣੀ ਰਾਏ ਉੱਥੇ ਹੀ ਜ਼ਾਹਰ ਕਰ ਦਿੱਤੀ। ਇਮਾਰਤ FA, F.Sc. ਤੱਕ ਸਾਰੀਆਂ ਲੋੜਾਂ ਪੂਰੀਆਂ ਕਰ ਸਕਦੀ ਹੈ, ਸਿਰਫ਼ ੧੦-੧੫ ਹਜ਼ਾਰ ਦਾ ਸਾਇੰਸ ਦਾ ਸਮਾਨ ਹੋਰ ਲਿਆਉਣਾ ਪਵੇਗਾ। ਥੋੜ੍ਹੇ ਚਿਰ ਪਿੱਛੋਂ ਯੂਨੀਵਰਸਿਟੀ ਕਮਿਸ਼ਨ ਦੀ ਬਕਾਇਦਾ ਰਿਪੋਰਟ ਦਾਸ ਨੂੰ ਪੁੱਜ ਗਈ। ਏਹਨੂੰ ਲੈ ਕੇ ਦਾਸ ਸੰਗਰੂਰ ਪੁੱਜਾ ਅਤੇ ਵਜ਼ੀਰ ਸਾਹਿਬ ਨੂੰ ਯੂਨੀਵਰਸਿਟੀ ਕਮਿਸ਼ਨ ਦੀ ਰਾਏ ਦਿਖਾਈ। ਏਹ ਬੜੇ ਪ੍ਰਸੰਨ ਹੋਏ ਅਤੇ ਆਖਿਆ ਕਿ ਹੁਣ ਤੁਸੀਂ ਇੱਕ ਬਕਾਇਦਾ ਕਮੇਟੀ ਬਣਾ ਲਵੋ ਜਿਸ ਵਿੱਚ ਨਾਭਾ, ਜੀਂਦ ਦੀਆਂ ਰਿਆਸਤਾ ਵੱਲੋਂ ਅਤੇ ਇਲਾਕੇ ਦੀਆਂ ਸੰਗਤਾਂ ਵੱਲੋਂ ਹੋਰ ਪਤਵੰਤੇ ਲੋਕ ਵੀ ਮੈਂਬਰ ਹੋਣ। ਏਹਨਾਂ ਦੇ ਨਾਲ ਪੰਜਾਬ ਵਿੱਚੋਂ ਉੱਘੇ ਸਿੱਖ ਵਿਦਵਾਨ ਅਤੇ ਹੋਰ ਪੰਥਕ ਆਗੂ ਵੀ ਲਏ ਜਾਣ।

ਸੰਗਰੂਰ ਤੋਂ ਦਾਸ ਗੁਰੂਸਾਗਰ ਸਾਹਿਬ ਪੁੱਜਾ। ਅੱਗੇ ਚਿੱਠੀ ਲਿਖੀ ਹੋਈ ਸੀ। ਸ: ਲਾਭ ਸਿੰਘ ਜੀ ਵੀ ਉਥੇ ਮੌਜੂਦ ਸਨ। ਯੂਨੀਵਰਸਿਟੀ ਦੀ ਇਹ ਮਨਜ਼ੂਰੀ ਸੁਣ ਕੇ ਏਹ ਬੜੇ ਪ੍ਰਸੰਨ ਹੋਏ ਅਤੇ ਕਹਿਣ ਲਗੇ ਇਹ ਕਾਰਜ ਰਿਆਸਤਾਂ ਦੀ ਮੱਦਦ ਨਾਲ ਹੀ ਚੱਲ ਸਕਦਾ ਹੈ। ਅਸੀਂ ਤਾਂ ਆਪਣਾ ਤਿਲ ਫੁਲ ਲਾਉਣ ਨੂੰ ਤਿਆਰ ਹਾਂ, ਪਰ ਹਜ਼ਾਰ ਦੋ ਹਜ਼ਾਰ ਨਾਲ ਕੀ ਬਣ ਸਕਦਾ ਹੈ? ਦਾਸ ਤਾਂ ਸੰਤ ਜੀ ਮਹਾਰਾਜ ਦਾ ਹੁਕਮ ਮੰਨ, ਏਸ ਕਾਰਜ ਲਈ ਤਨ ਮਨ ਕਰਕੇ ਹਰਦਮ ਤਿਆਰ ਸੀ। ਪਰ ਸਰਦਾਰ ਲਾਭ ਸਿੰਘ ਜੀ ਨੇ ਸੰਤ ਜੀ ਮਹਾਰਾਜ ਦੇ ਹੁਕਮ ਦੀ ਪੂਰੀ ਤਾਮੀਲ ਕਰਨ ਤੋਂ ਸੰਕੋਚ ਕੀਤਾ। ਜੇ ਉਸ ਵੇਲੇ ਏਹ ਹੌਂਸਲਾ ਕਰ ੧੫ ਕੁ ਹਜ਼ਾਰ ਏਸ ਪਾਸੇ ਲਾ ਦੇਂਦੇ ਤਾਂ ਕਾਲਜ ਓਸੇ ਸਾਲ ਟੁਰ ਪੈਂਦੇ। ਫੇਰ ਰਿਆਸਤਾਂ ਦੀ ਮਦਦ ਵੀ ਮਿਲ ਜਾਂਦੀ ਪਰ ਏਹ ਵਿਚਾਰੇ ਵੀ ਇਕੱਲੇ ਕੀ ਕਰਦੇ, ਅਜੇ ਤੀਕਰ ਵੀ ਪਿਛਾਂਹ-ਖਿੱਚੂ ਜੱਥਾ ਬਹੁਤ ਤਿਆਰ ਬਰ ਤਿਆਰ ਸੀ ਅਤੇ ਹਰ ਤਰ੍ਹਾਂ ਜ਼ੋਰ ਲਾ ਰਿਹਾ ਸੀ ਕਿਤੇ ਇਹ ਸਕੀਮ ਵੀ ਸਿਰੇ ਨਾ ਚੜ੍ਹ ਜਾਏ। ਮਨਜ਼ੂਰੀ ਤਾਂ ਮਿਲ ਗਈ ਪਰ ਗੱਲ ਏਥੇ ਹੀ ਰਹੀ। ਨਾ ਕੋਈ ਬਕਾਇਦਾ ਕਮੇਟੀ ਬਣੀ ਅਤੇ ਨਾ ਕਿਸੇ ਗੁਰਮੁਖ ਨੇ ਮੋਢਾ ਡਾਹ ਕੇ ਪਹਿਲਾਂ ਭਾਰ ਚੁੱਕਣ ਦਾ ਹੌਂਸਲਾ ਕੀਤਾ। ਏਸ ਦਾ ਏਨਾ ਫਲ ਜ਼ਰੂਰ ਹੋਇਆ ਕਿ ਪਿਛਾਂਹ-ਖਿੱਚੂ ਜਥੇ ਨੂੰ ਮਜਬੂਰ ਹੋ ਹਾਈ ਸਕੂਲ ਦੀ ਰਚਨਾਂ ਰਚਣੀ ਪਈ। ਸਕੂਲ ਦੁਬਾਰਾ ਖੁੱਲ੍ਹ ਗਿਆ ਅਤੇ ਗੁਰੂ ਸਾਗਰ ਸਾਹਿਬ ਵਿਖੇ ਫੇਰ ਕੋਈ ੧●● ਭੁਝੰਗੀਆ ਦੀ ਰੌਣਕ ਹੋ ਗਈ।

# ਕਾਂਡ ੨੧

ਮਃ ੪ ॥

ਸਾ ਧਰਤੀ ਭਈ ਹਰੀਆਵਲੀ ਜਿਥੈ ਮੇਰਾ ਸਤਿਗੁਰੁ ਬੈਠਾ ਆਇ ॥
ਸੇ ਜੰਤ ਭਏ ਹਰੀਆਵਲੇ ਜਿਨੀ ਮੇਰਾ ਸਤਿਗੁਰੁ ਦੇਖਿਆ ਜਾਇ ॥
ਧਨੁ ਧੰਨੁ ਪਿਤਾ ਧਨੁ ਧੰਨੁ ਕੁਲੁ ਧਨੁ ਧਨੁ ਸੁ ਜਨਨੀ ਜਿਨਿ ਗੁਰੂ ਜਣਿਆ ਮਾਇ ॥
ਧਨੁ ਧੰਨੁ ਗੁਰੂ ਜਿਨਿ ਨਾਮੁ ਅਰਾਧਿਆ ਆਪਿ ਤਰਿਆ ਜਿਨੀ ਡਿਠਾ ਤਿਨਾ ਲਏ ਛਡਾਇ ॥
ਹਰਿ ਸਤਿਗੁਰੁ ਮੇਲਹੁ ਦਇਆ ਕਰਿ ਜਨੁ ਨਾਨਕੁ ਧੋਵੈ ਪਾਇ ॥੨॥ (੩੧●)

## ਦਮਦਮਾ ਸਾਹਿਬ ਗੁਰੂ ਕਾਂਸ਼ੀ ਦੀ ਸੇਵਾ

ਦੀਵਾਨ ਦੇ ਭੋਗ ਦੇ ਮਗਰੋਂ, ਦਾਸ ਸੰਤ ਜੀ ਮਹਾਰਾਜ ਦੇ ਪਿੱਛੇ-ਪਿੱਛੇ ਟੁਰ ਪਿਆ। ਜਦ ਸੰਤ ਜੀ ਆਪਣੇ ਡੇਰੇ ਦੇ ਨੇੜੇ ਪੁੱਜੇ ਤਦ ਨਗਰ ਦੇ ਪ੍ਰੇਮੀਆਂ ਨੂੰ ਵਿਦਾ ਕਰਨ ਲਈ ਖਲੋ ਗਏ। ਜਿਸ ਵੇਲੇ ਸਾਰੇ ਪ੍ਰੇਮੀ ਆਪਣੇ-ਆਪਣੇ ਘਰਾਂ ਵੱਲ ਟੁਰ ਪਏ ਤਦ ਸੰਤ ਜੀ ਮਹਾਰਾਜ ਦੀ ਨਿਗਾਹ ਦਾਸ 'ਤੇ ਪਈ। ਬੜੇ ਪ੍ਰੇਮ ਨਾਲ ਫੁਰਮਾਇਆ, "ਭਾਈ ਤੇਜਾ ਸਿੰਘ! ਐਤਕੀਂ ਮਾਲਵੇ ਵਿੱਚ ਕਾਲ ਪੈ ਗਿਆ ਹੈ, ਤੁਸੀਂ ਗੁਰੂ ਕਾਂਸ਼ੀ ਦਮਦਮੇ ਸਾਹਿਬ ਦੇ ਲੰਗਰ ਲਈ ਦੋ ਗੱਡੀਆਂ ਅੰਨ ਦੀਆਂ ਭੇਜੋ।" ਦਾਸ ਦੇ ਮੂੰਹੋਂ ਸਹਿਜ-ਸੁਭਾਏ ਨਿਕਲਿਆ, "ਸੱਚੇ ਪਾਤਸ਼ਾਹ! ਸਤਿ ਬਚਨ, ਦੋ ਪ੍ਰੇਮੀ ਨਾਲ ਦੇ ਦੇਵੋ।" ਭਾਈ ਸੰਤ ਸਿੰਘ ਸ਼ਿਮਲੇ ਵਾਲੇ ਅਤੇ ਬਾਬਾ ਗੁਰਮੁਖ ਸਿੰਘ ਸਾਹਮਣੇ ਖੜੇ ਸਨ। ਸੰਤ ਜੀ ਮਹਾਰਾਜ ਨੇ ਫੁਰਮਾਇਆ ਕਿ ਇਹਨਾਂ ਦੋਹਾਂ ਪ੍ਰੇਮੀਆਂ ਨੂੰ ਨਾਲ ਲੈ ਜਾਓ ਅਤੇ ਕੱਲ੍ਹ ਸਵੇਰੇ ਹੀ ਗੁਰੂਸਾਗਰ ਸਾਹਿਬ ਦਰਸ਼ਨ ਮੇਲਾ ਕਰਕੇ ਗੱਡੀ ਚੜ੍ਹ ਜਾਓ।

ਦੂਜੇ ਦਿਨ ਅੰਮ੍ਰਿਤ ਵੇਲੇ ਇਸ਼ਨਾਨ ਪਾਣੀ, ਨਿੱਤਨੇਮ ਕਰ, ਸੰਤ ਜੀ ਮਹਾਰਾਜ ਜਥੇ ਸਮੇਤ ਗੁਰੂਸਾਗਰ ਸਾਹਿਬ ਪੁੱਜੇ। ਅੱਗੇ ਆਸਾ ਦੀ ਵਾਰ ਦਾ ਕੀਰਤਨ ਸ਼ੁਰੂ ਸੀ ਅਤੇ ਦੀਵਾਨ ਭਰਿਆ ਹੋਇਆ ਸੀ। ਸੰਤ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬੇ ਸਜ ਗਏ। ਕੁਝ ਚਿਰ ਮਰਯਾਦਾ ਅਨੁਸਾਰ ਮਾਈ-ਭਾਈ ਨੇ ਸ਼ਬਦ, ਛਕੇ ਅਤੇ ਸਲੋਕ ਪੜ੍ਹੇ। ਫੇਰ ਸੰਤ ਜੀ ਮਹਾਰਾਜ ਨੇ ਸ਼ਬਦ-ਕੀਰਤਨ ਕਰ ਕੇ ਸਾਧ-ਸੰਗਤ ਨੂੰ ਨਿਹਾਲ ਕੀਤਾ। ਆਸਾ ਦੀ ਵਾਰ ਤੇ ਭੋਗ ਦੇ ਘੰਟਾ ਕੁ ਮਗਰੋਂ ਦਾਸ ਨਮਸਕਾਰ ਕਰ, ਆਪਣੇ ਦੋ ਸਾਥੀ ਨਾਲ ਲੈ, ਸੰਗਰੂਰ ਗੱਡੀ ਆ ਚੜ੍ਹਿਆ। **ਜਿਸ ਵੇਲੇ ਦਾਸ ਨੇ ਸੰਤ ਜੀ ਮਹਾਰਾਜ ਦੇ ਗੋਡੇ 'ਤੇ ਸੀਸ ਨਿਵਾਇਆ ਅਤੇ ਸੰਤ ਜੀ ਮਹਾਰਾਜ ਨੇ ਨੇਤਰ ਖੋਲ੍ਹੇ ਤਦ ਦਾਸ ਨੂੰ ਇੱਕ ਅਦੁੱਤੀ ਦ੍ਰਿਸ਼ ਦਾ ਝਲਕਾਰਾ ਪਿਆ। ਪ੍ਰਤੱਖ ਪਤਾ ਲੱਗਾ ਕਿ ਸੰਤ ਦੇਹ ਵਿੱਚ ਨਹੀਂ ਹਨ, ਸਦਾ ਹੀ ਕਿਸੇ ਹੋਰ ਦੇਸ ਵਿੱਚ ਰਹਿੰਦੇ ਹਨ।**

ਗੁਜਰਾਂਵਾਲੇ ਪੁੱਜਦਿਆਂ ਹੀ ਦਾਸ ਨੇ ਆਪਣੇ ਸਾਥੀ ਮਾਸਟਰ ਛਹਿਬਰ ਸਿੰਘ ਨੂੰ ਆਖਿਆ ਕਿ ਸੰਤ ਜੀ ਮਹਾਰਾਜ ਨੇ ਦਾਸ ਨੂੰ ਲੰਗਰ ਦੀ ਸੇਵਾ ਬਖ਼ਸ਼ੀ ਹੈ। ਗੁਰਦੁਆਰੇ ਸਾਹਿਬ ਦੀ ਉਗਰਾਹੀ ਸਾਰੇ ਸ਼ਹਿਰ ਦੀ ਲਿਖੀ ਜਾ ਚੁੱਕੀ ਹੈ। ਤੁਸੀਂ ਉੱਦਮ ਕਰਕੇ ਵਸੂਲ ਕਰੀ ਜਾਓ ਅਤੇ ਸੇਵਾ ਚਲਾਈ ਜਾਓ। ਦਾਸ ਹੁਣ ਕੁਝ ਚਿਰ ਲਈ ਲੰਗਰ ਦੀ ਸੇਵਾ ਵਿੱਚ ਲੱਗੇਗਾ। ਏਸ ਧੁਨ ਵਿੱਚ ਮਸਤ ਜਿਹੜਾ ਵਕਤ ਕਾਲਜ ਦੀ

ਪੜ੍ਹਾਈ ਵਿੱਚੋਂ ਲਭਦਾ, ਲੰਗਰ ਦੀ ਟਹਿਲ ਵਿੱਚ ਲਗਦਾ। ਦਾਸ ਸੰਤ ਜੀ ਮਹਾਰਾਜ ਦੇ ਦੋਵੇਂ ਸੇਵਕਾਂ ਨੂੰ ਨਾਲ ਲੈ ਕੇ ਉਗਰਾਹੀ ਲਿਖਾਉਂਦਾ ਅਤੇ ਇਹ ਉਦਮ ਕਰਕੇ ਇਕੱਠੀ ਕਰ ਲੈਂਦੇਂ। ਏਸ ਰੰਗ ਵਿਚ ਕੁਝ ਦਿਨ ਬੀਤੇ। ਇਕ ਦਿਨ ਜਦ ਮਾਸਟਰ ਛਹਿਬਰ ਸਿੰਘ ਮਿਲੇ ਤਾਂ ਹੱਸ ਕੇ ਬੋਲੇ, "ਤੁਸੀਂ ਤਾਂ ਹੁਣ ਕਣਕ ਰੂਪ ਹੀ ਹੋ ਗਏ ਹੋ।"

ਸਤਿਗੁਰੂ ਦੀ ਕਿਰਪਾ ਦੁਆਰਾ, ਪਹਿਲੀ ਗੱਡੀ ਤਾਂ ਗੁਜਰਾਂਵਾਲੇ ਸ਼ਹਿਰ ਵਿੱਚੋਂ ਹੀ ਪੂਰੀ ਹੋ ਗਈ। ਸਟੇਸ਼ਨ ਤੇ ਵੈਗਨ ਲੈ, ਕੋਟ ਫੱਤੇ ਬਿਲਟੀ ਕਰਾ ਦਿੱਤੀ ਅਤੇ ਰੇਲ ਦੀ ਰਸੀਦ ਸੰਤ ਭਾਈ ਗੁਲਾਬ ਸਿੰਘ ਨੂੰ ਭੇਜ ਦਿੱਤੀ। ਦੂਜੀ ਗੱਡੀ ਵਾਸਤੇ ਭਾਈ ਸੰਤਾ ਸਿੰਘ ਨੂੰ ਚਿੱਠੀਆਂ ਦੇ ਕੇ ਬਾਹਰ ਭੇਜਣਾ ਪਿਆ। ਇਹਦੀ ਉਗਰਾਹੀ ਵੀ ਛੇਤੀ ਸੰਪੂਰਨ ਹੋ ਗਈ। ਜਦ ਸੇਵਕ ਰਾਜਾ ਸਾਂਸੀ, ਸਰਦਾਰ ਰਘੁਬੀਰ ਸਿੰਘ ਸੰਧਾਵਾਲੀਆ ਪਾਸ ਗਿਆ ਤਾਂ ਉਹਨਾਂ ਨੇ ੬੫● ਦਮੜੇ ਏਸ ਗੱਡੀ ਵਿਚ ਹਿੱਸਾ ਰਲਾਇਆ। ਸਾਰਾ ੧੧●● ਦਮੜਾ ਭਾਈ ਗੁਰਮੁਖ ਸਿੰਘ ਅਤੇ ਭਾਈ ਸੰਤਾ ਸਿੰਘ ਦੀ ਹੱਥੀਂ ਸੰਤ ਜੀ ਮਹਾਰਾਜ ਦੇ ਚਰਨਾਂ ਵਿੱਚ ਦਮਦਮੇ ਸਾਹਿਬ ਗੁਰੂ ਕਾਂਸ਼ੀ ਭੇਜਿਆ ਗਿਆ ਕਿ ਉਥੋਂ ਮੰਡੀ ਵਿਚੋਂ ਅੰਨ ਖਰੀਦਿਆ ਜਾਵੇ, ਕਿਰਾਏ ਦੀ ਬਚਤ ਹੋ ਜਾਏਗੀ।

ਏਸ ਸੇਵਾ ਵਿੱਚ ਸਤਿਗੁਰੂ ਅਤੇ ਸੰਤ ਜੀ ਦੀ ਕੋਈ ਐਸੀ ਕ੍ਰਿਪਾ ਹੋਈ ਕਿ ਸੰਤ ਜੀ ਮਹਾਰਾਜ ਦਾ ਹੁਕਮ ਸਹਿਜ ਸੁਭਾਏ ਏਸ *ਤੇਹਰਵੇਂ ਮਹੀਨੇ ਪੂਰਾ ਹੋ ਗਿਆ ਅਤੇ ਦੋ ਸੇਵਕ ਵੀ ਬੜੇ ਹੀ ਪ੍ਰਸੰਨ ਹੋ ਗਏ। ਜਦ ਦਮਦਮੇ ਸਾਹਿਬ ਪੁੱਜੇ ਤਾਂ ਇਹਨਾਂ ਨੇ ਸੰਤ ਜੀ ਮਹਾਰਾਜ ਨੂੰ ਆਖਿਆ ਕਿ ਸੱਚੇ ਪਾਤਿਸ਼ਾਹ, ਸੰਤ ਤੇਜਾ ਸਿੰਘ ਨਾਲ ਸੰਗਤ ਬਹੁਤ ਪ੍ਰੇਮ ਰੱਖਦੀ ਹੈ, ਉਗਰਾਹੀ ਵਿਚ ਕਿਸੇ ਵੀ ਨਾਂਹ ਨਹੀਂ ਕੀਤੀ। ਬੜੇ ਅਦਬ ਨਾਲ ਹਿੱਸਾ ਪਾਇਆ ਹੈ। ਸੰਤ ਜੀ ਮਹਾਰਾਜ ਸੇਵਕਾਂ ਦੇ ਏਹ ਬਚਨ ਸੁਣ, ਹੱਸ ਕੇ ਬੋਲੇ, "ਚੰਗਾ ਭਾਈ, ਜੇ ਐਤਕੀ ਤੇਜਾ ਸਿੰਘ ਸਾਡੇ ਪਾਸ ਆਇਆ ਤਾਂ ਏਸ ਨੂੰ ਆਪਦੇ ਪਾਸ ਹੀ ਰਖਾਂਗੇ, ਮੁੜ ਕੇ ਘਰ ਨਹੀਂ ਜਾਣ ਦਿਆਂਗੇ।"

ਏਧਰੋਂ ਤਾਂ ਸੰਤ ਜੀ ਮਹਾਰਾਜ ਨੇ ਆਪਣੇ ਹਿਰਦੇ ਵਿੱਚ ਇਹ ਸੰਕਲਪ ਧਾਰ ਲਿਆ, ਉਧਰੋਂ ਦਾਸ ਦਾ ਚਿਤ ਵੀ ਕਈ ਕਾਰਨਾਂ ਕਰਕੇ ਉਪਰਾਮ ਹੋ ਗਿਆ। ਖਾਸ ਕਰਕੇ ਜਿਹੜੀ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਦੋ ਧੜੇ ਬਣ ਗਏ ਸਨ, ਓਹ ਏਸ ਉਦਾਸੀ ਦਾ ਵੱਡਾ ਕਾਰਨ ਬਣੇ। ਗੁਜਰਾਂਵਲੇ ਤੋਂ ਕਈ ਵਾਰੀ ਅੰਮ੍ਰਿਤਸਰ ਸਾਹਿਬ ਜਾਣਾ ਪੈਂਦਾ। ਗੱਡੀ ਵਿਚ ਆਮ ਚਰਚਾ ਇਹੋ ਹੁੰਦੀ ਕਿ ਵੇਖੋ ਭਾਈ ਅਕਾਲੀ ਸਿੱਖਾਂ ਨੇ ਪਹਿਲਾਂ ਕਿੰਨੀ ਬਹਾਦਰੀ ਕੀਤੀ ਤੇ ਸਾਰੇ ਹਿੰਦੁਸਤਾਨ ਵਿੱਚ ਉਹਨਾਂ ਦੀ ਧੁੰਮ ਪੈ ਗਈ ਪਰ ਹੁਣ ਦੋ ਧੜੇ ਹੋਣ ਕਰਕੇ ਆਪਣੀ ਕੀਤੀ ਕਤਰੀ ਖੂਹ ਵਿੱਚ ਪਾ ਰਹੇ ਹਨ। ਜਿਸ ਘਰ ਵਿੱਚ ਫੁਟ ਵੜ ਜਾਏ, ਉਹ ਕਦੇ ਵੀ ਪੂਰੇ ਤੌਰ ਤੇ ਵਸ ਨਹੀਂ ਸਕਦਾ।

ਕਈ ਵਾਰੀ ਇਹ ਗੱਲਾਂ ਦਾਸ ਦੇ ਕੰਨ ਵਿੱਚ ਪਈਆਂ ਤੇ ਚਿਤ ਨੂੰ ਬੜੀ ਡਾਢੀ ਠੋਕਰ ਵੱਜੀ। ਇੱਕ ਵਾਰੀ ਜਦ ਦਾਸ ਅੰਮ੍ਰਿਤਸਰ ਗਿਆ ਤਾਂ ਸਵੇਰੇ ਸ੍ਰੀ ਹਰਿਮੰਦਰ ਸਾਹਿਬ ਆਸਾ ਦੀ ਵਾਰ ਦੇ ਕੀਰਤਨ ਦੇ ਮਗਰੋਂ ਸ: ਰਛਪਾਲ ਸਿੰਘ ਜਾਮਾਰਾਈਏ ਮਿਲ ਪਏ। ਇਹ ਬੜੇ ਗੁਰਮੁਖ ਤੇ ਨਾਮ-ਰਸੀਏ, ਪੰਥ-ਦਰਦੀ ਪ੍ਰੇਮੀ ਸਨ। ਬਾਹਰ ਆ ਕੇ ਪ੍ਰਕਰਮਾਂ ਵਿਚ ਇਹਨਾਂ ਨਾਲ ਬੈਠ ਕੇ ਪੰਥ ਦੀ ਸਾਰੀ ਦਸ਼ਾ ਤੇ ਖੋਲ੍ਹ ਕੇ ਗੱਲ ਬਾਤ ਕੀਤੀ ਤੇ ਪੁੱਛਿਆ ਕਿ ਜੇਕਰ ਤੁਸੀਂ ਨਾਲ ਚੱਲੋ ਤਾਂ ਅੱਜ ਹੀ ਦੋਵੇਂ ਧੜਿਆਂ ਦੇ ਮੋਢੀਆਂ ਨਾਲ ਮਿਲ ਕੇ ਕੋਈ ਸਮਝੌਤਾ ਅਤੇ ਮਿਲਾਪ ਦੀ ਜੁਗਤ ਕੱਢੀਏ। ਅਸੀਂ ਇਹ ਗੱਲ ਬਾਤ ਕਰ ਹੀ ਰਹੇ ਸਾਂ ਕਿ ਬਾਬਾ

*ਇਹਨਾਂ ਦਿਨਾਂ ਵਿੱਚ ਅੰਨ ਦਾ ਤੋੜਾ ਹੁੰਦਾ ਹੈ ਤੇ ਦਨਿਆ ਇਸ ਨੂੰ ਤੇਹਰਵਾਂ ਮਹੀਨਾ ਆਖਦੀ ਹੈ।

ਕੇਹਰ ਸਿੰਘ ਪੱਟੀ ਵੀ ਓਥੇ ਆ ਨਿਕਲੇ। ਉਹਨਾਂ ਨਾਲ ਵੀ ਸਲਾਹ ਕੀਤੀ। ਤਿੰਨਾਂ ਦਾ ਗੁਰਮਤਾ ਹੋ ਗਿਆ ਤੇ ਅਸੀਂ ਪਹਿਲਾਂ ਸ: ਮੰਗਲ ਸਿੰਘ ਤੇ ਮਾਸਟਰ ਤਾਰਾ ਸਿੰਘ ਨੂੰ ਮਿਲੇ। ਫੇਰ ਸਰਦਾਰ ਮਤਾਬ ਸਿੰਘ ਤੇ ਗਿਆਨੀ ਸ਼ੇਰ ਸਿੰਘ ਨਾਲ ਗੱਲਬਾਤ ਕੀਤੀ। ਦੋਹਾਂ ਪਾਸਿਆਂ ਤੋਂ ਦੋ-ਦੋ ਆਦਮੀ, ਜਿੰਨ੍ਹਾਂ ਦੇ ਮੁਖੀ ਸ: ਮੰਗਲ ਸਿੰਘ ਅਤੇ ਗਿਆਨੀ ਸ਼ੇਰ ਸਿੰਘ ਸਨ, ਨੀਯਤ ਹੋਏ ਅਤੇ ਉਸੇ ਦਿਨ ਅਕਾਲ ਤਖ਼ਤ ਸਾਹਿਬ ਦੀ ਗੁੰਬਦ ਵਾਲੀ ਛੱਤ ’ਤੇ ਚਲੇ ਗਏ ਅਤੇ ਇੱਥੇ ਬੈਠ ਕੇ ਤਿੰਨ ਕੁ ਘੰਟੇ ਪੂਰਨ ਵਿਚਾਰ ਦੇ ਮਗਰੋਂ ਸੁਲ੍ਹਾ-ਸਫ਼ਾਈ ਦੀਆਂ ਸ਼ਰਤਾਂ ਤੈਅ ਹੋ ਗਈਆਂ। ਫੈਸਲਾ ਹੋਇਆ ਕਿ ਦੋ ਕੁ ਦਿਨਾਂ ਵਿੱਚ ਪ੍ਰਬੰਧਕ ਕਮੇਟੀ ਦੀ ਇਕੱਤਰਤਾ ਹੋਣੀ ਹੈ, ਉਸ ਵਿੱਚ ਸਾਰਾ ਮਾਮਲਾ ਪੇਸ਼ ਹੋ ਕੇ ਸਾਫ ਹੋ ਜਾਏ।

ਹੁਣ ਇਕੱਤਰਤਾ ਦਾ ਦਿਨ ਵੀ ਆ ਗਿਆ। ਪੰਜਾਬ ਦੇ ਸਾਰੇ ਜ਼ਿਲ੍ਹਿਆਂ ਅਤੇ ਰਿਆਸਤਾਂ ਤੋਂ ਮੈਂਬਰ, ਅਕਾਲ ਤਖ਼ਤ ਸਾਹਿਬ ਦੀ ਦੂਜੀ ਮੰਜ਼ਲ ਵਿਖੇ ਹਾਲ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਇਕੱਠੇ ਹੋ ਗਏ। ਅਰਦਾਸ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੁਕਮ ਲਿਆ ਤੇ ਏਸ ਦੇ ਸਮਝੌਤੇ ਦੀ ਗੱਲਬਾਤ ਤੁਰੀ। ਜਿਹੜੀਆਂ ਸ਼ਰਤਾਂ ਤੈਅ ਹੋਈਆਂ, ਉਹ ਪੜ੍ਹ ਕੇ ਸੁਣਾਈਆਂ ਗਈਆਂ। ਬੜੇ ਪ੍ਰੇਮ ਤੇ ਅਧੀਨਗੀ ਸਹਿਤ ਬੇਨਤੀ ਕੀਤੀ ਗਈ ਕਿ ਮਿਲਾਪ ਵਿੱਚ ਹੀ ਪੰਥ ਦਾ ਭਲਾ ਹੈ ਪਰ ਕਰਤਾਰ ਦੀ ਨੇਤ, ਦਿਲਾਂ ਵਿੱਚ ਏਨੀਆਂ ਗੁੰਝਲਾਂ ਤੇ ਘੁੰਡੀਆਂ ਪੈ ਚੁੱਕੀਆਂ ਸਨ ਕਿ ਦੋਹਾਂ ਪਾਸਿਆਂ ਦੇ ਪ੍ਰੇਮੀ ਅੜ ਖਲੋਤੇ ਤੇ ਸਮਝੌਤੇ ਦੀ ਗੱਲਬਾਤ ਨੇ ਝਗੜੇ ਦੀ ਸ਼ਕਲ ਪਕੜ ਲਈ। ਨੌਬਤ ਇੱਥੋਂ ਤੀਕਰ ਪੁੱਜ ਗਈ ਕਿ ਸ: ਮਤਾਬ ਸਿੰਘ ਨੇ, ਜੋ ਏਸ ਦੇ ਪ੍ਰਧਾਨ ਸਨ, ਮੀਟਿੰਗ ਨੂੰ ਆਪਣੀ ਮਰਜ਼ੀ ’ਤੇ ਮੁਲਤਵੀ ਕਰ ਦਿੱਤਾ। ਦਾਸ ਦੇ ਹਿਰਦੇ ’ਤੇ ਡਾਢੀ ਸੱਟ ਵੱਜੀ। ਕਮੇਟੀ ਦੇ ਮੈਂਬਰ ਹੌਲੀ-ਹੌਲੀ ਆਪਣੇ-ਆਪਣੇ ਰਾਹ ਪੈ ਗਏ ਪਰ ਦਾਸ ਬੜਾ ਉਦਾਸ ਹੋ ਕੇ ਸੱਚੇ ਪਾਤਸ਼ਾਹ ਦੇ ਅਕਾਲ ਤਖ਼ਤ ਦੀ ਹੇਠਲੀ ਮੰਜ਼ਲ ’ਤੇ ਆ ਬੈਠਾ। ਸੋਦਰੁ ਦੇ ਦੀਵਾਨ ਦਾ ਵਕਤ ਹੋਣ ਵਾਲਾ ਹੀ ਸੀ। ਬਾਬਾ ਕੇਹਰ ਸਿੰਘ ਪੱਟੀ ਨੇ ਦਾਸ ਨੂੰ ਆਖਿਆ ਕਿ ਤੁਸੀਂ ਏਨੇ ਉਪਰਾਮ ਕਿਉਂ ਹੁੰਦੇ ਹੋ? ਸਾਧ-ਸੰਗਤ ਦਾ ਇਕੱਠ ਹੋਣ ਵਾਲਾ ਹੈ, ਤੁਸੀਂ ਸਾਫ਼-ਸਾਫ਼ ਸੰਗਤ ਵਿੱਚ ਪ੍ਰਗਟ ਕਰ ਦਿਓ ਕਿ ਕਿਹੜੇ ਪਾਸੇ ਦਾ ਕਸੂਰ ਜ਼ਿਆਦਾ ਹੈ। ਦਾਸ ਨੇ ਬਾਬਾ ਜੀ ਨੂੰ ਉੱਤਰ ਦਿੱਤਾ ਏਸ ਤਰ੍ਹਾਂ ਗੱਲ ਹੋਰ ਵੱਧ ਜਾਵੇਗੀ। ਅਸੀਂ ਸੁਲ੍ਹਾ-ਸਫਾਈ ਕਰਾਉਣ ਆਏ ਸੀ, ਨਾ ਕਿ ਝਗੜਾ ਵਧਾਉਣ ਲਈ।

ਸੋਦਰੁ ਦੇ ਪਾਠ ਮਗਰੋਂ ਦਾਸ ਆਪਣੇ ਡੇਰੇ ’ਤੇ ਚਲਾ ਗਿਆ। ਅੰਮ੍ਰਿਤ ਵੇਲੇ ਇਸ਼ਨਾਨ ਪਾਣੀ ਕਰਕੇ ਹਰਿਮੰਦਰ ਸਾਹਿਬ ਵਿਖੇ ਆਸਾ ਦੀ ਵਾਰ ਦੇ ਕੀਰਤਨ ਵਿੱਚ ਹਾਜ਼ਰ ਹੋਇਆ। ਚਿੱਤ ਸਾਰਿਆਂ ਪਾਸਿਆਂ ਤੋਂ ਬਹੁਤ ਉਦਾਸ ਸੀ ਪਰ ਸਤਿਗੁਰੂ ਦੇ ਸ਼ਬਦ-ਕੀਰਤਨ ਨੇ ਆਪਣੇ ਰੰਗ ਵਿੱਚ ਮਸਤ ਕਰ ਲਿਆ। ਅਰਦਾਸ ਦੇ ਮਗਰੋਂ ਜਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਵਾਕ ਲਿਆ ਗਿਆ ਤਾਂ ਇਹ ਸ਼ਬਦ ਧੁਰ ਦਰਗਾਹ ਤੋਂ ਆਇਆ:

**ਵਡਹੰਸੁ ਮਹਲਾ ੪ ॥**

**ਹੰਉ ਗੁਰ ਬਿਨੁ ਹੰਉ ਗੁਰ ਬਿਨੁ ਖਰੀ ਨਿਮਾਣੀ ਰਾਮ ॥**
**ਜਗਜੀਵਨੁ ਜਗਜੀਵਨੁ ਦਾਤਾ ਗੁਰ ਮੇਲਿ ਸਮਾਣੀ ਰਾਮ ॥**
**ਸਤਿਗੁਰੁ ਮੇਲਿ ਹਰਿ ਨਾਮਿ ਸਮਾਣੀ ਜਪਿ ਹਰਿ ਹਰਿ ਨਾਮੁ ਧਿਆਇਆ ॥**
**ਜਿਸੁ ਕਾਰਣਿ ਹੰਉ ਢੂੰਢਿ ਢੂਢੇਦੀ ਸੋ ਸਜਣੁ ਹਰਿ ਘਰਿ ਪਾਇਆ ॥**

ਏਕ ਦ੍ਰਿਸਿ ਹਰਿ ਏਕੋ ਜਾਤਾ ਹਰਿ ਆਤਮ ਰਾਮੁ ਪਛਾਣੀ ॥
ਹੰਉ ਗੁਰ ਬਿਨੁ ਹੰਉ ਗੁਰ ਬਿਨੁ ਖਰੀ ਨਿਮਾਣੀ ॥੧॥
ਜਿਨਾ ਸਤਿਗੁਰੁ ਜਿਨ ਸਤਿਗੁਰੁ ਪਾਇਆ ਤਿਨ ਹਰਿ ਪ੍ਰਭੁ ਮੇਲਿ ਮਿਲਾਏ ਰਾਮ॥
ਤਿਨ ਚਰਣ ਤਿਨ ਚਰਣ ਸਰੇਵਹ ਹਮ ਲਾਗਹ ਤਿਨ ਕੈ ਪਾਏ ਰਾਮ ॥
ਹਰਿ ਹਰਿ ਚਰਣ ਸਰੇਵਹ ਤਿਨ ਕੇ ਜਿਨ ਸਤਿਗੁਰੁ ਪੁਰਖੁ ਪ੍ਰਭੁ ਧ੍ਹਾਇਆ ॥
ਤੂ ਵਡਦਾਤਾ ਅੰਤਰਜਾਮੀ ਮੇਰੀ ਸਰਧਾ ਪੂਰਿ ਹਰਿ ਰਾਇਆ ॥
ਗੁਰਸਿਖ ਮੇਲਿ ਮੇਰੀ ਸਰਧਾ ਪੂਰੀ ਅਨਦਿਨੁ ਰਾਮ ਗੁਣ ਗਾਏ ॥
ਜਿਨ ਸਤਿਗੁਰੁ ਜਿਨ ਸਤਿਗੁਰੁ ਪਾਇਆ ਤਿਨ ਹਰਿ ਪ੍ਰਭੁ ਮੇਲਿ ਮਿਲਾਏ ॥੨॥
ਹੰਉ ਵਾਰੀ ਹੰਉ ਵਾਰੀ ਗੁਰਸਿਖ ਮੀਤ ਪਿਆਰੇ ਰਾਮ ॥
ਹਰਿ ਨਾਮੋ ਹਰਿ ਨਾਮੁ ਸੁਣਾਏ ਮੇਰਾ ਪ੍ਰੀਤਮੁ ਨਾਮੁ ਅਧਾਰੇ ਰਾਮ ॥
ਹਰਿ ਹਰਿ ਨਾਮੁ ਮੇਰਾ ਪ੍ਰਾਨ ਸਖਾਈ ਤਿਸੁ ਬਿਨੁ ਘੜੀ ਨਿਮਖ ਨਹੀ ਜੀਵਾਂ ॥
ਹਰਿ ਹਰਿ ਕ੍ਰਿਪਾ ਕਰੇ ਸੁਖਦਾਤਾ ਗੁਰਮੁਖਿ ਅੰਮ੍ਰਿਤੁ ਪੀਵਾਂ ॥
ਹਰਿ ਆਪੇ ਸਰਧਾ ਲਾਇ ਮਿਲਾਏ ਹਰਿ ਆਪੇ ਆਪਿ ਸਵਾਰੇ ॥
ਹੰਉ ਵਾਰੀ ਹੰਉ ਵਾਰੀ ਗੁਰਸਿਖ ਮੀਤ ਪਿਆਰੇ ॥੩॥
ਹਰਿ ਆਪੇ ਹਰਿ ਆਪੇ ਪੁਰਖੁ ਨਿਰੰਜਨੁ ਸੋਈ ਰਾਮ ॥
ਹਰਿ ਆਪੇ ਹਰਿ ਆਪੇ ਮੇਲੈ ਕਰੈ ਸੋ ਹੋਈ ਰਾਮ ॥
ਜੋ ਹਰਿ ਪ੍ਰਭ ਭਾਵੈ ਸੋਈ ਹੋਵੈ ਅਵਰੁ ਨ ਕਰਣਾ ਜਾਈ ॥
ਬਹੁਤੁ ਸਿਆਣਪ ਲਇਆ ਨ ਜਾਈ ਕਰਿ ਥਾਕੇ ਸਭਿ ਚਤੁਰਾਈ ॥
ਗੁਰ ਪ੍ਰਸਾਦਿ ਜਨ ਨਾਨਕ ਦੇਖਿਆ ਮੈ ਹਰਿ ਬਿਨੁ ਅਵਰੁ ਨ ਕੋਈ ॥
ਹਰਿ ਆਪੇ ਹਰਿ ਆਪੇ ਪੁਰਖੁ ਨਿਰੰਜਨੁ ਸੋਈ ॥੪॥੨॥ (੫੭੨)

ਏਸ ਸ਼ਬਦ ਦੀ ਏਸ ਤੁਕ ਨੇ "**ਗੁਰਸਿਖ ਮੇਲਿ ਮੇਰੀ ਸਰਧਾ ਪੂਰੀ ॥**" (੫੭੩) ਦਾਸ ਦੇ ਹਿਰਦੇ 'ਤੇ ਇੱਕ ਅਣਿਆਲੇ ਤੀਰ ਦਾ ਅਸਰ ਕੀਤਾ। ਉਸ ਵੇਲੇ ਫੈਸਲਾ ਕਰ ਲਿਆ ਕਿ ਮਨਾਂ, ਛੱਡ ਦੇ ਸਾਰੀਆਂ ਕਾਲਜਾਂ ਤੇ ਕਮੇਟੀਆਂ ਨੂੰ ਚੱਲ ਪੂਰਨ ਗੁਰਸਿੱਖ ਸੰਤ ਅਤਰ ਸਿੰਘ ਜੀ ਮਹਾਰਾਜ ਦੀ ਸ਼ਰਨ ਵਿੱਚ। ਓਥੇ ਤੇਰੇ ਚਿੱਤ ਦੀ ਆਸ਼ਾ ਪੂਰੀ ਹੋਵੇਗੀ ਤੇ ਜਿਸ ਚੀਜ਼ ਦੀ ਤੈਨੂੰ ਤਾਂਘ ਹੈ, ਓਥੋਂ ਹੀ ਮਿਲੇਗੀ। ਓਸੇ ਦਿਨ ਅੰਮ੍ਰਿਤਸਰ ਸਾਹਿਬ ਤੋਂ ਦਾਸ ਲਾਹੌਰ ਪੁੱਜਾ ਅਤੇ ਡੇਰਾ ਸਾਹਿਬ ਦਰਸ਼ਨ ਕਰਨ ਲਈ ਗਿਆ। **ਸਤਿਸੰਗ ਵਿੱਚ ਉੱਥੇ ਇਹ ਠੋਕਰ ਵੱਜੀ ਕਿ ਜੇ ਕੁਟੰਬ ਵਿੱਚੋਂ ਇੱਕ ਵੀ ਮੋਹ ਤੋੜ ਕੇ ਨਿਕਲ ਜਾਵੇ ਤਾਂ ਸਭ ਦਾ ਭਲਾ ਕਰ ਸਕਦਾ ਹੈ, ਨਹੀਂ ਤਾਂ ਆਪ ਵੀ ਫਸਿਆ ਹੋਇਆ ਮਾਰ ਖਾਂਦਾ ਹੈ ਅਤੇ ਦੂਜੇ ਵੀ ਮੋਹ ਦੇ ਚਿੱਕੜ ਵਿੱਚ ਡੁੱਬੇ ਰਹਿੰਦੇ ਹਨ।**

ਇਹਨਾਂ ਖ਼ਿਆਲਾਂ ਵਿੱਚ ਮਸਤ ਦਾਸ ਗੁਜਰਾਂਵਾਲੇ ਪੁੱਜਾ। ਕਾਲਜ ਵਿੱਚ ਇਮਤਿਹਾਨ ਕਰਕੇ ਛੁੱਟੀਆਂ ਸਨ। ਚਿੱਤ ਵੀ ਬੜਾ ਉਪਰਾਮ ਸੀ ਅਤੇ ਸੰਤ ਜੀ ਮਹਾਰਾਜ ਦੇ ਦਰਸ਼ਨ ਦੀ ਖਿੱਚ ਵੀ ਦਿਨੋਂ-ਦਿਨ ਵੱਧ

ਰਹੀ ਸੀ। ਕੁਦਰਤੀ ਵਿਸਾਖੀ ਦਾ ਜੋੜ ਮੇਲਾ ਨੇੜੇ ਆ ਗਿਆ। ਸਕੱਤ੍ਰ ਸਾਹਿਬ ਨੂੰ ਅਰਜ਼ੀ ਦੇ ਗੱਡੀ ਚੜ੍ਹ, ਦਾਸ ਕੋਟਫੱਤੇ ਪੁੱਜਾ ਅਤੇ ਓਥੋਂ ਗੁਰੂ ਕਾਂਸ਼ੀ ਦਮਦਮੇ ਸਾਹਿਬ ਦਾ ਰਾਹ ਲਿਆ। ਜਦ ਓਥੇ ਪੁੱਜਾ ਤਾਂ ਨਾਨਕ ਸਰ ਸਾਹਿਬ ਦੀ ਬਾਹੀ ਵਲ ਇਕ ਮਟੀਲ ਤੇ ਬੈਠੇ ਸੰਤ, ਗੁਰੂਸਰ ਸਰੋਵਰ ਦੀ ਕਾਰ ਕਰਵਾਉਂਦੇ ਨਜ਼ਰ ਆਏ। ਹਜ਼ਾਰਾਂ ਸੰਗਤਾਂ ਉਹਨਾਂ ਦੀ ਆਗਿਆ ਵਿੱਚ ਏਸ ਮਟੀਲ ਦੀ ਜੜ੍ਹ ਤੋਂ ਮਿੱਟੀ ਚੁੱਕ, ਸਰੋਵਰ ਦੀ ਪ੍ਰਕਰਮਾਂ ਦੀ ਪਧਰਾਈ ਕਰ ਰਹੀਆਂ ਸਨ। ਦਾਸ ਸਿੱਧਾ ਉੱਥੇ ਪੁੱਜਾ ਅਤੇ ਸੰਤ ਜੀ ਮਹਾਰਾਜ ਨੂੰ ਨਮਸਕਾਰ ਕਰ, ਟੋਕਰੀ ਚੁੱਕ ਏਸ ਸੇਵਾ ਦੇ ਜੱਗ ਵਿੱਚ ਆਪਣਾ ਹਿੱਸਾ ਪਾਉਣ ਲਗ ਪਿਆ। ਥੋੜ੍ਹੇ ਚਿਰ ਮਗਰੋਂ ਸੰਤ ਜੀ ਮਹਾਰਾਜ ਨੇ ਆਪਣੇ ਪਾਸ ਬੁਲਾ ਭੇਜਿਆ ਅਤੇ ਬੜੇ ਪ੍ਰੇਮ ਨਾਲ ਆਖਿਆ, “ਭਾਈ ਤੇਜਾ ਸਿੰਘ, ਦਮਦਮੇ ਸਾਹਿਬ ਦਾ ਗੁਰਦੁਆਰਾ ਤਾਂ ਬਣ ਗਿਆ ਹੈ ਪਰ ਜਦ ਤੀਕ ਲੰਗਰ ਦਾ ਕੋਈ ਪੱਕਾ ਪ੍ਰਬੰਧ ਨਾ ਹੋਵੇ, ਗੁਰਦੁਆਰੇ ਬਨਣ ਦਾ ਪੂਰਾ ਲਾਭ ਨਹੀਂ। ਅਸਾਂ ਭਾਈ ਚਰਨਜੀਤ ਸਿੰਘ ਨੂੰ ਸਰਦਾਰ ਧਰਮ ਸਿੰਘ ਦੇ ਲਿਆਉਣ ਵਾਸਤੇ ਦਿੱਲੀ ਭੇਜਿਆ ਸੀ ਪਰ ਉਹ ਨਹੀਂ ਆਏ।” ਏਹ ਗੱਲ ਸੁਣ, ਦਾਸ ਨੇ ਹੱਥ ਜੋੜ ਬੇਨਤੀ ਕੀਤੀ ਕਿ ਸੱਚੇ ਪਾਤਿਸ਼ਾਹ ਸਰਦਾਰ ਨੂੰ ਦਾਸ ਏਥੇ ਬੈਠਿਆ ਹੀ ਹਜ਼ੂਰ ਦੇ ਚਰਨਾਂ ਵਿੱਚ ਹਾਜ਼ਰ ਕਰ ਸਕਦਾ ਹੈ। ਏਹ ਸੁਣ ਸੰਤ ਜੀ ਮਹਾਰਾਜ ਬੜੇ ਹੱਸੇ ਅਤੇ ਪੁੱਛਿਆ ਕਿ ਕਿਸ ਤਰ੍ਹਾਂ? ਫੇਰ ਦਾਸ ਨੇ ਬੇਨਤੀ ਕੀਤੀ ਕਿ “ਕਾਗਜ਼ ਕਲਮ ਬਖਸ਼ੋ, ਦਾਸ ਐਸੀ ਖਿੱਚ ਭਰੀ ਤਾਰ ਲਿਖੇਗਾ ਕਿ ਓਸ ਦੇ ਮਿਲਦੇ ਹੀ ਸਰਦਾਰ ਧਰਮ ਸਿੰਘ ਦਮਦਮੇ ਸਾਹਿਬ ਵੱਲ ਟੁਰ ਪੈਣਗੇ।” ਕਾਗਜ਼ ਕਲਮ ਦੁਆਤ ਆ ਗਈ, ਤਾਰ ਲਿਖੀ ਗਈ ਅਤੇ ਦਿੱਲੀ ਭੇਜੀ ਗਈ।

ਤੀਜੇ ਦਿਨ ਸਰਦਾਰ ਬਹਾਦਰ ਧਰਮ ਸਿੰਘ ਗੁਰੂ ਕਾਂਸ਼ੀ ਪੁੱਜ ਗਏ। ਓਸ ਵੇਲੇ ਪ੍ਰਕਰਮਾਂ ਦੀ ਸੇਵਾ ਸ਼ੁਰੂ ਸੀ। ਸੰਤ ਮਟੀਲ ਤੇ ਬੈਠੇ, ਸੰਗਤਾਂ ਪਾਸੋਂ ਕਾਰ ਕਰਾ ਰਹੇ ਸਨ। ਸਰਦਾਰ ਜੀ ਗੁਰਦੁਆਰੇ ਸਾਹਿਬ ਮੱਥਾ ਟੇਕ, ਸੇਵਾ ਵਿਚ ਹਾਜ਼ਰ ਹੋਏ। ਬੜੇ ਪ੍ਰੇਮ, ਉਤਸ਼ਾਹ ਨਿਮਰਤਾ ਵਿੱਚ ਘੰਟਾ ਕੁ ਟਹਿਲ ਕੀਤੀ। ਏਸ ਦੇ ਮਗਰੋਂ ਸੰਤ ਜੀ ਮਹਾਰਾਜ ਨੇ ਇਹਨਾਂ ਨੂੰ ਅਤੇ ਦਾਸ ਨੂੰ ਆਪਣੇ ਪਾਸ ਬੁਲਾ ਭੇਜਿਆ। ਗੁਜਰਾਂਵਾਲੇ ਤੋਂ ਮਾਸਟਰ ਛੈਹਬਰ ਸਿੰਘ ਵੀ ਸੰਤ ਜੀ ਮਹਾਰਾਜ ਪਾਸੋਂ, ਉਪਦੇਸ਼ਕ ਕਾਲਜ ਦੇ ਗੁਰਦੁਆਰੇ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਕਰਨ ਲਈ ਵਕਤ ਲੈਣ ਵਾਸਤੇ ਆਏ ਹੋਏ ਸਨ। ਇਹ ਵੀ ਸਰੋਵਰ ਦੀ ਕਾਰ ਵਿੱਚ ਲੱਗੇ ਹੋਏ ਸਨ। ਜਦ ਥੱਕ ਕੇ ਬੈਠ ਗਏ ਤਦ ਸੰਤ ਜੀ ਨੇ ਪਾਸ ਬੁਲਾ ਲਿਆ। ਪਹਿਲਾਂ ਸੰਤ ਜੀ ਮਹਾਰਾਜ ਨੇ ਸਰਦਾਰ ਧਰਮ ਸਿੰਘ ਜੀ ਵਲ ਨਿਗਾਹ ਕਰਕੇ ਏਹ ਸਾਖੀ ਸੁਣਾਈ:

“ਜਦੋਂ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਸਿੱਖ ਸੰਗਤਾਂ ਦੀ ਅਤੁਟ ਘਾਲਣਾ ਦੁਆਰਾ, ਤਰਨ ਤਾਰਨ ਸਾਹਿਬ ਲਈ ਇੱਟਾਂ ਦੇ ਪੰਜਾਵੇ ਪਕਾ ਚੁੱਕੇ ਤਦ ਇਕ ਜਰਵਾਨਾ ਨੂਰਦੀਨ ਜਬਰਦਸਤੀ ਇੱਟਾਂ ਲੈਣ ਵਾਸਤੇ ਆ ਗਿਆ। ਆਖਿਉ ਸੂ ਕਿ ਮੈਂ ਮੁਸਾਫਰਾਂ ਦੇ ਆਰਾਮ ਲਈ ਸਰਾਂ ਬਣਾਉਣੀ ਹੈ। ਜਦ ਇਹ ਇੱਟਾਂ ਚੁੱਕਣ ਲਗ ਪਿਆ ਤਦ ਸਿੱਖਾਂ ਨੇ ਗੁਰੂ ਅਰਜਨ ਦੇਵ ਜੀ ਮਹਾਰਾਜ ਅੱਗੇ ਬੇਨਤੀ ਕੀਤੀ, “ਸਚੇ ਪਾਤਿਸ਼ਾਹ, ਇਹਨੂੰ ਮੋੜਨ ਦਾ ਕੋਈ ਉਪਾਉ ਕਰਨਾ ਚਾਹੀਦਾ ਹੈ।” ਸ਼ਾਂਤੀ ਦੇ ਪੁੰਜ, ਸਰਬ ਕਲਾ ਸਮਰਥ, ਸਤਿਗੁਰੂ ਨੇ ਫੁਰਮਾਇਆ, “ਭਾਈ ਲੈ ਜਾਣ ਦਿਓ, ਇਕ ਦਿਨ ਸਾਡਾ ਇਕ ਸਿੱਖ ਪ੍ਰਗਟ ਹੋਵੇਗਾ, ਏਸ ਸਰਾਂ ਨੂੰ ਢਾਹ ਕੇ ਇਹ ਇੱਟਾਂ ਤਰਨ ਤਾਰਨ ਸਾਹਿਬ ਦੇ ਗੁਰਦੁਆਰੇ ਅਤੇ ਸਰੋਵਰ ਦੀ ਕਾਰ ਵਿੱਚ ਲਾਵੇਗਾ।” ਸਮਾਂ ਬੀਤ ਗਿਆ। ਦਸੇ ਪਾਤਸ਼ਾਹੀਆਂ ਆਪਣੀ ਆਪਣੀ ਜੋਤ ਜਗਾ ਆਪਣੇ ਆਪਣੇ ਸਮੇਂ ਦੀ ਕਾਰ ਕਰ ਗਈਆਂ। ਬਾਬਾ ਦੀਪ ਸਿੰਘ ਜੀ ਅਤੇ ਭਾਈ ਮਨੀ ਸਿੰਘ ਜੀ ਆਦਿਕ ਅਨੇਕਾਂ ਸੂਰਬੀਰਾਂ ਅਤੇ ਨਾਮ ਰਸੀਏ, ਸਿੰਘ ਸਿੰਘਣੀਆਂ ਗੁਰੂ ਖਾਲਸੇ ਦੀ ਪਰਉਪਕਾਰੀ ਕਾਰ ਕਰਨ ਲਈ ਸ਼ਹੀਦ ਹੋਏ। ਮਿਸਲਾਂ

ਦਾ ਦੌਰ ਹੋਇਆ। ਫੇਰ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਲਾਹੌਰ ਦੀ ਗੱਦੀ 'ਤੇ ਬਿਰਾਜਮਾਨ ਹੋਏ। ਇੱਕ ਦਿਨ ਇਹ ਤਰਨਤਾਰਨ ਸਾਹਿਬ ਦੇ ਕੋਲ ਇੱਕ ਜੂਹ ਵਿੱਚ ਸ਼ਿਕਾਰ ਖੇਡਣ ਆਏ ਅਤੇ ਇੱਕ ਮਹਾਂਪੁਰਸ਼ ਬਾਬਾ ਕੁਮਾਂ ਸਿੰਘ ਨੇ ਇਹਨਾਂ ਵੱਲ ਧਿਆਨ ਕਰਕੇ, ਬੜੇ ਪ੍ਰੇਮ ਨਾਲ ਗੁਰੂ ਅਰਜਨ ਸਾਹਿਬ ਜੀ ਦੇ ਬਚਨ ਸੁਣਾਏ ਅਤੇ ਆਖਿਆ, "ਮਹਾਰਾਜਾ! ਜਿਸ ਸਿੰਘ ਦੀ ਬਾਬਤ ਗੁਰੂ ਸਾਹਿਬ ਜੀ ਨੇ ਫੁਰਮਾਇਆ ਸੀ, ਉਹ ਸਾਨੂੰ ਤੁਸੀਂ ਜਾਪਦੇ ਹੋ। ਸਤਿਗੁਰੂ ਸੱਚੇ ਪਾਤਸ਼ਾਹ ਦਾ ਬਚਨ ਪੂਰਾ ਕਰੋ ਅਤੇ ਸਰਾਂ ਦੀਆਂ ਇਟਾਂ ਲਿਆ ਕੇ ਤਰਨਤਾਰਨ ਸਾਹਿਬ ਦੀ ਕਾਰ ਕਰਾਉ।" ਮਹਾਰਾਜਾ ਰਣਜੀਤ ਸਿੰਘ ਜੀ ਨੇ ਹੱਥ ਜੋੜ ਕੇ ਆਖਿਆ, 'ਸਤਿ ਬਚਨ।' "ਸੋ, ਭਾਈ ਧਰਮ ਸਿੰਘ! ਜਿਸ ਸਿੰਘ ਨੇ ਗੁਰੂ ਕਾਂਸ਼ੀ ਦਮਦਮੇ ਸਾਹਿਬ ਦੇ ਲੰਗਰ ਦਾ ਪੱਕਾ ਪ੍ਰਬੰਧ ਕਰਨਾ ਹੈ, ਉਹ ਤੁਸੀਂ ਹੀ ਨਜ਼ਰ ਆਉਂਦੇ ਹੋ।"

ਇਹ ਬਚਨ ਸੁਣ ਕੇ ਸਰਦਾਰ ਧਰਮ ਸਿੰਘ ਨੇ ਆਪਣਾ ਸਿਰ ਨੀਵਾਂ ਕਰ ਲਿਆ ਅਤੇ ਆਖਿਆ, 'ਦਾਸ ਹਾਜ਼ਰ ਹੈ।'

## ਫ਼ਕੀਰੀ; ਫਫਾ ਫ਼ਨਾਹ, ਕਕਾ ਕਿਨਾਰੇ, ਰਾਰਾ ਰਹਿਮ ਦਿਲ

ਏਸ ਦੇ ਮਗਰੋਂ ਮਾਸਟਰ ਛਹਿਬਰ ਸਿੰਘ ਨੇ ਬੇਨਤੀ ਕੀਤੀ, "ਮਹਾਰਾਜ ਜੀ! ਸਤਿਗੁਰੂ ਦੀ ਕਿਰਪਾ ਅਤੇ ਆਪ ਜੀ ਦੀ ਮਿਹਰ ਨਾਲ ਉਪਦੇਸ਼ਕ ਕਾਲਜ ਦਾ ਗੁਰਦੁਆਰਾ ਸਿਰੇ ਚੜ੍ਹ ਗਿਆ ਹੈ। ਸਾਧ-ਸੰਗਤ ਦੀ ਇਹ ਬੇਨਤੀ ਹੈ ਕਿ ਆਪ ਉੱਥੇ ਚੱਲ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰੋ। ਦਾਸ ਇਸ ਕਾਰਜ ਲਈ ਆਪ ਦੀ ਸੇਵਾ ਵਿੱਚ ਹਾਜ਼ਰ ਹੋਇਆ ਹੈ।" ਸੰਤ ਜੀ ਮਹਾਰਾਜ ਨੇ ਆਖਿਆ, "ਭਾਈ! ਛਹਿਬਰ ਸਿੰਘ, ਅਸੀਂ ਨਹੀਂ ਜਾ ਸਕਦੇ, ਤੁਸੀਂ ਭਾਈ ਤੇਜਾ ਸਿੰਘ ਨੂੰ ਲੈ ਜਾਵੋ। ਇਹ ਸਾਡਾ ਹੀ ਰੂਪ ਹਨ, ਪ੍ਰਕਾਸ਼ ਕਰ ਆਉਣਗੇ।" ਏਹ ਬਚਨ ਸੁਣ, ਮਾਸਟਰ ਛਹਿਬਰ ਸਿੰਘ ਬੜਾ ਹੀ ਜ਼ੋਰ ਦਿੱਤਾ ਪਰ ਸੰਤ ਜੀ ਨੇ ਨਾ ਮੰਨਿਆ। ਕੋਲ ਬੈਠੇ ਦੋ ਪ੍ਰੇਮੀਆਂ ਨੇ ਵੀ ਆਖਿਆ ਕਿ ਮਾਸਟਰ ਜੀ, ਸੰਤਾਂ ਨੂੰ ਤੰਗ ਨਾ ਕਰੋ। ਏਸ ਦੇ ਮਗਰੋਂ ਦਾਸ ਨੇ ਸੰਤ ਜੀ ਮਹਾਰਾਜ ਦੀ ਸੇਵਾ ਵਿੱਚ ਬੇਨਤੀ ਕੀਤੀ, "ਸੱਚੇ ਪਾਤਸ਼ਾਹ! ਚਿੱਤ ਬਹੁਤ ਉਪਰਾਮ ਹੈ। ਹਜ਼ੂਰ ਹੁਣ ਦਾਸ ਨੂੰ ਆਪਣੇ ਚਰਨਾਂ ਵਿੱਚ ਹੀ ਰੱਖੋ।" ਸੰਤ ਜੀ ਮਹਾਰਾਜ ਨੇ ਦਾਸ ਵੱਲ ਨਿਗਾਹ ਕਰਕੇ ਫੁਰਮਾਇਆ, "**ਭਾਈ! ਫ਼ਕੀਰੀ ਦੇ ਤਿੰਨ ਅੱਖਰ ਹਨ, ਫਫਾ ਫ਼ਨਾਹ, ਕਕਾ ਕਿਨਾਰੇ, ਰਾਰਾ ਰਹਿਮ ਦਿਲ। ਜੇ ਇਹ ਧਾਰਨ ਕਰਨੇ ਹਨ, ਤਾਂ ਏਧਰ ਆ ਜਾਓ, ਨਹੀ ਤਾਂ ਜਿੱਥੇ ਹੋ ਉੱਥੇ ਹੀ ਟਿਕੇ ਰਹੋ।**" ਦਾਸ ਨੇ ਹੱਥ ਜੋੜ ਬੇਨਤੀ ਕੀਤੀ ਸੱਚੇ ਪਾਤਸ਼ਾਹ, ਸਤਿ ਬਚਨ। ਏਸ ਦੇ ਮਗਰੋਂ ਸਰਦਾਰ ਧਰਮ ਸਿੰਘ ਨੇ ਬੇਨਤੀ ਕੀਤੀ ਕਿ ਐਤਕੀਂ ਗਰਮੀਆਂ ਵਿੱਚ ਹਜ਼ੂਰ ਕਸ਼ਮੀਰ ਚੱਲੋ। ਓਥੇ ਦਾਸ ਦੀ ਚਸ਼ਮਾ ਸ਼ਾਹੀ ਦੇ ਨੇੜੇ ਇਕ ਕੁਟੀਆ ਹੈ। ਸਫ਼ਰ ਦਾ ਅਤੇ ਉੱਥੇ ਰਹਿਣ ਦਾ ਸਾਰਾ ਪ੍ਰਬੰਧ ਸੇਵਕ ਵੱਲੋਂ ਹੋਵੇਗਾ। ਓਥੇ ਹੀ ਬੈਠ ਕੇ ਇਹ ਗੁਰਮਤਾ ਪੱਕਾ ਕੀਤਾ ਜਾਵੇਗਾ ਕਿ ਦਮਦਮੇ ਸਾਹਿਬ ਦੇ ਪ੍ਰਬੰਧ ਹਿੱਤ, ਏਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਪਾਈ ਵਾਸਤੇ ਛਾਪਾਖਾਨਾ ਖੋਲ੍ਹਿਆ ਜਾਵੇ ਜਾਂ ਕੋਈ ਹੋਰ ਜੁਗਤ ਵਰਤੀ ਜਾਵੇ। ਸਰਦਾਰ ਬਹਾਦਰ ਦੀ ਏਹ ਬੇਨਤੀ ਪ੍ਰਵਾਨ ਹੋਈ ਅਤੇ ਫੈਸਲਾ ਹੋਇਆ ਕਿ ਸੰਤ ਜੰਮੂ ਦੇ ਰਸਤੇ ਸ੍ਰੀਨਗਰ ਜਾਣਗੇ।

ਸਹਿਜ-ਸੁਭਾਏ ਏਸ ਦੇ ਨਾਲ ਹੀ ਮਾਸਟਰ ਛਹਿਬਰ ਸਿੰਘ ਦੀ ਬੇਨਤੀ ਕਬੂਲ ਹੋ ਗਈ। ਸੰਤ ਜੀ ਮਹਾਰਾਜ ਨੇ ਫੁਰਮਾਇਆ ਕਿ ਜੰਮੂ ਜਾਂਦਿਆਂ ਹੋਇਆਂ, ਗੁਜਰਾਂਵਾਲੇ ਉੱਤਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਟਹਿਲ ਵਿੱਚ ਹਾਜ਼ਰ ਹੋ ਜਾਵਾਂਗੇ। ਦਾਸ ਨੂੰ ਵੀ ਹੁਕਮ ਹੋਇਆ ਕਿ ਤੁਸੀਂ ਓਸੇ ਸਮੇਂ ਗੁਰੂ ਨਾਨਕ ਖ਼ਾਲਸਾ ਕਾਲਜ ਦੀ ਨੌਕਰੀ ਛੱਡ ਦੇਣਾ ਤੇ ਸਾਡੇ ਨਾਲ ਸੇਵਾ ਵਿੱਚ ਹਾਜ਼ਰ ਹੋ ਜਾਣਾ।

ਹੁਣ ਕਸ਼ਮੀਰ ਵਲ ਟੁਰਨ ਦਾ ਦਿਨ ਤੇ ਮਹੀਨਾ ਨੀਯਤ ਹੋ ਗਿਆ ਅਤੇ ਦਾਸ ਨੂੰ ਹੁਕਮ ਹੋਇਆ ਕਿ ਦਿੱਲੀ ਤੋਂ ਸ: ਧਰਮ ਸਿੰਘ ਦੀ ਮੋਟਰ ਲਿਆ ਕੇ ਸੰਤ ਜੀ ਮਹਾਰਾਜ ਨੂੰ ਦਮਦਮੇ ਸਾਹਿਬ ਤੋਂ ਲੈ ਜਾਵੋ। ਏਸ ਦੇ ਮਗਰੋਂ ਲੰਗਰ ਦਾ ਨਗਾਰਾ ਵੱਜ ਗਿਆ ਤੇ ਸਾਰੇ ਛਕਣ ਲਈ ਲੰਗਰ ਵਲ ਟੁਰ ਪਏ। ਦਾਸ ਵੀ ਸੰਤ ਜੀ ਮਹਾਰਾਜ ਦੇ ਮਗਰ ਹੋ ਟੁਰਿਆ। ਦਾਸ ਨੂੰ ਨੰਗੇ ਪੈਰੀਂ ਦੇਖ ਕੇ ਭਾਈ ਰਾਮ ਸਿੰਘ ਗੜਵਈ ਨੂੰ ਸੰਤ ਜੀ ਮਹਾਰਾਜ ਨੇ ਆਖਿਆ ਕਿ ਭਾਈ, ਸਾਡੀ ਜੁੱਤੀ ਜਿਹੜੀ ਤੁਹਾਡੇ ਪਾਸ ਜਮਾਂ ਪਈ ਹੈ, ਤੇਜਾ ਸਿੰਘ ਨੂੰ ਦੇ ਦਿਓ। ਜਦ ਇਹ ਲੈ ਦੇ ਦਾਸ ਸੰਤ ਜੀ ਮਹਾਰਾਜ ਦੇ ਕਮਰੇ ਵਿੱਚ ਆਇਆ ਤਦ ਸੰਤ ਜੀ ਮਹਾਰਾਜ ਪ੍ਰਸ਼ਾਦ ਛਕ ਰਹੇ ਸਨ। ਮੱਥਾ ਟੇਕ ਕੇ ਜਦੋਂ ਦਾਸ ਚਰਨਾਂ ਵਿਚ ਬੈਠਣ ਲੱਗਾ ਤਦ ਸੰਤ ਜੀ ਮਹਾਰਾਜ ਨੇ ਦਾਸ ਦੀ ਬਾਂਹ ਆਪਣੇ ਹੱਥ ਵਿਚ ਫੜ੍ਹ ਲਈ ਅਤੇ ਆਖਿਆ, "ਭਾਈ ਹੁਣ ਤੁਸੀਂ ਸਾਡੇ ਨਾਲ ਹੀ ਕਸ਼ਮੀਰ ਚਲਣਾ।" ਦਾਸ ਨੇ ਆਖਿਆ, 'ਸਤਿ ਬਚਨ।'

# ਕਾਂਡ ੨੨

**ਸਾਰਗ ਮਹਲਾ ੫ ॥**

**ਠਾਕੁਰ ਤੁਮ੍ ਸਰਣਾਈ ਆਇਆ ॥**
**ਉਤਰਿ ਗਇਓ ਮੇਰੇ ਮਨ ਕਾ ਸੰਸਾ ਜਬ ਤੇ ਦਰਸਨੁ ਪਾਇਆ ॥੧॥ ਰਹਾਉ ॥**
**ਅਨਬੋਲਤ ਮੇਰੀ ਬਿਰਥਾ ਜਾਨੀ ਅਪਨਾ ਨਾਮੁ ਜਪਾਇਆ ॥**
**ਦੁਖ ਨਾਠੇ ਸੁਖ ਸਹਜਿ ਸਮਾਏ ਅਨਦ ਅਨਦ ਗੁਣ ਗਾਇਆ ॥੧॥**
**ਬਾਹ ਪਕਰਿ ਕਢਿ ਲੀਨੇ ਅਪੁਨੇ ਗ੍ਰਿਹ ਅੰਧ ਕੂਪ ਤੇ ਮਾਇਆ ॥**
**ਕਹੁ ਨਾਨਕ ਗੁਰਿ ਬੰਧਨ ਕਾਟੇ ਬਿਛੁਰਤ ਆਨਿ ਮਿਲਾਇਆ ॥੨॥੫੧॥੭੪॥ (੧੨੧੮)**

ਦਮਦਮੇ ਸਾਹਿਬ ਗੁਰੂ ਕਾਂਸ਼ੀ ਦੇ ਗੁਰਮਤੇ ਤੋਂ ਦੂਸਰੇ ਦਿਨ ਮਾਸਟਰ ਛਹਿਬਰ ਸਿੰਘ ਤੇ ਦਾਸ ਗੁਜਰਾਂਵਾਲੇ ਵੱਲ ਟੁਰ ਪਏ ਤੇ ਓਥੇ ਆ ਆਪਣੇ-ਆਪਣੇ ਕੰਮ 'ਤੇ ਲੱਗ ਪਏ। ਕਾਲਜ ਦੀ ਪੜ੍ਹਾਈ ਦੇ ਮਗਰੋਂ ਗੁਰਦੁਆਰੇ ਸਾਹਿਬ ਦੀ ਤਿਆਰੀ ਦਾ ਕੰਮ ਤੇ ਜੋ-ਜੋ ਸੇਵਾ ਹੁੰਦੀ ਕਰਦੇ ਤਾਂ ਕਿ ਸੰਤ ਜੀ ਮਹਾਰਾਜ ਦੇ ਆਉਣ ਤੀਕਰ ਸਾਰੇ ਕੰਮ ਪੂਰੇ ਹੋ ਜਾਣ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਸੁੰਦਰ ਤੇ ਸ਼ੋਭਨੀਕ ਅਸਥਾਨ ਵਿੱਚ ਪੂਰੇ ਪ੍ਰੇਮ, ਉਤਸ਼ਾਹ ਅਤੇ ਮਰਯਾਦਾ ਪੂਰਬਕ ਹੋਵੇ।

ਜਦ ਸੰਤ ੧੯੨੩ ਈਸਵੀ (੧੯੮੦ ਬਿਕ੍ਰਮੀ) ਵਿੱਚ ਦਾਸ ਗੁਰੂਸਾਗਰ ਸਾਹਿਬ ਤੋਂ ਵਿਦਾ ਹੋ ਕੇ ਗੁਜਰਾਂਵਾਲੇ ਆਇਆ ਸੀ, **ਓਦੋਂ ਸੰਤ ਜੀ ਮਹਾਰਾਜ ਨੇ ਇਸ਼ਾਰਾ ਕਰ ਦਿੱਤਾ ਸੀ ਕਿ ਜਦ ਬੰਦੇ ਦੀ ਉਮਰ ੫੦ ਸਾਲ ਦੀ ਹੋ ਜਾਵੇ ਅਤੇ ਲੜਕਾ ਜਵਾਨ ਹੋ ਜਾਵੇ ਤਾਂ ਓਸ ਨੂੰ ਚਾਹੀਦਾ ਹੈ ਕਿ ਉਹ ਘਰ ਦਾ ਕੰਮ ਆਪਣੇ ਲੜਕੇ ਦੇ ਸਪੁਰਦ ਕਰ ਕੇ ਸੁਤੰਤਰ ਹੋ ਜਾਵੇ ਅਤੇ ਸਤਿਗੁਰੂ ਦੀ ਸੇਵਾ ਵਿੱਚ ਲੱਗ ਪਵੇ।**

ਹੁਣ ਜਦ ਦਾ ੧੯੨੩ ਈਸਵੀ ਦੇ ਸ਼ੁਰੂ ਤੋਂ ਦਾਸ ਦਾ ਚਿੱਤ ਉਪਰਾਮ ਹੋਣ ਲੱਗਾ ਤਦ ਮਹਾਂਪੁਰਖਾਂ ਦਾ ਇਹ ਬਚਨ ਸਾਹਮਣੇ ਆ ਗਿਆ। ਇਹਨਾਂ ਦਿਨਾਂ ਵਿੱਚ ਹੀ ਸਾਧ-ਸੰਗਤ ਕਸ਼ਮੀਰ ਨੇ ਸੱਦ ਭੇਜਿਆ। ਓਥੇ ਸ. ਗੁਲਾਬ ਸਿੰਘ ਠੇਕੇਦਾਰ ਨੇ ਬੜਾ ਪ੍ਰੇਮ ਨਾਲ ਪ੍ਰਸ਼ਾਦ ਛਕਾਇਆ। ਪ੍ਰਸ਼ਾਦ ਛਕਣ ਦੇ ਮਗਰੋਂ ਸ. ਗੁਲਾਬ ਸਿੰਘ ਨਾਲ ਗੁਰੂ ਘਰ ਦੀ ਸੇਵਾ 'ਤੇ ਵਿਚਾਰ ਹੋਣ ਲੱਗ ਪਈ। ਇਹ ਬੜੇ ਗੁਰਮੁਖ ਤੇ ਸੱਜਣ ਪੁਰਖ ਸਨ। ਦਾਸ ਨੇ ਆਪਣਾ ਦਿਲ ਖੋਲ੍ਹ ਕੇ ਇਹਨਾਂ ਦੇ ਅੱਗੇ ਰੱਖ ਦਿੱਤਾ। ਉਹਨਾਂ ਨੇ ਬੜੇ ਅਦਬ, ਸਤਿਕਾਰ ਤੇ ਪੂਰਨ ਉਤਸ਼ਾਹ ਨਾਲ ਆਖਿਆ, "ਤੁਸੀਂ ਭੁਝੰਗੀ ਨੂੰ ਮੇਰੇ ਸਪੁਰਦ ਕਰ ਦਿਓ, ਮੈਂ ੭੫ ਰੁਪਏ ਮਹੀਨਾ ਦਿਆਂਗਾ ਤੇ ਜਦੋਂ ਕੰਮ ਸਿੱਖ ਜਾਵੇਗਾ, ਠੇਕੇ ਵਿੱਚ ਵੀ ਪੱਤੀ ਰਲਾ ਦਿਆਂਗਾ।" ਓਸੇ ਵੇਲੇ ਇਹ ਗੁਰਮਤਾ ਆਪਸ ਵਿੱਚ ਪੱਕਾ ਹੋ ਗਿਆ। ਗੁਜਰਾਂਵਾਲੇ ਮੁੜ ਕੇ ਆਉਦਿਆਂ ਹੀ ਭੁਝੰਗੀ ਮੁਕੰਦ ਸਿੰਘ ਨੂੰ ਚਿੱਠੀ ਦੇ ਕੇ ਸ. ਗੁਲਾਬ ਸਿੰਘ ਪਾਸ ਸ੍ਰੀ ਨਗਰ ਭੇਜ ਦਿੱਤਾ ਤੇ ਉਹਨਾਂ ਨੇ ਜਾਂਦਿਆਂ ਹੀ ਕੰਮ 'ਤੇ ਲਾ ਦਿੱਤਾ। ਓਥੇ ਗਿਆਂ ਮਹੀਨਾ ਵੀ ਨਹੀਂ ਸੀ ਹੋਇਆ ਕਿ ਇੱਕ ਸ਼ਾਮ, ਦਾਸ ਨੇ ਆਪਣੀ ਧਰਮ ਪਤਨੀ ਨੂੰ ਆਖਿਆ ਕਿ ਤੇਰਾ ਲਾਡਲਾ ਮੁੰਡਾ ਪੂਰੀਆਂ ਪਾ ਕੇ ਮੁੜਿਆ ਆਉਂਦਾ ਹੈ। ਪ੍ਰਸ਼ਾਦ ਛਕ ਕੇ ਨੌਂ

ਵਜੇ ਸਾਰੇ ਬਿਰਾਜਮਾਨ ਹੋ ਗਏ ਤੇ ਰਾਤ ਦੇ ਇਕ ਵਜੇ ਭੁਝੰਗੀ ਨੇ ਬੂਹਾ ਖੜਕਾਇਆ, "ਮਾਤਾ ਜੀ! ਬੂਹਾ ਖੋਹਲੋ ਜੀ।" ਬੂਹਾ ਖੁਲ੍ਹ ਗਿਆ, ਦਾਸ ਵੀ ਜਾਗ ਪਿਆ, ਪ੍ਰੇਮੀ ਆ ਹਾਜ਼ਰ ਹੋ ਗਿਆ। ਦਾਸ ਨੇ ਭੁਝੰਗੀ ਨੂੰ ਪੁੱਛਿਆ ਕਿ ਭਲਿਆ ਲੋਕਾ, ਏਨੀ ਛੇਤੀ ਕਿਉਂ ਮੁੜ ਆਇਆ ਹੈ ? ਨਾ ਕੋਈ ਚਿੱਠੀ ਨਾ ਕੋਈ ਪੱਤਰ, ਘਟ ਤੋਂ ਘਟ ਆਗਿਆ ਤਾਂ ਲੈ ਲੈਣੀ ਸੀ। ਕਹਿਣ ਲਗਾ, "ਜੀ ਬੁਖਾਰ ਚੜ੍ਹਣ ਲੱਗਾ ਪਿਆ ਸੀ?" ਦਾਸ ਨੇ ਆਖਿਆ, "ਪ੍ਰੇਮੀਆਂ ਜੇ ਬੁਖਾਰ ਨਾਲ ਮਰਨਾ ਸੀ, ਤਾਂ ਮੌਤ ਏਥੇ ਵੀ ਆ ਸਕਦੀ ਹੈ। ਭੱਜ ਕੇ ਨਹੀਂ ਸੀ ਆਉਣਾ?"

ਚਿਤ ਵਿਚ ਇਹ ਤਾਂਘ ਲਗੀ ਹੋਈ ਸੀ ਕਿ ਭੁਝੰਗੀ ਤਕੜਾ ਹੈ ਤੇ ਆਪਣਾ ਪਹਿਰਾ ਸੰਭਾਲ ਲਵੇ ਤੇ ਦਾਸ ਸੁਤੰਤਰ ਹੋ ਕੇ ਸਤਿਗੁਰੂ ਦੀ ਕਾਰ ਵਿਚ ਲਗ ਜਾਵੇ। ਭਾਵੇਂ ਸ. ਗੁਲਾਬ ਸਿੰਘ ਦੇ ਪਾਸੋਂ ਮੁੜਨ ਤੇ ਚਿਤ ਨੂੰ ਠੋਕਰ ਲੱਗੀ ਸੀ, ਪਰ ਸੰਤ ਜੀ ਮਹਾਰਾਜ ਦਾ ਹੁਕਮ ਪੂਰਾ ਕਰਨ ਹਿਤ, ਭੁਝੰਗੀ ਨੂੰ ਫੇਰ ਸ. ਧਰਮ ਸਿੰਘ ਪਾਸ ਦਿੱਲੀ ਭੇਜ ਦਿਤਾ। ਇਹਨਾਂ ਨੇ ਇਸ ਨੂੰ ਬਰੇਲੀ (ਧੌਲਪੁਰ ਰਿਆਸਤ) ਪੱਥਰ ਦੀ ਕਾਨ ਵਿੱਚ ਕੰਮ ਤੇ ਲਾ ਦਿੱਤਾ ਤੇ ਸਾਨੂੰ ਲਿਖ ਭੇਜਿਆ ਕਿ ਜਿਸ ਤਰ੍ਹਾਂ ਦਾ ਇਹ ਕੰਮ ਕਰੇਗਾ, ਓਨੀ ਹੀ ਇਸ ਦੀ ਤਨਖਾਹ ਨੀਯਤ ਕੀਤੀ ਜਾਵੇਗੀ। ਪਰ ਇਹ ਰੱਬ ਦਾ ਬੰਦਾ ਥੋੜ੍ਹੇ ਦਿਨਾਂ ਵਿੱਚ ਹੀ ਗਰਮੀ ਤੋਂ ਡਰਦਾ ਮਾਰਿਆ ਗੁਜਰਾਂਵਾਲੇ ਮੁੜ ਆਇਆ।

ਜਿਸ ਵੇਲੇ ਕੁਟੀਆ ਵਿਚ ਪਹੁੰਚਿਆ ਦੁਪਹਿਰ ਦਾ ਸਮਾਂ ਸੀ। ਕਾਲਜ ਦੀ ਪੜ੍ਹਾਈ ਦੇ ਮਗਰੋਂ ਦਾਸ ਆਰਾਮ ਕਰਨ ਲੱਗਾ ਹੀ ਸੀ ਕਿ ਇਹ ਮੇਰੇ ਕਮਰੇ ਵਿੱਚ ਆਪਣੀ ਮਾਤਾ ਸਮੇਤ ਆ ਗਿਆ। ਚਿੱਤ ਵਿੱਚ ਬੜਾ ਹੀ ਗੁੱਸਾ ਆਇਆ ਤੇ ਆਖਿਆ, "ਭਾਈ, ਹੁਣੇ ਹੀ ਕਿਧਰੇ ਚਲਾ ਜਾ ਤੇ ਆਪਣੀ ਕਿਰਤ ਕਰਕੇ ਆਪਣੇ ਪੈਰਾਂ ਤੇ ਖਲੋਣਾ ਸਿਖ।" ਦਾਸ ਦੀ ਝਾੜ ਸੁਣ ਕੇ ਇਸ ਦੀ ਮਾਤਾ ਨੇ ਆਖਿਆ, "ਜੇ ਮੈ ਸੰਤਾਂ ਦੀ ਪੁੱਤ ਹੁੰਦੀ ਤਾਂ ਹੁਣੇ ਟੁਰ ਜਾਂਦੀ ਤੇ ਕੋਈ ਕੰਮ ਕਰ ਲੈਂਦੀ।" ਇਹ ਬਚਨ ਸੁਣ ਦਾਸ ਨੂੰ ਖਿਆਲ ਆਇਆ ਕਿ ਹੁਣ ਕੰਮ ਬਣ ਜਾਵੇਗਾ ਅਤੇ ਭੁਝੰਗੀ ਕਿਧਰੇ ਨ ਕਿਧਰੇ ਜਾ ਕੇ ਕਾਰੇ ਲੱਗ ਜਾਵੇਗਾ। ਮਾਤਾ ਦੇ ਝੂਠੇ ਮੋਹ ਕਰਕੇ ਹੀ ਮੁੜ ਮੁੜ ਕੇ ਆਉਂਦਾ ਹੈ। ਦੂਜੇ ਦਿਨ ਦਾਸ ਆਪਣੀ ਪੜ੍ਹਾਈ ਦਾ ਕੰਮ ਕਰਕੇ ਕਾਲਜ ਦੇ ਦਫਤਰ ਵਿੱਚ ਬੈਠਾ ਸੀ ਕਿ ਭੁਝੰਗੀ ਮੁਕੰਦ ਸਿੰਘ ਇਕ ਅਖਬਾਰ ਫੜ੍ਹੀ ਓਥੇ ਆ ਗਿਆ ਤੇ ਕਹਿਣ ਲੱਗਾ ਕਿ ਸ. ਗੁਰਬਖਸ਼ ਸਿੰਘ ਵਕੀਲ ਦੇ ਪੁੱਤਰ ਦੇ ਸਪੋਰਟਸ ਦੇ ਕਾਰਖਾਨੇ ਵਿਚ ਇੱਕ ੨੫) ਰੁਪਏ ਦੇ ਕਲਰਕ ਦੀ ਲੋੜ ਹੈ। ਮੈਨੂੰ ਤੁਸੀਂ ਆਪਣੀ ਚਿੱਠੀ ਦੇ ਦਿਓ। ਦਾਸ ਨੇ ਆਖਿਆ ਕਿ ਸ. ਗੁਰਬਖਸ਼ ਸਿੰਘ ਤੁਹਾਡੀ ਮਾਤਾ ਜੀ ਨੂੰ ਵੀ ਜਾਣਦੇ ਹਨ, ਤੁਸੀਂ ਉਨ੍ਹਾਂ ਦੀ ਚਿੱਠੀ ਲੈ ਜਾਵੋ। ਚਿਤ ਵਿੱਚ ਇਹ ਖਿਆਲ ਸੀ ਕਿ ਤੀਜੀ ਵਾਰੀ ਭੁਝੰਗੀ ਨੂੰ ਚੰਗੀ ਤੇ ਪੱਕੀ ਨੌਕਰੀ ਵਿਚ ਤਾਂ ਲਾਈਏ ਜੇ ਇਹ ਪਹਿਲਾਂ ਆਪਣੇ ਪੈਰਾਂ ਤੇ ਟਿਕਣਾ ਸਿਖ ਜਾਏ, ਬਾਰ ਬਾਰ ਸਿਫਾਰਸ਼ ਕਰਕੇ ਗਵਾ ਦੇਣਾ ਠੀਕ ਨਹੀਂ। ਆਪਣੀ ਮਾਤਾ ਜੀ ਦੀ ਚਿੱਠੀ ਲੈ ਕੇ ਭੁਝੰਗੀ ਸਿਆਲਕੋਟ ਗਿਆ। ਗੁਰੂਸਾਗਰ ਸਾਹਿਬ ਮਸਤੂਆਣੇ ਦੀ ਪੜ੍ਹਾਈ ਦਾ ਸਦਕਾ ਇਹ ਯੂਨੀਵਰਸਿਟੀ ਦਾ ਗਿਆਨੀ ਦਾ ਇਮਤਿਹਾਨ ਪਾਸ ਕਰ ਚੁੱਕਾ ਸੀ। ਸ. ਗੁਰਬਖਸ਼ ਸਿੰਘ ਨੇ ਇਸ ਨੂੰ ਕਲਰਕੀ ਤੇ ਲਾਉਣਾ ਵਾਜਬ ਨਾ ਸਮਝਿਆ। ਸਕੂਲ ਵਿੱਚ ੩● ਰੁਪਏ ਮਾਹਵਾਰ ਵਾਲੀ ਗਿਆਨੀ ਦੀ ਜਗ੍ਹਾ ਖਾਲੀ ਸੀ, ਓਥੇ ਲਾ ਦਿੱਤਾ। ਥੋੜ੍ਹੇ ਦਿਨਾਂ ਮਗਰੋਂ ਬੋਰਡਿੰਗ ਹਾਉਸ ਦਾ ਸੁਪਰਟੈਂਡੇਟ ਬਣਾ ਦਿੱਤਾ ਅਤੇ ੧● ਰੁਪਏ ਅਲਾਊਂਸ ਦੇ ਦਿੱਤਾ।

ਬੋਰਡਿੰਗ ਹਾਉਸ ਬਾਬੇ ਜੀ ਦੀ ਬੇਰ ਦੇ ਨਾਲ ਸੀ। ਭੁਝੰਗੀ ਨੂੰ ਦਾਸ ਨੇ ਉਸ ਦੇ ਪੁੱਛਣ ਤੇ ਪੱਕੀ ਕੀਤੀ ਸੀ ਕਿ ਨਿੱਤਨੇਮ ਗੁਰਦੁਆਰੇ ਸਾਹਿਬ ਸਵੇਰ ਸ਼ਾਮ ਹਾਜ਼ਰੀ ਭਰ ਕੇ ਚਰਨ ਧੂੜ ਲਿਆ ਕਰ। ਬਾਣੀ

ਦੇ ਪ੍ਰਤਾਪ ਤੇ ਚਰਨ ਧੂੜ ਦਾ ਸਦਕਾ ਭੁਝੰਗੀ ਦੇ ਦਿਲ ਦਾ ਸ਼ੀਸ਼ਾ ਕੁਝ ਸਾਫ ਹੋ ਗਿਆ ਸੀ। ਇਕ ਦਿਨ ਦਾਸ ਨੂੰ ਦਫ਼ਤਰ ਵਿੱਚ ਇਸ ਦੀ ਇੱਕ ਚਿੱਠੀ ਮਿਲੀ ਕਿ ਮੈਂ ਜਾਣ ਬੁਝ ਕੇ ਤੁਹਾਡੀ ਹੁਕਮ-ਅਦੂਲੀ ਕਰਦਾ ਰਿਹਾ ਹਾਂ। ਪਤਾ ਹੁੰਦਾ ਸੀ ਕਿ ਜੋ ਕੁੱਝ ਤੁਸੀਂ ਆਖਦੇ ਹੋ ਉਹ ਠੀਕ ਹੈ ਪਰ ਉਸ ਤੇ ਅਮਲ ਨਹੀਂ ਸੀ ਕਰਦਾ। ਤੁਸੀਂ ਮੈਨੂੰ ਮਾਫ਼ ਕਰ ਦਿਓ ਤੇ ਕੋਈ ਚੰਗੀ ਜਿਹੀ ਨੌਕਰੀ ਦਵਾ ਦਿਓ। ਮੈ ਆਪਣੀ ਤਨਖਾਹ ਵਿੱਚੋਂ ਮਾਤਾ ਜੀ ਤੇ ਭੈਣ ਦੀ ਸੇਵਾ ਕਰਾਂਗਾ। ਇਹ ਖ਼ਤ ਪੜ੍ਹਦੇ ਸਾਰ ਹੀ ਦਾਸ ਨੇ ਉਤਰ ਦੇ ਦਿੱਤਾ ਕਿ ਅਸੀਂ ਪਿੱਛਲੀ ਗੱਲ ਭੁਲਾ ਦਿੱਤੀ ਹੈ, ਪਰ ਸਾਡੀ ਖੁਸ਼ੀ ਤੁਹਾਨੂੰ ਉਸ ਦਿਨ ਹੀ ਮਿਲੇਗੀ ਜਿਸ ਦਿਨ ਤੁਸੀਂ ਸੰਤ ਅਤਰ ਸਿੰਘ ਜੀ ਮਹਾਰਾਜ ਦੀ ਸੇਵਾ ਵਿੱਚ ਲੱਗੋਗੇ। ਤੁਸੀਂ ਜਦ ਸਕੂਲ ਛੁੱਟੀਆਂ ਹੋਣ, ਸਾਡੇ ਪਾਸ ਆ ਜਾਣਾ। ਅਸੀਂ ਤੁਹਾਨੂੰ ਸੌ ਰੁਪਿਆ ਮਹਾਵਾਰ ਦਿਵਾ ਦੇਵਾਂਗੇ। ਪਰ ਤੁਸੀਂ ੫● ਰੁਪਏ ਮਾਹਵਾਰ ਆਪਣੀ ਮਾਤਾ ਤੇ ਉਸ ਦੀ ਬੱਚੀ ਦੀ ਸੇਵਾ ਵਾਸਤੇ ਹਰ ਮਹੀਨੇ ਹਾਜ਼ਰ ਕਰਨਾ। ਹਫਤੇ ਕੁ ਮਗਰੋਂ ਭੁਝੰਗੀ ਆ ਗਿਆ। ਅਸੀਂ ਉਹਨੂੰ ਆਪਣੇ ਨਾਲ ਮਿਸਟਰ ਵਾਦਨ (ਪ੍ਰਿੰਸੀਪਲ ਅੰਮ੍ਰਿਤਸਰ ਖਾਲਸਾ ਕਾਲਜ ਪਾਸ ਲੈ ਗਏ ਤੇ ਆਖਿਆ ਕਿ ਅਸੀਂ ਭੁਝੰਗੀ ਨੂੰ ਕਿਸੇ ਸਕੂਲ ਕਾਲਜ ਵਿੱਚ ਨਹੀਂ ਪੜ੍ਹਾਇਆ, ਖੁਦ ਘਰ ਹੀ ਪੜ੍ਹਾਈ ਕਰਾਉਂਦੇ ਰਹੇ ਹਾਂ। ਤੁਸੀਂ ਇਮਤਿਹਾਨ ਲੈ ਕੇ ਸਰਟੀਫੀਕੇਟ ਦੇ ਦਿਓ ਕਿ ਇਸ ਦੀ ਲਿਆਕਤ ਕਿੰਨੀ ਕੁ ਹੈ।)

ਮਿਸਟਰ ਵਾਦਨ ਨੇ ਬੜੇ ਪ੍ਰੇਮ ਨਾਲ ਲਿਖਾਈ ਪੜ੍ਹਾਈ ਦੀ ਬੜੀ ਗਹੁ ਨਾਲ ਪ੍ਰੀਖਿਆ ਕੀਤੀ ਤੇ ਸਰਟੀਫੀਕੇਟ ਦੇ ਦਿੱਤਾ ਕਿ ਇਸ ਭੁਝੰਗੀ ਦੀ ਅੰਗਰੇਜੀ ਦੀ ਲਿਆਕਤ ਬੀ. ਏ. ਦੇ ਬਰਾਬਰ ਹੈ।

ਇਹ ਸਰਟੀਫੀਕੇਟ ਤੇ ਭੁਝੰਗੀ ਨੂੰ ਨਾਲ ਲੈ ਕੇ ਦਾਸ ਸਿੱਧਾ ਆਪਣੇ ਮਿੱਤਰ ਲਾਲਾ ਹਰਕ੍ਰਿਸ਼ਨ ਲਾਲਾ ਪਾਸ ਭਾਰਤ ਇੰਸ਼ੋਰੈਂਸ ਕੰਪਨੀ ਦੇ ਦਫਤਰ ਵਿੱਚ ਗਿਆ ਤੇ ਓਥੇ ਉਹਨਾਂ ਨੂੰ ਮਿਲ ਕੇ ਸਿਧੇ ਅਤੇ ਪ੍ਰੇਮ ਭਰੇ ਬਚਨਾਂ ਵਿੱਚ ਆਖਿਆ ਕਿ ਇਕੋ ਜੁੰਡੀ ਦੇ ਪੰਖੇਰੂ ਹਾਂ। ਇਸ ਭੁਝੰਗੀ ਨੂੰ ਤੁਸਾਂ ਹੀ ਕੰਮ ਤੇ ਲਾਉਣਾ ਹੈ। ਅਸੀਂ ਅੱਜਕਲ ਗੁਰੂ ਨਾਨਕ ਖਾਲਸਾ ਕਾਲਜ ਵਿਖੇ ੧੨੫ ਰੁਪਏ ਮਾਹਵਾਰ ਵਿੱਚ ਗੁਜ਼ਾਰਾ ਕਰ ਰਹੇ ਹਾਂ। ਹੁਣ ਚਿੱਤ ਉਪਰਾਮ ਹੈ ਤੇ ਸਤਿਗੁਰੂ ਦੀ ਸੇਵਾ ਸੁਤੰਤਰ ਹੋ ਕੇ ਕਰਨ ਦਾ ਖਿਆਲ ਹੈ। ਤੁਸੀਂ ਭੁਝੰਗੀ ਨੂੰ ੧●● ਰੁਪਏ ਮਹੀਨੇ ਦੇ ਦੇਵੋ, ਇਸ ਦਾ ਅਤੇ ਸਾਰੇ ਪ੍ਰਵਾਰ ਦਾ ਏਨੇ ਵਿੱਚ ਨਿਰਬਾਹ ਹੋ ਜਾਵੇਗਾ। ਇਹ ਆਖ ਕੇ ਸਰਟੀਫੀਕੇਟ ਲਾਲਾ ਜੀ ਦੇ ਅੱਗੇ ਰੱਖ ਦਿੱਤਾ। ਇਸ ਨੂੰ ਪੜ੍ਹ ਕੇ ਅਤੇ ਭੁਝੰਗੀ ਨੂੰ ਪੈਰਾਂ ਤੋਂ ਲੈ ਕੇ ਸਿਰ ਤੀਕਰ ਨਜ਼ਰ ਵਿਚੋਂ ਕੱਢ ਕੇ ਲਾਲਾ ਹਰਕਿਸ਼ਨ ਲਾਲ ਨੇ ਹੱਸ ਕੇ ਆਖਿਆ, "ਚੰਗਾ ਭੁਝੰਗੀ ਦੀ ਸਿਹਤ ਵੀ ਚੰਗੀ ਹੈ ਤੇ ਉਂਝ ਵੀ ਹੁਸ਼ਿਆਰ ਲਗਦਾ ਹੈ। ਮੈ ਥੋੜ੍ਹੇ ਦਿਨਾਂ ਵਿਚ ਅਸਾਮੀ ਕੱਢ ਕੇ ਇਹਨੂੰ ੧●● ਰੁਪਏ ਮਾਹਵਾਰ ਦੀ ਨੌਕਰੀ ਦੇ ਦਿਆਂਗਾ। ਜਿਹੜੀ ਤਾਰੀਖ ਮੈਂ ਚਿੱਠੀ ਵਿੱਚ ਨੀਯਤ ਕਰਾਂਗਾ, ਉਸ ਤਾਰੀਖ ਭੁਝੰਗੀ ਮੇਰੇ ਕੋਲ ਦਫ਼ਤਰ ਵਿੱਚ ਆ ਜਾਵੇ।" ਥੋੜ੍ਹੇ ਚਿਰ ਮਗਰੋਂ ਲਾਲਾ ਜੀ ਦੀ ਚਿੱਠੀ ਆ ਗਈ। ਓਸ ਵਿੱਚ ਇਹ ਲਿਖਿਆ ਹੋਇਆ ਸੀ ਕਿ ਭੁਝੰਗੀ ਮੁਕੰਦ ਸਿੰਘ ਫਲਾਣੀ ਤਾਰੀਖ ਮੇਰੇ ਪਾਸ ਆ ਜਾਵੇ। ਮੈਂ ਉਸ ਦਿਨ ਇਹਨੂੰ ਕੰਮ ਤੇ ਲਾ ਦਿਆਂਗਾ ਅਤੇ ਤਨਖਾਹ ਵੀ ਦੱਸ ਦਿਆਂਗਾ। ਮਿਲਦੇ ਸਾਰ ਹੀ ਇਹ ਚਿੱਠੀ ਭੁਝੰਗੀ ਮੁਕੰਦ ਸਿੰਘ ਨੂੰ ਸਿਆਲਕੋਟ ਭੇਜ ਦਿੱਤੀ ਗਈ।

ਇਕ ਦੋ ਦਿਨ ਮਗਰੋਂ ਦਾਸ ਨੂੰ ਸਾਧ ਸੰਗਤ ਨੇ ਰਾਵਲਪਿੰਡੀ ਯਾਦ ਕੀਤਾ। ਓਥੇ ਦੋ ਕੁ ਦਿਨ ਸਤਿਸੰਗ ਅਤੇ ਗੁਰੂ ਨਾਨਕ ਖਾਲਸਾ ਕਾਲਜ ਦੀ ਉਗਰਾਹੀ ਹੋਈ। ਸ੍ਰੀ ਗੁਰੂ ਸਿੰਘ ਸਭਾ ਵਿੱਚ ਸ਼ੋਮ੍ਰਣੀ ਪ੍ਰਬੰਧਕ ਕਮੇਟੀ ਵੱਲੋਂ ਇਸ਼ਤਿਹਾਰ ਪੁੱਜੇ ਕਿ ਜੈਤੋ ਦਾ ਮੋਰਚਾ ਸ਼ੁਰੂ ਹੋ ਗਿਆ ਹੈ, ਫਲਾਣੀ ਤਾਰੀਖ ਨੂੰ ਉੱਥੇ ੧●੧ ਅਖੰਡ ਪਾਠ ਦਾ ਭੋਗ ਪਵੇਗਾ ਅਤੇ ਭੋਗ ਤੋਂ ਪਹਿਲਾਂ ਕਈ ਦਿਨ ਭਾਰੀ ਦੀਵਾਨ ਸਜਣਗੇ। ਸੰਤ ਅਤਰ ਸਿੰਘ ਜੀ ਮਹਾਰਾਜ ਵੀ ਏਸ ਜਗ੍ਹਾ ਦਰਸ਼ਨ ਦੇਣਗੇ।

ਇਸ਼ਤਿਹਾਰ ਪੜ੍ਹਦੇ ਹੀ ਦਾਸ ਨੂੰ ਏਸ ਸਮਾਗਮ ’ਤੇ ਜਾ ਕੇ ਸੰਤ ਜੀ ਮਹਾਰਾਜ ਦੇ ਦਰਸ਼ਨ ਅਤੇ ਸਾਧ-ਸੰਗਤ ਦੇ ਉਤਸ਼ਾਹ ਵਿੱਚ ਹਿੱਸਾ ਲੈਣ ਦੀ ਖਿੱਚ ਹੋਈ। ਉਸੇ ਵੇਲੇ ਸਾਥੀਆਂ ਤੋਂ ਆਗਿਆ ਲੈ, ਜੈਤੋ ਵੱਲ ਟੁਰ ਪਿਆ। ਅੰਮ੍ਰਿਤ ਵੇਲੇ ੬ ਵਜੇ, ਗੱਡੀ ਬਦਾਮੀ ਬਾਗ਼ ਪੁੱਜੀ। ਓਥੇ ਉੱਤਰ ਡੇਹਰਾ ਸਾਹਿਬ ਹਾਜ਼ਰ ਹੋਇਆ। ਇਸ਼ਨਾਨ ਪਾਣੀ, ਨਿੱਤਨੇਮ ਕਰ, ਦੀਵਾਨ ਵਿੱਚ ਗਿਆ। ਕੁਦਰਤੀ, ਇਸ ਦਿਨ ਸਵੇਰੇ ੧● ਵਜੇ ਭੁਝੰਗੀ ਮੁਕੰਦ ਸਿੰਘ ਨੇ ਲਾਲਾ ਹਰਕਿਸ਼ਨ ਲਾਲ ਨੂੰ ਦਫ਼ਤਰ ਵਿੱਚ ਮਿਲਣਾ ਸੀ।

ਇਹ ਵੀ ਡੇਹਰਾ ਸਾਹਿਬ ਸਤਿਸੰਗ ਵਿੱਚ ਆਇਆ ਸੀ। ਦੀਵਾਨ ਦੇ ਭੋਗ ਮਗਰੋਂ ਸਾਡੇ ਦੋਹਾਂ ਦਾ ਮੇਲ ਹੋ ਗਿਆ। ਭੁਝੰਗੀ ਨੇ ਬੇਨਤੀ ਕੀਤੀ, “ਪਿਤਾ ਜੀ! ਮੈਂ ਏਥੋਂ ਸਿੱਧਾ ਭਾਰਤ ਕੰਪਨੀ ਦੇ ਦਫ਼ਤਰ ਵਿੱਚ ਪੁੱਜਣਾ ਹੈ। ਤੁਸੀਂ ਅਰਦਾਸ ਕਰ ਕੇ ਮੈਨੂੰ ਉੱਥੇ ਟੋਰੋ ਤਾਂ ਕਿ ਜਾਂਦਿਆਂ ਹੀ ਮੇਰਾ ਕੰਮ ਰਾਸ ਹੋ ਜਾਵੇ।” ਇਹ ਸੁਣ ਦਾਸ ਨੇ ਆਖਿਆ ਕਿ ਭਾਈ! ਸਤਿਗੁਰੂ ਦੀ ਹਜ਼ੂਰੀ ਵਿੱਚ ਤੁਸੀਂ ਵੀ ਬਚਨ ਕਰੋ ਕਿ ਜਦ ਤੀਕਰ ਤੁਹਾਡਾ ਸਰੀਰ ਕਾਇਮ ਹੈ, ਤੁਸੀਂ ਘੱਟ ਤੋਂ ਘੱਟ ੫● ਰੁਪੈ ਮਾਹਵਾਰ ਆਪਣੀ ਮਾਤਾ ਜੀ ਦੀ ਸੇਵਾ ਵਿੱਚ ਭੇਜਦੇ ਰਹੋਗੇ। ਭੁਝੰਗੀ ਨੇ ਪੂਰੇ ਪ੍ਰੇਮ ਅਤੇ ਸ਼ਰਧਾ ਨਾਲ ਬਚਨ ਮੰਨਿਆ। ਏਸ ਦੇ ਮਗਰੋਂ ਅਰਦਾਸ ਕੀਤੀ ਗਈ ਕਿ ਸੱਚੇ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਮਹਾਰਾਜ! ਭੁਝੰਗੀ ਦਾ ਕਾਰਜ ਰਾਸ ਕਰਨਾ ਅਤੇ ਇਸ ਨੂੰ ਇਹ ਬਲ ਬੁੱਧ ਬਖ਼ਸ਼ਣਾ ਕਿ ਆਪਣੀ ਮਾਤਾ ਦੀ ਸੇਵਾ ਦਾ ਬਚਨ ਸਾਰੀ ਉਮਰ ਨਿਬਾਹੇ। ਭੁਝੰਗੀ ਤਾਂ ਓਸੇ ਵੇਲੇ ਲਾਲਾ ਹਰਕਿਸ਼ਨ ਲਾਲ ਨੂੰ ਮਿਲਣ ਚਲਾ ਗਿਆ ਅਤੇ ਦਾਸ ਨੇ ਪਰਸ਼ਾਦਾ ਛਕ ਕੁਝ ਚਿਰ ਲਈ ਅਰਾਮ ਕੀਤਾ। ਕੋਈ ਤਿੰਨ ਕੁ ਘੰਟੇ ਮਗਰੋਂ ਭੁਝੰਗੀ ਆ ਗਿਆ ਅਤੇ ਇਸ ਨੇ ਦੱਸਿਆ ਕਿ ਲਾਲਾ ਜੀ ਨੇ ੧●● ਰੁਪਏ ਮਾਹਵਾਰ ਤੇ ਮੈਨੂੰ ਐਸਿਸਟੈਂਟ ਸਕੱਤਰ ਦੀ ਜਗ੍ਹਾ ’ਤੇ ਨੀਯਤ ਕੀਤਾ ਹੈ। ਲਾਹੌਰ ਦੇ ਦਫ਼ਤਰ ਵਿੱਚ ਕੁਝ ਮਹੀਨੇ ਕੰਮ ਸਿੱਖਣ ਦੇ ਮਗਰੋਂ ਕਿਧਰੇ ਬਾਹਰ ਭੇਜਿਆ ਜਾਵੇਗਾ। ਦਾਸ ਨੇ ਕਰਤਾਰ ਦਾ ਸ਼ੁਕਰ ਕੀਤਾ ਕਿ ਸੰਤ ਜੀ ਮਹਾਰਾਜ ਦੀ ਆਗਿਆ ਅਨੁਸਾਰ ਭੁਝੰਗੀ ਨੇ ਘਰ ਦੀ ਪੰਡ ਸਾਂਭ ਲਈ ਹੈ ਅਤੇ ਹੁਣ ਸੁਤੰਤਰ ਹੋ ਕੇ ਸੰਤ ਜੀ ਮਹਾਰਾਜ ਅਤੇ ਗੁਰੂ ਪੰਥ ਦੀ ਸੇਵਾ ਲਈ ਕਮਰਕੱਸਾ ਹੋ ਸਕੇਗਾ। ਸ਼ਾਮ ਦੇ ਵਕਤ ਦਾਸ ਲਾਹੌਰ ਤੋਂ ਗੱਡੀ ਚੜ੍ਹ ਕੇ ਜੈਤੋ ਦੇ ਰਾਹ ਪਿਆ।

ਓਥੇ ਸਟੇਸ਼ਨ ’ਤੇ ਉੱਤਰਦਿਆ ਹੀ ਸਿੱਧਾ ਦੀਵਾਨ ਅਸਥਾਨ ਵਿੱਚ ਪੁੱਜਾ। ਸੰਤ ਜੀ ਮਹਾਰਾਜ ਸ੍ਰੀ ਗੁਰੂ ਗ੍ਰੰਥ ਜੀ ਦੀ ਤਾਬੇ ਸਜੇ ਹੋਏ ਸਨ ਅਤੇ ਹਜ਼ਾਰਾਂ ਸੰਗਤਾਂ ਇੱਕ-ਰਸ ਕੀਰਤਨ ਦਾ ਰੰਗ ਮਾਣ ਰਹੀਆਂ ਸਨ।

# ਕਾਂਡ ੨੩

**ਸਲੋਕ ਡਖਣੇ ਮਃ ੫ ॥**

**ਨਾਨਕ ਕਚੜਿਆ ਸਿਉ ਤੋੜਿ ਢੂਢਿ ਸਜਣ ਸੰਤ ਪਕਿਆ ॥**
**ਓਇ ਜੀਵੰਦੇ ਵਿਛੁੜਹਿ ਓਇ ਮੁਇਆ ਨ ਜਾਹੀ ਛੋੜਿ ॥੧॥ (੧੧੦੨)**

ਥੋੜ੍ਹੇ ਦਿਨਾਂ ਮਗਰੋਂ ਹੀ ਕਾਲਜ ਦਾ ਐਫ. ਏ. ਅਤੇ ਐਫ. ਐਸ. ਸੀ. ਦਾ ਨਤੀਜਾ ਨਿਕਲ ਆਇਆ। ਐਫ. ਐਸ. ਸੀ. ਵਿੱਚ ਭੁਝੰਗੀ ਲਾਲ ਸਿੰਘ ਜੋ ਅੱਜ ਕੱਲ ਵਜ਼ੀਰ ਮਾਲ ਨਾਭਾ ਹੈ, ਸਾਰੇ ਪੰਜਾਬ ਵਿੱਚੋਂ ਅਵੱਲ ਨਿਕਲਿਆ ਅਤੇ ਕਾਲਜ ਦਾ ਬਾਕੀ ਨਤੀਜਾ ਸਿਵਾਏ ਗਵਰਨਮੈਂਟ ਕਾਲਜ ਲਾਹੌਰ ਦੇ ਸਭ ਤੋਂ ਚੰਗਾ ਰਿਹਾ। ਕਰਤਾਰ ਨੇ ਏਧਰੋਂ ਪੈਜ ਰੱਖ ਲਈ ਅਤੇ ਗੁਰੂ ਨਾਨਕ ਖਾਲਸਾ ਕਾਲਜ ਪੱਕੀ ਪੈਰੀਂ ਚਲ ਪਿਆ। ਜਿਸ ਭਰੋਸੇ ਤੇ ਸਾਧ ਸੰਗਤ ਨੇ ਦਾਸ ਉਤੇ ਨਿਸਚਾ ਕਰਕੇ ਕਾਲਜ ਵਿੱਚ ਲੜਕੇ ਦਾਖਲ ਕਰਾਏ ਸਨ, ਓਹ ਵੀ ਸਫਲਾ ਹੋ ਗਿਆ। ਹੁਣ ਸੰਤ ਜੀ ਮਹਾਰਾਜ ਨੂੰ ਦਮਦਮੇ ਸਾਹਿਬ ਤੋਂ ਜਾ ਕੇ, ਲਿਆਉਣ ਦੀ ਤਾਰੀਖ ਵੀ ਨੇੜੇ ਆ ਗਈ। ਦਾਸ ਗੁਰਜਰਾਂਵਾਲੇ ਤੋਂ ਸਿੱਧਾ ਦਿੱਲੀ ਪੁੱਜਾ ਅਤੇ ਉਥੋਂ ਸਰਦਾਰ ਧਰਮ ਸਿੰਘ ਪਾਸੋਂ ਬੜੀ ਭਾਰੀ ਰਜੋਗੁਣੀ ਮੋਟਰ ਲੈ ਕੇ ਦਮਦਮੇ ਸਾਹਿਬ ਵੱਲ ਟੁਰ ਪਿਆ। ਸਾਰਾ ਸਫਰ ਸੁਖੀ ਸਾਂਦੀ ਬੀਤਿਆ ਪਰ ਦਮਦਮੇ ਸਾਹਿਬ ਤੋਂ ਦਸ ਕੁ ਮੀਲ ਦੇ ਫਾਸਲੇ ਤੇ ਨਹਿਰ ਦੀ ਪਟੜੀ ਉਤੇ ਦਿਨ ਡੁਬੇ ਮੋਟਰ ਵਿਚਲ ਖਲੋਤੀ, ਤੁਰੇ ਨਹੀਂ। ਉਸ ਦੇ ਡਰਾਈਵਰ ਨੇ ਬੜਾ ਹੀ ਯਤਨ ਕੀਤਾ ਪਰ ਕੋਈ ਵਾਹ ਨਾ ਚੱਲੀ। ਮੀਲ ਕੁ ਫਾਸਲੇ ਤੇ ਮੌੜ ਮੰਡੀ, ਰੂਈ ਦੇ ਇੱਕ ਕਾਰਖਾਨੇ ਦੀ ਰੌਸ਼ਨੀ ਨਜ਼ਰ ਆਈ।

ਦਾਸ ਡਰਾਈਵਰ ਨੂੰ ਮੋਟਰ ਪਾਸ ਛੱਡ, ਸਿੱਧਾ ਓਧਰ ਟੁਰ ਪਿਆ। ਚਿਤ ਵਿੱਚ ਖਿਆਲ ਸੀ ਕਿ ਕਾਰਖਾਨੇ ਤੋਂ ਕੋਈ ਨਾ ਕੋਈ ਮਿਸਤ੍ਰੀ ਮਿਲ ਜਾਏਗਾ। ਓਸ ਦੀ ਮਦਦ ਨਾਲ ਮੋਟਰ ਦਰੁਸਤ ਕਰਕੇ ਨੀਯਤ ਤਰੀਕ ਦੀ ਰਾਤ, ਦਮਦਮੇ ਸਾਹਿਬ ਪੁੱਜ ਜਾਵਾਂਗੇ। ਕਾਰਖਾਨੇ ਪੁੱਜ, ਡਿਓੜੀ ਦਾ ਬੂਹਾ ਜਾ ਖੜਕਾਇਆ, ਇੱਕ ਨੌਕਰ ਨੇ ਦਾਸ ਨੂੰ ਅੰਦਰ ਵਾੜ, ਇਕ ਕਮਰੇ ਵਿੱਚ ਜਾ ਬਿਠਾਇਆ। ਫੇਰ ਦਾਸ ਦੇ ਕਹਿਣ ਤੇ ਕਾਰਖਾਨੇ ਦੇ ਮਾਲਕ ਨੂੰ ਬੁਲਾਇਆ। ਮਾਲਕ ਤਾਂ ਕਿਧਰੇ ਬਾਹਰ ਗਿਆ ਹੋਇਆ ਸੀ ਪਰ ਉਸ ਦਾ ਜਵਾਨ ਭੁਝੰਗੀ ਦਾਸ ਪਾਸ ਪੁੱਜਾ ਅਤੇ ਦਰਸ਼ਨ ਕਰਦਿਆਂ ਹੀ ਬੜੇ ਹੀ ਅਦਬ ਨਾਲ ਨਮਸਕਾਰ ਕੀਤੀ। ਕਰਤਾਰ ਦੀ ਨੇਤ, ਇਹ ਦਾਸ ਦਾ ਗੁਰੂਸਾਗਰ ਸਾਹਿਬ ਮਸਤੂਆਣੇ ਵਿਦਿਆਰਥੀ ਰਹਿ ਚੁੱਕਾ ਸੀ। ਇਸ ਨੇ ਬੜੇ ਪ੍ਰੇਮ ਨਾਲ ਪ੍ਰਸ਼ਾਦ ਪਾਣੀ ਲਈ ਪੁੱਛਿਆ। ਦਾਸ ਨੇ ਸਾਰੀ ਵਿੱਥਿਆ ਆਖ ਸੁਣਾਈ। ਓਸੇ ਵੇਲੇ ਮਿਸਤ੍ਰੀ ਤਿਆਰ ਹੋ ਗਿਆ ਅਤੇ ਪ੍ਰਸ਼ਾਦ ਛਕ, ਡਰਾਈਵਰ ਦਾ ਪ੍ਰਸ਼ਾਦਾ ਨਾਲ ਲੈ, ਮਿਸਤ੍ਰੀ ਸਮੇਤ ਦਾਸ ਮੋਟਰ ਪਾਸ ਪੁੱਜਿਆ। ਵਿਚਾਰਾ ਡਰਾਈਵਰ ਥਕ ਟੁਟ ਚੁੱਕਾ ਸੀ ਅਤੇ ਉਸ ਦੀ ਕੋਈ ਵਾਹ ਨਹੀਂ ਸੀ ਚਲਦੀ। ਮਿਸਤ੍ਰੀ ਅਤੇ ਪ੍ਰਸ਼ਾਦ ਪੁੱਜਣ ਤੇ ਬੜਾ ਹੀ ਆਨੰਦਿਤ ਹੋਇਆ।

ਫੌਰਨ ਪ੍ਰਸ਼ਾਦਾ ਛਕ ਮਿਸਤ੍ਰੀ ਨਾਲ ਮੋਟਰ ਨੂੰ ਦਰੁਸਤ ਕਰਨ ਵਿੱਚ ਜੁਟ ਪਿਆ। ਇਹਦੀ ਸਾਰੀ ਨਾੜੀ ਨਾੜੀ ਖੋਲੀ। ਮਸਾਂ ਸਾਰੀ ਰਾਤ ਟੱਕਰਾਂ ਮਾਰਨ ਦੇ ਮਗਰੋਂ ਸਵੇਰ ਦੇ ੧੧ ਵਜੇ ਮੋਟਰ ਟੁਰਨ ਲਈ ਤਿਆਰ ਹੋਈ। ਕਾਰਖਾਨੇ ਵਿੱਚੋਂ ਪ੍ਰਸ਼ਾਦਾ ਛਕ ੨ ਵਜੇ ਦੇ ਕਰੀਬ ਦਮਦਮੇ ਸਾਹਿਬ ਪੁੱਜੇ।

ਸੰਤ ਜੀ ਮਹਾਰਾਜ ਅਰਾਮ ਕਰਕੇ ਉੱਠੇ ਹੀ ਸਨ ਕਿ ਦਾਸ ਦੇ ਨਮਸਕਾਰ ਕਰਦਿਆਂ ਸਾਰ ਆਖਣ ਲਗੇ ਕਿ ਭਾਈ ਤੇਜਾ ਸਿੰਘ! ਜੇ ਤੁਸੀਂ ਅੱਜ ਨਾ ਪੁੱਜਦੇ ਤਾਂ ਅਸਾਂ ਸ਼ਾਮ ਕਿਧਰੇ ਹੋਰ ਚਲੇ ਜਾਣਾ ਸੀ। ਚੱਲੋ ਹੁਣੇ ਏਥੋਂ ਟੁਰ ਪਈਏ। ਓਸੇ ਵੇਲੇ ਭਾਈ ਰਾਮ ਸਿੰਘ ਗੜਵਈ ਨੂੰ ਨਾਲ ਲੈ ਕੇ ਜਥੇ ਦੇ ਦੋ ਬਿਹੰਗਮਾਂ ਨੂੰ ਰਾਮਾ ਮੰਡੀ ਗੱਡੀ 'ਤੇ ਭੇਜ, ਸੰਤ ਮੋਟਰ 'ਤੇ ਸਵਾਰ ਹੋ ਗਏ ਤੇ ਨਹਿਰ ਦੀ ਪਟੜੀ ਪੈ, ਗੁਜਰਾਂਵਾਲੇ ਵੱਲ ਟੁਰ ਪਏ।

ਇਹਨਾਂ ਦਿਨਾਂ ਵਿੱਚ ਭਾਈ ਵਸਾਵਾ ਸਿੰਘ, ਜਿਨ੍ਹਾਂ ਦੀ ਮਿੰਟਗੁਮਰੀ ਦੀ ਮੰਡੀ ਵਿੱਚ ਆੜ੍ਹਤ ਦੀ ਦੁਕਾਨ ਹੁੰਦੀ ਸੀ, ਪਰਿਵਾਰ ਸਮੇਤ ਦਮਦਮੇ ਸਾਹਿਬ ਪੁੱਜੇ ਹੋਏ ਸਨ। ਜਦ ਦਾਸ ਨੂੰ ਸੰਤ ਜੀ ਮਹਾਰਾਜ ਨੇ ਦਮਦਮੇ ਸਾਹਿਬ ਦੇ ਲੰਗਰ ਦੇ ਵਾਸਤੇ ਦੋ ਗੱਡੀਆਂ ਅੰਨ੍ਹ ਦੀ ਸੇਵਾ ਬਖ਼ਸ਼ੀ ਸੀ ਤਦ ਭਾਈ ਵਸਾਵਾ ਸਿੰਘ ਨੂੰ ਇੱਕ ਗੁਰਮੁਖ ਪ੍ਰੇਮੀ ਤੇ ਨਾਮ-ਰਸੀਆ ਜਾਣ ਕੇ ਚਿੱਠੀ ਪਾਈ ਗਈ ਸੀ। ਉਹਨਾਂ ਨੇ ਬੜੇ ਪ੍ਰੇਮ ਤੇ ਉਤਸ਼ਾਹ ਨਾਲ ਕਈ ਬੋਰੀਆਂ ਕਣਕ ਉਗਰਾਹੀ ਕਰਕੇ ਕੋਟਫੱਤੇ ਬਿਲਟੀ ਕਰਾ ਦਿੱਤੀ ਸੀ। ਬਿਲਟੀ ਤੇ ਇੱਕ ਖ਼ੱਤ ਸੰਤ ਗੁਲਾਬ ਸਿੰਘ ਨੂੰ ਦਮਦਮੇ ਸਾਹਿਬ ਪਾ ਦਿੱਤਾ। ਖ਼ੱਤ ਵਿੱਚ ਇੱਕ ਪ੍ਰੇਮ ਭਰਿਆ ਸ਼ਬਦ ਵੀ ਭਾਈ ਵਸਾਵਾ ਸਿੰਘ ਨੇ ਲਿਖਿਆ ਸੀ। ਜਦ ਸੰਤ ਜੀ ਮਹਾਰਾਜ ਜੈਤੋ ਦੇ ਦੌਰੇ ਤੋਂ ਮੁੜ ਕੇ ਦਮਦਮੇ ਸਾਹਿਬ ਪੁੱਜੇ ਤਦ ਇਹ ਖ਼ੱਤ ਭਾਈ ਗੁਲਾਬ ਸਿੰਘ ਜੀ ਨੇ ਪੜ੍ਹ ਕੇ ਸੁਣਾਇਆ। ਸੰਤ ਬੜੇ ਪ੍ਰਸੰਨ ਹੋਏ। ਥੋੜ੍ਹੇ ਦਿਨਾਂ ਮਗਰੋਂ ਹੀ ਭਾਈ ਵਸਾਵਾ ਸਿੰਘ ਦਮਦਮੇ ਸਾਹਿਬ ਦਰਸ਼ਨ ਕਰਨ ਲਈ ਪੁੱਜ ਗਏ। ਪੰਦਰਾਂ ਕੁ ਦਿਨ ਗੁਜ਼ਰ ਗਏ। ਸੇਵਾ ਦਾ ਚਾਓ, ਸੰਤ ਜੀ ਮਹਾਰਾਜ ਦੇ ਦਰਸ਼ਨ ਤੇ ਨਾਮ-ਬਾਣੀ ਦੇ ਰੰਗ ਵਿੱਚ ਇਹਨਾਂ ਨੂੰ ਪਿੱਛੇ ਦੁਕਾਨ ਦੀ ਸੁੱਧ ਨਾ ਰਹੀ। ਇੱਕ ਦਿਨ ਸੇਵਾ ਕਰਦਿਆਂ ਸੰਤ ਜੀ ਮਹਾਰਾਜ ਨੇ ਫੁਰਮਾਇਆ, "ਭਾਈ! ਪਿੱਛੇ ਕਿਸ ਨੂੰ ਛੱਡ ਕੇ ਆਇਆ ਹੈਂ ਤੈਨੂੰ ਪਿੱਛਾ ਯਾਦ ਨਹੀਂ ਆਉਂਦਾ?" ਏਸ ਤਰ੍ਹਾਂ ਦੋ-ਚਾਰ ਦਿਨ ਹੋਰ ਬੀਤ ਗਏ। ਇੱਕ ਦਿਨ ਕਿਸੇ ਪ੍ਰੇਮੀ ਨੇ ਸੁਤੇ-ਸਿੱਧ ਇਹਨਾਂ ਨੂੰ ਆਖਿਆ ਕਿ ਸੰਤ ਕੱਲ੍ਹ ਕਸ਼ਮੀਰ ਜਾਣਗੇ ਤੇ ਗੱਡੇ ਵਾਲੇ ਨੂੰ ਹੁਕਮ ਦਿੱਤਾ ਕਿ ਭਾਈ ਵਸਾਵਾ ਸਿੰਘ ਨੂੰ ਟੱਬਰ ਸਮੇਤ ਕੋਟਫੱਤੇ ਪਹੁੰਚਾ ਆਵੋ। ਭਾਈ ਵਸਾਵਾ ਸਿੰਘ ਇਹ ਗੱਲ ਸੁਣਦੇ ਸਾਰ ਹੀ ਸੰਤ ਜੀ ਮਹਾਰਾਜ ਦੇ ਪਾਸ ਚਲੇ ਗਏ। ਰਾਤ ਦੇ ਨੌਂ ਵਜੇ ਦਾ ਵਕਤ ਸੀ ਤੇ ਸੰਤ ਜੀ ਮਹਾਰਾਜ ਕੋਠੇ 'ਤੇ ਪਲੰਘ ਪਰ ਬਿਰਾਜਮਾਨ ਸਨ। ਭਾਈ ਵਸਾਵਾ ਸਿੰਘ ਨੇ ਚਰਨ ਫੜ੍ਹ ਲਏ ਤੇ ਸੁਤੇ-ਸਿੱਧ ਇਹਨਾਂ ਦੇ ਮੂੰਹ ਤੋਂ ਨਿਕਲਿਆ ਕਿ ਮਹਾਰਾਜ ਜੀ! ਦਾਸ ਨੂੰ ਵਿਛੜਨ ਦਾ ਹੁਕਮ ਦੇ ਚੁੱਕੇ ਹੋ, ਹੁਣ ਫਿਰ ਕਦੋਂ ਦਰਸ਼ਨ ਹੋਣਗੇ? **ਸੰਤ ਜੀ ਮਹਾਰਾਜ ਨੇ ਆਖਿਆ, "ਭਾਈ! ਸਰੀਰ ਦਾ ਦਰਸ਼ਨ ਨਹੀਂ ਹੋਵੇਗਾ, ਸ਼ਬਦ ਦਾ ਦਰਸ਼ਨ ਸਦਾ ਹੀ ਹੋਵੇਗਾ।"**

ਸਵੇਰੇ ਟੁਰਨ ਵੇਲੇ ਵਸਾਵਾ ਸਿੰਘ ਨੇ ਦਰਸ਼ਨ ਕਰਨ ਦਾ ਬੜਾ ਹੀ ਯਤਨ ਕੀਤਾ ਪਰ ਸੰਤ ਆਪਣੇ ਨਿੱਤਨੇਮ ਵਿੱਚ ਮਗਨ ਸਨ, ਬਾਹਰ ਨਾ ਆਏ। ਹੁਕਮ ਮੰਨ ਗੱਡੇ 'ਤੇ ਬੈਠ ਕੇ ਕੋਟਫੱਤੇ ਪੁੱਜ ਗਏ। ਸੰਤ ਜੀ ਮਹਾਰਾਜ ਦਾ ਇਹ ਵਾਕ ਸੱਚ ਹੋਇਆ। ਫੇਰ ਸਰੀਰ ਦਾ ਦਰਸ਼ਨ ਨਹੀਂ ਹੋਇਆ। ਜਦ ਸੰਤ ਜੀ ਜੋਤੀ-ਜੋਤ ਸਮਾ ਗਏ ਤੇ ਭਾਈ ਵਸਾਵਾ ਸਿੰਘ ਨੂੰ ਏਸ ਗੱਲ ਦੀ ਸਰੋਤ ਪਈ, ਓਸੇ ਵੇਲੇ ਗਰੂਸਾਗਰ ਸਾਹਿਬ ਮਸਤੂਆਣੇ ਵੱਲ ਟੁਰ ਪਏ ਪਰ ਇਹਨਾਂ ਦੇ ਆਉਣ ਤੋਂ ਪਹਿਲਾਂ ਹੀ ਸਰੀਰ ਦਾ ਸਸਕਾਰ ਹੋ ਗਿਆ ਸੀ। ਇਹਨਾਂ ਨੂੰ ਸੰਤ ਜੀ ਮਹਾਰਾਜ ਦਾ ਬਚਨ ਯਾਦ ਆਇਆ। ਅੰਤਰ-ਧਿਆਨ ਹੋ ਕੇ ਬੈਠ ਗਏ ਤੇ ਸ਼ਬਦ ਵਿੱਚ ਲਿਵ ਲਾਈ। ਓਸ ਵੇਲੇ ਤੋਂ ਸੰਤ ਇਹਨਾਂ ਨੂੰ ਹਰ ਵੇਲੇ ਅੰਗ-ਸੰਗ ਪ੍ਰਤੀਤ ਹੁੰਦੇ ਹਨ।

ਏਸ ਤਰ੍ਹਾਂ ਹੋਰ ਕਈ ਪ੍ਰੇਮੀਆਂ ਨੂੰ ਵਿਦਾ ਕਰਕੇ ਤੇ ਸਾਧ-ਸੰਗਤ ਨੂੰ ਸੇਵਾ ਸੌਂਪ ਕੇ ਸੰਤ ਜੀ ਮਹਾਰਾਜ ਆਪਣੀ ਪੰਜ ਭੂਤਕ ਆਯੂ ਦੇ ਅਖੀਰਲੇ ਸਾਲ ਦੇ ਅਖੀਰਲੇ ਦੌਰੇ ਵਿੱਚ ਟੁਰ ਪਏ। ਮੋਟਰ ਭਾਵੇਂ

ਮੌੜ ਮੰਡੀ ਤੋਂ ਚੰਗੀ ਟੁਰਨ ਲਗ ਪਈ ਸੀ ਪਰ ਕਦੇ ਕਦੇ ਰਾਹ ਵਿੱਚ ਫੇਰ ਖਲੋਣ ਲਗ ਪਈ। ਆਉਂਦੇ ਜਾਂਦੇ ਪਾਂਧੀ ਨਹਿਰ ਦੀ ਪਟੜੀ ਤੇ ਬਹੁਤ ਮਿਲ ਜਾਂਦੇ। ਦੋ ਚਾਰ ਪ੍ਰੇਮੀ ਇਹਨੂੰ ਧਕਦੇ ਤਾਂ ਇਹ ਫੇਰ ਸਟਾਰਟ ਹੋ ਜਾਂਦੀ। ਏਸ ਤਰ੍ਹਾਂ ਤੁਰਦਿਆਂ ਖਲੋਂਦਿਆਂ ਤੇ ਧਕਦਿਆਂ ਬਬਨਪੁਰ ਦੇ ਪੁਲ, ਜਿਹੜਾ ਧੂਰੀ ਤੋਂ ਮਲੇਰਕੋਟਲੇ ਵਾਲੇ ਪਾਸੇ ਦੋ ਕੁ ਮੀਲ ਹੈ, ਪੁੱਜੀ। ਨਹਿਰ ਦੀ ਪਟੜੀ ਤਾਂ ਬੜੀ ਸਾਫ਼ ਤੇ ਸੁੱਥਰੀ ਸੀ। ਏਥੋਂ ਹੁਣ ੨● ਮੀਲ ਸੜਕ ਬੜੀ ਖਰਾਬ ਸੀ। ਕਈ ਜਗ੍ਹਾ ਤੇ ਬੜੇ ਬਿਖੜੇ ਹੋਏ ਟੋਏ ਟਿਬੇ ਵੀ ਸਨ। ਮਲੇਰਕੋਟਲੇ ਤੋਂ ਲੰਘ ਕੇ ਕੋਈ ਅੱਠ ਕੁ ਵਜੇ ਬਾਲੇਵਾਲ ਦੇ ਸਾਹਮਣੇ ਅਪੜੀ। ਏਥੋਂ ਨਗਰ ਦੇ ਪ੍ਰੇਮੀਆਂ ਵੱਲੋਂ ਸੰਤ ਜੀ ਮਹਾਰਾਜ ਦੇ ਆਰਾਮ ਵਾਸਤੇ ਪਿੰਡ ਤੋਂ ਫਰਲਾਂਗ ਦੇ ਫਾਸਲੇ ਤੇ ਇਕ ਕੋਠੀ ਬਣੀ ਹੋਈ ਸੀ। ਦਾਸ ਨੇ ਬੇਨਤੀ ਕੀਤੀ, “ਸੱਚੇ ਪਾਤਿਸ਼ਾਹ ! ਰਾਤ ਏਥੇ ਹੀ ਆਰਾਮ ਕਰੋ।” ਹੁਕਮ ਹੋਇਆ, “ਨਹੀਂ, ਅੱਗੇ ਹੀ ਚਲਾਂਗੇ।” ਕੁੱਪ ਤੀਕਰ ਪੁਜਦਿਆਂ ਪੂਰਾ ਹਨੇਰਾ ਹੋ ਗਿਆ। ਮੋਟਰ ਦੀ ਰੋਸ਼ਨੀ ਵਿੱਚ ਪੰਜ ਸੱਤ ਪ੍ਰੇਮੀ ਡਾਂਗਾਂ ਫੜ੍ਹੀ ਨਜ਼ਰ ਆਏ। ਮੋਟਰ ਵੀ ਸ਼ਾਨਦਾਰ ਸੀ ਤੇ ਏਸੇ ਵੇਲੇ ਖਾਸੀ ਟੁਰ ਰਹੀ ਸੀ। ਪ੍ਰੇਮੀਆਂ ਦਾ ਏਸ ਤੇ ਹੱਲਾ ਕਰਨ ਦਾ ਹੀਆ ਨਾ ਪਿਆ। ਕੁਝ ਚਿਰ ਪਿੱਛੋਂ ਅਹਿਮਦਗੜ੍ਹ ਦੀ ਸੜਕ ਦਾ ਮੋੜ ਆਇਆ। ਦਾਸ ਨੇ ਫੇਰ ਬੇਨਤੀ ਕੀਤੀ ਕਿ ਮਹਾਰਾਜ ਜੀ, ਸ: ਬਖਤਾਵਰ ਸਿੰਘ ਦੀ ਕੋਠੀ ਨੇੜੇ ਹੀ ਹੈ ਏਥੇ ਜਾ ਕੇ ਰਾਤ ਕਟ ਲਈਏ। ਮਹਾਰਾਜ ਨੇ ਫੁਰਮਾਇਆ ਨਹੀਂ ਅੱਗੇ ਚਲਾਂਗੇ। ਡੇਹਲੋਂ ਤੋਂ ਇਕ ਮੀਲ ਅੱਗੇ ਲੰਘ ਕੇ ਮੋਟਰ ਖਲੋ ਗਈ ਤੇ ਡਾਹਡੀ ਅੜ੍ਹ ਬੈਠੀ। ਰਾਤ ਦਾ ਸਮਾਂ ਸੀ, ਕੋਈ ਮੁਸਾਫ਼ਰ ਵੀ ਨਜ਼ਰ ਨਾ ਆਵੇ। ਦਾਸ ਤੇ ਭਾਈ ਰਾਮ ਸਿੰਘ ਨੇ ਸਾਰਾ ਜ਼ੋਰ ਲਾ ਕੇ ਧਕਿਆ ਪਰ ਮੋਟਰ ਨਾ ਟੁਰੀ। ਸੰਤ ਜੀ ਮਹਾਰਾਜ ਅਖਣ ਲਗੇ, “ਤੇਜਾ ਸਿੰਘ, ਅਸੀਂ ਧਕਾਈਏ?” ਦਾਸ ਨੇ ਬੇਨਤੀ ਕੀਤੀ. “ਨਹੀਂ ਸੱਚੇ ਪਾਤਸ਼ਾਹ! ਹਜ਼ੂਰ ਸਜੇ ਰਹੋ।” ਪਰ ਸੰਤ, ਦਾਸ ਦੇ ਆਖਦਿਆਂ ਆਖਦਿਆਂ ਮੋਟਰ ਤੋਂ ਉਤਰ ਆਏ ਤੇ ਸਾਡੇ ਨਾਲ ਰਲ ਕੇ ਮੋਟਰ ਨੂੰ ਪੂਰੇ ਜ਼ੋਰ ਨਾਲ ਧੱਕਾ ਦਿੱਤਾ, ਪ੍ਰੇਮਣ ਉਸੇ ਵੇਲੇ ਟੁਰ ਪਈ। ਛੇਤੀ ਛੇਤੀ ਦਾਸ ਤੇ ਭਾਈ ਰਾਮ ਸਿੰਘ ਮੋਟਰ ਵਿੱਚ ਬੈਠ ਗਏ ਤੇ ਸੰਤ ਜੀ ਮਹਾਰਾਜ ਨੂੰ ਦਾਸ ਨੇ ਹੱਥ ਫੜ੍ਹ ਕੇ ਵਿੱਚ ਚੜ੍ਹਾਇਆ। ਮਹਾਰਾਜ ਜੀ ਦੀਆਂ ਲੱਤਾਂ ਬਹੁਤ ਕਮਜ਼ੋਰ ਸਨ ਤੇ ਚਲਦੀ ਮੋਟਰ ਵਿੱਚ ਆਪਣੇ ਆਪ ਚੜ੍ਹਨਾ ਬਹੁਤ ਮੁਸ਼ਕਲ ਸੀ। ਸੰਤ ਮਹਾਰਾਜ ਦੀ ਇਹ ਬਜ਼ੁਰਗੀ ਤੇ ਗਰੀਬੀ ਦਾਸ ਦੇ ਹਿਰਦੇ ਵਿੱਚ ਪ੍ਰਵੇਸ਼ ਕਰ ਗਈ। ਸੁਤੇ ਹੀ ਅੰਦਰੋਂ ‘ਧੰਨ ਧੰਨ’ ਦੀ ਲਹਿਰ ਚੱਲ ਪਈ। ਧੰਨ ਉਸ ਦੇ ਗੁਰਸਿੱਖ। ਜੇ ਕੋਈ ਦੁਨੀਆ ਦਾ ਨਜ਼ਦੀਕੀ ਪ੍ਰੇਮੀ ਮਾਈ ਜਾਂ ਭਾਈ ਹੁੰਦਾ ਤਾਂ ਜ਼ਰੂਰ ਆਖਦਾ, “ਚੰਗੀ ਮੋਟਰ ਲਿਆਂਦੀ ਆ, ਸਾਨੂੰ ਏਸ ਤਰ੍ਹਾਂ ਖਰਾਬ ਕਰ ਰਿਹਾ ਹੈਂ।” ਪਰ ਵਾਹ ਗੁਰੂ ਨਾਨਕ! **ਜਿੱਥੇ ਤੂੰ ਵਸ ਜਾਵੇਂ, ਓਥੇ ਮਿਹਣਾ ਤੇ ਉਲਾਂਭਾ ਕਿੱਥੇ? ਮਿੱਠਾ ਬੋਲ, ਨਿਮਰਤਾ ਤੇ ਗਰੀਬਨਿਵਾਜ਼ੀ, ਰੋਮ ਰੋਮ ਵਿੱਚ ਵਸ ਜਾਂਦੀ ਹੈ। ਧੰਨ ਗੁਰੁ ਅਤੇ ਧੰਨ ਗੁਰੂ ਦੇ ਸੰਤ।**

ਏਥੋਂ ਲੁਧਿਆਣੇ ਪੁੱਜੇ, ਰਾਤ ਦੇ ੧੨ ਵਜੇ ਦਾ ਵਕਤ ਸੀ। ਸੰਤ ਜੀ ਮਹਾਰਾਜ ਨੇ ਫੁਰਮਾਇਆ, “ਤੇਜਾ ਸਿੰਘ ਨੇੜੇ ਦੀ ਸਰਾਂ ਵਿੱਚ ਜਾ ਕੇ ਪੁੱਛੋ, ਕੋਈ ਮੰਜਾ ਮਿਲ ਜਾਏ ਤਾਂ ਬਿਸਰਾਮ ਕਰ ਲਈਏ।” ਦਾਸ ਨੇ ਹੱਥ ਜੋੜ ਕੇ ਬੇਨਤੀ ਕੀਤੀ, “ਮਹਾਰਾਜ ਜੀ, ਜਵੱਦੀ ਵਾਲੇ ਸਰਦਾਰਾਂ ਦਾ ਘਰ ਨੇੜੇ ਹੀ ਹੈ, ਉਹ ਹਜ਼ੂਰ ਦੇ ਬੜੇ ਪ੍ਰੇਮੀ ਹਨ। ਓਥੇ ਆਰਾਮ ਲਈ ਚਲੇ ਚੱਲੋ।” ਸੰਤ ਜੀ ਮਹਾਰਾਜ ਹੱਸ ਕੇ ਬੋਲੇ, “ਜੇਡੀ ਮੰਜੀ ਹੋਵੇਗੀ, ਓਡੇ ਹੀ ਬਣ ਜਾਵਾਂਗੇ। ਕਿਸੇ ਦੇ ਘਰ ਨਹੀਂ ਜਾਣਾ, ਤੁਸੀਂ ਸਰਾਂ ਵਿੱਚ ਹੀ ਪਤਾ ਕਰ ਲਵੋ।” ਦਾਸ ਓਸੇ ਵੇਲੇ ਸਰਾਂ ਵਿੱਚ ਗਿਆ, ਸਿਵਾਏ ਚੌਕੀਂਦਾਰ ਦੇ ਸਾਰੇ ਸਰਾਂ ਦੇ ਪ੍ਰਬੰਧਕ ਸੁੱਤੇ ਹੋਏ ਹਨ। ਚੌਕੀਂਦਾਰ ਨੇ ਇੱਕ ਪਾਸੇ ਸੁਤਿਆਂ ਹੋਇਆਂ ਇੱਕ ਰੱਬ ਦੇ ਬੰਦੇ ਵੱਲ ਇਸ਼ਾਰਾ ਕੀਤਾ ਕਿ ਇਹ ਚੀਜਾਂ ਲੈਂਦਾ ਦੇਂਦਾ ਹੈ। ਦਾਸ ਨੇ ਜਦ ਇਹਨੂੰ ਜਗਾ ਕੇ ਮੰਜਿਆਂ ਲਈ

ਪੁੱਛਿਆ ਤਾਂ ਇਹ ਬੜਾ ਅਉਖਾ ਹੋ ਕੇ ਬੋਲਿਆ, ਜਾ! ਜਾ! ਏਸ ਵੇਲੇ ਕੋਈ ਮੰਜਾ ਨਹੀਂ। ਇਹਦੀ ਝਾੜ ਸਿਰ ਮੱਥੇ 'ਤੇ ਕਬੂਲ ਕੀਤੀ ਅਤੇ ਫੇਰ ਬੜੀ ਅਧੀਨਗੀ ਨਾਲ ਮੰਜਿਆਂ ਵਾਸਤੇ ਪੁੱਛਿਆ ਅਤੇ ਆਖਿਆ ਕਿ ਭਾਈ ਇੱਕ ਵੱਡੇ ਮਹਾਂਪੁਰਖ, ਰਬ ਦੇ ਫ਼ਕੀਰ ਵਾਸਤੇ ਮੰਜਾ ਚਾਹੀਦਾ ਹੈ, ਕੋਈ ਨਾ ਕੋਈ ਦੱਸ ਦੇ। ਲੰਮੇ ਪਿਆਂ ਪਿਆਂ ਹੀ ਇਸ ਨੇ ਇੱਕ ਗੁੱਠੇ, ਕੁਝ ਖਲੋਤੇ ਹੋਏ ਮੰਜਿਆਂ ਵੱਲ ਇਸ਼ਾਰਾ ਕੀਤਾ, ਜਾ ਉਥੋਂ ਲੈ ਲੈ। ਜਦ ਦਾਸ ਇਹਨਾਂ ਦੇ ਨੇੜੇ ਗਿਆ ਤਦ ਵੇਖਿਆ ਕਿ ਇਹ ਤਾਂ ਸਾਰੇ ਦੇ ਸਾਰੇ, ਕੁਝ ਰਹਿੰਦੇ-ਖੂਹੰਦੇ ਰੁਲੇ ਪੁਰਾਣੇ ਮੰਜੇ ਹਨ। ਚਿੱਤ ਨੇ ਨਾ ਮੰਨਿਆ ਕਿ ਸੰਤ ਇਹਨਾਂ 'ਤੇ ਬਿਰਾਜਮਾਨ ਹੋਣ। ਮੋਟਰ 'ਤੇ ਪੁੱਜ, ਸਾਰੀ ਵਿੱਥਿਆ ਸੰਤ ਜੀ ਮਹਾਰਾਜ ਨੂੰ ਆਖ ਸੁਣਾਈ ਅਤੇ ਬੇਨਤੀ ਕੀਤੀ, "ਸੱਚੇ ਪਾਤਸ਼ਾਹ! ਮੋਟਰ ਵੀ ਵਿਗੜੀ ਹੋਈ ਹੈ, ਮੰਜੇ ਵੀ ਠੀਕ ਨਹੀਂ ਅਤੇ ਸਰਾਂ ਵਿੱਚ ਪੈਣ ਦੀ ਥਾਂ ਵੀ ਕੋਥਰੀ ਹੈ। ਹਜ਼ੂਰ ਕਿਰਪਾ ਕਰ ਕੇ ਰੇਲਵੇ ਸਟੇਸ਼ਨ 'ਤੇ ਚੱਲੋ। ਉੱਥੇ ਫ਼ਸਟ ਕਲਾਸ ਦਾ ਟਿਕਟ ਲੈ ਲਵਾਂਗੇ, ਹਜ਼ੂਰ ਆਪਣੇ ਵੇਟਿੰਗ ਰੂਮ ਵਿੱਚ ਅਰਾਮ ਕਰਨਾ।" ਭਾਈ ਰਾਮ ਸਿੰਘ ਤੇ ਡਰਾਈਵਰ ਨੇ ਵੀ ਇਸ ਦੀ ਪੁਸ਼ਟੀ ਕੀਤੀ। ਸਾਰਿਆਂ ਦੀ ਬੇਨਤੀ ਸੁਣ, ਸੰਤ ਜੀ ਮਹਾਰਾਜ ਨੇ ਮੋਟਰ ਡਰਾਈਵਰ ਨੂੰ ਪੁੱਛਿਆ ਕਿ ਭਾਈ ਤੈਨੂੰ ਕੱਲਿਆਂ ਪਿੱਛੇ ਤਕਲੀਫ਼ ਤਾਂ ਨਾ ਹੋਵੇਗੀ। ਉਸ ਨੇ ਆਖਿਆ, "ਨਹੀਂ, ਮਹਾਰਾਜ! ਏਥੇ ਕਈ ਮੋਟਰ ਦੇ ਕਾਰਖਾਨਿਆਂ ਵਾਲੇ ਮੇਰੇ ਜਾਣੂ ਹਨ। ਰਾਤ ਮੋਟਰ ਵਿੱਚ ਅਰਾਮ ਕਰਾਂਗਾ ਅਤੇ ਸਵੇਰੇ ਇਹਨਾਂ ਨੂੰ ਮਿਲ ਕੇ ਮੋਟਰ ਦਰੁਸਤ ਕਰ ਗੁਜਰਾਂਵਾਲੇ ਪੁੱਜ ਜਾਵਾਂਗਾ।" ਮੋਟਰ ਵਾਲੇ ਦੀ ਇਹ ਗੱਲ ਸੁਣ ਕੇ ਸੰਤ ਜੀ ਮਹਾਰਾਜ ਦੀ ਤਸੱਲੀ ਹੋ ਗਈ। ਮਹਾਂਪੁਰਖਾਂ ਦਾ ਸਦਾ ਹੀ ਇਹ ਬਿਰਦ ਰਿਹਾ ਹੈ ਕਿ ਆਪਣੇ ਨਾਲ ਦੇ ਸਾਥੀ ਦਾ ਪੂਰਾ ਖ਼ਿਆਲ ਕਰਨਾ।

ਹੁਣ ਮੋਟਰ ਤੋਂ ਉੱਤਰ ਪਏ ਅਤੇ ਅਸੀਂ ਤਿੰਨੇ ਪੰਜ ਕੁ ਮਿੰਟ ਵਿੱਚ ਸਟੇਸ਼ਨ 'ਤੇ ਅੱਪੜ ਗਏ। ਇੱਕ ਫ਼ਸਟ ਕਲਾਸ ਤੇ ਦੋ ਸਰਵੈਂਟ ਟਿਕਟ ਲੈ, ਵੇਟਿੰਗ ਰੂਮ ਵਿੱਚ ਸੰਤ ਜੀ ਮਹਾਰਾਜ ਨੂੰ ਅਰਾਮ ਕਰਾਇਆ ਅਤੇ ਆਪ ਵੀ ਚਾਰ ਕੁ ਘੰਟੇ ਲਈ ਲੇਟ ਗਏ। ਅੰਮ੍ਰਿਤ ਵੇਲੇ ਚਾਰ ਵਜੇ ਕਲਕੱਤਾ ਡਾਕ ਆਈ। ਏਸ 'ਤੇ ਚੜ੍ਹ ਲਾਹੌਰ ਪੁੱਜੇ। ਸਟੇਸ਼ਨ 'ਤੇ ਇੱਕ ਪ੍ਰੇਮੀ ਨੇ ਬੜੇ ਪ੍ਰੇਮ ਨਾਲ ਜਲ-ਪਾਣੀ ਛਕਾਇਆ ਅਤੇ ਦੂਸਰੀ ਗੱਡੀ ਬੈਠ ਗੁਜਰਾਂਵਾਲੇ ਆ ਗਏ। ਉਸ ਦਿਨ ਸ਼ਾਮ ਦੇ ਵੇਲੇ ਮੋਟਰ ਡਰਾਈਵਰ ਵੀ ਪੁੱਜ ਗਿਆ।

ਸ਼ਾਮ ਦੇ ਵੇਲੇ ਯਤੀਮਖਾਨੇ ਵਿੱਚ ਦੀਵਾਨ ਸਜਿਆ। ਏਸੇ ਤਰ੍ਹਾਂ ਸਵੇਰ-ਸ਼ਾਮ ਹਰ ਰੋਜ਼ ਦੀਵਾਨ ਸਜਦੇ ਰਹੇ ਤੇ ਸਾਰੇ ਸ਼ਹਿਰ ਦੀਆਂ ਸੰਗਤਾਂ ਹੁੰਮ-ਹੁੰਮਾ ਕੇ ਆਉਂਦੀਆਂ ਰਹੀਆਂ। ਜਿਸ ਦਿਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਗੁਰਦੁਆਰਾ ਸਾਹਿਬ ਵਿੱਚ ਹੋਇਆ, ਉਸ ਦਿਨ ਅਠਾਰ੍ਹਵੇ ਛੱਕੇ (**ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ ॥**) ਦੇ ਪਾਠ ਦੇ ਮਗਰੋਂ ਸੰਤ ਜੀ ਮਹਾਰਾਜ ਨੇ ਬੜੇ ਜ਼ੋਰ ਨਾਲ ਬਚਨ ਕੀਤਾ, "ਖਾਲਸਾ ਜੀ! ਇਹ ਧਰਤੀ ਬੜੀ ਹੀ ਪਵਿੱਤਰ ਹੈ। ਏਥੇ ਸੱਚੇ ਪਾਤਸ਼ਾਹ ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਆਏ ਸਨ।" ਆਸਾ ਦੀ ਵਾਰ ਦੇ ਭੋਗ ਦੇ ਮਗਰੋਂ ਮਾਸਟਰ ਛਹਿਬਰ ਸਿੰਘ ਨੇ ਖ਼ਾਲਸਾ ਤਵਾਰੀਖ਼ ਵੇਖੀ ਉਸ ਵਿੱਚ ਨਿਕਲਿਆ ਕਿ ਜਿਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਮਰਦਾਨੇ ਨੂੰ ਖੁਰਮਾਂ ਸ਼ਹਿਰ (ਕੁਰਮ) ਵਿਖੇ ਸਸਕਾਰ ਕਰਕੇ ਤਲਵੰਡੀ ਆਏ ਅਤੇ ਉੱਥੋਂ ਮਰਦਾਨੇ ਦੇ ਪੁੱਤਰ ਸ਼ਾਹਜ਼ਾਦੇ ਨੂੰ ਨਾਲ ਲੈ ਕੇ ਫੇਰ ਕੁਰਮ ਵੱਲ ਮੁੜੇ ਤਾਂ ਗੁਜਰਾਂਵਾਲੇ ਅਤੇ ਗੁਜਰਾਤ ਦੇ ਰਾਹ ਗਏ। ਇਹ ਗੱਲ ਭਰੇ ਦੀਵਾਨ ਵਿੱਚ ਮਾਸਟਰ ਛਹਿਬਰ ਸਿੰਘ ਨੇ ਸੁਣਾਈ ਅਤੇ ਆਖਿਆ ਕਿ ਜੋ ਸੰਤ ਜੀ ਮਹਾਰਾਜ ਨੇ ਫੁਰਮਾਇਆ ਹੈ, ਉਹ ਬਿਲਕੁਲ ਠੀਕ ਹੈ। ਇਤਿਹਾਸ ਵੀ ਇਸ ਗੱਲ ਦੀ ਪੂਰੀ-ਪੂਰੀ ਗਵਾਹੀ ਦਿੰਦਾ ਹੈ। ਸਿਰਫ਼ ਫ਼ਰਕ ਇੰਨਾਂ ਹੈ ਕਿ ਜਿਨ੍ਹਾਂ ਗੁਰਸਿੱਖਾਂ ਵਿੱਚ ਗੁਰੂ ਸੱਚੇ ਪਾਤਸ਼ਾਹ ਦੀ ਜੋਤ ਜਗ ਪੈਂਦੀ ਹੈ, ਉਹਨਾਂ ਦੇ ਹਿਰਦੇ ਵਿੱਚ ਚਰਨ

ਕੰਵਲਾਂ ਦੀ ਬਿਜਲੀ ਦੀ ਬੇਤਾਰ ਤਾਰ ਆ ਜਾਂਦੀ ਹੈ। ਅਸੀਂ ਸੰਸਾਰੀ ਜੀਵ ਉਹ ਅਸਥਾਨ ਨਹੀਂ ਭਾਲ ਸਕਦੇ। ਬਾਕੀ ਇਤਿਹਾਸਕ ਗੁਰਦੁਆਰਿਆਂ ਵਾਂਙਣ ਇਹ ਅਸਥਾਨ ਵੀ ਪਵਿਤ੍ਰ ਹੈ। ਏਥੇ ਅੱਗੇ ਵੀ ਕਈ ਵਾਰੀ ਅਜੀਬ ਕੌਤਕ ਹੋਏ ਅਤੇ ਹੁੰਦੇ ਰਹਿੰਦੇ ਹਨ। ਇਮਾਰਤ ਵੀ ਜਿਸ ਤਰ੍ਹਾਂ ਬਣੀ ਹੈ, ਉਹ ਸਤਿਗੁਰੂ ਹੀ ਜਾਣਦਾ ਹੈ। ਕਿਸ ਤਰ੍ਹਾਂ ਸੁਫਨੇ ਵਤ ਕਈ ਸਾਲ ਨੀਂਹ ਰੱਖੇ ਰਹਿਣ ਦੇ ਮਗਰੋਂ, ਸੰਤ ਜੀ ਮਹਾਰਾਜ ਦੇ ਇਕ ਨਿਰਮਾਨ ਸੇਵਕ ਸੰਤ ਤੇਜਾ ਸਿੰਘ ਪ੍ਰਿੰਸੀਪਲ ਗੁਰੂ ਨਾਨਕ ਖਾਲਸਾ ਕਾਲਜ ਗੁਜਰਾਂਵਾਲਾ ਦੇ ਅਰੰਭ ਕਰਨ ਨਾਲ, ਸਹਿਜ ਸੰਪੂਰਨ ਹੋ ਗਈ ਹੈ। ਸ਼ਹਿਰ ਤੋਂ ਬਾਹਰ ਕਿਧਰੇ ਉਗਰਾਹੀ ਕਰਨ ਦੀ ਲੋੜ ਨਹੀਂ ਪਈ। ਸਰਦਾਰ ਬਹਾਦਰ ਧਰਮ ਸਿੰਘ ਦਾ ਜਨਮ ਭਾਵੇਂ ਸਿਆਲਕੋਟ ਦੇ ਜ਼ਿਲ੍ਹੇ ਵਿੱਚ ਹੋਇਆ ਹੈ ਪਰ ਉਹ ਵੀ ਖਾਲਸਾ ਸਕੂਲ ਗੁਜਰਾਂਵਾਲੇ ਦੇ ਇੱਕ ਉੱਘੇ ਵਿਦਿਆਰਥੀ ਹਨ। ਗੁਜਰਾਂਵਾਲੇ ਦਾ ਉਹਨਾਂ ਤੇ ਜਨਮ ਭੂਮੀ ਨਾਲੋਂ ਘੱਟ ਹੱਕ ਨਹੀਂ। ਪੈਂਤੀ ਹਜ਼ਾਰ ਰੁਪਿਆ ਸੁਤੇ ਸਿਧ ਸਤਿਗੁਰੂ ਨੇ ਸਾਲ ਦੇ ਅੰਦਰ ਅੰਦਰ ਭੇਜ ਦਿੱਤਾ ਅਤੇ ਆਪਣਾ ਕਾਰਜ਼ ਆਪ ਹੀ ਪੂਰਾ ਕਰਵਾ ਲਿਆ।

**ਜਿਸ ਕਾ ਕਾਰਜੁ ਤਿਨ ਹੀ ਕੀਆ ਮਾਣਸੁ ਕਿਆ ਵੇਚਾਰਾ ਰਾਮ ॥ (੭੮੪)**

ਮਾਸਟਰ ਛਹਿਬਰ ਸਿੰਘ ਦੇ ਬਚਨ ਨੇ ਸੰਗਤਾਂ ਵਿੱਚ ਬੜਾ ਹੀ ਉਤਸ਼ਾਹ ਪੈਦਾ ਕੀਤਾ ਅਤੇ ਸੰਤ ਜੀ ਮਹਾਰਾਜ ਦੇ ਹੁਕਮ ਤੇ ਇਤਿਹਾਸ ਦੀ ਵੀ ਮੋਹਰ ਲਗ ਗਈ, ਉਸੇ ਦਿਨ ਤੋਂ ਇਹ ਗੁਰਦੁਆਰਾ ਸਤਿਸੰਗ ਦਾ ਬੜਾ ਭਾਰੀ ਕੇਂਦਰ ਬਣ ਗਿਆ। ਹੁਣ ਤੀਕਰ ਇਸ ਵਿੱਚ ਹਜ਼ਾਰਾਂ ਤੋਂ ਵੀ ਵਧੀਕ ਅਖੰਡ ਪਾਠ, ਸੰਤ ਬਾਬਾ ਸੁੰਦਰ ਸਿੰਘ ਅਲੀਬੇਗ ਵਾਲਿਆਂ ਦੇ ਪ੍ਰੇਮ ਕਰਕੇ ਹੋਏ ਹਨ ਅਤੇ ਹਜ਼ਾਰਾਂ ਹੀ ਪ੍ਰੇਮੀਆਂ ਨੇ, ਸੰਤ ਤੇਜਾ ਸਿੰਘ ਦੀ ਜੱਥੇਦਾਰੀ ਹੇਠ ਅੰਮ੍ਰਿਤ ਛਕਿਆ ਹੈ। ਇਸ ਵੇਲੇ ਇਹ ਨਾਮ ਬਾਣੀ ਅਤੇ ਅੰਮ੍ਰਿਤ ਪ੍ਰਚਾਰ ਦਾ ਸਦਾ ਲਈ ਇਕ ਉੱਘਾ ਸੋਮਾ ਬਣ ਗਿਆ ਹੈ ਜਦ ਤੀਕਰ ਸ੍ਰਿਸ਼ਟੀ ਹੈ, ਇਸ ਦੀ ਬਰਕਤ ਦਿਨ ਦੂਣੀ ਅਤੇ ਰਾਤ ਚੌਗੁਣੀ ਵਧਦੀ ਜਾਵੇਗੀ।*

ਇਸ ਸਮੇਂ ਸੰਤ ਜੀ ਮਹਾਰਾਜ ਨੇ ਸ਼ਹਿਰ ਦੀ ਸੰਗਤ ਦਾ ਬਾਣੀ ਨਾਲ ਅਦੁੱਤੀ ਪ੍ਰੇਮ ਦੇਖ ਕੇ, ਇੱਕ ਦਿਨ ਸਹਿਜ ਸੁਭਾਏ ਫੁਰਮਾਇਆ, "ਭਾਈ ਗੁਜਰਾਂਵਾਲਾ ਗੁਰੂ ਕੀ ਫੁਲਵਾੜੀ ਹੈ।"

ਹਫਤਾ ਕੁ ਸੰਤ ਗੁਜਰਾਂਵਾਲੇ ਬਿਰਾਜੇ, ਡੇਰਾ ਦਾਸ ਦੀ ਕੁਟੀਆ ਵਿੱਚ ਕੀਤਾ। ਕਈ ਗੁਰਮੁੱਖ ਸੱਜਣ ਦਰਸ਼ਨ ਮੇਲੇ ਲਈ ਆਉਂਦੇ ਅਤੇ ਸੰਤ ਜੀ ਮਹਾਰਾਜ ਦੀ ਰਸਨਾ ਤੋਂ ਅੰਮ੍ਰਿਤ ਬਚਨ ਸੁਣਦੇ। ਇਕ ਸਰਦਾਰ ਮੰਗਲ ਸਿੰਘ ਸਰੇ ਕੋਟ ਵਾਲੇ ਦਰਸ਼ਨ ਲਈ ਆਏ ਅਤੇ ਭੁਝੰਗੀ ਦੀ ਵਿੱਦਿਆ ਦੀ ਗੱਲ ਟੁਰ ਪਈ। ਸੰਤ ਜੀ ਮਹਾਰਾਜ ਨੇ ਸਹਿਜ ਸੁਭਾ ਸਰਦਾਰ ਨੂੰ ਆਖਿਆ, "ਭਾਈ, ਕੀ ਘਾਟਾ ਹੈ? ਬੱਚਿਆਂ ਨੂੰ ਗੁਰਮੁਖੀ ਵਿੱਦਿਆ ਵਿੱਚ ਨਿਪੁੰਨ ਕਰੋ।" ਸਰਦਾਰ ਸਾਹਿਬ ਦਾ ਖਿਆਲ ਆਪਣੇ ਬੱਚਿਆਂ ਨੂੰ ਚੀਫ਼ਸ ਕਾਲਜ ਲਾਹੌਰ ਭੇਜਣ ਦਾ ਸੀ ਪਰ ਸੰਤ ਜੀ ਮਹਾਰਾਜ ਦੇ ਹੁਕਮ ਮਿਲਣ ਦੇ ਮਗਰੋਂ, ਓਹਨਾਂ ਨੇ ਇਹ ਖਿਆਲ ਛੱਡ ਦਿੱਤਾ, ਆਪਣੇ ਭੁਝੰਗੀਆਂ ਨੂੰ ਖਾਲਸਾ ਕਾਲਜ ਅੰਮ੍ਰਿਤਸਰ ਭੇਜ ਦਿੱਤਾ ਅਤੇ ਗੁਰੂ ਘਰ ਦੀ ਵਿੱਦਿਆ ਚੰਗੀ ਤਰ੍ਹਾਂ ਪੜ੍ਹਾਈ। ਦੁਨਿਆਵੀ ਵਿਦਿਆ ਵੀ ਭੁਝੰਗੀ ਚੰਗੀ ਤਰ੍ਹਾਂ ਪੜ੍ਹਦੇ ਰਹੇ ਪਰ ਦੀਨ ਦੀ ਵਿਦਿਆ ਨੂੰ ਮੁੱਖ ਰੱਖਿਆ। ਹੁਣ ਦੋਵੇਂ ਭੁਝੰਗੀ ਨਾਮ ਬਾਣੀ ਦੇ ਨੇਮੀ ਅਤੇ ਪ੍ਰੇਮੀ ਹਨ, ਸਤਿਸੰਗ ਦਾ ਖਿਆਲ ਪ੍ਰਪੱਕ ਹੈ ਅਤੇ ਸਰਦਾਰਾਂ ਦੇ ਲੜਕਿਆਂ ਵਾਲੀ ਕੋਈ ਆਦਤ ਨਹੀਂ, ਮਾਸ, ਸ਼ਰਾਬ ਦੇ ਨੇੜੇ ਨਹੀਂ ਜਾਂਦੇ। ਇਹ ਗੱਲ ਸੋਲਾਂ ਆਨੇ ਸੱਚ ਹੈ:

**ਜੇ ਕੋ ਬਚਨੁ ਕਮਾਵੈ ਸੰਤਨ ਕਾ ਸੋ ਗੁਰ ਪਰਸਾਦੀ ਤਰੀਐ ॥ (੭੪੭)**

---

*ਜਬਾਨੀ ਮਾਸਟਰ ਛਹਿਬਰ ਸਿੰਘ।

ਓਸ ਦੀਆਂ ਮਾੜੀਆਂ ਆਦਤਾਂ (ਬਾਣਾਂ) ਮੁੱਕ ਜਾਂਦੀਆਂ ਹਨ ਅਤੇ ਮਨ ਦੇ ਉਤਾਰ-ਚੜ੍ਹਾ ਤੋਂ ਰਹਿਤ ਹੋ ਕੇ, ਉਹ ਸੰਕਲਪ-ਵਿਕਲਪ ਰੂਪੀ ਸੰਸਾਰ ਦੀ ਨਦੀ ਤੋਂ ਪਾਰ ਹੋ ਜਾਂਦਾ ਹੈ।

## ਹੁਕਮ ਮੰਨ ਗੁਜਰਾਂਵਾਲੇ ਕਾਲਜ ਤੋਂ ਅਸਤੀਫਾ ਦੇ, ਸੰਤਾਂ ਦੀ ਸੇਵਾ ਵਿੱਚ ਹਾਜ਼ਰ ਹੋਣਾ

ਦਮਦਮੇ ਸਾਹਿਬ ਦੇ ਗੁਰਮਤੇ ਅਨੁਸਾਰ, ਤੁਰਨ ਤੋਂ ਇੱਕ ਦਿਨ ਪਹਿਲਾਂ ਸੰਤ ਜੀ ਮਹਾਰਾਜ ਨੇ ਫੁਰਮਾਇਆ, "ਭਾਈ ਕਾਲਜ ਵਿੱਚੋਂ ਅਸਤੀਫਾ ਦੇ ਦਿਓ ਤੇ ਸਾਡੇ ਨਾਲ ਟੁਰ ਪਵੋ।" ਏਸ ਗੱਲ ਦੀ ਤਿਆਰੀ ਤਾਂ ਦਾਸ ਅੱਗੇ ਹੀ ਪੂਰੀ ਕਰ ਚੁੱਕਾ ਸੀ ਤੇ ਕਮੇਟੀ ਦੇ ਮੈਂਬਰਾਂ ਨੂੰ ਆਖ ਚੁੱਕਾ ਸੀ ਕਿ ਸਤਿਗੁਰੂ ਦੀ ਮਿਹਰ ਨਾਲ ਬੜਾ ਚੰਗਾ ਨਤੀਜਾ ਨਿਕਲਣ ਕਰਕੇ ਕਾਲਜ ਪੱਕੇ ਪੈਰੀਂ ਹੋ ਗਿਆ ਹੈ। ਹੁਣ ਜੇ ਤੁਸੀਂ ਚਾਹੁੰਦੇ ਹੋ ਕਿ ਇਹ ਕਾਲਜ ਚੱਲਦਾ ਰਹੇ ਤਾਂ ਬਾਵਾ ਹਰਿਕਿਸ਼ਨ ਸਿੰਘ ਐਮ. ਏ. ਨੂੰ ਪ੍ਰਿੰਸੀਪਲ ਬਣਾ ਲਵੋ। ਹੁਕਮ ਮੰਨ ਕੇ ਅਸਤੀਫ਼ਾ ਦੇ ਦਿੱਤਾ ਤੇ ਆਖ ਦਿੱਤਾ ਕਿ ਕੱਲ੍ਹ ਸੰਤ ਜੀ ਮਹਾਰਾਜ ਨਾਲ ਦਾਸ ਕਸ਼ਮੀਰ ਜਾਏਗਾ।

ਦੂਜੇ ਦਿਨ ਪ੍ਰਸ਼ਾਦ ਛਕਣ ਦੇ ਮਗਰੋਂ ਸੰਤ ਜੀ ਮਹਾਰਾਜ ਨੇ 'ਸੰਤ ਕੁਟੀ ਅਤਰ ਹਰੀ ਬੁੰਗਾ' ਵਿੱਚ ਅਰਾਮ ਕੀਤਾ ਤੇ ਓਥੋਂ ਸਿੱਧਾ ਸ: ਹਰਦਿੱਤ ਸਿੰਘ ਡਿਪਟੀ ਕਮਿਸ਼ਨਰ ਗੁਜਰਾਂਵਾਲੇ ਦੀ ਕੋਠੀ ਚਲੇ ਗਏ। ਦਾਸ ਨੂੰ ਕਾਲਜ ਦੇ ਪ੍ਰੋਫ਼ੈਸਰਾਂ ਅਤੇ ਭੁਝੰਗੀਆਂ ਨੇ ਵਿਦਾਇਗੀ ਦਾ ਜਲਸਾ ਤੇ ਟੀ-ਪਾਰਟੀ ਦਿੱਤੀ ਹੋਈ ਸੀ। ਏਸ ਨੂੰ ਭੁਗਤਾਉਣ ਦੇ ਮਗਰੋਂ ਸਿੱਧਾ ਸ: ਹਰਦਿੱਤ ਸਿੰਘ ਦੀ ਕੋਠੀ ਪੁੱਜ ਗਿਆ। ਇਹ ਸੰਤ ਜੀ ਮਹਾਰਾਜ ਦੇ ਬੜੇ ਸ਼ਰਧਾਲੂ ਤੇ ਗਿਣੇ ਹੋਏ ਸੇਵਕ ਸਨ। ਸੰਤ ਜੀ ਮਹਾਰਾਜ ਦੀ ਕਿਰਪਾ ਦੁਆਰਾ ਹੀ ਇਹ ਛੋਟੀ ਜਿਹੀ ਉਮਰ ਵਿੱਚ ਇੰਗਲੈਂਡ ਪੜ੍ਹਾਈ ਲਈ ਗਏ ਸਨ। ਓਥੇ ਮਹਾਰਾਜ ਜੀ ਦਾ ਹੱਥ ਸਿਰ 'ਤੇ ਹੋਣ ਕਰਕੇ ਅਡੋਲ ਸਿੱਖੀ ਸਿਦਕ ਨਿਭਾਇਆ ਸੀ। ਇਹ ਹਵਾਈ ਜਹਾਜ਼ ਦੇ ਇੱਕ ਖਾਸ ਮਾਹਿਰ ਸਨ ਤੇ ਸੰਨ ੧੯੧੪-੧੫ ਈਸਵੀ ਵਾਲੇ ਜੰਗ ਸਮੇਂ ਫਰਾਂਸ ਵਿੱਚ ਉੱਘੀ ਸੇਵਾ ਕਰਨ ਦੇ ਕਾਰਨ ਇਹਨਾਂ ਨੂੰ ਸਿਵਲ ਸਰਵਿਸ ਵਿੱਚ ਲੈ ਲਿਆ ਗਿਆ ਸੀ। ਸਰਦਾਰ ਸਾਹਿਬ ਦੇ ਸਾਰੇ ਪਰਿਵਾਰ ਨੇ ਬੜੀ ਸ਼ਰਧਾ ਤੇ ਪ੍ਰੇਮ ਨਾਲ ਸੰਤ ਜੀ ਮਹਾਰਾਜ ਦੀ ਟਹਿਲ ਕੀਤੀ, ਸ਼ਾਮ-ਸਵੇਰ ਦੇ ਦੀਵਾਨ ਕੋਠੀ ਵਿੱਚ ਹੀ ਲੱਗੇ। ਦੂਜੇ ਦਿਨ ਸਵੇਰ ਦਾ ਪ੍ਰਸ਼ਾਦ ਛਕ ਕੇ ਸੰਤ ਸਿਆਲਕੋਟ ਟੁਰ ਪਏ। ਏਥੇ ਸ: ਖੜਕ ਸਿੰਘ ਦੇ ਬਾਗ਼ ਵਿਖੇ ਜਿਹੜਾ ਕਿ ਬਾਬੇ ਜੀ ਦੀ ਬੇਰ ਨਾਲ ਹੀ ਹੈ, ਇੱਕ ਚੁਬਾਰੇ ਵਿੱਚ ਡੇਰਾ ਕੀਤਾ।

ਸਿਆਲਕੋਟ ਬਹੁਤ ਅੰਮ੍ਰਿਤ ਪ੍ਰਚਾਰ ਹੋਇਆ ਅਤੇ ਸੰਤ ਜੀ ਮਹਾਰਾਜ ਨੇ ਸੰਗਤਾਂ ਨੂੰ ਗੁਰਮਤਿ ਉਪਦੇਸ਼ ਦੇ ਕੇ ਬਹੁਤ ਨਿਹਾਲ ਕੀਤਾ। ਸੰਤ ਜੀ ਮਹਾਰਾਜ ਜੰਮੂ ਗਏ ਉੱਥੋਂ ਸੰਗਤਾਂ ਵਿੱਚ ਗੁਰਮਤਿ ਦਾ ਪ੍ਰਚਾਰ ਕਰਦੇ ਹੋਏ ਕਸ਼ਮੀਰ ਦੌਰਾ ਕੀਤਾ। ਫਿਰ ਰਾਵਲਪਿੰਡੀ ਦੇ ਰਸਤੇ ਗੁਜਰਾਂਵਾਲੇ ਹੁੰਦੇ ਹੋਏ ਅੰਮ੍ਰਿਤਸਰ ਪੁੱਜੇ, ਜਿੱਥੇ ਆਪਣੇ ਪੁਰਾਣੇ ਸੇਵਕ ਆਤਮਾ ਸਿੰਘ ਨੂੰ, ਜੋ ਅਖੀਰਲੇ ਸਮੇਂ ਦਰਸ਼ਨਾਂ ਦੀ ਖਿੱਚ ਕਰ ਰਿਹਾ ਸੀ ਨਿਹਾਲ ਕਰਕੇ ਅੰਮ੍ਰਿਤਸਰ ਤੋਂ ਗੱਡੀ ਚੜ੍ਹ ਬਾਲੇਵਾਲ ਪੁੱਜੇ ਅਤੇ ਕੁਝ ਦਿਨ ਅਰਾਮ ਕੀਤਾ। ਫਿਰ ਸੰਤ ਜੀ ਮਹਾਰਾਜ ਗੁਰੂਸਾਗਰ ਸਾਹਿਬ ਮਸਤੂਆਣੇ ਆ ਗਏ।

# ਕਾਂਡ ੨੪

ਸੂਹੀ ਮਹਲਾ ੫ ॥

ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ ॥
ਨਿਰਬਾਣ ਕੀਰਤਨੁ ਗਾਵਹੁ ਕਰਤੇ
ਕਾ ਨਿਮਖ ਸਿਮਰਤ ਜਿਤੁ ਛੂਟੈ ॥੧॥
ਸੰਤਹੁ ਸਾਗਰੁ ਪਾਰਿ ਉਤਰੀਐ ॥
ਜੇ ਕੋ ਬਚਨੁ ਕਮਾਵੈ ਸੰਤਨ ਕਾ ਸੋ ਗੁਰ ਪਰਸਾਦੀ ਤਰੀਐ ॥੧॥ ਰਹਾਉ ॥
ਕੋਟਿ ਤੀਰਥ ਮਜਨ ਇਸਨਾਨਾ ਇਸੁ ਕਲਿ ਮਹਿ ਮੈਲੁ ਭਰੀਜੈ ॥
ਸਾਧਸੰਗਿ ਜੋ ਹਰਿ ਗੁਣ ਗਾਵੈ ਸੋ ਨਿਰਮਲੁ ਕਰਿ ਲੀਜੈ ॥੨॥
ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ ਇਨ੍ਹ ਪੜਿਆ ਮੁਕਤਿ ਨ ਹੋਈ ॥
ਏਕੁ ਅਖਰੁ ਜੋ ਗੁਰਮੁਖਿ ਜਾਪੈ ਤਿਸ ਕੀ ਨਿਰਮਲ ਸੋਈ ॥੩॥
ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ ॥
ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ ਘਟਿ ਘਟਿ ਨਾਨਕ ਮਾਝਾ ॥੪॥੩॥੫੦॥ (੭੪੭-੪੮)

ਇਕ ਦਿਨ ਸੰਤ ਜੀ ਮਹਾਰਾਜ ਨੇ ਦਾਸ ਨੂੰ ਕਿਹਾ ਕਿ ਭਾਈ ਤੇਜਾ ਸਿੰਘ ਇਸ ਵੇਲੇ ਸ਼੍ਰੋਮਣੀ ਪ੍ਰਬੰਧਕ ਕਮੇਟੀ ਸਾਰੇ ਪੰਥ ਵਿੱਚ ਉੱਘੀ ਹੈ, ਤੁਸੀਂ ਜਾ ਕੇ ਮਾਸਟਰ ਤਾਰਾ ਸਿੰਘ ਜੀ ਅਤੇ ਹੋਰ ਪ੍ਰੇਮੀਆਂ ਨੂੰ ਮਿਲੋ ਤੇ ਸਾਡੇ ਤਰਫੋਂ ਪ੍ਰੇਰਨਾ ਕਰੋ ਕਿ ਅਕਾਲ ਕਾਲਜ ਦਾ ਕੋਈ ਯੋਗ ਪ੍ਰਬੰਧ ਕਰਨ। ਹੁਕਮ ਮੰਨ ਉੱਥੋਂ ਰਾਤ ਦੀ ਗੱਡੀ ਚੜ੍ਹ ਕੇ ਦਾਸ ਜਲਦੀ ਸਵੇਰੇ ਅੰਮ੍ਰਿਤਸਰ ਸਾਹਿਬ ਪੁੱਜ ਗਿਆ।

ਸੁਧਾ ਸਰੋਵਰ ਵਿੱਚ ਇਸ਼ਨਾਨ ਕਰ ਕੁਝ ਚਿਰ ਹਰਿਮੰਦਰ ਸਾਹਿਬ ਵਿੱਚ ਕੀਰਤਨ ਦਾ ਅਨੰਦ ਲਿਆ। ਫੇਰ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫਤਰ ਵਿੱਚ ਗਿਆ। ਓਥੋਂ ਪਤਾ ਲੱਗਾ ਕਿ ਪੂਰੇ ਪੰਜ ਵਜੇ ਮਾਸਟਰ ਤਾਰਾ ਸਿੰਘ ਜੀ ਰਾਮਬਾਗ ਵਾਲੀ ਸੜਕ ਉਤੇ ਹਸਪਤਾਲ ਵਾਲੇ ਪਾਸੇ ਨੁੱਕਰ ਦੇ ਮਕਾਨ ਵਿੱਚ ਹੋਣਗੇ, ਓਥੇ ਕੁਝ ਕਮੇਟੀ ਦੇ ਪ੍ਰੇਮੀ ਪਰਸਪਰ ਵਿਚਾਰ ਲਈ ਇਕੱਠੇ ਹੋਣਗੇ। ਪ੍ਰਸ਼ਾਦ ਛਕ, ਕੁਝ ਚਿਰ ਦਾਸ ਨੇ ਆਰਾਮ ਕੀਤਾ ਅਤੇ ਫੇਰ ਪੰਜ ਵਜੇ ਉਸ ਮਕਾਨ ਤੇ ਗਿਆ।

ਮਾਸਟਰ ਤਾਰਾ ਸਿੰਘ ਜੀ ਅਤੇ ਹੋਰ ਹਾਜ਼ਰ ਪ੍ਰੇਮੀਆਂ ਨੂੰ ਸੰਤ ਜੀ ਮਹਾਰਾਜ ਦਾ ਸੁਨੇਹਾ ਦਿੱਤਾ। ਮਾਸਟਰ ਤਾਰਾ ਸਿੰਘ ਜੀ ਨੇ ਬਚਨ ਕੀਤਾ ਕਿ ਕੱਲ੍ਹ ਰਾਤ ਦੀ ਗੱਡੀ ਚੜ੍ਹ, ਅਸੀਂ ਤੁਹਾਡੇ ਨਾਲ ਬਾਲੇਵਾਲ ਚਲਾਂਗੇ ਅਤੇ ਸੰਤ ਜੀ ਮਹਾਰਾਜ ਨਾਲ ਵਿਚਾਰ ਕਰ ਲਵਾਂਗੇ। ਏਹ ਬਚਨ ਕਰਕੇ ਮਾਸਟਰ ਜੀ ਤਾਂ ਖਾਲਸਾ ਕਾਲਜ ਆਪਣੇ ਆਸਨ ਤੇ ਚਲੇ ਗਏ ਅਤੇ ਦਾਸ ਸਮਾਂ ਮਿਲਣ ਪਰ ਗੁਜਰਾਂਵਾਲੇ ਆਇਆ। ਏਥੇ ਆ ਕੇ ਕੀ ਦੇਖਦਾ ਹਾਂ ਕਿ ਦਾਸ ਵਾਲੀ ਕੁਟੀਆ ਤਾਂ ਕਿਰਾਏ ਤੇ ਚੜ੍ਹੀ ਹੈ ਅਤੇ ਦਾਸ ਦੀ ਮਾਤਾ, ਸਿੰਘਣੀ ਅਤੇ ਬੱਚੀ, ਕੰਵਰ ਗੜ੍ਹ ਇਕ ਕਰਾਏ ਦੇ ਮਕਾਨ ਵਿੱਚ ਰਹਿੰਦੇ ਹਨ। ਜਦ ਇਨਾਂ ਨੂੰ ਦਾਸ ਮਿਲਿਆ ਤਾਂ ਇਹਨਾਂ

ਨੇ ਅਰਜ਼ ਕੀਤੀ ਕਿ ਏਧਰੋਂ ਤਾਂ ਤੁਸੀਂ ਸਾਨੂੰ ਛੱਡ ਕੇ ਸੰਤ ਜੀ ਮਹਾਰਾਜ ਦੀ ਸੇਵਾ ਵਿੱਚ ਚਲੇ ਗਏ, ਉਧਰੋਂ ਭੁਝੰਗੀ ਮੁਕੰਦ ਸਿੰਘ ਨੇ ਕੋਠੀ ਕਾਲਜ ਨੂੰ ਕਿਰਾਏ 'ਤੇ ਦੇ ਕੇ ਸਾਨੂੰ ਏਥੇ ਆ ਸੁੱਟਿਆ। ਇੱਕ ਤਾਂ ਤੁਹਾਡੇ ਵਿਛੋੜੇ ਦੀ ਸੱਟ, ਦੂਜੇ ਪਾਸੇ ਫੋਰਨ ਹੀ ਕੁਟੀਆ ਵਿੱਚੋਂ ਕੱਢੇ ਜਾਣ ਨੇ ਸਾਡੇ ਦਿਲ ਨੂੰ ਅਤੀ ਦੁੱਖੀ ਕੀਤਾ। ਏਸ ਕਰਕੇ ਅਸੀਂ ਤੁਹਾਨੂੰ ਦਿਨ-ਰਾਤ ਯਾਦ ਕਰਦੇ ਸੀ ਕਿ ਕਦੋਂ ਆਉਣ ਅਤੇ ਸਾਡੇ ਦੁੱਖ ਦੀ ਨਵਿਰਤੀ ਕਰਨ। ਸਵੇਰੇ ਪਤਾ ਲੱਗਾ ਕਿ ਕੁਟੀਆ ਸਾਲ ਵਾਸਤੇ ਕਿਰਾਏ 'ਤੇ ਲਿਖੀ ਗਈ ਹੈ। ਓਸ ਵੇਲੇ ਕਿਸੇ ਨੂੰ ਕੁਝ ਆਖਣਾ ਵਾਜਬ ਨਾ ਸਮਝਿਆ। ਘਰ ਵਾਲਿਆਂ ਨੂੰ ਧੀਰਜ ਦਿੱਤੀ ਅਤੇ ਦਿਲ ਵਿੱਚ ਇਹ ਇਰਾਦਾ ਪੱਕਾ ਕਰ ਲਿਆ ਕਿ ਸਾਲ ਦੇ ਮਗਰੋਂ, ਜਦੋਂ ਕਦੀ ਸਮਾਂ ਮਿਲਿਆ, ਕੁਟੀਆ ਆਪਣੀ ਸਪੁਤਨੀ ਦੇ ਨਾਉਂ ਕਰ ਦੇਣੀ ਹੈ ਤਾਂ ਕਿ ਜਦ ਤੀਕਰ ਇਹਦਾ ਸਰੀਰ ਹੈ, ਇਹ ਸੁਤੰਤਰ ਹੋ ਕੇ ਏਥੇ ਆਪਣੀ ਦਿਨ ਕੱਟੀ ਕਰੇ।

ਦੂਜੇ ਦਿਨ ਗੱਡੀ ਚੜ੍ਹ ਦਾਸ ਅੰਮ੍ਰਿਤਸਰ ਪੁੱਜਾ। ਪਹਿਲਾਂ ਤਾਂ ਦਫ਼ਤਰ ਵਿੱਚ ਪਤਾ ਕੀਤਾ, ਫੇਰ ਮਾਸਟਰ ਤਾਰਾ ਸਿੰਘ ਦੇ ਡੇਰੇ ਗਿਆ। ਇਹਨਾਂ ਨੇ ਨਾਲ ਜਾਣ ਤੋਂ ਨਾਂਹ ਕਰ ਦਿੱਤੀ। ਖੋਜ ਕਰਨ ਤੋਂ ਪਤਾ ਲੱਗਾ ਕਿ ਕਿਸੇ ਪ੍ਰੇਮੀ ਨੇ ਕੋਈ ਹੋਰ ਪ੍ਰੇਰਨਾ ਕਰਕੇ ਇਹਨਾਂ ਦੀ ਸਲਾਹ ਬਦਲ ਦਿੱਤੀ ਹੈ। ਦਾਸ ਨਿਰਾਸ ਹੋ ਕੇ ਓਸੇ ਰਾਤ ਗੱਡੀ ਚੜ੍ਹ ਬਾਲੇਵਾਲ ਟੁਰ ਪਿਆ ਅਤੇ ਓਥੇ ਦੂਜੀ ਸਵੇਰ ਪਹੁੰਚ ਸਾਰੀ ਗੱਲਬਾਤ ਸੰਤ ਜੀ ਮਹਾਰਾਜ ਦੀ ਸੇਵਾ ਵਿੱਚ ਅਰਜ਼ ਕਰ ਦਿੱਤੀ। ਮਹਾਰਾਜ ਜੀ ਨੇ ਫੁਰਮਾਇਆ, "ਅੱਛਾ ਭਾਈ! ਪ੍ਰੇਮੀਆਂ ਦੀ ਮਰਜ਼ੀ।"

## ਸੰਤ ਚਰਨ ਧਰਉ ਮਾਥੈ ॥

ਇੱਕ ਦਿਨ ਬਾਲੇਵਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਦਿਆਂ ਦਾਸ ਦੇ ਹਿਰਦੇ ਵਿੱਚ ਏਹ ਤੁਕ ਵੱਸ ਗਈ (**ਸੰਤ ਚਰਨ ਧਰਉ ਮਾਥੈ ਚਾਂਦਨਾ ਗ੍ਰਿਹਿ ਹੋਇ ਅੰਧੇਰੈ ॥**) (੧੩●੧) ਚਿੱਤ ਵਿੱਚ ਬੜਾ ਹੀ ਤੀਬਰ ਸੰਕਲਪ ਪੈਦਾ ਹੋ ਗਿਆ ਕਿ ਸਤਿਗੁਰੂ ਕੋਈ ਏਹੋ ਜੇਹਾ ਭਾਗਾਂ ਵਾਲਾ ਸਮਾਂ ਬਣਾਵੇ ਕਿ ਸੰਤ ਜੀ ਮਹਾਰਾਜ ਦੇ ਚਰਨ ਮੱਥੇ 'ਤੇ ਟਿਕਣ ਅਤੇ ਏਸ ਦੇ ਕਈ ਜਨਮਾਂ ਦੇ ਪੁੱਠੇ ਲੇਖ ਸਿੱਧੇ ਹੋ ਜਾਵਣ। ਓਸੇ ਦਿਨ ਜਦ ਪਾਠ ਕਰਨ ਦੇ ਮਗਰੋਂ ਦਾਸ ਗੁਰਦੁਆਰੇ ਸਾਹਿਬ ਤੋਂ ਸੰਤ ਜੀ ਮਹਾਰਾਜ ਦੀ ਕੋਠੀ ਪੁੱਜਾ ਅਤੇ ਨਮਸਕਾਰ ਕਰ ਚਰਨਾਂ ਵਿੱਚ ਬੈਠ ਗਿਆ ਤਦ ਮਹਾਰਾਜ ਜੀ ਨੇ ਫੁਰਮਾਇਆ, "ਭਾਈ ਤੇਜਾ ਸਿੰਘ! ਇੱਕ ਪ੍ਰੇਮੀ ਸਾਨੂੰ ਰਫਲ ਦਾ ਤੇਲ ਦੇ ਗਿਆ ਹੈ। ਏਸ ਦੀ ਮਾਲਸ਼ ਸਾਡੀਆਂ ਲੱਤਾਂ ਵਾਸਤੇ ਬੜੀ ਚੰਗੀ ਹੈ, ਤੁਸੀਂ ਹਰ ਰੋਜ਼ ਸਾਡੀ ਮਾਲਸ਼ ਕਰਿਆ ਕਰੋ।" ਅੰਤਰਜਾਮੀ ਸੰਤ ਜੀ ਮਹਾਰਾਜ ਨੇ ਦਾਸ ਦਾ ਸੰਕਲਪ ਪੂਰਾ ਕਰਨ ਹਿੱਤ ਏਹ ਸੇਵਾ ਏਸ ਕੀਟ ਨੂੰ ਬਖਸ਼ੀ। ਹੁਣ ਤਾਂ ਦਾਸ ਲਈ ਚਰਨ ਛੋਹ ਦਾ ਖਜ਼ਾਨਾ ਖੁੱਲ੍ਹ ਗਿਆ। ਨਿੱਤਨੇਮ ਆਸਾ ਦੀ ਵਾਰ ਦੇ ਭੋਗ ਮਗਰੋਂ, ਜਲ-ਪਾਣੀ ਛਕ, ਧੁੱਪ ਵਿੱਚ ਮਹਾਰਾਜ ਜੀ ਦੀ ਮੰਜੀ ਡਾਹ, ਲੱਤਾਂ ਦੀ ਮਾਲਸ਼ ਕਰਦਾ ਅਤੇ ਚਰਨ ਮਸਤਕ 'ਤੇ ਧਰ ਰੱਬੀ ਛੋਹ ਦੁਆਰਾ ਉਹ ਅਨੰਦ ਪ੍ਰਾਪਤ ਕਰਦਾ ਜਿਸ ਦਾ ਵਰਨਣ ਲਿਖਤ ਦੀ ਤਾਕਤ ਤੋਂ ਬਾਹਰ ਹੈ।

ਮਸਤੂਆਣੇ ਤੋਂ ਸੰਤ ਜੀ ਮਹਾਰਾਜ ਲੋ ਸ਼ਿਮਲੀ ਗਏ ਉਥੋਂ ਸੰਤ ਜੀ ਪਟਿਆਲੇ ਆਏ। ਸੰਗਤਾਂ ਨੂੰ ਸ਼ਬਦ-ਕੀਰਤਨ ਰਾਹੀਂ ਨਿਹਾਲ ਕੀਤਾ। ਫਿਰ ਦਿੱਲੀ ਦੀ ਸੰਗਤ ਦੀ ਖਿੱਚ ਕਰਕੇ ਪਟਿਆਲੇ ਤੋਂ ਦਿੱਲੀ ਚਲੇ ਗਏ ਅਤੇ ਧਰਮ ਸਿੰਘ ਦੀ ਕੋਠੀ ਵਿੱਚ ਨਿਵਾਸ ਕੀਤਾ। ਸਵੇਰੇ-ਸ਼ਾਮ ਗੁਰਦੁਆਰਾ ਬੰਗਲਾ ਸਾਹਿਬ ਨਵੀਂ ਦਿੱਲੀ ਦੀਵਾਨ ਸਜਦਾ।

ਏਕ ਚਿਤ ਜਿਹ ਇਕ ਛਿਨ ਧਿਆਇਓ ਕਾਲ ਫਾਸ ਕੇ ਬੀਚ ਨ ਆਇਓ ॥ (ਅਕਾਲ ਉਸਤਤਿ)

ਇਕ ਦਿਨ ਬੰਗਲੇ ਸਾਹਿਬ ਅੰਮ੍ਰਿਤ ਵੇਲੇ ਦੇ ਦੀਵਾਨ ਵਿੱਚ ਸੰਤ ਜੀ ਮਹਾਰਾਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬੇ ਸਜੇ ਹੋਏ ਸਨ। ਦਾਸ ਏਹਨਾਂ ਦੇ ਕੋਲ ਖੱਬੇ ਹੱਥ ਜਥੇ ਨਾਲ ਮਿਲ ਕੇ ਕੀਰਤਨ ਕਰ ਰਿਹਾ ਸੀ। ਕੀਰਤਨ ਦੀ ਅਦੁੱਤੀ ਲਹਿਰ ਵਿੱਚ ਇੱਕ ਐਸਾ ਸਮਾਂ ਆਇਆ ਕਿ ਦਾਸ ਦੀ ਬਿਰਤੀ ਇੱਕ-ਟੱਕ ਜੁੜ ਗਈ। ਏਹ ਭਾਸਣ ਲੱਗ ਪਿਆ ਕਿ ਸੰਤ ਸਮੁੰਦਰ ਹਨ ਤੇ ਓਹਨਾਂ ਵਿੱਚੋਂ ਸ਼ਬਦ ਦੀਆਂ ਛੱਲਾਂ ਉੱਛਲ-ਉੱਛਲ ਕੇ ਬਾਹਰ ਪੈ ਰਹੀਆਂ ਹਨ। ਦਾਸ ਕੰਢੇ 'ਤੇ ਇੱਕ ਸੁੱਕਾ ਹੋਇਆ ਟੋਇਆ ਹੈ। ਥੋੜ੍ਹੇ ਚਿਰ ਪਿੱਛੋਂ ਪ੍ਰਤੀਤ ਹੋਇਆ ਕਿ ਛੱਲਾਂ ਪੈ-ਪੈ ਟੋਇਆ ਤੇ ਸਮੁੰਦਰ ਇੱਕ ਹੋ ਗਏ ਹਨ। ਏਸ ਸਮੇਂ ਅਨੁਭਵ ਹੋਇਆ, "ਦੁਨੀਆਂ ਹੈ ਨਹੀਂ, ਸਰੀਰ ਹੈ ਨਹੀਂ।" ਤਦ ਇੱਕ ਅਵਾਜ਼ ਅੰਦਰੋਂ ਆਈ ਜਿਹੜਾ ਇਹ ਅਨੁਭਵ ਕਰ ਰਿਹਾ ਹੈਂ ਕਿ ਦੁਨੀਆਂ ਹੈ ਨਹੀਂ, ਸਰੀਰ ਹੈ ਨਹੀਂ, ਉਹ ਤਾਂ ਹੈ। ਬਸ ਛਿੰਨ ਵਿੱਚ ਏਹ ਪ੍ਰਤੱਖ ਹੋ ਗਿਆ ਕਿ ਆਤਮਾ ਹੈ, ਦੇਹ ਹੈ ਨਹੀਂ। ਏਸ ਦੇ ਮਗਰੋਂ ਦਾਸ ਦੇ ਨੇਤਰ ਖੁੱਲ੍ਹ ਗਏ। ਇਉਂ ਭਾਸੇ ਕਿ ਬਿਰਤੀ ਕਿਸੇ ਹੋਰ ਦੇਸ ਵਿੱਚ ਜਾ ਪੁੱਜੀ ਹੈ। ਏਸ ਤੋਂ ਦੂਜੇ ਦਿਨ ਏਕਾਂਤ ਵਿੱਚ ਬੈਠੇ ਸੰਤ ਜੀ ਮਹਾਰਾਜ ਨੇ ਗੜਵਈ ਭਾਈ ਰਾਮ ਸਿੰਘ ਨੂੰ ਆਖਿਆ, "ਭਾਈ ਰਾਮ ਸਿੰਘ ਜੀ! ਹੁਣ ਤੇਜਾ ਸਿੰਘ ਜੀ ਅਨੰਦ ਹਨ। ਅੱਗੇ ਟੱਲੀ ਖੜਕਦੀ ਸੀ।" ਇਹ ਸੁਣ ਦਾਸ ਨੇ ਹੱਥ ਜੋੜ ਬੇਨਤੀ ਕੀਤੀ, "ਸੱਚੇ ਪਾਤਸ਼ਾਹ! ਹਜ਼ੂਰ ਦੀ ਮਿਹਰ ਦੁਆਰਾ ਬੰਗਲੇ ਸਾਹਿਬ ਇਹ ਛਿੰਨ ਪ੍ਰਤੀਤ ਹੋਈ ਹੈ।"

ਏਕ ਚਿਤ ਜਿਹ ਇਕ ਛਿਨ ਧਿਆਇਓ ਕਾਲ ਫਾਸ ਕੇ ਬੀਚ ਨ ਆਇਓ। (ਅਕਾਲ ਉਸਤਤਿ)

ਸੰਤ ਜੀ ਮਹਾਰਾਜ ਨੇ ਫੁਰਮਾਇਆ, "ਭਾਈ! ਏਸ ਨੂੰ ਵਧਾਓ।"

ਏਸ ਗੱਲ ਤੋਂ ਚਾਰ ਦਿਨਾਂ ਮਗਰੋਂ ਸੰਤ ਜੀ ਦਿੱਲੀ ਤੋਂ ਧੌਲਪੁਰ 'ਤੇ ਉੱਤਰ, ਬਰੇਲੀ ਸਰਦਾਰ ਧਰਮ ਸਿੰਘ ਦੀਆਂ ਪੱਥਰਾਂ ਦੀਆਂ ਕਾਨਾਂ ਵਿੱਚ ਚਲੇ ਗਏ। ਉੱਥੇ ਬਾਹਰ ਇੱਕ ਸਰਕਾਰੀ ਬੰਗਲੇ ਵਿੱਚ ਡੇਰਾ ਕੀਤਾ। ਏਥੇ ਸਵੇਰ-ਸ਼ਾਮ ਦੀਵਾਨ ਸਜਦੇ ਅਤੇ ਕਾਨ ਵਿੱਚ ਕੰਮ ਕਰਨ ਵਾਲੇ ਸਾਰੇ ਸਿੱਖ ਮਾਈ-ਭਾਈ ਹਾਜ਼ਰ ਹੁੰਦੇ।

ਉੱਥੋਂ ਚੱਲ ਸੰਤ ਜੀ ਮਹਾਰਾਜ ਦਿੱਲੀ ਆਏ ਅਤੇ ਸ. ਬਹਾਦਰ ਧਰਮ ਸਿੰਘ ਦੀ ਕੋਠੀ ਠਹਿਰੇ ਤੇ ਉਸ ਤੋਂ ਬਾਅਦ ਬਾਲੇਬਾਲ ਪੁੱਜੇ। ਫਿਰ ਉੱਥੋਂ ਰਾਮ ਨਗਰ ਸਿਵੀਆਂ ਗਏ, ਸਰਦਾਰ ਗੋਵਿੰਦਰ ਸਿੰਘ ਦੀ ਕੋਠੀ ਵਿੱਚ ਡੇਰਾ ਕੀਤਾ ਅਤੇ ਸਵੇਰੇ-ਸ਼ਾਮ ਦੀਵਾਨ ਸਜਦੇ।

# ਕਾਂਡ ੨੫

ਊਚਾ ਚੜੈ ਸੁ ਪਵੈ ਪਇਆਲਾ ॥
ਧਰਨਿ ਪੜੈ ਤਿਸੁ ਲਗੈ ਨ ਕਾਲਾ ॥ (੩੭੪)

ਸੋਰਠਿ ਮਹਲਾ ੧ ਘਰੁ ੩ ੧ੴ ਸਤਿਗੁਰ ਪ੍ਰਸਾਦਿ ॥
ਜਾ ਤਿਸੁ ਭਾਵਾ ਤਦ ਹੀ ਗਾਵਾ ॥ ਤਾ ਗਾਵੇ ਕਾ ਫਲੁ ਪਾਵਾ ॥
ਗਾਵੇ ਕਾ ਫਲੁ ਹੋਈ॥ ਜਾ ਆਪੇ ਦੇਵੈ ਸੋਈ॥੧॥
ਮਨ ਮੇਰੇ ਗੁਰ ਬਚਨੀ ਨਿਧਿ ਪਾਈ ॥
ਤਾ ਤੇ ਸਚ ਮਹਿ ਰਹਿਆ ਸਮਾਈ ॥ ਰਹਾਉ ॥
ਗੁਰ ਸਾਖੀ ਅੰਤਰਿ ਜਾਗੀ ॥
ਤਾ ਚੰਚਲ ਮਤਿ ਤਿਆਗੀ ॥ ਗੁਰ ਸਾਖੀ ਕਾ ਉਜੀਆਰਾ ॥
ਤਾ ਮਿਟਿਆ ਸਗਲ ਅੰਧ੍ਯਾਰਾ ॥੨॥ ਗੁਰ ਚਰਨੀ ਮਨੁ ਲਾਗਾ ॥
ਤਾ ਜਮ ਕਾ ਮਾਰਗੁ ਭਾਗਾ ॥ ਭੈ ਵਿਚਿ ਨਿਰਭਉ ਪਾਇਆ ॥
ਤਾ ਸਹਜੈ ਕੈ ਘਰਿ ਆਇਆ ॥੩॥ ਭਣਤਿ ਨਾਨਕੁ ਬੂਝੈ ਕੋ ਬੀਚਾਰੀ ॥
ਇਸੁ ਜਗ ਮਹਿ ਕਰਣੀ ਸਾਰੀ ॥ ਕਰਣੀ ਕੀਰਤਿ ਹੋਈ ॥
ਜਾ ਆਪੇ ਮਿਲਿਆ ਸੋਈ ॥੪॥੧॥੧੨॥ (੫੯੯)

ਹੁਣ ਗੁਰੂਸਾਗਰ ਸਾਹਿਬ ਮਸਤੂਆਣੇ ਮਾਘੀ ਦਾ ਜੋੜ ਮੇਲਾ ਨੇੜੇ ਆ ਗਿਆ। ਸੰਤ ਜੀ ਮਹਾਰਾਜ ਪਾਸ ਅਕਾਲ ਕਾਲਜ ਦੇ ਪ੍ਰਬੰਧਕ, ਰਾਮ ਨਗਰ ਸਿਵੀਆਂ ਹਾਜ਼ਰ ਹੋਏ ਅਤੇ ਹੱਥ ਜੋੜ ਬੇਨਤੀ ਕੀਤੀ, "ਸੱਚੇ ਪਾਤਸ਼ਾਹ! ਗੁਰੂਸਾਗਰ ਸਾਹਿਬ ਦੀਦਾਰ ਦੇ ਕੇ ਸੰਗਤਾਂ ਨੂੰ ਨਿਹਾਲ ਕਰੋ।" ਉਹਨਾਂ ਦੀ ਬੇਨਤੀ ਮੰਨ, ਸੰਤ ਜੀ ਮਹਾਰਾਜ ਰਾਮ ਨਗਰ ਸਿਵੀਆਂ ਤੋਂ ਗੁਰੂ ਸਾਗਰ ਸਾਹਿਬ ਆ ਗਏ। ਸਵੇਰ ਸ਼ਾਮ ਸੰਤ ਜੀ ਮਹਾਰਾਜ ਨਵੇਂ ਲੰਗਰ ਦੇ ਸਾਹਮਣੇ ਪਲੰਘ ਸਜਾ ਬੈਠ ਜਾਂਦੇ ਅਤੇ ਦੂਰ ਨੇੜੇ ਲੰਗਰ ਦੇ ਪ੍ਰੇਮੀ ਦਰਸ਼ਨ ਕਰਕੇ ਨਿਹਾਲ ਹੁੰਦੇ। ਇਕ ਦਿਨ ਸਵੇਰ ਦੇ ਵੇਲੇ ਦੋ ਕੁ ਸੌ ਪ੍ਰੇਮੀ ਸਜੇ ਹੋਏ ਸਨ। ਇਕ ਪ੍ਰੇਮੀ ਨੇ ਦੂਜੇ ਦੇ ਮੋਢੇ ਤੇ ਬੰਦੂਕ ਰੱਖ ਕੇ ਦਾਸ ਦੀ ਨਿਰਾਦਰੀ ਕਰਨ ਦਾ ਯਤਨ ਕੀਤਾ। ਦਾਸ ਤੇ ਸੰਤ ਜੀ ਮਹਾਰਾਜ ਦੀ ਮਿਹਰ ਹੋ ਚੁੱਕੀ ਸੀ, ਅਡੋਲ ਚੁਪੀਤਾ ਸੰਗਤ ਵਿੱਚ ਬੈਠਾ ਰਿਹਾ। ਸਿਵਾਏ ਪੰਜ ਦਸ ਸਾਧੂਆਂ ਦੇ ਕਿਸੇ ਨੂੰ ਪਤਾ ਵੀ ਨਾ ਲੱਗਾ ਕਿ ਤੇਜਾ ਸਿੰਘ ਕੌਣ ਹੈ। ਸੰਤ ਜੀ ਮਹਾਰਾਜ ਨੇ ਆਪਣੀ ਪੂਰੀ ਜੁਗਤੀ ਵਰਤ ਕੇ ਪ੍ਰੇਮੀ ਨੂੰ ਲਾ-ਜਵਾਬ ਕਰ ਦਿੱਤਾ ਤੇ ਉਹ ਚੁਪ ਕਰਕੇ ਜ਼ਰ ਗਿਆ। ਜਦ ਸੰਗਤ ਵਿਖੜ ਗਈ ਤਾਂ ਭਾਈ ਖੁਸ਼ਾਲ ਸਿੰਘ ਬੜਾ ਹੱਸਿਆ ਤੇ ਦਾਸ ਨੂੰ ਆਖਣ ਲੱਗਾ, "ਤੁਸੀਂ ਹੱਦ ਕੀਤੀ, ਆਪਣੇ ਆਪ ਨੂੰ ਜਣਾਇਆ ਤਕ ਨਹੀਂ।" ਏਸੇ ਤਰ੍ਹਾਂ ਰੋਜ਼ ਸਤਿਸੰਗਤ ਦੇ ਦੀਵਾਨ ਹੁੰਦੇ ਰਹੇ ਪਰ ਸੰਤ ਜੀ ਮਹਾਰਾਜ ਦੇ ਚਰਨ, ਜਿਸ ਦਾ ਅਪਰੇਸ਼ਨ ਹੋਇਆ ਸੀ, ਦੀ ਦਸ਼ਾ ਦਿਨੋ ਦਿਨ ਵਿਗੜਦੀ ਹੀ ਗਈ।

## ਇਕਿ ਸੇਵਕ ਗੁਰ ਪਾਸਿ ਇਕਿ ਗੁਰਿ ਕਾਰੈ ਲਾਈਆ ॥

ਇਕ ਦਿਨ ਅੰਮ੍ਰਿਤ ਵੇਲੇ ਸੰਤ ਜੀ ਮਹਾਰਾਜ ਆਪਣੇ ਬੁੰਗੇ ਦੇ ਵਿਹੜੇ ਵਿੱਚ ਪਲੰਘ ਤੇ ਸਜੇ ਹੋਏ ਸਨ ਅਤੇ ਦਾਸ ਚਰਨਾਂ ਵਿਚ ਬੈਠਾ ਹੋਇਆ ਸੀ। ਸੰਤ ਜੀ ਸਹਿਜ ਸੁਭਾਏ ਹੱਸ ਬੋਲੇ, "ਭਾਈ ਤੇਜਾ ਸਿੰਘ! ਸਰੀਰ ਤਦ ਤੀਕਰ ਰੱਖਣਾ ਠੀਕ ਹੈ ਜਦ ਤੀਕਰ ਟੁਰ ਫਿਰ ਸਕੇ।" ਸੁਤੇ ਸਿਧ ਦਾਸ ਦੇ ਮੂੰਹੋਂ ਨਿਕਲ ਗਿਆ, "ਸੱਚ ਪਾਤਿਸ਼ਾਹ! ਪਰ-ਅਧੀਨ ਹੋ ਜਾਈਦਾ ਹੈ।" ਇਹ ਗੱਲ ਸੰਤ ਜੀ ਮਹਾਰਾਜ ਦੇ ਚਲਾਣੇ ਤੋਂ ਮਹੀਨਾ ਪਹਿਲਾਂ ਹੋਈ। ਦਾਸ ਨੂੰ ਮਹਾਰਾਜ ਨੇ ਜਤਾ ਦਿੱਤਾ ਕਿ ਹੁਣ ਸਾਡੇ ਸਰੀਰ ਛੱਡਣ ਦੀ ਤਿਆਰੀ ਹੈ।

ਇਸ ਵਰਤਾਂਤ ਤੋਂ ਚਾਰ ਪੰਜ ਦਿਨ ਮਗਰੋਂ, ਭਾਈ ਮੰਗਲ ਸਿੰਘ ਜੀ ਰਾਮਗੜ੍ਹੀਆ ਅਤੇ ਅਕਾਲੀ ਮੰਗਲ ਸਿੰਘ ਜੀ ਸੈਂਹਸਰੀਆ ਵਾਲੇ, ਗੁਜਰਾਂਵਾਲੇ ਤੋਂ ਸੰਤ ਜੀ ਮਹਾਰਾਜ ਨੂੰ ਲੈਣ ਵਾਸਤੇ ਆਏ। ਕੋਈ ਨੌਂ ਦਸ ਵਜੇ ਦਾ ਵਕਤ ਸੀ। ਦਾਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਭਾਗ ਤੋਂ ਸਾਧਾਰਨ ਪਾਠ ਕਰ ਰਿਹਾ ਸੀ। ਇਹ ਦੋਵੇਂ ਸੱਜਣ ਦਾਸ ਪਾਸ ਪੁੱਜੇ ਅਤੇ ਆਖਿਆ ਕਿ ਸਾਡੀ ਸੰਤ ਜੀ ਪਾਸ ਸਫਾਰਸ਼ ਕਰੋ ਅਤੇ ਗੁਜਰਾਂਵਾਲੇ ਜਾਣ ਦੀ ਮਨਜ਼ੂਰੀ ਲੈ ਦਿਓ। ਦਾਸ ਨੇ ਹੱਥ ਜੋੜ ਕੇ ਬੇਨਤੀ ਕੀਤੀ, "ਸੰਤ ਜੀ ਮਹਾਰਾਜ ਆਪਣਾ ਭਾਣਾ ਵਰਤਾ ਰਹੇ ਹਨ, ਦਾਸ ਵਿੱਚ ਇਹ ਵਾਹ ਨਹੀਂ ਕਿ ਉਹਨਾਂ ਅਗੇ ਕੋਈ ਬੇਨਤੀ ਕਰੇ।" ਦਾਸ ਨੇ ਬੇਨਤੀ ਕੀਤੀ ਕਿ ਇਹ ਗੱਲ ਵੀ ਤੁਸੀਂ ਸੰਤ ਜੀ ਮਹਾਰਾਜ ਜੀ ਨੂੰ ਨਾ ਕਹਿਣੀ, ਉਹਨਾਂ ਦੀ ਰਜ਼ਾ ਵਿੱਚ ਹੀ ਰਹਿਣਾ ਠੀਕ ਹੈ। ਪ੍ਰੇਮੀ ਦੋਵੇਂ ਗੁਰਮੁਖ ਸਨ, ਇਹਨਾਂ ਨੇ ਦਾਸ ਦੀ ਗੱਲ ਮੰਨ ਲਈ ਅਤੇ ਸੰਤ ਜੀ ਮਹਾਰਾਜ ਅਗੇ ਆਪ ਜਾ ਕੇ ਬੇਨਤੀ ਕੀਤੀ। ਪਰ ਸੰਤ ਜੀ ਮਹਾਰਾਜ ਨੇ ਗੁਜਰਾਂਵਾਲੇ ਜਾਣ ਤੋਂ ਨਾਂਹ ਕਰ ਦਿੱਤੀ।

ਦੂਸਰੇ ਦਿਨ ਅੰਮ੍ਰਿਤ ਵੇਲੇ ਆਸਾ ਦੀ ਵਾਰ ਦੇ ਭੋਗ ਮਗਰੋਂ ਇਹ ਦੋਵੇਂ ਸੱਜਣ ਨਿਰਾਸ ਚਿਤ, ਸਵੇਰ ਦੀ ਗੱਡੀ ਪਕੜਨ ਲਈ ਸੰਗਰੂਰ ਵਲ ਟੁਰ ਪਏ। ਦਾਸ ਇਹਨਾਂ ਨੂੰ ਫਤਹਿ ਬੁਲਾ, ਲੰਗਰ ਵਿੱਚ ਪ੍ਰਸ਼ਾਦ ਛਕਣ ਲਈ ਆਇਆ। ਪੰਗਤ ਵਿੱਚ ਭਾਈ ਈਸ਼ਰ ਸਿੰਘ ਢੋਲਕੀ ਵਾਲਾ ਵੀ ਬੈਠਾ ਸੀ। ਆਖਣ ਲੱਗਾ, "ਸੰਤ ਜੀ ਮਹਾਰਾਜ ਦੇ ਹੋਰ ਕਈ ਸੇਵਕ ਬਾਹਰ ਉਗਰਾਹੀ ਲਈ ਜਾ ਰਹੇ ਹਨ, ਤੁਸੀਂ ਕਿਉਂ ਨਹੀਂ ਜਾਂਦੇਂ?" ਦਾਸ ਨੇ ਆਖਿਆ, "ਜਦ ਮਾਲਕ ਹੁਕਮ ਦੇਣਗੇ, ਦਾਸ ਵੀ ਟੁਰ ਪਵੇਗਾ।" ਭਾਈ ਈਸ਼ਰ ਸਿੰਘ ਜੀ ਬੋਲੇ, ਆਗਿਆ ਤਾਂ ਅਸੀਂ ਹੁਣੇ ਲੈ ਦੇਂਦੇ ਹਾਂ।" ਇਹ ਕਹਿ, ਦੌੜਿਆ ਸੰਤ ਜੀ ਮਹਾਰਾਜ ਦੇ ਬੁੰਗੇ ਗਿਆ ਅਤੇ ਪੰਦਰਾਂ ਕੁ ਮਿੰਟ ਮਗਰੋਂ ਆ ਕੇ ਆਖਿਆ ਕਿ ਸੰਤ ਜੀ ਤੁਹਾਨੂੰ ਅਤੇ ਭਾਈ ਨਾਨਕ ਸਿੰਘ ਨੂੰ ਯਾਦ ਕਰਦੇ ਹਨ। ਦਾਸ ਇਸ ਵੇਲੇ ਭਾਈ ਗੁਰਬਖਸ਼ ਸਿੰਘ ਮਸਤਾਨਾ ਦੀ ਬਾਂਹ ਤੇ ਦਵਾਈ ਲਗਵਾ ਰਿਹਾ ਸੀ। ਹੁਕਮ ਸੁਣਦੇ ਹੀ, ਸੰਤ ਜੀ ਮਹਾਰਾਜ ਦੇ ਬੁੰਗੇ ਵਿੱਚ ਹਾਜ਼ਰ ਹੋਇਆ ਅਤੇ ਮੱਥਾ ਟੇਕ ਕੇ ਸੰਤ ਜੀ ਮਹਾਰਾਜ ਦੇ ਚਰਨਾਂ ਵਿੱਚ ਬੈਠ ਗਿਆ। ਸੰਤ ਜੀ ਮਹਾਰਾਜ ਨੂੰ ਅਨਭਉ ਹੋ ਗਿਆ ਸੀ ਕਿ ਮਾਘੀ ਦੇ ਜੋੜ ਮੇਲੇ ਤੇ ਈਰਖਾਲੂ ਲੋਕ ਆਪਣੇ ਹੋਛੇ ਹਥਿਆਰਾਂ ਤੇ ਆ ਜਾਵਣਗੇ। ਮਹਾਰਾਜ ਨੇ ਦਾਸ ਨੂੰ ਫੁਰਮਾਇਆ, "ਭਾਈ ਤੇਜਾ ਸਿੰਘ ਜੀ, ਅਸੀਂ ਹੁਣ ਨਹੀਂ ਚਾਹੁੰਦੇ ਕਿ ਕਿਸੇ ਨੂੰ ਤੁਹਾਡੀ ਬਦਨਾਮੀ ਕਰਨ ਦਾ ਮੌਕਾ ਦੇਈਏ। ਦੁਨੀਆ ਦੇ ਲੋਕ ਬੰਦੇ ਦੀ ਕਦਰ ਨਹੀਂ ਕਰਦੇ। ਤੁਸੀਂ ਹੁਣ ਤੋਂ ਕਿਸੇ ਪੰਥਕ ਕਮੇਟੀ ਵਿੱਚ ਨਹੀਂ ਆਉਣਾ।" ਦਾਸ ਸੰਤ ਜੀ ਮਹਾਰਾਜ ਦੇ ਬਚਨ ਸੁਣੀ ਗਿਆ ਅਤੇ ਨਾਲ ਬੱਚੇ ਵਾਂਗੂ ਸੰਤ ਜੀ ਮਹਾਰਾਜ ਦੇ ਜ਼ਖਮ ਵਾਲੀ ਲੱਤ ਤੇ ਹੱਥ ਫੇਰੀ ਗਿਆ। ਸੰਤ ਜੀ ਮਹਾਰਾਜ ਨੇ ਬੜੇ ਪ੍ਰੇਮ ਨਾਲ ਫੁਰਮਾਇਆ, "ਇਸ ਦਾ ਖਿਆਲ ਨਾ ਕਰੋ। ਇਹ ਸਭ ਕੁਝ ਠੀਕ ਹੈ। ਤੁਸੀਂ ਹੁਣ ਕਮਰਕੱਸਾ ਕਰ ਲਵੋ ਅਤੇ ਬਾਹਰ ਪ੍ਰਚਾਰ ਦੀ ਸੇਵਾ ਵਿਚ ਚਲੇ ਜਾਵੋ। ਜੋ ਅੰਨ, ਬਸਤਰ ਜਾਂ ਸੇਵਾ ਮਿਲੇ, ਓਹ ਗੁਰੂ ਕਾਂਸ਼ੀ ਦਮਦਮੇ ਸਾਹਿਬ ਭੇਜੀ ਜਾਓ।" ਫਿਰ ਹੱਸ ਕੇ ਆਖਿਆ,

"ਪੰਜ ਦਮੜੇ ਦੇਈਏ?" ਦਾਸ ਨੇ ਬੇਨਤੀ ਕੀਤੀ, "ਗਿਆਰਾਂ।" ਇਹ ਸੁਣ, ਸੰਤ ਖਿੜ-ਖਿੜਾ ਕੇ ਹੱਸ ਪਏ ਅਤੇ ਭਾਈ ਰਾਮ ਸਿੰਘ ਗੜਵਈ ਨੂੰ ਆਖਿਆ "ਭਈ ਤੇਜਾ ਸਿੰਘ ਜੀ ਨੂੰ ੧੧ ਦਮੜੇ ਦੇ ਦੇਵੋ। ਹੁਕਮ ਮੰਨ, ਭਾਈ ਰਾਮ ਸਿੰਘ ਜੀ ਨੇ ਇਹ ਅਮੋਲਕ ਬਖ਼ਸ਼ਿਸ ਦਾਸ ਦੀ ਝੋਲੀ ਪਾਈ।

ਫੇਰ ਦਾਸ ਨੇ ਅਰਜ਼ ਕੀਤੀ, "ਸੱਚੇ ਪਾਤਸ਼ਾਹ! ਮਾਘੀ ਨੂੰ ਦਾਸ ਹਾਜ਼ਰ ਹੋ ਜਾਵੇ?" ਸੰਤ ਜੀ ਮਹਾਰਾਜ ਨੇ ਫੁਰਮਾਇਆ, "ਭਾਈ! ਅਸੀਂ ਤੁਹਾਡੇ ਨਾਲ ਹਾਂ ਅਤੇ ਤੁਸੀਂ ਸਾਡੇ ਨਾਲ। ਸਮੇਂ ਸਿਰ ਆਪ ਹੀ ਮੰਗਵਾ ਲਵਾਂਗੇ। ਤੁਸੀਂ ਆਪਣੀ ਸੇਵਾ ਵਿਚ ਲੱਗੇ ਰਹਿਣਾ। ਹੁਣ ਛੇਤੀ ਜਾ ਕੇ ਗੁਜਰਾਂਵਾਲੇ ਦੇ ਪ੍ਰੇਮੀਆਂ ਨੂੰ ਸੰਗਰੂਰ ਸਟੇਸ਼ਨ ਤੋਂ ਫੜ੍ਹ ਲਵੋ। ਉਹ ਬੜੇ ਨਿਰਾਸ਼ ਗਏ ਸਨ। ਉਹਨਾਂ ਦੇ ਨਾਲ ਜਾ ਕੇ ਸਾਡੀ ਥਾਂ ਗੁਜਰਾਂਵਾਲੇ ਦੀ ਸਿੰਘ ਸਭਾ ਦਾ ਬੁਨਿਆਦੀ ਪੱਥਰ ਰੱਖਣ ਦੀ ਸੇਵਾ ਕਰਨਾ।" ਹੁਕਮ ਮੰਨ, ਦਾਸ ਓਸੇ ਵੇਲੇ ਟੁਰ ਪਿਆ ਅਤੇ ਪ੍ਰੇਮੀਆਂ ਨੂੰ ਜਾ ਮਿਲਿਆ। ਗੁਜਰਾਂਵਾਲੇ ਦੇ ਦੋਵੇਂ ਗੁਰਮੁਖ ਬੜੇ ਅਨੰਦਿਤ ਹੋਏ ਅਤੇ ਕਰਤਾਰ ਦਾ ਸ਼ੁਕਰ ਕੀਤਾ ਕਿ ਸੰਤ ਜੀ ਮਹਾਰਾਜ ਨੇ ਇਹਨਾਂ ਦੀ ਆਸ਼ਾ ਪੂਰੀ ਕਰ ਦਿੱਤੀ ਹੈ।

ਸੰਗਰੂਰ ਤੋਂ ਗੱਡੀ ਚੜ੍ਹ, ਰਾਤ ਦੇ ਸਮੇਂ ਗੁਜਰਾਂਵਾਲੇ ਪੁੱਜੇ। ਦੂਜੇ ਦਿਨ ਸਵੇਰੇ ਆਸਾ ਦੀ ਵਾਰ ਦੇ ਦੀਵਾਨ ਦੇ ਮਗਰੋਂ ਸ੍ਰੀ ਗੁਰੂ ਸਿੰਘ ਸਭਾ ਦੀ ਬੁਨਿਆਦ ਰੱਖਣ ਦਾ ਦਿਨ ਨੀਯਤ ਕੀਤਾ ਗਿਆ। ਇਸ ਦਿਨ ਸਵੇਰੇ ਸਾਰੇ ਸ਼ਹਿਰ ਦੀ ਸਾਧ-ਸੰਗਤ ਹੁੰਮ-ਹੁੰਮਾ ਕੇ ਆਈ ਅਤੇ ਆਸਾ ਦੀ ਵਾਰ ਦੇ ਕੀਰਤਨ ਦੇ ਭੋਗ ਮਗਰੋਂ ਸ੍ਰੀ ਗੁਰੂ ਸਿੰਘ ਸਭਾ ਦਾ ਬੁਨਿਆਦੀ ਪੱਥਰ, ਦਾਸ ਅਤੇ ਚਾਰ ਹੋਰ ਗੁਰੂ ਦੇ ਸਿੱਖਾਂ ਨੇ ਰੱਖਿਆ। ਅਸਮਾਨ ਜੈਕਾਰਿਆਂ ਨਾਲ ਗੂੰਜ ਉੱਠਿਆ। ਗੁਜਰਾਂਵਾਲੇ ਤੋਂ ਦਾਸ, ਭਾਈ ਮਾਨਕ ਸਿੰਘ ਜੀ ਅਤੇ ਭਾਈ ਜਗਤ ਸਿੰਘ ਜੀ ਛਾਬੜਾ ਸਮੇਤ, ਵਾਰ ਬਰਟਨ ਅਤੇ ਨਨਕਾਣੇ ਸਾਹਿਬ ਗਏ। ਏਥੇ ਸਾਧ-ਸੰਗਤ ਦੇ ਦੀਵਾਨ ਸਜੇ ਅਤੇ ਗੁਰੂ ਕਾਂਸੀ ਦੇ ਲੰਗਰ ਲਈ ਕਣਕ ਇਕੱਠੀ ਹੋਈ, ਜਿਹੜੀ ਓਸ ਵੇਲੇ ਬਿਲਟੀ ਕਰਵਾ ਕੇ ਕੋਟਫੱਤੇ ਭੇਜੀ ਗਈ।

ਨਨਕਾਣੇ ਸਾਹਿਬ ਤੋਂ ਜਥਾ ਕੋਟਵਾਰ ਸਰਦਾਰ ਮੰਗਲ ਸਿੰਘ ਪਾਸ ਪੁੱਜਾ। ਏਥੇ ਸਾਧ-ਸੰਗਤ ਦਾ ਖੂਬ ਰੰਗ ਬਣਿਆ। ਸਾਰੇ ਇਲਾਕੇ ਵਿੱਚ ਖ਼ਬਰ ਕੀਤੀ ਗਈ ਕਿ ਮਾਘੀ ਦਾ ਦੀਵਾਨ ਸਜਾਇਆ ਜਾਵੇਗਾ। ਲੋਹੜੀ ਵਾਲੀ ਰਾਤ ਮਾਨਾਵਾਲੇ ਅਤੇ ਹੋਰ ਪਿੰਡਾਂ ਤੋਂ ਮਾਈ-ਭਾਈ ਬੜੇ ਉਤਸ਼ਾਹ ਨਾਲ ਆਏ। ਮਾਘੀ ਵਾਲੇ ਦਿਨ ਸਵੇਰ ਦੇ ਤਿੰਨ ਵਜੇ ਤੋਂ ਦੀਵਾਨ ਸਜ ਗਿਆ ਅਤੇ ਸਾਰਾ ਦਿਨ ਖੂਬ ਸਤਿਸੰਗ ਹੋਇਆ। ਅਤੁੱਟ ਲੰਗਰ ਵਰਤਿਆ ਅਤੇ ੭੫ ਮਾਈ-ਭਾਈ ਨੇ ਅੰਮ੍ਰਿਤ ਛਕਿਆ। ਦਾਸ ਨੂੰ ਪ੍ਰਤੱਖ ਨਜ਼ਰ ਆਇਆ ਕਿ ਸੰਤ ਜੀ ਮਹਾਰਾਜ ਨੇ ਦਾਸ ਦੀ ਮਾਘੀ ਏਥੇ ਹੀ ਬਣਾ ਦਿੱਤੀ ਹੈ।

ਕੋਟਵਾਰ ਆਸਾ ਦੀ ਵਾਰ ਦਾ ਨਿੱਤਨੇਮ ਸਤਿਸੰਗ ਪੱਕਾ ਕਰ, ਦਾਸ ਜੜ੍ਹਾਂ ਵਾਲੇ, ਤਾਂਦਲਿਆਂ ਵਾਲੇ ਆਦਿ ਹੁੰਦਾ ਹੋਇਆ ਅੰਮ੍ਰਿਤਸਰ ਸਾਹਿਬ ਪਹੁੰਚ ਗਿਆ। ਦਾਸ ਦੇ ਗੁਰੂਸਾਗਰ ਸਾਹਿਬ ਮਸਤੂਆਣੇ ਟੁਰਨ ਤੋਂ ਮਗਰੋਂ ਕਈ ਪ੍ਰੇਮੀ ਸੰਤ ਜੀ ਮਹਾਰਾਜ ਦੇ ਦਰਸ਼ਨ ਲਈ ਪੁੱਜੇ। ਏਹਨਾਂ ਵਿੱਚ ਭਾਈ ਸ਼ੰਕਰ ਸਿੰਘ ਜੀ ਖ਼ਾਲਸਾ ਕਾਲਜ ਵਾਲੇ ਵੀ ਸਨ। **ਇੱਕ ਦਿਨ ਬਚਨ-ਬਿਲਾਸ ਕਰਦਿਆਂ ਸੰਤ ਜੀ ਮਹਾਰਾਜ ਨੇ ਲੰਮਾ ਸਾਹ ਭਰ ਕੇ ਬੜੇ ਵੈਰਾਗ ਵਿੱਚ ਇਹ ਆਖਿਆ ਕਿ ਸਤਿਗੁਰੂ ਕਲਗੀਆਂ ਵਾਲੇ ਦੇ ਹੁਕਮ ਵਿੱਚ ਅਸੀਂ ਸਾਰੇ ਪੰਜਾਬ ਅਤੇ ਹਿੰਦੁਸਤਾਨ ਵਿੱਚ ਫਿਰੇ ਹਾਂ, ਲੱਖਾਂ ਨੇ ਅੰਮ੍ਰਿਤ ਛਕਿਆ, ਬੜੇ-ਬੜੇ ਭਾਰੀ ਦੀਵਾਨ ਲੱਗੇ। ਕਿਸੇ ਨੇ ਸਾਡੇ ਚਿਹਰੇ ਵੱਲ ਦੇਖਿਆ, ਕਿਸੇ ਨੇ ਦਾਹੜੇ ਵੱਲ, ਕਿਸੇ ਨੇ ਅਤੁੱਟ ਚੌਂਕੜੀ ਵੱਲ ਤੇ ਕਿਸੇ ਨੇ ਸ਼ਬਦ ਦੀ ਗੂੰਜ ਵੱਲ ਪਰ ਅਸਲੀ ਗੱਲ ਦਾ ਪ੍ਰਸ਼ਨ ਸਿਰਫ਼ ਛੇ ਬੰਦਿਆਂ ਨੇ ਹੀ ਕੀਤਾ। ਇਸ ਸਮੇਂ ਵਿੱਚ ਆਤਮ-ਰਸ ਦੀ ਗਾਹਕੀ ਨਹੀਂ ਸਗੋਂ ਫ਼ਕੀਰੀ ਦੀ ਟਿੱਚਰ ਹੈ।**

**ਫੇਰ ਭਾਈ ਸ਼ੰਕਰ ਸਿੰਘ ਜੀ ਨੇ ਪੁੱਛਿਆ, "ਸੱਚੇ ਪਾਤਸ਼ਾਹ! ਭਾਵੇਂ ਹਜ਼ੂਰ ਦੇ ਸਰੀਰ ਨੂੰ ਖੇਦ ਹੈ**

**ਪਰ ਤੁਸੀਂ ਅਨੰਦ ਦਾ ਰੂਪ ਬਣੇ ਬੈਠੇ ਹੋ।" ਸੰਤ ਜੀ ਮਹਾਰਾਜ ਨੇ ਹੱਸ ਕੇ ਫੁਰਮਾਇਆ, "ਭਾਈ ਸ਼ੰਕਰ ਸਿੰਘ ਜੀ! ਅਸੀਂ ਦੇਹ ਨਹੀਂ ਹਾਂ, ਇਹ ਨਿਸਚਾ ਸਾਨੂੰ ਪ੍ਰਪੱਕ ਹੋ ਚੁੱਕਾ ਹੈ। ਤੁਸੀਂ ਵੀ ਆਪਣੀ ਬਿਰਤੀ ਇੱਥੇ ਹੀ ਪਹੁੰਚਾਵੋ। ਆਤਮਾ ਇੱਕ ਹੈ, ਸਾਡੇ-ਤੁਹਾਡੇ ਵਿੱਚ ਕੋਈ ਭੇਦ ਨਹੀਂ। ਸਿਰਫ਼ ਦੇਹ ਦੀ ਮਨੌਤ ਕਰਕੇ ਦੁੱਖੀ ਹਾਂ।" ਇਹ ਸੁਣ, ਭਾਈ ਸ਼ੰਕਰ ਸਿੰਘ ਜੀ ਬੋਲੇ, "ਕੀ ਮੈਂ ਸੰਤ ਅਤਰ ਸਿੰਘ ਬਣ ਸਕਦਾ ਹਾਂ?" ਸੰਤ ਜੀ ਮਹਾਰਾਜ ਨੇ ਫੁਰਮਾਇਆ, "ਹਾਂ ਇਸੇ ਵੇਲੇ! ਨਿਸਚਾ ਪ੍ਰਪੱਕ ਕਰ ਲੈ ਕਿ ਮੈਂ ਸੰਤ ਅਤਰ ਸਿੰਘ ਹਾਂ।"**

ਇਹਨਾਂ ਦਿਨਾਂ ਵਿੱਚ ਭਾਈ ਦੀਦਾਰ ਸਿੰਘ ਜੀ ਵੀ ਦਰਸ਼ਨ ਲਈ ਆਏ। ਭਾਈ ਗੁਰਬਖਸ਼ ਸਿੰਘ ਜੀ ਜਿਨ੍ਹਾਂ ਦੇ ਮਸਤਾਨੇ ਹੋਣ ਦੀ ਵਿੱਥਿਆ ਅੱਗੇ ਲਿਖੀ ਜਾ ਚੁੱਕੀ ਹੈ, ਇਹਨੀ ਦਿਨੀਂ ਆਪੇ ਤੋਂ ਬਾਹਰ ਹੋਣ ਕਰਕੇ ਕੋਠੜੀ ਵਿੱਚ ਬੰਦ ਸਨ। ਸੰਤ ਜੀ ਮਹਾਰਾਜ ਇੱਕ ਸਵੇਰ ਆਪਣੇ ਬੁੰਗੇ ਦੇ ਬਾਹਰ ਪਲੰਘ 'ਤੇ ਸਜੇ ਹੋਏ ਸਨ। ਹਿਰਦੇ ਵਿੱਚ ਦਇਆ ਦੀ ਲਹਿਰ ਆਈ ਤੇ ਭਾਈ ਦੀਦਾਰ ਸਿੰਘ ਹੋਰਾਂ ਨੂੰ ਅਖਿਆ, "ਤੁਸੀਂ ਗੁਰਬਖਸ਼ ਸਿੰਘ ਹੋਰਾਂ ਨੂੰ ਬਾਹਰ ਕੱਢ ਲੈ ਆਓ।" ਹੁਕਮ ਹੁੰਦੇ ਸਾਰ ਪ੍ਰੇਮੀਆਂ ਨੇ ਕੁਟੀਆ ਦਾ ਦਰਵਾਜ਼ਾ ਖੋਲ੍ਹ ਦਿੱਤਾ ਤੇ ਭਾਈ ਦੀਦਾਰ ਸਿੰਘ ਜੀ ਭਾਈ ਗੁਰਬਖਸ਼ ਸਿੰਘ ਨੂੰ ਨਾਲ ਲੈ ਆਏ। ਸੰਤ ਜੀ ਮਹਾਰਾਜ ਦੀ ਆਸ਼ਾ ਇਹ ਹੈ ਕਿ ਆਪਣੀ ਕਿਰਪਾ ਦ੍ਰਿਸ਼ਟੀ ਨਾਲ (**ਬ੍ਰਹਮ ਗਿਆਨੀ ਕੀ ਦ੍ਰਿਸਟਿ ਅੰਮ੍ਰਿਤੁ ਬਰਸੀ ॥**) (੨੭੩) ਇਸ ਦੀ ਮਸਤੀ ਨੂੰ ਜਗਾਉਣ ਪਰ ਭਾਈ ਗੁਰਬਖਸ਼ ਸਿੰਘ ਜੀ ਦੇ ਭਾਗ ਅਜੇ ਉਦੈ (ਜਾਗੇ) ਨਹੀਂ ਹੋਏ ਸਨ। ਜਦ ਸੰਤ ਜੀ ਮਹਾਰਾਜ ਦੇ ਪਲੰਘ ਦੇ ਸਾਹਮਣੇ ਆਏ, ਆਪਣੇ ਮਨ ਦੀ ਮੱਤ ਅਤੇ ਦੇਹ ਅਭਿਮਾਨ ਨਾ ਤਿਆਗਿਆ। ਸੰਤਾਂ ਵੱਲ ਉਂਗਲ ਕਰਕੇ ਆਖਣ ਲੱਗੇ, "ਇਹ ਮੋਟਾ ਜਿਹਾ ਐਨਕਾਂ ਵਾਲਾ ਮੰਜੇ 'ਤੇ ਕੌਣ ਬੈਠਾ ਹੈ?" ਸੰਤ ਹੱਸ ਪਏ ਤੇ ਆਖਿਆ, "ਭਾਈ! ਅਜੇ ਵਕਤ ਨਹੀਂ ਆਇਆ। ਇਹਨਾਂ ਨੂੰ ਆਪਣੀ ਕੋਠੜੀ ਵਿੱਚ ਲੈ ਜਾਓ।" ਮਾਘੀ ਦੇ ਜੋੜ-ਮੇਲੇ ਲਈ ਆਪਣੇ ਜਨਮ ਨਗਰ ਚੀਮੇਂ ਵੀ ਖਾਸ ਸੁਨੇਹਾ ਭੇਜਿਆ ਕਿ ਸਾਧ-ਸੰਗਤ ਜ਼ਰੂਰ ਇਸ ਸਮੇਂ ਪੁੱਜ ਕੇ ਦਰਸ਼ਨ ਮੇਲਾ ਕਰੇ।

ਹੁਣ ਮਾਘੀ ਦਾ ਦਿਨ ਆ ਪੁੱਜਾ, ਦੂਰ ਨੇੜੇ ਤੋਂ ਇੱਕ ਦਿਨ ਪਹਿਲਾਂ ਹੀ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਇਕੱਤਰ ਹੋ ਗਈਆਂ। ਸ਼ਾਮ ਦੇ ਤਿੰਨ ਵਜੇ ਦੀਵਾਨ ਸ਼ੁਰੂ ਹੋ ਗਿਆ। ਸੇਵਕਾਂ ਨੇ ਮੰਜੀ 'ਤੇ ਚੁੱਕ, ਸੰਤ ਜੀ ਮਹਾਰਾਜ ਨੂੰ ਦੀਵਾਨ ਵਿੱਚ ਲਿਆਂਦਾ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬੇ ਸਜਾ ਦਿੱਤਾ। ਤਿੰਨ ਦਿਨ ਤੇ ਤਿੰਨ ਰਾਤ ਲਗਾਤਾਰ ਸ਼ਬਦ ਦੀ ਵਰਖਾ ਹੋਈ ਅਤੇ ਸੰਤ ਜੀ ਮਹਾਰਾਜ ਨੇ ਪੂਰਨ ਵੈਰਾਗ (**ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ ॥**) (੬੮੪) ਦੇ ਸੁਨੇਹੇ ਦਿੱਤੇ। ਦਰਸ਼ਨ ਮੇਲਾ ਕਰ, ਸੰਗਤਾਂ ਵਾਰੋ-ਵਾਰੀ ਸੰਤ ਜੀ ਮਹਾਰਾਜ ਤੋਂ ਵਿਦਾ ਹੋ ਘਰੋਂ-ਘਰੀਂ ਟੁਰ ਪਈਆਂ। ਜਦ ਚੀਮੇਂ ਨਗਰ ਦੀ ਵਾਰੀ ਆਈ ਤਾਂ ਸਿਰਫ਼ ਦੋ-ਚਾਰ ਸਰੀਰ ਹੀ ਹਾਜ਼ਰ ਹੋਏ। ਸੰਤ ਜੀ ਮਹਾਰਾਜ ਨੇ ਪੁੱਛਿਆ ਕਿ ਭਾਈ! ਸੁਨੇਹਾ ਦਿੱਤਾ ਸੀ, ਸੰਗਤ ਨੇ ਦਰਸ਼ਨ ਨਹੀਂ ਦਿੱਤੇ। ਪ੍ਰੇਮੀਆਂ ਨੇ ਹੱਥ ਜੋੜ ਕੇ ਆਖਿਆ, "ਸੱਚੇ ਪਾਤਸ਼ਾਹ! ਕੰਮਾਂ-ਕਾਜਾਂ ਕਰਕੇ ਸਾਰੇ ਨਹੀਂ ਆ ਸਕੇ।" ਸਹਿਜ-ਸੁਭਾਏ ਬਚਨ ਹੋਇਆ, 'ਚੀਮਾਂ ਦੂਰ।'

# ਕਾਂਡ ੨੯

**ਸੋਈ ਸੰਤੁ ਜਿ ਭਾਵੈ ਰਾਮ ॥ ਸੰਤ ਗੋਬਿੰਦ ਕੈ ਏਕੈ ਕਾਮ ॥ (੮੬੭)**

**ਸੰਤਾ ਕਉ ਮਤਿ ਕੋਈ ਨਿੰਦਹੁ ਸੰਤ ਰਾਮੁ ਹੈ ਏਕੋੁ ॥**
**ਕਹੁ ਕਬੀਰ ਮੈ ਸੋ ਗੁਰੁ ਪਾਇਆ ਜਾ ਕਾ ਨਾਉ ਬਿਬੇਕੋੁ ॥ (੭੯੩)**

## ਸੰਤ ਜੀ ਮਹਾਰਾਜ ਦੇ ਸੇਵਾ ਦੇ ਤਿੰਨ ਬਚਨ

(੧) ਮਸਤੂਆਣੇ ਸੰਤ ਜੀ ਮਹਾਰਾਜ ਨੇ ਜਦ ਸਤਿਗੁਰੂ ਸੱਚੇ ਪਾਤਸ਼ਾਹ ਦਾ ਗੁਰਦੁਆਰਾ ਸਾਹਿਬ ਬਣਾਉਣ ਦੀ ਤਿਆਰੀ ਕੀਤੀ ਤਦ ਮਹਾਂਪੁਰਖਾਂ ਦੀ ਕਿਰਪਾ-ਦ੍ਰਿਸ਼ਟੀ ਮਸਤੂਆਣੇ ਢਾਬ ਅਤੇ ਥੜ੍ਹੇ 'ਤੇ ਪਈ। ਇਹ ਗੁਰਮਤਾ ਹੋਇਆ ਕਿ ਢਾਬ ਨੂੰ ਪੱਕਾ ਸਰੋਵਰ ਬਣਾਇਆ ਜਾਏ ਅਤੇ ਇਸ ਦੇ ਵਿਚਕਾਰ ਚੂਨੇ-ਗਚ ਚੌਤਰਾ ਬਣਾ ਕੇ ਹਰਿਮੰਦਰ ਸਾਹਿਬ ਦੀ ਇਮਾਰਤ ਸਜੇ। ਸਾਧ-ਸੰਗਤ ਨੇ ਕਹੀ ਟੋਕਰੀ ਫੜ੍ਹ ਸੇਵਾ ਅਰੰਭ ਕਰ ਦਿੱਤੀ। ਜਦ ਬਹਾਦਰਪੁਰ ਦੇ ਪ੍ਰੇਮੀਆਂ ਨੂੰ ਇਹ ਪਤਾ ਲੱਗਾ ਤਦ ਉਹ ਡਾਂਗਾ ਸੋਟੇ ਫੜ੍ਹ, ਏਥੇ ਆ ਗਏ ਅਤੇ ਆਖਿਆ, "ਸਾਡੀ ਜੂਹ ਵਿਚ ਅਸਥਾਨ ਨਾ ਬਣਾਓ।" ਪ੍ਰੇਮੀਆਂ ਦੀ ਇਹ ਬਿਰਤੀ ਦੇਖ, ਸੰਤ ਜੀ ਮਹਾਰਾਜ ਨੇ ਉਸੇ ਵੇਲੇ ਕਾਰ ਨੂੰ ਰੋਕ ਦਿੱਤਾ ਅਤੇ ਉਹ ਚਲੇ ਗਏ। ਆਪਣੇ ਜਥੇ ਨੂੰ ਫੁਰਮਾਇਆ, ਭਾਈ, ਵਕਤ ਆਏ ਤੇ ਇਹ ਸਰੋਵਰ ਤੇ ਗੁਰਦੁਆਰਾ ਸੁਤੇ ਸਹਿਜ ਬਣ ਜਾਵੇਗਾ।"

ਪਹਿਲਾਂ ਤਾਂ ਸੰਤ ਉਪਰਾਮ ਹੋ ਕੇ ਇਥੋਂ ਤੁਰ ਚੱਲੇ ਪਰ ਜਦ ਬਡਰੁਖਿਆ ਅਤੇ ਧਾਰੀਵਾਲ ਦੇ ਪ੍ਰੇਮੀਆਂ ਨੂੰ ਪਤਾ ਲਗਾ ਤਦ ਉਹ ਸਾਰੇ ਸੰਤਾਂ ਦੇ ਚਰਨਾਂ ਵਿੱਚ ਹਾਜ਼ਰ ਹੋਏ ਤੇ ਹੱਥ ਜੋੜ ਬੇਨਤੀ ਕੀਤੀ, "ਹਜ਼ੂਰ, ਗੁਰਦੁਆਰਾ ਸਾਹਿਬ ਅਤੇ ਸਰੋਵਰ ਸਾਡੀ ਜ਼ਮੀਨ ਵਿੱਚ ਬਣਾਓ।" ਓਸ ਵੇਲੇ ਰਿਆਸਤ ਜੀਂਦ ਵਿੱਚ ਹਰੀਮੰਦਰ ਅਤੇ ਗੁਰੂਸਾਗਰ ਸਰੋਵਰ ਦੀ ਕਾਰ ਸੇਵਾ ਸ਼ੁਰੂ ਹੋ ਗਈ ਅਤੇ ਮਹਾਂਪੁਰਖਾਂ ਦਾ ਉਪਰ ਲਿਖਿਆ ਬਚਨ ਮਹਾਂ ਅਕਾਸ਼ ਵਿੱਚ ਜਮ੍ਹਾਂ ਰਿਹਾ।

(੨) ਪੋਠੋਹਾਰ ਕਨੋਹਾ ਵਿਖੇ ਸੰਤ ਜੀ ਮਹਾਰਾਜ ਤਪ ਕਰਦੇ ਸਨ ਤਾਂ ਇਕ ਦਿਨ ਇਹਨਾਂ ਦੇ ਸੇਵਕਾਂ ਭਾਈ ਵਜ਼ੀਰ ਸਿੰਘ ਅਤੇ ਮਾਈ ਭਾਗ ਭਰੀ ਨੇ ਹੱਥ ਜੋੜ ਕੇ ਬੇਨਤੀ ਕੀਤੀ, "ਸੱਚੇ ਪਾਤਸ਼ਾਹ, ਹੁਕਮ ਕਰੋ ਤਾਂ ਇਸ ਸਥਾਨ ਤੇ ਗੁਰਦੁਆਰਾ ਬਣਾ ਦੇਈਏ।" ਸੰਤ ਜੀ ਨੇ ਫੁਰਮਾਇਆ, "ਤੁਸੀਂ ਖੇਚਲ ਨਾ ਕਰੋ, ਸਾਡੇ ਸਰੀਰ ਛੱਡਣ ਦੇ ਮਗਰੋਂ ਸਾਡਾ ਇਕ ਪ੍ਰੇਮੀ ਪ੍ਰਗਟ ਹੋਵੇਗਾ ਉਹ ਆਪੇ ਹੀ ਸਮੇਂ ਸਿਰ ਇਸ ਦੀ ਟਹਿਲ ਕਰੇਗਾ।"

(੩) ਜਦ ੧੯੧੪ ਈਸਵੀ (੧੯੭੧ ਬਿਕ੍ਰਮੀ) ਨੂੰ ਸੰਤ ਜੀ ਮਹਾਰਾਜ ਨਗਰ ਚੀਮੇ ਆਏ ਤਦ ਸਾਧ ਸੰਗਤ ਦੀ ਬੇਨਤੀ ਮੰਨ ਆਪਣੇ ਖੇਤਾਂ ਵਿੱਚ ਇਕ ਪੁਰਾਣੇ ਜੋਹੜ ਦੇ ਕੰਢੇ ਤੇ ਇਕ ਤੀਰਥ ਦੀ ਬੁਨਿਆਦ ਰੱਖੀ। ਨੀਂਹ ਰੱਖਣ ਵੇਲੇ ਇੱਕ ਪੰਡਿਤ ਨੇ ਤਿੰਨ ਵਾਰੀ ਬੇਨਤੀ ਕੀਤੀ ਕਿ ਇਸ ਦਾ ਨਾਮ 'ਜਨਮ ਅਸਥਾਨ' ਰੱਖੋ। ਸੰਤ ਜੀ ਮਹਾਰਾਜ ਨੇ ਬੜੇ ਅਦਬ ਅਤੇ ਸ਼ਰਧਾ ਨਾਲ ਆਖਿਆ, "ਭੋਲਿਆ, ਏਥੇ ਗੁਰੂ ਨਾਨਕ ਸਾਹਿਬ ਦੇ ਚਰਨ ਪਏ ਹਨ ਇਸ ਅਸਥਾਨ ਦਾ ਨਾਮ 'ਨਾਨਕਸਰ ਸਾਹਿਬ' ਹੋਵੇਗਾ।"

ਫਿਰ ਸਾਧ-ਸੰਗਤ ਨੇ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ! ਤੁਸੀਂ ਇਸ ਨੂੰ ਬਣਾਓ। ਸੰਤ ਜੀ ਮਹਾਰਾਜ ਨੇ ਆਖਿਆ, "ਭਾਈ! ਸਾਨੂੰ ਸਤਿਗੁਰੂ ਕਲਗੀਧਰ ਮਹਾਰਾਜ ਦਾ ਦਮਦਮੇ ਸਾਹਿਬ ਗੁਰੂ ਕਾਂਸ਼ੀ ਗੁਰੂ ਸਰੋਵਰ ਉੱਤੇ ਦੀਵਾਨ ਅਸਥਾਨ ਬਣਾਉਣ ਦਾ ਹੁਕਮ ਹੈ। ਇਹ ਤੀਰਥ ਸਾਡੇ ਸਰੀਰ ਛੱਡਣ ਦੇ ਮਗਰੋਂ ਗੁਰੂ ਦੀਆਂ ਸੰਗਤਾਂ ਬਣਾਉਣਗੀਆਂ।"

ਜਿਸ ਰਾਤ ਸੰਤ ਜੀ ਮਹਾਰਾਜ ਜੋਤੀ-ਜੋਤ ਸਮਾਏ, ਓਸੇ ਰਾਤ ਅੰਮ੍ਰਿਤ ਵੇਲੇ ਭਾਈ ਅਰਜਨ ਸਿੰਘ ਜੀ ਕੱਲਰ ਨਿਵਾਸੀ ਨੂੰ ਦਰਸ਼ਨ ਹੋਏ। ਸੰਤ ਜੀ ਨੇ ਫੁਰਮਾਇਆ, "ਭਾਈ ਅਰਜਨ ਸਿੰਘ ਜੀ! ਅਸੀਂ ਕਨੋਹੇ ਜਾ ਰਹੇ ਹਾਂ।" ਇਹ ਦ੍ਰਿਸ਼ ਦੇਖ ਭਾਈ ਅਰਜਨ ਸਿੰਘ ਜੀ ਓਸੇ ਵੇਲੇ ਕਨੋਹੇ ਵੱਲ ਟੁਰ ਪਏ। ਇਸ਼ਨਾਨ ਪਾਣੀ ਕਰ, ਨਿੱਤਨੇਮ ਦੀ ਬਾਣੀ ਪੜ੍ਹਦੇ ਤਪ ਅਸਥਾਨ 'ਤੇ ਪਹੁੰਚੇ ਤੇ ਸਾਰੀ ਵਿੱਥਿਆ ਮਾਈ ਭਾਗਭਰੀ ਤੇ ਹੋਰ ਪ੍ਰੇਮੀਆਂ ਨੂੰ ਆਖ ਸੁਣਾਈ। ਦੂਜੇ ਦਿਨ ਹੀ ਤਾਰਾਂ ਤੇ ਅਖਬਾਰਾਂ ਦੁਆਰਾ ਪਤਾ ਲੱਗ ਗਿਆ ਕਿ ਸੰਤ ਜੀ ਮਹਾਰਾਜ ਜੋਤੀ-ਜੋਤ ਸਮਾ ਗਏ ਹਨ। ਮਾਈ ਭਾਗਭਰੀ ਨੇ ਓਸੇ ਵੇਲੇ ਤਪ ਅਸਥਾਨ ਵਾਲੀ ਜ਼ਮੀਨ ਦਾ ਆਪਣਾ ਹਿੱਸਾ ਸੰਤ ਤੇਜ਼ਾ ਸਿੰਘ, ਚੇਲਾ ਸੰਤ ਅਤਰ ਸਿੰਘ ਦੇ ਨਾਮ ਅਰਦਾਸ ਕਰਾ, ਦਾਖ਼ਲ ਖ਼ਾਰਜ ਕਰਵਾ ਦਿੱਤੀ। ਮਾਈ ਦੇ ਇਸੇ ਪ੍ਰੇਮ ਨੇ ਗੁਰਦੁਆਰਾ ਤਪਿਆਣਾ ਸਾਹਿਬ ਦਾ ਮੁੱਢ ਬੰਨ੍ਹ ਦਿੱਤਾ।

ਪਹਿਲੇ ਭਾਗ ਵਿੱਚ ਕਾਂਡ ੫੩ 'ਤੇ ਪਾਠਕ ਪੜ੍ਹ ਚੁੱਕੇ ਹਨ ਕਿ ਦਾਸ ਆਪਣੇ ਸਾਥੀਆਂ ਅਤੇ ਮਾਸਟਰ ਤਾਰਾ ਸਿੰਘ ਤੇ ਪ੍ਰੋਫ਼ੈਸਰ ਗੰਗਾ ਸਿੰਘ ਸਮੇਤ ਗੁਰੂਸਾਗਰ ਸਾਹਿਬ ਮਸਤੂਆਣੇ ਸੰਤ ਜੀ ਮਹਾਰਾਜ ਦੇ ਦੁਸ਼ਹਿਰੇ ਲਈ ਪੁੱਜਾ। ਦੁਸ਼ਹਿਰੇ ਦੇ ਮਗਰੋਂ ਗੁਰੂ ਕੀਆਂ ਸੰਗਤਾਂ ਘਰੋਂ-ਘਰੀ ਚੱਲੀਆਂ ਗਈਆਂ ਪਰ ਦਾਸ ਕੁਝ ਦਿਨ ਏਥੇ ਹੀ ਠਹਿਰਿਆ। ਸੰਤ ਭਾਈ ਗੁਲਾਬ ਸਿੰਘ ਜੀ ਅਤੇ ਕੁਝ ਹੋਰ ਸੇਵਕ ਵੀ ਹਾਜ਼ਰ ਰਹੇ। ਇਹਨਾਂ ਦਿਨਾਂ ਵਿੱਚ ਇਹ ਗੁਰਮਤਾ ਹੋਇਆ ਕਿ ਸੰਤ ਜੀ ਮਹਾਰਾਜ ਦੇ ਅੰਗੀਠਾ ਸਾਹਿਬ ਤੇ ਯੋਗ ਯਾਦਗਾਰ ਗੁਰਦੁਆਰੇ ਸਾਹਿਬ ਦੀ ਸ਼ਕਲ ਵਿੱਚ ਕਾਇਮ ਕੀਤਾ ਜਾਵੇ।

ਏਸ ਗੁਰਮਤੇ ਦੇ ਮਗਰੋਂ ਸੰਤ ਗੁਲਾਬ ਸਿੰਘ ਜੀ ਦਮਦਮੇ ਸਾਹਿਬ ਚਲੇ ਗਏ। ਉੱਥੇ ਸਾਧ-ਸੰਗਤ ਨੇ ਸੰਤ ਜੀ ਮਹਾਰਾਜ ਦੀ ਯਾਦ ਵਿੱਚ ਡੇਢ ਸੌ ਅਖੰਡ ਪਾਠ ਅਰਦਾਸ ਕਰ ਅਰੰਭ ਕਰ ਦਿੱਤੇ। ਸਮਾਪਤੀ ਅਤੇ ਜੱਗ ਦੇ ਸੰਪੂਰਨ ਹੋਣ ਦੇ ਮਗਰੋਂ ਗੁਰੂਸਾਗਰ ਸਾਹਿਬ ਮਸਤੂਆਣੇ ਵਿਖੇ ਯਾਦਗਾਰ ਬਣਾਉਣ ਦਾ ਗੁਰਮਤਾ ਪੱਕਾ ਹੋ ਗਿਆ। ਸਾਧ-ਸੰਗਤ ਨੇ ਗਾਡਰਾਂ ਦੀ ਸੇਵਾ ਦਾਸ ਨੂੰ ਲਾਈ। ਦੂਜੇ ਦਿਨ ਹੀ ਸੰਤ ਭਾਈ ਗੁਲਾਬ ਸਿੰਘ ਜੀ, ਭਾਈ ਬਖਸ਼ੀਸ਼ ਸਿੰਘ ਜੀ ਅਤੇ ਸਾਧ-ਸੰਗਤ ਦੇ ਹੋਰ ਬਹੁਤ ਸਾਰੇ ਸਰੀਰ ਗੁਰੂਸਾਗਰ ਸਾਹਿਬ ਵੱਲ ਕਮਰਕੱਸਾ ਕਰ ਤੁਰ ਪਏ। ਦਾਸ ਵੀ ਇਹਨਾਂ ਦੇ ਨਾਲ ਗਿਆ। ਏਥੇ ਪਹੁੰਚਦਿਆਂ ਸਾਰ ਹੀ ਚੂਨਾ ਫੂਕਣ ਵਾਸਤੇ ਰੋੜ ਕੱਢਣ ਦੀ ਸੇਵਾ ਸ਼ੁਰੂ ਹੋ ਗਈ।

ਮਸਤੂਆਣੇ ਪੁੱਜਣ ਤੋਂ ਕੁਝ ਦਿਨ ਮਗਰੋਂ ਹੀ ਦਾਸ ਨੂੰ ਸਰਦਾਰ ਮੋਹਣ ਸਿੰਘ ਰਈਸ ਰਾਵਲਪਿੰਡੀ ਦੀ ਚਿੱਠੀ ਆ ਗਈ ਕਿ ਸਿੱਖ ਵਿੱਦਿਅਕ ਕਾਨਫਰੰਸ ਦਾ ਸਮਾਗਮ ਈਸਟਰ ਦੀਆਂ ਛੁੱਟੀਆਂ ਵਿੱਚ ਹੋਣਾ ਹੈ। ਤੁਸੀਂ ਜਥੇ ਸਮੇਤ ਜ਼ਰੂਰੀ ਹੀ ਦਰਸ਼ਨ ਦਿਓ। ਦਾਸ ਤਾਂ ਜਥਾ ਲੈ, ਰਾਵਲਪਿੰਡੀ ਵੱਲ ਤੁਰ ਪਿਆ ਪਰ ਭਾਈ ਸੰਤ ਗੁਲਾਬ ਸਿੰਘ ਜੀ ਸੰਗਤ ਸਮੇਤ ਸੇਵਾ ਵਿੱਚ ਡਟੇ ਰਹੇ।

ਰਾਵਲਪਿੰਡੀ ਪੁੱਜਦਿਆਂ ਹੀ ਸਟੇਸ਼ਨ 'ਤੇ ਸ. ਮੋਹਣ ਸਿੰਘ ਮਿਲ ਪਏ ਅਤੇ ਉਹਨਾਂ ਨੇ ਖ਼ਾਲਸਾ ਹਾਈ ਸਕੂਲ ਤੋਂ ਦੋ ਕੁ ਫਰਲਾਂਗ ਲਹਿੰਦੀ ਵਾਲੇ ਪਾਸੇ ਇੱਕ ਕੋਠੀ ਵਿੱਚ ਡੇਰਾ ਕਰਾਇਆ। ਕਾਨਫਰੰਸ ਦਾ ਸਮਾਗਮ ਅਤੇ ਧਾਰਮਿਕ ਦੀਵਾਨ ਨੀਯਤ ਤਰੀਖ਼ਾਂ 'ਤੇ ਬੜੀ ਧੂਮ-ਧਾਮ ਨਾਲ ਖ਼ਾਲਸਾ ਹਾਈ ਸਕੂਲ ਦੇ

ਚੌਗਾਨ ਵਿੱਚ ਹੋਏ। ਕਾਨਫਰੰਸ ਦੇ ਪ੍ਰਧਾਨ ਸਰ ਜੋਗਿੰਦਰ ਸਿੰਘ ਜੀ ਸਨ। ਸਾਧ ਸੰਗਤ ਦੇ ਪ੍ਰੇਮ ਨੇ ਸਮਾਗਮ ਮਗਰੋਂ ਕੁਝ ਚਿਰ ਲਈ ਦਾਸ ਨੂੰ ਰਾਵਲਪਿੰਡੀ ਰੱਖਿਆ। ਬਾਰਾਂਦਰੀ ਸਿੰਘ ਸਭਾ ਅਤੇ ਹੋਰ ਕਈ ਗੁਰਦੁਆਰਿਆਂ ਵਿੱਚ ਦੀਵਾਨ ਸਜੇ। ਕੱਲਰ, ਕਨੋਹੇ, ਥਮਾਲੀ ਅਤੇ ਸਾਰੇ ਨਾਲ ਦੇ ਇਲਾਕੇ ਦੀਆਂ ਸੰਗਤਾਂ ਸੰਤ ਜੀ ਮਹਾਰਾਜ ਦੇ ਬੜੇ ਪ੍ਰੇਮੀ ਸਨ। ਆਪਣੇ ਵੈਰਾਗ ਵਿੱਚ ਕਈ ਕਈ ਤਾਂ ਨਿੱਤ ਅਰਦਾਸ ਕਰਦੇ ਕਿ ਸੱਚੇ ਪਾਤਿਸ਼ਾਹ! ਹਜ਼ੂਰ ਦੇ ਪੰਚ-ਭੂਤਕ ਦਰਸ਼ਨ ਤਾਂ ਅਲੋਪ ਹੋ ਗਏ ਹਨ, ਮੇਹਰ ਕਰੋ ਤੇ ਕੋਈ ਆਪਣਾ ਸੇਵਕ ਭੇਜੋ ਤਾਂ ਕਿ ਸਾਡਿਆਂ ਹਿਰਦਿਆਂ ਨੂੰ ਠੰਡ ਪਵੇ। ਇਨ੍ਹਾਂ ਅਰਦਾਸ ਕਰਨ ਵਾਲਿਆਂ ਵਿੱਚੋਂ ਇਕ ਜਮਾਂਦਾਰ ਗੁਰਦਿੱਤ ਸਿੰਘ ਜੀ ਥਮ੍ਹਾਲੀ ਵਾਲੇ ਵੀ ਸਨ।

ਇਨ੍ਹਾਂ ਪ੍ਰੇਮੀਆਂ ਦੀ ਖਿੱਚ ਦਾਸ ਦੇ ਪੋਠੋਹਾਰ ਦੇ ਪਹਿਲੇ ਦੌਰੇ ਦਾ ਕਾਰਨ ਬਣੀ। ਰਾਵਲਪਿੰਡੀ ਤੋਂ ਜੱਥੇ ਸਮੇਤ ਕੱਲਰ ਪੁੱਜਾ। ਸਾਧ ਸੰਗਤ ਦੇ ਪ੍ਰੇਮ ਨੇ ਇਕ ਹਫ਼ਤਾ ਏਥੋਂ ਹਿਲਣ ਨਾ ਦਿੱਤਾ। ਡੇਢ ਸੌ ਮਾਈ ਭਾਈ ਅਤੇ ਭੁਝੰਗੀਆਂ ਨੇ ਅੰਮ੍ਰਿਤ ਛਕਿਆ। ਏਥੋਂ ਕਨੋਹੇ ਤਪ ਅਸਥਾਨ ਦੀ ਚਰਨ ਧੂੜ ਲੈਣ ਲਈ ਗਏ। ਮਾਈ ਭਾਗ ਭਰੀ ਅਤੇ ਹੋਰ ਪ੍ਰੇਮੀ ਬੜੇ ਹੀ ਆਨੰਦਿਤ ਹੋਏ। ਪਿੰਡ ਦੇ ਗੁਰਦੁਵਾਰੇ ਵਿੱਚ ਤਿੰਨ ਦੀਵਾਨ ਸੱਜੇ। ਪੰਜਾਹ ਮਾਈ ਭਾਈ ਗੁਰੂ ਕਲਗੀਆਂ ਵਾਲੇ ਦੇ ਜਹਾਜ਼ ਚੜ੍ਹੇ।

ਕਨੋਹੇ ਚੌਧਰੀ ਤਾਰਾ ਸਿੰਘ, ਜਮਾਂਦਾਰ ਗੁਰਦਿੱਤ ਸਿੰਘ ਅਤੇ ਕਈ ਹੋਰ ਸਾਧ ਸੰਗਤ ਦੇ ਪ੍ਰੇਮੀ ਆ ਗਏ। ਇਹ ਦਾਸ ਨੂੰ ਜਥੇ ਸਮੇਤ ਆਪਣੇ ਪਿੰਡ ਲੈ ਗਏ। ਏਸ ਨਗਰ ਵਿੱਚ ਬਾਵਾ ਖੇਮ ਸਿੰਘ ਜੀ ਬੇਦੀ ਦੀ ਮਾਨਤਾ ਸੀ, ਇਸ ਲਈ ਸੰਤ ਜੀ ਮਹਾਰਾਜ ਦੇ ਸਰੀਰ ਹੁੰਦਿਆਂ ਏਥੇ ਅੰਮ੍ਰਿਤ ਪ੍ਰਚਾਰ ਨਾ ਹੋ ਸਕਿਆ।

ਚੌਧਰੀ ਗੁਰਦਿੱਤ ਸਿੰਘ ਜੀ ਨੇ ਜਦ ਆਪਣੀ ਗੁਪਤ ਅਰਦਾਸ ਪੂਰੀ ਹੋਣ ਦੀ ਵਿੱਥਿਆ ਕਵਿਤਾ ਦੁਆਰਾ ਭਰੇ ਦੀਵਾਨ ਵਿੱਚ ਆਖ ਸੁਣਾਈ ਤਦ ਉਸ ਦਾ ਸੰਗਤ ਤੇ ਬੜਾ ਹੀ ਅਸਰ ਪਿਆ। ਉਸੇ ਵੇਲੇ ਸੌ ਮਾਈ ਭਾਈ ਅੰਮ੍ਰਿਤ ਛੱਕਣ ਲਈ ਤਿਆਰ ਹੋ ਗਏ ਅਤੇ ਖੰਡੇ ਦੀ ਪਾਹੁਲ ਲਈ।

ਸੰਤ ਜੀ ਮਹਾਰਾਜ ਨੇ ਜੋ ਸ਼ਬਦ ਅਤੇ ਖੰਡੇ ਦੀ ਦਾਤ ਦਾਸ ਨੂੰ ਬਖਸ਼ੀ ਸੀ, ਉਸ ਦੀ ਬੇਤਾਰ ਤਾਰ ਸਾਰੇ ਇਲਾਕੇ ਵਿੱਚ ਖੜਕ ਗਈ। ਦੁਬੇਰਨ, ਚੋਹਾ ਖਾਲਸਾ, ਥੋਹਾ ਖਾਲਸਾ, ਮਟੋਰ, ਨਾਰਾ ਆਦਿ ਸਾਰੇ ਇਲਾਕੇ ਵਿੱਚ ਸੰਗਤਾਂ ਲੈ ਗਈਆਂ। ਸੋਹਣੇ ਦੀਵਾਨ ਸੱਜੇ ਅਤੇ ਸੈਂਕੜੇ ਮਾਈ ਭਾਈ ਨੇ ਅੰਮ੍ਰਿਤ ਛਕਿਆ। ਸਤਿਗੁਰੂ ਦੀ ਕ੍ਰਿਪਾ ਦੁਆਰਾ ਰਾਵਲਪਿੰਡੀ ਅਤੇ ਹੋਰ ਨਗਰਾਂ ਵਿੱਚੋਂ ਅੰਗੀਠਾ ਸਾਹਿਬ ਦੇ ਗਾਡਰਾਂ ਦੀ ਬਹੁਤ ਸਾਰੀ ਸੇਵਾ ਪੂਰੀ ਹੋ ਗਈ।

ਗੁਜਰਖਾਨੇ ਗੁਜਰਾਂਵਾਲੇ ਤੋਂ ਹੁੰਦਿਆਂ ਹੋਇਆਂ ਦਾਸ ਗੁਰੂਸਾਗਰ ਸਾਹਿਬ ਪੁੱਜਾ ਅਤੇ ਭਾਈ ਗੁਲਾਬ ਸਿੰਘ ਜੀ ਦੇ ਕਹਿਣ ਤੇ ਗਾਡਰਾਂ ਦਾ ਆਡਰ ਦੇ ਦਿੱਤਾ। ਥੋੜ੍ਹੇ ਦਿਨਾਂ ਮਗਰੋਂ ਦਾਸ ਨੂੰ ਸ਼ਿਮਲੇ ਤੋਂ ਚਿੱਠੀ ਆ ਗਈ। ਦਾਸ ਜਥੇ ਸਮੇਤ ਉੱਥੇ ਪੁੱਜਾ ਅਤੇ ਗਾਡਰਾਂ ਦੀ ਰਹਿੰਦੀ ਸੇਵਾ ਉੱਥੇ ਪੂਰੀ ਹੋ ਗਈ। ਤਿੰਨ ਹਫ਼ਤੇ ਸ਼ਿਮਲੇ ਦੀਆਂ ਸਾਰੀਆਂ ਬਸਤੀਆਂ ਵਿੱਚ ਵਾਰੀ ਵਾਰੀ ਦੀਵਾਨ ਸਜਦੇ ਰਹੇ।

ਇੱਟ ਤੇ ਕਲੀ, ਦਾਸ ਦੇ ਕਾਲਜ ਸਮੇਂ ਦੀ ਤਿਆਰ ਪਈ ਸੀ। ਗਾਡਰ ਵੀਂ ਪਹੁੰਚ ਗਏ। ਸਾਧ ਸੰਗਤ ਦੇ ਉਦਮ ਨਾਲ ਚੂਨੇ ਦੀ ਭੱਠੀ ਵੀਂ ਤਿਆਰ ਹੋ ਗਈ। ਸੰਤ ਭਾਈ ਗੁਲਾਬ ਸਿੰਘ ਜੀ ਇੱਕ ਰਸ ਇਮਾਰਤ ਦੇ ਪਹਿਰੇ ਤੇ ਡਟ ਗਏ। ਸਾਧ ਸੰਗਤ ਨੇ ਵੀ ਆਪਣੇ ਆਪਣੇ ਵਿਤ ਅਨੁਸਾਰ ਤਨ ਮਨ ਧਨ ਦੀ ਸੇਵਾ ਕੀਤੀ। ਮਜ਼ੂਰੀ ਦਾ ਸੱਤ ਹਜ਼ਾਰ ਦਮੜਾ ਸੰਤ ਗੁਲਾਬ ਸਿੰਘ ਜੀ ਨੇ ਦਮਦਮੇ ਸਾਹਿਬ ਦੇ ਖਜ਼ਾਨੇ ਵਿਚੋਂ ਹਾਜ਼ਰ ਕੀਤਾ। ਤਿੰਨ ਮਹੀਨਿਆਂ ਵਿੱਚ ਹੀ ਇਹ ਅਦੁੱਤੀ ਚਾਅ ਤੇ ਸ਼ਾਨਦਾਰ ਦੀਵਾਨ ਅਸਥਾਨ ਬਣ

ਗਿਆ। ਬੜੇ ਉਤਸ਼ਾਹ ਨਾਲ ਇਸ ਵਿੱਚ ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ। ਕੁਝ ਕੁ ਮਹੀਨੇ ਮਗਰੋਂ ਸਰਦਾਰ ਧਰਮ ਸਿੰਘ ਨੇ ਦਮਦਮੇ ਸਾਹਿਬ ਦੀ ਇਮਾਰਤ ਦੇ ਫੰਡ ਦੇ ਸੂਦ ਵਿਚੋਂ ਦਸ ਹਜ਼ਾਰ ਦੀ ਲਾਗਤ ਦਾ ਸੁੰਦਰ ਸਿੰਘਾਸਣ ਤਿਆਰ ਕਰਾ ਕੇ ਭੇਜਿਆ ਜਿਹੜਾ ਕਿ ਇਸ ਵੇਲੇ ਅਸਥਾਨ (ਮਸਤੂਆਣਾ) ਵਿਖੇ ਸੁਸ਼ੋਭਿਤ ਹੈ।

ਇਸ ਤੋਂ ਥੋੜ੍ਹੇ ਚਿਰ ਮਗਰੋਂ ਬਾਬੂ ਤੇਜਾ ਸਿੰਘ ਭਸੌੜ ਵਾਲੇ ਇਥੇ ਦਰਸ਼ਨ ਕਰਨ ਲਈ ਆਏ। ਸੁਤੇ ਸਿਧ ਹੀ ਅੰਦਰ ਵੜਦਿਆਂ ਸਾਰ ਉਹਨਾਂ ਦੀ ਜ਼ਬਾਨ ਤੋਂ ਇਹ ਅਖਰ ਨਿਕਲੇ, "ਵਾਹ, ਵਾਹ! ਜਿਸ ਤਰ੍ਹਾਂ ਦੇ ਸੰਤ ਆਪ ਸਨ, ਉਸੇ ਤਰ੍ਹਾਂ ਦੀ ਆਪਣੀ ਯਾਦਗਾਰ ਵੀ ਬਣਵਾ ਲਈ।" ਇਸ ਤਰ੍ਹਾਂ ਸਹਿਜ ਸੁਭਾਏ ਸੰਤ ਜੀ ਦਾ ਪਹਿਲਾ ਬਚਨ ਪੂਰਾ ਹੋਇਆ। ਬਹਾਦਰਪੁਰ ਵਾਲੇ ਕਿਲ੍ਹੇ ਵਿੱਚ ਗੁਰਦੁਆਰਾ ਬਣ ਗਿਆ।

ਅੰਗੀਠਾ ਸਾਹਿਬ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਮਗਰੋਂ ਸਾਧ ਸੰਗਤ ਨੇ ਸਵਾ ਸੌ ਅਖੰਡ ਪਾਠਾਂ ਦਾ ਆਰੰਭ ਕਰ ਦਿੱਤਾ। ਕੁਝ ਚਿਰ ਦਾਸ ਇਥੇ ਰਿਹਾ। ਫਿਰ ਦਾਸ ਨੂੰ ਦੋ ਚਿੱਠੀਆਂ ਆ ਗਈਆਂ। ਇਕ ਤਪ ਅਸਥਾਨ ਕਨੋਹਾ ਦੀ ਨੀਂਹ ਰੱਖਣ ਹਿੱਤ ਅਤੇ ਦੂਜੀ ਪਿਸ਼ਾਵਰ ਤੋਂ ਸਾਧ ਸੰਗਤ ਦੇ ਦਰਸ਼ਨ ਮੇਲੇ ਲਈ।

ਗੁਰੂਸਾਗਰ ਸਾਹਿਬ ਤੋਂ ਪਹਿਲਾਂ ਦਾਸ ਕਨੋਹੇ ਪੁੱਜਾ ਅਤੇ ਕੱਲਰ ਕਨੋਹੇ, ਥਮਾਲੀ ਅਤੇ ਹੋਰ ਨਗਰਾਂ ਦੀ ਸੰਗਤ ਨੂੰ ਸੱਦ ਕੇ ਹਰੀਮੰਦਰ ਸਾਹਿਬ ਦੀ ਨੀਂਹ ਰੱਖੀ। ਭਾਈ ਹੁਕਮ ਸਿੰਘ ਬਿਸ਼ਨ ਦੌਰ ਵਾਲੇ ਦੀ ਸੇਵਾ ਲੱਗੀ ਕਿ ਉਹ ਬੈਠ ਕੇ ਇਸ ਇਮਾਰਤ ਦੀ ਸੇਵਾ ਕਰਾਉਣ। ਇਹਨਾਂ ਨੇ ਇਕ ਦੋ ਕੋਠੇ ਬਣਵਾਏ ਪਰ ਹਰੀਮੰਦਰ ਦੀ ਸੇਵਾ ਨਾ ਚੱਲ ਸਕੀ। ਉਦਾਸ ਹੋ, ਆਪਣੇ ਨਗਰ ਚਲੇ ਗਏ।

ਇਹਨਾਂ ਤੋਂ ਪਹਿਲਾਂ ਭਾਈ ਗੁਰਮੁਖ ਸਿੰਘ ਜੀ ਚਕਰੀ ਢੇਰੀ ਵਾਲੇ ਇਥੇ ਗੁਫਾ ਬਣਾ ਕੇ ਇਕੱਲੇ ਰਹੇ ਸਨ। ਉਹਨਾਂ ਨੇ ਇਲਾਕੇ ਦਾ ਇਹ ਭਰਮ ਕਿ ਝੰਗੀ ਵਿੱਚ ਇਕੱਲਾ ਆਦਮੀ ਨਹੀਂ ਟਿਕ ਸਕਦਾ, ਦੂਰ ਕੀਤਾ ਸੀ।

ਤਪਿਆਣੇ ਸਾਹਿਬ ਦੀ ਨੀਂਹ ਰੱਖ ਅਤੇ ਥਮ੍ਹਾਲੀ ਦੀ ਸੰਗਤ ਦਾ ਪ੍ਰੇਮ ਲੈ, ਦਾਸ ਜਥੇ ਸਮੇਤ ਪਿਸ਼ਾਵਰ ਪੁੱਜਾ। ਭਾਈ ਜੋਗਾ ਸਿੰਘ ਜੀ ਅਤੇ ਭਾਈ ਬੀਬਾ ਸਿੰਘ ਜੀ ਦੇ ਗੁਰਦੁਆਰਿਆਂ ਵਿੱਚ ਬੜੇ ਭਾਰੀ ਦੀਵਾਨ ਸੱਜੇ। ਕਈ ਦਿਨ ਬਾਣੀ ਦਾ ਪ੍ਰਵਾਹ ਚੱਲਿਆ ਅਤੇ ਬਹੁਤ ਸਾਰੇ ਪ੍ਰੇਮੀਆਂ ਨੇ ਸਤਿਗੁਰੂ ਕਲਗੀਆਂ ਵਾਲੇ ਦਾ ਅੰਮ੍ਰਿਤ ਪਾਨ ਕੀਤਾ।

ਇਕ ਦਿਨ ਅੰਮ੍ਰਿਤ ਵੇਲੇ ਸਿਮਰਨ ਦੇ ਸਮੇਂ ਇਕ ਪ੍ਰੇਮੀ ਦੀ ਬੇਤਾਰ ਤਾਰ ਦਾਸ ਦੇ ਹਿਰਦੇ ਵਿੱਚ ਖੜਕੀ। ਪਤਾ ਲੱਗਾ ਕਿ ਦਾਸ ਦੀ ਮਾਤਾ ਰਾਮ ਕੌਰ ਜੀ ਦਰਸ਼ਨ ਮੇਲੇ ਲਈ ਬੜੀ ਤੀਬਰ ਖਿੱਚ ਕਰ ਰਹੀ ਹੈ। ਇਨ੍ਹਾਂ ਦਿਨਾਂ ਵਿੱਚ ਮਾਤਾ ਜੀ, ਦਾਸ ਦੇ ਛੋਟੇ ਭਾਈ ਡਾਕਟਰ ਨਰੈਣ ਸਿੰਘ ਪਾਸ ਹਰੀ ਪੁਰ ਸਨ। ਪਿਸ਼ਾਵਰ ਤੋਂ ਸੰਗਤ ਦੀ ਆਗਿਆ ਲੈ, ਉਸੇ ਦਿਨ ਗੱਡੀ ਚੜ੍ਹ ਹਰੀਪੁਰ ਪੁੱਜਾ। ਟਾਂਗਾ ਲੈ, ਸਿਧਾ ਹਸਪਤਾਲ ਗਿਆ ਅਤੇ ਆਪਣੇ ਸਤਸੰਗੀ ਵੀਰ ਦੇ ਘਰ ਡੇਰਾ ਕੀਤਾ। ਸ਼ਹਿਰ ਦੀ ਸੰਗਤ ਨੂੰ ਵੀ ਪਤਾ ਲੱਗਾ। ਮਾਈ ਭਾਈ ਦਰਸ਼ਨ ਮੇਲੇ ਲਈ ਆ ਗਏ। ਇਨ੍ਹਾਂ ਦੇ ਪ੍ਰੇਮ ਕਰਕੇ ਸ਼ਹਿਰ ਦੇ ਗੁਰਦੁਆਰੇ ਤਿੰਨ ਚਾਰ ਦਿਨ ਬੜੇ ਦੀਵਾਨ ਸਜੇ। ਪੰਜਾਹ ਕੁ ਮਾਈ ਭਾਈ ਨੇ ਅੰਮ੍ਰਿਤ ਛਕਿਆ।

ਚੌਥੇ ਦਿਨ ਅੰਮ੍ਰਿਤ ਵੇਲੇ ਦੇ ਦੀਵਾਨ ਦੇ ਮਗਰੋਂ ਜਦ ਡੇਰੇ ਅਇਆ ਤਦ ਮਾਤਾ ਜੀ ਨੇ ਇਕਾਂਤ

ਵਿੱਚ ਆਖਿਆ, "**ਪੁੱਤ! ਮਸਤੂਆਣੇ ਜਾਣ ਨੂੰ ਜੀ ਕਰਦਾ ਹੈ।" ਦਾਸ ਮਾਤਾ ਜੀ ਦੀ ਅੰਦਰਲੀ ਰਮਜ਼ ਸਮਝ ਗਿਆ ਅਤੇ ਆਖਿਆ, "ਚੰਗਾ ਮਾਂ! ਲੈ ਚੱਲਾਂਗੇ ਪਰ ਫੇਰ ਚੂਹੇ ਦੀ ਖੁੱਡ ਵਿੱਚ ਨਹੀਂ ਵੜਨਾ।**" ਮਾਤਾ ਜੀ ਨੇ ਭੋਲੇ ਭਾਅ ਆਖਿਆ, "ਚੰਗਾ ਪੁੱਤ! ਸਤਿ ਬਚਨ।"

ਹਰੀਪੁਰ ਤੋਂ ਮਾਤਾ ਜੀ ਅਤੇ ਜਥੇ ਸਮੇਤ ਸਿੱਧਾ ਗੁਰੂਸਾਗਰ ਸਾਹਿਬ ਮਸਤੂਆਣੇ ਪੁੱਜਾ। ਏਥੇ ਸਵਾ ਸੌ ਅਖੰਡ ਪਾਠਾਂ ਦੀ ਰੱਬੀ ਲਹਿਰ ਜਾਰੀ ਸੀ। ਭੋਗ ਤੀਕਰ ਏਸ ਅੰਮ੍ਰਿਤ ਪ੍ਰਵਾਹ ਦਾ ਅਨੰਦ ਲਿਆ।

ਅਖੰਡ ਪਾਠਾਂ ਦੇ ਮਗਰੋਂ ਸੰਤ ਜੀ ਮਹਾਰਾਜ ਦੀ ਮਿਹਰ ਦਾ ਸਦਕਾ ਗੁਰੂ ਕੀਆਂ ਸੰਗਤਾਂ ਨੇ ਚਾਰੇ ਪਾਸਿਓਂ ਇੰਨੀ ਖਿੱਚ ਕੀਤੀ ਕਿ ਪੰਜ ਸਾਲ ਧਨੀ ਪੋਠੋਹਾਰ, ਨਵੀਂ ਅਤੇ ਪੁਰਾਣੀ ਬਾਰ, ਮਾਝਾ, ਬੀਕਾਨੇਰ, ਸਿੰਧ, ਬੰਬਈ, ਮੱਧ-ਹਿੰਦੁਸਤਾਨ, ਬੰਗਾਲ ਆਦਿ ਵਿੱਚ ਅਤੁੱਟ ਦੌਰਾ ਰਿਹਾ।

ਏਸ ਦੌਰੇ ਦੇ ਚੱਕਰ ਵਿੱਚ ੧੯੩● ਈਸਵੀ 'ਚ ਚੇਤ ਦੇ ਮਹੀਨੇ ਦਾਸ ਗੁਜਰਾਂਵਾਲੇ ਸੀ। ਕੰਵਰ ਮਹਿੰਦਰ ਪਾਲ ਸਿੰਘ ਅਤੇ ਰਾਜਿੰਦਰ ਪਾਲ ਸਿੰਘ ਗੁਜਰਾਂਵਾਲਿਆਂ ਦੀ ਭੈਣ ਦਾ ਅਨੰਦ ਕਾਰਜ ਸੀ। ਉੱਥੇ ਚੀਮੇਂ ਸਾਧ-ਸੰਗਤ ਵੱਲੋਂ ਇਸ਼ਤਿਹਾਰ ਅਤੇ ਪਤ੍ਰਿਕਾ ਪੁੱਜੀ ਕਿ ਚੇਤ ਸੁਦੀ ਏਕਮ ਵਾਲੇ ਦਿਹਾੜੇ ਸੰਤ ਜੀ ਮਹਾਰਾਜ ਦੇ ਜਨਮ ਦਿਨ ਦਾ ਪਹਿਲਾ ਜਨਮ-ਉਤਸਵ ਮਨਾਇਆ ਜਾਣਾ ਹੈ, ਉਸ ਦਿਨ ਅੰਮ੍ਰਿਤ ਵੇਲੇ ਸਵਾ ਸੌ ਅਖੰਡ ਪਾਠਾਂ ਦਾ ਭੋਗ ਪਵੇਗਾ। ਅਨੰਦ ਕਾਰਜ ਦੇ ਮਗਰੋਂ ਦਾਸ ਸਿੱਧਾ ਮੋਟਰ 'ਤੇ ਰਾਤ ਦੇ ਇੱਕ ਵਜੇ ਚੀਮੇਂ ਪੁੱਜਾ। ਅੱਗੇ ਬੇਅੰਤ ਸੰਗਤਾਂ ਅਖੰਡ ਕੀਰਤਨ ਦਾ ਰੰਗ ਮਾਣ ਰਹੀਆਂ ਸਨ। ਇਸ਼ਨਾਨ ਪਾਣੀ, ਨਿੱਤਨੇਮ ਕਰ, ਦਾਸ ਦੀਵਾਨ ਵਿੱਚ ਹਾਜ਼ਰ ਹੋਇਆ। ਆਸਾ ਦੀ ਵਾਰ ਅਤੇ ਅਖੰਡ ਪਾਠਾਂ ਦੇ ਭੋਗ ਦੇ ਮਗਰੋਂ ਇਹ ਗੁਰਮਤਾ ਹੋਇਆ ਕਿ ਸੰਤ ਜੀ ਮਹਾਰਾਜ ਦਾ ਇਹ ਬਚਨ ਕਿ ਸਾਡੇ ਸਰੀਰ ਛੱਡਣ ਦੇ ਮਗਰੋਂ ਸੰਗਤਾਂ ਨਾਨਕਸਰ ਸਾਹਿਬ ਦੀ ਸੇਵਾ ਕਰਨਗੀਆਂ, ਪੂਰਾ ਕੀਤਾ ਜਾਵੇ। ਸਾਧ-ਸੰਗਤ ਨੇ ਦਿਲ ਖੋਲ੍ਹ ਕੇ ਅੰਨ, ਬਸਤਰ, ਜ਼ਮੀਨ, ਇੱਟ ਅਤੇ ਮਾਇਆ ਦੀ ਅਰਦਾਸ ਕਰਾਈ। ਦਾਸ ਨੇ ਵੀ ਹੱਥ ਜੋੜ ਬੇਨਤੀ ਕੀਤੀ ਕਿ ਦਾਸ ਭੱਠੇ ਲਈ ਪੰਜ ਗੱਡੀਆਂ ਕੋਇਲੇ ਦੀਆਂ ਭੇਜੇਗਾ। ਸਾਧ-ਸੰਗਤ ਸੇਵਾ ਲਈ ਕੋਈ ਗੁਰਮੁਖ ਮੁਕਾਮੀ ਜਥੇਦਾਰ ਨੀਯਤ ਕਰੇ, ਫੇਰ ਦੌਰੇ ਵਿੱਚੋਂ ਜੋ ਭੇਟਾ ਮਿਲੇਗੀ, ਨਾਨਕਸਰ ਸਾਹਿਬ ਦੀ ਗੋਲਕ ਵਿੱਚ ਹਾਜ਼ਰ ਕੀਤੀ ਜਾਵੇਗੀ।

ਦੀਵਾਨ ਦੇ ਭੋਗ ਮਗਰੋਂ ਸੰਤ ਜੀ ਮਹਾਰਾਜ ਦੀ ਰੱਖੀ ਹੋਈ ਨੀਂਹ ਦੇ ਸਾਹਮਣੇ ਗੁਰੂ ਕੀ ਸਾਧ-ਸੰਗਤ ਅਤੇ ਦਾਸ ਬੈਠੇ ਸੀ। ਤਿੰਨ-ਚਾਰ ਸਾਧੂ, ਜਿਨ੍ਹਾਂ ਵਿੱਚ ਭਾਈ ਭਾਨ ਪ੍ਰਕਾਸ਼ (ਸੁਤੇ-ਪ੍ਰਕਾਸ਼) ਵੀ ਸਨ, ਦਰਸ਼ਨ ਮੇਲੇ ਲਈ ਆਏ। ਇਹ ਆਪਣਾ ਆਸਣ ਡਾਹ ਕੇ ਬੈਠ ਗਏ। ਅਜੇ ਇਨ੍ਹਾਂ ਸਾਧੂਆਂ ਨੂੰ ਬੈਠਿਆਂ ਦੋ ਕੁ ਮਿੰਟ ਹੀ ਹੋਏ ਸਨ ਕਿ ਭਾਈ ਸੁਤੇ-ਪ੍ਰਕਾਸ਼ ਦੇ ਮੁਖਾਰਬਿੰਦ ਤੋਂ ਸਹਿਜ-ਸੁਭਾਏ, ਦਾਸ ਵੱਲ ਉਂਗਲੀ ਕਰਕੇ ਇਹ ਬਚਨ ਨਿਕਲਿਆ, "ਇਹ ਸਿੱਖ ਗੁਰਦੁਆਰਾ ਬਣਾਏਗਾ।" ਉਸ ਵੇਲੇ ਦਾਸ ਦੇ ਚਿੱਤ ਚੇਤੇ ਵੀ ਨਹੀਂ ਸੀ ਕਿ ਇਸ ਫ਼ਕੀਰ ਦਾ ਇਹ ਬਚਨ ਪੂਰਾ ਹੋਵੇਗਾ। ਖੰਡੇ ਬਾਟੇ ਦੇ ਪਹਿਰੇ ਕਰਕੇ ਸੰਗਤਾਂ ਦੀ ਇੰਨੀ ਖਿੱਚ ਰਹਿੰਦੀ ਕਿ ਦਾਸ ਪਾਸ ਕਿਧਰੇ ਬੈਠ ਕੇ ਸੇਵਾ ਕਰਨ ਦਾ ਸਮਾਂ ਹੀ ਨਹੀਂ ਸੀ।

ਜਦ ਇਹ ਸਾਧੂ ਚਲੇ ਗਏ ਤਦ ਫਿਰ ਦਾਸ ਨੇ ਸਾਧ-ਸੰਗਤ ਅੱਗੇ ਬੇਨਤੀ ਕੀਤੀ ਕਿ ਤੁਸੀਂ ਜ਼ਰੂਰ ਛੇਤੀ ਤੋਂ ਛੇਤੀ ਕੋਈ ਗੁਰਮੁਖ ਜਥੇਦਾਰ ਬਣਾ ਲਓ, ਬਾਹਰ ਦੀ ਸੇਵਾ ਲਈ ਦਾਸ ਹਾਜ਼ਰ ਹੈ ਪਰ ਕਰਤਾਰ ਦੀ ਨੇਤ, ਦੋ ਸਾਲ ਕੋਈ ਵੀ ਪੱਕਾ ਪਹਿਰੇਦਾਰ ਨੀਯਤ ਨਾ ਹੋਇਆ ਅਤੇ ਇਹ ਸੇਵਾ ਉੱਥੇ ਦੀ ਉੱਥੇ ਹੀ

ਪਈ ਰਹੀ। ਸੰਗਤਾਂ ਦੀ ਕਰਾਈ ਅਰਦਾਸ ਦਾ ਉਤਸਾਹ ਵੀ ਢਿੱਲਾ ਪੈ ਗਿਆ। ਦੋ ਚਾਰ ਵਾਰੀ ਜਦ ਦਾਸ ਮਸਤੂਆਣੇ ਆਇਆ ਤਦ ਚੀਮੇ ਦੇ ਕੁਝ ਪ੍ਰੇਮੀਆਂ ਨੇ ਇਥੇ ਪਹਿਰਾ ਸੰਭਾਲਣ ਦੀ ਬੇਨਤੀ ਵੀ ਕੀਤੀ ਪਰ ਦਾਸ ਨੇ ਨਾਂਹ ਕਰ ਦਿੱਤੀ, "ਭਾਈ, ਇਹ ਪਹਿਰੇ ਏਸ ਬਿਖੜੇ ਸਮੇਂ ਵਿੱਚ ਨਹੀਂ ਨਿਭ ਸਕਦੇ।"

ਦਸੰਬਰ ੧੯੩੧ ਈਸਵੀ ਵਿੱਚ ਪੋਹ ਸੁਦੀ ਸਪਤਮੀ ਦੇ ਦਿਹਾੜੇ ਤੋਂ ਤਿੰਨ ਚਾਰ ਦਿਨ ਪਹਿਲਾਂ, ਦਾਸ ਸੁਹੇਵਾ ਸਾਹਿਬ ਅਤੇ ਨੌਹਰ ਦੇ ਦਰਸ਼ਨ ਕਰਕੇ, ਸਰਸੇ ਸਤਿਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪਵਿੱਤਰ ਅਸਥਾਨ ਤੇ ਪੁੱਜਾ। ਸਾਧ ਸੰਗਤ ਨੇ ਦਸਮੇਸ਼ ਪਿਤਾ ਦੇ ਜਨਮ ਦਿਨ ਸਮੇਂ ਤਿੰਨ ਦਿਨ ਲਈ ਬੜਾ ਭਾਰੀ ਦੀਵਾਨ ਰਚਿਆ ਹੋਇਆ ਸੀ। ਏਸ ਸਮਾਗਮ ਤੇ ਗੁਰੂਸਾਗਰ ਸਾਹਿਬ ਮਸਤੂਆਣੇ ਤੋਂ ਭਾਈ ਕੁੰਡਾ ਸਿੰਘ ਜੀ ਪ੍ਰਚਾਰਕ ਜਥੇ ਸਮੇਤ ਪੁੱਜੇ। ਇਹਨਾਂ ਨੇ ਇਕਾਂਤ ਵਿੱਚ ਦਾਸ ਨੂੰ ਮਾਤਾ ਜੀ ਵੱਲੋਂ ਸੁਨੇਹਾ ਦਿੱਤਾ ਕਿ ੧੯ ਮਾਘ ਵਾਲੇ ਦਿਹਾੜੇ ਸੰਤ ਜੀ ਮਹਾਰਾਜ ਦੇ ਦੀਵਾਨ ਤੇ ਜ਼ਰੂਰ ਹੀ ਪੁੱਜਣਾ। ਗੁਜਰਾਂਵਾਲੇ ਤੋਂ ਹੁੰਦਿਆਂ ਹੋਇਆ ਦਾਸ ੧੮ ਮਾਘ ਨੂੰ ਗੁਰੂਸਾਗਰ ਸਾਹਿਬ ਪਹੁੰਚਾ ਅਤੇ ਮਾਤਾ ਜੀ ਦੇ ਆਣ ਦਰਸ਼ਨ ਕੀਤੇ। ਇਹ ਇਕ ਦਿਨ ਪਹਿਲਾਂ ਆਪਣੀ ਹੱਥੀ ਗੁਰੂਸਾਗਰ ਸਾਹਿਬ ਦੀਆਂ ਸਾਰੀਆਂ ਮਾਈਆਂ ਬੀਬੀਆਂ ਨੂੰ ਪ੍ਰਸ਼ਾਦ ਛਕਾ ਕੇ ਮੰਜੀ ਤੇ ਲੇਟ ਗਏ। ਆਪਣਾ ਖ਼ਫਣ ਪਹਿਲਾਂ ਹੀ ਤਿਆਰ ਕਰ ਰੱਖਿਆ ਸੀ ਅਤੇ ਆਪਣੇ ਨਮਿਤ ਪੰਜ ਸਾਧਾਰਨ ਪਾਠ ਦੇ ਭੋਗ ਪਵਾ ਚੁਕੇ ਸਨ। ੧੯ ਮਾਘ, ਸੰਤ ਜੀ ਮਹਾਰਾਜ ਦੇ ਜੋਤੀ ਜੋਤ ਸਮਾਉਣ ਵਾਲੀ ਰਾਤ ਦੇ ਸਮੇਂ ਅਖੀਰਲੀ ਵਾਰ ਦਾਸ ਦੇ ਹੱਥੋਂ ਜਲ ਛਕ, ਹੱਥ ਜੋੜ, ਸਤਿਗੁਰੂ ਅਤੇ ਸੰਤ ਜੀ ਮਹਾਰਾਜ ਅੱਗੇ ਅਰਦਾਸ ਕਰਦੇ, ਉਨ੍ਹਾਂ ਦੇ ਚਰਨਾਂ ਵਿਚ ਅਲੋਪ ਹੋ ਗਏ।

ਮਾਤਾ ਜੀ ਆਪਣੇ ਵੱਲੋਂ ਆਪਣੇ ਨਮਿੱਤ ਸਭ ਕੁਝ ਕਰ ਚੁੱਕੇ ਸਨ, ਪਰ ਸਸਕਾਰ ਦੇ ਮਗਰੋਂ ਦਾਸ ਨੇ ਆਪਣੇ ਪ੍ਰੇਮ ਵਿੱਚ ਪੰਜ ਅਖੰਡ ਪਾਠਾਂ ਦਾ ਆਰੰਭ ਕਰ ਦਿੱਤਾ। ਦਸ ਦਿਨ ਇਹ ਗੁਰਬਾਣੀ ਦਾ ਅੰਮ੍ਰਿਤ ਪ੍ਰਵਾਹ ਚਲਦਾ ਰਿਹਾ। ਇਨ੍ਹਾਂ ਦਿਨਾਂ ਵਿੱਚ ਸਾਧ ਸੰਗਤ ਦੇ ਭੇਜੇ ਹੋਏ ਭਾਈ ਕਰਤਾਰ ਸਿੰਘ ਜੀ ਅਤੇ ਭਾਈ ਇੰਦਰ ਸਿੰਘ ਜੀ ਦਾਸ ਦੇ ਪਾਸ ਪੁੱਜੇ। ਇਨ੍ਹਾਂ ਨੇ ਬੇਨਤੀ ਕੀਤੀ ਕਿ ਸੰਤ ਜੀ ਮਹਾਰਾਜ ਦੇ ਜਥੇ ਵਿੱਚੋਂ ਕੋਈ ਵੀ ਸਰੀਰ ਚੀਮੇ ਬੈਠ ਕੇ ਨਾਨਕਸਰ ਦੀ ਸੇਵਾ ਦਾ ਪਹਿਰਾ ਨਹੀਂ ਸਾਂਭਦਾ, ਤੁਸੀਂ ਸੰਤ ਜੀ ਮਹਾਰਾਜ ਦੇ ਸੇਵਕ ਹੋ, ਜ਼ਰੂਰ ਹੀ ਮਾਤਾ ਜੀ ਦੇ ਪਾਠਾਂ ਦੇ ਭੋਗ ਮਗਰੋਂ ਸਾਡੇ ਨਾਲ ਚੱਲੋ ਅਤੇ ਸੰਤ ਜੀ ਮਹਾਰਾਜ ਦੇ ਬਚਨਾਂ ਤੇ ਫੁੱਲ ਚੜ੍ਹਾਓ। ਦਾਸ ਨੇ ਅੱਗੇ ਵਾਂਗ ਹੀ ਆਖਿਆ ਕਿ ਭਾਈ ਤੁਸੀਂ ਕੋਈ ਹੋਰ ਪ੍ਰੇਮੀ ਸਥਾਪਨ ਕਰਕੇ ਪਹਿਰੇ ਤੇ ਬਿਠਾਓ, ਦੋ ਪਹਿਰੇ ਨਹੀਂ ਨਿਭ ਸਕਦੇ। ਪਰ ਐਤਕੀਂ ਇਹ ਪ੍ਰੇਮੀ ਖਹਿੜੇ ਪੈ ਗਏ। ਧਰਨਾ ਮਾਰ, ਬੂਹੇ ਅੱਗੇ ਬਹਿ ਗਏ। ਸੰਤ ਜੀ ਮਹਾਰਾਜ ਦੀ ਵਡੀ ਭੈਣ ਬੀਬੀ ਰਤਨ ਕੌਰ ਨੇ ਵੀ ਬੜੇ ਪ੍ਰੇਮ ਨਾਲ ਆਖਿਆ ਕਿ ਤੁਹਾਡੇ ਤੇ ਸੰਤ ਜੀ ਮਹਾਰਾਜ ਦੀ ਕ੍ਰਿਪਾ ਹੈ, ਇਹ ਸੇਵਾ ਤੁਹਾਨੂੰ ਹੀ ਬਣ ਆਉਂਦੀ ਹੈ, ਜ਼ਰੂਰ ਜਾਓ। ਦੋ ਵਰ੍ਹੇ ਹੋ ਗਏ, ਇਹ ਕਾਰ ਰੁਕੀ ਹੋਈ ਹੈ। ਹੋਰ ਪ੍ਰੇਮੀਆਂ ਨੇ ਵੀ ਜ਼ੋਰ ਦਿੱਤਾ, ਸੋ ਦਾਸ ਬਚਨ ਮੰਨ, ਮਾਤਾ ਜੀ ਦੇ ਪਾਠਾਂ ਦੇ ਭੋਗ ਮਗਰੋਂ ਚੀਮੇ ਆ ਗਿਆ। ਦੂਜੇ ਦਿਨ ਸ਼ਾਮ ਵੇਲੇ ਜਿੱਥੇ ਸੰਤ ਜੀ ਮਹਾਰਾਜ ਨੇ ਆਪਣੀ ਹੱਥੀ ਨੀਂਹ ਰੱਖੀ ਸੀ, ਨਗਰ ਦੀ ਸਾਰੀ ਪੰਚਾਇਤ ਅਤੇ ਮਾਈ ਭਾਈ ਇਕੱਤ੍ਰ ਹੋਏ। ਸਰਬ ਸੰਮਤੀ ਨਾਲ ਏਸ ਸੇਵਾ ਦੀ ਪੱਗ ਦਾਸ ਨੂੰ ਬਖਸ਼ੀ ਗਈ। ਸਾਰਿਆਂ ਨੇ ਇੱਕ ਜ਼ਬਾਨ ਹੋ ਕੇ ਆਖਿਆ ਕਿ ਇਹ ਕਾਰਜ ਤੁਹਾਡੇ ਹੱਥੋਂ ਹੀ ਹੋਣਾ ਹੈ। ਪਹਿਲਾਂ ਤੇ ਦਾਸ ਨੂੰ ਇਹ ਪੱਗ ਇੱਕ ਡਾਢੀ ਭਾਰੀ ਪੰਡ ਭਾਸੀ ਪਰ ਜਦ ਅਰਦਾਸ ਮਗਰੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੁਕਮ ਲਿਆ ਗਿਆ ਤਦ ਸ਼ਬਦ ਦੀ ਅਖੀਰੀ ਤੁਕ "**ਮਤ ਕੋਈ ਜਾਣਹੁ ਅਵਰੁ ਕਛੁ ਸਭ ਪ੍ਰਭ ਕੈ ਹਾਥਿ ॥ ਸਰਬ ਸੂਖ ਨਾਨਕ ਪਾਏ ਸੰਗਿ ਸੰਤਨ ਸਾਥਿ ॥**" (੮੧੪) ਨੇ ਦਾਸ ਨੂੰ ਨਿਸਚਾ ਕਰਾ ਦਿੱਤਾ ਕਿ ਸੰਤ ਜੀ ਮਹਾਰਾਜ


ਦੇ ਬਚਨ ਦੀ ਕਿਰਪਾ ਦੁਆਰਾ ਇਹ ਅਸਥਾਨ ਤਾਂ ਅੱਗੇ ਹੀ ਬਣਿਆ ਹੋਇਆ ਹੈ। ਤੈਨੂੰ ਤਾਂ ਮੁਫ਼ਤ ਦੀ ਵਡਿਆਈ ਮਿਲਣੀ ਹੈ। ਤਕੜਾ ਹੋ ਕੇ ਕਮਰਕੱਸਾ ਕਰ ਲੈ, ਸਤਿਗੁਰੂ ਅੰਗ-ਸੰਗ ਹਨ।

ਵਾਕ ਲੈਣ ਦੇ ਮਗਰੋਂ ਸਾਧ-ਸੰਗਤ ਨੇ ਇਹ ਗੁਰਮਤਾ ਕੀਤਾ ਕਿ ਚੂਨੇ ਦੀ ਭੱਠੀ ਫੂਕਣ ਲਈ ਪ੍ਰਤੀ ਘਰ ਇੱਕ-ਇੱਕ ਗੱਡਾ ਰੋੜਾਂ ਦਾ ਲਿਆਵੇ। ਏਸ ਤਰ੍ਹਾਂ ਸੰਤ ਜੀ ਮਹਾਰਾਜ ਨੇ ਸਮੇਂ ਸਿਰ ਆਪਣੇ ਦਾਸ ਨੂੰ ਪਹਿਰੇ 'ਤੇ ਖੜ੍ਹਾ ਕਰਕੇ ਨਾਨਕਸਰ ਸਾਹਿਬ ਦੀ ਸੇਵਾ ਸਾਧ-ਸੰਗਤ ਪਾਸੋਂ ਅਰੰਭ ਕਰਵਾ ਦਿੱਤੀ।

ਚਾਰ ਦਿਨ ਚੀਮਾਂ ਨਗਰ ਵਿੱਚ ਰਹਿਣ ਦੇ ਮਗਰੋਂ ਦਾਸ ਆਪਣੇ ਗੁਰੂ ਕੀਆਂ ਸੰਗਤਾਂ ਨਾਲ ਬਚਨ ਕੀਤੇ ਅਨੁਸਾਰ ਦੌਰੇ ਚਲਾ ਗਿਆ। ਮਹੀਨੇ ਕੁ ਮਗਰੋਂ ਜਦ ਮੁੜ ਕੇ ਆਇਆ ਤਦ ਰੋੜਾਂ ਦੇ ਸਿਰਫ ਵੀਹ ਕੁ ਗੱਡੇ ਪਏ ਸਨ। ਨਗਰ ਵਿੱਚ ਦੀਵਾਨ ਸਜਾ ਕੇ ਸਾਧ-ਸੰਗਤ ਨੂੰ ਫੇਰ ਪ੍ਰੇਰਨਾ ਕੀਤੀ ਕਿ ਗੁਰਮੁਖੋ, ਰੋੜ ਛੇਤੀ ਕੱਢ ਦਿਓ ਤਾਂ ਕਿ ਚੂਨਾ ਫੂਕ ਕੇ ਗੁਰਦੁਆਰੇ ਸਾਹਿਬ ਦੀ ਇਮਾਰਤ ਦਾ ਕੰਮ ਸ਼ੁਰੂ ਕੀਤਾ ਜਾਵੇ। ਦਸ ਦਿਨ ਮਗਰੋਂ ਦਾਸ ਨੂੰ ਦਿੱਤੀਆਂ ਹੋਈਆਂ ਤਰੀਕ਼ਾਂ ਕਰਕੇ ਬਾਹਰ ਜਾਣਾ ਪਿਆ। ਫੇਰ ਜਦ ਆਇਆ ਤਾਂ ਰੋੜ ਮਸਾਂ ਪੰਝੀ ਤੀਹ ਗੱਡੇ ਪਏ ਸਨ। ਜੇਠ ਦਾ ਮਹੀਨਾ ਸੀ। ਪ੍ਰਸ਼ਾਦ ਛਕ, ਉਦਾਸ ਚਿੱਤ, ਉਸ ਵਣ ਹੇਠਾਂ ਪੈ ਗਿਆ ਜਿੱਥੇ ਕਿ ਸੰਤ ਜੀ ਮਹਾਰਾਜ ਨੇ ਬੈਠ ਕੇ ਤਪ ਕੀਤਾ ਸੀ। ਅਜੇ ਮਸਾਂ ਅੱਖ ਲੱਗੀ ਹੀ ਸੀ ਕਿ ਸੰਤ ਜੀ ਮਹਾਰਾਜ ਦੇ ਦਰਸ਼ਨ ਹੋਏ ਅਤੇ ਹੁਕਮ ਹੋਇਆ, "ਗੁਰਮੁਖਾ! ਤੂੰ ਆਪ ਕਮਰਕੱਸਾ ਕਰ ਲੈ, ਕਿਸੇ ਦੀ ਆਸ ਨਾ ਰੱਖ। ਨਗਰ ਵਿੱਚੋਂ ਜਿਸ ਦੇ ਭਾਗ ਹੋਣਗੇ, ਤੇਰੇ ਨਾਲ ਹੋ ਜਾਏਗਾ।" ਏਸ ਦ੍ਰਿਸ਼ਟਾਂਤ ਦੇ ਪੰਦਰਾਂ ਕੁ ਮਿੰਟ ਪਿੱਛੋਂ ਭਾਈ ਕਰਤਾਰ ਸਿੰਘ ਬਾੜੀ ਵਾਲੇ ਦੌੜੇ-ਦੌੜੇ ਦਾਸ ਪਾਸ ਆਏ ਅਤੇ ਆਖਿਆ, "ਮੈਨੂੰ ਸੰਤ ਜੀ ਮਹਾਰਾਜ ਨੇ ਹੁਣੇ ਹੀ ਦਰਸ਼ਨ ਦਿੱਤੇ ਹਨ। ਉਹਨਾਂ ਨੇ ਫੁਰਮਾਇਆ ਹੈ, "ਸੰਤ ਤੇਜਾ ਸਿੰਘ ਜੀ ਨੂੰ ਕਹਿ ਦੇ ਕਿ ਤਕੜੇ ਹੋ ਕੇ ਸੇਵਾ ਵਿੱਚ ਲੱਗ ਜਾਣ, ਜਿਹਦੇ ਭਾਗ ਹੋਣਗੇ ਨਾਲ ਜੁੱਟ ਜਾਏਗਾ।" ਦੂਜੇ ਦਿਨ ਹੀ ਅੰਮ੍ਰਿਤ ਵੇਲੇ ਕਹੀ ਟੋਕਰੀ ਫੜ੍ਹ ਜਥੇ ਸਮੇਤ ਰੋੜ ਕੱਢਣੇ ਸ਼ੁਰੂ ਕਰ ਦਿੱਤੇ। ਜਦ ਪੰਜ ਕੁ ਠੇਲ੍ਹੀਆਂ ਹੋ ਗਈਆਂ ਤਾਂ ਕੁਝ ਨਗਰ ਨਿਵਾਸੀਆਂ ਦੇ ਹਿਰਦੇ ਵਿੱਚ ਉਤਸ਼ਾਹ ਜਾਗ ਪਿਆ, ਇਹ ਵੀ ਏਸ ਕਾਰ ਵਿੱਚ ਲੱਗ ਪਏ। ਵੱਡੀ ਭੀਰ ਅਤੇ ਤੋਲੋਵਾਲ ਦੀਆਂ ਸੰਗਤਾਂ ਨੇ ਰੋੜ ਕਢਾਉਣ ਦੀ ਸੇਵਾ ਵਿੱਚ ਹਿੱਸਾ ਲਿਆ ਅਤੇ ਸਤਿਗੁਰੂ ਸੱਚੇ ਪਾਤਸ਼ਾਹ ਦੀ ਕਿਰਪਾ ਨਾਲ ਚੂਨੇ ਦੀ ਪਹਿਲੀ ਭੱਠੀ ਚੜ੍ਹ ਗਈ।

ਹੁਣ ਦਾਸ ਦੇ ਚਿੱਤ ਵਿੱਚ ਇਹ ਖ਼ਿਆਲ ਆਇਆ ਕਿ ਅਸਥਾਨ ਤਦ ਹੀ ਸੁੰਦਰ ਅਤੇ ਸਮੇਂ ਸਿਰ ਬਣ ਸਕਦਾ ਹੈ ਜੇ ਕੋਈ ਤਕੜਾ ਹੋ ਕੇ ਸੇਵਾ ਦੀ ਨਿਗਰਾਨੀ ਕਰੇ। ਉਸੇ ਵੇਲੇ ਭਾਈ ਮੁਹੰਮਦ ਕਾਸਮ ਐਸਿਸਟੈਂਟ ਇੰਜੀਨੀਅਰ, ਜਿਹੜੇ ਕਿ ਕਾਲਜ ਦੇ ਜ਼ਮਾਨੇ ਤੋਂ ਹੀ ਦਾਸ ਦੇ ਮਿੱਤਰ ਸਨ, ਯਾਦ ਆਏ। ਉਹਨਾਂ ਨੂੰ ਚਿੱਠੀ ਲਿਖ ਭੇਜੀ। ਖ਼ੱਤ ਮਿਲਦਿਆਂ ਹੀ ਉਹ ਟੁਰ ਪਏ ਅਤੇ ਨਾਨਕਸਰ ਸਾਹਿਬ ਚੀਮੇਂ ਪੁੱਜ ਗਏ। ਇਮਾਰਤ ਦਾ ਨਕਸ਼ਾ ਬਣਾਉਣ ਅਤੇ ਨਿਗਰਾਨੀ ਦੀ ਸੇਵਾ ਇਹਨਾਂ ਦੇ ਉਸੇ ਵੇਲੇ ਸਪੁਰਦ ਕਰ ਦਿੱਤੀ ਗਈ। ਥੋੜ੍ਹੇ ਦਿਨਾਂ ਮਗਰੋਂ ਭੱਠੀ ਵੀ ਤਿਆਰ ਹੋ ਗਈ ਅਤੇ ਨਕਸ਼ਾ ਵੀ ਬਣ ਗਿਆ। ਖਾਸ ਦਿਨ ਨੀਯਤ ਕਰਕੇ ਨਾਨਕਸਰ ਸਾਹਿਬ ਵਿਖੇ ਹਰਿਮੰਦਰ ਸਾਹਿਬ ਦੀ ਬੜੇ ਉਤਸ਼ਾਹ ਨਾਲ ਨੀਂਹ ਰੱਖੀ ਗਈ। ਚਿੱਤ ਵਿੱਚ ਇਹ ਦ੍ਰਿੜ੍ਹ ਕਰ ਲਿਆ ਕਿ ਸੰਤ ਜੀ ਮਹਾਰਾਜ ਦੇ ਅਗਲੇ ਜਨਮ ਦਿਹਾੜੇ ਵਾਲੇ ਦਿਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਹਰਿਮੰਦਰ ਸਾਹਿਬ ਵਿੱਚ ਜ਼ਰੂਰ ਅਸਥਾਪਨ ਕਰ ਦੇਣੇ ਹਨ।

ਨੀਂਹ ਰੱਖਣ ਦੇ ਮਗਰੋਂ ਦਾਸ ਤਾਂ ਬਾਹਰ ਬੇਫ਼ਿਕਰ ਹੋ ਕੇ ਦੌਰੇ ਵਿੱਚ ਜੁੱਟ ਗਿਆ ਅਤੇ ਭਾਈ ਮੁਹੰਮਦ ਕਾਸਮ ਇਮਾਰਤ ਦੀ ਸੇਵਾ ਵਿੱਚ ਲੱਗ ਗਏ। ਕਈ ਜਗ੍ਹਾ ਅਤੇ ਇਲਾਕਿਆਂ ਪੰਜਾਬ, ਬੰਬਈ,



ਗੁਰਦੁਆਰਾ ਨਾਨਕਸਰ ਚੀਮਾਂ ਜਨਮ ਨਗਰ ਸੰਤ ਅਤਰ ਸਿੰਘ ਜੀ ਮਹਾਰਾਜ

ਹੈਦਰਾਬਾਦ ਦੱਖਣ, ਮੱਧ-ਹਿੰਦੁਸਤਾਨ, ਕਾਲੀ ਮਿੱਟੀ, ਕਲਕੱਤਾ, ਜਬਲਪੁਰ ਆਦਿ ਫਿਰ ਕੇ, ਦਾਸ ਬਾਹਰੋਂ ਮਾਇਆ ਭੇਜੀ ਗਿਆ ਅਤੇ ਭਾਈ ਮੁਹੰਮਦ ਕਾਸਮ ਗੁਰਦੁਆਰਾ ਸਾਹਿਬ ਦੀ ਇਮਾਰਤ ਦਬਾ-ਦਬ ਬਣਾਈ ਗਏ। ਚੰਗੇ ਭਾਗਾਂ ਕਰਕੇ ਇਹਨਾਂ ਨੂੰ ਸੂਬੇਦਾਰ ਕਿਸ਼ਨ ਸਿੰਘ, ਪਿੰਡ ਵੱਲੋਂ ਖਜਾਨਚੀ ਮਿਲੇ ਹੋਏ ਸਨ। ਮਾਇਆ ਇਹਨਾਂ ਪਾਸ ਜਮ੍ਹਾਂ ਰਹਿੰਦੀ ਅਤੇ ਹਫ਼ਤੇ ਵਾਰ ਸਭ ਦੀ ਮਜ਼ਦੂਰੀ ਮੁਕਾਈ ਜਾਂਦੀ।

ਏਸ ਤਰ੍ਹਾਂ ਸੇਵਾ ਕਰਦਿਆਂ ਸੰਤ ਜੀ ਮਹਾਰਾਜ ਦਾ ਸੰਮਤ ੧੯੮੯ (੧੯੩੨ ਈਸਵੀ) ਵਾਲਾ ਜਨਮ ਦਿਨ ਨੇੜੇ ਆ ਗਿਆ। ਗੁਰਮਤੇ ਅਨੁਸਾਰ ਸਾਰੇ ਪੰਜਾਬ ਤੇ ਹਿੰਦੁਸਤਾਨ ਵਿੱਚ ਜੋੜ-ਮੇਲੇ ਦੇ ਇਸ਼ਤਿਹਾਰ ਵੰਡੇ ਗਏ। ਬੜਾ ਭਾਰੀ ਦੀਵਾਨ ਅਤੇ ਕਵੀ ਦਰਬਾਰ ਸਜਿਆ। ਪੰਜਾਂ ਪਿਆਰਿਆਂ ਨੇ, ਜਿਨ੍ਹਾਂ ਵਿੱਚ ਸੰਤ ਬਾਬਾ ਸਾਹਿਬ ਸਿੰਘ ਜੀ ਵੀ ਸਨ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਗੁਰਦੁਆਰਾ ਸਾਹਿਬ ਵਿੱਚ ਪ੍ਰਕਾਸ਼ ਕੀਤੀ। ਉਸੇ ਵੇਲੇ ਅਖੰਡ ਪਾਠ ਰੱਖਿਆ ਗਿਆ ਅਤੇ ਤੀਜੇ ਦਿਨ ਦੀਵਾਨ ਦੀ ਸਮਾਪਤੀ ’ਤੇ ਇਸ ਦਾ ਭੋਗ ਪਿਆ।

ਇਸ ਦੇ ਮਗਰੋਂ ਸੇਵਾ ਹੁੰਦੀ ਰਹੀ। ਗੁਰਦੁਆਰੇ ਸਾਹਿਬ ਦਾ ਗੁਬੰਦ, ਸਰੋਵਰ ਦੀਆਂ ਚਾਰੇ ਬਾਹੀਆਂ, ਗੁਰੂ ਕਾ ਲੰਗਰ, ਸਾਧ-ਸੰਗਤ ਵਾਸਤੇ ਬੁੰਗੇ ਆਪਣੇ-ਆਪਣੇ ਸਮੇਂ ਤਿਆਰ ਹੁੰਦੇ ਰਹੇ। ਜਿਹੜੀ-ਜਿਹੜੀ ਸੇਵਾ ਬਾਕੀ ਹੈ, ਉਹ ਸਹਿਜ-ਸੁਭਾਏ ਕਰਤਾਰ ਦੇ ਹੁਕਮ ਵਿੱਚ ਗੁਰੂ ਕੇ ਸੇਵਕ ਅਤੇ ਸੰਗਤਾਂ ਪੂਰੀ ਕਰੀ ਜਾਣਗੀਆਂ। ਇਸ ਤਰ੍ਹਾਂ ਸੰਤ ਜੀ ਮਹਾਰਾਜ ਦਾ ਨਾਨਕਸਰ ਦੀ ਨੀਂਹ ਰੱਖਣ ਵੇਲੇ ਦਾ ਵਾਕ, ਇਹ ਅਸਥਾਨ ਸਾਡੇ ਸਰੀਰ ਛੱਡਣ ਮਗਰੋਂ ਸੰਗਤਾਂ ਬਣਾਉਣਗੀਆਂ, ਪੂਰਾ ਹੋਇਆ। ਜਦ ਤੱਕ ਸ੍ਰਿਸ਼ਟੀ ਕਾਇਮ ਹੈ ਏਸ ’ਤੇ ਪ੍ਰੇਮੀਆਂ ਵੱਲੋਂ ਸ਼ਰਧਾ ਦੇ ਫੁੱਲ ਚੜ੍ਹਦੇ ਹੀ ਰਹਿਣਗੇ।

ਤਪ ਅਸਥਾਨ ਕਨੋਹਾ, ਜਿਸ ਦਾ ਨਾਮ ਸੰਗਤਾਂ ਨੇ ਗੁਰਮਤਾ ਕਰਕੇ ਤਪਿਆਣਾ ਸਾਹਿਬ ਰੱਖਿਆ, ਦੀ ਨੀਂਹ ਰੱਖਣ ਦਾ ਜ਼ਿਕਰ ਉੱਤੇ ਆ ਚੁੱਕਿਆ ਹੈ। ਨੀਂਹ ਤਾਂ ਸੰਤ ਜੀ ਮਹਾਰਾਜ ਦੇ ਦੂਜੇ ਵਾਕ ਦੀ ਕਿ ਸਾਡੇ ਸਰੀਰ ਛੱਡਣ ਦੇ ਮਗਰੋਂ ਕੋਈ ਪ੍ਰੇਮੀ ਪ੍ਰਗਟ ਹੋਵੇਗਾ, ਉਹ ਏਸ ਦੀ ਸੇਵਾ ਕਰਾਏਗਾ, ਦੂਜੇ ਨੰਬਰ ’ਤੇ ਰੱਖੀ ਗਈ ਪਰ ਕਈ ਕਾਰਨਾਂ ਕਰਕੇ ਇਹ ਸੇਵਾ ਪਿੱਛੇ ਪੈ ਗਈ। ਭਾਈ ਹੁਕਮ ਸਿੰਘ ਬਿਸ਼ਨ ਦੌਰ ਦੇ ਕੰਮ ਛੱਡ ਜਾਣ ਦੇ ਕੁਝ ਚਿਰ ਮਗਰੋਂ ਤਪਿਆਣੇ ਸਾਹਿਬ ਦੀ ਸੇਵਾ ਸ਼ੁਰੂ ਕਰਨ ਦਾ ਖ਼ਿਆਲ ਫਿਰ ਦਾਸ ਦੇ ਹਿਰਦੇ ਵਿੱਚ ਆਇਆ। ਜਥੇ ਨੂੰ ਪਿੱਛੇ ਛੱਡ, ਦਾਸ ਇਕੱਲਾ ਹੀ ਬਿਸ਼ਨ ਦੌਰ ਵੱਲ ਟੁਰ ਪਿਆ। ਮਿੱਸਾ ਕਸਵਾਲ ਜਾ ਉੱਤਰਿਆ। ਇਸ ਸਟੇਸ਼ਨ ਤੋਂ ਪਿੰਡ ਪੰਜ ਮੀਲ ਹੈ। ਗੱਡੀ ਤੋਂ ਉੱਤਰਦਿਆਂ ਹੀ ਕੁਝ ਕਣੀਆਂ ਸ਼ੁਰੂ ਹੋ ਗਈਆਂ। ਰਾਵਲਪਿੰਡੀ ਦੇ ਇੱਕ ਸਕੂਲ ਮਾਸਟਰ ਦੀ ਪ੍ਰੇਰਨਾ ਕਰਕੇ ਚਿੱਤ ਵਿੱਚ ਫ਼ੁਰਿਆ ਕਿ ਚੱਲੋ ਸਿੱਧਾ ਰਾਵਲਪਿੰਡੀ ਹੀ ਚਲੇ-ਚਲੀਏ ਪਰ ਇਸ ਸ਼ਬਦ ਨੇ ਉਸ ਵੇਲੇ ਦਾਸ ਦੇ ਹਿਰਦੇ ਨੂੰ ਠੋਕਰ ਮਾਰੀ, “**ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ ॥**”(੧੩੭੯) ਕਮਰਕੱਸਾ ਕਰ ਬਿਸ਼ਨ ਦੌਰ ਵੱਲ ਟੁਰ ਪਿਆ। ਨਗਰ ਦਾ ਇੱਕ ਨੌਜਵਾਨ ਪ੍ਰੇਮੀ ਕਰਤਾਰ ਨੇ ਨਾਲ ਦੇ ਦਿੱਤਾ। ਉਸ ਨੇ ਦਾਸ ਦਾ ਗੜਵਾ ਅਤੇ ਕੰਬਲੀ ਤਾਂ ਫੜ੍ਹ ਲਈ ਪਰ ਜਦੋਂ ਰਾਹ ਉੱਚਾ ਨੀਵਾਂ ਆ ਗਿਆ ਦਾਸ ਪਿੱਛੇ ਰਹਿ ਗਿਆ ਅਤੇ ਨੌਜਵਾਨ ਨਿਕਲ ਗਿਆ। ਕੁਦਰਤ ਨੇ ਇੰਨੀ ਮਦਦ ਕੀਤੀ ਕਿ ਡਿੱਗੀ ਹੋਈ ਤੂੜੀ ਦੀ ਲੀਹ ਮਿਲ ਗਈ। ਇਸ ਨਿਸ਼ਾਨ ਦੇ ਆਸਰੇ ਟੁਰਦਾ-ਟੁਰਦਾ ਇੱਕ ਕੱਚੀ ਘਾਟੀ ਦੇ ਪਾਸ ਪੁੱਜਾ। ਬਾਰਸ਼ ਕਰਕੇ ਬੜੀ ਤਿਲਕਣ ਸੀ, ਬਲਮ (ਸੂਏ ਵਾਲਾ ਸੋਟਾ) ਦੇ ਸਹਾਰੇ ਨਾਲ ਹਿੰਮਤ ਕਰਕੇ ਚੜ੍ਹੀ ਗਿਆ ਪਰ ਥੋੜ੍ਹੇ ਚਿਰ ਮਗਰੋਂ ਇੱਕ ਇਹੋ ਜਿਹੀ ਥਾਂ ਆ ਗਈ ਜਿੱਥੇ ਇੱਕ ਬੜਾ ਹੀ ਤੰਗ ਰਸਤਾ ਸੀ ਅਤੇ ਦੋਹੀਂ ਪਾਸੀਂ ਡਾਢੇ ਡੂੰਘੇ ਦੋ ਟੋਏ ਸਨ। ਇਹ ਡੰਡੀ ਚਾਲੀ ਕੁ ਫੁੱਟ ’ਤੇ ਜਾ ਕੇ ਫੇਰ ਚੌੜ੍ਹੀ ਹੋ ਜਾਂਦੀ ਸੀ। ਉਸੇ ਵੇਲੇ ਕਰਤਾਰ ਨੇ ਜੁਗਤੀ

ਸੁਝਾ ਦਿੱਤੀ, ਜੁੱਤੀ ਲਾਹ, ਪਾਰ ਵਗਾਹੀ ਅਤੇ ਆਪਣੀ ਵੱਡੀ ਲੋਈ ਨੂੰ ਹੇਠਾਂ ਧਰ, ਗੋਡਿਆਂ ਦੇ ਭਾਰ ਲੋਈ ਕੱਢਦਾ ਅਤੇ ਰੱਖਦਾ ਤੁਰ ਪਿਆ। ਅਜੇ ਅੱਧੀ ਕੁ ਡੰਡੀ ਟੱਪੀ ਸੀ ਕਿ ਬੱਦਲ ਬੜੇ ਜ਼ੋਰ ਨਾਲ ਗੱਜਿਆ ਅਤੇ ਬਿਜਲੀ ਕੜਕੀ। ਇਸ ਦੀ ਲਿਸ਼ਕ ਵਿੱਚ ਦਾਸ ਨੂੰ ਕੁਝ ਪੱਕੀਆਂ ਕਬਰਾਂ ਅਤੇ ਪਿੰਡ ਦੇ ਘਰ ਨਜ਼ਰ ਆਏ। ਉਸ ਵੇਲੇ ਕਬੀਰ ਸਾਹਿਬ ਦੀ ਇਹ ਤੁਕ ਯਾਦ ਆਈ "**ਦਾਸੁ ਕਮੀਰੁ ਚੜਿਓ ਗੜ੍ ਊਪਰਿ ਰਾਜੁ ਲੀਓ ਅਬਿਨਾਸੀ ॥**" (੧੧੬੨) ਹੌਂਸਲਾ ਬਝ ਗਿਆ ਕਿ ਹੁਣ ਤਾਂ ਮੋਰਚਾ ਮਾਰ ਲਿਆ, ਬਸ ਥੋੜ੍ਹਾ ਜਿਹਾ ਬਾਕੀ ਰਹਿੰਦਾ ਪੰਧ ਮੁਕਾ ਪਿੰਡ ਆ ਪੁੱਜਾ। ਮੀਂਹ ਕਹੇ ਕਿ ਮੈਂ ਅੱਜ ਹੀ ਹਾਂ। ਗਲੀਆਂ ਵਿਚ ਗੋਡੇ ਗੋਡੇ ਪਾਣੀ ਵਗ ਤੁਰਿਆ। ਪ੍ਰੇਮੀ ਦੀਵੇ ਜਗਾ, ਰਜ਼ਾਈਆਂ ਲੈ, ਆਪਣੇ ਘਰਾਂ ਵਿੱਚ ਬੈਠੇ ਸਨ। ਬੜੀਆਂ ਆਵਾਜ਼ਾਂ ਮਾਰੀਆਂ ਕਿ ਭਾਈ ਹੁਕਮ ਸਿੰਘ ਦਾ ਘਰ ਕਿਹੜੇ ਪਾਸੇ ਹੈ। ਪਰ ਕਿਸੇ ਜਵਾਬ ਨਾ ਦਿੱਤਾ। ਇਸ ਵੇਲੇ ਭੁਝੰਗੀ ਦੀ ਸੇਵਾ ਨੇ ਫਲ ਲਿਆਂਦਾ। ਉਸ ਨੇ ਪਿੰਡ ਅਪੜਦਿਆਂ ਹੀ ਦਾਸ ਦਾ ਗੜਵਾ ਅਤੇ ਛੋਟੀ ਭੂਰੀ ਭਾਈ ਹੁਕਮ ਸਿੰਘ ਨੂੰ ਜਾ ਫੜ੍ਹਾਈ ਅਤੇ ਆਖਿਆ ਕਿ ਇਕ ਸਾਧੂ ਤੁਹਾਡੇ ਵੱਲ ਆ ਰਹੇ ਹਨ। ਸਤਿਗੁਰੂ ਦੇ ਪਿਆਰੇ ਭਾਈ ਹੁਕਮ ਸਿੰਘ ਲਾਲਟੈਣ ਫੜ੍ਹ, ਪਿੰਡ ਦੀਆਂ ਸਾਰੀਆਂ ਢੱਕੀਆਂ ਖੋਜਣ ਲਈ ਤੁਰ ਪਏ। ਕਰਤਾਰ ਦੇ ਹੁਕਮ ਵਿੱਚ ਇਹ ਦਾਸ ਵਾਲੀ ਢੱਕੀ ਪਾਸ ਉਸ ਵੇਲੇ ਪੁੱਜ ਗਏ ਜਿਸ ਵੇਲੇ ਪ੍ਰੇਮੀਆਂ ਪਾਸੋਂ ਦਾਸ ਇਹਨਾਂ ਦੇ ਘਰ ਦਾ ਪਤਾ ਪੁੱਛ ਰਿਹਾ ਸੀ। ਜਦ ਆਹਮਣੇ ਸਾਹਮਣੇ ਹੋਏ, ਤਦ ਬੜੇ ਹੈਰਾਨ ਹੋ ਕੇ ਬੋਲੇ, "ਵਾਹਿਗੁਰੂ! ਵਾਹਿਗੁਰੂ! ਤੁਸੀਂ ਇਸ ਵੇਲੇ ਇੱਥੇ ਕਿੱਥੇ? ਮੈਂ ਤਾਂ ਸਮਝਿਆ ਸੀ ਕਿ ਕੋਈ ਇਲਾਕੇ ਦਾ ਸਾਧੂ ਆਇਆ ਹੋਵੇਗਾ।" ਬੜੇ ਪ੍ਰੇਮ ਨਾਲ ਇਹ ਦਾਸ ਨੂੰ ਆਪਣੇ ਘਰ ਲੈ ਗਏ ਅਤੇ ਬੜੇ ਪ੍ਰੇਮ ਨਾਲ ਸੇਵਾ ਕੀਤੀ। ਪ੍ਰਸ਼ਾਦ ਛਕਣ ਦੇ ਮਗਰੋਂ ਇਹਨਾਂ ਨੂੰ ਸਾਰੀ ਵਿੱਥਿਆ ਆਖ ਸੁਣਾਈ।

ਦੂਜੇ ਦਿਨ ਹੀ ਜਲ ਪਾਣੀ ਛਕ, ਭਾਈ ਹੁਕਮ ਸਿੰਘ ਅਤੇ ਦਾਸ ਰਾਵਲਪਿੰਡੀ ਵੱਲ ਟੁਰ ਪਏ।ਉੱਥੇ ਪਹੁੰਚ, ਆਰਾਮ ਕੀਤਾ ਅਤੇ ਦੂਜੇ ਦਿਨ ਅੰਮ੍ਰਿਤ ਵੇਲੇ ਆਸਾ ਦੀ ਵਾਰ ਦੇ ਦੀਵਾਨ ਦੇ ਸਮੇਂ ਮਲਕ ਮੋਹਨ ਸਿੰਘ ਜੀ ਵਾਲੇ ਗੁਰਦੁਆਰੇ ਵਿੱਚ ਹਾਜ਼ਰ ਹੋਏ। ਭੋਗ ਦੇ ਮਗਰੋਂ ਮਲਕ ਜੀ ਦੇ ਨਾਲ ਤਪਿਆਣਾ ਸਾਹਿਬ ਦੇ ਅਸਥਾਨ ਬਣਾਉਣ ਤੇ ਵਿਚਾਰ ਕੀਤਾ। ਇਹਨਾਂ ਨੇ ਆਖਿਆ ਕਿ ਤੁਸੀਂ ਐਸ ਚੇਤਰ ਚੌਦੇ ਦੇ ਜੋੜ ਮੇਲੇ ਤੇ ੧੯੩੧ ਈਸਵੀ (੧੯੮੮ ਬਿਕ੍ਰਮੀ) ਤਪਿਆਣਾ ਸਾਹਿਬ ਦੀ ਕਮੇਟੀ ਬਣਾ ਦਿਓ। ਇਮਾਰਤ ਬਣਾਉਣ ਦੀ ਸੇਵਾ ਦੀ ਜ਼ਿਮੇਵਾਰੀ ਅਸੀਂ ਲਵਾਂਗੇ। ਇਹ ਗੱਲਬਾਤ ਕਰ ਕੇ ਦਾਸ ਤਪਿਆਣਾ ਸਾਹਿਬ ਪੁੱਜਾ। ਉੱਥੇ ਇਕੋਤਰ ਸੌ ਅਖੰਡ ਪਾਠਾਂ ਦਾ ਅਰੰਭ ਹੋ ਚੁੱਕਾ ਸੀ। ਇਲਾਕੇ ਦੇ ਪ੍ਰੇਮੀ ਸੱਦ ਕੇ ਮਲਕ ਮੋਹਨ ਸਿੰਘ ਵਾਲੀ ਵਿਚਾਰ ਸਭਾ ਨੂੰ ਸੁਣਾਈ। ਸਾਰਿਆਂ ਨੇ ਆਪਣੀ ਸੰਮਤੀ ਜ਼ਾਹਰ ਕੀਤੀ।

ਕੁਝ ਚਿਰ ਮਗਰੋਂ ਚੇਤ ਸੁਦੀ ਏਕਮ ਤੋਂ ਦੋ ਦਿਨ ਪਹਿਲਾਂ ਦੀਵਾਨ ਆਰੰਭ ਹੋ ਗਿਆ। ਤੀਸਰੇ ਦਿਨ ਅਖੰਡ ਪਾਠਾਂ ਅਤੇ ਦੀਵਾਨ ਦਾ ਭੋਗ ਪਿਆ। ਸਾਰੀ ਸਾਧ ਸੰਗਤ ਨਾਲ ਵੀਚਾਰ ਕਰਕੇ ਦਾਸ ਨੇ ਅਸਥਾਨ ਦੀ ਇਕ ਕਮੇਟੀ ਬਣਾ ਦਿੱਤੀ ਅਤੇ ਗੁਰਦੁਆਰੇ ਸਾਹਿਬ ਦੀ ਜ਼ਮੀਨ, ਨਕਦੀ, ਗਹਿਣੇ ਅਤੇ ਇਕਰਾਰੀ ਉਗਰਾਹੀ ਇਹਨਾਂ ਦੇ ਹਵਾਲੇ ਕਰ ਦਿੱਤੀ।

ਚਾਰ ਸਾਲ ਲਗਾਤਾਰ ਖਤਾਂ ਦੁਆਰਾ ਕਮੇਟੀ ਨੂੰ ਪ੍ਰੇਰਨਾ ਕੀਤੀ ਤੇ ਕਈ ਵਾਰ ਆਪ ਜਾ ਕੇ ਵੀ ਮਲਕ ਮੋਹਨ ਸਿੰਘ ਜੀ ਅਤੇ ਪ੍ਰਬੰਧਕਾਂ ਨੂੰ ਮਿਲਿਆ ਪਰ ਹਰ ਵਾਰੀ ਇਹੀ ਉਤਰ ਮਿਲਿਆ ਕਿ ਨਕਸ਼ਾ ਤਿਆਰ ਕਰ ਕੇ ਐਸਟੀਮੇਟ ਬਣਾਵਾਂਗੇ, ਫਿਰ ਇਮਾਰਤ ਸ਼ੁਰੂ ਕਰਾਂਗੇ। ਆਖਰ ਇਲਾਕੇ ਦੀ ਸੰਗਤ ਮਾਈ ਭਾਗ ਭਰੀ ਅਤੇ ਮੁਕਾਮੀ ਸਾਧੂ ਸੇਵਕਾਂ ਨੇ ਦਾਸ ਤੇ ਜ਼ੋਰ ਪਾਇਆ ਕਿ ਕਿਸੇ ਨੇ ਵੀ ਗੁਰਦੁਆਰੇ ਦੀ ਸੇਵਾ ਨਹੀਂ ਕਰਨੀ, ਤੁਸੀਂ ਹੀ ਇਸ ਕਾਰਜ ਨੂੰ ਸਿਰੇ ਚਾੜ੍ਹਨਾ ਹੈ। ਸਾਧ ਸੰਗਤ ਦਾ ਬਚਨ ਮੰਨ, ਨਾਨਕਸਰ ਸਾਹਿਬ ਦੇ ਨਮੂਨੇ ਤੇ



ਤਪਿਆਣਾ ਸਾਹਿਬ



ਯਤੀਮ ਖਾਨਾ ਗੁਜਰਾਂਵਾਲਾ

ਜਿਸ ਦਾ ਨਕਸ਼ਾ ਤਰਨਤਾਰਨ ਦੇ ਹਰੀਮੰਦਰ ਸਾਹਿਬ ਅਨੁਸਾਰ ਹੈ ਮਾਘੀ ਵਾਲੇ ਦਿਹਾੜੇ ੧੯੩੫ ਈਸਵੀ (੧੯੯੨ ਬਿਕ੍ਰਮੀ) ਵਿੱਚ ਗੁਰਦੁਆਰੇ ਸਾਹਿਬ ਦੀ ਇਮਾਰਤ ਸ਼ੁਰੂ ਕਰ ਦਿੱਤੀ। ਸਾਰੇ ਪੋਠੋਹਾਰ, ਕੱਲਰ, ਕਨੋਹਾ, ਥਮਾਲੀ, ਬੇਵਲ, ਕਹੂਟਾ, ਚੌਹਾ ਖਾਲਸਾ, ਥੋਹਾ ਖਾਲਸਾ, ਨਾਰਾ, ਮਟੋਰ, ਰਾਵਲਪਿੰਡੀ, ਪਿਸ਼ਾਵਰ, ਸਬ ਕਦਰ, ਕੋਹਾਟ, ਨੌਸ਼ਹਿਰਾ ਦਾ ਦੌਰਾ ਕਰ ਸਤਿਗੁਰੂ ਸੱਚੇ ਪਾਤਿਸ਼ਾਹ ਦੀ ਕ੍ਰਿਪਾ ਦੁਆਰਾ ੧੯੩੬ ਈਸਵੀ (੧੯੯੩ ਬਿਕ੍ਰਮੀ) ਵਿੱਚ ਹਰੀਮੰਦਰ ਸਾਹਿਬ ਦੀਆਂ ਦੋ ਮੰਜ਼ਲਾਂ ਤਿਆਰ ਕਰ ਦਿੱਤੀਆਂ।

ਸ਼ੁਭ ਦਿਨ ਨੀਯਤ ਕਰਕੇ ਇਲਾਕੇ ਦੀਆਂ ਸੰਗਤਾਂ ਨੂੰ ਸੱਦਾ ਪੱਤ੍ਰ ਭੇਜੇ ਗਏ ਅਤੇ ਉਸ ਦਿਨ ਅੰਮ੍ਰਿਤ ਵੇਲੇ ਆਸਾ ਦੀ ਵਾਰ ਦੇ ਭੋਗ ਮਗਰੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋ ਗਿਆ।

ਗੁਬੰਦ ਦੀ ਸੇਵਾ ਵਾਸਤੇ ਗੁਜਰਖਾਨ ਅਤੇ ਧੰਨੀ ਦਾ ਇਲਾਕਾ ਬਾਕੀ ਰੱਖਿਆ ਗਿਆ ਸੀ। ਦਾਸ ਦਾ ਖਿਆਲ ਸੀ ਕਿ ਇਧਰ ਦੌਰਾ ਕਰਕੇ ਗੁੰਬਦ ਨੂੰ ਵੀ ਸੰਪੂਰਨ ਕਰ ਦਿੱਤਾ ਜਾਵੇ। ਪਰ ਕਰਤਾਰ ਦੀ ਨੇਤ, ਗੁਰੂਸਾਗਰ ਸਾਹਿਬ ਮਸਤੂਆਣੇ ਤੋਂ ਸਾਧ ਸੰਗਤ ਦੀ ਪੱਤ੍ਰਕਾ ਆ ਗਈ ਕਿ ਸਾਰੇ ਕੰਮ ਛੱਡ ਕੇ ਇੱਥੇ ਦਰਸ਼ਨ ਦਿਓ, ਅਤੀ ਜ਼ਰੂਰੀ ਗੁਰਮਤਾ ਕਰਨਾ ਹੈ। ਇਸੇ ਵੇਲੇ ਜਥੇ ਵੀ ਏਥੇ ਛੱਡ, ਇਕ ਸੇਵਕ ਨਾਲ ਲੈ, ਦਾਸ ਮਸਤੂਆਣੇ ਵੱਲ ਟੁਰ ਪਿਆ। ਗੁਬੰਦ ਦੀ ਸੇਵਾ ਉੱਥੇ ਦੀ ਉੱਥੇ ਰਹਿ ਗਈ। ੧੯੪● ਈਸਵੀ (੧੯੯੭ ਬਿਕ੍ਰਮੀ) ਵਿੱਚ ਭਾਈ ਗੁਰਮੁਖ ਸਿੰਘ ਚਕਰੀ ਢੇਰੀ ਅਤੇ ਭਾਈ ਸੰਤੋਖ ਸਿੰਘ ਪਾਉਂਟੇ ਸਾਹਿਬ ਪੁੱਜੇ। ਦਾਸ ਦਾ ਸਰੀਰ ਇਹਨਾਂ ਦਿਨਾਂ ਵਿੱਚ ਕੁਝ ਬੀਮਾਰ ਸੀ। ਇਹ ਪ੍ਰੇਮੀ ਕੁਝ ਚਿਰ ਦਾਸ ਪਾਸ ਟਿਕੇ ਰਹੇ ਅਤੇ ਸਤਿਸੰਗ ਦਾ ਲਾਹਾ ਲਿਆ।

ਇਕ ਦਿਨ ਦੋਵੇਂ ਇਹ ਇਕਾਂਤ ਵਿੱਚ ਦਾਸ ਪਾਸ ਆਏ ਅਤੇ ਆਖਣ ਲੱਗੇ, "ਤੁਸੀਂ ਜ਼ਰੂਰ ਸਾਡੇ ਨਾਲ ਤਪਿਆਣੇ ਸਾਹਿਬ ਚੱਲੋ, ਤਾਂ ਕਿ ਗੁਬੰਦ ਬਣ ਜਾਏ। ਪਾਉਂਟੇ ਸਾਹਿਬ ਆਉਣ ਤੋਂ ਪਹਿਲਾਂ ਅਸਾਂ ਇਸ ਕਾਰਜ ਲਈ ਪੂਰਾ ਜੋਰ ਲਾਇਆ ਸਾਰੇ ਇਲਾਕੇ ਵਿੱਚ ਫਿਰੇ ਪਰ ਸਿਰਫ ੧੫ ਦਮੜੇ ਉਗਰਾਹੀ ਹੋਈ। ਥਾਂ ਥਾਂ ਦੇ ਪ੍ਰੇਮੀਆਂ ਨੇ ਆਖਿਆ ਕਿ ਤੁਸਾਂ ਨੂੰ ਨਾਲ ਲਿਆਓ ਤਾਂ ਗੁਬੰਦ ਬਣੇਗਾ।"

ਇਲਾਕੇ ਦੇ ਕਈ ਪ੍ਰੇਮੀਆਂ ਦੀਆਂ ਚਿੱਠੀਆਂ ਦਾਸ ਨੂੰ ਵੀ ਆ ਚੁੱਕੀਆਂ ਸਨ ਜਿਨ੍ਹਾਂ ਵਿੱਚ ਉਹਨਾਂ ਨੇ ਇਹ ਪ੍ਰਾਰਥਨਾ ਕੀਤੀ ਸੀ। ਹੁਣ ਇਹਨਾਂ ਦੋਹਾਂ ਪ੍ਰੇਮੀਆਂ ਦੀ ਬੇਨਤੀ ਸੁਣ ਕੇ ਦਾਸ ਨੇ ਆਖਿਆ, "ਭਾਈ, ਸੰਤ ਦੇਹ ਨਹੀਂ ਹੁੰਦੇ। ਸਰੀਰ ਦੀ ਬੀਮਾਰੀ ਅਤੇ ਸਫ਼ਰ ਦੀ ਤਕਲੀਫ਼ ਕਰਕੇ ਦੌਰਾ ਕਰਨ ਤੋਂ ਅਸਮਰਥ ਹਾਂ। ਤੁਸੀਂ ਨਿਸਚਾ ਪ੍ਰਪੱਕ ਕਰਕੇ ਕਮਰਕੱਸਾ ਕਰ ਲਓ, ਸੰਤ ਜੀ ਮਹਾਰਾਜ ਤੁਹਾਡੇ ਸਹਾਈ ਹੋਣਗੇ ਅਤੇ ਅਸੀਂ ਵੀ ਤੁਹਾਡੇ ਨਾਲ ਹੀ ਰਹਾਂਗੇ।" ਏਹ ਬਚਨ ਕਰਨ ਮਗਰੋਂ ਉਹਨਾਂ ਨੂੰ **ਉਗਰਾਹੀ ਦੀ ਸਾਰੀ ਜੁਗਤੀ ਵੀ ਸਮਝਾ ਦਿੱਤੀ, ਜਿਸ ਦਾ ਮੂਲ ਮੰਤਰ ਇਹ ਹੈ ਕਿ ਆਪਣੇ ਆਪ ਨੂੰ ਭੁਲਾ ਕੇ ਸੇਵਾ ਦਾ ਰੂਪ ਹੀ ਬਣ ਜਾਏ ਅਤੇ ਮਾਨ ਅਪਮਾਨ ਤਿਆਗ ਸਤਿਗੁਰੂ ਦਾ ਬੈ ਖਰੀਦ ਗੋਲਾ ਹੋ ਜਾਏ।**

ਇਹਨਾਂ ਦੋਹਾਂ ਗੁਰਮੁੱਖ ਸੇਵਕਾਂ ਨੇ ਨਿਸਚਾ ਪ੍ਰਪੱਕ ਕਰ ਲਿਆ ਅਤੇ ਬਚਨ ਮੰਨ, ਤਿਆਰ ਬਰਤਿਆਰ ਹੋ, ਤਪਿਆਣਾ ਸਾਹਿਬ ਆਏ। ਕਰਤਾਰ ਨੇ ਇਹਨਾਂ ਦੇ ਨਿਸਚੇ ਅਤੇ ਸੇਵਾ ਦੀ ਲਗਨ ਨੂੰ ਭਾਗ ਲਾਇਆ। ਮਹੀਨਿਆਂ ਵਿੱਚ ਹੀ ਗੁਬੰਦ ਤਿਆਰ ਹੋ ਗਿਆ ਅਤੇ ਜਿਸ ਇਲਾਕੇ ਵਿਚੋਂ ੧੫ ਦਮੜੇ ਹੀ ਮਿਲੇ ਸਨ ਹੁਣ ਹਜ਼ਾਰਾਂ ਹੀ ਇਕੱਤ੍ਰ ਹੋ ਗਏ।

ਦਿਨੋਂ ਦਿਨ ਅਸਥਾਨ ਦੀ ਸ਼ੋਭਾ ਵੱਧਦੀ ਗਈ। ਗੁਰੂ ਕਾ ਲੰਗਰ ਸਾਧ ਸੰਗਤ ਵਾਸਤੇ ਚਲਦਾ

ਰਿਹਾ। ਕੁਟੀਆ ਅਤੇ ਗੁਰਦੁਆਰੇ ਸਾਹਿਬ ਦੀ ਤੀਸਰੀ ਮੰਜਲ ਦੀ ਸੇਵਾ ਵੀ ਸੰਪੂਰਨ ਹੋ ਗਈ। ਤੀਜੀ ਮੰਜਲ ਸੰਪੂਰਨ ਕਰਨ ਦਾ ਉੱਦਮ ਭਾਈ ਪ੍ਰੇਮ ਸਿੰਘ ਜੀ ਕਹੂਟੇ ਵਾਲੇ ਨੇ ਕੀਤਾ।

ਏਸ ਤਰ੍ਹਾਂ ਗੁਰਦੁਆਰਿਆਂ ਦੀ ਸੇਵਾ ਸੰਬੰਧੀ ਤਾਂ ਤਿੰਨੇ ਬਚਨ ਪ੍ਰਤੱਖ ਪੂਰੇ ਹੋ ਚੁੱਕੇ ਸਨ। ਤਿੰਨਾਂ ਅਸਥਾਨਾਂ ਦਾ ਮੁੱਢ ਬੱਝ ਚੁੱਕਾ ਹੈ। ਬਾਕੀ, ਜਦ ਤੱਕ ਸ੍ਰਿਸ਼ਟੀ ਹੈ, ਗੁਰੂ ਕੀਆਂ ਸੰਗਤਾਂ ਆਪਣੇ ਅਨੁਸਾਰ ਵਾਧਾ ਕਰੀ ਜਾਣਗੀਆਂ। ਜੋ-ਜੋ ਬਚਨ ਸੰਤ ਜੀ ਦੇ ਮਹਾਂ-ਅਕਾਸ਼ ਵਿੱਚ ਜਮ੍ਹਾਂ ਹਨ, ਉਹ ਆਪਣੇ-ਆਪਣੇ ਸਮੇਂ 'ਤੇ ਜ਼ਰੂਰ ਰੰਗ ਲਿਆਉਣਗੇ। ਸ੍ਰਿਸ਼ਟੀ ਭਾਵੇਂ ਤਬਾਹ ਹੋ ਜਾਵੇ, ਸਾਧੂ ਦੇ ਬਚਨ ਜ਼ਰੂਰ ਅਟੱਲ ਰਹਿਣਗੇ।

**ਨੋਟ:- ਇੱਥੋਂ ਤੱਕ ਸਾਰੀ ਜੀਵਨ-ਕਥਾ ਸੰਤ ਤੇਜਾ ਸਿੰਘ ਜੀ ਨੇ ਆਪ ਅਪਣੀ ਹੱਥੀਂ ਕਲਮ-ਬੰਦ ਕੀਤੀ ਤੇ ਇਸ ਤੋਂ ਅੱਗੇ ਆਏ ਕਾਂਡਾ ਵਿੱਚ ਜੋ ਵੀ ਸਾਖੀਆਂ ਜਾਂ ਵਾਰਤਾਲਾਪ ਲਿਖੇ ਗਏ ਹਨ ਉਹ ਸੰਤ ਤੇਜਾ ਸਿੰਘ ਜੀ ਦੇ ਸੇਵਕਾਂ ਅਤੇ ਸ਼ਰਧਾਲੂਆਂ ਵੱਲੋਂ ਦਰਸਾਏ ਗਏ ਹਨ।**

# ਕਾਂਡ ੨੭

ਬ੍ਰਹਮ ਗਿਆਨੀ ਏਕ ਊਪਰਿ ਆਸ ॥
ਬ੍ਰਹਮ ਗਿਆਨੀ ਕਾ ਨਹੀ ਬਿਨਾਸ ॥
ਬ੍ਰਹਮ ਗਿਆਨੀ ਕੈ ਗਰੀਬੀ ਸਮਾਹਾ ॥
ਬ੍ਰਹਮ ਗਿਆਨੀ ਪਰਉਪਕਾਰ ਉਮਾਹਾ ॥
ਬ੍ਰਹਮ ਗਿਆਨੀ ਕੈ ਨਾਹੀ ਧੰਧਾ ॥
ਬ੍ਰਹਮ ਗਿਆਨੀ ਲੇ ਧਾਵਤੁ ਬੰਧਾ ॥
ਬ੍ਰਹਮ ਗਿਆਨੀ ਕੈ ਹੋਇ ਸੁ ਭਲਾ ॥
ਬ੍ਰਹਮ ਗਿਆਨੀ ਸੁਫਲ ਫਲਾ ॥
ਬ੍ਰਹਮ ਗਿਆਨੀ ਸੰਗਿ ਸਗਲ ਉਧਾਰੁ ॥
ਨਾਨਕ ਬ੍ਰਹਮ ਗਿਆਨੀ ਜਪੈ ਸਗਲ ਸੰਸਾਰੁ ॥ (੨੭੩)

## ਪੱਛਮੀ ਪੰਜਾਬ ਦਾ ਉਚੇਚਾ ਦੌਰਾ

ਸੰਤ ਤੇਜਾ ਸਿੰਘ ਜੀ ਮਹਾਰਾਜ ਨੇ ੧੯੪੬ ਈਸਵੀ ਵਿੱਚ ਪੱਛਮੀ ਪੰਜਾਬ (ਪਾਕਿਸਤਾਨ), ਲਾਹੌਰ ਤੋਂ ਪਰੇ ਦੇ ਇਲਾਕੇ ਵਿੱਚ ਨਾਮ-ਬਾਣੀ ਸਿਮਰਨ ਦ੍ਰਿੜ੍ਹਾਉਣ ਵਾਸਤੇ ਉਚੇਚਾ ਦੌਰਾ ਕੀਤਾ। ਸੰਤ ਜੀ ਸਿੱਖਾਂ ਅਤੇ ਹਿੰਦੂਆਂ ਨੂੰ ਕਿਹਾ ਕਰਦੇ ਸਨ ਕਿ ਪ੍ਰੇਮਿਓਂ ਇਹ ਇਲਾਕਾ ਉੱਜੜਨਾ ਹੈ ਅਤੇ ਤੁਹਾਨੂੰ ਇਹ ਦੇਸ਼ ਛੱਡਣਾ ਪੈਣਾ ਹੈ। ਇਸ ਕਰਕੇ ਹੁਣੇ ਹੀ ਕੋਈ ਨਾ ਕੋਈ ਆਪਣਾ ਟਿਕਾਣਾ ਲਾਹੌਰ ਤੋਂ ਪੂਰਵ ਵੱਲ ਬਣਾ ਲਓ, ਆਪਣੇ ਗੁਜ਼ਾਰੇ ਲਈ ਪੂੰਜੀ ਉਥੇ ਲੈ ਜਾਓ। ਜਿਨ੍ਹਾਂ ਪ੍ਰੇਮੀਆਂ ਨੇ ਉਸ ਵਕਤ ਸੰਤਾਂ ਦਾ ਬਚਨ ਮੰਨ ਕੇ ਇਸ ਤਰ੍ਹਾਂ ਕਰ ਲਿਆ ਉਹ ਬਾਅਦ ਵਿੱਚ ਸੁਖੀ ਰਹੇ। ਕਈ ਪ੍ਰੇਮੀ ਸੰਤਾਂ ਦੇ ਇਸ ਭਵਿੱਖਤ ਬਚਨ ਨੂੰ ਟਿੱਚਰ ਕਰਦੇ ਰਹੇ। ਨਾਮ-ਮਾਤਰ ਇੱਕ ਸਾਖੀ ਇੱਥੇ ਦਿੱਤੀ ਜਾਂਦੀ ਹੈ। ਸੰਤ ਤੇਜਾ ਸਿੰਘ ਜੀ ਮਹਾਰਾਜ ਦਾ ਬਹਿਨੋਈ ਭਾਈ ਹਰਬੰਸ ਸਿੰਘ ਬੇਦੀ, ਗੁਜਰਾਂਵਾਲੇ ਦੇ ਇਲਾਕੇ ਵਿੱਚ ਇੱਕ ਬੜਾ ਅਮੀਰ ਆਦਮੀ ਸੀ। ਇਸ ਨੇ ਸੰਤ ਜੀ ਮਹਾਰਾਜ ਦੇ ਇਸ ਭਵਿੱਖਤ ਬਚਨ ਨੂੰ ਨਹੀਂ ਮੰਨਿਆ ਅਤੇ ਅੱਗੋਂ ਹੱਸ ਕੇ ਟਾਲ ਛੱਡਦਾ ਰਿਹਾ ਕਿ ਇਹ ਕਿਸ ਤਰ੍ਹਾਂ ਹੋ ਸਕਦਾ ਹੈ। ਕਰਤਾਰ ਦੀ ਨੇਤ ੧੯੪੭ ਈਸਵੀ ਵਿੱਚ ਪਾਕਿਸਤਾਨ ਬਣ ਗਿਆ ਤੇ ਹਿੰਦੂਆਂ ਤੇ ਸਿੱਖਾਂ ਨੂੰ ਦੇਸ਼ ਛੱਡਣਾ ਪਿਆ ਅਤੇ ਉੱਜੜਿਆਂ ਹੋਇਆਂ ਨੂੰ ਬੜੇ ਹੀ ਕਸ਼ਟ ਸਹਾਰਨੇ ਪਏ। ਭਾਈ ਹਰਬੰਸ ਸਿੰਘ ਬੇਦੀ ਇਸ ੧੯੪੭ ਈਸਵੀ ਦੇ ਘੱਲੂਘਾਰੇ ਵਿੱਚੋਂ ਆਪਣੇ ਪਰਿਵਾਰ ਨਾਲ ਬੜੇ ਕਸ਼ਟ ਸਹਾਰਦੇ ਹੋਏ ਹਿੰਦੁਸਤਾਨ ਵਿੱਚ ਆਏ। ਇਨ੍ਹਾਂ ’ਤੇ ਅਮੀਰੀ ਤੋਂ ਬਹੁਤ ਗ਼ਰੀਬੀ ਆ ਗਈ। ਇਥੋਂ ਤੱਕ ਕਿ ਇਨਾਂ ਨੇ ਆਪਣੇ ਬੱਚਿਆਂ ਤੋਂ ਮਜ਼ਦੂਰਾਂ ਵਰਗੇ ਕੰਮ ਕਰਵਾ ਕੇ ਰੋਟੀ ਦਾ ਗੁਜ਼ਾਰਾ ਕੀਤਾ। ਇਨ੍ਹਾਂ ਦਿਨਾਂ ਵਿੱਚ ਇਹ ਦਿੱਲੀ ਸੀ ਅਤੇ ਜਦੋਂ ਸੰਤ ਤੇਜਾ ਸਿੰਘ ਜੀ ਮਹਾਰਾਜ ਇਨ੍ਹਾਂ ਕੋਲ ਜਾਂਦੇ ਤਾਂ ਬੜੇ ਸਤਿਕਾਰ ਨਾਲ ਫ਼ਤਹਿ ਬੁਲਾਉਂਦੇ ਅਤੇ ਇਹ ਗੁਰਬਾਣੀ ਦੀ ਤੁਕ ਉਚਾਰਦੇ:

**ਜਨ ਭਗਤਨ ਕੋ ਕਹੋ ਨ ਮਾਨੋ ਕੀਓ ਅਪਨੋ ਪਈਹੈ ॥ (੫੨੪)**

ਸੰਤ ਜੀ ਮਹਾਰਾਜ ਫਿਰ ਵੀ ਉਨ੍ਹਾਂ ਨੂੰ ਪ੍ਰੇਮ ਨਾਲ ਨਾਮ-ਬਾਣੀ ਜਪਣ ਲਈ ਕਹਿੰਦੇ, ਜਿਸ ਨਾਲ ਫਿਰ ਕਰਤਾਰ ਦੀ ਮਿਹਰ ਹੋਈ।

## ਸੰਤ ਕਰਤਾਰ ਸਿੰਘ ਜੀ ਬਾੜੀ ਵਾਲੇ

ਭਾਈ ਕਰਤਾਰ ਸਿੰਘ ਜੀ, ਜੋ ਬਾਅਦ ਵਿੱਚ ਸੰਤ ਕਰਤਾਰ ਸਿੰਘ ਜੀ ਬਾੜੀ ਵਾਲੇ ਦੇ ਨਾਮ ਨਾਲ ਪ੍ਰਸਿੱਧ ਹੋਏ, ਲਾਹੌਰ ਦੇ ਵਸਨੀਕ ਸਨ ਅਤੇ ਬਰਫ ਦੇ ਕਾਰਖਾਨੇ ਦਾ ਕੰਮ ਕਰਦੇ ਸਨ। ਇੰਨ੍ਹਾਂ ਦੇ ਮਿੱਤਰ ਭਾਈ ਰਣਧੀਰ ਸਿੰਘ ਜੀ ਵੀ ਲਾਹੌਰ ਹੀ ਚੰਗਾ ਕਾਰੋਬਾਰ ਕਰਦੇ ਸਨ। ਇੱਕ ਵਾਰ ਸੰਤ ਤੇਜਾ ਸਿੰਘ ਜੀ ਮਹਾਰਾਜ ਲਾਹੌਰ ਵਿੱਚ ਗੁਰਦੁਆਰੇ ਗਏ ਤਾਂ ਸੰਗਤ ਨੇ ਕਿਹਾ ਕਿ ਅੰਮ੍ਰਿਤ ਪ੍ਰਚਾਰ ਕਰੋ। ਸੰਤ ਜੀ ਮਹਾਰਾਜ ਨੇ ਅੰਮ੍ਰਿਤ ਸੰਚਾਰ ਕੀਤਾ। ਬਹੁਤ ਮਾਈ ਭਾਈ ਨੇ ਅੰਮ੍ਰਿਤ ਦੀ ਦਾਤ ਲਈ। ਇਸ ਸਮੇਂ ਭਾਈ ਕਰਤਾਰ ਸਿੰਘ ਜੀ ਨੇ ਵੀ ਅੰਮ੍ਰਿਤ ਛਕਿਆ। ਸੰਤ ਜੀ ਦੀ ਇਹ ਪ੍ਰੇਰਨਾ ਸੁਣ ਕੇ ਕਿ ਇਹ ਇਲਾਕਾ ਉਜੜਨਾ ਹੈ, ਇਹ ਦੋਵੇਂ ਪ੍ਰੇਮੀ ਭਾਈ ਕਰਤਾਰ ਸਿੰਘ (ਸੰਤ) ਅਤੇ ਭਾਈ ਰਣਬੀਰ ਸਿੰਘ ਜੀ ਪਾਉਂਟਾ ਸਾਹਿਬ ਆ ਗਏ। ੧੯੪੭ ਤੋਂ ਬਾਅਦ ਕੁਝ ਸਾਲ ਇਹ ਪਾਉਂਟਾ ਸਾਹਿਬ ਰਹੇ ਪਰ ਕਾਰੋਬਾਰ ਠੀਕ ਨਾ ਹੋਣ ਕਰਕੇ ਇਹ ਰਾਜਸਥਾਨ ਵਿੱਚ ਧੌਲਪੁਰ ਦੇ ਨਜ਼ਦੀਕ ਬਾੜੀ ਨਗਰ ਵਿੱਚ ਚਲੇ ਗਏ। ਇੱਥੇ ਇਨ੍ਹਾਂ ਨੇ ਡਾਕਟਰੀ ਦੀ ਦੁਕਾਨ ਖੋਲ ਲਈ। ਇਨ੍ਹਾਂ ਪਾਸ ਸੰਤ ਤੇਜਾ ਸਿੰਘ ਜੀ ਮਹਾਰਾਜ ਬਾੜੀ ਜਾਂਦੇ ਅਤੇ ਇਨ੍ਹਾਂ ਦਾ ਪਿੱਛਲਾ ਉੱਚ ਜੀਵਨ ਅਨੁਭਵ ਕਰ ਕੇ ਆਤਮ ਮੰਡਲ ਵੱਲ ਪ੍ਰੇਰਦੇ। ਸੰਤ ਜੀ ਮਹਾਰਾਜ ਨੇ ਭਾਈ ਕਰਤਾਰ ਸਿੰਘ ਜੀ (ਸੰਤ) ਨੂੰ ਇਹ ਸ਼ਬਦ ਅਭਿਆਸ ਕਰਨ ਵਾਸਤੇ ਕਿਹਾ:

**ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ ॥ (੪੮੫)**

ਭਾਈ ਕਰਤਾਰ ਸਿੰਘ ਜੀ (ਸੰਤ), ਸੰਤ ਤੇਜਾ ਸਿੰਘ ਜੀ ਮਹਾਰਾਜ ਨਾਲ ਹਜ਼ੂਰ ਸਾਹਿਬ ਯਾਤਰਾ ਤੇ ਗਏ, ਉੱਥੇ ਅਤੁੱਟ ਸ਼ਬਦ ਦਾ ਅਭਿਆਸ ਕੀਤਾ ਅਤੇ ਇੰਨ੍ਹਾਂ ਤੇ ਗੁਰੂ ਕਲਗੀਆਂ ਵਾਲੇ ਦੀ ਬਖਸ਼ਿਸ਼ ਹੋਈ। ਇੰਨ੍ਹਾਂ ਨੇ ਆਪਣਾ ਘਰ ਦਾ ਕਾਰੋਬਾਰ ਛੱਡ ਦਿੱਤਾ ਅਤੇ ਸੰਗਤਾਂ ਵਿੱਚ ਨਾਮ ਬਾਣੀ ਦਾ ਪ੍ਰਚਾਰ ਕੀਰਤਨ ਕਰਦੇ ਰਹੇ ਅਤੇ ਸੰਤ ਕਰਤਾਰ ਸਿੰਘ ਜੀ ਬਾੜੀ ਵਾਲਿਆਂ ਦੇ ਨਾਮ ਨਾਲ ਗੁਰਮੁਖ ਪ੍ਰਸਿਧ ਹੋਏ। ਇੰਨ੍ਹਾਂ ਨੇ ਕਈ ਦਫਾ ਸੰਗਤਾਂ ਵਿੱਚ ਕਿਹਾ ਕਿ ਇੰਨ੍ਹਾਂ ਨੂੰ ਸੰਤ ਅਤਰ ਸਿੰਘ ਜੀ ਮਹਾਰਾਜ ਦੇ ਘਰੋਂ ਨਾਮ ਬਾਣੀ ਆਤਮ ਰਸ ਦੀ ਸੋਝੀ ਹੋਈ ਹੈ। ਇਹ ਹੁਣ ਸਰੀਰ ਛੱਡ ਗਏ ਹਨ।

## ਭਾਈ ਕਰਤਾਰ ਸਿੰਘ ਜੀ (ਸੰਤ) ਵਾਇਲਨ ਵਾਲੇ

ਇਹ ਗੁਰਮੁੱਖ ਸੱਜਣ ਸੰਤ ਤੇਜਾ ਸਿੰਘ ਜੀ ਮਹਾਰਾਜ ਦੀ ਸੇਵਾ ਵਿੱਚ ਹਾਜ਼ਰ ਹੋਏ, ਨਾਮ ਬਾਣੀ ਸਿਮਰਨ ਦੀ ਜੁਗਤ ਸਿੱਖੀ ਅਤੇ ਪਾਉਂਟਾ ਸਾਹਿਬ ਇੰਨ੍ਹਾਂ ਦੀ ਸੰਗਤ ਦਾ ਬਹੁਤ ਲਾਭ ਲਿਆ। ਇਸ ਤੋਂ ਬਾਅਦ ਸੰਤ ਜੀ ਮਹਾਰਾਜ ਨੇ ਇੰਨ੍ਹਾਂ ਨੂੰ ਹਜ਼ੂਰ ਸਾਹਿਬ ਅਤੇ ਹੋਰ ਦੱਖਣੀ ਪ੍ਰਦੇਸ਼ਾਂ ਵਿੱਚ ਸੰਗਤਾਂ ਵਿੱਚ ਨਾਮ ਬਾਣੀ ਦੇ ਪ੍ਰਚਾਰ ਵਾਸਤੇ ਭੇਜਿਆ। ਇੰਨ੍ਹਾਂ ਨੇ ਗੁਰਦੁਆਰਾ ਨਾਨਕ ਝੀਰਾ ਬਿਦਰ ਦੀ ਬਹੁਤ ਸੇਵਾ ਕੀਤੀ ਤੇ ਸੰਗਤਾਂ ਨੂੰ ਨਾਮ ਬਾਣੀ ਕੀਰਤਨ ਨਾਲ ਨਿਹਾਲ ਕਰਦੇ ਰਹੇ। ਇੰਨ੍ਹਾਂ ਦਾ ਅਕਾਲ ਚਲਾਣਾ ਏਥੇ ਹੀ ਹੋਇਆ।

## ਖਾਲਸਾ ਕਾਲਜ ਅੰਮ੍ਰਿਤਸਰ ਦੇ ਵਿਦਿਆਰਥੀਆਂ ਨੂੰ ਉਪਦੇਸ਼

੧੯੪੯ ਈਸਵੀ ਦੇ ਆਰੰਭ ਵਿੱਚ ਇੱਕ ਐਤਵਾਰ ਨੂੰ, ਸੰਤ ਜੀ ਮਹਾਰਾਜ ਖਾਲਸਾ ਕਾਲਜ ਅੰਮ੍ਰਿਤਸਰ ਦੇ ਗੁਰਦੁਆਰੇ ਵਿੱਚ ਆਏ। ਪ੍ਰੋਫੈਸਰ ਸਾਹਿਬ ਸਿੰਘ ਜੀ ਨੇ ਸੰਤ ਜੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਸਜਾ, ਸਾਰੇ ਵਿਦਿਆਰਥੀਆਂ ਨੂੰ ਦੱਸਿਆ ਕਿ ਇਹ ਮਹਾਂਪੁਰਸ਼ ਐਮ. ਏ. ਐਲ. ਐਲ. ਬੀ. (ਪੰਜਾਬ),



ਖਾਲਸਾ ਹਾਈ ਸਕੂਲ, ਖਰੜ (ਅੰਬਾਲਾ) ਦੇ ਵਿਦਿਆਰਥੀਆਂ ਦੀ ਫੋਟੋ
ਜਿਨ੍ਹਾਂ ਨੇ 14-2-1952 ਨੂੰ ਸੰਤ ਤੇਜਾ ਸਿੰਘ ਜੀ ਦੇ ਜੱਥੇ ਤੋਂ ਅੰਮ੍ਰਿਤ ਪਾਨ ਕੀਤਾ ।

ਏ. ਐਮ. (ਹਾਰਵਰਡ) ਹਨ। ਜਦੋਂ ਇਹ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਪ੍ਰਿੰਸੀਪਲ ਹੁੰਦੇ ਸਨ ਤਾਂ ਉਹ ਇਨ੍ਹਾਂ ਪਾਸ ਹੀ ਧਾਰਮਿਕ ਦੇ ਅਧਿਆਪਕ ਸਨ ਅਤੇ ਇਨ੍ਹਾਂ ਪਾਸੋਂ ਅੰਮ੍ਰਿਤ ਛਕਿਆ, ਨਾਮ-ਬਾਣੀ ਦਾ ਸਿਮਰਨ ਅਤੇ ਗੁਰਮਤਿ 'ਤੇ ਬਹੁਤ ਕੁਝ ਪ੍ਰਾਪਤ ਕੀਤਾ। ਇਸ ਤੋਂ ਉਪਰੰਤ ਪ੍ਰੋ. ਸਾਹਿਬ ਸਿੰਘ ਜੀ ਨੇ ਸੰਤ ਜੀ ਮਹਾਰਾਜ ਨੂੰ ਵਿਦਿਆਰਥੀਆਂ ਨੂੰ ਉਪਦੇਸ਼ ਕਰਨ ਲਈ ਬੇਨਤੀ ਕੀਤੀ। ਸੰਤ ਜੀ ਮਹਾਰਾਜ ਨੇ ਇੱਕ ਇਲਾਹੀ-ਰੰਗ ਵਿੱਚ ਵਿਦਿਆਰਥੀਆਂ ਕੋਲੋਂ ਸ਼ਬਦ ਪੜ੍ਹਾਇਆ ਅਤੇ ਫਿਰ ਫੁਰਮਾਇਆ ਕਿ ਪ੍ਰੇਮਿਓਂ ਸਾਨੂੰ ਕੁਝ ਭੁਝੰਗੀਆਂ ਦੀ ਲੋੜ ਹੈ, ਜੋ ਨਾਮ-ਬਾਣੀ ਦਾ ਸਿਮਰਨ ਅਤੇ ਬ੍ਰਹਮ-ਵਿੱਦਿਆ ਗ੍ਰਹਿਣ ਕਰਕੇ, ਸਾਰੇ ਸੰਸਾਰ ਵਿੱਚ ਗੁਰੂ ਨਾਨਕ ਦੇਵ ਜੀ ਦਾ ਸੰਦੇਸ਼ ਦੇ ਕੇ ਮਾਨਵਤਾ ਦੇ ਸੜਦੇ-ਬਲਦੇ ਕਲਜੁਗੀ ਹਿਰਦੇ ਵਿੱਚ ਸਤਿਜੁਗ ਵਰਤਾਉਣ। ਭੋਗ ਪੈਣ ਤੋਂ ਪਿੱਛੋਂ ਬਹੁਤ ਸਾਰੇ ਵਿਦਿਆਰਥੀ ਸੰਤ ਜੀ ਪਾਸ ਗਏ ਅਤੇ ਆਪਣੇ ਆਪ ਨੂੰ ਇਸ ਆਸ਼ੇ ਲਈ ਅਰਪਣ ਕਰ ਦਿੱਤਾ। ਸੰਤ ਜੀ ਮਹਾਰਾਜ ਨੇ ਫੁਰਮਾਇਆ ਕਿ ਤੁਸੀਂ ਇਮਤਿਹਾਨ ਦੇ ਕੇ ਗਰਮੀਆਂ ਵਿੱਚ ਪਾਉਂਟਾ ਸਾਹਿਬ ਸਾਡੇ ਪਾਸ ਆ ਜਾਣਾ। ਤੁਹਾਨੂੰ ਨਾਮ-ਬਾਣੀ ਸਿਮਰਨ ਅਤੇ ਗੁਰਮਤਿ ਦੇ ਰਸਤੇ ਚੱਲਣ ਦੀ ਜੁਗਤ ਦੱਸਾਂਗੇ। ਇਨ੍ਹਾਂ ਵਿੱਚੋਂ ਦੋ ਭੁਝੰਗੀ ਭਾਈ ਇਕਬਾਲ ਸਿੰਘ ਅਤੇ ਭਾਈ ਗੁਰਬਖਸ਼ ਸਿੰਘ ਪਾਉਂਟਾ ਸਾਹਿਬ ਸੰਤਾਂ ਦੇ ਚਰਨਾਂ ਵਿੱਚ ਹਾਜ਼ਰ ਹੋਏ ਅਤੇ ਉੱਪਰ ਦੱਸੇ ਆਸ਼ੇ ਨੂੰ ਗ੍ਰਹਿਣ ਕੀਤਾ। ਇਸ ਤੋਂ ਕੁਝ ਸਮੇਂ ਪਿੱਛੋਂ ਹੋਰ ਵੀ ਭੁਝੰਗੀ ਇਸ ਆਸ਼ੇ ਅਨੁਸਾਰ ਸੰਤ ਜੀ ਮਹਾਰਾਜ ਦੀ ਸੰਗਤ ਵਿੱਚ ਆਏ ਅਤੇ ਨਾਮ-ਬਾਣੀ ਗੁਰਮਤਿ ਦੇ ਰਸਤੇ ਚੱਲਣ ਦੀ ਜੁਗਤ ਸਿੱਖੀ। ਇਨ੍ਹਾਂ ਵਿੱਚ ਭਾਈ ਪ੍ਰੀਤਮ ਸਿੰਘ, ਭਾਈ ਗਿਆਨ ਸਿੰਘ, ਭਾਈ ਸੰਤੋਖ ਸਿੰਘ, ਭਾਈ ਖੇਮ ਸਿੰਘ, ਭਾਈ ਹਰਦੀਪ ਸਿੰਘ, ਭਾਈ ਹਰਦਿਆਲ ਸਿੰਘ ਅਤੇ ਹੋਰ ਕਈ ਪ੍ਰੇਮੀ ਸਨ। ਭਾਈ ਗਿਆਨ ਸਿੰਘ, ਭਾਈ ਸੰਤੋਖ ਸਿੰਘ ਅਤੇ ਭਾਈ ਹਰਦੀਪ ਸਿੰਘ ਸੰਤਾਂ ਦੀ ਸੇਵਾ ਵਿੱਚ ਹੀ ਹਾਜ਼ਰ ਰਹੇ।

## ਗ਼ਰੀਬੀ ਗਦਾ ਹਮਾਰੀ

ਸੰਤ ਜੀ ਮਹਾਰਾਜ ਵਿੱਚ ਗੁਰਮਤਿ ਦੀ ਅਤਿ ਦਰਜ਼ੇ ਦੀ ਗ਼ਰੀਬੀ ਸੀ, ਇਸ ਪ੍ਰਥਾਇ ਕੁਝ ਸਾਖੀਆਂ ਹੇਠ ਦਿੱਤੀਆਂ ਜਾਂਦੀਆਂ ਹਨ:

ਗੁਰਦੁਆਰਾ ਨਾਨਕਸਰ ਚੀਮਾਂ, ਸੰਤ ਤੇਜਾ ਸਿੰਘ ਜੀ ਮਹਾਰਾਜ ਨੇ ਬੜੇ ਉੱਦਮ ਨਾਲ ਸੰਗਤਾਂ ਤੋਂ ਉਗਰਾਹੀ ਕਰਕੇ ਬਣਾਇਆ ਸੀ ਅਤੇ ਉੱਥੇ ਰਹਿ ਕੇ ਸੇਵਾ ਕਰਦੇ ਸਨ। ਇਸ ਅਸਥਾਨ ਦੀ ਸ਼ੋਭਾ ਵਧੀ ਅਤੇ ਬਹੁਤ ਮਾਇਆ ਦੀ ਚੜ੍ਹਤ ਹੋਣ ਲੱਗੀ ਤਾਂ ਕੁਝ ਹੁਸ਼ਿਆਰ ਸਿੰਘਾਂ ਨੇ, ਜੋ ਪਹਿਲੇ ਸੰਤ ਜੀ ਮਹਾਰਾਜ ਦੀ ਸਰਕਾਰ ਵੱਲੋਂ ਸੀ. ਆਈ. ਡੀ ਕਰਦੇ ਸਨ ਅਤੇ ਪਿੱਛੋਂ ਸੇਵਾਦਾਰ ਵੀ ਬਣ ਗਏ, ਨਗਰ ਚੀਮਾਂ ਅਤੇ ਆਸ-ਪਾਸ ਦੇ ਪਿੰਡਾਂ ਦੇ ਭੋਲੇ-ਭਾਲੇ ਪ੍ਰੇਮਿਆਂ ਨੂੰ ਆਪਣੇ ਮਗਰ ਲਾ ਕੇ ਸੰਤਾਂ ਦੀ ਨਿਰਾਦਰੀ ਸ਼ੁਰੂ ਕਰ ਦਿੱਤੀ। ਇੱਕ ਦਿਨ ਭਰੇ ਦੀਵਾਨ ਵਿੱਚ ਨਿਰਾਦਰੀ ਦੇ ਸ਼ਬਦ ਵਰਤ ਕੇ ਕਿਹਾ ਕਿ ਤੁਸੀਂ ਗੁਰਦੁਆਰਾ ਛੱਡ ਦੇਵੋ। ਸੰਤ ਜੀ ਮਹਾਰਾਜ ਨੇ ਬੜੀ ਨਿਮਰਤਾ ਸਹਿਤ ਕਿਹਾ ਕਿ ਬਹੁਤ ਚੰਗਾ ਹੈ, ਤੁਸੀਂ ਇਸ ਅਸਥਾਨ ਦੀ ਸੇਵਾ ਸੰਭਾਲੋ ਅਤੇ ਆਪ ਸਭ ਕੁਝ ਤਿਆਗ ਕੇ ਪਾਉਂਟਾ ਸਾਹਿਬ ਆ ਗਏ। ਉਨ੍ਹਾਂ ਪ੍ਰੇਮੀਆਂ ਨੇ ਮਾਇਆ ਇਕੱਤਰ ਕਰਨ ਲਈ ੧੦੧ ਅਖੰਡ ਪਾਠਾਂ ਦੀ ਲੜੀ ਸ਼ੁਰੂ ਕਰ ਦਿੱਤੀ, ਪਰ ਜਲਦੀ ਹੀ ਇਹ ਕੰਮ ਵਿੱਚ ਹੀ ਰਹਿ ਗਿਆ ਅਤੇ ਮਾਇਆ ਚੜ੍ਹਤ ਬਹੁਤ ਘੱਟ ਹੋਣ ਕਰਕੇ ਗੁਰਦੁਆਰੇ ਨੂੰ ਛੱਡ ਕੇ ਚਲੇ ਗਏ। ਇਨ੍ਹਾਂ ਵਿੱਚੋਂ ਜਿਹੜਾ ਚੌਧਰੀ ਸੀ ਉਹ ਆਪਣੀ ਘਰ ਵਾਲੀ ਦੇ ਹੱਥੋਂ ਕਤਲ ਹੋ ਗਿਆ। ਗੁਰਦੁਆਰੇ ਦੀ ਹਾਲਤ ਮਾੜੀ ਹੋਣ ਕਰਕੇ ਚੀਮਾਂ ਨਗਰ ਦੇ ਕੁਝ ਸਿਆਣੇ ਪ੍ਰੇਮੀ ਸੰਗਤ ਦੇ ਰੂਪ ਵਿੱਚ ਪਾਉਂਟਾ ਸਾਹਿਬ ਸੰਤ ਜੀ ਪਾਸ ਆਏ ਅਤੇ ਬੇਨਤੀ ਕੀਤੀ ਕਿ ਮਹਾਰਾਜ ਇਨ੍ਹਾਂ ਪ੍ਰੇਮੀਆਂ ਦੀ ਭੁੱਲ ਬਖ਼ਸ਼ ਦੇਵੋ ਅਤੇ ਸੰਤ ਅਤਰ ਸਿੰਘ


ਜੀ ਮਹਾਰਾਜ ਦੀ ਨਾਨਕਸਰ ਗੁਰਦੁਆਰੇ ਦੀ ਨੀਂਹ ਰੱਖੀ ਹੋਈ ਨੂੰ ਕ੍ਰਿਪਾ ਕਰ ਕੇ ਫੇਰ ਸੰਭਾਲੋ ਅਤੇ ਨਾਮ ਬਾਣੀ ਦਾ ਪ੍ਰਵਾਹ ਚਲਾਵੋ। ਸੰਤ ਜੀ ਮਹਾਰਾਜ ਇਤਨੇ ਦਿਆਲੂ ਸਨ ਕਿ ਉਨ੍ਹਾਂ ਚੀਮੇ ਦੀ ਸੰਗਤ ਨੂੰ ਆਪਣੀ ਪਿੱਛਲੀ ਨਿਰਾਦਰੀ ਦਾ ਉੱਕਾ ਹੀ ਜ਼ਿਕਰ ਨਹੀਂ ਕੀਤਾ ਅਤੇ ਕਿਹਾ ਕਿ ਜਿਸ ਤਰ੍ਹਾਂ ਸਾਧ ਸੰਗਤ ਦਾ ਹੁਕਮ ਹੈ, ਨਾਨਕਸਰ ਚੀਮੇ ਆ ਕੇ ਸੇਵਾ ਫਿਰ ਸੰਭਾਲੀ। ਇਹ ਬ੍ਰਹਮ ਗਿਆਨੀ ਹੀ ਕਰ ਸਕਦਾ ਹੈ:

**ਤੈਸਾ ਮਾਨੁ ਤੈਸਾ ਅਭਿਮਾਨੁ ॥ ਤੈਸਾ ਰੰਕੁ ਤੈਸਾ ਰਾਜਾਨੁ ॥ (੨੭੫)**

ਪਾਉਂਟਾ ਸਾਹਿਬ ਗੁਰਦੁਆਰੇ ਦੇ ਮਹੰਤ ਸੰਤ ਜੀ ਮਹਾਰਾਜ ਨਾਲ ਬੜੀ ਈਰਖਾ ਕਰਦੇ ਅਤੇ ਦੀਵਾਨ ਵਿੱਚ ਬੋਲ ਕਬੋਲ ਵੀ ਕਰਦੇ ਪਰ ਸੰਤ ਮਹਾਰਾਜ ਗੁਰੂ ਕਲਗੀਆਂ ਵਾਲੇ ਦੀ ਚਰਨ ਧੂੜ ਜ਼ਰੂਰ ਮਸਤਕ ਤੇ ਲਾਉਂਦੇ ਅਤੇ ਇਹਨਾਂ ਬੋਲ ਕਬੋਲ ਦਾ ਉੱਕਾ ਹੀ ਖ਼ਿਆਲ ਨਾ ਕਰਦੇ। ਇੱਕ ਵਾਰੀ ਈਰਖਾਲੂ ਸੱਜਣਾਂ ਨੇ ਸੰਤ ਜੀ ਮਹਾਰਾਜ ਦੇ ਪਾਉਂਟਾ ਸਾਹਿਬ ਤੋਂ ਜਾਣ ਦੇ ਨੀਯਤ ਦਿਨ ਤੇ ਬਸ ਤੇ ਰੱਖੇ ਹੋਏ ਉਨ੍ਹਾਂ ਦੇ ਬਿਸਤਰੇ ਵਿੱਚ ਅਫੀਮ ਰੱਖ ਕੇ ਪੁਲੀਸ ਕੋਲੋਂ ਫੜ੍ਹਾਉਣ ਦੀ ਸਾਜਸ਼ ਬਣਾਈ। ਸੰਤ ਜੀ ਮਹਾਰਾਜ ਨੇ ਅਨੁਭਵ ਕਰ ਕੇ ਬਸ ਦੀਆਂ ਟਿਕਟਾਂ ਲਈਆਂ ਹੋਈਆਂ ਮੋੜ ਕੇ ਦੌਰਾ ਕੈਂਸਲ ਕਰ ਦਿੱਤਾ ਅਤੇ ਉਹ ਪ੍ਰੇਮੀ ਤਿੱਤਰ ਬਿੱਤਰ ਹੋ ਗਏ।

ਇਕ ਵਾਰੀ ਨਾਹਨ ਰਿਆਸਤ ਵਿੱਚ ਕਣਕ ਦੀ ਕਮੀ ਹੋ ਜਾਣ ਕਾਰਨ ਮਾਲ ਅਫ਼ਸਰ ਤਸੀਲਦਾਰ ਨੂੰ ਲੈ ਕੇ ਕਣਕ ਖਰੀਦਣ ਆਏ। ਸੰਤ ਜੀ ਜਾਣ ਲੱਗੇ ਕਹਿ ਗਏ ਸਨ ਕਿ ੫● ਰੁਪਏ ਦੇ ਕੇ ਕਣਕ ਖਰੀਦ ਲੈਣੀ । ਮਾਲ ਅਫ਼ਸਰ ਨੇ ਜਿਤਨੀ ਕਣਕ ਸੰਤ ਜੀ ਦੇ ਨਾਮ ਵਿੱਕ ਚੁਕੀ ਸੀ, ਛੱਡ ਕੇ ਬਾਕੀ ਸਾਰੀ ਦੀ ਸਾਰੀ ਖਰੀਦ ਲਈ। ਕਣਕ ਦੇਣ ਵੇਲੇ ਉਸ ਅਮਰੂ ਖਤਰੀ ਨੇ ਧੋਖਾ ਕਰਨਾ ਚਾਹਿਆ ਤੇ ਵਿੱਚ ਮਿੱਟੀ ਰੋੜੇ ਰਲਾ, ਤੋਲਣ ਲੱਗਿਆ। ਸੰਤ ਜੀ ਨੇ ਨਮੂਨਾ ਵੇਖ ਕੇ ਕਣਕ ਲੈਣ ਤੋਂ ਨਾਂਹ ਕਰ ਦਿੱਤੀ। ਉਸਨੂੰ ਕਿਹਾ ਜਾਂ ਤਾਂ ਕਣਕ ਸਾਫ਼ ਦੇਹ ਜੇ ਨਹੀਂ ਦੇਣੀ ਤੇ ਤੇਰੀ ਵੱਧ ਪੈਸੇ ਵੱਟਣ ਦੀ ਸਲਾਹ ਹੈ ਤਾਂ ਸਾਨੂੰ ਸਾਈ ਮੋੜ ਦੇ। ਉਸ ਨੇ ਦੋਹਾਂ ਗੱਲਾਂ ਤੋਂ ਨਾਂਹ ਕਰ ਦਿੱਤੀ। ਸੰਤ ਜੀ ਨੇ ਉਸਨੂੰ ਬੁਲਾ ਕੇ ਕਿਹਾ ਕਿ ਤੈਨੂੰ ੫● ਰੁਪਏ ਦੇ ਕੇ ਸੌਦਾ ਕੀਤਾ ਹੈ, ਨਾ ਤੂੰ ਕਣਕ ਦਿੰਦਾ ਹੈ, ਨਾ ਤੂੰ ਪੈਸੇ ਮੋੜਦਾ ਹੈ। ਇਹ ਤਾਂ ਝੱਲਿਆਂ ਵਾਲੀ ਗੱਲ ਹੈ। ਕਈ ਸਿਆਣਿਆਂ ਵੀ ਕਿਹਾ ਕਿ ਫ਼ਕੀਰਾਂ ਦੇ ਪੈਸੇ ਨਹੀਂ ਮਾਰੀਦੇ। ਬਾਣੀਏ ਨੇ ਕਿਹਾ, "ਏਹੋ ਜੇਹੇ ਕਈ ਸੰਤ ਵੇਖੇ ਹਨ" ਅਤੇ ਚਲਿਆ ਗਿਆ। ਸੰਤ ਜੀ ਇਹ ਸੁਣ ਕੇ ਚੁੱਪ ਕਰ ਗਏ। ਪਰਮਾਤਮਾ ਦੀ ਕੁਦਰਤ ਉਹ ਸਾਰੇ ਭਰਾਂ ਝੱਲਿਆਂ ਵਾਲੇ ਹੀ ਕੰਮ ਕਰਨ ਲੱਗ ਪਏ। ਵਾਪਾਰ ਵਿੱਚ ਘਾਟਾ ਪੈਂਦਾ ਗਿਆ। ਘਰ ਬਾਰ ਵਿੱਕ ਗਏ। ਬਹੁਤ ਦੁਖੀ ਤੇ ਕਮਲੇ ਹੋ ਕੇ ਮਰੇ।

ਇੱਕ ਵਾਰੀ ਸੰਤ ਜੀ ਮਹਾਰਾਜ ਆਪਣੇ ਰੰਗ ਵਿੱਚ ਨਾਨਕਸਰ ਸਾਹਿਬ ਸੇਵਾ ਕਰਵਾ ਰਹੇ ਸਨ ਤਾਂ ਭਾਈ ਇੰਦਰ ਸਿੰਘ ਅਤੇ ਉਸ ਦੇ ਚਾਚੇ ਕਿਸ਼ਨ ਸਿੰਘ ਨੇ ਆਪਣੇ ਨਾਲ ਹੋਰ ਪ੍ਰੇਮੀ ਰਲਾ ਕੇ ਸੰਤ ਜੀ ਮਹਾਰਾਜ ਦੀ ਬੜੀ ਹੀ ਨਿੰਦਿਆ ਕੀਤੀ, ਗਾਲ੍ਹਾਂ ਦਿੱਤੀਆਂ ਅਤੇ ਕਿਹਾ ਕਿ ਜੇ ਆਪਣੀ ਖੈਰ ਚਾਹੁੰਦੇ ਹੋ ਤਾਂ ਇੱਥੋਂ ਚਲੇ ਜਾਵੋ। ਸ਼ਾਂਤੀ ਦੇ ਪੁੰਜ ਸੰਤ ਜੀ ਮਹਾਰਾਜ ਨੇ ਫੁਰਮਾਇਆ ਕਿ ਭਾਈ ਤੁਸੀਂ ਆਪਣੀ ਪਾਤਿਸ਼ਾਹੀ ਚਲਾ ਲਵੋ, ਅਸੀਂ ਤਾਂ ਫਕੀਰ ਹਾਂ ਅਤੇ ਇਸ ਅਸਥਾਨ ਨੂੰ ਛੱਡ ਕੇ ਚਲੇ ਜਾਂਦੇ ਹਾਂ। ਸੰਤ ਜੀ ਸਭ ਕੁਝ ਛੱਡ ਕੇ ਜਦੋਂ ਪਟਿਆਲੇ ਆ ਗਏ ਤਾਂ ਪਿੱਛੋਂ ਇਹ ਪ੍ਰੇਮੀ ਆਪਸ ਵਿੱਚ ਲੜ ਪਏ ਅਤੇ ਭਾਈ ਇੰਦਰ ਸਿੰਘ ਤੇ ਉਹਦੇ ਸਾਥੀ ਬੰਬ ਫਟਣ ਨਾਲ ਮਰ ਗਏ। ਪਿੰਡਾਂ ਦੇ ਫਿਰ ਕੁਝ ਸਿਆਣੇ ਪ੍ਰੇਮੀਆਂ ਨੇ ਸੰਤ ਜੀ ਮਹਾਰਾਜ ਪਾਸ ਜਾ ਕੇ ਬੜੀ ਅਧੀਨਗੀ ਨਾਲ ਬੇਨਤੀ ਕਰਕੇ ਵਾਪਸ ਨਾਨਕਸਰ ਚੀਮੇ ਦੀ ਸੇਵਾ ਵਿੱਚ ਲੈ ਆਂਦਾ।



ਸੰਤ ਤੇਜਾ ਸਿੰਘ ਜੀ Sikh Cultural and Research Academy ਪਟਿਆਲਾ ਦੇ ਉਦਘਾਟਨ ਸਮੇਂ
ਰਾਜ ਪ੍ਰਮੁੱਖ ਅਤੇ ਹੋਰ ਪਤਵੰਤੇ ਸਜਣਾਂ ਨਾਲ ਖੜ੍ਹੇ ਦਰਸ਼ਨ ਦੇ ਰਹੇ ਹਨ ।

ਮਾਲਵੇ ਦੇ ਇਲਾਕੇ ਵਿੱਚ ਕੇਸ ਕਤਲ ਕਰਾਉਣ ਅਤੇ ਤੰਬਾਕੂ ਆਦਿ ਨਸ਼ਿਆਂ ਦੀ ਬਹੁਤ ਭੈੜੀ ਹਵਾ ਵਗ ਰਹੀ ਸੀ। ਇਸ ਨੂੰ ਦੂਰ ਕਰਨ ਲਈ ਸੰਤ ਜੀ ਮਹਾਰਾਜ ਨੇ ਅੰਮ੍ਰਿਤ ਪ੍ਰਚਾਰ ਦਾ ਪ੍ਰਵਾਹ ਚਲਾਣ ਵਾਸਤੇ ਗੁਰਮੁਖ ਸੱਜਣਾਂ ਦਾ ਜਥਾ ਬਣਾਇਆ ਜਿਸ ਵਿੱਚ ਅਕਾਲੀ ਕੌਰ ਸਿੰਘ ਜੀ, ਗਿਆਨੀ ਨਰਿੰਜਨ ਸਿੰਘ ਜੀ, ਭਾਈ ਰਣਬੀਰ ਸਿੰਘ ਜੀ ਰਿਟਾਇਰਡ ਜੱਜ ਅਤੇ ਭਾਈ ਗਿਆਨ ਸਿੰਘ ਜੀ ਸਨ। ਨਗਰਾਂ ਵਿੱਚ ਖੂਬ ਅੰਮ੍ਰਿਤ ਪ੍ਰਚਾਰ ਹੋਇਆ। ਕੁਝ ਪ੍ਰੇਮੀਆਂ ਨੇ ਇਸ ਲਹਿਰ ਦਾ ਈਰਖਾ ਵਿਰੋਧ ਸ਼ੁਰੂ ਕਰ ਦਿੱਤਾ। ਇੰਨ੍ਹਾਂ ਵਿੱਚੋਂ ਇੱਕ ਪ੍ਰੇਮੀ ਨੇ ਠਾਨ ਲਿਆ ਕਿ ਉਹ ਆਪਣੀ ਬੰਦੂਕ ਨਾਲ ਰਾਤ ਨੂੰ ਸੁਤਿਆਂ ਪਿਆਂ ਸੰਤ ਜੀ ਮਹਾਰਾਜ ਨੂੰ ਵਾਰ ਕਰ ਕੇ ਮਾਰ ਦੇਵੇਗਾ। ਇਸ ਵਿਉਂਤ ਦੀ ਕਿਸੇ ਨੂੰ ਭਿਣਕ ਨਾ ਪਈ। ਪਰ ਸੰਤ ਜੀ ਮਹਾਰਾਜ ਨੂੰ ਇਸ ਦਾ ਅਨੁਭਵ ਹੋ ਗਿਆ ਅਤੇ ਉਨ੍ਹਾਂ ਨੇ ਰਾਤ ਨੂੰ ਭਾਈ ਗਿਆਨ ਸਿੰਘ ਨੂੰ ਕਿਹਾ ਕਿ ਉਨ੍ਹਾਂ ਦੀ ਚਾਰਪਾਈ ਜੱਥੇ ਦੇ ਗੁਰਮੁੱਖਾਂ ਤੋ ਦੂਰ ਕਰ ਕੇ ਡਾਹ ਦੇਣਾ। ਭਾਈ ਗਿਆਨ ਸਿੰਘ ਨੇ ਹੁਕਮ ਮੰਨ ਇਸ ਤਰ੍ਹਾਂ ਕੀਤਾ, ਪਰ ਸਵੇਰੇ ਚਲਣ ਵੇਲੇ ਸੰਤ ਜੀ ਕੋਲੋਂ ਬੇਨਤੀ ਕਰ ਕੇ ਇਸ ਦਾ ਕਾਰਨ ਪੁੱਛਿਆ ਕਿ ਹਰ ਰੋਜ਼ ਆਪ ਅੰਮ੍ਰਿਤ ਪ੍ਰਚਾਰ ਦੇ ਜਥੇ ਵਿੱਚ ਮੰਜੀ ਡਾਹ ਕੇ ਸੌਂਦੇ ਸੀ ਪਰ ਰਾਤ ਕਿਉਂ ਵੱਖ ਹੋ ਕੇ ਪਏ। ਸੰਤ ਜੀ ਮਹਾਰਾਜ ਨੇ ਮੁਸਕਰਾ ਕੇ ਕਿਹਾ ਅਸੀਂ ਨਹੀਂ ਸੀ ਚਾਹੁੰਦੇ ਕਿ ਜੇ ਪ੍ਰੇਮੀ ਬੰਦੂਕ ਨਾਲ ਸਾਡੇ ਉੱਤੇ ਵਾਰ ਕਰਦਾ ਉਸ ਦਾ ਨੁਕਸਾਨ ਕਿਸੇ ਜਥੇ ਦੇ ਹੋਰ ਗੁਰਮੁਖ ਸੱਜਣ ਨੂੰ ਹੁੰਦਾ ਕਿਉਂਕਿ ਸਾਡਾ ਅਕਾਲ ਰਾਖਾ ਹੈ ਅਤੇ ਉਸ ਸੱਜਣ ਨੇ ਕੁਦਤਰੀ ਭੈਅ ਖਾ ਕੇ ਵਾਰ ਨਹੀਂ ਕੀਤਾ। ਜਦ ਸੰਤ ਜੀ ਜਥੇ ਨਾਲ ਏਥੋਂ ਦੂਸਰੇ ਪਿੰਡਾਂ ਵਿੱਚ ਗਏ ਤਾਂ ਪਿੱਛੋਂ ਪਤਾ ਲੱਗਾ ਕਿ ਉਹ ਪ੍ਰੇਮੀ ਆਪਣੇ ਸਾਥੀਆਂ ਕੋਲੋਂ ਕਿਸੇ ਈਰਖਾ ਕਾਰਨ ਗੋਲੀ ਨਾਲ ਮਾਰਿਆ ਗਿਆ। ਪਿੱਛੋਂ ਉਸ ਦੇ ਸਾਥੀਆਂ ਨੇ ਸੰਤ ਜੀ ਮਹਾਰਾਜ ਨੂੰ ਇਹ ਕਿੱਸਾ ਆਪ ਦੱਸਿਆ ਅਤੇ ਭੁਲ ਬਖਸ਼ਾਈ।

## ਪਿਛਲੇ ਜਨਮ ਦਾ ਅਨੁਭਵ ਕਰ ਕੇ ਉਪਦੇਸ਼ ਕਰਨਾ

ਸੰਤ ਜੀ ਮਹਾਰਾਜ ਆਪਣੇ ਸ਼ਰਧਾਲੂਆਂ ਦਾ ਪਿਛਲਾ ਜਨਮ ਅਨੁਭਵ ਕਰਕੇ ਉਨ੍ਹਾਂ ਦੀ ਬਿਰਤੀ ਅਨੁਸਾਰ ਉਪਦੇਸ਼ ਦਿੰਦੇ ਸਨ। ਇਸ ਪ੍ਰਥਾਇ ਕੁਝ ਸਾਖੀਆਂ ਇਸ ਤਰ੍ਹਾਂ ਹਨ:

ਭਾਈ ਸੰਤੋਖ ਸਿੰਘ ਜੀ, ਕਰਤਾਰ ਸਿੰਘ ਜੀ ਅਤੇ ਲਾਭ ਸਿੰਘ ਜੀ ਸੰਤ ਜੀ ਮਹਾਰਾਜ ਦੇ ਬੜੇ ਅਨਿੰਨ ਸ਼ਰਧਾਲੂ ਸਨ ਅਤੇ ਦੂਰੋਂ ਨੇੜਿਉਂ ਰਿਸ਼ਤੇਦਾਰ ਵੀ ਸਨ। ਇਹ ਸ਼ੇਖੂਪੁਰੇ (ਪਾਕਿਸਤਾਨ) ਵੱਲ ਰਹਿੰਦੇ ਸਨ ਅਤੇ ਸੰਤ ਜੀ ਮਹਾਰਾਜ ਦੇ ਇਸ ਇਸ਼ਾਰੇ ਨਾਲ ਕਿ ਭਾਈ ਦੇਸ ਉਜੜਨਾ ਹੈ, ਗੰਗਾ ਨਗਰ ਕੋਲ ਮੰਡੀ ਰਾਇ ਸਿੰਘ ਨਗਰ ਪਾਕਿਸਤਾਨ ਬਣਨ ਤੋਂ ਪਹਿਲਾਂ ਹੀ ਆ ਗਏ ਸਨ। ਭਾਈ ਕਰਤਾਰ ਸਿੰਘ ਗੰਗਾ ਨਗਰ ਤੋਂ ੩● ਮੀਲ ਤੇ ੧੩ ਐਮ ਐਲ ਪਿੰਡ ਵਿੱਚ ਰਹਿੰਦੇ ਸਨ। ਇੰਨ੍ਹਾਂ ਦੇ ਲੜਕੇ ਛੋਟੇ ਸਨ ਅਤੇ ਕਾਰੋਬਾਰ ਕਰਨ ਲਈ ਆਟਾ ਚੱਕੀ ਦਾ ਇੰਜਨ ਲਾਇਆ। ਇਹ ਕਾਰੋਬਾਰ ਠੀਕ ਨਾ ਚੱਲਿਆ ਅਤੇ ਘਰ ਵਿੱਚ ਗਰੀਬੀ ਆ ਗਈ। ਇੰਨ੍ਹਾਂ ਦੇ ਬੱਚਿਆਂ ਨੇ ਆਪਣੇ ਭਰਾ ਅਰਜਨ ਸਿੰਘ ਤੋਂ, ਜੋ ਸੰਤ ਜੀ ਮਹਾਰਾਜ ਦੇ ਸੇਵਕ ਹੋ ਗਏ ਸਨ, ਸੁਣਿਆ ਸੀ ਕਿ ਜੇ ਸੰਤ ਜੀ ਮਹਾਰਾਜ ਗ੍ਰਹਿ ਚਰਨ ਪਾਉਣ ਤਾਂ ਦੁੱਖਾਂ ਤੇ ਕਲੇਸ਼ਾਂ ਦਾ ਨਾਸ਼ ਹੋ ਜਾਂਦਾ ਹੈ। ਇਹ ਭਾਵਨਾ ਰੱਖ ਇੰਨ੍ਹਾਂ ਦੇ ਬੱਚੇ ਬੜੀ ਤੀਬਰ ਖਿੱਚ ਨਾਲ ਸੰਤ ਜੀ ਮਹਾਰਾਜ ਨੂੰ ਅੰਤਰ ਆਤਮੇ ਯਾਦ ਕਰਦੇ ਰਹਿੰਦੇ ਸਨ ਕਿ ਕਦੋਂ ਦਰਸ਼ਨ ਹੋਣ ਅਤੇ ਇਹ ਇੰਜਣ ਚੱਕੀ ਵਾਲੀ ਥਾਂ ਉਹਨਾਂ ਦੇ ਚਰਨ ਪਵਾਉਣ। ਇਹਨਾਂ ਦੀ ਤੀਬਰ ਖਿੱਚ ਨੂੰ ਅਨੁਭਵ ਕਰਕੇ ਸੰਤ ਜੀ ਮਹਾਰਾਜ ਨੇ ਉੱਧਰ ਦਰਸ਼ਨ ਦਿੱਤੇ ਅਤੇ ਇਹਨਾਂ ਨੇ ਰਾਤ ਠਹਿਰਨ ਲਈ ਬੜੇ ਪ੍ਰੇਮ ਸਹਿਤ ਬੇਨਤੀ ਕੀਤੀ। ਸੰਤ ਜੀ ਮਹਾਰਾਜ ਨੇ ਕਿਹਾ ਕਿ ਸਾਡਾ ਪ੍ਰੋਗਰਾਮ ਅੱਗੇ ਜਾਣ ਦਾ ਹੈ। ਤੁਹਾਡਾ ਪ੍ਰਸ਼ਾਦਾ ਨਾਲ ਲੈ ਜਾਵਾਂਗੇ। ਜਦ ਪ੍ਰਸ਼ਾਦ ਬੜੇ

ਪ੍ਰੇਮ ਨਾਲ ਤਿਆਰ ਕਰ ਲਿਆ ਅਤੇ ਚੱਲਣ ਲੱਗੇ ਤਾਂ ਸੰਤ ਜੀ ਮਹਾਰਾਜ ਦੀ ਜੀਪ ਸਟਾਰਟ ਨਾ ਹੋਵੇ, ਡਰਾਈਵਰ ਨੇ ਬਹੁਤ ਜ਼ੋਰ ਲਾਇਆ। ਸੰਤ ਜੀ ਮਹਾਰਾਜ ਨੇ ਫੁਰਮਾਇਆ ਕਿ ਇਨ੍ਹਾਂ ਦੀ ਪ੍ਰੇਮ ਖਿੱਚ ਕਰ ਕੇ ਜੀਪ ਨਹੀਂ ਚੱਲਦੀ ਅਤੇ ਹੁਣ ਰਾਤ ਇਨ੍ਹਾਂ ਪਾਸ ਠਹਿਰ ਕੇ ਪ੍ਰੇਮ ਪੂਰਾ ਕਰਾਂਗੇ। ਸੰਤ ਜੀ ਮਹਾਰਾਜ ਰਾਤ ਠਹਿਰੇ ਅਤੇ ਸਵੇਰੇ ਚੱਲਣ ਤੋਂ ਪਹਿਲੇ ਕਿਹਾ, "ਪ੍ਰੇਮੀਓ! ਤੁਹਾਡਾ ਇੰਜਨ ਚੱਕੀ ਕਿੱਥੇ ਹੈ?" ਉਨ੍ਹਾਂ ਦੇ ਭੁਝੰਗੀ ਗੁਰਨਾਮ ਸਿੰਘ ਤੇ ਹਰਚਰਨ ਸਿੰਘ ਨੇ ਕਿਹਾ ਕਿ ਨਾਲ ਦੇ ਇਹਾਤੇ ਵਿੱਚ ਹੀ ਹੈ। ਸੰਤ ਜੀ ਮਹਾਰਾਜ ਇੰਜਨ ਦੇ ਕਮਰੇ ਵਿੱਚ ਗਏ ਅਤੇ ਸਹਿਜ-ਸੁਭਾਏ ਆਪਣਾ ਜੋੜਾ ਝਾੜਿਆ। ਇਸ ਨਾਲ ਸਾਰੇ ਪਰਿਵਾਰ ਨੂੰ ਨਿਸ਼ਚਾ ਹੋ ਗਿਆ ਕਿ ਹੁਣ ਸਾਡੇ ਸਾਰੇ ਸੰਕਟ ਦੂਰ ਹੋ ਜਾਣਗੇ। ਸੰਤ ਜੀ ਮਹਾਰਾਜ ਜੋੜਾ ਝਾੜ ਜੀਪ ਕੋਲ ਆ ਗਏ ਤਾਂ ਡਰਾਈਵਰ ਦੇ ਪਹਿਲੀ ਵੇਰਾਂ ਹੀ ਚਾਬੀ ਲਾਉਣ 'ਤੇ ਜੀਪ ਸਟਾਰਟ ਹੋ ਗਈ ਜੋ ਪਿੱਛਲੇ ਦਿਨ ਕਈ ਯਤਨਾ ਦੇ ਬਾਵਜੂਦ ਵੀ ਸਟਾਰਟ ਨਹੀਂ ਸੀ ਹੋਈ। ਮਾਨੋਂ ਕਿ ਅਕਾਲ ਪੁਰਖ ਦੀ ਕੋਈ ਸੰਤ ਜੀ ਮਹਾਰਾਜ ਨੂੰ ਰਾਤ ਰੱਖਣ ਦੀ ਜ਼ਾਹਰਾ ਕਲਾ ਸੀ। ਇਸ ਤੋਂ ਪਿੱਛੋਂ ਨਾ ਕੇਵਲ ਇੰਜਨ ਅਤੇ ਚੱਕੀ ਦਾ ਕੰਮ ਹੀ ਚੜ੍ਹਦੀ ਕਲਾ ਵਿੱਚ ਗਿਆ ਬਲਕਿ ਇਸ ਪਰਿਵਾਰ ਦੇ ਸਾਰੇ ਸੰਕਟ ਦੂਰ ਹੋ ਗਏ ਅਤੇ ਇਹ ਪਰਿਵਾਰ ਹੁਣ ਦਿੱਲੀ ਅਤੇ ਅਮਰੀਕਾ ਵਿੱਚ ਬਹੁਤ ਅੱਛਾ ਕਾਰੋਬਾਰ ਕਰਦੇ ਹਨ।

ਸੰਤ ਜੀ ਮਹਾਰਾਜ ਪਟਿਆਲੇ ਜ਼ਿਲ੍ਹੇ ਵਿੱਚ ਜਦੋਂ ਆਉਂਦੇ ਤਾਂ ਇੱਕ ਸਰਦਾਰਾਂ ਦੀ ਕੋਠੀ ਠਹਿਰਦੇ। ਕੋਠੀ ਵਾਲੇ ਦੋਨੋਂ ਭਰਾ ਸ਼ਰਾਬ ਮੀਟ ਖਾਂਦੇ-ਪੀਂਦੇ ਸਨ ਅਤੇ ਸੰਤ ਜੀ ਮਹਾਰਾਜ ਦਾ ਆਦਰ-ਸਤਿਕਾਰ ਵੀ ਸ਼ਹਿਰ ਦੇ ਬਾਕੀ ਸੇਵਕਾਂ ਨਾਲੋਂ ਘੱਟ ਕਰਦੇ। ਸ਼ਹਿਰ ਦੇ ਸੇਵਕ ਸੰਤ ਜੀ ਮਹਾਰਾਜ ਨੂੰ ਆਪਣੇ ਘਰਾਂ ਵਿੱਚ ਠਹਿਰਾਉਣ ਲਈ ਬਹੁਤ ਬੇਨਤੀ ਕਰਦੇ ਪਰ ਸੰਤ ਜੀ ਉੱਪਰ ਲਿਖੇ ਦੋ ਸਰਦਾਰਾਂ ਦੇ ਘਰ ਹੀ ਜਾ ਕੇ ਠਹਿਰਦੇ। ਭਾਈ ਅਰਜਨ ਸਿੰਘ ਨੇ ਪੁੱਛਿਆ ਕਿ ਮਹਾਰਾਜ! ਜਿਹੜੇ ਸੇਵਕ ਆਪ ਜੀ ਦਾ ਇੰਨਾਂ ਸਤਿਕਾਰ ਕਰਦੇ ਹਨ ਉਹਨਾਂ ਨੂੰ ਛੱਡ ਕੇ ਆਪ ਜੀ ਸ਼ਰਾਬੀਆਂ-ਕੁਆਬੀਆਂ ਦੇ ਘਰ ਹੀ ਕਿਉਂ ਠਹਿਰਦੇ ਹੋ? ਸੰਤ ਜੀ ਮਹਾਰਾਜ ਨੇ ਭੇਦ ਖੋਲਿਆ, "ਭੋਲਿਆ! ਇਹ ਰੱਬੀ ਗੱਲਾਂ ਹਨ, ਲੈ ਸੁਣ ਪਿੱਛਲੇ ਜਨਮ ਵਿੱਚ ਇਹ ਸਿੱਖਾਂ ਦੇ ਭਾਰੇ ਜਰਨੈਲ ਸਨ ਅਤੇ ਇਨ੍ਹਾਂ ਨੇ ਪੰਥ ਦੀ ਅਤੁੱਟ ਸੇਵਾ ਕੀਤੀ ਸੀ। ਇਸ ਜਨਮ ਵਿੱਚ ਕਲਜੁਗ ਤੇ ਦ੍ਰਿਸ਼ਟਮਾਨ ਦੇ ਮੋਹ ਕਰਕੇ ਅਸਲੀ ਰਸਤੇ ਤੋਂ ਭੁੱਲ ਗਏ ਹਨ। ਸਾਡਾ ਯਤਨ ਹੈ ਕਿ ਬਚਨ-ਬਿਲਾਸ ਕਰਦਿਆਂ ਗੁਰੂ ਘਰ ਨਾਲ ਪ੍ਰੇਮ ਜਾਗ ਪਵੇ ਤੇ ਨਾਮ-ਬਾਣੀ ਵਿੱਚ ਜੁੜ ਜਾਣ ਅਤੇ ਪਿੱਛਲੀ ਕਮਾਈ ਵਿੱਚ ਵਾਧਾ ਕਰਕੇ ਆਪਣਾ ਭਲਾ ਵੀ ਕਰ ਸਕਣ ਅਤੇ ਪੰਥ ਦੀ ਸੇਵਾ ਵੀ ਕਰਨ।

## ਬੈਂਕਾਕ, ਮਲਾਇਆ ਅਤੇ ਸਿੰਘਾਪੁਰ ਵਿਚ ਗੁਰਮਤਿ ਪ੍ਰਚਾਰ

੧੯੫੨ ਈਸਵੀ ਵਿੱਚ, ਸੰਤ ਜੀ ਕਲਕੱਤੇ ਅੰਮ੍ਰਿਤ ਪ੍ਰਚਾਰ ਦੇ ਦੌਰੇ 'ਤੇ ਗਏ, ਉੱਥੇ ਬੈਂਕਾਕ ਦੇ ਵਪਾਰੀ ਆਪਣੇ ਕਾਰੋਬਾਰ ਲਈ ਆਏ ਸਨ, ਜੋ ਸੰਤ ਜੀ ਮਹਾਰਾਜ ਦੇ ਦਰਸ਼ਨ ਕਰਕੇ ਬਹੁਤ ਪ੍ਰਸੰਨ ਹੋਏ। ਉਨ੍ਹਾਂ ਬੇਨਤੀ ਕੀਤੀ ਕਿ ਬੈਂਕਾਕ ਵਿੱਚ ਆ ਕੇ ਵੀ ਦਰਸ਼ਨ ਦਿਓ ਤੇ ਨਾਮ-ਬਾਣੀ ਦਾ ਪ੍ਰਚਾਰ ਕਰੋ। ਸੰਤ ਜੀ ਉਨ੍ਹਾਂ ਦੀ ਬੇਨਤੀ ਮੰਨ ਕੇ ੧੯੫੪ ਈਸਵੀ ਵਿੱਚ ਬੈਂਕਾਕ ਗਏ ਅਤੇ ਨਾਮ-ਬਾਣੀ ਦਾ ਅੰਮ੍ਰਿਤ ਪ੍ਰਚਾਰ ਖੂਬ ਹੋਇਆ। ਇਹ ਸਾਰਾ ਗੁਰਮਤਿ ਪ੍ਰਚਾਰ ਅਖਬਾਰਾਂ ਰਾਹੀਂ ਮਲਾਇਆ, ਸਿੰਘਾਪੁਰ ਦੀਆਂ ਸੰਗਤਾਂ ਨੇ ਪੜ੍ਹਿਆ ਅਤੇ ਸੰਤ ਜੀ ਮਹਾਰਾਜ ਨੂੰ ਬੇਨਤੀ ਕੀਤੀ ਕਿ ਉੱਥੇ ਪੁੱਜ ਕੇ ਵੀ ਦਰਸ਼ਨ ਦੇਣ ਅਤੇ ਇਸ ਰੱਬੀ ਰੌਂ ਦੀ ਲਹਿਰ ਨਾਲ ਉਨ੍ਹਾਂ ਨੂੰ ਵੀ ਤਾਰਨ।

ਸੰਤ ਜੀ ਮਹਾਰਾਜ ਸਿੰਘਾਪੁਰ ਗਏ ਅਤੇ ਭਾਈ ਹਰਦਿਆਲ ਸਿੰਘ ਬਜਾਜ ਨੇ ਆਪਦੇ ਚਰਨ ਪੁਆ ਕੇ ਵਿਸ਼ਰਾਮ ਕਰਵਾਇਆ। ਭਾਈ ਹਰਦਿਆਲ ਸਿੰਘ ਕੱਪੜੇ ਦੇ ਵੱਡੇ ਵਪਾਰੀ ਸਨ ਤੇ ਮੀਟ ਸ਼ਰਾਬ ਖੂਬ



ਸੰਤ ਤੇਜਾ ਸਿੰਘ ਜੀ (Nairobi, Kenya) ਵਿਖੇ ਸੰਗਤ ਨਾਲ, 1953

ਖਾਂਦੇ-ਪੀਂਦੇ ਸਨ। ਸੰਤ ਜੀ ਮਹਾਰਾਜ ਦੀ ਸੰਗਤ ਦੀ ਛੋਹ ਨਾਲ ਇਹਨਾਂ ਸਭ ਕੁਝ ਤਿਆਗ ਦਿੱਤਾ ਅਤੇ ਨਾਮ ਬਾਣੀ ਜਪਣ ਲੱਗ ਪਏ। ਇਹਨਾਂ ਪਾਸ ਪਹਿਲੇ ਵੀ ਬਾਬਾ ਪ੍ਰਤਾਪ ਸਿੰਘ ਜੀ ਭੈਣੀ ਸਾਹਿਬ ਵਾਲੇ ਅਤੇ ਸੰਤ ਹਰਨਾਮ ਸਿੰਘ ਜੀ ਨੁਸ਼ਹਿਰੇ ਵਾਲੇ ਜਾਂਦੇ ਹੁੰਦੇ ਸਨ। ਭਾਈ ਦੁਰਗਾ ਦੇਵ ਸਿੰਘ ਜੀ ਨੇ ਸੰਤ ਮਹਾਰਾਜ ਦਾ ਮਲਾਇਆ, ਸਿੰਘਾਪੁਰ ਦਾ ਤਿੰਨ ਮਹੀਨੇ ਦਾ ਪ੍ਰੋਗਰਾਮ ਬਣਾ ਦਿੱਤਾ। ਇਸ ਦੌਰੇ ਵਿੱਚ ਸੰਤ ਜੀ ਮਹਾਰਾਜ ਨੇ ਮਲਾਇਆ ਦੀ ਯੂਨੀਵਰਸਿਟੀ, ਗਿਰਜੇ ਘਰ ਅਤੇ ਹੋਰ ਕਈ ਖਾਸ ਅਸਥਾਨਾਂ ਤੇ ਅੰਗਰੇਜ਼ੀ ਵਿੱਚ ਹੇਠ ਲਿਖੇ ਗੁਰਮਤਿ ਤੇ ਲੈਕਚਰ ਦਿੱਤੇ:

1. *"Education in India" - Sponsored by Teacher Training College. at 126 Cairn Hill Road.*
2. *"The Development of Complete Manhood" - Sponsored by University of Malaya at Arts Theatre, Cluney Road.*
3. *"Plain Living and High Thinking are no more." (Wordsworth) Sponsored by Raffles Institution at School Hall .*
4. *"The Sphere of God Consciousness." Sponsored by Theosophical Society. at 8 Cairn Hill Road.*
5. *"The Realization of the Divine Within". Sponsored by Inter-Religions Organization at St. Andrew's Cathedral, Memorial Hall.*
6. *"How can East and West be linked together?" Sponsored by East-West Society at British Council Hall, Stamford Road .*

ਕਈ ਹਜ਼ਾਰ ਪ੍ਰੇਮੀਆਂ ਨੇ ਇਹ ਲੈਕਚਰ ਸੁਣੇ। ਇਸ ਪ੍ਰਚਾਰ ਦਾ ਇਹ ਅਸਰ ਹੋਇਆ ਕਿ ਸਾਰੇ ਮਲਾਇਆ ਸਿੰਘਾਪੁਰ ਵਿੱਚ ਗੁਰਮਤਿ ਦੀ ਲਹਿਰ ਚੱਲ ਪਈ ਅਤੇ ਬੇਅੰਤ ਸੰਗਤਾਂ ਨੇ ਅੰਮ੍ਰਿਤ ਛਕਿਆ ਅਤੇ ਨਾਮ ਬਾਣੀ ਜਪਣ ਲੱਗ ਪਈਆਂ। ਇਸ ਦੌਰੇ ਤੋਂ ਪਿਛੋਂ ਸੰਤ ਜੀ ਨਾਨਕਸਰ ਚੀਮੇ ਸੰਤ ਅਤਰ ਸਿੰਘ ਜੀ ਮਹਾਰਾਜ ਦੇ ਜਨਮ ਦਿਨ ਦੇ ਜੋੜ-ਮੇਲੇ ਵਾਸਤੇ ਦੇਸ਼ ਵਾਪਸ ਪਰਤ ਆਏ।

ਕੌਅਲਾ-ਲੰਪਰ ਭਾਈ ਅਜੀਤ ਸਿੰਘ ਨੇ, ਜੋ ਗੁਰਦੁਆਰੇ ਦਾ ਪ੍ਰਧਾਨ ਸੀ, ਸੰਤ ਜੀ ਮਹਾਰਾਜ ਦੇ ਨਾਮ ਬਾਣੀ ਅਤੇ ਅੰਮ੍ਰਿਤ ਪ੍ਰਚਾਰ ਦੇ ਸਮਾਗਮ ਲਗਵਾਏ। ਇਸ ਤੋਂ ਬਾਅਦ ਸੰਤ ਸੋਹਣ ਸਿੰਘ ਜੀ ਪਾਸ ਠਹਿਰੇ ਜਿੰਨ੍ਹਾਂ ਨੇ ਸੰਗਤਾਂ ਵਿੱਚ ਨਾਮ ਬਾਣੀ ਦਾ ਪ੍ਰਚਾਰ ਕਰਵਾਇਆ।

## ਪੂਰਬੀ ਅਫਰੀਕਾ ਵਿੱਚ ਨਾਮ-ਬਾਣੀ ਅਤੇ ਅੰਮ੍ਰਿਤ ਪ੍ਰਚਾਰ

ਸੰਤ ਮਨੀ ਸਿੰਘ ਜੀ ਪੂਰਬੀ ਅਫਰੀਕਾ ਵਿੱਚ ਗੁਰਮਤਿ ਦਾ ਪ੍ਰਚਾਰ ਕਰਦੇ ਅਤੇ ਸੰਗਤਾਂ ਨੂੰ ਕਹਿੰਦੇ ਕਿ ਬ੍ਰਹਮ ਵਿੱਦਿਆ ਦੀ ਸਿੱਖਿਆ ਲਈ ਸੰਤ ਤੇਜਾ ਸਿੰਘ ਜੀ ਡਬਲ ਐਮ. ਏ ਨੂੰ ਬੇਨਤੀ ਕਰਕੇ ਇਧਰ ਮੰਗਾਓ। ਸੰਤ ਮਨੀ ਸਿੰਘ ਜੀ ਦੇ ਅਕਾਲ ਚਲਾਣੇ ਪਿੱਛੋਂ ਅਫਰੀਕਾ ਦੀ ਸੰਗਤ ਨੇ ਮਨੀ ਸਿੰਘ ਮੈਮੋਰੀਅਲ ਕਮੇਟੀ ਬਣਾਈ ਅਤੇ ਭਾਈ ਗੁਰਚਰਨ ਸਿੰਘ ਗਹੀਰ ਨੇ, ਜੋ ਇਸ ਕਮੇਟੀ ਦੇ ਸੈਕਟਰੀ ਸਨ, ਸੰਤ ਦੀ ਮਹਾਰਾਜ ਨੂੰ ਸੰਗਤਾਂ ਵੱਲੋਂ ਬੇਨਤੀ ਕਰ ਭੇਜੀ ਕਿ ਉਹ ਦਰਸ਼ਨ ਦੇਣ। ਇਹ ਬੇਨਤੀ ਪ੍ਰਵਾਨ ਕਰ ਸੰਤ ਜੀ ਸਤੰਬਰ ੧੯੫੩ ਈਸਵੀ ਨੂੰ ਬੰਬਈ ਤੋਂ ਜਹਾਜ਼ ਤੇ ਚੜ੍ਹ ਮਬਾਸਾ ਪਹੁੰਚੇ ਤੇ ਨਾਮਬਾਣੀ ਦਾ ਪ੍ਰਚਾਰ ਕਰਦੇ ਹੋਏ ਨੈਰੋਬੀ ਪਹੁੰਚੇ। ਸੰਤ ਜੀ ਮਹਾਰਾਜ ਨੇ ਸੰਗਤਾਂ ਦੀ ਖਿੱਚ ਕਰਕੇ ਕੀਨੀਆ, ਯੁਗੰਡਾ, ਤਨਜ਼ਾਨੀਆ ਦੇ

ਸ਼ਹਿਰਾਂ ਦਾ ਦੌਰਾ ਕੀਤਾ ਅਤੇ ਨਾਮ-ਬਾਣੀ ਦਾ ਪ੍ਰਚਾਰ ਕੀਤਾ। ਬੇਅੰਤ ਸੰਗਤਾਂ ਨੂੰ ਅੰਮ੍ਰਿਤ ਛਕਾ ਗੁਰੂ ਕਲਗੀਆਂ ਵਾਲੇ ਦੇ ਚਰਨਾਂ ਨਾਲ ਜੋੜਿਆ। ਜੋ ਹਿੰਦੁਸਤਾਨੀ ਉਨ੍ਹਾਂ ਵਿੱਚ ਵੱਸੇ ਹੋਏ ਸਨ, ਉਹਨਾਂ ਨੂੰ ਸੰਤ ਜੀ ਮਹਾਰਾਜ ਪ੍ਰੇਰਨਾ ਦਿੰਦੇ ਕਿ ਉਹ ਉੱਥੋਂ ਦੇ ਵਸਨੀਕਾਂ ਨਾਲ ਪ੍ਰੇਮ ਕਰਿਆ ਕਰਨ ਅਤੇ ਉਨ੍ਹਾਂ ਨੂੰ ਲੰਗਰ-ਪਾਣੀ ਛਕਾਇਆ ਕਰਨ ਤੇ ਮਾਇਆ ਦੇ ਕੇ ਸਹਾਇਤਾ ਕਰਿਆ ਕਰਨ। ਗੁਰੂ ਮਹਾਰਾਜ ਦਾ ਵਾਕ ਹੈ:

**ਮਾਨਸ ਕੀ ਜਾਤ ਸਭੈ ਏਕੈ ਪਹਿਚਾਣਬੋ ॥ (ਪਾ: ੧੦)**

ਖਾਸ ਕਰ ਯੁਗੰਡਾ ਵਿੱਚ ਸੰਤ ਜੀ ਮਹਾਰਾਜ ਨੇ ਬੜੇ ਜ਼ੋਰਦਾਰ ਲਫਜ਼ਾਂ ਨਾਲ ਹਿੰਦੁਸਤਾਨੀ ਭਰਾਵਾਂ ਨੂੰ ਇਹ ਤਾਕੀਦ ਕੀਤੀ ਕਿ ਉਹ ਯੁਗੰਡਾ ਦੇ ਦੇਸ਼ ਵਾਸੀਆਂ ਨਾਲ ਪੂਰਾ ਪ੍ਰੇਮ ਕਰਨ ਅਤੇ ਆਪਣਾ ਕੋਈ ਟਿਕਾਣਾ ਹਿੰਦੁਸਤਾਨ ਤੇ ਹੋਰ ਦੇਸ਼ਾਂ ਵਿੱਚ ਵੀ ਬਣਾ ਲੈਣ ਕਿਉਂਕਿ ਇਸ ਦੇਸ਼ ਵਿੱਚੋਂ ਉਨ੍ਹਾਂ ਨੂੰ ਉੱਜੜਨਾ ਪੈਣਾ ਹੈ। ਜਿਨ੍ਹਾਂ ਪ੍ਰੇਮੀਆਂ ਨੇ ਸੰਤ ਜੀ ਮਹਾਰਾਜ ਦੇ ਬਚਨ 'ਤੇ ਅਮਲ ਕੀਤਾ ਉਹ ਸੁਖੀ ਰਹੇ। ਇਸ ਤੋਂ ਕਈ ਸਾਲਾਂ ਬਾਅਦ ਜਦੋਂ ਈਦੀ ਅਮੀਨ ਦੀ ਹਕੂਮਤ ਆਈ ਉਸ ਨੇ ਸਾਰੇ ਹਿੰਦੂਸਤਾਨੀਆਂ ਨੂੰ ਇਸ ਦੇਸ਼ ਵਿੱਚੋਂ ਕੱਢ ਦਿੱਤਾ। ਸੰਤ ਜੀ ਫੇਰ ਸੰਤ ਅਤਰ ਸਿੰਘ ਜੀ ਮਹਾਰਾਜ ਦਾ ਜਨਮ ਦਿਨ ਦਾ ਜੋੜ-ਮੇਲਾ ਮਨਾਉਣ ਲਈ ਨਾਨਕਸਰ ਚੀਮੇਂ ਆ ਗਏ।

## ਮਲਾਇਆ, ਜਪਾਨ, ਅਮਰੀਕਾ ਅਤੇ ਕੈਨੇਡਾ ਵਿੱਚ ਗੁਰਮਤਿ ਪ੍ਰਚਾਰ

ਹੀਰੋਸ਼ੀਮਾ ਵਿੱਚ ਜਦੋਂ ਐਟਮ ਬੰਬ ਨਾਲ ਭਾਰੀ ਤਬਾਹੀ ਹੋਈ ਤਾਂ ਇਸ ਦੇ ਭਿਆਨਕ ਦ੍ਰਿਸ਼ ਨੇ ਜਪਾਨ ਦੇ ਪੁਰਸ਼ਾਂ ਨੂੰ ਪ੍ਰੇਰ ਕੇ ਇੱਕ ਧਾਰਮਿਕ ਸੁਸਾਇਟੀ ਬਣਾਈ ਜੋ ਸਾਰੇ ਸੰਸਾਰ ਵਿੱਚ ਸੁੱਖ-ਸ਼ਾਂਤੀ ਲਈ ਰਸਤਾ ਲੱਭੇ। ਸੰਤ ਜੀ ਮਹਾਰਾਜ ਦੀ ਪਿੱਛਲੇ ਬੈਂਕਾਕ, ਸਿੰਘਾਪੁਰ, ਮਲਾਇਆ ਦੇ ਦੌਰੇ ਦੀ ਅਖਬਾਰਾਂ ਵਿੱਚ ਗੁਰੂ ਨਾਨਕ ਦੀ ਚਲਾਈ ਹੋਈ ਲਹਿਰ ਗੁਰਮਤਿ ਸੁੱਖ-ਸਾਂਤੀ ਦੀ ਬੜੀ ਸ਼ਲਾਘਾ ਯੋਗ ਚਰਚਾ ਹੋਈ। ਇਸ ਦੀ ਸੋਅ ਜਪਾਨ ਵਿੱਚ ਵੀ ਪਹੁੰਚੀ। ਜਪਾਨ ਦੀ ਇਸ ਧਾਰਮਿਕ ਸੁਸਾਇਟੀ ਨੇ ਦੁਨੀਆਂ ਦੇ ਸਾਰੇ ਧਰਮਾਂ ਦੀ ਸਤੰਬਰ ੧੯੫੬ ਈਸਵੀ ਵਿੱਚ ਕਾਨਫਰੰਸ (All World Religion Conference) ਕਰਾਣ ਦਾ ਮਤਾ ਪਾਸ ਕੀਤਾ। ਉਨ੍ਹਾਂ ਨੇ ਸੰਤ ਜੀ ਮਹਾਰਾਜ ਨੂੰ ਵੀ ਬੇਨਤੀ ਪੱਤਰ ਭੇਜਿਆ ਕਿ ਉਹ ਇਸ ਕਾਨਫਰੰਸ ਵਿੱਚ ਸਿੱਖ ਧਰਮ (Sikh Religion) ਵੱਲੋਂ ਭਾਗ ਲੈ ਕੇ ਗੁਰੂ ਨਾਨਕ ਦੇਵ ਜੀ ਦੀ ਸੁੱਖ-ਸ਼ਾਂਤੀ ਦੀ ਚਲਾਈ ਲਹਿਰ ਨੂੰ ਸੰਸਾਰ ਦੇ ਸਾਹਮਣੇ ਲਿਆਉਣ। ਸੰਤ ਜੀ ਮਹਾਰਾਜ ਨੇ ਪ੍ਰਵਾਨ ਕਰ ਲਿਆ ਅਤੇ ਇਸ ਕਾਨਫਰੰਸ ਵਿੱਚ ਹਿੱਸਾ ਲੈਣ ਵਾਸਤੇ ਜੁਲਾਈ ੧੯੫੬ ਈਸਵੀ ਨੂੰ ਕਲਕੱਤੇ ਤੋਂ ਮਲਾਇਆ ਪਹੁੰਚੇ, ਸਿੰਘਾਪੁਰ ਆਦਿ ਸ਼ਹਿਰਾਂ ਵਿੱਚ ਨਾਮ-ਬਾਣੀ ਦਾ ਬਹੁਤ ਪ੍ਰਚਾਰ ਹੋਇਆ। ਸੰਤ ਜੀ ਮਹਾਰਾਜ ਸੁੱਖ-ਸ਼ਾਂਤੀ ਲਈ ਨਾਮ-ਬਾਣੀ ਜਪਣ ਲਈ ਹੀ ਪ੍ਰੇਰਦੇ ਸਨ। ਇਸ ਦੇ ਪ੍ਰਥਾਇ ਉਦਾਹਰਣ ਵਜੋਂ ਇੱਕ ਸਾਖੀ ਇਸ ਤਰ੍ਹਾਂ ਹੈ:

ਸੰਤ ਜੀ ਮਹਾਰਾਜ ਜਦੋਂ ਸਿੰਘਾਪੁਰ ਤੋਂ ਪੀਨਾਂਗ ਜਾ ਰਹੇ ਸਨ ਤਾਂ ਰਸਤੇ ਵਿੱਚ ਇੱਕ ਪ੍ਰੇਮੀ ਭਾਈ ਸੱਜਣ ਸਿੰਘ ਉਨ੍ਹਾਂ ਨੂੰ ਆਪਣੇ ਘਰ ਲੈ ਗਿਆ। ਇਸ ਦੀ ਘਰ ਵਾਲੀ ਬਹੁਤ ਹੀ ਬਿਮਾਰ ਸੀ ਤੇ ਇਹ ਕਈ ਡਾਕਟਰਾਂ ਕੋਲੋਂ ਇਲਾਜ਼ ਕਰਵਾ ਕੇ ਥੱਕ ਚੁੱਕਾ ਪਰ ਬਿਮਾਰੀ ਠੀਕ ਨਹੀਂ ਸੀ ਹੁੰਦੀ। ਉਸ ਨੇ ਸੰਤ ਜੀ ਮਹਾਰਾਜ ਨੂੰ ਇਸ ਦੀ ਤੰਦਰੁਸਤੀ ਲਈ ਬੇਨਤੀ ਕੀਤੀ ਕਿ ਕੋਈ ਰੇਖ ਵਿੱਚ ਮੇਖ ਮਾਰ ਕੇ ਇਸ ਨੂੰ ਮੰਜੇ ਤੋਂ ਉਠਾਉਣ। ਸੰਤ ਜੀ ਮਹਾਰਾਜ ਨੇ ਕਿਹਾ ਮੈਂ ਕੋਈ ਡਾਕਟਰ ਨਹੀਂ ਹਾਂ ਅਤੇ ਨਾ ਹੀ ਕੋਈ ਤਵੀਤ ਧਾਗੇ ਕਰਨ ਵਾਲਾ ਫ਼ਕੀਰ ਹਾਂ। ਅਗਰ ਤੁਸੀਂ ਆਪਣੀ ਸਿੰਘਣੀ ਦੀ ਬਿਮਾਰੀ ਹਟਾ ਕੇ ਤੰਦਰੁਸਤੀ ਚਾਹੁੰਦੇ ਹੋ ਤਦ



ਸੰਤ ਤੇਜਾ ਸਿੰਘ ਜੀ - ਪੂਰਬੀ ਅਫਰੀਕਾ ਦੀ ਸੰਗਤ ਨਾਲ

ਗੁਰਬਾਣੀ ਦੇ ਸ਼ਬਦਾਂ ਦੀ ਪੰਜ ਮਾਲਾ ਰੋਜ਼ ਫੇਰਨ ਲਈ ਆਪਣੀ ਸਿੰਘਣੀ ਨੂੰ ਕਹੋ। ਭਾਈ ਸੱਜਣ ਸਿੰਘ ਜੀ ਨੇ ਕਿਹਾ ਕਿ ਮਹਾਰਾਜ ਉਹ ਤਾਂ ਬੈਠ ਨਹੀਂ ਸਕਦੀ ਤਾਂ ਸੰਤ ਜੀ ਨੇ ਉੱਤਰ ਦਿੱਤਾ ਕਿ ਤੁਸੀਂ ੧੦ ਮਾਲਾ ਸ਼ਬਦ ਦੀਆਂ ਆਪ ਫੇਰਿਆ ਕਰੋ। ਗੁਰੂ ਭਲੀ ਕਰੇਗਾ। ਇਤਨੇ ਬਚਨ ਕਹਿ ਕੇ ਸੰਤ ਜੀ ਅੱਗੇ ਚਲੇ ਗਏ ਪਰ ਜਦੋਂ ਸੰਤ ਜੀ ਮਹਾਰਾਜ ਅਮਰੀਕਾ ਤੋਂ ਵਾਪਸ ਆਉਂਦੇ ਹੋਏ ਇੱਥੇ ਪਹੁੰਚੇ ਤਦ ਭਾਈ ਸੱਜਣ ਸਿੰਘ ਅਤੇ ਉਸ ਦੀ ਸਿੰਘਣੀ ਸੰਤ ਜੀ ਮਹਾਰਾਜ ਦੇ ਸਥਾਨ ਤੇ ਪੈਦਲ ਚਲ ਕੇ ਧੰਨਵਾਦ ਕਰਨ ਅਤੇ ਅਸ਼ੀਰਵਾਦ ਲੈਣ ਆਏ। ਉਸ ਦੀ ਘਰ ਵਾਲੀ ਹੁਣ ਬਿਲਕੁਲ ਠੀਕ ਹੋ ਚੁੱਕੀ ਸੀ।

ਇਥੋਂ ਸੰਤ ਜੀ ਮਹਾਰਾਜ ਹਾਂਗਕਾਂਗ ਆਦਿ ਟਾਪੂਆਂ ਵਿੱਚ ਨਾਮ ਬਾਣੀ ਦਾ ਪ੍ਰਚਾਰ ਕਰਦੇ ਹੋਏ ਜਾਪਾਨ ਪੁੱਜੇ। ਨਿਯਤ ਦਿਨ ਤੇ ਸ਼ਿਮੀਜ਼ੂ ਸਿਟੀ, ਦੁਨੀਆ ਦੇ ਸਾਰੇ ਧਰਮਾਂ ਦੀ ਕਾਨਫਰੰਸ (All World Religion Conference) ਵਿੱਚ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਸ਼ਾਂਤੀ ਦਾ ਸੰਦੇਸ਼ ਦੇਣ ਵਾਸਤੇ ਪਹੁੰਚੇ। ਸੰਤ ਜੀ ਮਹਾਰਾਜ ਨੇ ਇਸ ਕਾਨਫਰੰਸ ਵਿੱਚ ਬੜੇ ਸੁੰਦਰ ਲਫਜ਼ਾਂ ਵਿੱਚ ਗੁਰੂ ਮਹਾਰਾਜ ਦਾ ਗੁਰਮਤਿ ਉਪਦੇਸ਼ ਸੁਣਾਇਆ:

**ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥ (੯੭)**

ਪਾਠਕਾਂ ਦੇ ਪੜ੍ਹਨ ਲਈ ਇਹ ਸਾਰਾ ਗੁਰਮਤਿ ਦਾ ਲੈਕਚਰ ਇਸ ਪੁਸਤਕ ਵਿੱਚ ਅਗਲੇ ਕਾਂਡ ਵਿੱਚ ਦਿੱਤਾ ਗਿਆ ਹੈ।

ਇਹ ਗੁਰਮਤਿ ਦਾ ਲੈਕਚਰ ਅੰਗਰਜ਼ੀ ਵਿੱਚ ਕਿਸੇ ਐਸੀ ਲਹਿਰ ਵਿੱਚ ਸੰਤ ਜੀ ਮਹਾਰਾਜ ਨੇ ਇਸ ਕਾਨਫਰੰਸ ਵਿੱਚ ਸੁਣਾਇਆ ਕਿ ਸਾਰੇ ਸੰਸਾਰ ਦੇ ਆਏ ਹੋਏ ਡੈਲੀਗੇਟ ਇਸ ਰੱਬੀ ਰੌ ਵਿੱਚ ਝੂੰਮਣ ਲੱਗ ਪਏ। ਇਸ ਕਾਨਫਰੰਸ ਦੇ ਪ੍ਰੈਜ਼ੀਡੈਂਟ ਨੇ ਜੋ ਜਾਪਾਨ ਦੀ ਧਾਰਮਿਕ ਸੁਸਾਇਟੀ ਦਾ ਵੀ ਪ੍ਰੈਜ਼ੀਡੈਂਟ ਸੀ, ਸੰਤ ਜੀ ਮਹਾਰਾਜ ਨੂੰ ਇਸ ਦਾ ਐਡਵਾਈਜ਼ਰ ਬਣਾ ਲਿਆ ਤਾਂ ਕਿ ਉਹ ਭਵਿੱਖਤ ਵਿੱਚ ਵੀ ਵਿਸ਼ਵ ਸ਼ਾਂਤੀ ਵਾਸਤੇ ਇੰਨ੍ਹਾਂ ਦੀ ਅਗਵਾਈ ਕਰਦੇ ਰਹਿਣ। ਇੱਥੋਂ ਸੰਤ ਜੀ ਮਹਾਰਾਜ ਕੈਲੀਫੋਰਨੀਆ, ਸਟਾਕਟਨ, ਨਿਊਯਾਰਕ, ਵੈਨਕੂਵਰ, ਅਮਰੀਕਾ ਅਤੇ ਕੈਨੇਡਾ ਦੇ ਕਈ ਹੋਰ ਸ਼ਹਿਰਾਂ ਵਿਚ ਗਏ ਅਤੇ ਨਾਮ ਬਾਣੀ ਦਾ ਸਿਮਰਨ ਕਰਵਾ ਕੇ ਫਿਰ ਗੁਰਮਤਿ ਲਹਿਰ ਚਲਵਾ ਦਿੱਤੀ। ਸੰਗਤਾਂ ਬੇਹੱਦ ਖੁਸ਼ ਹੋਈਆਂ ਕਿ ਸੰਤ ਜੀ ਮਹਾਰਾਜ, ਜਿੰਨ੍ਹਾਂ ਨੇ ਇੰਨ੍ਹਾਂ ਦੇਸ਼ਾਂ ਵਿੱਚ ਕਈ ਗੁਰਦਵਾਰੇ ਅੱਜ ਤੋਂ ੪੦ ਸਾਲ ਪਹਿਲਾਂ ਬਣਾ ਕੇ ਗੁਰਮਤਿ ਦੀ ਲਹਿਰ ਚਲਾਈ ਸੀ, ਦੀ ਛੋਹ ਨਾਲ ਦੁਬਾਰਾ ਇਹ ਲਹਿਰ ਚੱਲ ਪਈ। ਖਾਲਸਾ ਦੀਵਾਨ ਸੁਸਾਇਟੀ ਵਿਕਟੋਰੀਆ BC ਕੈਨੇਡਾ ਦੀ ਸਾਧ ਸੰਗਤ ਨੇ ਇਸ ਸਮੇਂ ਇਹ ਮਾਨ ਪੱਤਰ ਭੇਟਾ ਕੀਤਾ।

ੴ ਵਾਹਿਗੁਰੂ ਜੀ ਕੀ ਫਤਹਿ

**ਖਾਲਸਾ ਦੀਵਾਨ ਸੁਸਾਇਟੀ ਵਿਕਟੋਰੀਆ ਬੀ ਸੀ ਕੈਨੇਡਾ ਵੱਲੋਂ ਮਾਣ ਪੱਤ੍ਰ**

**ਸੇਵਾ ਵਿਖੇ**

**ਪ੍ਰਮ ਸਨਮਾਨ ਯੋਗ, ਪ੍ਰਮ ਤਿਆਗੀ, ਉੱਚ ਵਿਦਵਾਨ, ਹਰਮਨ ਪਿਆਰੇ**

# ਸੰਤ ਤੇਜਾ ਸਿੰਘ ਜੀ

**ਮਾਨ ਯੋਗ ਜੀ,**

ਅਸੀਂ ਅੱਜ ਆਪਣੇ ਆਪ ਨੂੰ ਕਰਮਾਂ ਵਾਲੇ ਸਮਝਦੇ ਹਾਂ ਜਿੰਨ੍ਹਾਂ ਨੂੰ ਮੁੜ ਆਪਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ। ਕੈਨੇਡਾ ਦੇ ਮਹਾਨ ਦੇਸ਼ ਵਿੱਚ ਆਪਦੀ ਸ੍ਰੇਸ਼ਟ ਹਸਤੀ ਦੇ ਇਸ ਸਮੇਂ ਚਰਨ ਪੈਣ ਨਾਲ ਇਤਿਹਾਸ ਦੇ ਤਰਤਾਲੀ ਸਾਲ ਦੇ ਬੀਤ ਚੁੱਕੇ ਪੰਨੇ ਸਾਡੀਆਂ ਅੱਖਾਂ ਸਾਹਮਣੇ ਫਿਰ ਜਾਂਦੇ ਹਨ। ਅਣਜਾਣ ਦੇਸ਼ ਵਿੱਚ ਅਣਜਾਣ ਹਿੰਦ ਵਾਸੀਆਂ ਦੀਆਂ ਔਕੜਾਂ, ਤਕਲੀਫਾਂ, ਨਿਰਾਦਰ ਤੇ ਅਪਮਾਨ ਅਤੇ ਆਪ ਜਹੀ ਕਾਬਲ ਤੇ ਸੁਘੜ ਹਸਤੀ ਦੀ ਅਗਵਾਈ ਪੁਰਾਣੀਆਂ ਯਾਦਾਂ ਦੀਆਂ ਤਸਵੀਰਾਂ ਖਿੱਚ ਹੁੰਦੀਆਂ ਤੁਰੀਆਂ ਜਾਂਦੀਆਂ ਹਨ। ਇਸ ਪਵਿਤ੍ਰ ਮੰਦਰ ਜਿਸ ਵਿੱਚ ਆਪ ਸਾਡੇ ਨਾਲ ਅੱਜ ਬਿਰਾਜਮਾਨ ਹੋ ਤੁਹਾਡੀ ਅਦੁੱਤੀ ਕੁਰਬਾਨੀ, ਉਤਸ਼ਾਹ ਤੇ ਮੁਹੱਬਤ ਦੀ ਜਿਉਂਦੀ ਮੂੰਹ ਬੋਲਦੀ ਮਿਸਾਲ ਤੇ ਨਿਸ਼ਾਨੀ ਹੈ।

ਭਾਵੇਂ ਆਪ ਭਾਰਤਵਰਸ਼ ਦੇ ਉੱਘੇ ਰਾਜਨੀਤਕ ਲੀਡਰਾਂ ਦੀ ਕਤਾਰ ਵਿੱਚ ਉੱਚੇ ਦੇਖੇ ਜਾ ਸਕਦੇ ਸੋ। ਆਪਣੇ ਨਾਮ ਨੂੰ ਉੱਘਾ ਕਰ ਸਕਦੇ ਸੋ। ਧਨ ਦੌਲਤ ਵਿੱਚ ਖੇਡ ਸਕਦੇ ਸੋ। ਸਰਕਾਰੀ ਦਰਬਾਰਾਂ ਵਿੱਚ ਮਾਣ ਪਾ ਸਕਦੇ ਸੋ। ਪਰ ਕਿਸੇ ਚੁੰਬਕ ਸ਼ਕਤੀ ਨੇ, ਕਿਸੇ ਅਦੁੱਤੀ ਸ਼ਖਸੀਅਤ ਨੇ, ਜਾਂ ਪੂਰੀ ਚਮਤਕਾਰ ਨੇ ਉੱਪਰ ਲਿਖੀਆਂ ਸਾਰੀਆਂ ਦੁਨਿਆਵੀ ਵਡਿਆਈਆਂ ਤੋਂ ਭੁਆ ਕੇ ਆਪ ਨੂੰ ਆਪਣੇ ਵੱਲ ਖਿੱਚ ਲਿਆ ਪਰ ਇਸ ਮਹਾਂ ਵਾਕ ਅਨੁਸਾਰ:

**ਰਾਜੁ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ ॥ (੫੩੪)**

ਆਪ ਨੇ ਰੀਤ ਮਾਰਗ ਤਿਆਗ ਕੇ ਪ੍ਰੀਤ ਮਾਰਗ ਅਖਤਿਆਰ ਕਰ ਲਿਆ, ਆਪਣੇ ਆਪ ਨੂੰ ਨਿਮਾਣਾ ਕਰਕੇ ਪ੍ਰਮ ਗੁਰਸਿੱਖ ਸੰਤ ਅਤਰ ਸਿੰਘ ਜੀ ਦੇ ਚਰਨਾਂ ਦਾ ਭੌਰਾ ਬਣਾ ਲਿਆ। ਆਪ ਨੇ ਉਹ ਜਗ੍ਹਾ ਮੱਲ੍ਹ ਲਈ ਜਿੱਥੇ ਕੋਈ ਦੂਜਾ ਖਲੋ ਨਹੀਂ ਸਕਦਾ, ਕੋਈ ਵੈਰੀ ਨਹੀਂ, ਕੋਈ ਬੇਗਾਨਾ ਨਹੀਂ, ਜਿੱਥੇ ਕੋਈ ਨੀਂਵਾ ਨਹੀਂ ਕੋਈ ਉੱਚਾ ਨਹੀਂ ਜਿੱਥੇ ਕਿਸੇ ਰੰਗ ਦਾ ਲਿਹਾਜ ਨਹੀਂ, ਕਿਸੇ ਜ਼ਾਤ ਦਾ ਵਿਤਕਰਾ ਨਹੀਂ ਜਿੱਥੇ ਆਪਨੇ ਸੱਚਮੁੱਚ ਨਾਨਕ ਪਿਆਰੇ ਦਾ ਘਰ ਛੂਹ ਲਿਆ ਹੈ।

ਇਸ ਵੇਲੇ ਸਾਰੀ ਦੁਨੀਆ ਵਿੱਚ ਖਾਸ ਕਰ ਇਸ ਕਹੀ ਜਾਂਦੀ ਪੱਛਮੀ ਦੁਨੀਆ ਵਿੱਚ ਨਾਨਕ ਲਹਿਰ ਦੀ ਡਾਢੀ ਲੋੜ ਹੈ। ਇਸ ਪਿਆਰ ਦੇ ਸੁਨੇਹੇ ਦੀ ਬੜੀ ਉਡੀਕ ਹੈ। ਅਸੀਂ ਅਨੁਭਵ ਕਰਦੇ ਹਾਂ ਜਦੋਂ ਆਪ ਇਹ ਸੰਦੇਸੜਾ ਇਸ ਦੁਨੀਆ ਦੇ ਲੋਕਾਂ ਨੂੰ ਦੇਵੋਗੇ ਤਾਂ ਸੱਚਮੁੱਚ ਨਾਨਕ ਦੀ ਰਬਾਬ ਜੇਹਾ ਸੁਆਦ ਤੇ ਅਨੰਦ ਮਹਿਸੂਸ ਹੋਣਾ ਸ਼ੁਰੂ ਹੋ ਜਾਵੇਗਾ ਤੇ ਇਸ ਅਟਾਮਕ ਅਤੇ ਹਾਈਡਰੋਜਨ ਬੰਬਾਂ ਨਾਲ ਸਹਿਮੀ ਦੁਨੀਆ ਨੂੰ ਕੋਈ ਸ਼ਾਂਤ ਦਿਸਦਾ ਚਮਕ ਰਿਹਾ ਨਜ਼ਰ ਆਏਗਾ।



ਸੰਤ ਤੇਜਾ ਸਿੰਘ ਜੀ (ਜਲੰਧਰ, 1954)

ਅਸੀਂ ਸਰਬੱਤ ਕੈਨੇਡਾ ਨਿਵਾਸੀ ਸਾਧ ਸੰਗਤ ਵੱਲੋਂ ਤੇ ਖਾਲਸਾ ਦੀਵਾਨ ਵਿਕਟੋਰੀਆ ਦੇ ਪ੍ਰਬੰਧਕਾਂ ਵੱਲੋਂ ਇਸ ਮੌਕੇ ਬੜੇ ਚਾਅ ਤੇ ਆਦਰ ਨਾਲ ਆਪ ਜੀ ਨੂੰ ਜੀਉ ਆਇਆ ਆਖਦੇ ਹਾਂ।

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ ॥

ਅਸੀਂ ਹਾਂ ਆਪਦੇ ਸ਼ੁਭ ਇਛਕ,
ਪ੍ਰਬੰਧਕ ਕਮੇਟੀ ਖਾਲਸਾ ਦੀਵਾਨ
ਸੁਸਾਇਟੀ, ਵਿਕਟੋਰੀਆ ਬੀ ਸੀ

ਇੱਥੋਂ ਸੰਤ ਜੀ ਮਹਾਰਾਜ ਮਨੀਲਾ (ਫਿਲਪਾਈਨ) ਆਏ ਤੇ ਮੇਜਰ ਜਨਰਲ ਮਹਿੰਦਰ ਸਿੰਘ ਤੇ ਹੋਰ ਸੰਗਤਾਂ ਨੂੰ ਨਾਮ ਬਾਣੀ ਜਪਾ ਸਿੰਘਾਪੁਰ ਦੇ ਰਸਤੇ ਦੇਸ਼ ਪੁੱਜ ਗਏ ਅਤੇ ਨਾਨਕਸਰ ਚੀਮੇ ਆ ਕੇ ਸੰਤ ਅਤਰ ਸਿੰਘ ਜੀ ਮਹਾਰਾਜ ਦਾ ਜਨਮ ਦਿਨ ਦਾ ਜੋੜ ਮੇਲਾ ਮਨਾਇਆ।

## ਕਸ਼ਮੀਰ ਵਿੱਚ ਨਾਮਬਾਣੀ ਸਿਮਰਨ ਦਾ ਪ੍ਰਚਾਰ

ਸੰਤ ਜੀ ਮਹਾਰਾਜ ੧੯੫੮ ਈਸਵੀ ਵਿੱਚ ਕਸ਼ਮੀਰ ਗਏ ਅਤੇ ਭਾਈ ਅਤਰ ਸਿੰਘ ਜੀ ਦੀ ਕੋਠੀ ਠਹਿਰੇ। ਸ੍ਰੀਨਗਰ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿੱਚ ਸਵੇਰੇ ਸ਼ਾਮ ਦੀਵਾਨ ਦੀ ਹਾਜ਼ਰੀ ਭਰਦੇ, ਸੰਗਤਾਂ ਨੂੰ ਨਾਮਬਾਣੀ ਸਿਮਰਨ ਅਤੇ ਆਪਣੇ ਅਨੁਭਵੀ ਬਚਨਾਂ ਦੁਆਰਾ ਨਿਹਾਲ ਕਰਦੇ। ਏਥੇ ਬਾਰਾਮੂਲੇ ਛੇਵੀਂ ਪਾਤਸ਼ਾਹੀ ਦੇ ਗੁਰਦੁਆਰੇ ਸਾਹਿਬ ਦੇ ਸੈਕਟਰੀ ਸਾਧੂ ਸੰਤਾਂ ਨੂੰ ਘੱਟ ਹੀ ਮੰਨਦੇ ਸਨ। ਇਨ੍ਹਾਂ ਨੇ ਸੰਤ ਜੀ ਮਹਾਰਾਜ ਦੇ ਦਰਸ਼ਨ ਕੀਤੇ ਤਾਂ ਇਨ੍ਹਾਂ ਦੇ ਮਨ ਵਿੱਚ ਰੱਬੀ ਖਿੱਚ ਪਈ ਅਤੇ ਸੰਤਾਂ ਦੀ ਸੇਵਾ ਕਰਨ ਦਾ ਉਤਸ਼ਾਹ ਉਪਜਿਆ। ਅਗਲੇ ਦਿਨ ਸਵੇਰੇ ਇਹ ਆਪਣੇ ਛੋਟੇ ਬੱਚੇ ਬਾਬੂ ਸਿੰਘ ਸਮੇਤ ਸੰਤ ਜੀ ਮਹਾਰਾਜ ਦੇ ਦਰਸ਼ਨਾ ਲਈ ਆਇਆ ਅਤੇ ਦੋਹਾਂ ਨੇ ਘੁੱਟ ਕੇ ਸੰਤਾਂ ਦੇ ਚਰਨ ਪਰਸੇ। ਇਹ ਬੱਚਾ ਕਾਫੀ ਸਮੇਂ ਤੋਂ ਬੀਮਾਰ ਰਹਿੰਦਾ ਸੀ, ਹਰ ਮਹੀਨੇ ਸੈਂਕੜੇ ਰੁਪਏ ਇਸ ਦੀ ਬੀਮਾਰੀ ਤੇ ਖਰਚ ਹੋਣ ਨਾਲ ਵੀ ਰਾਜ਼ੀ ਨਹੀਂ ਸੀ ਹੁੰਦਾ। ਸੰਤ ਜੀ ਮਹਾਰਾਜ ਉਸ ਵਕਤ ਆਪਣੀ ਬੰਦਗੀ ਵਿੱਚ ਸਮਾਧੀ ਅਸਥਿਤ ਸਨ। ਪਰ ਕੁਝ ਸਮੇਂ ਪਿਛੋਂ ਸੰਤ ਜੀ ਮਹਾਰਾਜ ਨੇ ਨੇਤਰ ਖੋਲ੍ਹੇ ਤਾਂ ਇਸ ਨੇ ਬੱਚੇ ਦੀ ਗੰਭੀਰ ਬੀਮਾਰੀ ਦੀ ਸਾਰੀ ਵਿੱਥਿਆ ਆਖ ਸੁਣਾਈ ਅਤੇ ਬੇਨਤੀ ਕੀਤੀ ਕਿ ਮਹਾਰਾਜ ਕ੍ਰਿਪਾ ਕਰੋ। ਸੰਤ ਜੀ ਬੱਚੇ ਵੱਲ ਵੇਖਕੇ ਹੱਸ ਪਏ ਅਤੇ ਦੋ ਥਾਪੜੇ ਦੇ ਕੇ ਸਹਿਜ ਸੁਭਾਏ ਬੋਲੇ ਕਿ ਬੱਚਾ ਤਾਂ ਠੀਕ ਠਾਕ ਹੈ ? ਨਾਮ ਬਾਣੀ ਦਾ ਸਿਮਰਨ ਕਰਿਆ ਕਰੋ, ਕੋਈ ਚਿੰਤਾ ਨਾ ਕਰਿਆ ਕਰੋ। ਗੁਰੂ ਜੀ ਮਹਾਰਾਜ ਦੀ ਕਿਰਪਾ ਅਤੇ ਸੰਤਾਂ ਦੇ ਬਚਨ ਸਦਕਾ ਇਹ ਬੱਚਾ ਹੁਣ ਤੱਕ ਤੰਦੁਰਸਤ ਹੈ ਅਤੇ ਇਸ ਨੂੰ ਕਦੀ ਤਕਲੀਫ ਨਹੀਂ ਹੋਈ। ਸੰਤ ਜੀ ਮਹਾਰਾਜ ਨੇ ਆਏ ਸਿੰਘ ਨੂੰ ਕਿਹਾ ਕਿ ਸਾਰੇ ਗੁਰਸਿੱਖਾਂ ਨੂੰ ਕਹਿਣਾ ਕਿ ਸਮਾਂ ਕਰੜਾ ਹੈ, ਨਾਮ ਬਾਣੀ ਸਿਮਰਨ ਕਰਨ ਅਤੇ ਆਪਣਾ ਟਿਕਾਣਾ ਦੂਰ ਪੰਜਾਬ ਵੱਲ ਬਣਾ ਲੈਣ। ਕਾਰੋਬਾਰ ਭਾਵੇਂ ਇੱਥੇ ਕਰੀ ਜਾਣ ਪਰ ਲੋੜ ਪੈਣ ਤੇ ਆਪਣੀ ਜਗ੍ਹਾ ਤੇ ਰਹਿ ਸਕਦੇ ਹਨ। ਇੱਥੋਂ ਸੰਤ ਜੀ ਗੁਲਮਰਗ ਹੁੰਦੇ ਹੋਏ ਜੰਮੂ ਵਿੱਚ ਪ੍ਰੇਮੀਆਂ ਦਾ ਪ੍ਰੇਮ ਪੂਰਾ ਕਰਦੇ ਵਾਪਸ ਨਾਨਕਸਰ ਚੀਮੇ ਆ ਗਏ।

# ਕਾਂਡ ੨੯

## ਵਿਸ਼ਵ ਸਦੀਵੀ ਸ਼ਾਂਤੀ ਦਾ ਸੰਦੇਸ਼

(ਜੋ ਸੰਤ ਤੇਜਾ ਸਿੰਘ ਜੀ, ਐਮ ਏ ਐਲ ਐਲ ਬੀ (ਪੰਜਾਬ), ਏ ਐਮ (ਹਾਰਵਰਡ, ਯੂ ਐਸ ਏ) ਸਾਬਕਾ ਪ੍ਰਿੰਸੀਪਲ ਖਾਲਸਾ ਕਾਲਜ ਅੰਮ੍ਰਿਤਸਰ ਗੁਰਦੁਆਰਾ ਨਾਨਕਸਰ ਸਾਹਿਬ ਚੀਮਾ, ਸੰਗਰੂਰ ਵਾਲਿਆਂ ਨੇ ਵਿਸ਼ਵ ਸ਼ਾਂਤੀ ਲਈ ਦੁਨੀਆ ਦੇ ਸਾਰੇ ਧਰਮਾਂ ਦੇ ਅੱਠਵੇ ਸੰਮੇਲਨ ਵਿੱਚ ਜਾਪਾਨ ਦੇ ਸ਼ਹਿਰ ਸ਼ਮੀਜ਼ੂ ਵਿੱਚ ੧੯੫੬ ਈਸਵੀ ਵਿੱਚ ਦਿੱਤਾ)

**ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ**
**ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥**
**॥ ਜਪੁ ॥**
**ਆਦਿ ਸਚੁ ਜੁਗਾਦਿ ਸਚੁ ॥**
**ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥**

ਪੂਰਨ ਸਮਰੱਥ ਸਰਬ ਵਿਆਪਕ ਅਕਾਲ ਪੁਰਖ ਕੇਵਲ ਇੱਕ ਹੀ ਹੈ, ਜੋ ਪਹਿਲਾਂ ਸ਼ਬਦ ਦੇ ਰੂਪ ਵਿੱਚ ਪ੍ਰਗਟ ਹੁੰਦਾ ਹੈ ਤੇ ਫੇਰ ਸਾਰੇ ਸੰਸਾਰ ਵਿੱਚ ਪ੍ਰਕਾਸ਼ ਰੂਪੀ ਇਜ਼ਹਾਰ ਵਿੱਚ ਆਉਂਦਾ ਹੈ। ਅਕਾਲ ਪੁਰਖ ਸਭ ਵਿੱਚ ਰਮਿਆ ਹੋਇਆ ਹੈ ਅਤੇ ਸਾਰੇ ਜੀਅ ਜੰਤੂ ਉਸ ਦੇ ਹਨ।

**ਖਾਲਿਕੁ ਖਲਕ ਖਲਕ ਮਹਿ ਖਾਲਿਕੁ**
**ਪੂਰਿ ਰਹਿਓ ਸ੍ਰਬ ਠਾਂਈ ॥ (੧੩੫੦)**

ਅਕਾਲ ਪੁਰਖ ਸਦੀਵੀ ਵਾਸਤਵਿਕ ਜ਼ਹੂਰ ਹੈ ਅਤੇ ਉਸ ਦਾ ਨਾਮ ਵੀ ਸੱਚਾ ਸਦਾ ਰਹਿਣ ਵਾਲਾ ਹੈ।

ਅਕਾਲ ਪੁਰਖ ਪ੍ਰਕਿਰਤੀ ਦਾ ਰਚਨਹਾਰ ਹੈ ਅਤੇ ਹਰ ਵਸਤੂ ਉਸ ਤੋਂ ਉਤਪੰਨ ਹੋਈ ਹੈ। ਉਹ ਆਪਣੇ ਪ੍ਰਕਾਸ਼ ਲਈ ਆਪ ਸਮਰੱਥ ਹੈ।

ਅਕਾਲ ਪੁਰਖ ਡਰ, ਭੈ ਭੀਤ ਤੋਂ ਰਹਿਤ ਹੈ ਅਤੇ ਵਿਰੋਧਤਾ ਦਵੈਸ਼ ਤੋਂ ਪਰੇ ਹੈ।

ਅਕਾਲ ਪੁਰਖ ਅਬਿਨਾਸ਼ੀ ਹੈ ਉਹ ਜਨਮ ਮਰਨ ਦੇ ਚੱਕਰ ਵਿੱਚ ਨਹੀਂ ਹੈ। ਅਕਾਲ ਪੁਰਖ ਸੁਤੇ ਪ੍ਰਕਾਸ਼ ਹੈ ਅਤੇ ਸਾਰੇ ਸੰਸਾਰ ਦੇ ਚਲਾਉਣ ਦੀ ਸ਼ਕਤੀ ਦਾ ਸੋਮਾ ਹੈ।

ਅਕਾਲ ਪੁਰਖ ਦਾ ਅਨੁਭਵ ਗੁਰੂ, ਜੋ ਉਸ ਨਾਲ ਅਭੇਦ ਹੋਇਆ ਹੁੰਦਾ ਹੈ, ਦੀ ਕ੍ਰਿਪਾ ਨਾਲ ਹੀ ਹੁੰਦਾ ਹੈ।

ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ, ਹੇ ਸੱਚ ਦੀ ਖੋਜ ਕਰਨ ਵਾਲੇ ਜਗਿਆਸੂ! ਅਕਾਲ ਪੁਰਖ



ਸੰਤ ਤੇਜਾ ਸਿੰਘ ਜੀ ਸ਼ਿਮੀਜ਼ੂ ਜਪਾਨ ਵਿਖੇ ਵਿਸ਼ਵ ਸ਼ਾਂਤੀ ਕਾਨਫਰੰਸ ਨੂੰ ਸੰਬੋਧਨ ਕਰਨ ਲਈ ਜਾਂਦੇ ਹੋਏ ।




ਸੰਤ ਤੇਜਾ ਸਿੰਘ ਜੀ ਸ਼ਿਮੀਜ਼ੂ ਜਪਾਨ ਵਿਖੇ ਵਿਸ਼ਵ ਸ਼ਾਂਤੀ ਕਾਨਫਰੰਸ ਨੂੰ ਸੰਬੋਧਨ ਕਰ ਰਹੇ ਹਨ (1956)

ਵਾਹਿਗੁਰੂ, ਜੋ ਬੇਅੰਤ ਹੈ, ਜੋ ਜਗਿਆਸੂ ਦੇ ਅੰਤਹਕਰਨ ਦੀ ਅਗਿਆਨਤਾ ਦਾ ਪੜਦਾ ਦੂਰ ਕਰਕੇ ਬ੍ਰਹਮ ਗਿਆਨ ਦਾ ਪ੍ਰਕਾਸ਼ ਕਰਦਾ ਹੈ, ਉਸ ਵਾਹਿਗੁਰੂ ਦਾ ਨਾਮ ਜਪ।

ਸਤਚਿਤ ਅਨੰਦ ਵਾਹਿਗੁਰੂ ਸ੍ਰਿਸ਼ਟੀ ਤੋਂ ਪਹਿਲਾਂ ਵੀ ਸੁਤੇ ਪ੍ਰਕਾਸ਼ ਸੀ, ਸਾਰੇ ਜੁਗਾਂ ਵਿੱਚ ਪ੍ਰਕਾਸ਼ ਸੀ, ਉਹ ਹੁਣ ਵੀ ਪ੍ਰਕਾਸ਼ ਹੈ ਅਤੇ ਅੱਗੇ ਆਉਣ ਵਾਲੇ ਸਮਿਆਂ ਵਿੱਚ ਸੁਤੇ ਪ੍ਰਕਾਸ਼ ਰਹੇਗਾ।

ਧਰਮ ਇੱਕ ਅੰਤਰਮੁਖੀ ਆਤਮਿਕ ਖੋਜ ਹੈ ਇਹ ਉਨੀਂ ਹੀ ਵਿਗਿਆਨਕ ਹੈ, ਨਹੀਂ ! ਨਹੀਂ !! ਬਲਕਿ ਇਸ ਤੋਂ ਵੀ ਬਹੁਤ, ਜਿੰਨੀ ਕਿ ਬਾਹਰਮੁਖੀ ਸਾਇੰਸ ਦੀ ਖੋਜ[ ਸਾਰਾ ਦ੍ਰਿਸ਼ਟਮਾਨ ਸੰਸਾਰ ਅਕਾਲ ਪੁਰਖ ਦਾ ਹੀ ਜ਼ਹੂਰ ਹੈ ਅਥਵਾ ਦੂਜੇ ਅੱਖਰਾਂ ਵਿੱਚ ਇਉਂ ਕਹਿ ਲਵੋ ਕਿ ਸਾਰੀ ਮਾਦਾ ਦ੍ਰਿਸ਼ਟੀ ਅਕਾਲ ਪੁਰਖ ਦਾ ਪਦਾਰਥਕ ਢਾਂਚਾ ਹੈ[ ਮਾਦਾ ਵਿਗਿਆਨਕ ਖੋਜ ਇਸ ਦ੍ਰਿਸ਼ਟਮਾਨ ਦੇ ਢਾਂਚੇ ਨਾਲ ਹੀ ਸਬੰਧ ਰੱਖਦੀ ਹੈ, ਬਹੁਤ ਅਰਸੇ ਤੱਕ ਮਾਦਾ ਵਿਗਿਆਨ ਹਨ੍ਹੇਰੇ ਵਿੱਚ ਹੀ ਭਟਕਦੀ ਰਹੀ[ ਇਸ ਨੇ ਆਤਮਾ ਅਤੇ ਪ੍ਰਕਿਰਤੀ ਨੂੰ ਦੋ ਵੱਖ ਵੱਖ ਵਸਤੂ ਸਮਝਿਆ[ ਪ੍ਰੰਤੂ ਹੁਣ ਇਸ ਦੀ ਨਵੀਂ ਖੋਜ ਨੇ ਜੇ ਬੀ ਐਸ ਹਾਲਡੇਨ (J B S Haldane) ਦੇ ਸ਼ਬਦਾਂ ਵਿੱਚ ਇਹ ਲਭਿਆ ਹੈ ਕਿ:

ਇਹ ਸਾਰੀ ਦ੍ਰਿਸ਼ਟਮਾਨ ਸ੍ਰਿਸ਼ਟੀ ਜਿਸ ਨੂੰ ਮਸ਼ੀਨ ਵਾਂਗ ਅਚੇਤ ਸਮਝਿਆ ਗਿਆ ਹੈ ਅਤੇ ਪੂਰਨ ਤੌਰ ਤੇ ਨਹੀਂ ਜਾਣਿਆ ਜਾ ਸਕਿਆ, ਵਾਸਤਵ ਵਿੱਚ ਇਹ ਇੱਕ ਰੂਹਾਨੀ ਅਤੇ ਆਤਮਿਕ ਦੁਨੀਆ ਹੈ।

ਆਤਮਿਕ ਦੁਨੀਆ ਹੀ ਕੇਵਲ ਸੱਚੀ ਦੁਨੀਆ ਹੈ। ਸਚਾਈ ਤਾਂ ਇਹ ਹੈ ਕਿ ਨਾ ਹੀ ਪਦਾਰਥ, ਨਾ ਹੀ ਸ਼ਕਤੀ ਅਤੇ ਨਾ ਹੀ ਕੋਈ ਦ੍ਰਿਸ਼ਟਮਾਨ ਵਸਤੂ ਇਸ ਦਾ ਧੁਰਾ ਹੈ, ਬਲਕਿ ਆਤਮਾ ਹੀ ਸ੍ਰਿਸ਼ਟੀ ਦੀ ਕੇਂਦਰੀ ਅਸਲੀਅਤ ਹੈ। ਹੁਣ ਸਾਰੇ ਹੀ ਅਗਾਂਹ ਵਧੂ ਸਾਇੰਸਦਾਨ ਇਸ ਗੱਲ ਦੀ ਪ੍ਰੋੜ੍ਹਤਾ ਕਰਦੇ ਹਨ।

## ਐਲਬਰਟ ਆਈਨਸਟਾਈਨ (ALBERT EINSTEIN)

ਦੁਨੀਆ ਦੇ ਬਹੁਤ ਉੱਘੇ ਨੋਬਲ ਪਰਾਈਜ਼ (Nobel Prize) ਜੇਤੂ ਸਾਇੰਸਦਾਨ ਐਲਬਰਟ ਆਈਨਸਟਾਈਨ ਨੇ ਕਿਹਾ ਹੈ ਕਿ ਉਹ ਰੱਬ ਵਿੱਚ ਪੂਰਨ ਵਿਸ਼ਵਾਸ ਰੱਖਦਾ ਹੈ[ ਜਿਸ ਤਰ੍ਹਾਂ ਡੀ ਸਪੀਨੋਜ਼ਾ (De Spinoza) ਸਪੇਨ (Spain) ਦੇਸ਼ ਦੇ ਬਹੁਤ ਪ੍ਰਸਿੱਧ ਫ਼ਿਲਾਸਫਰ ਨੇ ਵੀ ਕਿਹਾ ਹੈ ਕਿ ਪਰਮਾਤਮਾ ਇੱਕ ਹੈ ਅਤੇ ਸਾਰੇ ਸੰਸਾਰ ਵਿੱਚ ਆਪਣੇ ਹੀ ਨੇਮ ਅਨੁਸਾਰ ਪਸਰਿਆ ਹੋਇਆ ਹੈ[ ਆਈਨਸਟਾਈਨ ਨੇ ਅਨੁਭਵ ਕੀਤਾ ਹੈ ਕਿ ਇਸੇ ਰੱਬ ਦੀ ਚੇਤਨ ਸ਼ਕਤੀ ਹੀ ਸਾਰੇ ਬ੍ਰਹਮੰਡ ਨੂੰ ਨਿਯਮਾਂ ਅਨੁਸਾਰ ਚਲਾ ਰਹੀ ਹੈ।

## ਕਿਰਟਲੇ ਐਫ ਮੇਦਰ (Kirtley F. Mather)

ਬਹੁਤ ਸਾਰੇ ਸਾਲਾਂ ਤੋਂ ਸਾਇੰਸ ਦੀ ਖੋਜ ਦੇ ਨਤੀਜੇ ਬ੍ਰਹਮੰਡੀ ਸ਼ਕਤੀ ਦੀ ਖਸਲਤ ਦਾ ਮਸ਼ੀਨ ਦੀ ਤਰ੍ਹਾਂ ਸਪੱਸ਼ਟੀਕਰਨ ਕਰਨ ਵੱਲ ਜਾਂਦੇ ਹੀ ਦਿਖਾਈ ਦਿੰਦੇ ਹਨ। ਪਰ ਪਿਛਲੇ ਥੋੜ੍ਹੇ ਸਾਲਾਂ ਤੋਂ ਇਹ ਸਾਰਾ ਰੁਖ ਹੁਣ ਬਦਲ ਗਿਆ ਹੈ। ਜਦੋਂ ਅਸੀਂ ਸਥੂਲ ਪਦਾਰਥਾਂ ਦੀ ਖ਼ਾਸੀਅਤ ਦੀ ਡੂੰਘਾਈ ਦੀ, ਜਿੱਥੋਂ ਤੱਕ ਹੋ ਸਕੇ ਤਹਿ ਵੱਲ ਜਾਂਦੇ ਹਾਂ, ਤਾਂ ਇਹ ਸਮਝ ਪੈਂਦੀ ਹੈ ਕਿ ਸਥੂਲ ਵਸਤੂਆਂ ਦੀ ਸਭ ਤੋਂ ਪਿੱਛੋਂ ਦੀ ਛਾਣ ਬੀਣ ਵੀ ਸਾਡੇ ਪਿਛਲੀ ਪੀਹੜੀ ਦੇ ਬਜ਼ੁਰਗਾਂ ਦੇ ਅਨੁਭਵ ਤੋਂ ਕੋਈ ਵਿਸ਼ੇਸ਼ ਵਖਰੀ ਨਹੀਂ। ਦੁਨਿਆਵੀ ਪਦਾਰਥਾਂ ਅਤੇ ਸ਼ਕਤੀ ਦੀ ਛਾਣ-ਬੀਣ ਦੀ ਹੁਣ ਤਾਈ ਹੋਈ ਅਖੀਰਲੀ ਖੋਜ ਤੇ ਇਹ ਭਾਸਦਾ ਹੈ ਕਿ

ਕੇਵਲ ਆਤਮਾ ਹੀ ਸਰਬ-ਵਿਆਪਕ ਸਚਾਈ ਹੈ। ਸੰਸਾਰ ਦੀ ਸਾਰੀ ਸਮਗਰੀ ਅਸਲ ਵਿੱਚ ਆਤਮਾ ਦਾ ਹੀ ਪਸਾਰਾ ਹੈ। ਇਹ ਖ਼ੁਦਾ ਬਾਰੇ ਮੇਰੇ ਭਰੋਸੇ ਨੂੰ ਦਰਸਾਉਂਦੀ ਹੈ। ਇਹ ਸਾਰੀ ਗੱਲ ਸਹਿਜ-ਸੁਭਾਅ ਹੀ ਸ਼ਖ਼ਸੀਅਤ ਵੱਲ ਲੈ ਜਾਂਦੀ ਹੈ। ਮੇਰੇ ਲਈ ਸੰਸਾਰ ਵਿੱਚ ਸਭ ਕੁਝ ਅਕਾਲ ਪੁਰਖ ਹੀ ਹੈ, ਜੋ ਹਰ ਇੱਕ ਇਨਸਾਨ ਦੀ ਸੋਹਣੀ ਸ਼ਖ਼ਸੀਅਤ ਦਾ ਰਚਨਹਾਰ ਹੈ।

ਬੜੇ ਅਫ਼ਸੋਸ ਦੀ ਗੱਲ ਤਾਂ ਇਹ ਹੈ ਕਿ ਸੰਸਾਰ ਦੇ ਬਹੁਤ ਸਾਰੇ ਧਰਮਾਂ ਦੀਆਂ ਸੰਸਥਾਵਾਂ ਨੇ ਅੰਤਰਆਤਮੇ ਕਰਤਾਰ ਨੂੰ ਖੋਜਣਾ ਅਤੇ ਉਸ ਦਾ ਅੰਦਰ ਅਨੁਭਵ ਕਰਨਾ ਵਿਸਾਰ ਦਿੱਤਾ ਹੈ। ਬਾਹਰਲੇ ਭੇਖਾਂ, ਰਸਮਾਂ ਅਤੇ ਕਰਮ ਕਾਂਡਾਂ ਨੂੰ ਹੀ ਵਿਸ਼ੇਸ਼ਤਾ ਦੇ ਕੇ ਅਪਨਾਇਆ ਜਾ ਰਿਹਾ ਹੈ ਅਤੇ ਆਤਮਿਕ ਖੋਜ ਦੇ ਨਿਯਮਾ ਨੂੰ ਜਿਵੇਂ ਕਿ ਉਸ ਦੇ ਗੁਣਾਂ ਦਾ ਸ਼ਬਦ ਕੀਰਤਨ ਕਰਨਾ, ਰੋਜ਼ਾਨਾ ਅੰਮ੍ਰਿਤ ਵੇਲੇ ਅਕਾਲ ਪੁਰਖ ਦਾ ਨਾਮ ਜਪਣਾ ਅਤੇ ਆਪਣੇ ਨਿਤਾ ਪ੍ਰਤੀ ਜੀਵਨ ਵਿੱਚ ਸਚਾਈ ਦੀ ਵਰਤੋਂ ਕਰਨ ਨੂੰ ਪਿਛਾਂਹ ਸੁੱਟ ਛੱਡਿਆ ਹੈ।

ਹੁਣ ਸਾਰੇ ਧਰਮਾਂ ਦੇ ਆਗੂਆਂ ਦਾ ਫਰਜ਼ ਬਣਦਾ ਹੈ ਕਿ ਉਹ ਸਾਰੇ ਇਕੱਠੇ ਹੋ ਕੇ ਇਕ ਆਵਾਜ਼ ਵਿੱਚ ਸਾਰੀ ਦੁਨੀਆ ਨੂੰ ਸਚਾਈ ਦੀ ਖੋਜ ਦਾ ਸੰਦੇਸ਼ ਉਸ ਤਰ੍ਹਾਂ ਪਹੁੰਚਾਣ ਜਿਸ ਤਰ੍ਹਾਂ ਦਾ ਸਿੱਧਾ ਸਾਦਾ ਸੰਦੇਸ਼ ਪੰਜਵੇਂ ਗੁਰੂ ਨਾਨਕ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਆਪਣੀ ਉਚਾਰੀ ਬਾਣੀ ਸ੍ਰੀ ਸੁਖਮਨੀ ਸਾਹਿਬ ਵਿੱਚ ਦਿੱਤਾ ਹੈ:

**ਸਰਬ ਧਰਮ ਮਹਿ ਸ੍ਰੇਸਟ ਧਰਮੁ ॥**
**ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥ (੨੬੬)**

ਸਭ ਤੋਂ ਉੱਚਾ ਤੇ ਸੁੱਚਾ ਧਰਮ ਕੇਵਲ ਪਰਮਾਤਮਾ ਦਾ ਨਾਮ ਜਪਣਾ ਅਤੇ ਆਪਣੇ ਰੋਜ਼ਾਨਾ ਜੀਵਨ ਵਿੱਚ ਸੱਚੇ ਤੇ ਨਿਸ਼ਕਾਮ ਕੰਮ ਕਰਨਾ ਹੈ।

ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਭਾਰਤ ਦੇ ਸਾਰੇ ਮਹਾਂਪੁਰਖਾਂ ਨੂੰ, ਜਿੰਨ੍ਹਾਂ ਨੇ ਅਕਾਲ ਪੁਰਖ ਦਾ ਨਾਮ ਸਿਮਰਨ ਕੀਤਾ ਅਤੇ ਨਿਰਾਕਾਰ ਦੇ ਦੇਸ਼ ਪਹੁੰਚੇ, ਬਿਨਾਂ ਕਿਸੇ ਜਾਤ-ਪਾਤ, ਨਸਲ ਜਾਂ ਰੂਪ ਰੰਗ ਦੇ ਵਿਤਕਰੇ ਦੇ, ਇੱਕੋ ਸਾਂਝੇ ਆਤਮਿਕ ਪੱਧਰ ਤੋਂ ਲਿਆ ਕੇ, ਦੁਨੀਆ ਦੇ ਧਰਮਾਂ ਦੇ ਇਸ ਸੰਗਠਨ ਨੂੰ ਰਾਹ ਦਰਸਾ ਦਿੱਤਾ ਹੈ। ਦੁਨੀਆ ਦੇ ਧਰਮਾਂ ਦੀ ਖੋਜ ਦੀ ਤਵਾਰੀਖ ਵਿੱਚੋਂ ਉਹਨਾਂ ਨੇ ਇਹ ਪਹਿਲੀ ਵੇਰਾਂ ਵਿਗਿਆਨਕ ਢੰਗ ਨਾਲ ਦ੍ਰਿਸ਼ਟਾਇਆ ਕਿ ਅਕਾਲ ਪੁਰਖ ਦਾ ਅਨੁਭਵ ਤੇ ਸਮਦ੍ਰਿਸ਼ਟੀ ਅਤੇ ਬ੍ਰਹਮ ਗਿਆਨ ਦੀ ਅਵਸਥਾ, ਦੂਸਰੇ ਅੱਖਰਾਂ ਵਿੱਚ ਅਕਾਲ ਪੁਰਖ ਨੂੰ ਅੰਤਰਆਤਮੇ ਅਨੁਭਵ ਕਰਨਾ:

**ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ ॥**
**ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ ॥੨॥੧॥ (੬੮੪)**

ਹੀ ਵਾਸਤਵ ਵਿੱਚ ਪੱਕੀ ਤੇ ਅਡੋਲ ਅਵਸਥਾ ਹੈ। ਇਸ ਅਵਸਥਾ ਤੇ ਸੱਚ ਦਾ ਖੋਜੀ ਪਹੁੰਚ ਸਕਦਾ ਹੈ, ਜੇ ਉਹ ਨੇਕ ਨੀਯਤ ਤੇ ਸੱਚੇ ਹਿਰਦੇ ਨਾਲ ਖੋਜ ਜਾਰੀ ਰੱਖੇ ਅਤੇ ਨਾਮ ਬਾਣੀ ਦਾ ਸਿਮਰਨ ਕਰਦਾ ਰਹੇ। ਦ੍ਰਿਸ਼ਟਮਾਨ ਦੇ ਮੋਹ ਅਤੇ ਰਿਧੀ ਸਿਧੀ ਦੀਆਂ ਔਕੜਾਂ ਤੋਂ ਬਚਿਆਂ ਰਹੇ, ਜੋ ਇਸ ਕਠਨ ਮਾਰਗ ਤੇ ਚਲਦਿਆਂ ਵਾਪਰਦੀਆਂ ਹਨ।

**ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ ॥ (੯੧੮)**

ਜਗਿਆਸੂ ਨੂੰ ਆਤਮ ਖੋਜ ਦੇ ਰਸਤੇ 'ਤੇ ਸੱਚੇ ਹਿਰਦੇ ਨਾਲ ਚੱਲਦਿਆਂ ਉਸਤਤ ਅਤੇ ਦੁਨਿਆਵੀ ਸਫ਼ਲਤਾ ਕੁਦਰਤੀ ਤੌਰ 'ਤੇ ਆਉਣ ਲੱਗ ਪੈਂਦੀਆਂ ਹਨ ਤੇ ਲੋਕ ਉਸ ਨੂੰ ਭਗਤ ਕਹਿਣਾ ਸ਼ੁਰੂ ਕਰ ਦਿੰਦੇ ਹਨ। ਇਹ ਇਸ ਰਸਤੇ ਦੀ ਪਹਿਲੀ ਪੌੜੀ ਨਿੱਧੀ ਹੈ, ਜੇ ਜਗਿਆਸੂ ਇਸ ਵਡਿਆਈ ਵਿੱਚ ਪੈ ਕੇ ਫੁੱਲਿਆ ਫਿਰੇ ਤਾਂ ਇਸੇ ਘਮੰਡ ਦੇ ਟੋਏ ਵਿੱਚ ਡਿੱਗ ਪੈਂਦਾ ਹੈ।

ਪਰ ਜੇ ਇਹ ਪਾਂਧੀ ਆਪਣੇ ਹਿਰਦੇ ਵਿੱਚ ਅਤਿ ਨਿਮਰਤਾ ਅਤੇ ਹਲੀਮੀ ਧਾਰ ਕੇ ਇਸ ਮਾਰਗ 'ਤੇ ਇਹ ਸਮਝ ਕੇ ਤੁਰਿਆ ਰਹੇ ਕਿ ਇਹ ਸਭ ਕੁਝ ਅਕਾਲ ਪੁਰਖ ਦੀ ਬਖ਼ਸ਼ਿਸ਼ ਹੈ ਤਾਂ ਰਿੱਧੀਆਂ ਅਤੇ ਸਿੱਧੀਆਂ ਇਸ ਦਾ ਦਰਵਾਜ਼ਾ ਖੜਕਾਉਣ ਲੱਗ ਪੈਂਦੀਆਂ ਹਨ। ਇਹਨਾਂ ਦੀਆਂ ਦੈਵੀ ਤਾਕਤਾਂ ਇਸ ਵਿੱਚ ਆਉਂਣੀਆਂ ਸ਼ੁਰੂ ਹੋ ਜਾਂਦੀਆਂ ਹਨ। ਨਿੱਧੀ ਤੋਂ ਪਿੱਛੋਂ ਇਸ ਪ੍ਰੇਮੀ ਵਿੱਚ ਰਿੱਧੀ ਦੀ ਅਵਸਥਾ ਵਾਪਰਦੀ ਹੈ ਅਤੇ ਦੁਨੀਆਂਦਾਰ ਇਸ ਦੀ ਆਕਰਖਨ ਸ਼ਕਤੀ ਵਿੱਚ ਖਿੱਚੇ ਜਾਂਦੇ ਹਨ। ਬੇਅੰਤ ਮਾਇਆ ਬਸਤਰ ਆਦਿ ਦੀ ਭੇਟਾ ਕਰਨ ਲੱਗ ਪੈਂਦੇ ਹਨ। ਜੇ ਇਹ ਜਗਿਆਸੂ ਇਹਨਾਂ ਪਦਾਰਥਾਂ ਨੂੰ ਆਪਣੇ ਦੁਨਿਆਵੀ ਸੁੱਖਾਂ ਲਈ ਵਰਤਣ ਲੱਗ ਜਾਏ ਤਾਂ ਇਸ ਮਾਰਗ 'ਤੇ ਅਗਲੀ ਤਰੱਕੀ ਵਿੱਚ ਅਟਕ ਪੈ ਜਾਂਦੀ ਹੈ।

ਪਰ ਜੇ ਇਹਨਾਂ ਪਦਾਰਥਾਂ ਨੂੰ ਸਰਬ-ਮਾਨਵਤਾ ਦੇ ਭਲੇ ਲਈ ਬਗੈਰ ਕਿਸੇ ਇੱਛਾ ਦੇ ਵਰਤੇ ਤਾਂ ਸਮਾਂ ਪਾ ਕੇ ਇਹ ਸਿੱਧੀ ਦੇ ਦਰਜ਼ੇ 'ਤੇ ਪੁੱਜ ਜਾਂਦਾ ਹੈ ਅਤੇ ਸਿੱਧ ਬਣ ਜਾਂਦਾ ਹੈ। ਜੋ ਬਚਨ ਇਸ ਦੇ ਮੁੱਖ 'ਚੋਂ ਨਿਕਲਦੇ ਹਨ ਉਹ ਪੂਰੇ ਹੋ ਜਾਂਦੇ ਹਨ। ਸਿੱਧੀ ਦਾ ਦਰਜ਼ਾ ਆਤਮ-ਮਾਰਗ ਦੇ ਪਾਂਧੀ ਲਈ ਬਹੁਤ ਹੀ ਤਿਲਕਣਾਂ ਅਤੇ ਡਿੱਗਣ ਵਾਲਾ ਹੈ। ਦੁਨੀਆਂਦਾਰ ਨਿਜੀ ਸਵਾਰਥਾਂ ਲਈ ਇਸ ਪ੍ਰੇਮੀ ਕੋਲੋਂ ਵਰ ਲੈਣ ਲਈ ਇਸ ਦੇ ਚਰਨਾਂ 'ਤੇ ਪੈਂਦੇ ਫਿਰਦੇ ਹਨ। ਜੇ ਉਹ ਆਪਣੀ ਸਿੱਧੀ ਦੀ ਤਾਕਤ ਦੁਨੀਆਂਦਾਰਾਂ ਨੂੰ ਵਰ ਦੇਣ ਅਤੇ ਉਹਨਾਂ ਦੀਆਂ ਇੱਛਾਂ ਪੂਰੀਆਂ ਕਰਨ 'ਤੇ ਲਾ ਦਿੰਦਾ ਹੈ ਤਾਂ ਉਹ ਆਪਣੀ ਇਹ ਸਾਰੀ ਤਾਕਤ ਅਤੇ ਮਨ ਦੀ ਇਕਾਗਰਤਾ ਗਵਾ ਬੈਠਦਾ ਹੈ।

ਪਰ ਜੇਕਰ ਉਹ ਇਹਨਾਂ ਤਾਕਤਾਂ ਨੂੰ ਨਿਮਰਤਾ ਦਾ ਬੁਰਕਾ ਪਹਿਨ ਕੇ ਸੰਭਾਲੀ ਰੱਖੇ ਅਤੇ ਜ਼ਾਇਆ ਨਾ ਕਰੇ ਤਾਂ ਇਸ ਨੂੰ ਬੁੱਧੀ ਦਾ ਦਰਜ਼ਾ ਪ੍ਰਾਪਤ ਹੋ ਜਾਂਦਾ ਹੈ। ਇਸ ਅਵਸਥਾ ਵਿੱਚ ਇਸ ਨੂੰ ਭੂਤ ਤੇ ਭਵਿੱਖ ਦੀ ਸੋਝੀ ਆ ਜਾਂਦੀ ਹੈ ਅਤੇ ਉਸ ਨੂੰ ਇਸ ਬ੍ਰਹਮੰਡ ਦੀ ਅਗਾਧ-ਬੋਧ ਦਾ ਅਨੁਭਵ ਹੋ ਜਾਂਦਾ ਹੈ। ਤਾਂ ਉਹ ਬੜੀ ਨਿਮਰਤਾ ਅਤੇ ਹਲੀਮੀ ਨਾਲ ਝੁੱਕ ਕੇ ਅਤੇ ਸਿਰ ਨਿਵਾ ਕੇ ਇਸ ਤਰ੍ਹਾਂ ਪ੍ਰਾਪਤ ਕਰਦਾ ਹੈ, ਜਿਸ ਤਰ੍ਹਾਂ ਆਈਸੈਕ ਨਿਊਟਨ (Issac Newton) ਦੁਨੀਆਂ ਦੇ ਇੱਕ ਵੱਡੇ ਸਾਇੰਸਦਾਨ ਨੇ ਮਹਿਸੂਸ ਕੀਤਾ ਕਿ **"ਉਹ ਤਾਂ ਅਜੇ ਸਰਬ-ਵਿਆਪੀ ਪ੍ਰਮਾਤਮਾ ਦੇ ਅਥਾਹ ਆਤਮਿਕ ਭਵਸਗਾਰ ਦੇ ਕਿਨਾਰੇ ਸਿਰਫ਼ ਰੇਤ ਦੇ ਕਿਣਕੇ ਹੀ ਚੁਣ ਰਿਹਾ ਹੈ।" ਇਸ ਤਰ੍ਹਾਂ ਦੀ ਆਤਮਿਕ-ਗ਼ਰੀਬੀ ਦੀ ਅਵਸਥਾ ਵਿੱਚ ਉਸ ਭਗਤ ਉੱਤੇ ਕਰਤਾਰ ਵੱਲੋਂ ਬ੍ਰਹਮ ਗਿਆਨ ਦੀ ਬਖ਼ਸ਼ਿਸ਼ ਹੁੰਦੀ ਹੈ, ਉਹ ਸਰਬ-ਵਿਆਪੀ ਪ੍ਰਮਾਤਮਾ ਨਾਲ ਇੱਕਮਿਕ ਹੋ ਜਾਂਦਾ ਹੈ।**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪਾਦਿਤ ਕਰਨ ਲੱਗਿਆਂ, ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਪਹਿਲੇ ਚਾਰ ਗੁਰੂ ਸਾਹਿਬਾਨ ਦੀ ਬਾਣੀ ਅਤੇ ਆਪਣੀ ਬਾਣੀ ਦੇ ਨਾਲ-ਨਾਲ ਉਹਨਾਂ ਪੰਦਰਵੀਂ ਸਦੀ ਦੇ ਭਗਤਾਂ ਦੀ ਬਾਣੀ ਵੀ ਅੰਕਿਤ ਕੀਤੀ, ਜਿਨ੍ਹਾਂ ਨੇ ਪ੍ਰੇਮਾ-ਭਗਤੀ ਅਤੇ ਨਾਮ-ਸਿਮਰਨ ਦੁਆਰਾ ਆਤਮਿਕ ਗਿਆਨ ਨੂੰ ਪ੍ਰਾਪਤ ਕਰ ਲਿਆ ਸੀ। ਇਹ ਭਗਤ ਵੱਖ-ਵੱਖ ਜਾਤਾਂ ਤੇ ਧਰਮਾਂ ਦੇ ਅਨੁਯਾਈ ਸਨ ਅਤੇ

ਸ਼ੁਰੂ-ਸ਼ੁਰੂ ਵਿੱਚ ਇਹਨਾਂ ਨੇ ਆਪਣੇ-ਆਪਣੇ ਧਰਮ ਦੇ ਕਰਮ ਕਾਂਡ ਤੇ ਰਹੁ ਰੀਤੀ ਹੀ ਅਪਨਾਈ ਸੀ। ਜਿਉਂ-ਜਿਉਂ ਉਹ ਆਤਮ ਮਾਰਗ ਤੇ ਸੱਚੇ ਹਿਰਦੇ ਨਾਲ ਅੱਗੇ ਵੱਧਦੇ ਗਏ, ਤਾਂ ਉਹਨਾਂ ਨੇ ਬਾਹਰਲੀਆਂ ਰਸਮਾਂ ਅਤੇ ਕਰਮ ਕਾਂਡਾਂ ਨੂੰ ਛੱਡ ਦਿਤਾ। ਉਹ ਨਿਰਾਕਾਰ ਵਿੱਚ ਪਹੁੰਚ ਕੇ ਇੱਕ ਆਵਾਜ਼ ਨਾਲ ਬੋਲੇ ਕਿ ਉਹ ਪ੍ਰਭੂ ਸਤ ਚਿਤ ਅਨੰਦ ਹੈ ਅਤੇ ਸਾਰਿਆਂ ਵਿੱਚ ਵੱਸ ਰਿਹਾ ਹੈ।

ਇਸ ਤਰ੍ਹਾਂ ਉਹਨਾਂ ਨੇ ਹਮੇਸ਼ਾਂ ਲਈ ਸਾਬਤ ਕਰ ਦਿੱਤਾ ਕਿ ਨਿਰਾਕਾਰ ਦਾ ਦੇਸ਼ ਇੱਕ ਹੀ ਹੈ ਅਤੇ ਅਕਾਲ ਪੁਰਖ ਅਨੁਭਵੀ ਜਗਦੀ ਜੋਤ ਹੈ। ਜੋ ਵੀ ਜਗਿਆਸੂ ਪੂਰਨ ਈਮਾਨਦਾਰੀ ਅਤੇ ਸ਼ਰਧਾ ਨਾਲ ਆਪਣੇ ਹਿਰਦੇ ਵਿੱਚ ਹਲੀਮੀ ਤੇ ਨਿਮਰਤਾ ਸਹਿਤ ਇਸ ਦੀ ਖੋਜ ਕਰੇ ਅਤੇ ਨਾਲ-ਨਾਲ ਗੁਰਮੁੱਖਾਂ ਦੀ ਸੰਗਤ ਕਰੇ ਤਾਂ ਉਸਨੂੰ ਇਸ ਦਾ ਅਨੁਭਵ ਅਤੇ ਗਿਆਨ ਹੋ ਜਾਂਦਾ ਹੈ। ਇੱਥੇ ਮੈਂ ਹੁਣ ਉਹਨਾਂ ਸੰਤਾਂ ਭਗਤਾਂ ਦੇ ਆਪਣੇ ਆਤਮਿਕ ਤਜਰਬੇ ਉਹਨਾਂ ਦੇ ਆਪਣੇ ਸ਼ਬਦਾਂ ਰਾਹੀਂ ਬਿਆਨ ਕਰਦਾ ਹਾਂ।

## ਭਗਤ ਰਾਮਾ ਨੰਦ ਜੀ

ਰਾਮਾ ਨੰਦ ਜੀ ਇੱਕ ਗੌੜ ਬ੍ਰਾਹਮਣ ਵੈਸ਼ਨਵੀ ਭਗਤ ਸਨ। ਇਹ ਬਾਹਰਲੀ ਸੁੱਚਤਾ ਅਤੇ ਕਰਮ ਕਾਂਡਾਂ ਦੇ ਅਤਿ ਦਰਜੇ ਦੇ ਉਪਾਸਕ ਸਨ। ਸ਼ੁਰੂ ਵਿੱਚ ਉਹਨਾਂ ਨੇ ਕ੍ਰਿਸ਼ਨ ਜੀ ਦੀ ਮੂਰਤੀ ਦੀ ਪੂਜਾ ਆਰੰਭੀ ਅਤੇ ਪਿੱਛੋਂ ਸਰਬ ਵਿਆਪੀ ਰਾਮ ਨੂੰ ਸਿਮਰਨ ਲੱਗ ਪਏ। ਚੂੰਕਿ ਇਹ ਆਤਮਿਕ ਸਚਾਈ ਦੇ ਪੂਰਨ ਸ਼ਰਧਾਲੂ ਅਤੇ ਈਮਾਨਦਾਰ ਖੋਜੀ ਸਨ। ਇਹ ਹਿਰਦੇ ਵਿੱਚ ਪੂਰਨ ਪ੍ਰੇਮ ਨਾਲ ਸਰਬ ਵਿਆਪੀ ਪ੍ਰਭੂ ਨੂੰ ਸਿਮਰਦੇ ਰਹੇ, ਇਸ ਲਈ ਅੰਤ ਵਿੱਚ ਉਹ ਉਸ ਆਤਮਿਕ ਪਦਵੀ ਨਿਰਾਕਾਰ ਦੇ ਦੇਸ਼ ਵਿੱਚ ਪਹੁੰਚੇ, ਜੋ ਆਪਣੀ ਬਾਣੀ ਬਸੰਤ ਰਾਗ ਵਿੱਚ ਇਸ ਤਰ੍ਹਾਂ ਫੁਰਮਾਉਂਦੇ ਹਨ:

**ਰਾਮਾਨੰਦ ਜੀ ਘਰੁ ੧ ੧ੴ ਸਤਿਗੁਰ ਪ੍ਰਸਾਦਿ ॥**
**ਕਤ ਜਾਈਐ ਰੇ ਘਰ ਲਾਗੋ ਰੰਗੁ ॥**
**ਮੇਰਾ ਚਿਤੁ ਨ ਚਲੈ ਮਨੁ ਭਇਓ ਪੰਗੁ ॥੧॥ ਰਹਾਉ ॥**
**ਏਕ ਦਿਵਸ ਮਨ ਭਈ ਉਮੰਗ ॥**
**ਘਸਿ ਚੰਦਨ ਚੋਆ ਬਹੁ ਸੁਗੰਧ ॥**
**ਪੂਜਨ ਚਾਲੀ ਬ੍ਰਹਮ ਠਾਇ ॥**
**ਸੋ ਬ੍ਰਹਮੁ ਬਤਾਇਓ ਗੁਰ ਮਨ ਹੀ ਮਾਹਿ ॥੧॥**
**ਜਹਾ ਜਾਈਐ ਤਹ ਜਲ ਪਖਾਨ ॥**
**ਤੂ ਪੂਰਿ ਰਹਿਓ ਹੈ ਸਭ ਸਮਾਨ ॥**
**ਬੇਦ ਪੁਰਾਨ ਸਭ ਦੇਖੇ ਜੋਇ ॥**
**ਊਹਾਂ ਤਉ ਜਾਈਐ ਜਉ ਈਹਾਂ ਨ ਹੋਇ ॥੨॥**
**ਸਤਿਗੁਰ ਮੈ ਬਲਿਹਾਰੀ ਤੋਰ ॥**
**ਜਿਨਿ ਸਕਲ ਬਿਕਲ ਭ੍ਰਮ ਕਾਟੇ ਮੋਰ ॥**
**ਰਾਮਾਨੰਦ ਸੁਆਮੀ ਰਮਤ ਬ੍ਰਹਮ ॥**

**ਗੁਰ ਕਾ ਸਬਦੁ ਕਾਟੈ ਕੋਟਿ ਕਰਮ ॥੩॥੧॥ (੧੧੯੫)**

ਹੇ ਭਾਈ! ਮੇਰੇ ਹਿਰਦੇ ਵਿੱਚ ਕਰਤਾਰ ਦਾ ਪਿਆਰ ਅਤੇ ਖੇੜੇ ਦੇ ਸੋਮੇ ਦਾ ਪ੍ਰਕਾਸ਼ ਹੋ ਗਿਆ ਹੈ, ਇਸ ਲਈ ਮੈਂ ਹੁਣ ਕਿੱਥੇ ਜਾਵਾਂ, ਮੇਰਾ ਮਨ ਹੁਣ ਭਟਕਦਾ ਨਹੀਂ, ਇਸ ਨੂੰ ਅੰਦਰੋਂ ਹੀ ਪਰਮ ਅਨੰਦ ਅਤੇ ਆਤਮਿਕ ਸ਼ਾਂਤੀ ਮਿਲ ਗਈ ਹੈ।

ਸ਼ੁਰੂ ਵਿੱਚ ਇੱਕ ਦਿਨ ਮੇਰੇ ਮਨ ਵਿੱਚ ਮੰਦਰ ਜਾਣ ਲਈ ਤਾਂਘ ਉੱਠੀ। ਮੈਂ ਪਾਣੀ ਵਿੱਚ ਚੰਦਨ ਘਸਾ ਕੇ ਅਤਰ ਅਤੇ ਹੋਰ ਕਈ ਸੁਗੰਧੀਆਂ ਲੈ ਲਈਆਂ ਅਤੇ ਠਾਕੁਰ ਨੂੰ ਪੂਜਣ ਲਈ ਮੰਦਰ ਨੂੰ ਤੁਰ ਪਿਆ। ਪਰ ਹੁਣ ਤਾਂ ਗੁਰੂ ਨੇ ਸਰਬ ਵਿਆਪੀ ਪਰਮਾਤਮਾ ਦਾ ਮੇਰੇ ਮਨ ਵਿੱਚ ਹੀ ਅਨੁਭਵ ਕਰਾ ਦਿੱਤਾ ਹੈ।

ਹੁਣ ਮੈਂ ਜਿੱਥੇ ਵੀ ਮੰਦਰਾਂ ਵਿੱਚ ਜਾਂਦਾ ਹਾਂ, ਉੱਥੇ ਮੈਂ ਕੇਵਲ ਪਾਣੀ ਅਤੇ ਪੱਥਰ ਦੀਆਂ ਮੂਰਤੀਆਂ ਹੀ ਦੇਖਦਾ ਹਾਂ, ਪ੍ਰੰਤੂ ਹੇ ਪ੍ਰਭੂ! ਤੂੰ ਹਰ ਥਾਂ ਇੱਕੋ ਜਿਹਾ ਭਰਪੂਰ ਹੈ। ਵੇਦ ਪੁਰਾਨ ਆਦਿਕ ਧਰਮ ਪੁਸਤਕਾਂ ਮੈਂ ਰੱਬ ਦੀ ਖੋਜ ਲਈ ਬੜੇ ਧਿਆਨ ਨਾਲ ਪੜ੍ਹੀਆਂ ਹਨ। ਹੁਣ ਇਹਨਾਂ ਮੰਦਰਾਂ ਜਾਂ ਤੀਰਥਾਂ ਤੇ ਜਾਣ ਦੀ ਲੋੜ ਨਹੀਂ ਕਿਉਂਕਿ ਅਕਾਲ ਪੁਰਖ ਦੀ ਜੋਤ ਸਭ ਦੇ ਹਿਰਦਿਆਂ ਵਿੱਚ ਵੱਸਦੀ ਹੈ। ਹੇ ਸਤਿਗੁਰੂ! ਮੈਂ ਤੈਥੋਂ ਸਦਕੇ ਬਲਿਹਾਰ ਜਾਂਦਾ ਹਾਂ, ਜਿਸ ਨੇ ਮੇਰੇ ਸਾਰੇ ਡਰ ਅਤੇ ਭਰਮਾਂ ਦਾ ਨਾਸ ਕਰ ਦਿੱਤਾ ਹੈ। ਰਾਮਾਨੰਦ ਸੁਆਮੀ ਨੂੰ ਹੁਣ ਪਰੀਪੂਰਨ ਪ੍ਰਮਾਤਮਾ ਅਨੁਭਵ ਹੋ ਗਿਆ ਹੈ। ਗੁਰੂ ਜੀ ਦੇ ਬਖਸ਼ੇ ਹੋਏ ਗੁਰਮੰਤਰ ਰਾਮ ਜਪਣ ਨਾਲ, ਪਿਛਲੇ ਸਾਰੇ ਕਰਮਾਂ ਦੇ ਬੰਧਨਾਂ ਤੋਂ ਮੇਰਾ ਛੁਟਕਾਰਾ ਹੋ ਗਿਆ ਹੈ।

## ਭਗਤ ਕਬੀਰ ਜੀ

ਭਗਤ ਕਬੀਰ ਜੀ ਜਾਤ ਦੇ ਜੁਲਾਹੇ ਸਨ। ਉਹ ਰਾਮਾ ਨੰਦ ਜੀ ਦੇ ਚੇਲੇ ਸਨ। ਉਹਨਾਂ ਨੇ ਵੀ ਸਰਬ ਵਿਆਪੀ ਰਾਮ ਦਾ ਸਿਮਰਨ ਕੀਤਾ ਅਤੇ ਉਹ ਆਪਣੇ ਸਮੇਂ ਦੇ ਬਹੁਤ ਉੱਚੇ ਭਗਤ, ਬ੍ਰਹਮ ਗਿਆਨੀ ਗਿਣੇ ਗਏ ਅਤੇ ਨਿਰਾਕਾਰ ਦੇ ਦੇਸ਼ ਪੁੱਜ ਕੇ ਉਹਨਾਂ ਨੂੰ ਸਾਰੇ ਬ੍ਰਹਮੰਡ ਵਿੱਚ ਰੱਬ ਦੀ ਸਰਬ ਵਿਆਪਕਤਾ ਦਾ ਅਨੁਭਵ ਹੋ ਗਿਆ। ਉਹ ਹਰ ਜਗ੍ਹਾ, ਅਕਾਲ ਪੁਰਖ ਦਾ ਪ੍ਰਕਾਸ਼ ਪ੍ਰਤੀਤ ਕਰਦੇ ਸਨ। ਜਿਸ ਬਾਰੇ ਉਹਨਾਂ ਨੇ ਆਪਣੀ ਬਾਣੀ ਵਿੱਚ ਫੁਰਮਾਇਆ ਹੈ:

**ਪ੍ਰਭਾਤੀ ਕਬੀਰ ਜੀ ॥**

**ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥**
**ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥੧॥**
**ਲੋਗਾ ਭਰਮਿ ਨ ਭੂਲਹੁ ਭਾਈ ॥**
**ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ ॥੧॥ ਰਹਾਉ ॥**
**ਮਾਟੀ ਏਕ ਅਨੇਕ ਭਾਂਤਿ ਕਰਿ ਸਾਜੀ ਸਾਜਨਹਾਰੈ ॥**
**ਨਾ ਕਛੁ ਪੋਚ ਮਾਟੀ ਕੇ ਭਾਂਡੇ ਨਾ ਕਛੁ ਪੋਚ ਕੁੰਭਾਰੈ ॥੨॥**
**ਸਭ ਮਹਿ ਸਚਾ ਏਕੋ ਸੋਈ ਤਿਸ ਕਾ ਕੀਆ ਸਭੁ ਕਛੁ ਹੋਈ ॥**
**ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ ॥੩॥**

ਅਲਹੁ ਅਲਖੁ ਨ ਜਾਈ ਲਖਿਆ ਗੁਰਿ ਗੁੜੁ ਦੀਨਾ ਮੀਠਾ ॥
ਕਹਿ ਕਬੀਰ ਮੇਰੀ ਸੰਕਾ ਨਾਸੀ ਸਰਬ ਨਿਰੰਜਨੁ ਡੀਠਾ ॥੪॥੩॥ (੧੩੪੯)

ਸਭ ਤੋਂ ਪਹਿਲਾਂ ਖੁਦਾ ਦਾ ਜ਼ਹੂਰ ਨੂਰ ਸੀ ਅਤੇ ਫੇਰ ਉਸ ਦੀ ਕੁਦਰਤ ਤੋਂ ਸਾਰੀ ਮਾਨਵਤਾ ਦਾ ਉਪਜ ਹੋਇਆ। ਜਦ ਇਹ ਸਾਰਾ ਜਗਤ ਅਕਾਲ ਪੁਰਖ ਦੀ ਜੋਤ ਤੋਂ ਹੀ ਪੈਦਾ ਹੋਇਆ ਹੈ ਤਾਂ ਕਿਸ ਨੂੰ ਚੰਗਾ ਮਾੜਾ ਜਾਂ ਉਚ-ਨੀਚ ਕਿਹਾ ਜਾਏ। ਇਸ ਲਈ ਹੇ ਲੋਕੋ! ਆਪਣੇ ਆਪ ਨੂੰ ਕਿਸੇ ਝੂਠੇ ਭੁਲੇਖਿਆਂ ਵਿੱਚ ਨਾ ਪਾਓ। ਪ੍ਰਭੂ ਸਾਰੀ ਖ਼ਲਕਤ ਵਿੱਚ ਹੈ ਅਤੇ ਸਾਰੀ ਖ਼ਲਕਤ ਉਸ ਵਿੱਚ ਸਮਾਈ ਹੋਈ ਹੈ, ਉਹ ਸਾਰੀ ਸ੍ਰਿਸ਼ਟੀ ਵਿੱਚ ਵਿਆਪਕ ਹੈ। ਸਿਰਜਣਹਾਰ ਆਪਣੀ ਸ੍ਰਿਸ਼ਟੀ ਵਿੱਚ ਅਤੇ ਸ੍ਰਿਸ਼ਟੀ ਸਿਰਜਣਹਾਰ ਵਿੱਚ ਹੈ।

ਘੁਮਿਆਰ ਦੀ ਤਰ੍ਹਾਂ ਕਰਤਾਰ ਨੇ ਇੱਕੋ ਹੀ ਮਿੱਟੀ ਤੋਂ (ਭਾਵ, ਪੰਜਾਂ ਤੱਤਾਂ ਤੋਂ) ਅਨੇਕਾਂ ਕਿਸਮਾਂ ਦੇ ਜੀਅ-ਜੰਤ ਪੈਦਾ ਕਰ ਦਿੱਤੇ ਹਨ। ਸਿਰਜਣਹਾਰ ਅਤੇ ਉਹਦਾ ਬਣਾਇਆ ਹੋਇਆ ਦ੍ਰਿਸ਼ਟਮਾਨ ਇੱਕ ਹੀ ਹੈ, ਇਹਨਾਂ ਵਿੱਚ ਕੋਈ ਊਣਤਾਈ ਨਹੀਂ ਹੈ।

ਉਹ ਇੱਕੋ-ਇੱਕ ਸਿਰਜਣਹਾਰ ਹੈ ਅਤੇ ਇਹ ਇਲਾਹੀ-ਸਚਾਈ ਸਾਰੀ ਖ਼ਲਕਤ ਵਿੱਚ ਪ੍ਰਵੇਸ਼ਕ ਹੈ। ਉਹੀ ਮਨੁੱਖ ਰੱਬ ਦਾ ਬੰਦਾ ਕਿਹਾ ਜਾ ਸਕਦਾ ਹੈ ਜੋ ਉਸ ਦੀ ਰਜ਼ਾ ਨੂੰ ਪਛਾਣਦਾ ਹੈ ਤੇ ਉਸ ਇੱਕ ਨਾਲ ਅਭੇਦ ਹੁੰਦਾ ਹੈ।

ਉਹ ਸਰਬ-ਵਿਆਪਕ ਪ੍ਰਮਾਤਮਾ, ਜਿਸ ਦਾ ਕੋਈ ਰੂਪ-ਰੇਖ ਨਹੀਂ, ਦੁਨਿਆਵੀ ਅਕਲ ਅਤੇ ਚਤੁਰਾਈ ਨਾਲ ਲਖਿਆ (ਸਮਝਿਆ) ਨਹੀਂ ਜਾ ਸਕਦਾ। ਮੇਰੇ ਗੁਰੂ ਨੇ ਮੈਨੂੰ ਮਿੱਠੇ ਇਲਾਹੀ ਨਾਮ ਦੀ ਬਖ਼ਸ਼ਿਸ਼ ਕੀਤੀ ਹੈ, ਜਿਸ ਦਾ ਸੁਆਦ ਮੈਂ ਗੂੰਗੇ ਦੇ ਗੁੜ ਖਾਣ ਵਾਂਗੂ ਅਨੁਭਵ ਕਰ ਸਕਦਾ ਹਾਂ ਪਰ ਉਸ ਵਾਂਗ ਅੱਖਰਾਂ ਵਿੱਚ ਬੋਲ ਕੇ ਨਹੀਂ ਦੱਸ ਸਕਦਾ।

ਕਬੀਰ ਜੀ ਫੁਰਮਾਉਂਦੇ ਹਨ, ਮੇਰੇ ਸਾਰੇ ਭਰਮਾਂ ਦਾ ਨਾਸ਼ ਹੋ ਗਿਆ ਅਤੇ ਮੈਂ ਉਸ ਪ੍ਰਭੂ ਦਾ ਜ਼ਹੂਰ ਇਸ ਬ੍ਰਹਮੰਡ ਦੇ ਹਰ ਥਾਂ, ਹਰ ਜ਼ਰੇ-ਜ਼ਰੇ ਵਿੱਚ ਮਹਿਸੂਸ ਕਰ ਰਿਹਾ ਹਾਂ।

## ਭਗਤ ਨਾਮ ਦੇਵ ਜੀ

ਮਹਾਰਾਸ਼ਟਰ ਦੇ ਰਹਿਣ ਵਾਲੇ ਭਗਤ ਨਾਮਦੇਵ ਜੀ ਛੀਂਬੇ ਅਤੇ ਧੋਬੀ ਦਾ ਕੰਮ ਕਰਦੇ ਸਨ। ਉਹਨਾਂ ਨੇ ਆਪਣੀ ਭਗਤੀ-ਭਾਵ ਵਾਲਾ ਜੀਵਨ ਬੁੱਤ ਪੂਜਣ ਤੋਂ ਅਰੰਭ ਕੀਤਾ। ਪਰਮੇਸ਼ਵਰ ਦੇ ਸੱਚੇ ਅਤੇ ਨਿਰ-ਇੱਛਕ ਖੋਜੀ ਦੀ ਭਾਵਨਾ ਹੋਣ ਕਰਕੇ ਉਹ ਨਿਰਾਕਾਰ ਦੇ ਦੇਸ਼ ਪਹੁੰਚ ਗਏ। ਉਹਨਾਂ ਨੇ ਸਰਬ-ਵਿਆਪੀ ਪਰਮਾਤਮਾ ਨੂੰ ਆਪਣੇ ਮਾਲੀ ਗਉੜਾ ਸ਼ਬਦ ਵਿੱਚ ਇਸ ਤਰ੍ਹਾਂ ਲਿਖਿਆ:

ਬਾਣੀ ਭਗਤ ਨਾਮਦੇਵ ਜੀ ਕੀ

ਸਭੈ ਘਟ ਰਾਮੁ ਬੋਲੈ ਰਾਮਾ ਬੋਲੈ ॥ ਰਾਮ ਬਿਨਾ ਕੋ ਬੋਲੈ ਰੇ ॥੧॥ਰਹਾਉ॥
ਏਕਲ ਮਾਟੀ ਕੁੰਜਰ ਚੀਟੀ ਭਾਜਨ ਹੈਂ ਬਹੁ ਨਾਨਾ ਰੇ ॥
ਅਸਥਾਵਰ ਜੰਗਮ ਕੀਟ ਪਤੰਗਮ ਘਟਿ ਘਟਿ ਰਾਮੁ ਸਮਾਨਾ ਰੇ ॥੧॥
ਏਕਲ ਚਿੰਤਾ ਰਾਖੁ ਅਨੰਤਾ ਅਉਰ ਤਜਹੁ ਸਭ ਆਸਾ ਰੇ ॥
ਪ੍ਰਣਵੈ ਨਾਮਾ ਭਏ ਨਿਹਕਾਮਾ ਕੋ ਠਾਕੁਰੁ ਕੋ ਦਾਸਾ ਰੇ ॥੨॥੩॥ (੯੮੮)

ਹੇ ਭਾਈ! ਸਾਰੇ ਘਟਾਂ (ਸਰੀਰਾਂ) ਵਿੱਚ ਪਰਮਾਤਮਾ ਹੀ ਬੋਲਦਾ ਹੈ, ਪਰਮਾਤਮਾ ਤੋਂ ਬਿਨਾਂ ਹੋਰ ਕੋਈ ਨਹੀਂ ਬੋਲਦਾ। ਕੀੜੀ ਤੋਂ ਲੈ ਕੇ ਹਾਥੀ ਤੱਕ, ਭਿੰਨ-ਭਿੰਨ ਸਾਰੀਆਂ ਜਾਤੀਆਂ ਇੱਕੋ ਮਿੱਟੀ (ਪੰਜ ਤੱਤ) ਤੋਂ ਉਤਪੰਨ ਹੋਈਆਂ ਹਨ। ਪਰਮਾਤਮਾ ਧਾਤੂ ਪਦਾਰਥ ਅਤੇ ਸਜਿੰਦ ਜੀਅ, ਕੀੜੇ ਪਤੰਗੇ ਹਰੇਕ ਘਟ ਵਿੱਚ ਹੀ ਸਮਾਇਆ ਹੋਇਆ ਹੈ। ਪਰਮਾਤਮਾ ਹੀ ਸਾਰੀਆਂ ਵਿੱਚ ਰਸਿਆ ਹੋਇਆ ਹੈ।

ਤਾਂ ਤੇ ਹੇ ਜਗਿਆਸੂ! ਦੁਨਿਆਵੀ ਪਦਾਰਥਾਂ ਦੀ ਪਕੜ ਛੱਡ ਅਤੇ ਸਾਰੀਆਂ ਵਾਸ਼ਨਾਵਾਂ ਦਾ ਤਿਆਗ ਕਰ, ਅਕਾਲ ਪੁਰਖ ਦੇ ਨਾਮ ਸਿਮਰਨ ਵਿੱਚ ਹਰ ਵਕਤ ਆਪਣੀ ਬਿਰਤੀ ਜੋੜੀ ਰੱਖ। ਫਿਰ ਭਗਤ ਨਾਮਦੇਵ ਜੀ ਅਤਿ ਨਿਮਰਤਾ ਸਹਿਤ ਬੇਨਤੀ ਕਰਦੇ ਹਨ, ਹੇ ਭਾਈ! ਸੱਚੇ ਪਰਮਾਤਮਾ ਦਾ ਨਿਸ਼ਕਾਮ ਖੋਜੀ ਹੋ ਕੇ ਉਸ ਨਾਲ ਅਭੇਦ ਹੋ ਜਾ। ਫੇਰ ਤੇਰੇ ਵਿੱਚ ਅਤੇ ਪ੍ਰਮਾਤਮਾ ਵਿੱਚ ਕੋਈ ਭਿੰਨ ਭੇਦ ਨਹੀਂ ਰਹਿ ਜਾਏਗਾ।

## ਸ਼ੇਖ ਫਰੀਦ ਜੀ

ਸ਼ੇਖ ਫਰੀਦ ਜਾਂ ਸ਼ੇਖ ਬ੍ਰਹਮ ਸੱਚ ਦੇ ਖੋਜੀ ਮੁਸਲਮਾਨ ਫ਼ਕੀਰ ਸਨ। ਉਹ ਇਸਲਾਮ ਦੀ ਰਹੁਰੀਤੀਆਂ ਅਨੁਸਾਰ ਰੱਬ ਦੀ ਇਬਾਤਤ ਕਰਦੇ। ਹਰ ਰੋਜ਼ ਪੰਜ ਵਕਤ ਦੀ ਨਮਾਜ਼ ਪੜ੍ਹਨ ਦੇ ਪੱਕੇ ਪਾਬੰਦ ਸਨ। ਉਹ ਰੋਜ਼ ਸਵੇਰੇ ਅਲ੍ਹਾ ਨੂੰ ਹਿਰਦੇ ਵਿੱਚ ਪੂਰਨ ਅਕੀਦੇ ਅਤੇ ਪ੍ਰੇਮ ਨਾਲ ਯਾਦ ਕਰਦੇ। ਕਿਉਂਕਿ ਉਹ ਸੱਚੇ ਅਤੇ ਈਮਾਨਦਾਰ ਰੱਬ ਦੇ ਖੋਜੀ ਸਨ, ਇਸ ਲਈ ਉਹ ਵੀ ਇਸ ਨਤੀਜੇ ਤੇ ਪਹੁੰਚੇ ਕਿ ਖੁਦਾ ਸਾਰੇ ਮਨੁੱਖਾਂ ਦੇ ਹਿਰਦੇ ਵਿੱਚ ਵਸਦਾ ਹੈ ਤੇ ਜਿਸਨੂੰ ਖੁਦਾ ਦੇ ਮਿਲਣ ਦੀ ਖਿੱਚ ਹੋਵੇ, ਉਹ ਕਿਸੇ ਦੇ ਵੀ ਦਿਲ ਨੂੰ ਠੇਸ ਨਾ ਪਹੁੰਚਾਵੇ। ਸ਼ੇਖ ਫਰੀਦ ਜੀ ਬਾਣੀ ਵਿੱਚ ਇਸ ਤਰ੍ਹਾਂ ਫੁਰਮਾਉਂਦੇ ਹਨ:

**ਸਲੋਕ ਫਰੀਦ ਜੀਉ ॥**

**ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ ॥**

**ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ ॥੧੨੯॥**

**ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ ॥**

**ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ ॥੧੩●॥ (੧੩੮੪)**

ਕਿਸੇ ਲਈ ਇੱਕ ਵੀ ਫਿੱਕਾ ਬਚਨ ਨ ਬੋਲ, ਕਿਉਂਕਿ ਸਾਰਿਆਂ ਦੇ ਹਿਰਦੇ ਵਿੱਚ ਸੱਚਾ ਮਾਲਕ ਵੱਸ ਰਿਹਾ ਹੈ। ਕਿਸੇ ਦਾ ਵੀ ਦਿਲ ਨਾ ਦੁਖਾ, ਕਿਉਂਕਿ ਰੱਬੀ ਮੰਡਲ ਵਿੱਚ ਹਰ ਇੱਕ ਅਮੋਲਕ ਮੋਤੀ ਹੈ।

ਸਾਰੇ ਜੀਵਾਂ ਦੇ ਮਨ ਰੱਬੀ ਸ਼ਾਂਤੀ ਅਤੇ ਆਨੰਦ ਦੇ ਅਮੋਲਕ ਮੋਤੀ ਹਨ, ਕਿਸੇ ਨੂੰ ਵੀ ਮੰਦੇ ਬੋਲ ਅਤੇ ਭੈੜੇ ਕੰਮ ਨਾਲ ਦੁਖਾਣਾ ਉੱਕਾ ਹੀ ਠੀਕ ਨਹੀਂ। ਜੇ ਤੈਨੂੰ ਮਹਿਬੂਬ ਖੁਦਾ ਨੂੰ ਮਿਲਣ ਦੀ ਤਾਂਘ ਹੈ, ਤਾਂ ਕਿਸੇ ਦੇ ਵੀ ਦਿਲ ਨੂੰ ਨਾ ਦੁਖਾ।

## ਭਗਤ ਭੀਖਨ ਜੀ

ਭਗਤ ਭੀਖਨ ਜੀ ਮੁਸਲਮਾਨ ਫਕੀਰ ਸਨ। ਉਹ ਸੱਚੇ ਹਿਰਦੇ ਨਾਲ ਰੱਬ ਦਾ ਨਾਮ ਜਪਦੇ ਹੋਏ ਨਿਰਾਕਾਰ ਦੇ ਦੇਸ਼ ਪੁੱਜੇ। ਉਹਨਾਂ ਨੇ ਆਪਣੀ ਆਤਮਿਕ ਪ੍ਰਾਪਤੀ ਬਾਰੇ ਆਪਣੀ ਬਾਣੀ ਵਿੱਚ ਇਉਂ ਵਰਨਣ

ਕੀਤਾ ਹੈ:

**ਰਾਗੁ ਸੋਰਠਿ ਬਾਣੀ ਭਗਤ ਭੀਖਨ ਜੀ**

**ਐਸਾ ਨਾਮੁ ਰਤਨੁ ਨਿਰਮੋਲਕੁ ਪੁੰਨਿ ਪਦਾਰਥੁ ਪਾਇਆ ॥**
**ਅਨਿਕ ਜਤਨ ਕਰਿ ਹਿਰਦੈ ਰਾਖਿਆ ਰਤਨੁ ਨ ਛਪੈ ਛਪਾਇਆ ॥੧॥**
**ਹਰਿ ਗੁਨ ਕਹਤੇ ਕਹਨੁ ਨ ਜਾਈ ॥**
**ਜੈਸੇ ਗੂੰਗੇ ਕੀ ਮਿਠਿਆਈ ॥੧॥ਰਹਾਉ॥**
**ਰਸਨਾ ਰਮਤ ਸੁਨਤ ਸੁਖੁ ਸ੍ਰਵਨਾ ਚਿਤ ਚੇਤੇ ਸੁਖੁ ਹੋਈ ॥**
**ਕਹੁ ਭੀਖਨ ਦੁਇ ਨੈਨ ਸੰਤੋਖੇ ਜਹ ਦੇਖਾਂ ਤਹ ਸੋਈ ॥੨॥੨॥** (੬੫੯)

ਮੇਰੇ ਉੱਤਮ ਭਾਗਾਂ ਕਰਕੇ ਅਕਾਲ ਪੁਰਖ ਨੇ ਮੈਨੂੰ ਨਾਮ-ਸਿਮਰਨ ਦਾ ਅਮੋਲਕ ਰਤਨ ਬਖ਼ਸ਼ਿਆ ਹੈ। ਇਹ ਮੇਰੇ ਹਿਰਦੇ ਵਿੱਚ ਪੱਕਾ ਵੱਸ ਗਿਆ ਹੈ। ਇਸ (ਰਤਨ) ਨੂੰ ਲੁਕਾਉਣ ਦੀਆਂ ਮੇਰੀਆਂ ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ, ਇਸ ਦੀ ਸ਼ੋਭਾ ਮੇਰੇ ਮਸਤਕ 'ਤੇ ਚਮਕਦੀ ਹੈ ਅਤੇ ਮੇਰੇ ਸਾਰੇ ਸਰੀਰ ਵਿੱਚ ਪ੍ਰਕਾਸ਼ਮਾਨ ਹੈ।

ਪ੍ਰਭੂ ਦੀ ਵਡਿਆਈ ਅਤੇ ਪ੍ਰਭੂ ਦੇ ਗੁਣ ਸ਼ਬਦਾਂ ਵਿੱਚ ਕਹੇ ਨਹੀਂ ਜਾ ਸਕਦੇ। ਇਹ ਇੱਕ ਗੂੰਗੇ ਦੀ ਮਠਿਆਈ ਵਾਂਗ ਹੈ ਜੋ ਮਿੱਠੇ ਪਦਾਰਥਾਂ ਦਾ ਰਸ ਮਾਣਦਾ ਹੈ, ਪਰ ਆਪਣੇ ਆਏ ਸੁਆਦ ਨੂੰ ਦੱਸਣ ਲਈ ਅੱਖਰ ਨਹੀਂ ਲੱਭ ਸਕਦਾ।

ਆਪਣੀ ਰਸਨਾ ਦੁਆਰਾ ਪ੍ਰਭੂ ਦੇ ਨਾਮ ਦਾ ਸਿਮਰਨ ਕਰਨ ਨਾਲ ਆਪਣੇ ਕੰਨਾਂ ਨਾਲ ਸੁਣਦਿਆਂ ਅਤੇ ਨਾਮ ਨੂੰ ਮਨ ਵਿੱਚ ਵਸਾਉਂਦਿਆਂ, ਮੈਨੂੰ ਸਦੀਵੀ ਆਤਮ-ਅਨੰਦ ਦੀ ਪ੍ਰਾਪਤੀ ਹੋਈ ਹੈ। ਭੀਖਨ ਜੀ ਕਹਿੰਦੇ ਹਨ ਕਿ ਮੇਰੀਆਂ ਅੱਖਾਂ ਰੱਬੀ ਰੂਹਾਨੀ ਨੂਰ ਨਾਲ ਖੁੱਲ੍ਹ ਗਈਆਂ ਹਨ ਅਤੇ ਮੈਂ ਜਿੱਧਰ ਤੱਕਦਾ ਹਾਂ ਉਸ ਪ੍ਰਮਾਤਮਾ ਦਾ ਜ਼ਹੂਰ ਹੀ ਦੇਖਦਾ ਹਾਂ।

## ਭਗਤ ਰਵੀਦਾਸ ਜੀ

ਰਵੀਦਾਸ ਜੀ ਜੁੱਤੀਆਂ ਗੰਢਣ ਦਾ ਕੰਮ ਕਰਦੇ ਸਨ। ਉਹਨਾਂ ਨੇ ਵੀ ਪੂਰਨ ਲਗਨ, ਪ੍ਰੇਮ ਅਤੇ ਸੱਚੇ ਹਿਰਦੇ ਨਾਲ, ਸਰਬ-ਵਿਆਪੀ ਰਾਮ ਦਾ ਸਿਮਰਨ ਕੀਤਾ ਅਤੇ ਅਨੁਭਵ ਪ੍ਰਕਾਸ਼ ਨਿਰਾਕਾਰ ਦੇ ਦੇਸ਼ ਵਿੱਚ ਪਹੁੰਚੇ। ਉੱਚ-ਜਾਤੀ ਦੇ ਬ੍ਰਾਹਮਣ ਉਹਨਾਂ ਤੋਂ ਅਸ਼ੀਰਵਾਦ ਅਤੇ ਨਾਮ-ਸਿਮਰਨ ਦੀ ਦਾਤ ਲੈਣ ਲਈ ਉਹਨਾਂ ਦੇ ਚਰਨ ਪਰਸਦੇ ਸਨ। ਜਿਸ ਆਤਮਿਕ ਮੰਡਲ ਵਿੱਚ ਉਹ ਪਹੁੰਚੇ, ਉਸ ਦਾ ਵਰਨਣ ਆਪਣੀ ਬਾਣੀ ਵਿੱਚ ਇਸ ਤਰ੍ਹਾਂ ਕਰਦੇ ਹਨ:

**ਰਾਗੁ ਗਉੜੀ ਰਵਿਦਾਸ ਜੀ ਕੇ ਪਦੇ ਗਉੜੀ ਗੁਆਰੇਰੀ**

**ਬੇਗਮ ਪੁਰਾ ਸਹਰ ਕੋ ਨਾਉ ॥ ਦੂਖੁ ਅੰਦੋਹੁ ਨਹੀ ਤਿਹਿ ਠਾਉ ॥**
**ਨਾਂ ਤਸਵੀਸ ਖਿਰਾਜੁ ਨ ਮਾਲੁ ॥ ਖਉਫੁ ਨ ਖਤਾ ਨ ਤਰਸੁ ਜਵਾਲੁ ॥੧॥**
**ਅਬ ਮੋਹਿ ਖੂਬ ਵਤਨ ਗਹ ਪਾਈ ॥ ਊਹਾਂ ਖੈਰਿ ਸਦਾ ਮੇਰੇ ਭਾਈ ॥੧॥ਰਹਾਉ॥**
**ਕਾਇਮੁ ਦਾਇਮੁ ਸਦਾ ਪਾਤਿਸਾਹੀ ॥ ਦੋਮ ਨ ਸੇਮ ਏਕ ਸੋ ਆਹੀ ॥**

**ਆਬਾਦਾਨੁ ਸਦਾ ਮਸਹੂਰ ॥ ਊਹਾਂ ਗਨੀ ਬਸਹਿ ਮਾਮੂਰ ॥੨॥**
**ਤਿਉ ਤਿਉ ਸੈਲ ਕਰਹਿ ਜਿਉ ਭਾਵੈ ॥ ਮਹਰਮ ਮਹਲ ਨ ਕੋ ਅਟਕਾਵੈ ॥**
**ਕਹਿ ਰਵਿਦਾਸ ਖਲਾਸ ਚਮਾਰਾ ॥ ਜੋ ਹਮ ਸਹਰੀ ਸੁ ਮੀਤੁ ਹਮਾਰਾ ॥੩॥੨॥ (੩੪੫)**

ਮੈਂ ਉਸ ਆਤਮਿਕ ਮੰਡਲ ਅਤੇ ਨਿਰਾਕਾਰ ਦੇ ਦੇਸ਼ ਵਿੱਚ ਅੱਪੜ ਗਿਆ ਹਾਂ, ਜਿੱਥੇ ਕੋਈ ਚਿੰਤਾ ਨਹੀਂ ਹੈ। ਜਿੱਥੇ ਨਾ ਕੋਈ ਦੁੱਖ ਹੈ ਅਤੇ ਨਾ ਹੀ ਕੋਈ ਘਬਰਾਹਟ। ਉਥੇ ਨਾ ਕੋਈ ਪਕੜ ਹੈ ਅਤੇ ਨਾ ਹੀ ਕੋਈ ਖ਼ਰਾਜ ਅਤੇ ਮਸੂਲ ਲੈਣ ਵਾਲਾ ਹੈ। ਉੱਥੇ ਨਾ ਕੋਈ ਡਰ, ਖੌਫ਼ ਤੇ ਭੁੱਲ ਹੈ ਅਤੇ ਨਾ ਹੀ ਢਹਿੰਦੀ ਕਲਾ ਹੈ।

ਹੁਣ ਮੈਨੂੰ ਸੱਚ ਦਾ ਘਰ ਮਿਲ ਗਿਆ ਹੈ ਅਤੇ ਮੈਂ ਸਦਾ ਸਦੀਵੀ ਖੇੜਾ ਮਾਣਦਾ ਹਾਂ। ਮੈਨੂੰ ਸਦੀਵੀ ਆਤਮਿਕ ਪਾਤਸ਼ਾਹੀ ਦੀ ਬਖਸ਼ਿਸ਼ ਹੋਈ ਹੈ। ਸਾਰੇ ਮੇਰ ਤੇਰ ਅਤੇ ਦਵੈਤ ਦੇ ਵਿਚਾਰ ਦੂਰ ਹੋ ਗਏ ਹਨ। ਮੈਨੂੰ ਕੇਵਲ ਇੱਕ ਪ੍ਰਮਾਤਮਾ ਹੀ ਦਿਖਾਈ ਦਿੰਦਾ ਹੈ। ਇਹ ਇੱਕ ਪਰਮ ਆਨੰਦ ਆਤਮਿਕ ਮੰਡਲ ਹੈ ਅਤੇ ਇਸ ਵਿੱਚ ਉਹ ਨਿਵਾਸ ਕਰਦੇ ਹਨ ਜਿੰਨ੍ਹਾਂ ਦੇ ਹਿਰਦੇ ਕਰਤਾਰ ਦੀ ਵਡਿਆਈ ਅਤੇ ਸ਼ੋਭਾ ਨਾਲ ਪ੍ਰਫੁਲੱਤ ਹਨ। ਰੱਬੀ ਹੁਕਮ ਅਤੇ ਰਜ਼ਾ ਵਿੱਚ ਚੱਲਣ ਨਾਲ ਉਹਨਾਂ ਦੇ ਸਾਰੇ ਕੰਮ ਸਹਿਜ ਸੁਭਾ ਅਤੇ ਕੁਦਰਤੀ ਤੌਰ ਤੇ ਨਿਸ਼ਕਾਮ ਹੋ ਜਾਂਦੇ ਹਨ। ਭਗਤ ਰਵਿਦਾਸ ਜੀ ਕਹਿੰਦੇ ਹਨ ਕਿ ਸਾਰੇ ਡਰ ਅਤੇ ਭਰਮਾਂ ਦੇ ਜੰਜਾਲ ਦੂਰ ਹੋ ਗਏ ਹਨ। ਮੈਂ ਸੱਚੀ ਸੁਤੰਤਰਤਾ ਪਾ ਲਈ ਹੈ ਅਤੇ ਜੋ ਇਸ ਆਤਮਿਕ ਮੰਡਲ ਅਥਵਾ ਸ਼ਹਿਰ ਵਿੱਚ ਪਹੁੰਚਿਆ ਹੈ, ਉਹ ਮੇਰਾ ਸੱਚਾ ਮਿੱਤਰ ਅਤੇ ਆਤਮਿਕ ਸਾਥੀ ਹੈ।

## ਭਗਤ ਪੀਪਾ ਜੀ

ਪੀਪਾ ਜੀ ਭਾਰਤ ਵਿੱਚ ਗੁਨਗਰਾਉਂ ਗੜ੍ਹ ਦੇ ਰਾਜਾ ਸਨ। ਇਹ ਭਗਤ ਰਾਮਾ ਨੰਦ ਜੀ ਦੇ ਸਿਸ਼ ਸਨ ਅਤੇ ਸਰਬ ਵਿਆਪਕ ਰਾਮ ਦਾ ਪੂਰਨ ਪ੍ਰੇਮ ਅਤੇ ਸ਼ਰਧਾ ਨਾਲ ਸਿਮਰਨ ਕਰਦੇ ਸਨ। ਸੱਚੇ ਹਿਰਦੇ ਨਾਲ ਸਿਮਰਨ ਕਰਦੇ ਕਰਦੇ ਉਹ ਨਿਰਾਕਾਰ ਦੇ ਦੇਸ਼ ਵਿੱਚ ਪਹੁੰਚੇ ਅਤੇ ਆਪਣੇ ਆਤਮ ਗਿਆਨ ਦਾ ਨਿੱਜੀ ਤਜਰਬਾ ਆਪਣੀ ਬਾਣੀ ਰਾਹੀਂ ਇਸ ਤਰ੍ਹਾਂ ਦੱਸਦੇ ਹਨ:

**ਧਨਾਸਰੀ ਬਾਣੀ ਪੀਪਾ**

**ਕਾਯਉ ਦੇਵਾ ਕਾਇਅਉ ਦੇਵਲ ਕਾਇਅਉ ਜੰਗਮ ਜਾਤੀ ॥**
**ਕਾਇਅਉ ਧੂਪ ਦੀਪ ਨਈਬੇਦਾ ਕਾਇਅਉ ਪੂਜਉ ਪਾਤੀ ॥੧॥**
**ਕਾਇਆ ਬਹੁ ਖੰਡ ਖੋਜਤੇ ਨਵ ਨਿਧਿ ਪਾਈ ॥**
**ਨਾ ਕਛੁ ਆਇਬੋ ਨਾ ਕਛੁ ਜਾਇਬੋ ਰਾਮ ਕੀ ਦੁਹਾਈ ॥੧॥ ਰਹਾਉ ॥**
**ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥**
**ਪੀਪਾ ਪ੍ਰਣਵੈ ਪਰਮ ਤਤੁ ਹੈ ਸਤਿਗੁਰੁ ਹੋਇ ਲਖਾਵੈ ॥੨॥੩॥(੬੯੫)**

ਹੇ ਭਾਈ! ਹੁਣ ਮੰਦਰ ਵਿੱਚ ਜਾ ਕੇ ਕਿਸੇ ਪੱਥਰ ਦੀ ਮੂਰਤੀ ਦੀ ਪੂਜਾ ਕਰਨ ਦੀ ਲੋੜ ਨਹੀਂ, ਨਾ ਹੀ ਧੂਪ ਧੁਖਾਉਣ ਦੀ, ਮਿੱਟੀ ਦੇ ਬਰਤਣਾਂ ਵਿੱਚ ਘੀ ਬਾਲਣ ਦੀ ਤੇ ਨਾ ਹੀ ਫੁੱਲ ਅਤੇ ਹਰੇ ਪੱਤੇ ਲੈ ਕੇ ਪੱਥਰ ਦੇ ਠਾਕੁਰ ਨੂੰ ਚੜ੍ਹਾਉਣ ਦੀ ਜ਼ਰੂਰਤ ਹੈ। ਅੰਤਰਆਤਮੇ ਸੱਚੀ ਲਗਨ ਦੇ ਖੋਜਣ ਨਾਲ ਪ੍ਰਮਾਤਮਾ ਜੋ

ਹਰ ਜੀਵ ਜੰਤੂ ਵਿੱਚ ਵਸ ਰਿਹਾ ਹੈ ਦੀ ਪ੍ਰਾਪਤੀ ਹੋ ਜਾਵੇਗੀ। ਇਹ ਸਾਰਾ ਸੰਸਾਰ ਅਕਾਲ ਪੁਰਖ ਦਾ ਜ਼ਹੂਰ ਹੈ। ਸਾਰੇ ਜੀਵ ਜੰਤੂ ਕਰਤਾਰ ਤੋਂ ਉਪਜਦੇ ਹਨ ਅਤੇ ਫੇਰ ਸਮੁੰਦਰ ਦੀਆਂ ਲਹਿਰਾਂ ਵਾਂਗ ਉਸੇ ਦੇ ਵਿੱਚ ਹੀ ਸਮਾ ਜਾਂਦੇ ਹਨ।

ਸਰਬ ਵਿਆਪਕ ਅਕਾਲ ਪੁਰਖ ਹਰ ਇੱਕ ਮਨੁੱਖ ਦੇ ਹਿਰਦੇ ਵਿੱਚ ਵਸਦਾ ਹੈ। ਜੋ ਪ੍ਰਾਣੀ ਆਪਣੇ ਹਿਰਦੇ ਵਿੱਚ ਉਸ ਨੂੰ ਹਾਜ਼ਰ ਨਾਜ਼ਰ ਸਮਝ ਕੇ ਨਾਮ ਸਿਮਰਨ ਕਰਦਾ ਹੈ, ਉਸ ਨੂੰ ਪ੍ਰਮਾਤਮਾ ਦਾ ਅਨੁਭਵ ਹੋ ਜਾਂਦਾ ਹੈ। ਅਤਿ ਨਿਮਰਤਾ ਸਹਿਤ, ਪੀਪਾ ਜੀ ਕਹਿੰਦੇ ਹਨ ਅਕਾਲ ਪੁਰਖ ਸਦਾ ਅਟੱਲ ਹੈ ਅਤੇ ਸੱਚੇ ਮੁਰਸ਼ਦ, ਜਿਸ ਨੂੰ ਬ੍ਰਹਮ ਗਿਆਨ ਹੋ ਗਿਆ ਹੈ, ਦੀ ਅਗਵਾਈ ਰਾਹੀਂ ਜਗਿਆਸੂ ਨੂੰ ਕਰਤਾਰ ਹਰ ਥਾਂ ਜ਼ਾਹਰ ਭਾਸਦਾ ਹੈ। ਉਸ ਦਾ ਦ੍ਰਿਸ਼ਟੀਕੋਣ ਹੀ ਬਦਲ ਜਾਂਦਾ ਹੈ ਅਤੇ ਉਸ ਨੂੰ ਸਾਰਾ ਸੰਸਾਰ ਇੱਕ ਅਕਾਲ ਪੁਰਖ ਦੇ ਜਲਵੇ ਦਾ ਜ਼ਹੂਰ ਹੀ ਦਿਖਾਈ ਦਿੰਦਾ ਹੈ। ਉਸ ਦਾ ਮਨ ਵਿਸਮਾਦ ਵਿੱਚ, ਜਿਹਬਾ ਗੁਣਾਂ ਵਿੱਚ ਅਤੇ ਅੱਖਾਂ ਹਰੀ ਰੂਪ ਦੇ ਸਰੂਰ ਵਿੱਚ ਲਿਪਤ ਰਹਿੰਦੇ ਹਨ।

ਪ੍ਰਮਾਤਮਾ ਦੀ ਖੋਜ ਕਰਨ ਵਾਲੇ ਉੱਪਰ ਲਿਖੇ ਸੱਤੇ ਭਗਤ ਜਾਤ ਪਾਤ, ਧਰਮ ਅਤੇ ਸਮਾਜਕ ਪੱਖ ਤੋਂ ਇੱਕ ਦੂਜੇ ਨਾਲੋਂ ਬਹੁਤ ਵੱਖਰੇ ਸਨ। ਸ਼ੁਰੂ ਵਿੱਚ ਉਹਨਾਂ ਨੇ ਰੱਬੀ ਖੋਜ ਲਈ ਆਪਣੇ ਆਪਣੇ ਧਰਮਾਂ ਦੇ ਰਸਮੋ ਰਿਵਾਜ ਅਤੇ ਕਰਮ ਕਾਂਡ ਅਪਨਾਏ। ਪਰ ਉਹ ਸਾਰੇ ਹੀ ਸੱਚ ਦੀ ਖੋਜ ਵਿੱਚ ਭੋਲੇ ਭਾਇ ਪੂਰੀ ਲਗਨ ਨਾਲ ਲੱਗੇ ਹੋਏ ਸਨ। ਇਸ ਲਈ ਉਹਨਾਂ ਸਾਰਿਆਂ ਨੂੰ ਸੱਚਾ ਰਸਤਾ ਮਿਲ ਗਿਆ। ਅਖੀਰ ਤੇ ਪਹੁੰਚ ਕੇ ਇੱਕੋ ਅਕਾਲ ਪੁਰਖ ਦੇ ਨਾਮ, ਰਾਮ, ਗੋਬਿੰਦ ਜਾਂ ਅਲਾਹ ਆਦਿ ਦੀ ਅਰਾਧਨਾ ਕੀਤੀ ਅਤੇ ਇੱਕੋ ਹੀ ਅਵਸਥਾ ਨਿਰਾਕਾਰ ਦੇ ਦੇਸ਼ ਪਹੁੰਚੇ। ਇਹ ਸਪੱਸ਼ਟ ਹੈ ਕਿ ਜੋ ਜਗਿਆਸੂ ਸੱਚੇ ਹਿਰਦੇ ਅਤੇ ਪੂਰੀ ਖਿੱਚ ਨਾਲ ਪਰਮਾਤਮਾ ਦੀ ਖੋਜ ਆਰੰਭਦਾ ਹੈ ਉਸ ਨੂੰ ਸੁਤੇ ਸਿਧ ਹੀ ਸੱਚਾ ਰਸਤਾ ਮਿਲ ਜਾਂਦਾ ਹੈ। ਉਸ ਨੂੰ ਆਤਮ ਪਦ ਦੀ ਪ੍ਰਾਪਤੀ ਹੋ ਜਾਂਦੀ ਹੈ। ਉਸ ਦਾ ਮਨ ਵਿਸਮਾਦ ਵਿੱਚ ਆ ਜਾਂਦਾ ਹੈ ਅਤੇ ਉਸ ਦੇ ਹਿਰਦੇ ਵਿੱਚ ਸਾਰਾ ਸੰਸਾਰ ਅਲਾਹੀ ਰੰਗ ਵਿੱਚ ਪ੍ਰੇਮ ਰੂਪੀ ਭਾਸਦਾ ਹੈ। ਸਾਰੀ ਮਨੁੱਖਤਾ ਆਤਮਿਕ ਭਾਈਚਾਰੇ ਦੇ ਭੈਣ ਭਰਾ ਜਾਪਦੇ ਹਨ। ਉਸ ਦੀ ਦ੍ਰਿਸ਼ਟੀ ਜਾਤ ਪਾਤ ਨਸਲ ਅਤੇ ਰੂਪ ਰੰਗ ਤੋਂ ਉੱਚੀ ਉੱਠ ਕੇ ਸਮ ਦ੍ਰਿਸ਼ਟੀ ਹੋ ਜਾਂਦੀ ਹੈ। ਐਸੇ ਗੁਰਮੁਖ (ਬ੍ਰਹਮ ਗਿਆਨੀ) ਦੀ ਦਸ਼ਾ ਗੁਰੂ ਅਰਜਨ ਦੇਵ ਜੀ ਮਹਾਰਾਜ ਆਪਣੀ ਬਾਣੀ ਰਾਹੀਂ ਇਸ ਤਰ੍ਹਾਂ ਦਸਦੇ ਹਨ:

**ਕਾਨੜਾ ਮਹਲਾ ੫ ॥**

**ਬਿਸਰਿ ਗਈ ਸਭ ਤਾਤਿ ਪਰਾਈ ॥**
**ਜਬ ਤੇ ਸਾਧਸੰਗਤਿ ਮੋਹਿ ਪਾਈ ॥੧॥ ਰਹਾਉ ॥**
**ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥੧॥**
**ਜੋ ਪ੍ਰਭ ਕੀਨੋ ਸੋ ਭਲ ਮਾਨਿਓ ਏਹ ਸੁਮਤਿ ਸਾਧੂ ਤੇ ਪਾਈ ॥੨॥**
**ਸਭ ਮਹਿ ਰਵਿ ਰਹਿਆ ਪ੍ਰਭੁ ਏਕੈ ਪੇਖਿ ਪੇਖਿ ਨਾਨਕ ਬਿਗਸਾਈ ॥੩॥੮॥ (੧੨੯੯)**

ਇਸ ਬ੍ਰਹਮ ਦ੍ਰਿਸ਼ਟੀ ਰਾਹੀਂ ਹੀ ਦੁਨੀਆ ਵਿੱਚ ਇੱਕ ਦੂਸਰੇ ਨਾਲ ਪ੍ਰੇਮ ਭਾਵ ਅਤੇ ਸਦੀਵੀ ਸ਼ਾਂਤੀ ਹੋ ਸਕਦੀ ਹੈ, ਜਿਸ ਲਈ ਅਸੀਂ ਇਸ ਅੱਠਵੀਂ ਵਿਸ਼ਵ ਧਾਰਮਿਕ ਸੰਮੇਲਨ (ਕਾਨਫਰੰਸ) ਵਿੱਚ ਇਕੱਠੇ ਹੋਏ ਹਾਂ ਤਾਂ ਕਿ ਦੁਨੀਆ ਵਿੱਚ ਸ਼ਾਂਤੀ ਵਰਤੇ।

ਆਉ ਭਾਈ! ਅਸੀਂ ਸਾਰੇ ਕਮਰਕਸਾ ਕਰਕੇ, ਆਪਣੇ ਆਪਣੇ ਧਰਮਾਂ ਰਾਹੀਂ, ਉਤਸ਼ਾਹ ਨਾਲ ਆਪ ਹਰ ਰੋਜ਼ ਅਕਾਲ ਪੁਰਖ ਦੀ ਅਰਾਧਨਾ ਕਰੀਏ ਅਤੇ ਸਾਧਾਰਨ ਜਨਤਾ ਨੂੰ ਵੀ ਰੱਬ ਦੇ ਗੁਣ ਗਾਉਣ, ਉਸ ਦੇ ਸ਼ਬਦ ਕੀਰਤਨ ਕਰਨ ਤੇ ਨਾਲ ਜਪਣ ਵੱਲ ਲਾਈਏ। ਪਰਮਾਤਮਾ ਤਾਂ ਇੱਕ ਹੀ ਹੈ। ਪਰ ਉਸ ਦੇ ਨਾਮ ਆਪਣੀ ਬੋਲੀ ਅਨੁਸਾਰ ਵੱਖਰੇ ਵੱਖਰੇ ਬੋਲੇ ਜਾਂਦੇ ਹਨ। ਜਿਵੇਂ ਕਿ ਉਦਾਹਰਨ ਵਜੋਂ ਓਮ, ਅਲ੍ਹਾ, ਰਾਮ, ਵਾਹਿਗੁਰੂ, ਗਾਡ (ਖੁਦਾ)......। ਰੱਬ ਦੀ ਖੋਜ ਕਰਨ ਵਾਲਾ ਜਗਿਆਸੂ ਇਹਨਾਂ ਰੱਬੀ ਨਾਵਾਂ ਵਿੱਚੋਂ, ਜੋ ਉਸ ਦੇ ਮਨ ਨੂੰ ਪਿਆਰਾ ਲੱਗੇ, ਕਿਸੇ ਇੱਕ ਨਾਮ ਨੂੰ ਚੁਣ ਕੇ, ਹਰ ਰੋਜ਼ ਪੂਰਨ ਪ੍ਰੇਮ ਅਤੇ ਸ਼ਰਧਾ ਨਾਲ ਆਪਣੇ ਹਿਰਦੇ ਵਿੱਚ ਇਸ ਦਾ ਸਿਮਰਨ ਕਰੇ। ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਆਪਣੀ ਬਾਣੀ ਜਪੁ ਜੀ ਸਾਹਿਬ ਵਿੱਚ ਫੁਰਮਾਇਆ ਹੈ ਕਿ ਅਕਾਲ ਪੁਰਖ ਦੇ ਬੇਅੰਤ ਨਾਮ ਹਨ:

**ਅਸੰਖ ਨਾਵ ਅਸੰਖ ਥਾਵ ॥ ਅਗੰਮ ਅਗੰਮ ਅਸੰਖ ਲੋਅ ॥**
**ਅਸੰਖ ਕਹਹਿ ਸਿਰਿ ਭਾਰੁ ਹੋਇ ॥ ਅਖਰੀ ਨਾਮੁ ਅਖਰੀ ਸਾਲਾਹ ॥**
**ਅਖਰੀ ਗਿਆਨੁ ਗੀਤ ਗੁਣ ਗਾਹ ॥ ਅਖਰੀ ਲਿਖਣੁ ਬੋਲਣੁ ਬਾਣਿ ॥**
**ਅਖਰਾ ਸਿਰਿ ਸੰਜੋਗੁ ਵਖਾਣਿ ॥ ਜਿਨਿ ਏਹਿ ਲਿਖੇ ਤਿਸੁ ਸਿਰਿ ਨਾਹਿ ॥**
**ਜਿਵ ਫੁਰਮਾਏ ਤਿਵ ਤਿਵ ਪਾਹਿ ॥ ਜੇਤਾ ਕੀਤਾ ਤੇਤਾ ਨਾਉ ॥**
**ਵਿਣੁ ਨਾਵੈ ਨਾਹੀ ਕੋ ਥਾਉ ॥ ਕੁਦਰਤਿ ਕਵਣ ਕਹਾ ਵੀਚਾਰੁ ॥**
**ਵਾਰਿਆ ਨ ਜਾਵਾ ਏਕ ਵਾਰ ॥ ਜੋ ਤੁਧੁ ਭਾਵੈ ਸਾਈ ਭਲੀ ਕਾਰ ॥**
**ਤੂ ਸਦਾ ਸਲਾਮਤਿ ਨਿਰੰਕਾਰ ॥੧੯॥** (੪)

ਅਕਾਲ ਪੁਰਖ ਦੇ ਸਿਮਰਨ ਕਰਨ ਦਾ ਸਮਾਂ, ਇਸ ਦੇ ਕਰਨ ਦਾ ਤਰੀਕਾ ਅਤੇ ਇਸ ਦਾ ਮਨ ਉਤੇ ਅਸਰ, ਸਾਧਾਰਨ ਸ਼ਬਦਾਂ ਵਿੱਚ ਹੇਠ ਦਿੱਤਾ ਜਾਂਦਾ ਹੈ।

## ਸਿਮਰਨ ਦਾ ਸਮਾਂ

ਗੁਰੂ ਨਾਨਕ ਦੇਵ ਜੀ ਅਤੇ ਹੋਰ ਸੰਤਾਂ ਭਗਤਾਂ ਨੇ ਸਿਮਰਨ ਕਰਨ ਦਾ ਸਮਾਂ ਅੰਮ੍ਰਿਤ ਵੇਲਾ, ਸੂਰਜ ਚੜ੍ਹਨ ਤੋਂ ਸਵਾ ਪਹਿਰ ਪਹਿਲਾਂ ਮਿਥਿਆ ਹੈ। ਗੁਰੂ ਰਾਮਦਾਸ ਜੀ ਆਪਣੀ ਬਾਣੀ ਵਿੱਚ ਇਸ ਤਰ੍ਹਾਂ ਫੁਰਮਾਉਂਦੇ ਹਨ:

**ਮਃ ੪ ॥**

**ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥**
**ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥**
**ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥**
**ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥**
**ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ ॥**
**ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥**
**ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥੨॥** (੩●੫)

ਕਈ ਲੋਕੀਂ ਪੁੱਛਦੇ ਹਨ ਕਿ ਤੜਕੇ ਉੱਠਣ ਦਾ ਇਹ ਕਸ਼ਟ ਕਰਨ ਦੀ ਕੀ ਲੋੜ ਹੈ ? ਕੀ ਅਸੀਂ ਦਿਨ ਵਿੱਚ ਕਿਸੇ ਵੇਲੇ ਵੀ ਨਾਮ ਨਹੀਂ ਜਪ ਸਕਦੇ ?

ਬੇਸ਼ਕ, ਦਿਨ ਜਾਂ ਰਾਤੀ ਕਿਸੇ ਵੇਲੇ ਵੀ ਇੱਕ ਪਲ ਖੁੰਝਾਏ ਬਿਨਾਂ ਨਾਮ ਜਪਿਆ ਜਾ ਸਕਦਾ ਹੈ। ਪਰ ਸੂਰਜ ਚੜ੍ਹਨ ਤੋਂ ਸਵਾ ਪਹਿਰ ਪਹਿਲਾਂ ਉੱਠਕੇ ਨਾਮ ਜਪਣ ਦੀ ਆਪਣੀ ਹੀ ਵਿਸ਼ੇਸ਼ਤਾ ਅਤੇ ਮਹੱਤਤਾ ਹੈ।

ਮਨੁੱਖ ਦੋ ਤਰ੍ਹਾਂ ਦੇ ਹਨ: ਇੱਕ ਤਾਂ ਉਹ ਹਨ ਜੋ ਰੋਜ਼ਾਨਾ ਨਿਸ਼ਕਾਮ ਅਤੇ ਨੇਕ ਕੰਮ ਕਰਦੇ ਹਨ, ਅੰਮ੍ਰਿਤ ਵੇਲੇ ਉਠਕੇ ਕਰਤਾਰ ਦਾ ਨਾਮ ਜਪਦੇ ਹਨ, ਉਸ ਦੀ ਮਹਿਮਾ ਦਾ ਸ਼ਬਦ ਕੀਰਤਨ ਕਰਕੇ ਆਪਣੇ ਮਨ ਦੀ ਮੈਲ ਧੋਂਦੇ ਹਨ ਤੇ ਆਤਮ ਪਦ ਦੀ ਪ੍ਰਾਪਤੀ ਦੇ ਯਤਨ ਕਰਦੇ ਹਨ। ਦੂਸਰੇ ਉਹ ਹਨ ਜੋ ਐਸ਼ੋ ਇਸ਼ਰਤ ਅਤੇ ਇੰਦਰੀਆਂ ਦੀ ਤ੍ਰਿਪਤੀ ਵਿੱਚ ਗਲਤਾਨ ਹੋਏ ਪਸ਼ੂ ਬਿਰਤੀ ਵਿੱਚ ਰੁੜ੍ਹੇ ਜਾਂਦੇ ਹਨ।

ਹਰ ਇੱਕ ਮਨੁੱਖ, ਆਪਣੀ ਸਖਸ਼ੀਅਤ ਦੇ ਮੁਤਾਬਕ, ਚੰਗੀਆਂ ਜਾਂ ਮਾੜੀਆਂ ਕਿਰਨਾਂ ਛੱਡਦਾ ਹੈ। ਇਹਨਾਂ ਕਿਰਨਾਂ ਦਾ ਅਸਰ ਸਾਧਾਰਨ ਤੌਰ ਤੇ ਆਮ ਮਨੁਖਾਂ ਦੇ ਹਿਰਦਿਆਂ ਤੇ ਥੋੜ੍ਹਾ ਬਹੁਤ ਜ਼ਰੂਰ ਪੈਂਦਾ ਹੈ। ਐਸ਼ੋ ਇਸ਼ਰਤ ਕਰਨ ਵਾਲੇ ਲੋਕ ਅੱਧੀ ਰਾਤ ਤੱਕ ਦੁਨਿਆਵੀ ਖੁਸ਼ੀ ਵਿੱਚ ਗਲਤਾਨ ਰਹਿੰਦੇ ਹਨ। ਫੇਰ ਥੱਕ ਟੁੱਟ ਕੇ ਅਤੇ ਪੇਟ ਭਰ ਕੇ ਅੰਮ੍ਰਿਤ ਵੇਲੇ ਤੋ ਪਹਿਲਾਂ ਹੀ ਵਿਸਰ-ਭੋਲ ਹੋ ਕੇ ਸੋ ਜਾਂਦੇ ਹਨ। ਉਹਨਾਂ ਦੀ ਬੁਰੀਆਂ ਭਾਵਨਾਵਾਂ ਦੀਆ ਲਹਿਰਾਂ ਮੱਧਮ ਪੈ ਕੇ ਅੰਮ੍ਰਿਤ ਵੇਲੇ ਤੋਂ ਪਹਿਲਾਂ ਹੀ ਖਤਮ ਹੋ ਜਾਂਦੀਆਂ ਹਨ। ਇਸ ਤਰ੍ਹਾਂ ਅੰਮ੍ਰਿਤ ਵੇਲੇ ਦਾ ਸਮਾਂ ਅਜਿਹੀਆਂ ਮੰਦ ਭਾਵਨਾਵਾਂ ਤੋਂ ਸਾਫ਼ ਹੁੰਦਾ ਹੈ।


ਦੂਜੇ ਪਾਸੇ ਰੱਬ ਦੇ ਪਿਆਰੇ ਭਾਵੇਂ ਉਹ ਕਿਸੇ ਧਰਮ, ਜਾਤ, ਪਾਤ ਰੰਗ, ਰੂਪ ਦੇ ਹੋਣ, ਉਹ ਅੰਮ੍ਰਿਤ ਵੇਲੇ ਉੱਠ ਕੇ ਕਰਤਾਰ ਦਾ ਨਾਮ ਜਪਦੇ ਹਨ। ਉਹਨਾਂ ਦੇ ਹਿਰਦੇ ਵਿੱਚੋਂ ਆਤਮਿਕ ਲਹਿਰਾਂ ਅਤੇ ਕਿਰਨਾਂ ਵਾਯੂਮੰਡਲ ਵਿੱਚ ਪ੍ਰਵੇਸ਼ ਕਰਦੀਆਂ ਹਨ। ਜੋ ਅੰਮ੍ਰਿਤ ਵੇਲੇ ਨਾਮ ਜਪਣ ਵਾਲੇ ਜਗਿਆਸੂਆਂ ਦੀ ਬਿਰਤੀ ਜੋੜਨ ਵਿੱਚ ਸਹਾਇਤਾ ਕਰਦੀਆਂ ਹਨ।

ਅੰਮ੍ਰਿਤ ਵੇਲੇ ਕੋਈ ਸ਼ੋਰ ਸ਼ਰਾਬਾ ਅਤੇ ਰੌਲਾ ਰੱਪਾ ਨਹੀਂ ਹੁੰਦਾ। ਸਾਰੀ ਕੁਦਰਤ ਸਹਿਜ ਸੁਭਾਏ ਰੱਬੀ ਰੰਗ ਵਿੱਚ ਲਿਪਤ ਹੁੰਦੀ ਹੈ। ਜਿਸ ਦਾ ਅਸਰ ਅੰਮ੍ਰਿਤ ਵੇਲੇ ਉਠ ਕੇ ਨਾਮ ਜਪਣ ਵਾਲੇ ਜਗਿਆਸੂਆਂ ਦੇ ਹਿਰਦੇ ਵਿੱਚ ਪੈਂਦਾ ਹੈ ਅਤੇ ਉਹਨਾਂ ਦੀ ਬਿਰਤੀ ਸਹਿਜ ਸੁਭਾਏ ਕਰਤਾਰ ਨਾਲ ਜੁੜ ਜਾਂਦੀ ਹੈ।

ਰਾਤੀ ਪਹਿਲੇ ਵੇਲੇ ਸੌਣ ਨਾਲ ਸਰੀਰ ਨੂੰ ਆਰਾਮ ਮਿਲ ਜਾਂਦਾ ਹੈ ਅਤੇ ਦਿਮਾਗ ਤਾਜ਼ਾ ਦਮ ਹੋ ਜਾਂਦਾ ਹੈ। ਇਸ ਤਰ੍ਹਾਂ ਜਗਿਆਸੂ ਅੰਮ੍ਰਿਤ ਵੇਲੇ ਉੱਠ ਕੇ ਇਕਾਗ੍ਰਤਾ ਨਾਲ ਤਾਜ਼ਾ ਦਮ ਹੋ ਕੇ ਕਰਤਾਰ ਦਾ ਨਾਮ ਜਪ ਸਕਦਾ ਹੈ। ਅੰਮ੍ਰਿਤ ਵੇਲੇ ਉੱਠ ਕੇ ਕਰਤਾਰ ਦਾ ਨਾਮ ਜਪਣ ਵਾਲੇ ਪੁਰਸ਼ ਨੂੰ ਜੋ ਮਨ ਦਾ ਖੇੜਾ ਅਤੇ ਆਤਮਿਕ ਸ਼ਕਤੀ ਮਿਲਦੀ ਹੈ ਉਸ ਨਾਲ ਉਹ ਬੜੇ ਉਤਸ਼ਾਹ ਨਾਲ ਸਾਰਾ ਦਿਨ ਨਿਰਲੇਪ ਹੋ ਕੇ ਆਪਣੇ ਕਾਰੋਬਾਰ ਨੂੰ ਅੱਛੀ ਤਰ੍ਹਾਂ ਨਿਭਾਉਂਦਾ ਹੋਇਆ ਉਹ ਕਰਮ ਜੋਗੀ ਬਣ ਜਾਂਦਾ ਹੈ।

## ਸਿਮਰਨ ਦਾ ਤਰੀਕਾ

ਜਗਿਆਸੂ ਕਰਤਾਰ ਦਾ ਕੋਈ ਨਾਮ ਚੁਣ ਲਏ ਜੈਸਾ ਕਿ ਗਾਡ (ਖੁਦਾ), ਅੱਲ੍ਹਾ, ਰਾਮ, ਓਮ,



ਵਿਸ਼ਵ ਸ਼ਾਂਤੀ ਕਾਨਫਰੰਸ ਤੋਂ ਵਾਪਸ ਪਰਤ ਕੇ ਸੰਤ ਤੇਜਾ ਸਿੰਘ ਜੀ ਨੇਗਰੀ ਸੈਂਬੀਲਾ
ਦੇ ਸੁਲਤਾਨ ਐਚ. ਐਚ. ਨਾਲ ਮੁਲਾਕਾਤ ਕਰ ਰਹੇ ਹਨ ।

ਵਾਹਿਗੁਰੂ ਆਦਿ ਅਤੇ ਬੜੇ ਸਧਾਰਨ ਅਤੇ ਪ੍ਰੇਮਾ ਬਿਰਤੀ ਨਾਲ ਸਿਮਰਨ ਸ਼ੁਰੂ ਕਰੇ। ਇਸ ਦਾ ਤਰੀਕਾ ਇਸ ਤਰ੍ਹਾਂ ਹੈ ਕਿ ਉਹ ਚੌਂਕੜੀ ਮਾਰ ਸਾਵਧਾਨ ਹੋ ਕੇ ਬੈਠ ਜਾਵੇ, ਹਿਰਦੇ ਵਿੱਚ ਪੂਰਨ ਪ੍ਰੇਮ ਅਤੇ ਲਗਨ ਨਾਲ ਹੌਲੀ-ਹੌਲੀ ਲਗਾਤਾਰ ਕਰਤਾਰ ਦਾ ਨਾਮ ਜਪੇ ਤੇ ਉਸ ਦੇ ਨਾਮ ਦਾ ਉਦੇਸ਼ ਅਤੇ ਭਾਵ ਆਪਣੇ ਹਿਰਦੇ ਵਿੱਚ ਵਸਾਏ। ਅੰਮ੍ਰਿਤ ਵੇਲੇ ਇੱਕ ਘੰਟਾ ਜਾਂ ਅਧਿਕ ਸਮੇਂ ਰੋਜ਼ਾਨਾ ਨਾਮ ਜਪੇ ਫੇਰ ਸਾਧ-ਸੰਗਤ ਵਿੱਚ ਜੁੜ ਕੇ ਰੱਬੀ-ਬਾਣੀ ਦਾ ਸ਼ਬਦ-ਕੀਰਤਨ ਕਰੇ।

## ਸਿਮਰਨ ਦਾ ਪ੍ਰਭਾਵ ਅਤੇ ਕਰਾਮਾਤ

ਹਰ ਮਨੁੱਖ ਵਿੱਚ ਅਕਾਲ ਪੁਰਖ ਦੀ ਜੋਤ ਹੈ ਪਰ ਇਸ ਨੂੰ ਇਹ ਜੋਤ ਇਸ ਕਰਕੇ ਨਹੀਂ ਦਿੱਸਦੀ ਕਿਉਂਕਿ ਇਸ ਨੇ ਆਪਣੇ ਮਨ ਦੀਆਂ ਅੱਖਾਂ ਉੱਤੇ ਆਪਣੇ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦੇ ਅਧੀਨ ਕੀਤੇ ਹੋਏ ਕੰਮਾਂ ਦਾ ਪਰਦਾ ਪਾ ਰੱਖਿਆ ਹੈ।

ਜਿਸ ਤਰ੍ਹਾਂ ਸਿਖ਼ਰ ਦੁਪਹਿਰ ਵੇਲੇ ਦਾ ਚਮਕਦਾ ਸੂਰਜ ਬੱਦਲ ਆਣ ਕਰਕੇ ਛੁਪ ਜਾਂਦਾ ਹੈ ਅਤੇ ਉਸ ਦੀ ਰੋਸ਼ਨੀ ਅਲੋਪ ਹੋ ਜਾਂਦੀ ਹੈ। ਇਸੇ ਤਰ੍ਹਾਂ ਹੀ ਸਾਡੇ ਅੰਦਰ ਰੱਬੀ ਜੋਤ ਉੱਤੇ ਸਾਡੇ ਕੀਤੇ ਹੋਏ ਦੁਨਿਆਵੀ ਅਤੇ ਪਸ਼ੂ-ਬਿਰਤੀ ਸੁਆਰਥਾਂ ਦਾ ਬੱਦਲ ਆ ਜਾਂਦਾ ਹੈ। ਇਲਾਹੀ ਜੋਤ ਅਨੁਭਵ ਨਹੀਂ ਹੁੰਦੀ। ਆਹਿਸਤਾ-ਆਹਿਸਤਾ ਲਗਾਤਾਰ ਪੂਰਨ ਪ੍ਰੇਮ, ਉਤਸ਼ਾਹ ਨਾਲ ਨਾਮ ਜਪਣ ਕਰਕੇ ਅਤੇ ਕਰਤਾਰ ਦੇ ਗੁਣ ਗਾਇਨ ਕਰਕੇ ਸਾਡੇ ਅੰਤਹਕਰਨ ਤੋਂ ਸਾਡੇ ਅਵਗੁਣਾਂ ਦੇ ਬੱਦਲ ਉੱਡ ਜਾਂਦੇ ਹਨ ਦ੍ਰਿਸ਼ਟਮਾਨ ਦਾ ਮੋਹ ਟੁੱਟ ਜਾਂਦਾ ਹੈ, ਭਰਮ ਦਾ ਪਰਦਾ ਦੂਰ ਹੋ ਜਾਂਦਾ ਹੈ ਅਤੇ ਰੱਬੀ ਜੋਤ ਦਾ ਪ੍ਰਕਾਸ਼ ਹੋ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਜਪੁਜੀ ਸਾਹਿਬ ਵਿੱਚ ਫੁਰਮਾਇਆ ਹੈ ਕਿ ਜਿਸ ਤਰ੍ਹਾਂ ਹੱਥਾਂ ਪੈਰਾਂ ਅਤੇ ਕੱਪੜਿਆਂ ਦੀ ਮੈਲ ਸਾਬਣ ਨਾਲ ਧੋ ਕੇ ਲਾਹੀ ਦੀ ਹੈ, ਇਸੇ ਤਰ੍ਹਾਂ ਹੀ ਮਨ ਤੋਂ ਅਵਗੁਣਾਂ ਦੀ ਮੈਲ ਨਾਮ ਜਪਣ ਦੀ ਰੰਗਣ ਨਾਲ ਧੋਤੀ ਜਾਂਦੀ ਹੈ ਅਤੇ ਮਨ ਨਿਰਮਲ ਹੋ ਜਾਂਦਾ ਹੈ।

**ਭਰੀਐ ਹਥੁ ਪੈਰੁ ਤਨੁ ਦੇਹ ॥ ਪਾਣੀ ਧੋਤੈ ਉਤਰਸੁ ਖੇਹ ॥**
**ਮੂਤ ਪਲੀਤੀ ਕਪੜੁ ਹੋਇ ॥ ਦੇ ਸਾਬੂਣੁ ਲਈਐ ਓਹੁ ਧੋਇ ॥**
**ਭਰੀਐ ਮਤਿ ਪਾਪਾ ਕੈ ਸੰਗਿ ॥ ਓਹੁ ਧੋਪੈ ਨਾਵੈ ਕੈ ਰੰਗਿ ॥**
**ਪੁੰਨੀ ਪਾਪੀ ਆਖਣੁ ਨਾਹਿ ॥ ਕਰਿ ਕਰਿ ਕਰਣਾ ਲਿਖਿ ਲੈ ਜਾਹੁ ॥**
**ਆਪੇ ਬੀਜਿ ਆਪੇ ਹੀ ਖਾਹੁ ॥ ਨਾਨਕ ਹੁਕਮੀ ਆਵਹੁ ਜਾਹੁ ॥੨੦॥** (੪)

ਇਸ ਤਰ੍ਹਾਂ ਨਾਮ-ਬਾਣੀ ਸਿਮਰਨ ਨਾਲ, ਮਨ ਸਰਬ-ਵਿਆਪੀ ਪਰੀਪੂਰਨ ਪਰਮਾਤਮਾ ਦੀ ਜਾਗਦੀ ਜੋਤ ਵਿੱਚ ਇੱਕ ਸੁਰ ਲੀਨ ਹੋ ਜਾਂਦਾ ਹੈ। ਉਸ ਦੀ ਆਪਣੀ ਵੱਖਰੀ ਹੋਂਦ (ਹਉਮੈ) ਮਿਟ ਜਾਂਦੀ ਹੈ। ਆਤਮ-ਪਦ ਦਾ ਪਾਂਧੀ ਗੁਰਮੁਖ ਬ੍ਰਹਮ ਗਿਆਨੀ ਹੋ ਜਾਂਦਾ ਹੈ। ਜਿਸ ਤਰ੍ਹਾਂ ਪਾਣੀ ਦਾ ਕਤਰਾ ਸਮੁੰਦਰ ਵਿੱਚ ਮਿਲ ਕੇ ਸਮੁੰਦਰ ਰੂਪ ਹੋ ਜਾਂਦਾ ਹੈ ਪਰ ਉਹ ਅਥਾਹ ਸਮੁੰਦਰ ਦੀ ਅਗਾਧ-ਬੋਧ ਨੂੰ ਦਰਸਾ ਨਹੀਂ ਸਕਦਾ।

ਪਰਮਾਤਮਾ ਅਨੁਭਵ ਦਾ ਵਿਸ਼ਾ ਹੈ। ਮਨੁੱਖ ਦੀ ਸੀਮਤ ਬੁੱਧੀ ਅਤੇ ਚਤੁਰਾਈ ਇਸ ਨੂੰ ਲਖ ਨਹੀਂ ਸਕਦੀ। ਪਰਮਾਤਮਾ ਦੀ ਹੋਂਦ ਨੂੰ ਅਨੁਭਵ ਕੀਤਾ ਜਾ ਸਕਦਾ ਹੈ ਪਰ ਅੱਖਰਾਂ ਅਤੇ ਦੁਨਿਆਵੀ ਬੋਲੀ ਨਾਲ

ਬਿਆਨ ਨਹੀਂ ਕੀਤਾ ਜਾ ਸਕਦਾ। ਜਿਸ ਤਰ੍ਹਾਂ ਖੁਸ਼ੀ ਜਾਂ ਗਮੀ ਮਹਿਸੂਸ ਕੀਤੀ ਜਾ ਸਕਦੀ ਹੈ, ਪਰ ਅੱਖਰਾਂ ਵਿੱਚ ਉਸ ਦਾ ਬਿਆਨ ਨਹੀਂ ਕੀਤਾ ਜਾ ਸਕਦਾ ਹੈ।

ਆਓ! ਅਸੀਂ ਵੱਖ ਵੱਖ ਧਰਮਾਂ, ਦੇਸ਼ਾਂ ਅਤੇ ਜਾਤੀਆਂ ਦੇ ਸਾਰੇ ਪ੍ਰਤੀਨਿਧ ਅਕਾਲ ਪੁਰਖ ਦਾ ਨਾਮ ਸਿਮਰਨ, ਉਸ ਦੀ ਮਹਿਮਾ ਵਿੱਚ ਸ਼ਬਦ ਕੀਰਤਨ ਗਾਉਣ ਅਤੇ ਮਨੁੱਖਤਾ ਦੀ ਨਿਸ਼ਕਾਮ ਸੇਵਾ ਕਰਨ ਉਪਰ ਸਾਰਾ ਜ਼ੋਰ ਦੇਈਏ। ਆਪਣੇ ਸਾਥੀਆਂ ਨਾਲ ਬੜੀ ਨਿਮਰਤਾ ਨਾਲ ਰਹੀਏ ਅਤੇ ਠੀਕ ਵਰਤਾਉ ਕਰੀਏ ਤਾਂ ਕਿ ਸਰਬ ਵਿਆਪਕ ਜੋਤ ਨਾਲ ਜੁੜ ਸਕੀਏ। ਤਾਂ ਉਹ ਦਿਨ (ਜਿਸ ਬਾਰੇ ਸਾਰੇ ਅਵਤਾਰਾਂ, ਸੰਤਾਂ, ਭਗਤਾਂ, ਰਹਿਬਰਾਂ, ਪੈਗੰਬਰਾਂ ਅਤੇ ਗੁਰੂਆਂ ਨੇ ਭਵਿੱਖ ਬਾਣੀ ਕੀਤੀ ਹੈ) ਦੂਰ ਨਹੀਂ ਰਹੇਗਾ ਜਦੋਂ ਸਾਰੇ ਲੋਕੀ ਆਪਸੀ ਪਿਆਰ, ਵਿਸ਼ਵਾਸ ਅਤੇ ਸਦਭਾਵਨਾ ਵਿੱਚ ਰਹਿਣਗੇ ਤਾਂ ਉਹ ਸੱਚੀ ਆਤਮਿਕ ਖੁਸ਼ੀ ਪ੍ਰਾਪਤ ਕਰਨਗੇ।

ਤਲਵਾਰ, ਖੇਤੀ ਵਾਹੁਣ ਵਾਲੇ ਹਲ਼ ਦਾ ਫਾਲਾ ਬਣ ਜਾਵੇਗੀ। ਆਤਮਿਕ ਸ਼ਾਂਤੀ ਅਤੇ ਅਨੰਦ ਭਰਿਆ ਸਵਰਗ ਇਸੇ ਧਰਤੀ ਤੇ ਹੀ ਉਤਰ ਆਵੇਗਾ, ਜਿਹੜੀ ਕਿ ਹੁਣ ਆਪਸੀ ਨਫ਼ਰਤ, ਪਾਖੰਡ, ਪੂਜਾ, ਘਟੀਆ ਕਿਸਮ ਦੇ ਸਰੀਰਕ ਭੋਗਾਂ ਲਈ ਹੋ ਰਹੀ ਦੌੜ ਨੇ ਲੀਰੋ ਲੀਰ ਕਰ ਦਿੱਤੀ ਹੋਈ ਹੈ।

ਓਮ, ਅਮੀਨ, ਸਤਿ ਸ੍ਰੀ ਅਕਾਲ, ਅਲਾਹ, ਅੱਲ੍ਹਾ ਹੂ ਅਕਬਰ, ਸ਼ਾਂਤੀ, ਸ਼ਾਂਤੀ, ਸ਼ਾਂਤੀ।



ਸੰਤ ਤੇਜਾ ਸਿੰਘ ਜੀ (ਸਿੰਗਾਪੁਰ ਮਲਾਇਆ, 1956)

# The Way to Establish Permanent Peace

*Address by Sant Teja Singh, M.A. LLB (Punjab), AM(Harvard, USA) on the occasion of the Eighth Congress of Religions for the World Peace Organised by Ananai-Kyo, Shimizu City, Japan 1956.*

*Ik Onkar Satgur Parsad*

**ੴ ਸਤਿਗੁਰ ਪ੍ਰਸਾਦਿ ॥**

I*k Onkar Satnam Karta Purkh Nirbhau Nirvair*

*Akal Moorat Ajooni Saibhang Gurparsad.*

*Jap*

*Aad Sach Jugad Sach.*

*Hai Bhee Sach Nanak Hosi Bhee Sach.*

**ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ**

**ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥**

**॥ ਜਪੁ ॥**

**ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥**

There is but one all embracing and all powerful Divinity, who manifests Himself first in the shape of the Word, and then through the whole Created Universe.

He is the One-in-All and the All-in-One. He is the Eternal Reality and His name is also Eternal.

He is the Creator and has the power of Independent self creation. (He can create everything by Himself).

He is above all fear, and above all enmity.

He is a deathless Being, is immortal and is free from birth and rebirth.

He is self-existent and the fountain-head of all the motive force in the universe.

He can be realized through the Satguru (One who has realized the Divine within and has become God Conscious).

Sayeth Nanak, O, Searcher after Truth, meditate on the name. Waheguru, God the Boundless Divine Reality, the remover of the veil of Ignorance from the human mind, who was true and self existent before creation, was true through all the ages (Yugas), is true now, and shall be true and self-existent for all times to come.

Religion is a subjective Research. It is as scientific, nay more exact in its realization than the objective research called science. The whole material world is the manifestation of the Eternal Divine. In other words, the whole physical world is the physical frame of God. The scientific research deals with this frame. For long, science groped in darkness and classified matter and spirit as two distinct

things but now its ultimate research has found in the words of J B S Haldane :

"The material world, which has been taken for a world of blind mechanism, is in reality a spiritual world, seen very partially and imperfectly".

The only real world is the Spiritual World, The Truth is that not matter, not force, not any physical thing, but mind and personality is the Central fact of the universe. This is now supported by all advanced physicists.

**Albert Einstein :**

I believe in God, the God of Spinoza, who reveals Himself in the orderly harmony of the universe. I believe that intelligence is manifested throughout all nature.

**Kirtler F Mather:**

For several decades the results of scientific investigation appeared to be leading directly towards a mechanic explanation of the nature of cosmic energy. All that has changed in the last few years. We now know that the latest of the analysis of material objects, when we penetrate as far as we may into the secret of the nature of things, gives wholly different impression from that which our fathers had a generation ago............ The nearest approach we have thus far made to the ultimate in our analysis of matter and of energy indicates that the universal reality is mind. Matter becomes simply an expression of mind. This represents my belief about God. It leads naturally to a statement about personality. For me God is everything in the universe which tends to produce a fine personality in human being.

Unfortunately the Real looking within, and the Realization of the Divine in the human heart has been neglected by most of the religious cults. Rituals and forms have taken the first place, and the essentials of the Divine Research, meditation on the Divine Name, daily Hari Kirtan (singing hymns in the Divine praise), the practice of the Religious Truths in our daily life, have been relegated to a secondary one.

It is the duty of all the religionists to come on a common platform and give to the world the message so simply and forcefully given by Guru Arjan (the fifth Guru Nanak) in his Sukhmani Sahib (The jewel of Peace and Atonement).

The purest and highest Dharma (Religion) is :

Meditation on the Divine Name and the performance of righteous and unselfish actions in our daily life.

"Sarab Dharam Meh Srest Dharam

Har Ko Naam Jap Nirmal Karam"

"ਸਰਬ ਧਰਮ ਮਹਿ ਸ੍ਰੇਸਟ ਧਰਮੁ ॥

ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥" (266)

The way to this World Federation of Religions has been paved by Guru Arjan, by bringing on the same spiritual platform all those who meditated on the Divine Name, without any distinction of caste, creed, race or colour, on the land of Hindustan. Not only he brings them on the same stage as equal co-partners in the spiritual Realm, but he also demonstrates scientifically for the first time in the history of religion, that the Sphere of God Consciousness or the Realization of the Divine Within is a real permanent and fixed stage, which a Searcher after Truth can reach if he sincerely carries on the research and goes on the path of devotion and prayer without falling into the pitfall which come in the way of this long and arduous journey.

In the first stage of one's Devotional Career, worldly fame and success naturally come to him. If he is puffed up by this, he falls into the pit of pride . If, however, in deep humility and meekness he goes on and thinks that all fame and success is God's, then occult powers begin developing in him. *Ridhi* and *Sidhi* knock at his door. People are attracted to him with all kinds of offerings in money and kind.

If he begins using them for his personal comforts only, then further progress is stopped. If, however, he spends them for the unselfish services of mankind in any shape or form then he reaches the stage *Sidhi,* whatever he speaks out comes to pass.

This stage is the most slippery one in the path of Divine Realization. People flock to him for the attainment of worldly ends and ask for his blessings. If he begins doing so, he stops all further progress and fritters away the power he has so far attained.

If, however, he keeps his power under control, then, he reaches the stage of knowledge, Past and future open to him and he gets a Vision of the immensity of this universe. Then he humbly falls down on his knees and feels in the words of Issac Newton "that he is only picking pebbles on the shores of the boundless ocean of the pervading Divine mind." In this frame of mind. God's grace descends upon him and he becomes at one with the One-in-All and the All-in-One.

When collecting the sacred hymns of the first four Gurus (Guru Nanak, Angad, Amardas, and Ramdas) in Guru Granth Sahib, the Holy Scripture of the Sikhs, Guru Arjan has, side by side with his own hymns and those of the first four Gurus, placed the hymns of all *Bhagats* of the $15^{th}$ century who followed the path of devotion and prayer and realized the Divine within.

These *Bhagats* belonged to all classes and religions, and in the beginning followed the rites and rituals of their own sect, but as they went on, all rituals and forms dropped away and they all with one voice proclaimed the same Truth, the Existence and the Realization of an all pervading embracing Divine Reality, the One-in-All and the All-in-One. Thus establishing once for all that the Sphere of God Consciousness is a Live Realization , and he who honestly searches after it in meek humility, and keeps the company of God Conscious persons reaches it.

Here I will describe seven of these *Bhagats* and give their final experiences in their own words :

**I. Ramanand** was a Gaurh Brahman and a Vaishnava . He was an extreme devotee of outward cleanliness and ritualism. He started as a worshipper of Krishna Moorti. Then took to meditation on Ram (the all pervading). Being an honest searcher after truth, he went on his way of meditation and prayer and ultimately reached the stage which is given in his own words ( page 1195, Guru Granth Sahib)

*Basant Ramanand Ji Ghar 1*
*Ik Onkar Satgur Parsad*
*Kat Jayiai Re Ghar Lago Rang.*
*Mera Chitt Na Chalie Man Bhayo Pang . (Rhao)*
*Ek Diwas Man Bhae Umang. Ghas Chandan Choa Bauh Sugandh.*
*Poojan Chaalli Brahm Thai. So Brahm Bataio Gur Man Hee Mahe. (1)*
*Jaha Jayiai Tah Jal Pakhan. Tu Poor Rahio Hai Sab Samaan.*
*Bed Puran Sabh Dekhe Joae. Oohan Tau Jayiai Jau Ihan Na Hoi. (2)*
*Satgur Mein Balihaari Tor. Jin Sakal Bikal Bharam Kaate Mor.*
*Ramanand Swami Ramat Braham. Gur Ka Sabad Kattai Kot Karam. (3) (1)*

ਰਾਮਾਨੰਦ ਜੀ ਘਰੁ ੧ ੴ ਸਤਿਗੁਰ ਪ੍ਰਸਾਦਿ ॥

ਕਤ ਜਾਈਐ ਰੇ ਘਰ ਲਾਗੋ ਰੰਗੁ ॥
ਮੇਰਾ ਚਿਤੁ ਨ ਚਲੈ ਮਨੁ ਭਇਓ ਪੰਗੁ ॥੧॥ ਰਹਾਉ ॥
ਏਕ ਦਿਵਸ ਮਨ ਭਈ ਉਮੰਗ ॥ ਘਸਿ ਚੰਦਨ ਚੋਆ ਬਹੁ ਸੁਗੰਧ ॥
ਪੂਜਨ ਚਾਲੀ ਬ੍ਰਹਮ ਠਾਇ ॥ ਸੋ ਬ੍ਰਹਮੁ ਬਤਾਇਓ ਗੁਰ ਮਨ ਹੀ ਮਾਹਿ ॥੧॥
ਜਹਾ ਜਾਈਐ ਤਹ ਜਲ ਪਖਾਨ ॥ ਤੂ ਪੂਰਿ ਰਹਿਓ ਹੈ ਸਭ ਸਮਾਨ ॥
ਬੇਦ ਪੁਰਾਨ ਸਭ ਦੇਖੇ ਜੋਇ ॥ ਊਹਾਂ ਤਉ ਜਾਈਐ ਜਉ ਈਹਾਂ ਨ ਹੋਇ ॥੨॥
ਸਤਿਗੁਰ ਮੈ ਬਲਿਹਾਰੀ ਤੋਰ ॥ ਜਿਨਿ ਸਕਲ ਬਿਕਲ ਭ੍ਰਮ ਕਾਟੇ ਮੋਰ ॥
ਰਾਮਾਨੰਦ ਸੁਆਮੀ ਰਮਤ ਬ੍ਰਹਮ ॥ ਗੁਰ ਕਾ ਸਬਦੁ ਕਾਟੈ ਕੋਟਿ ਕਰਮ ॥੩॥੧॥ (੧੧੯੫)

"Where shall I go now, I have realized the source of life and bliss in my own heart. My mind now does not wander, it has found its heaven of peace and bliss.

One day a desire to go to the temple rose in my mind. I rubbed Sandal wood with water and made a paste of it, took rose water and all kinds of scents and started for the temple of God. But now the Guru has made me realize the Divine in my own heart.

Wherever I go to the temple, I only see water and stone images, but Thou O Lord art all pervading. I have closely studied the Vedas and the Puranas in the search of God. However, there is no need of going to them. He is a live reality in the human heart. O my Satguru (the shower of the Path Realization), I am a sacrifice to Thee. You have completely uprooted all my doubts and fears. Ramanand Swami now realizes the all pervading Divine. The meditation on the Gurmantra Ram, given to me by the Guru, has freed me from the shackles of all past *Karmas*".

**II. Bhagat Kabir was a weaver by caste. He was disciple of Ramanand. He meditated on the all pervading Ram and was known as the greatest** *Bhagat of his time, a Braham Giani who felt the whole universe as a manifestation of the Divine and saw God in everything, which he in his own words puts thus (page 1349, Guru Granth Sahib):*

*Prabhati, kabir Jio*

*Aval Alah Noor Upaaya Kudrat Ke Sab Bandai.*

*Ek Noor Te Sab Jag Upjia Kaun Bhalai Ko Mandai. (1)*

*Loga Bharam Na Bhoolo Bhai.*

*Khaalik Khalak Khalak Meh Khaalik*

*Poor Rahio Sarb Thaain (1) Rhao*

*Maati Ek Anek Bhaanti Kar Saaji Saajanhaarai.*

*Na Kachh Poch Maati Ke Bhaandai.*

*Na Kachh Poch Kanbhaare (2)*

*Sab Meh Sacha Eko Soi Tis Ka Kiya Sabh Kachh Hoi.*

*Hukam Pachhaane So Eko Jaane Banda Kahie Soi (3)*
*Aloh Alakh Na Jai Lakhia Gur Gurh Dina Meetha.*
*Kah Kabir Meri Sanka Naasi Sarb Niranjan Ditha (4) (3)*

ਪ੍ਰਭਾਤੀ ਬਾਣੀ ਭਗਤ ਕਬੀਰ ਜੀ ਕੀ ॥

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥੧॥
ਲੋਗਾ ਭਰਮਿ ਨ ਭੂਲਹੁ ਭਾਈ ॥
ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ ॥੧॥ ਰਹਾਉ ॥
ਮਾਟੀ ਏਕ ਅਨੇਕ ਭਾਂਤਿ ਕਰਿ ਸਾਜੀ ਸਾਜਨਹਾਰੈ ॥
ਨਾ ਕਛੁ ਪੋਚ ਮਾਟੀ ਕੇ ਭਾਂਡੇ ਨਾ ਕਛੁ ਪੋਚ ਕੁੰਭਾਰੈ ॥੨॥
ਸਭ ਮਹਿ ਸਚਾ ਏਕੋ ਸੋਈ ਤਿਸ ਕਾ ਕੀਆ ਸਭੁ ਕਛੁ ਹੋਈ ॥
ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ ॥੩॥
ਅਲਹੁ ਅਲਖੁ ਨ ਜਾਈ ਲਖਿਆ ਗੁਰਿ ਗੁੜੁ ਦੀਨਾ ਮੀਠਾ ॥
ਕਹਿ ਕਬੀਰ ਮੇਰੀ ਸੰਕਾ ਨਾਸੀ ਸਰਬ ਨਿਰੰਜਨੁ ਡੀਠਾ ॥੪॥੩॥ (੧੩੪੯)

"The first manifestation of Alah was Light, and then nature evolved all mankind. The whole created universe sprang up from One Divine Light, then whom shall we call good and whom bad (high or low). O man, do not lose yourself in false doubts. He is the One-in-All and the All-in-One and pervades the whole creation. The creator is in His universe and the universe is in Him. Like a potter he has crated all kinds of forms and species, from one common clay (Panch Tat). Both the created forms and the creator are natural and faultless. The same Divine Reality pervades all the created things and He is the sole creator. He who intunes Himself with the Divine Law, realizes the one everlasting Godhood. Such a person has the right to be called a man (an ideal man who has reached the goal of true mahood). The Guru (God Conscious Guide) has given me the Sweet Divine Name, whose taste like a dumb person I can feel but cannot express in words. Sayeth Kabir, all my doubts have been removed and I see the Divine everywhere through and through the whole created universe".

**III. Namdev a Maharashtrian** *Bhagat (a devotee of Gobind), was washerman, dyer and calico printer. He started his devotional career as an idol worshipper, but being a true and non-sophisticated searcher after the Eternal Divine*

*reached the stage of self-realization. He says (Page 988, Guru Granth Sahib) :*

*Mali Gaura Bhagat Namadev Ji*

*Sabhai Ghat Raam Bolai Raama Bolai.*

*Raam Bina Ko Bolai Re. (1) (Rhao)*

*Ekal Maati Kunchar Chiti Bhaajan Hai Bauh Naana Re.*

*Asthaawar Jangam Keet Patangam Ghat Ghat Raam Samaana Re. (1)*

*Ekal Chintta Raakh Ananta Aur Tjoh Sabh Aasa Re.*

*Pranhwai Naama Bhae Nihkaama Ko Thaakur Ko Daasa Re. (2) (3)*

ਮਾਲੀ ਗਉੜਾ ਬਾਣੀ ਭਗਤ ਨਾਮਦੇਵ ਜੀ ਕੀ ॥

ਸਭੈ ਘਟ ਰਾਮੁ ਬੋਲੈ ਰਾਮਾ ਬੋਲੈ ॥

ਰਾਮ ਬਿਨਾ ਕੋ ਬੋਲੈ ਰੇ ॥੧॥ ਰਹਾਉ ॥

ਏਕਲ ਮਾਟੀ ਕੁੰਜਰ ਚੀਟੀ ਭਾਜਨ ਹੈਂ ਬਹੁ ਨਾਨਾ ਰੇ ॥

ਅਸਥਾਵਰ ਜੰਗਮ ਕੀਟ ਪਤੰਗਮ ਘਟਿ ਘਟਿ ਰਾਮੁ ਸਮਾਨਾ ਰੇ ॥੧॥

ਏਕਲ ਚਿੰਤਾ ਰਾਖੁ ਅਨੰਤਾ ਅਉਰ ਤਜਹੁ ਸਭ ਆਸਾ ਰੇ ॥

ਪ੍ਰਣਵੈ ਨਾਮਾ ਭਏ ਨਿਹਕਾਮਾ ਕੋ ਠਾਕੁਰੁ ਕੋ ਦਾਸਾ ਰੇ ॥੨॥੩॥ (੯੮੮)

"Rama speaks through all the created frames (bodies). None else but Rama speaks. From an ant to an elephant all variegated forms have been created out of one clay (composite of five elements). Rama pervades through the mineral kingdom. The creatures which walk on their legs, the worms, insects and birds flying in the air. It is He who moves in them.

Then O man, give up all attachments to the worldly things and rising above all desires, ever keep the mind fixed on the Divine Name. Then sayeth Namdev in deep humility and meekness, thou shalt become a selfless searcher after Truth and become one with Him. The worshipper and the worshipped Divinity shall blend into each other".

**IV. Sheikh Farid or Sheikh Brahm was a Mohammedan searcher after Truth. He followed the rites and rituals of his religion and was very strict in saying his** *Namaz (Mohammedan Prayer) five times a day. He meditated every morning on Alah. Being a true and an honest seeker he reached the conclusion that God existed in the hearts of all men and if one really wishes to realize Him, he should not hurt the feelings of any one.*

In his own words Sheikh FarId says (Pgae 1384, Guru Granth Sahib) :

*Salok Farid Jio*

*Ik Phika Na Gaalai Sabhna Mai Sacha Dhanhi*

*Hiau Na Kehi Thaahe Maanak Sabh Amolwe (129)*

*Sabhna Man Manhik Thahunh Mool Machaangwa*

*Je Tau Piriya Di Sik Hiau Na Thaahe Kahida (130)*

ਸਲੋਕ ਸ਼ੇਖ ਫਰੀਦ ਜੀ ਕੇ ॥

ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ ॥

ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ ॥੧੨੯॥

ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ ॥

ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ ॥੧੩●॥ (੧੩੮੪)

"Do not speak rudely to any one, as the same Divine Master dwells in the hearts of all. Do not break the heart of any one, as every heart is a priceless jewel in the Divine Realm. The hearts of all are priceless jewels of Peace and Bliss. You should never give them a blow by word, deed or action. If you long for the Realization of the Divine Reality, then do not give a rude shock to the heart of any one.

**V. Bhaikhan was also a Mohammedan Saint. He meditated on the Divine Name and expressed his final Realization in the following words (Page 659, Guru Granth Sahib):**

*Rag Sorith Baanee Bhagat Bhikhan Kee*

*Ik Onkar Sat gur Parsad.*

*Aisa Nama Ratanu Nirmolku Punai Padarathu Paaiya*

*Anik Jatan Kari Hirde Rakhiaa Ratanu Na Chhapai Chhapaiaa.*

*Hari Gun Kehte Kehenu Na Jaee.*

*Jaise Goonge Kee Mithiaaee. (1) (Rahau)*

*Rasna Ramat Sunat Sukhu Sarwana*

*Chiti Chete Sukhu Hoee.*

*Kahu Bhikhan Duae Nain Santokhae*

*Jeh Dekhan Teh Soee. (2) (2)*

ਰਾਗੁ ਸੋਰਠਿ ਬਾਣੀ ਭਗਤ ਭੀਖਨ ਦੀ

ਐਸਾ ਨਾਮੁ ਰਤਨੁ ਨਿਰਮੋਲਕੁ ਪੁੰਨਿ ਪਦਾਰਥੁ ਪਾਇਆ ॥
ਅਨਿਕ ਜਤਨ ਕਰਿ ਹਿਰਦੈ ਰਾਖਿਆ ਰਤਨੁ ਨ ਛਪੈ ਛਪਾਇਆ ॥੧॥
ਹਰਿ ਗੁਨ ਕਹਤੇ ਕਹਨੁ ਨ ਜਾਈ ॥
ਜੈਸੇ ਗੂੰਗੇ ਕੀ ਮਿਠਿਆਈ ॥੧॥ਰਹਾਉ॥
ਰਸਨਾ ਰਮਤ ਸੁਨਤ ਸੁਖੁ ਸ੍ਰਵਨਾ ਚਿਤ ਚੇਤੇ ਸੁਖੁ ਹੋਈ ॥
ਕਹੁ ਭੀਖਨ ਦੁਇ ਨੈਨ ਸੰਤੋਖੇ ਜਹ ਦੇਖਾਂ ਤਹ ਸੋਈ ॥੨॥੨॥ (੬੫੯)

"The priceless jewel of the Divine Name has been bestowed upon me as a reward of my good Karmas. I*t has found a permanent place in my heart. In spite of all my efforts to hide, its glory* shines *forth on my forehead and radiates through the whole of my frame. The Divine attributes and His praise cannot be expressed in words. It is just like a dumb person who enjoys dainty sweets, but cannot find words for telling what he experiences. By meditating on the Divine Name with my tongue and hearing it with* my *ears and fixing it in my mind, I have attained a state of permanent bliss. Sayeth Bhikhan, my eyes have awakened to the Divine Glory, and I see Him everywhere".*

VI. Ravidass a cobbler by profession, devotes himself to meditation on Rama, the all pervading, and attains the stage of Enlightenment. High-caste Brahmins fall down at his feet to receive his blessings and get the gift of the Divine Name. The stage of mind which he reached is given here in his own words (Page 345, Guru Granth Sahib):

Gauri Ravidass Jio

Begam Pura Sahar Ko Nau. Dookh Andoh Nahi Tih Thaau.
Na Taswis Khiraj Na Maal. Khauf Na Khata Na Taras Jawaal (1)
Ab Mohe Khoob Vatan Gah Paaee. Uhan Khair Sada Mere Bhai. (1) (Rhao)
Kaim Daim Sada Paatsahi. Dom Na Sem Ek So Aahi.
Aaba Dan Sada Mashoor. Uha Gani Baseh Mamoor. (2)
Tio Tio Sail Kareh Jio Bhawai. Marham Mehal Na Ko Atkaawai.
Keh Ravidass Khlaas Chamaara. Jo Ham Sahri So Mit Hamaara. (3) (2)

ਰਾਗੁ ਗਉੜੀ ਰਵਿਦਾਸ ਜੀ ਕੇ ਪਦੇ ਗਉੜੀ ਗੁਆਰੇਰੀ

ਬੇਗਮ ਪੁਰਾ ਸਹਰ ਕੋ ਨਾਉ ॥ ਦੂਖੁ ਅੰਦੋਹੁ ਨਹੀ ਤਿਹਿ ਠਾਉ ॥
ਨਾਂ ਤਸਵੀਸ ਖਿਰਾਜੁ ਨ ਮਾਲੁ ॥ ਖਉਫੁ ਨ ਖਤਾ ਨ ਤਰਸੁ ਜਵਾਲੁ ॥੧॥
ਅਬ ਮੋਹਿ ਖੂਬ ਵਤਨ ਗਹ ਪਾਈ॥ ਊਹਾਂ ਖੈਰਿ ਸਦਾ ਮੇਰੇ ਭਾਈ ॥੧॥ਰਹਾਉ॥
ਕਾਇਮੁ ਦਾਇਮੁ ਸਦਾ ਪਾਤਿਸਾਹੀ ॥ ਦੋਮ ਨ ਸੇਮ ਏਕ ਸੋ ਆਹੀ ॥
ਆਬਾਦਾਨੁ ਸਦਾ ਮਸਹੂਰ ॥ ਊਹਾਂ ਗਨੀ ਬਸਹਿ ਮਾਮੂਰ ॥੨॥
ਤਿਉ ਤਿਉ ਸੈਲ ਕਰਹਿ ਜਿਉ ਭਾਵੈ ॥ ਮਹਰਮ ਮਹਲ ਨ ਕੋ ਅਟਕਾਵੈ ॥
ਕਹਿ ਰਵਿਦਾਸ ਖਲਾਸ ਚਮਾਰਾ ॥ ਜੋ ਹਮ ਸਹਰੀ ਸੁ ਮੀਤੁ ਹਮਾਰਾ ॥੩॥੨॥ (੩੪੫)

"I have reached that region of spiritual life which is free from all anxiety. There is no pain and sorrow. There is no attachment and no taxes to pay. I have risen above all fear, error and there is no coming down from this stage.

I have found my true Home and enjoy eternal bliss. The crown of everlasting spiritual Kingship has been bestowed on me . All thoughts of mine and thine, second or third have vanished. I see one and one alone. It is an ever glorious eternal realm and in it dwell those whose hearts are filled with the glory of God. Having reached at oneness with the Divine Law, their actions become spontaneous and natural, free from all restraints of attachment. Sayeth Ravidass Chamaar, all shackles of doubts and fears have been removed. I have become a free man and he who has reached this stage is my true friend and spiritual companion."

**VII. Pipa was Raja of Gungraogarh, India. He was a disciple of Ramanand and meditated on Rama, the all pervading. He gives his experience along the path of Self Realization in the following words (Page 695 Guru Granth Sahib) :**

*Dhanasari Bani Bhagatan Ki*
*Ik Onkar Satgur Parsad*

*Pipa*

*Kaiyo Deva Kaiyo Deval Kaiyo Jangam Jati*
*Kaiyo Dhoop Deep Nai Beda Kaiyo Pojao Paati (1)*
*Kaia Bauh Khand Khojte Nav Nidh pai*
*Na Kachh Aibo Na Kachh Jaibo Ram Ki Duhai (1) (Rhao)*
*Jo Brahmande Soi Pinde Jo Khojai So Pawai*
*Peepa Pranhwai Param Tatt Hai Satgur Hoe Lakhaawai (2)*

ਧਨਾਸਰੀ ਬਾਣੀ ਪੀਪਾ

ਕਾਯਉ ਦੇਵਾ ਕਾਇਅਉ ਦੇਵਲ ਕਾਇਅਉ ਜੰਗਮ ਜਾਤੀ ॥
ਕਾਇਅਉ ਧੂਪ ਦੀਪ ਨਈਬੇਦਾ ਕਾਇਅਉ ਪੂਜਉ ਪਾਤੀ ॥੧॥
ਕਾਇਆ ਬਹੁ ਖੰਡ ਖੋਜਤੇ ਨਵ ਨਿਧਿ ਪਾਈ ॥
ਨਾ ਕਛੁ ਆਇਬੋ ਨਾ ਕਛੁ ਜਾਇਬੋ ਰਾਮ ਕੀ ਦੁਹਾਈ ॥੧॥ ਰਹਾਉ ॥
ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥
ਪੀਪਾ ਪ੍ਰਣਵੈ ਪਰਮ ਤਤੁ ਹੈ ਸਤਿਗੁਰੁ ਹੋਇ ਲਖਾਵੈ ॥੨॥੩॥(੬੯੫)

"One need not go to a temple and worship a stone image. One need not burn incense, light ghee in earthen pots, take flowers and green leaves for Puja (for worship of the stone deity). Search within you and you shall realize the Divine who dwells in all human frames. The whole universe is a manifestation of the Eternal Divine. All forms spring from the Divine Ocean and then like waves in the sea merge into it.

The Eternal Divine who permeates the universe, is in every human heart. He who looks within by meditation and prayer realizes Him. In deep humility says Pipa, The Eternal Divine is an Everlasting Reality, and the guidance of a True Teacher, who is God Conscious, makes one realize Him, both within and without. The whole outlook is changed and the universe manifests itself clothed in one Divine Glory."

The above instances of seven searchers after God, who belong to various castes, creeds and ranks of society, who began their search after truth in their own way, but ultimately took to meditations on the Divine Name, Rama, Gobind or Alah, clearly shows to to us that every sincere and honest searcher after truth is naturally

guided in his path of self-realization and becomes God Conscious. His mind throbs with love for the whole created universe and all mankind appear to him as brothers and sisters in spirit, without any distinction of caste, creed, race or colour.

In the words of Guru Arjan, he feels (Page 1299, Guru Granth Sahib) :

*Kanrha Mahalla 5*

*Bissar Gai Sabh Taat Parai.*

*Jab Te Saadh Sangat Mohe Pai (1) (Rhao)*

*Na Ko Bairee Nahi Begaana Sagal Sang Ham Ko Ban Aaee. (1)*

*Jo Prabh Keeno So Bhal Manio Eh Summat Sadhu Te Paaee. (2)*

*Sabh Meh Rav Rahia Prabh Ekkai Pekh Pekh Nanak Bigsaai. (3) (8)*

ਕਾਨੜਾ ਮਹਲਾ ੫ ॥

ਬਿਸਰਿ ਗਈ ਸਭ ਤਾਤਿ ਪਰਾਈ ॥

ਜਬ ਤੇ ਸਾਧਸੰਗਤਿ ਮੋਹਿ ਪਾਈ ॥੧॥ ਰਹਾਉ ॥

ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥੧॥

ਜੋ ਪ੍ਰਭ ਕੀਨੋ ਸੋ ਭਲ ਮਾਨਿਓ ਏਹ ਸੁਮਤਿ ਸਾਧੂ ਤੇ ਪਾਈ ॥੨॥

ਸਭ ਮਹਿ ਰਵਿ ਰਹਿਆ ਪ੍ਰਭੁ ਏਕੈ ਪੇਖਿ ਪੇਖਿ ਨਾਨਕ ਬਿਗਸਾਈ ॥੩॥੮॥ (੧੨੯੯)

"Ever since I have found the company of Saints and followed their directions all thoughts of mine and thine have vanished. No one is my enemy and none a stranger. I feel every one as my spiritual Kith and Kin. Whatever God does is for the best. I always keep myself resigned to His Will. This balanced state of mind I have found by following the advice of God Conscious persons. I realize the Eternal Divine pervading through the whole created universe. It fills the heart of Nanak to see Him thus manifested in His Creation".

It is this Realization from within that can be a permanent basis of World Peace, for which we have assembled here, in this our Eighth World Congress of Religions for the establishment of World Peace. So let us grid up our loins and without leaving our independent Rites or Rituals bring all our Co-Religionists and the

general public to daily meditation on the Divine Name, Prayer and singing hymns in the Lord's Praise.

The Eternal Divine is one, but His names are different according to the language which we speak :

*Om, Alah, Ram, Waheguru, God ………..are a few names, which are given here. The searcher after the Divine within may choose any one of these or any other name with which his mind is associated, and begin his daily meditation with complete love and devotion. In the words of Guru Nanak in Jap Ji Sahib (Guru Granth Sahib, Page 4) :*

*Asankh Nav Asankh Thav. Aggam Aggam Asankh Loe.*
*Asankh Kaheh Sir Bhar Hoe. Akhari Nam Akhari Salah.*
*Akhri Gian Geet Gun Gah. Akhari Likhan Bolan Baan.*
*Akhara Sir Sanjog Wakhaan. Jin Eh Likhay Tis Sir Naeh.*
*Jiv Furmae Tiv Tiv Pae. Jeta Kita Teta Nao.*
*Vin Naaway Naahi Ko Thaao. Kudrat Kawan Kaha Vichaar.*
*Warya Na Jawa Ek Var. Jo Tudh Bhaway Saee Bhali Kaar.*
*Tu Sada Salamat Nirankar.*

**ਅਸੰਖ ਨਾਵ ਅਸੰਖ ਥਾਵ ॥ ਅਗੰਮ ਅਗੰਮ ਅਸੰਖ ਲੋਅ ॥**
**ਅਸੰਖ ਕਹਹਿ ਸਿਰਿ ਭਾਰੁ ਹੋਇ ॥ ਅਖਰੀ ਨਾਮੁ ਅਖਰੀ ਸਾਲਾਹ ॥**
**ਅਖਰੀ ਗਿਆਨੁ ਗੀਤ ਗੁਣ ਗਾਹ ॥ ਅਖਰੀ ਲਿਖਣੁ ਬੋਲਣੁ ਬਾਣਿ ॥**
**ਅਖਰਾ ਸਿਰਿ ਸੰਜੋਗੁ ਵਖਾਣਿ ॥ ਜਿਨਿ ਏਹਿ ਲਿਖੇ ਤਿਸੁ ਸਿਰਿ ਨਾਹਿ ॥**
**ਜਿਵ ਫੁਰਮਾਏ ਤਿਵ ਤਿਵ ਪਾਹਿ ॥ ਜੇਤਾ ਕੀਤਾ ਤੇਤਾ ਨਾਉ ॥**
**ਵਿਣੁ ਨਾਵੈ ਨਾਹੀ ਕੋ ਥਾਉ ॥ ਕੁਦਰਤਿ ਕਵਣ ਕਹਾ ਵੀਚਾਰੁ ॥**
**ਵਾਰਿਆ ਨ ਜਾਵਾ ਏਕ ਵਾਰ ॥ ਜੋ ਤੁਧੁ ਭਾਵੈ ਸਾਈ ਭਲੀ ਕਾਰ ॥**
**ਤੂ ਸਦਾ ਸਲਾਮਤਿ ਨਿਰੰਕਾਰ ॥੧੯॥ (੪)**

"There are countless names of the Divine Reality. There are countless places (worlds) which are beyond the reach of human understanding. His creation

is so vast, and immense that any one who limits their number to thousands of billions, has to bear the sin of telling what is far beyond the truth, on his head. It is through the spoken language that we give Him various names and meditate on them. It is by means of spoken words that we sing His praise. It is through words that we realize Him. Mind revels in His glory and bursts forth in spontaneous praise Wah. Thou art limitless and glorious and great beyond the power of human speech. It is through words that we put in to writing all that is spoken. The impression of all Karmaas good or bad, which regulates our coming together, and being separated, is also engraved on each human being's forehead in the shape of letters. He who through His eternal Divine Law, puts these impressions on the human forehead is beyond the reach of words. He is self-existent and self-creative. The whole Universe is governed by His immutable Law, and is the outcome of a spoken word. His name pervades all space in its immensity. His realization is the only place of rest and peace for mankind. I have not the power to give a full description of His nature. All that I can do is to lose myself in ecstacy and thanksgiving, and be a sacrifice to Him in thought, word and deed; thus keep myself ever resigned to His will. Thou art an everlasting Reality, the fountain head of the whole Creation. Thou art the eternal source of the creation. Whatever, Thou doest is for the best".

A simple statement of the time, the method, and the effect of meditation the human mind is briefly given below :

**(a) The Time :**

The time for meditation fixed by Guru Nanak and the Holy Saints and Bhagats is at least three hours before sunrise. Guru Ram Dass Ji, the fourth Guru, sayeth in the holy hymns (Page 305, Guru Granth Sahib) :

*Mahalla 4 (Gauri Ki Var)*

*Gur Satgur Ka Jo Sikh Akhaai So Bhalke Uth*

*Har Naam Dhiaawai.*

*Udam Kare Bhalke Parrbhaati Isnaan Karre Amritsar Naawai.*

*Updais Guru Har Har Jap Jaapai Sabh Kilwikh*

*Paap Dokh Leh Jaawai.*

*Fir Charhai Diwas Gurbaani Gaawai Behdian Uthdian*

*Har Naam Dhiaawai.*

*Jo Saas Giraas Dhiaae Mera Har Har So Gursikh*

*Guru Man Bhawai.*
*Jisno Dayal Howai Mera Suami Tis Gursikh*
*Guru Updes Sunhawai.*
*Jan Nanak Dhoorh Mangai Tis Gurusikh Ki Jo Aap Japai*
*Awrah Naam Japaawai.*

ਮਃ ੪ ॥

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ ॥
ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥੨॥ (੩●੫)

"He who calls himself the disciple of the Satguru must wake up early in the morning (three hours before sunrise) and meditate on the Divine Name. He must shake up all his laziness, take his bath and meditate on His Name.

As taught by the Guru he must meditate on the Gur-mantra "Waheguru" and thus erase all the impressions of the wrong Karmas (actions) he has done in various births and rebirths. Then at day dawn sing hymns in His praise. The sikh who every moment keeps his mind fixed on the Divine Name is dear to the Satguru. The Satguru showers his grace on him and shows him the parth of atonement (blends the sikh with himself). Nanak begs the dust of feet of such a gursikh, who himself meditates on the Divine Name and directs others to do so".

Some persons ask, what is the need of taking this trouble? Can't we meditate on the Divine Name at any time in the day? By all means meditate day and night without losing a single moment, but getting up at least three hours before sunrise has its own significance.

**Significance of Time**

1. Mankind is divided in to two parts. Those who follow the path of looking within, by performing unselfish and righteous actions in their daily life, meditation on the Divine Name, prayer and singing hymns in His Praise every morning. Others who follow the path of hunting after pleasure and satiating their sensuous and sensual appetites. Now every person radiates his own magnetism for good or for evil. These vibrations affect the minds of all in their own way.

The persons who follow the path of Primrose way to the Bonfire keep waking up to two or three in the morning, and then tired, exhausted and with their stomachs overloaded go to the realm of oblivion. Their dark and evil vibrations become dormant and inactive. The atmosphere gets free of their debasing tendencies.

On the other hand all lovers of God to whatever caste, creed, race or colour they may belong to get up after two or three O'clock in the morning and meditate on the Divine Name. They radiate Divine waves which help all the early rising devotees of God in their effort to concentrate their mind on the Name.

2. The time (three hours before sunrise) is free from all noise, stir and bustle. The whole nature silently reveals in the Divine Glory. Nature and the Divine within are in complete union. Their harmony enters the soul of the early riser and fixes his mind on the Divine Name.

3. After taking rest at night, one becomes fresh and fit. He can fix his attention on the Divine Name with a sound mind and a sound body.

4. The peace of mind and the spiritual uplift which a man attains by meditating on God's name in the early hours of the morning keep him buoyant and unattached in the daily struggle of life. He does his duty without being enslaved by the daily temptations of worldly life.

**(b) The Method ; God,** ***Alah, Rama, Waheguru, Kama-San…………….***

The process is very simple and natural. The searcher is to sit in an erect posture with the right foot in the cavity between the shin and the thigh of the left leg, and the left foot in the right leg cavity, and with a heart full of love and devotion, slowly and steadily pronounce the Name he has chosen. He should make the name

and its meanings dwell in his heart. For an hour or so, he should daily devote to meditation and prayer and then attend a Congregational service in which hymns in the praise of God are sung.

ਭਰੀਐ ਹਥੁ ਪੈਰੁ ਤਨੁ ਦੇਹ ॥ ਪਾਣੀ ਧੋਤੈ ਉਤਰਸੁ ਖੇਹ ॥
ਮੂਤ ਪਲੀਤੀ ਕਪੜੁ ਹੋਇ ॥ ਦੇ ਸਾਬੂਣੁ ਲਈਐ ਓਹੁ ਧੋਇ ॥
ਭਰੀਐ ਮਤਿ ਪਾਪਾ ਕੈ ਸੰਗਿ ॥ ਓਹੁ ਧੋਪੈ ਨਾਵੈ ਕੈ ਰੰਗਿ ॥
ਪੁੰਨੀ ਪਾਪੀ ਆਖਣੁ ਨਾਹਿ ॥ ਕਰਿ ਕਰਿ ਕਰਣਾ ਲਿਖਿ ਲੈ ਜਾਹੁ ॥
ਆਪੇ ਬੀਜਿ ਆਪੇ ਹੀ ਖਾਹੁ ॥ ਨਾਨਕ ਹੁਕਮੀ ਆਵਹੁ ਜਾਹੁ ॥੨●॥ (੪)

**(c) The effect**

Every human being has the Divine within him, but it is hidden from his or her view by the cloud of selfishness, the impressions of all the actions one has done subject to lust, wrath, avarice, attachment and vanity. Just as a noonday sun shining in the heavens with a dazzling brightness is suddenly hidden from our, view by a cluster of clouds, and we are left in the darkness, in the same way the Divine Sun is overshadowed by this cloud of selfishness. Slowly and steadily by daily meditating on the Divine Name and singing His praise, this cloud of selfishness is removed. The veil of ignorance , and attachment to the physical, is torn asunder and one feels His presence both within and without. In the words of Guru Nanak in Jap Ji (Page 4, Guru Granth Sahib):

*Bharyai Hath Per Tan Deh, Paani Dhotai Utras Kheh,*
*Moot Pliti Kapar Hoe. Deh Saaboon Laieh Oh Dhoe.*
*Bharyai Mat Paapa Kay Sang, Oh Dhopai Naawai Kae Rang,*
*Punni Papi Akhan Naah, Kar Kar Karna Likh Laey Jaaoh,*
*Aapey Bij Aapey Hi Khaaho, Nanak Hukmi Awoh Jaaoh.*

ਭਰੀਐ ਹਥੁ ਪੈਰੁ ਤਨੁ ਦੇਹ ॥ ਪਾਣੀ ਧੋਤੈ ਉਤਰਸੁ ਖੇਹ ॥
ਮੂਤ ਪਲੀਤੀ ਕਪੜੁ ਹੋਇ ॥ ਦੇ ਸਾਬੂਣੁ ਲਈਐ ਓਹੁ ਧੋਇ ॥
ਭਰੀਐ ਮਤਿ ਪਾਪਾ ਕੈ ਸੰਗਿ ॥ ਓਹੁ ਧੋਪੈ ਨਾਵੈ ਕੈ ਰੰਗਿ ॥
ਪੁੰਨੀ ਪਾਪੀ ਆਖਣੁ ਨਾਹਿ॥ ਕਰਿ ਕਰਿ ਕਰਣਾ ਲਿਖਿ ਲੈ ਜਾਹੁ ॥
ਆਪੇ ਬੀਜਿ ਆਪੇ ਹੀ ਖਾਹੁ ॥ ਨਾਨਕ ਹੁਕਮੀ ਆਵਹੁ ਜਾਹੁ ॥੨●॥ (੪)

"If our hands, feet or body become dirty (get covered with dirt and rubbish) they can be cleaned by water. If urine is split on a piece of cloth, and it gets fouled and is unfit for use in any kind of worship, then we rub it with soap and water, and free it from the impurity. In the same way the impressions of our sinful actions which are made on our minds, can be washed away by meditating on the Divine Name. They are the outcome of good or bad actions, which one does in the course of his daily life. Whatever actions a man does, its impressions right or wrong, good or bad, is left on the mind. Just as we sow, so we reap. Thus sayeth Nanak we have to pass through the round of birth and rebirth under the eternal Divine Law, without finding the heaven of rest and peace."

In this *Pauri Satguru Nanak in a very simple and expressive manner, shows us the way of removing wrong and evil impression on our minds which are the result of our sinful actions in our daily lives and various births. In order to clean a dirty piece of linen, we rub it with water and soap. During this process all the hidden dirt in the fibres of the cloth comes on the surface. Then we immerse it in a vessel or pond of fresh water and wash away that dirt. By repeating this process several times, the dirty piece of linen becomes clean white. In the same way when we get up early in the morning and meditate on the Divine Name with fixed attention and love, the evil impressions hidden in our minds come to the surface. Then we pray to the Satguru, dirty as we are, we are yours, cleanse our minds from sinful impressions. This prayerful and humble mood washes away the evil impressions. The continuous daily meditation and prayer go on cleansing our minds, and a day comes when the evil cloud of selfishness is removed, and the Divine within the human heart shines forth in its full effulgence, rendering all our thoughts and actions pure and immaculate, and in complete unison with the Eternal Law governing the Universe.*

The heart becomes intuned with the Infinite and one with the Divine Reality. Just like a drop in the ocean, the ocean and the drop become one, but the drop cannot express the greatness of the ocean.

God is the subject matter of Consciousness. He is beyond the scope of the limited intellect of man. He can be realized but cannot be expressed in words, just as joy or sorrow are felt but are inexpressible in human language.

So let us all representatives of various religions, countries, climes and races, lay stress on the realization of the Divine by meditating on His Name, singing His praises and unselfish service of mankind, coupled with sweet humility and righteous, dealings with our fellowmen. Then the day foretold by all prophets, seers, sages and Gurus will come, when mankind realizing their true spiritual kinship would live in an atmosphere of mutual trust, love and goodwill. The sword shall be turned in to the ploughshare, and Heaven filled with Peace and Bliss shall come down to this Earth, now torn asunder, by mutual hate, mammon worship and hunt after low pleasures of the flesh.

*Om, Amen, Sat Sri Akal, Alah-O-Akbar, Shanti, Shanti, Shanti.*

# ਕਾਂਡ ੨੯

ਬ੍ਰਹਮ ਗਿਆਨੀ ਸਗਲ ਕੀ ਰੀਨਾ ॥
ਆਤਮ ਰਸੁ ਬ੍ਰਹਮ ਗਿਆਨੀ ਚੀਨਾ ॥
ਬ੍ਰਹਮ ਗਿਆਨੀ ਕੀ ਸਭ ਊਪਰਿ ਮਇਆ ॥
ਬ੍ਰਹਮ ਗਿਆਨੀ ਤੇ ਕਛੁ ਬੁਰਾ ਨ ਭਇਆ ॥
ਬ੍ਰਹਮ ਗਿਆਨੀ ਸਦਾ ਸਮਦਰਸੀ ॥
ਬ੍ਰਹਮ ਗਿਆਨੀ ਕੀ ਦ੍ਰਿਸਟਿ ਅੰਮ੍ਰਿਤੁ ਬਰਸੀ ॥
ਬ੍ਰਹਮ ਗਿਆਨੀ ਬੰਧਨ ਤੇ ਮੁਕਤਾ ॥
ਬ੍ਰਹਮ ਗਿਆਨੀ ਕੀ ਨਿਰਮਲ ਜੁਗਤਾ ॥
ਬ੍ਰਹਮ ਗਿਆਨੀ ਕਾ ਭੋਜਨੁ ਗਿਆਨ ॥
ਨਾਨਕ ਬ੍ਰਹਮ ਗਿਆਨੀ ਕਾ ਬ੍ਰਹਮ ਧਿਆਨੁ ॥੩॥ (੨੭੨)

## ਚੋਣਵੀਆਂ ਸਾਖੀਆਂ

### ਇੱਕ ਅਭਿਆਸੀ ਅਮਰੀਕਨ ਬੀਬੀ ਦੀ ਬੱਚੀ ਦਾ ਮੇਲ

ਜਦ ਪਹਿਲੀ ਵਾਰ ਸੰਤ ਤੇਜਾ ਸਿੰਘ ਜੀ ਸੰਤ ਅਤਰ ਸਿੰਘ ਜੀ ਮਹਾਰਾਜ ਦੇ ਹੁਕਮ ਵਿੱਚ ਵਿਦਿਆ ਪ੍ਰਾਪਤ ਕਰਨ ਲਈ ਅਮਰੀਕਾ ਗਏ ਸਨ ਤਾਂ ਉਹਨਾਂ ਪਾਸੋਂ ਇੱਕ ਅਮਰੀਕਨ ਇਸਤਰੀ ਨੇ ਅੰਮ੍ਰਿਤ ਛੱਕ ਕੇ ਵਾਹਿਗੁਰੂ ਸ਼ਬਦ ਦਾ ਅਭਿਆਸ ਕਰਨਾ ਸ਼ੁਰੂ ਕੀਤਾ। ਜਦ ਦੂਸਰੇ ਦੌਰੇ ਵਿੱਚ ਸੰਤ ਜੀ ਉੱਥੇ ਗਏ ਤਾਂ ਉਨ੍ਹਾਂ ਟੈਲੀਫੂਨ ਤੇ ਨਾਮ ਅਭਿਆਸ ਕਰਨ ਵਾਲੀ ਉਸ ਬੀਬੀ ਦਾ ਪਤਾ ਕੀਤਾ। ਸੰਤ ਜੀ ਨੂੰ ਉੱਤਰ ਮਿਲਿਆ ਕਿ ਉਹ ਬੀਬੀ ਗੁਜ਼ਰ ਚੁੱਕੀ ਹੈ, ਉਸ ਦੀ ਇਕ ਲੜਕੀ, ਜਿਸ ਦਾ ਨਾਉ 'ਮੈਰੀ' ਹੈ, ਉਹ ਤੁਹਾਨੂੰ ਮਿਲਣਾ ਚਾਹੁੰਦੀ ਹੈ।

ਲੜਕੀ ਆਪਣੀ ਮਾਤਾ ਦੀ ਆਗਿਆਕਾਰ ਸਪੁੱਤਰੀ ਸੀ, ਉਹ ਸੰਤ ਜੀ ਮਹਾਰਾਜ ਨੂੰ ਮਿਲਣ ਵਾਸਤੇ ਆ ਗਈ। ਬੜੇ ਪ੍ਰੇਮ ਨਾਲ ਸੰਤ ਜੀ ਨੂੰ ਨਮਸਕਾਰ ਕੀਤੀ ਤੇ ਬੈਠ ਗਈ।

ਸੰਤ ਜੀ ਨੇ ਉਹਦੀ ਮਾਤਾ ਦਾ ਹਾਲ ਪੁੱਛਿਆ ਤਾਂ ਲੜਕੀ ਨੇ ਬੜੇ ਮਾਣ ਨਾਲ ਇਹ ਕਹਿਣਾ ਸ਼ੁਰੂ ਕੀਤਾ: ਮੇਰੀ ਮਾਂ ਹਰ ਸਵੇਰੇ ਸਿਮਰਨ ਕਰਦੀ ਵਾਹਿਗੁਰੂ ਵਾਹਿਗੁਰੂ ਕਹਿੰਦੀ ਚਾਰ ਪੰਜ ਮਿੰਟ ਤੱਕ ਸੁਣਾਈ ਦਿੰਦੀ ਸੀ, ਫਿਰ ਲਗਾਤਾਰ ਤਿੰਨ ਘੰਟੇ ਅਡੋਲ ਸਮਾਧੀ ਇਸਥਿਤ ਰਹਿੰਦੀ। ਉਥਾਨ ਹੁੰਦਿਆਂ ਹੀ ਵਾਹਿਗੁਰੂ ਵਾਹਿਗੁਰੂ ਦੀ ਆਵਾਜ਼ ਫਿਰ ਦੋ ਕੁ ਮਿੰਟ ਤੱਕ ਆਉਂਦੀ ਰਹਿੰਦੀ ਤਾਂ ਉਹ ਮੈਨੂੰ ਆਵਾਜ਼ ਮਾਰਦੀ। ਇੱਕ ਦਿਨ ਜਦ ਮੈਂ ਉਸ ਪਾਸ ਗਈ ਤਾਂ ਉਹ ਬੋਲੀ, Merry, I see Russia conquering Mid-East Asia with the help of Afghans (ਮੈਰੀ, ਮੈਂ ਰੂਸ ਨੂੰ ਮੱਧ ਪੂਰਬੀ ਏਸ਼ੀਆ ਨੂੰ ਅਫਗਾਨਾਂ ਦੀ

ਮਦਦ ਨਾਲ ਫਤਹਿ ਕਰ ਰਿਹਾ, ਦੇਖ ਰਹੀ ਹਾਂ।)

ਸੰਤ ਜੀ ਮਹਾਰਾਜ ਨੇ ਪੁੱਛਿਆ, "ਤੇਰੀ ਮਾਤਾ ਜੀ ਦੀ ਕੋਈ ਹੱਥ ਲਿਖਤ ਤੇਰੇ ਪਾਸ ਹੈ?" ਤਾਂ ਉਸ ਲੜਕੀ ਨੇ ਦੱਸਿਆ ਕਿ ਮਰਨ ਤੋਂ ਇੱਕ ਦਿਨ ਪਹਿਲਾਂ ਉਹਨੇ ਆਪਣੇ ਸਾਰੇ ਕਾਗਜ਼ ਸਾੜ ਦਿੱਤੇ ਸਨ। ਉਹ ਅਨੁਭਵ ਦੀ ਗੱਲ ਕਿਸੇ ਪਾਸ ਵੀ ਨਹੀਂ ਕਰਦੀ ਸੀ।

## ਅਮਰੀਕਾ ਹੈਨਰੀ ਫੋਰਡ ਨਾਲ ਮੇਲ

ਸੰਤ ਜੀ ਮਹਾਰਾਜ ਨੇ ਮਾਰਚ ੧੯੧੧ ਈਸਵੀ ਵਿੱਚ Harvard University ਅਮਰੀਕਾ ਤੋਂ ਏ. ਐਮ. ਦੀ ਡਿਗਰੀ ਪ੍ਰਾਪਤ ਕੀਤੀ[ ਇਸ ਤੋਂ ਪਿੱਛੋਂ ਹਿੰਦੁਸਤਾਨ ਆਉਣ ਤੋਂ ਪਹਿਲਾਂ ਸੰਤ ਜੀ ਇੱਕ ਦਿਨ ਹੈਨਰੀ ਫੋਰਡ ਨੂੰ ਮਿਲਣ ਗਏ[ ਪ੍ਰਸਿੱਧ ਇੰਜੀਨੀਅਰ ਹੈਨਰੀ ਫੋਰਡ ਸੰਸਾਰ ਪ੍ਰਸਿੱਧੀ ਦਾ ਸਰਮਾਏਦਾਰ ਤੇ ਫੋਰਡ-ਮੋਟਰ-ਕੰਪਨੀ ਦਾ ਮਾਲਕ ਸੀ[ ਉਸ ਦੇ ਸੈਕਟਰੀ ਨੂੰ ਮਿਲਕੇ ਸੰਤ ਜੀ ਨੇ ਆਪਣਾ ਛਪੇ ਹੋਏ ਐਡਰੈਸ ਵਾਲਾ ਕਾਰਡ ਦਿੱਤਾ ਤੇ ਹੈਨਰੀ ਫੋਰਡ ਨਾਲ ਗੱਲ ਕਰਨ ਵਾਸਤੇ ਪੰਜ ਮਿੰਟ ਦਾ ਸਮਾਂ ਮੰਗਿਆ[ ਸੈਕਟਰੀ ਨੇ ਉੱਤਰ ਦਿੱਤਾ ਕਿ ਤਿੰਨ ਮਹੀਨੇ ਅੰਦਰ ਉਹਨਾਂ ਕੋਲ ਪੰਜ ਮਿੰਟ ਵਾਸਤੇ ਗੱਲ ਕਰਨ ਦਾ ਕੋਈ ਸਮਾਂ ਨਹੀਂ, ਉਸ ਤੋਂ ਪਿੱਛੋਂ ਤੁਹਾਨੂੰ ਸਮਾਂ ਮਿਲ ਸਕਦਾ ਹੈ[ ਸੰਤ ਜੀ ਨੇ ਕਿਹਾ ਕਿ ਮੈਂ ਆਪਣਾ ਕੰਮ ਪੂਰਾ ਕਰਕੇ ਵਾਪਸ ਹਿੰਦੁਸਤਾਨ ਜਾ ਰਿਹਾ ਹਾਂ ਮੇਰੇ ਕੋਲ ਵੀ ਸਮਾਂ ਨਹੀਂ[ ਤਾਂ ਸੈਕਟਰੀ ਨੇ ਕਿਹਾ, ਅੱਛਾ ਹੁਣ (ਹੈਨਰੀ ਫੋਰਡ) ਖਾਣਾ ਖਾਣ ਪਿੱਛੋਂ ਕਾਰ ਰਾਹੀਂ ਜਾਣਗੇ, ਮੈਂ ਬੇਨਤੀ ਕਰਾਂਗਾ ਤੇ ਤੁਸੀਂ ਨਾਲ ਬੈਠ ਜਾਣਾ, ਜੋ ਗੱਲ ਕਰਨੀ ਹੈ ਤੁਸੀਂ ਰਸਤੇ ਵਿੱਚ ਕਰੀ ਜਾਣਾ[ ਸੰਤ ਜੀ ਨੇ ਮੰਨ ਲਿਆ[

ਹੈਨਰੀ ਫੋਰਡ ਵਿਹਲਾ ਹੋ ਕੇ ਕਾਰ ਵਿੱਚ ਬੈਠ ਗਿਆ ਤਾਂ ਸੈਕਟਰੀ ਨੇ ਸੰਤ ਜੀ ਬਾਰੇ ਦੱਸਿਆ। ਉਹ ਦਰਸ਼ਨ ਕਰਕੇ ਬੜਾ ਖੁਸ਼ ਹੋਇਆ ਤੇ ਸੰਤ ਜੀ ਨੂੰ ਬੜੇ ਪ੍ਰੇਮ ਸਹਿਤ ਆਪਣੇ ਨਾਲ ਬਿਠਾਇਆ। ਬੈਠਦਿਆਂ ਹੀ ਗਲਬਾਤ ਸ਼ੁਰੂ ਹੋ ਗਈ। ਸੰਤ ਜੀ ਨੇ ਹੈਨਰੀ ਤੋਂ ਪੁੱਛਿਆ ਕਿ ਤੁਹਾਡੀ ਰੋਜ਼ ਦੀ ਕਿੰਨੀ ਕੁ ਆਮਦਨ ਹੈ ਤਾਂ ਹੈਨਰੀ ਨੇ ਕਿਹਾ ਕਿ ਆਮਦਨ ਬੇ-ਹਿਸਾਬ ਹੈ। ਦੋਬਾਰਾ ਸੰਤ ਜੀ ਨੇ ਪੁੱਛਿਆ ਕਿ ਤੁਹਾਡਾ ਬੈਂਕਾਂ ਵਿੱਚ ਕਿੰਨਾ ਰੁਪਿਆ ਜਮਾਂ ਹੈ, ਇਸ ਤੇ ਵੀ ਹੈਨਰੀ ਨੇ ਪਹਿਲਾਂ ਵਾਲਾ ਉੱਤਰ ਦਿੰਦਿਆ ਆਖਿਆ ਕਿ ਦੁਨੀਆ ਦੀਆਂ ਬੈਂਕਾਂ ਵਿੱਚ ਸਾਡਾ ਬੇ-ਸ਼ੁਮਾਰ ਰੁਪਿਆ ਹੈ। ਤੀਜੀ ਵਾਰ ਸੰਤ ਜੀ ਨੇ ਪੁੱਛਿਆ ਕਿ ਤੁਸੀਂ ਹੋਰ ਕਿੰਨਾ ਕਮਾਉਣਾ ਚਾਹੁੰਦੇ ਹੋ ਤਾਂ ਹੈਨਰੀ ਨੇ ਕਿਹਾ ਕਿ ਅਜਿਹੇ ਪੈਸੇ ਪਿੱਛੇ ਤਾਂ ਮੈਂ ਦਿਨ ਰਾਤ ਮਾਰਿਆ-ਮਾਰਿਆ ਫਿਰਦਾ ਹਾਂ।

ਸੰਤ ਜੀ ਮਹਾਰਾਜ ਨੇ ਹੈਨਰੀ ਨੂੰ ਦੱਸਿਆ ਕਿ ਇਹ ਰੁਪੈ ਪੈਸਿਆਂ ਦਾ ਧਨ ਆਪ ਛਕਣ ਵਿੱਚ ਤੇ ਗਰੀਬਾਂ ਨੂੰ ਛਕਾਉਣ ਵਿੱਚ ਲੱਗ ਜਾਣਾ ਚਾਹੀਦਾ ਹੈ ਜੇ ਐਸਾ ਨਾ ਕਰੋਗੇ ਤਾਂ ਮੱਲੋ ਮੱਲੀ ਛਕਣ ਲਈ ਚੋਰ ਜ਼ਰੂਰ ਖੇਚਲ ਦੇਣਗੇ।

ਆਖਰੀ ਸਵਾਲ ਸੰਤ ਜੀ ਨੇ ਹੈਨਰੀ ਨੂੰ ਪੁੱਛਿਆ, "ਤੈਨੂੰ ਸ਼ਾਂਤੀ ਵੀ ਹੈ?" ਉਤਰ ਵਿੱਚ ਉਸ ਨੇ ਆਖਿਆ, "ਨਹੀਂ, ਮੈਂ ਹਰ ਵੇਲੇ ਪ੍ਰੇਸ਼ਾਨ ਰਹਿੰਦਾ ਹਾਂ, ਆਪ ਪਵਿਤਰ ਪੁਰਸ਼ ਹੋ ਸ਼ਾਂਤੀ ਬਖਸ਼ੋ, ਆਪ ਜੀ ਦਾ ਧੰਨਵਾਦੀ ਹੋਵਾਂਗਾ।" ਕ੍ਰਿਪਾਲੂ ਸੰਤ ਜੀ ਨੇ ਆਪਣੇ ਹੱਥ ਵਾਲਾ ਸਿਮਰਨਾ ਉਸ ਨੂੰ ਬਖਸ਼ਿਆ ਤੇ ਕਾਰ ਰੁਕਵਾ ਕੇ ਚਲੇ ਗਏ।

## ਮਸਤੂਆਣੇ ਦਾ ਕੋਟ ਵੱਡਾ ਕਰਨਾ

੧੯੨● ਤੋਂ ੧੯੨੪ ਈਸਵੀ ਤੱਕ ਸੰਤ ਅਤਰ ਸਿੰਘ ਜੀ ਮਹਾਰਾਜ ਨੇ ਸੰਤ ਤੇਜਾ ਸਿੰਘ ਜੀ ਨੂੰ ਮਸਤੂਆਣੇ ਦੀ ਸੇਵਾ ਬਖਸ਼ੀ ਜਿਸ ਵਿੱਚ ਅਸਥਾਨ ਤੇ ਹੋਰ ਬਿਲਡਿੰਗਾਂ ਦੀ ਉਸਾਰੀ ਤੋਂ ਇਲਾਵਾ ਗੁਰਦੁਆਰਾ ਸਾਹਿਬ ਦੇ ਕੋਟ ਦੀ ਸੇਵਾ ਵੀ ਕਰਾਉਣੀ ਸੀ। ਸੰਤ ਅਤਰ ਸਿੰਘ ਜੀ ਮਹਾਰਾਜ ਬਿਲਡਿੰਗਾਂ ਦੀ ਸੇਵਾ ਪੂਰੀ ਹੋਈ ਦੇਖ ਬਹੁਤ ਪ੍ਰਸੰਨ ਹੋਏ ਅਤੇ ਦਸ ਫੁੱਟ ਉੱਚਾ ਕੋਟ ਦੇਖ ਕੇ ਬਚਨ ਕੀਤਾ, "ਭਾਈ ਤੇਜਾ ਸਿੰਘ ਜੀ, ਕੋਟ (ਚਾਰਦੀਵਾਰੀ) ਦਾ ਘੇਰਾ ਛੋਟਾ ਰਹਿ ਗਿਆ ਹੈ ਪਰ ਸਮਾਂ ਆਉਣ ਤੇ ਵੱਡਾ ਹੋ ਜਾਵੇਗਾ।"

੧੯੫੯ ਈਸਵੀ ਵਿੱਚ ਸੰਤ ਤੇਜਾ ਸਿੰਘ ਜੀ ਨੇ ਸੰਤ ਜੀ ਮਹਾਰਾਜ ਦਾ ਬਚਨ ਪੂਰਾ ਕਰਨ ਲਈ ਮਸਤੂਆਣੇ ਦੀ ਸੰਗਤ ਨੂੰ ਆਖਕੇ ਭੱਠਾ ਲਗਵਾਇਆ ਅਤੇ ਮਾਇਆ ਦੀ ਸੇਵਾ ਸੰਤ ਜੀ ਨੇ ਆਪ ਕੀਤੀ ਤੇ ਕਿਹਾ, "ਭਾਈ ! ਕੋਟ ਵੱਡਾ ਕਰਨ ਦੀ ਸੇਵਾ ਕਰੋ।" ਇੱਟਾਂ ਤਿਆਰ ਹੋਣ ਉਪਰੰਤ ਕੋਟ ਦੀ ਨੀਂਹ ਸੰਤ ਬਾਬਾ ਕਿਸ਼ਨ ਸਿੰਘ ਜੀ ਨੇ ਸੰਤ ਤੇਜਾ ਸਿੰਘ ਜੀ ਦੇ ਹਸਤ ਕੰਵਲਾਂ ਤੋਂ ਰਖਵਾਈ। ਗੁਰਮਤਿ ਸੰਗੀਤ ਵਿਦਿਆਲੇ ਦੇ ੨੪ ਵਿਦਿਆਰਥੀ ਸਾਰੇ ਦੇ ਸਾਰੇ ਭੱਠੇ ਤੇ ਲੱਕੜਾਂ ਪਾੜਨ ਦੀ ਸੇਵਾ ਕਰਿਆ ਕਰਦੇ ਸਨ। ਇਹ ਕਿਰਤ ਕਰਕੇ ਵੰਡ ਛਕਣ ਤੇ ਨਾਮ ਜਪਣ ਦਾ ਪ੍ਰਤੱਖ ਨਮੂਨਾ ਸੀ।

## ਮਸਤੂਆਣੇ ਦੀ ਜਥੇਦਾਰੀ

੧੭ ਜੂਨ ੧੯੬੨ ਈਸਵੀ ਨੂੰ ਸੰਤ ਸੇਵਕ ਜੱਥੇ ਦੇ ਜੱਥੇਦਾਰ ਸੰਤ ਕਿਸ਼ਨ ਸਿੰਘ ਜੀ ਚੜ੍ਹਾਈ ਕਰ ਗਏ। ੨੭ ਜੂਨ ਨੂੰ ਗੁਰਦੁਆਰਾ ਸੱਚਖੰਡ ਮਸਤੂਆਣਾ ਸਾਹਿਬ ਵਿਖੇ ਬਾਬਾ ਜੀ ਦੇ ਦੁਸਹਿਰੇ ਤੇ ਸੰਗਤਾਂ ਦੀ ਭਾਰੀ ਇਕੱਤਰਤਾ ਹੋਈ ਜਿਸ ਵਿਚ ਸਰਬ ਸੰਮਤੀ ਨਾਲ ਅਗੋਂ ਵਾਸਤੇ ਸੰਤ ਸੇਵਕ ਜੱਥੇ ਵੱਲੋਂ ਸੰਤ ਤੇਜਾ ਸਿੰਘ ਜੀ ਨੂੰ ਜੱਥੇਦਾਰ ਥਾਪਿਆ ਗਿਆ ਅਤੇ ਸਰਬਤ ਸੰਤਾਂ ਵੱਲੋਂ ਸੰਤ ਜੀ ਨੂੰ ਦਸਤਾਰ ਬੰਦੀ ਕਰਕੇ ਖੁਸ਼ੀ ਦੇ ਜੈਕਾਰੇ ਗੁੰਜਾਏ ਗਏ।

## ਭਾਈ ਕਰਮ ਸਿੰਘ ਜੀ

ਸੇਵਾ ਚਲਦੀ ਤੇ ਜਿਸ ਵੇਲੇ ਨਾਨਕਸਰ ਚੀਮੇਂ ਅਜੇ ਵੱਡੇ ਅਸਥਾਨ ਨਹੀਂ ਬਣੇ ਸਨ, ਕੇਵਲ ਗੁਰਦੁਆਰੇ ਵਾਲਾ ਕਮਰਾ ਹੀ ਬਣਿਆ ਸੀ ਤਾਂ ਸੰਤ ਜੀ ਇੱਕ ਦਿਨ ਭਾਈ ਕਰਮ ਸਿੰਘ ਨੂੰ ਕਹਿਣ ਲੱਗੇ ਕਿ ਭਾਈ ਉਸ ਹਲਟੀ (ਟਿੰਡਾਂ ਵਾਲਾ ਛੋਟਾ ਖੂਹ) ਤੱਕ ਇਸ ਅਸਥਾਨ ਦਾ ਵਾਗਲਾ ਵਲਗਣਾ ਹੈ। ਉਹ ਦਿਲ ਵਿੱਚ ਸੋਚਣ ਲੱਗਿਆ ਕਿ ਸੰਤ ਜੀ ਮਹਾਰਾਜ ਮਨ ਦੀਆਂ ਉਡਾਰੀਆਂ ਮਾਰ ਰਹੇ ਹਨ, ਇਤਨੇ ਵੱਡੇ ਵਾਗਲੇ ਦੀ ਕੀ ਲੋੜ ਹੈ। ਇਤਨਾ ਰੁਪਿਆ ਇਸਦੇ ਬਣਾਉਣ ਲਈ ਕਿੱਥੋਂ ਆਵੇਗਾ ਅਤੇ ਕਦੋਂ ਪੂਰਾ ਹੋ ਸਕਦਾ ਹੈ। ਉਹਦੇ ਭਾਵ ਚਿਹਰੇ ਤੋਂ ਪ੍ਰਗਟ ਹੋ ਰਹੇ ਸਨ ਪਰ ਉਸਦੀ ਜ਼ਬਾਨ ਚੁੱਪ ਸੀ। ਇਹ ਵੇਖ ਕੇ ਸੰਤ ਜੀ ਨੇ ਬਚਨ ਕੀਤਾ ਕਿ ਭਾਈ ਇਹ ਤਾਂ ਬਣ ਗਿਆ ਹੈ। ਫਿਰ ਕਰਮ ਸਿੰਘ ਨੇ ਆਪਣੀ ਜ਼ਿੰਦਗੀ ਦੇ ਥੋੜ੍ਹੇ ਜਹੇ ਸਮੇਂ ਅੰਦਰ ਹੀ ਇਹ ਸਭ ਕੁਝ ਬਣਿਆ ਵੇਖਿਆ।

ਜਿਸ ਵੇਲੇ ਸੰਤ ਜੀ ਮਹਾਰਾਜ ਬਾਹਰੋਂ ਨਾਨਕਸਰ ਚੀਮੇਂ ਆ ਕੇ ਕੁਝ ਚਿਰ ਲਈ ਟਿਕੇ, ਭਾਈ ਕਰਮ ਸਿੰਘ ਨੇ ਆਪ ਸਾਰਾ ਹਿਸਾਬ ਕਿਤਾਬ ਤਿਆਰ ਕੀਤਾ। ਕਿਤਨਾ ਪੈਸਾ ਅਤੇ ਕਿਥੋਂ ਆਇਆ ਹੈ? ਉਹ ਪੈਸੇ ਕਿਸ-ਕਿਸ ਕੰਮ ਲਈ ਅਤੇ ਕਿਤਨਾ ਖਰਚ ਹੋਇਆ ਹੈ, ਇਹ ਸਾਰੇ ਹਿਸਾਬ ਦੇ ਕਾਗਜ਼ ਸੰਤ ਜੀ

ਪਾਸ ਉਹਨਾਂ ਨੂੰ ਦੱਸਣ ਲਈ ਦੇ ਦਿੱਤੇ। ਸੰਤ ਜੀ ਨੇ ਹਿਸਾਬ ਦੇਖਣ ਤੋਂ ਨਾਂਹ ਕਰ ਦਿੱਤੀ ਅਤੇ ਬਚਨ ਕੀਤੇ, "ਭਾਈ ਕਰਮ ਸਿੰਘ, ਇਹ ਗੁਰੂ ਨਾਨਕ ਜੀ ਮਹਾਰਾਜ ਦਾ ਅਸਥਾਨ ਹੈ, ਉਹ ਆਪ ਹੀ ਹਿਸਾਬ ਦੇਖ ਲੈਣਗੇ। ਸਾਡੀ ਡਿਊਟੀ ਸੇਵਾ ਕਰਨ ਦੀ ਹੈ, ਹਿਸਾਬ ਦੇਖਣ ਦੀ ਨਹੀਂ।"

ਇੱਕ ਦਿਨ ਨਾਨਕਸਰ ਚੀਮਾਂ ਸਰੋਵਰ ਦੀਆਂ ਪ੍ਰਕਰਮਾਂ ਵਿੱਚ ਚੜ੍ਹਦੀ ਬਾਹੀ ਵਾਲੇ ਪਾਸੇ ਸੰਤ ਜੀ ਮਹਾਰਾਜ ਤੇ ਹੋਰ ਪ੍ਰੇਮੀ ਬੈਠੇ ਸਨ। ਸੰਤ ਜੀ ਕਹਿਣ ਲੱਗੇ, "ਕਰਮ ਸਿੰਘ ਵੇਖ ਕਿਤਨੀਆਂ ਮੋਟਰਾਂ ਚੱਲਦੀਆਂ ਹਨ।" ਭਾਈ ਕਰਮ ਸਿੰਘ ਨੂੰ ਤਾਂ ਉਥੇ ਗੁਰਦੁਆਰੇ ਤੋਂ ਛੁੱਟ ਹੋਰ ਕੁਝ ਨਹੀਂ ਸੀ ਦਿਸਦਾ। ਉਹਦੀ ਹੈਰਾਨੀ ਦੂਰ ਕਰਨ ਲਈ ਕਹਿਣ ਲੱਗੇ, "ਭਾਈ ਇੱਥੋਂ ਦੀ ਪੱਕੀ ਸੜਕ ਨਿਕਲੇਗੀ। ਬੇਅੰਤ ਮੋਟਰਾਂ ਚੱਲਿਆ ਕਰਨਗੀਆਂ। ਆਉਣ ਜਾਣ ਵਾਲੀ ਸੰਗਤ ਨੂੰ ਕੋਈ ਖੇਚਲ ਨਹੀਂ ਹੋਵੇਗੀ।" ਇਹ ਗੱਲ ੧੯੫੨-੫੩ ਈਸਵੀ ਦੀ ਹੈ। ਜਿਸ ਵੇਲੇ ਲੋਕਾਂ ਨੂੰ ਸੁਨਾਮ ਤੋਂ ਭਾਰ ਚੁੱਕ ਕੇ ਪੈਦਲ ਪਿੰਡੋਂ ਪਿੰਡ ਹੋ ਕੇ ਆਉਣਾ ਪੈਂਦਾ ਸੀ। ਕੇਵਲ ਇਕ ਬੱਸ ਕੱਚੇ ਰਸਤੇ ਸ਼ਾਮ ਦੀ ਗੱਡੀ ਦੀਆਂ ਸਵਾਰੀਆਂ ਲੈ ਕੇ ਚੀਮਿਆਂ ਨੂੰ ਆਉਂਦੀ ਅਤੇ ਸਵੇਰੇ ਵਾਪਸ ਸੁਨਾਮ ਜਾਂਦੀ ਹੁੰਦੀ ਸੀ। ਸਮਾਂ ਪਾ ਕੇ ਇਹ ਸਾਰੇ ਬਚਨ ਪੂਰੇ ਹੋਏ।

ਭਾਈ ਕਰਮ ਸਿੰਘ ਦੀ ਕਿਸੇ ਕਾਰਨ ਕਰਕੇ ਇਕ ਲੱਤ ਖਰਾਬ ਹੋ ਗਈ। ਇੱਕ ਦਿਨ ਇਹਨੇ ਇਸ਼ਨਾਨ ਕਰਕੇ ਮਨ ਵਿੱਚ ਅਰਦਾਸ ਕੀਤੀ ਕਿ ਪ੍ਰਮਾਤਮਾ ਜੇ ਮੇਰੀ ਲੱਤ ਠੀਕ ਹੋ ਜਾਵੇ ਤਾਂ ਰਹਿੰਦੀ ਉਮਰ ਤੱਕ ਸੇਵਾ ਕਰਾਂਗਾ। ਉਸੇ ਦਿਨ ਆਸਾ ਦੀ ਵਾਰ ਦੇ ਭੋਗ ਪਿੱਛੋਂ ਉਹਨਾਂ ਨੇ ਹਰੀਮੰਦਰ ਤੋਂ ਬਾਹਰ ਨਿਕਲ ਕੇ ਖੂੰਡੀ ਚੁੱਕੀ ਤਾਂ ਸੰਤ ਜੀ ਨੇ ਪਿੱਠ ਤੇ ਹੱਥ ਮਾਰ ਕੇ ਕਿਹਾ, "ਭਾਈ ਤੂੰ ਤਾਂ ਨੌਜਵਾਨ ਹੈਂ, ਖੂੰਡੀ ਬੁੱਢਿਆਂ ਦੀ ਹੈ, ਤੂੰ ਛੱਡ ਦੇ।" ਭਾਈ ਕਰਮ ਸਿੰਘ ਨੇ ਸਤਿਕਾਰ ਨਾਲ ਮੱਥਾ ਟੇਕਿਆ ਅਤੇ ਨਾਲ ਹੀ ਸੋਚਣ ਲੱਗਾ ਕਿ ਸੰਤ ਜੀ ਨੇ ਕਿਹਾ ਹੈ ਖੂੰਡੀ ਛੱਡ ਦੇ। ਪਰ ਖੂੰਡੀ ਤੋਂ ਬਿਨਾਂ ਤੁਰ ਨਹੀਂ ਹੋਣਾ ਅਤੇ ਨਾਲ ਲੱਤ ਵਿੱਚ ਦਰਦ ਹੋਵੇਗੀ। ਇਹ ਸੋਚਦਿਆਂ ਉਹ ਚਰਨਾਂ ਤੇ ਸਿੱਧਾ ਹੋਇਆ ਅਤੇ ਬਿਨਾਂ ਖੂੰਡੀ ਉਸ ਨੇ ਲੱਤ ਅੱਗੇ ਰਖੀ। ਉਸ ਨੂੰ ਨਾ ਤਾਂ ਲੱਤ ਵਿੱਚ ਦਰਦ ਜਾਪੀ ਅਤੇ ਨਾ ਹੀ ਸਿੱਧੇ ਤੁਰਨ ਵਿੱਚ ਔਕੜ ਆਈ। ਹੋਰ ਤੁਰ ਕੇ ਵੇਖਿਆ ਤਾਂ ਹੈਰਾਨ ਹੋ ਗਿਆ ਕਿ ਉਹਦੀ ਟੰਗ ਬਿਲਕੁਲ ਠੀਕ ਹੋ ਗਈ ਹੈ ਅਤੇ ਮੁੜ ਕਦੇ ਦਰਦ ਨਹੀਂ ਹੋਇਆ।

ਉਸੇ ਵੇਲੇ ਸੰਤ ਜੀ ਦੇ ਚਰਨੀਂ ਢਹਿ ਪਿਆ ਤੇ ਬੇਨਤੀ ਕੀਤੀ ਮਹਾਰਾਜ ਖੂੰਡੀ ਤਾਂ ਛੁਡਵਾ ਦਿੱਤੀ ਹੈ, ਘਰ ਦਾ ਮੋਹ ਵੀ ਤੁੜਵਾ ਦੇਵੋਂ ਅਤੇ ਗੁਰਦਵਾਰੇ ਦੀ ਸੇਵਾ ਵਿਚ ਹੀ ਰੱਖੋ। ਇਹ ਬੇਨਤੀ ਮਨਜ਼ੂਰ ਹੋ ਗਈ। ਉਸਨੂੰ ਹੁਕਮ ਹੋਇਆ ਕਿ ਭਾਈ ਪ੍ਰੇਮ ਸਿੰਘ ਨਾਲ ਇੰਜਨ ਤੇ ਪੱਕਾ ਪਹਿਰਾ ਦੇਣਾ ਹੈ। ਕਰਮ ਸਿੰਘ ਉਸੇ ਅਨੁਸਾਰ ਡਿਊਟੀ ਦੇਣ ਲੱਗ ਪਿਆ।

ਭਾਈ ਕਰਮ ਸਿੰਘ ਇਹ ਸੇਵਾ ਪਿਆਰ ਸਤਿਕਾਰ ਤੇ ਖੁਸ਼ੀ ਨਾਲ ਕਰਦਾ ਰਿਹਾ। ਅੱਠ ਸਾਲ ਪਿੱਛੋਂ ਉਸ ਤੋਂ ਗਲਤੀ ਹੋਈ। ਸੇਵਾ ਤੋਂ ਜੀ ਉਕਤਾ ਗਿਆ ਅਤੇ ਇੱਕ ਦਿਨ ਰਜਿਸਟਰ ਭਾਈ ਪ੍ਰੇਮ ਸਿੰਘ ਨੂੰ ਦੇ ਕੇ ਕਿਹਾ, "ਮੈਂ ਤਾਂ ਅੱਧੀ ਘੜੀ ਵੀ ਇਥੇ ਰਹਿਣ ਨੂੰ ਤਿਆਰ ਨਹੀਂ।" ਪ੍ਰੇਮ ਸਿੰਘ ਨੇ ਸਮਝਾਇਆ ਪਰ ਉਹ ਨਾ ਮੰਨਿਆ। ਸੰਤ ਜੀ ਨੂੰ ਇਹ ਗੱਲ ਦੱਸੀ ਗਈ। ਉਹਨਾਂ ਦਾ ਸੁਨੇਹਾ ਆਇਆ, ਨਹੀਂ ਜਾਣਾ। ਭਾਈ ਕਰਮ ਸਿੰਘ ਨੇ ਉਹਨਾਂ ਨੂੰ ਵੀ ਨਾਂਹ ਕਰ ਦਿੱਤੀ। ਭਾਦੋਂ ਦਾ ਮਹੀਨਾ ਸੀ, ਵੱਟ ਵੀ ਖੂਬ ਪੈ ਰਿਹਾ ਸੀ। ਦੁਪਹਿਰ ਦਾ ਸਮਾਂ ਸੀ, ਸੰਤ ਜੀ ਉਸ ਵੇਲੇ ਪ੍ਰਸ਼ਾਦਾ ਛੱਕ ਕੇ ਆਰਾਮ ਕਰਦੇ ਤੇ ਕਿਸੇ ਜ਼ਰੂਰੀ ਕੰਮ ਵੀ ਕਿਸੇ ਨੂੰ ਨਾ ਮਿਲਦੇ ਪਰ ਕਰਮ ਸਿੰਘ ਵੱਲੋਂ ਨਾਂਹ ਸੁਣ ਕੇ ਆਪ ਉਠ ਖੜ੍ਹੇ ਹੋਏ, ਛੱਤਰੀ ਲਈ ਅਤੇ

ਉਸੇ ਵੇਲੇ ਮਸ਼ੀਨ ਤੇ ਆ ਗਏ ਅਤੇ ਆਉਂਦੇ ਹੀ ਕਹਿਣ ਲੱਗੇ, "ਭਾਈ ਕਰਮ ਸਿੰਘ ਤੂੰ ਨਹੀਂ ਜਾਣਾ, ਤੇਰੀ ਡਿਊਟੀ ਇਥੇ ਹੀ ਸੇਵਾ ਸੰਭਾਲਣ ਦੀ ਹੈ।" ਉਹਦੇ ਮੂੰਹ ਵਿਚੋਂ ਫਿਰ ਨਾਂਹ ਨਿਕਲ ਗਈ। ਸੰਤ ਜੀ ਦੇ ਇਹ ਸੁਣਕੇ ਨੇਤਰ ਲਾਲ ਹੋ ਗਏ ਅਤੇ ਚਿਹਰੇ ਤੋਂ ਨਰਾਜ਼ਗੀ ਸਪੱਸ਼ਟ ਵਿਖਾਈ ਦੇ ਰਹੀ ਸੀ। ਕਰਮ ਸਿੰਘ ਨੇ ਡਰ ਕੇ ਨੀਵੀਂ ਪਾ ਲਈ ਅਤੇ ਸੁਣਿਆ, "ਉਹ ਦਿਨ ਭੁੱਲ ਗਿਆ ਹੈਂ, ਜਦੋਂ ਪਉੜੀਆਂ ਤੇ ਖੜ੍ਹਾ ਅਰਦਾਸਾਂ ਕਰਦਾ ਸੀ ਅਤੇ ਮੁਆਫ਼ੀਆਂ ਮੰਗਦਾ ਸੀ।" ਬਿਨਾਂ ਸਿਰ ਚੁੱਕੇ ਭਾਈ ਕਰਮ ਸਿੰਘ ਚਰਨੀਂ ਢਹਿ ਪਿਆ ਤੇ ਕਿਹਾ, "ਮਹਾਰਾਜ ਗਲਤੀ ਹੋ ਗਈ ਸੀ, ਖਿਮਾਂ ਬਖਸ਼ੋ।" ਫੇਰ ਸੇਵਾ ਵਿੱਚ ਜੁਟ ਗਿਆ।

ਇਸੇ ਤਰਾਂ ਸੇਵਾ ਕਰਦਿਆਂ ਬਹੁਤ ਸਮਾਂ ਲੰਘ ਗਿਆ। ਪਿੰਡ ਜਾਣ ਦਾ ਫਿਰ ਮੋਹ ਜਾਗਿਆ ਤਾਂ ਸੰਤ ਜੀ ਨੂੰ ਬੇਨਤੀ ਕਰਕੇ ਕੁਝ ਚਿਰ ਲਈ ਪਿੰਡ ਰਹਿਣ ਦੀ ਆਗਿਆ ਲੈ ਲਈ। ਦਰਸ਼ਨ ਮੇਲੇ ਲਈ ਆ ਜਾਂਦਾ।

## ਭਾਈ ਚੰਦ ਸਿੰਘ ਜੀ

ਨਾਨਕਸਰ ਚੀਮਾ ਗੁਰਦੁਆਰੇ ਦੀ ਸੇਵਾ ਦਾ ਬਹੁਤ ਸੋਹਣਾ ਕੰਮ ਚੱਲ ਰਿਹਾ ਸੀ। ਬਹੁਤ ਸਾਰੀਆਂ ਇਮਾਰਤਾਂ ਬਣ ਚੁੱਕੀਆਂ ਸਨ ਪਰ ਕੁਝ ਆਦਮੀਆਂ ਦੀ ਮਤ ਬਦਲ ਗਈ ਅਤੇ ਉਹਨਾਂ ਸੇਵਾ ਵਿੱਚ ਵਿਘਨ ਪਾ ਦਿੱਤਾ। ਜੋੜ ਮੇਲੇ ਤੇ ਸੰਤ ਜੀ ਨੂੰ ਕਿਹਾ, "ਸਾਨੂੰ ਤੁਹਾਡੀ ਸੇਵਾ ਦੀ ਲੋੜ ਨਹੀਂ।" ਸੰਤ ਜੀ ਤਾਂ ਤਿਆਗੀ ਪੁਰਸ਼ ਸਨ। ਸਾਡੀ ਖੋਟੀ ਬੁੱਧੀ ਵੇਖ ਕੇ ਜਾਣ ਲਈ ਤਿਆਰ ਹੋ ਗਏ। ਇਹਨਾਂ ਆਦਮੀਆਂ ਨੂੰ ਸੇਵਾ ਸੰਭਾਲ ਕੇ ਸੰਤ ਜੀ ਮਹਾਰਾਜ ਆਪਣੇ ਸੇਵਕਾਂ ਸਮੇਤ ਪਾਉਂਟਾ ਸਾਹਿਬ ਚਲੇ ਗਏ। ਪਿੱਛੋਂ ਸੇਵਾ ਰੁੱਕ ਗਈ ਅਤੇ ਨਗਰ ਨਿਵਾਸੀ ਆਪਣੀ ਭੁੱਲ ਮੰਨ ਕੇ ਸੰਤ ਜੀ ਮਹਾਰਾਜ ਪਾਸ ਪਾਉਂਟਾ ਸਾਹਿਬ ਪਹੁੰਚੇ। ਬੇਨਤੀ ਕੀਤੀ, "ਤੁਹਾਨੂੰ ਸਾਰਾ ਨਗਰ ਯਾਦ ਕਰਦਾ ਹੈ ਅਤੇ ਆਪਣੀ ਗਲਤੀ ਦੀ ਮੁਆਫ਼ੀ ਮੰਗਦਾ ਹੈ।" ਸੰਤ ਜੀ ਨੇ ਕਿਹਾ, "ਭਾਈ ਅਸੀਂ ਬਿਰਧ ਹੋ ਗਏ ਹਾਂ, ਪਿੰਡ ਨਹੀਂ ਜਾ ਸਕਦੇ। ਇਥੋਂ ਬੈਠ ਕੇ ਹੀ ਜੋ ਸੇਵਾ ਹੋਵੇਗੀ ਕਰਾਂਗੇ।"

ਇਹ ਜਵਾਬ ਭਾਈ ਜੰਗ ਸਿੰਘ ਨੇ ਇਥੇ ਆ ਕੇ ਦੱਸਿਆ ਤਾਂ ਸਾਰੇ ਬਹੁਤ ਪਛਤਾਏ ਕਿ ਬਹੁਤ ਵੱਡੀ ਗਲਤੀ ਕੀਤੀ ਹੈ। ਪਹਿਲੀ ਗਲਤੀ ਦੀ ਹੀ ਸਜ਼ਾ ਬਹੁਤ ਮਿਲ ਚੁੱਕੀ ਹੈ, ਫਿਰ ਦੁਬਾਰਾ ਕਿਉਂ ਕਰਨੀ ਸੀ। ਹੁਣ ਸੰਤਾਂ ਤੇ ਗੁਰਸਿੱਖਾਂ ਤੋਂ ਬਗੈਰ ਸਾਰਾ ਗੁਰਦੁਆਰਾ ਹੀ ਸੁੰਨਾ ਪਿਆ ਹੈ।

ਭਾਈ ਚੰਦ ਸਿੰਘ ਪਿੰਡ ਦੇ ੧੯ ਬੰਦੇ ਲੈ ਕੇ ਫਿਰ ਸੰਤ ਜੀ ਦੇ ਚਰਨਾਂ ਵਿੱਚ ਹਾਜ਼ਰ ਹੋ ਕੇ ਭੁੱਲ ਬਖਸ਼ਾਉਣ ਲਈ ਚੱਲ ਪਏ। ਪਾਉਂਟੇ ਸਾਹਿਬ ਆਏ ਤਾਂ ਸੰਤ ਜੀ ਪਲੰਘ ਤੇ ਲੇਟੇ ਪਏ ਸਨ। ਦੱਸ ਦੇਣ ਤੇ ਕਿ ਚੀਮੇ ਤੋਂ ਸੰਗਤ ਆਈ ਹੈ, ਸੰਤ ਜੀ ਬੈਠ ਗਏ। ਸੁੱਖ ਸਾਂਦ ਦੀ ਗੱਲ ਪਿੱਛੋਂ ਚੀਮੇ ਦੀ ਸੰਗਤ ਨੇ ਬੇਨਤੀ ਕੀਤੀ, "ਮਹਾਰਾਜ ਨਾਨਕਸਰ ਚੀਮੇ ਦਰਸ਼ਨ ਦੇਵੋ ਅਤੇ ਗੁਰਦੁਆਰੇ ਦੀ ਸੇਵਾ ਸੰਭਾਲਣ ਦੀ ਕ੍ਰਿਪਾ ਕਰੋ।" ਪਰ ਉੱਤਰ ਪਹਿਲਾਂ ਵਾਲਾ ਹੀ ਸੀ। ਕੁਝ ਹੋਰ ਗੱਲਾਂ ਕਰਕੇ ਸੰਤ ਜੀ ਤੋਂ ਫਿਰ ਮੁਆਫ਼ੀ ਮੰਗੀ ਤੇ ਨਗਰ ਜਾ ਕੇ ਸੇਵਾ ਸੰਭਾਲਣ ਦੀ ਫਿਰ ਬੇਨਤੀ ਕੀਤੀ। ਪਰ ਸੰਤ ਜੀ ਨੇ ਪਹਿਲੇ ਵਾਲਾ ਹੀ ਉੱਤਰ ਦੁਹਰਾ ਦਿੱਤਾ।

ਗੱਲ ਸਫਲ ਨਾ ਹੁੰਦੀ ਵੇਖ ਕੇ ਅਤੇ ਇਹ ਪੱਕਾ ਮਨ ਵਿੱਚ ਵਿਸ਼ਵਾਸ ਧਾਰ ਕੇ ਕਿ ਬਿਨਾਂ ਸੰਤ ਜੀ ਦੇ ਇਹ ਬੇੜਾ ਪਾਰ ਨਹੀਂ ਲੱਗੇਗਾ ਤਾਂ ਭਾਈ ਚੰਦ ਸਿੰਘ ਜੋ ਪਿੰਡ ਵਾਲਿਆਂ ਦੇ ਨਾਲ ਆਏ ਹੋਏ ਸਨ, ਨੇ

ਨਿਮਾਣਾ ਹੋ ਕੇ, ਸਭ ਕੁਝ ਦਿਲੋਂ ਕੱਢ ਕੇ ਬਿਨਾਂ ਕੁਝ ਕਹੇ ਸੁਣੇ ਸੰਤ ਜੀ ਦੇ ਚਰਨਾਂ ਤੇ ਢਹਿ ਪਿਆ ਅਤੇ ਉਹਨਾਂ ਦੇ ਗੋਡਿਆਂ ਤੇ ਸਿਰ ਰੱਖ ਦਿੱਤਾ। ਇਹ ਵੇਖ ਕੇ ਸੰਤ ਜੀ ਨੇ ਪੁੱਛਿਆ, "ਭਾਈ ਚੰਦ ਸਿੰਘ ਤੂੰ ਕੀ ਚਾਹੁੰਦਾ ਹੈਂ ?" ਉਸਨੇ ਨਿਮਰਤਾ ਨਾਲ ਕਿਹਾ, "ਜੀ ਨਗਰ ਚੱਲੋ ਗੁਰਦੁਆਰਾ ਸਾਹਿਬ ਦੀ ਸੇਵਾ ਸੰਭਾਲੋ। ਅਸੀਂ ਤੁਹਾਡੇ ਦਾਸ ਹਾਂ, ਜਿਵੇਂ ਚਾਹੋ ਉਵੇਂ ਹੀ ਤੁਹਾਡੇ ਹੁਕਮ ਵਿੱਚ ਚੱਲਾਂਗੇ।" ਇਹ ਗੱਲਾਂ ਸੁਣ ਕੇ ਸੰਤ ਜੀ ਨੇ ਸਾਧਾਰਨ ਹੀ ਕਿਹਾ," ਬਿਰਧ ਹੋ ਗਏ ਹਾਂ, ਭਾਈ ਹੁਣ ਸਾਡੇ ਪਾਸੋਂ ਸੇਵਾ ਨਹੀਂ ਹੁੰਦੀ, ਤੁਸੀਂ ਆਪ ਨੌਜਵਾਨ ਸੇਵਾ ਸੰਭਾਲੋ, ਕੀ ਹੁਣ ਤੁਸੀਂ ਸਾਨੂੰ ਬੁੱਢਿਆਂ ਨੂੰ ਹੀ ਮਾਰਨਾ ਚਾਹੁੰਦੇ ਹੋ।" ਭਾਈ ਚੰਦ ਸਿੰਘ ਨੇ ਪ੍ਰੇਮ ਦੇ ਵੇਗ ਵਿਚ ਕਿਹਾ, "ਜੀ ਹਾਂ ਅਸੀਂ ਤੁਹਾਨੂੰ ਮਾਰਨਾ ਹੀ ਹੈ।" ਇਹ ਗੱਲ ਸੁਣ ਕੇ ਸੰਤ ਜੀ ਹੱਸ ਪਏ ਅਤੇ ਉਹਨਾਂ ਦਾ ਹਾਸਾ ਸੁਣ ਕੇ ਸਭ ਦੇ ਟੁੱਟੇ ਦਿਲਾਂ ਨੂੰ ਧੀਰਜ ਹੋ ਗਈ। ਇਹ ਮੁਸਕਰਾਉਣਾ ਉਹਨਾਂ ਨੂੰ ਸਾਰੀ ਦੁਨੀਆਂ ਦੇ ਸੁੱਖਾਂ ਨਾਲੋਂ ਵੱਡਾ ਜਾਪਿਆ। ਮਨ ਵਿਚੋਂ ਆਵਾਜ਼ ਆਈ ਕਿ ਉਹਨਾਂ ਨੂੰ ਆਪਣੇ ਪਿੱਛਲੇ ਪਾਪਾਂ ਦੀ ਮਾਫ਼ੀ ਮਿਲ ਗਈ ਹੈ। ਇਹ ਸੰਤ ਜੀ ਦੀ ਵਡਿਆਈ ਸੀ। ਇਸ ਤਰਾਂ ਬੇਨਤੀ ਕਰਨ ਤੇ ਸੰਤ ਜੀ ਮਹਾਰਾਜ ਫਿਰ ਨਾਨਕਸਰ ਚੀਮੇ ਸੇਵਾ ਵਿੱਚ ਆ ਗਏ।

## ਸ਼ਰਾਬ ਨਾ ਪੀਣ ਦਾ ਉਪਦੇਸ਼

ਗੁਰਬਾਣੀ ਸ਼ਰਾਬ ਪੀਣ ਦੇ ਵਿਰੁੱਧ ਇਸ ਤਰ੍ਹਾਂ ਉਪਦੇਸ਼ ਦਿੰਦੀ ਹੈ:

**ਸਲੋਕ ਮਃ ੩ ॥**

**ਮਾਣਸੁ ਭਰਿਆ ਆਣਿਆ ਮਾਣਸੁ ਭਰਿਆ ਆਇ ॥**
**ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ ॥**
**ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ ॥**
**ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ ॥**
**ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ ॥**
**ਨਾਨਕ ਨਦਰੀ ਸਚੁ ਮਦੁ ਪਾਈਐ ਸਤਿਗੁਰੁ ਮਿਲੈ ਜਿਸੁ ਆਇ ॥**
**ਸਦਾ ਸਾਹਿਬ ਕੈ ਰੰਗਿ ਰਹੈ ਮਹਲੀ ਪਾਵੈ ਥਾਉ ॥੧॥ (੫੫੪)**

ਇੱਕ ਵੇਰਾਂ ਸੰਤ ਜੀ ਮਹਾਰਾਜ ਨੇ ਨਾਨਕਸਰ ਚੀਮਾ ਸਲਾਨਾ ਜੋੜ ਮੇਲੇ ਤੇ ਸ਼ਰਾਬ ਨਾ ਪੀਣ ਦਾ ਉਚੇਚਾ ਉਪਦੇਸ਼ ਦਿੱਤਾ ਕਿ ਸ਼ਰਾਬ ਇਨਸਾਨ ਦੀ ਸਰੀਰਕ ਅਤੇ ਮਾਨਸਿਕ ਅਵਸਥਾ ਤਬਾਹ ਕਰ ਦਿੰਦੀ ਹੈ। ਕਈ ਉਦਾਹਰਨਾਂ ਦੇ ਕੇ ਸਮਝਾਇਆ ਤੇ ਆਖਿਆ ਪ੍ਰੇਮੀਓ, ਸ਼ਰਾਬ ਦਾ ਝੂਠਾ ਨਸ਼ਾ ਕੱਚਾ ਹੈ ਅਤੇ ਥੋੜ੍ਹਾ ਚਿਰ ਰਹਿੰਦਾ ਹੈ ਪਰ ਨਾਮ ਸਿਮਰਨ ਦਾ ਨਸ਼ਾ ਅਤੇ ਮਸਤੀ ਸਦੀਵੀ ਰਹਿੰਦੀ ਹੈ।

ਰਾਵਣ ਨੇ ਸ਼ਰਾਬ ਪੀਤੀ, ਨਸ਼ਾ ਚੜਿਆ ਤਾਂ ਸੱਤਾਂ ਰਿਸ਼ੀਆਂ ਪਾਸੋਂ ਜਾ ਟੈਕਸ ਮੰਗਿਆ ਕਿ ਮੇਰੇ ਰਾਜ ਵਿਚ ਵਸਦੇ ਹੋ 'ਕਰ' ਦਿਓ। ਸਾਧੂਆਂ ਨੇ ਵਾਰੋ ਵਾਰੀ ਆਪਣੀ ਰੱਤ ਦਾ ਇੱਕ-ਇੱਕ ਤੁਪਕਾ ਸ਼ੀਸ਼ੀ ਵਿੱਚ ਪਾ ਕੇ ਰਾਵਣ ਦੇ ਹਵਾਲੇ ਕੀਤਾ। ਆਕਾਸ਼ ਬਾਣੀ ਹੋਈ, "ਰਾਵਣ, ਇਸ ਰੱਤ ਵਿੱਚ ਤੇਰਾ ਕਾਲ ਹੈ।" ਫਿਰ ਕਿਸ ਤਰ੍ਹਾਂ ਸੋਨੇ ਦੇ ਮੰਦਰਾਂ ਦੀ ਖ਼ਾਕ ਵਰੋਲੇ ਬਣ ਕੇ ਉਡੀ ਤੇ ਕਾਲ ਵਸ ਪਿਆ ਰਾਵਣ ਰੋਂਦਾ ਰਿਹਾ, ਸਭ ਨੇ ਵੇਖਿਆ।

ਯਾਦਵਾਂ ਨੇ ਸ਼ਰਾਬ ਪੀ ਕੇ ਦੁਰਬਾਸ਼ਾ ਰਿਸ਼ੀ ਦੇ ਸਾਹਮਣੇ ਇੱਕ ਬਨਾਉਟੀ ਇਸਤਰੀ ਪੇਸ਼ ਕਰਕੇ ਠੱਠਾ

ਕਰਦਿਆਂ ਪੁੱਛਿਆ ਸੀ ਕਿ ਇਸ ਦੇ ਗਰਭ ਵਿੱਚ ਕੀ ਹੈ ਤਾਂ ਬਾਣੀ ਉਤਰੀ, "ਤੁਹਾਡੀ ਕੁਲ ਦਾ ਨਾਸ਼ ਇਸ ਦੇ ਪੇਟ ਵਿੱਚ ਹੈ।" ਨਸ਼ੇ ਵਿੱਚ ਚੂਰ ਸਾਰੇ ਯਾਦਵ ਆਪੋ ਵਿੱਚ ਲੜ ਕੇ ਮਰ ਗਏ। ਇਹ ਕ੍ਰਿਸ਼ਨ ਅਵਤਾਰ ਦੀ ਕੁੱਲ ਦਾ ਨਾਸ਼ ਹੁੰਦਾ ਵੀ ਸੰਸਾਰ ਨੇ ਵੇਖਿਆ।

ਸੰਸਾਰ ਪ੍ਰਸਿੱਧ ਪਾਂਡਵ ਸ਼ਰਾਬ ਦੇ ਨਸ਼ੇ ਵਿੱਚ ਜੂਏ ਦੀ ਖੇਡ ਖੇਡੇ, ਤਾਂ ਰਾਜ ਭਾਗ ਅਤੇ ਆਪਣੀ ਪਿਆਰੀ ਇਸਤਰੀ ਵੀ ਖੋ ਬੈਠੇ। ਦੁਰਯੋਧਨ ਦੇ ਦਰਬਾਰ ਅੰਦਰ ਭਰੀ ਸਭਾ ਵਿੱਚ ਦਰੋਪਤੀ ਨੂੰ ਕੇਸਾਂ ਤੋਂ ਫੜ ਕੇ, ਘਸੀਟ ਕੇ ਲਿਆਂਦਾ ਗਿਆ ਅਤੇ ਨਗਨ ਕਰਨ ਦਾ ਉਪਰਾਲਾ ਕੀਤਾ।

**ਅੰਦਰ ਸਭਾ ਦੁਸਾਸਣੇ ਮਥੇ ਵਾਲਿ ਦ੍ਰੋਪਤੀ ਆਂਦੀ ॥**
**ਦੂਤਾਂ ਨੋ ਫੁਰਮਾਇਆ ਨੰਗ ਕਰਹੁ ਪੰਚਾਲੀ ਬਾਂਦੀ ॥**
**ਪੰਜੇ ਪਾਂਡੋ ਵੇਖਦੇ ਅਉਘਟ ਰੁਧੀ ਨਾਰਿ ਜਿਨਾ ਦੀ ॥**

**(ਵਾਰ ੧੦ ਪਉ. ੮ ਭਾ. ਗੁਰ. ਜੀ)**

ਖਡੂਰ ਸਾਹਿਬ ਦਾ ਇੱਕ ਜੱਟ ਮਲੂਕਾ ਚੌਧਰੀ, ਜਿਸ ਨੂੰ ਮਿਰਗੀ ਪੈਂਦੀ ਸੀ, ਗੁਰੂ ਅੰਗਦ ਦੇਵ ਜੀ ਮਹਾਰਾਜ ਦੇ ਘਰ ਆਇਆ। ਗੁਰੂ ਅੰਗਦ ਦੇਵ ਜੀ ਮਹਾਰਾਜ ਨੇ ਸ਼ਰਾਬ ਨਾ ਪੀਣ ਦਾ ਪ੍ਰਣ ਕਰਾਇਆ ਤਾਂ ਮਿਰਗੀ ਹੱਟ ਗਈ। ਕੁਝ ਚਿਰ ਪਿੱਛੋਂ ਆਪਣੇ ਮਿਤਰਾਂ ਨਾਲ ਰਲਿਆ ਤੇ ਉਹਨਾਂ ਦੇ ਆਖੇ ਲੱਗ ਸ਼ਰਾਬ ਪੀ ਕੇ ਕੋਠੇ ਤੇ ਜਾ ਚੜਿਆ, ਨਸ਼ੇ ਵਿੱਚ ਗੁਰੂ ਅੰਗਦ ਦੇਵ ਜੀ ਨੂੰ ਲਲਕਾਰੇ ਮਾਰਨ ਲੱਗਾ, "ਓਏ ਅੰਗਦਾ, ਮੈਂ ਪੀਤੀ ਊ ਅੱਜ।" ਇਸ ਹਾਲਤ ਵਿੱਚ ਉਹ ਡਿਗ ਪਿਆ ਅਤੇ ਮਿਰਗੀ ਦਾ ਸ਼ਿਕਾਰ ਹੋ ਗਿਆ।

ਐਸ਼ੋ ਇਸ਼ਰਤ ਵਾਲਾ ਜੀਵਨ ਬਤੀਤ ਕਰਨ ਵਾਲੇ ਹਿੰਦੁਸਤਾਨ ਦੇ ਮੁਗਲ ਹੁਕਮਰਾਨ, ਸ਼ਰਾਬ ਦੇ ਜ਼ਹਿਰ ਪਿਆਲੇ ਵਿਚ ਡੁਬ ਕੇ ਮਰ ਗਏ। ਇਸ ਪ੍ਰਥਾਇ ਸਾਈ ਬੁਲੇ ਸ਼ਾਹ, ਸੂਫ਼ੀ ਫ਼ਕੀਰ ਇਉਂ ਕਹਿੰਦਾ ਹੈ:

**ਭੂਰੀਆਂ ਵਾਲੇ ਰਾਜੇ ਕੀਤੇ। ਮੁਗ਼ਲਾਂ ਜ਼ਹਿਰ ਪਿਆਲੇ ਪੀਤੇ।**

## ਮਾਲਕ ਦੀ ਰਜ਼ਾ ਵਿੱਚ ਰਹਿਣਾ

ਸੰਤ ਜੀ ਮਹਾਰਾਜ ਰੋਜ਼ਾਨਾ ਸਵੇਰੇ ਸ਼ਾਮ ਸੈਰ ਕਰਨ ਲਈ ਜਾਂਦੇ ਤਾਂ ਇੱਕ ਸੇਵਕ ਨਾਲ ਜਲ ਦਾ ਗੜਵਾ ਲੈ ਕੇ ਚੱਲ ਪੈਂਦਾ। ਇੱਕ ਦਿਨ ਜਦ ਗੁਰਦੁਆਰਾ ਸਾਹਿਬ ਤੋਂ ਚੱਲਕੇ ਨਹਿਰ ਦੀ ਪਟੜੀ ਤੇ ਪਹੁੰਚੇ ਤਾਂ ਬੜੇ ਜ਼ੋਰ ਦੀ ਵਰਖਾ ਸ਼ੁਰੂ ਹੋ ਗਈ। ਸੰਤ ਜੀ ਪਿੱਛੇ ਵੇਖ ਕੇ ਸੇਵਕ ਨੂੰ ਕਹਿਣ ਲੱਗੇ, "ਪ੍ਰੇਮੀਆ ਕੋਈ ਫੁਰਨਾ ਨਹੀਂ ਕਰਨਾ, ਤੁਰਿਆ ਚੱਲ ਮਾਲਿਕ ਦੀ ਰਜ਼ਾ ਵਿੱਚ। ਬਾਰਿਸ਼ ਮਾਲਕ ਦੀ ਰਜ਼ਾ ਵਿੱਚ ਹੋ ਰਹੀ ਹੈ।"

## ਬੋਲ ਕਬੋਲ ਸਹਾਰਨਾ

ਇੱਕ ਦਿਨ ਸੰਤ ਜੀ ਮਹਾਰਾਜ ਅੰਮ੍ਰਿਤ ਵੇਲੇ ਸੈਰ ਨੂੰ ਗਏ ਤਾਂ ਕਹੀ ਚੁੱਕੀ ਇੱਕ ਪ੍ਰੇਮੀ ਭੱਜਿਆ ਜਾਂਦਾ ਸੰਤਾਂ ਨੂੰ ਰਾਹ ਵਿੱਚ ਮਿਲਿਆ। ਪੁੱਛਣ ਤੇ ਪਤਾ ਲਗਿਆ ਕਿ ਉਸ ਨੂੰ ਕਿਸੇ ਨੇ ਗਾਲ੍ਹ ਕੱਢੀ ਹੈ। ਸੰਤ ਜੀ ਨੇ ਰੋਕਿਆ ਤੇ ਪੁੱਛਿਆ। ਪ੍ਰੇਮੀ ਨੇ ਆਖਿਆ, ਮਹਾਰਾਜ ਮੈਨੂੰ ਅੱਗ ਲੱਗੀ ਹੋਈ ਹੈ, ਉਸਨੇ ਮੈਨੂੰ ਗਾਲ੍ਹ ਕੱਢੀ ਹੈ। ਸੰਤ ਜੀ ਨੇ ਸਮਝਾਇਆ, "ਪ੍ਰੇਮੀਆ ਅੱਗ ਤਾਂ ਉਸਨੂੰ ਲੱਗੀ ਹੈ ਜਿਸਨੇ ਗਾਲ੍ਹ ਕੱਢੀ, ਤੇਰੇ ਕੋਲ ਤਾਂ ਚੰਗਿਆੜੀ ਹੀ ਪਹੁੰਚੀ ਹੈ, ਠਹਿਰ ਜਾ, ਬੋਲ ਸਤਿਨਾਮ ਵਾਹਿਗੁਰੂ।" ਪ੍ਰੇਮੀ ਆਪਣੀ ਬਾਂਹ ਛੁਡਾਉਂਦਾ ਚੁਪ ਕੀਤਾ ਖੜ੍ਹਾ ਰਿਹਾ। ਸੰਤ ਜੀ ਨੇ ਦੁਬਾਰਾ ਸਤਿਨਾਮ ਵਾਹਿਗੁਰੂ ਆਖਿਆ, ਪ੍ਰੇਮੀ ਫਿਰ ਵੀ ਚੁਪ ਕੀਤਾ ਖੜ੍ਹਾ ਰਿਹਾ। ਤੀਜੀ ਵਾਰ ਸੰਤ ਜੀ ਮਹਾਰਾਜ ਨੇ ਉੱਚੀ ਆਵਾਜ਼ ਵਿੱਚ ਕਿਹਾ, "ਪ੍ਰੇਮੀਆ ਬੋਲ ਵਾਹਿਗੁਰੂ" ਤਾਂ ਉਸ ਨੇ ਵੀ ਆਪਣੇ ਮੂੰਹੋਂ ਵਾਹਿਗੁਰੂ ਆਖਿਆ ਅਤੇ ਉਸ ਦਾ ਹਿਰਦਾ ਠੰਡਾ ਠਾਰ ਹੋ ਗਿਆ ਇਸ ਵਿੱਚ ਸੰਤ ਜੀ ਨੇ ਇਹ ਦਰਸਾਇਆ ਕਿ ਵਾਹਿਗੁਰੂ ਬੋਲਣ 'ਚ, ਏਨੀ ਸ਼ਕਤੀ ਹੈ।

## ਗ੍ਰੰਥੀ ਸਿੰਘ ਦਾ ਆਚਰਨ ਉਚਾ ਹੋਣਾ ਚਾਹੀਦਾ ਹੈ

ਡਾਕਟਰ ਅਮਰ ਸਿੰਘ ਜੀ ਖਾਲਸਾ ਨੇ ਦੱਸਿਆ ਕਿ ਇੱਕ ਵਾਰੀ ਸੰਤ ਜੀ ਮਹਾਰਾਜ ਤੋਂ ਇੱਕ ਪਿੰਡ ਦੀਆਂ ਸੰਗਤਾਂ ਨੇ ਆਪਣੇ ਪਿੰਡ ਦੇ ਗੁਰਦੁਆਰੇ ਲਈ ਗ੍ਰੰਥੀ ਸਿੰਘ ਦੀ ਮੰਗ ਕੀਤੀ। ਸੰਤਾਂ ਨੇ ਪ੍ਰੇਮੀ ਭੇਜ ਦਿੱਤਾ, ਉਹ ਵੈਦ ਵੀ ਸੀ। ਕੁਝ ਚਿਰ ਬਾਅਦ ਪਿੰਡ ਦੇ ਸਾਲਾਨਾ ਜੋੜ ਮੇਲੇ ਤੇ ਸੰਗਤਾਂ ਵੱਲੋਂ ਸੰਤਾਂ ਨੂੰ ਸੱਦਾ ਪੱਤਰ ਪਹੁੰਚਣ ਤੇ ਸੰਤ ਜੀ ਆ ਗਏ। ਦੀਵਾਨ ਸ਼ੁਰੂ ਹੋਣ ਤੋਂ ਪਹਿਲਾਂ ਸਟੇਜ ਤੇ ਬੈਠਿਆਂ ਸਟੇਜ ਸਕੱਤਰ ਨੇ ਸੰਗਤਾਂ ਵੱਲੋਂ ਗ੍ਰੰਥੀ ਸਿੰਘ ਦੇ ਚਾਲ ਚਲਣ ਸਬੰਧੀ ਆਈ ਸ਼ਿਕਾਇਤ ਸੰਤ ਜੀ ਨੂੰ ਦੱਸ ਦਿੱਤੀ। ਸੰਤ ਜੀ ਮਹਾਰਾਜ ਸੁਣ ਕੇ ਬੋਲੇ, "ਮਸਤ ਹਾਥੀਆਂ ਦੇ ਸਿਰਾਂ ਨੂੰ ਪਾੜਨ ਵਾਲੇ ਤੇ ਸ਼ੇਰਾਂ ਨੂੰ ਚੀਰ ਕੇ ਰੱਖ ਦੇਣ ਵਾਲੇ ਸੂਰਮੇ ਮਰਦ ਵੀ ਮਿਲ ਜਾਣਗੇ ਪਰੰਤੂ ਕਾਮਵਾਸ਼ਨਾ ਨੂੰ ਫਤਹਿ ਕਰਨ ਵਾਲੇ ਵਿਰਲੇ ਹੀ ਹਨ।" ਦੀਵਾਨ ਦੀ ਸਮਾਪਤੀ ਤੋਂ ਪਹਿਲਾਂ ਸੰਤ ਜੀ ਨੇ ਸੰਗਤਾਂ ਨੂੰ ਸੰਬੋਧਨ ਕੀਤਾ। ਸਾਧ ਸੰਗਤ ਜੀ ਅਸੀਂ ਇਸ ਗ੍ਰੰਥੀ ਸਿੰਘ ਦੀ ਸ਼ਾਦੀ ਕਰਨਾ ਚਾਹੁੰਦੇ ਹਾਂ, ਕੋਈ ਪ੍ਰੇਮੀ ਜਿਸਦੇ ਘਰ ਵਿਆਹੁਣ ਯੋਗ ਲੜਕੀ ਹੋਵੇ, ਦੀਵਾਨ ਵਿੱਚ ਉਠਕੇ ਦਰਸ਼ਨ ਦੇਵੇ। ਇਹ ਸੁਣਦਿਆਂ ਹੀ ਦੋ ਪ੍ਰੇਮੀ (ਸਕੇ ਭਰਾ) ਉਠ ਖੜ੍ਹੇ ਹੋਏ। ਉਹਨਾਂ ਚੋਂ ਇੱਕ ਬੋਲਿਆ, ਮਹਾਰਾਜ ਸਾਡੀ ਭੈਣ ਵਿਧਵਾ ਹੈ, ਅਸੀਂ ਉਸਦੀ ਸ਼ਾਦੀ ਕਰਨਾ ਚਾਹੁੰਦੇ ਹਾਂ, ਸੰਤ ਜੀ ਨੇ ਆਖਿਆ, ਬੀਬੀ ਨੂੰ ਸਾਡੇ ਕੋਲ ਲਿਆਉ। ਬੀਬੀ ਵੀ ਦੀਵਾਨ ਸੁਣਨ ਆਈ ਹੋਈ ਮਾਈਆਂ ਨਾਲ ਬੈਠੀ ਸੀ। ਭਰਾ ਆਪਣੀ ਭੈਣ ਨੂੰ ਬੜੇ ਪਿਆਰ ਨਾਲ ਸੰਗਤਾਂ ਵਿਚੋਂ ਉਠਾ ਲਿਆਇਆ ਤੇ ਮਹਾਰਾਜ ਦੇ ਅੱਗੇ ਲਿਆ ਹਾਜ਼ਰ ਕੀਤੀ। ਸੰਤਾਂ ਦਾ ਹੁਕਮ ਮੰਨ ਕੇ ਗ੍ਰੰਥੀ ਸਿੰਘ ਮਹਾਰਾਜ ਦੇ ਸਾਹਮਣੇ ਹੇਠਾਂ ਜਾ ਬੈਠਿਆ। ਸੰਤਾਂ ਦੇ ਕਹਿਣ ਤੇ ਬੀਬੀ ਜੀ ਨੂੰ ਵੀ ਕੋਲ ਬਿਠਾ ਦਿੱਤਾ ਗਿਆ। ਸੰਤ ਜੀ ਮਹਾਰਾਜ ਨੇ ਤਾਬਿਆ ਸਜਕੇ ਲਾਵਾਂ ਦਾ ਪਾਠ ਕੀਤਾ, ਸ਼ਬਦ ਪੜ੍ਹਕੇ ਅਨੰਦ ਸਾਹਿਬ ਦਾ ਭੋਗ ਪਾਇਆ ਗਿਆ। ਹੁਣ ਅਰਦਾਸ ਦੀ ਵਾਰੀ ਸੀ, ਸੰਤ ਜੀ ਨੇ ਇਹ ਸੇਵਾ ਵੀ ਆਪ ਕੀਤੀ ਅਤੇ ਜੋੜੀ ਲਈ ਪਰਮੇਸ਼ਵਰ ਪਾਸੋਂ ਸ਼ੁਭ ਅਸੀਸ ਮੰਗੀ।

## ਪਤਿਤ ਹੋਏ ਸਿਖਾਂ ਨੂੰ ਪ੍ਰੇਰਨਾ

ਜੰਮੂ ਵਿੱਚ ਇੱਕ ਪ੍ਰਵਾਰ ਦੇ ਸਿੰਘ ਕੇਸ ਕਤਲ ਕਰਵਾ ਕੇ ਪਤਿਤ ਹੋ ਗਏ। ਉਥੋਂ ਦੀਆਂ ਸਭ ਸਿਖ ਸੰਗਤਾਂ ਨੇ, ਰੋਮਾਂ ਦੀ ਬੇਅਦਬੀ ਕਰਨ ਵਾਲੇ ਇਸ ਪ੍ਰਵਾਰ ਦਾ ਬਾਈਕਾਟ ਕੀਤਾ ਹੋਇਆ ਸੀ। ਸੰਤਾਂ ਦੇ

ਇਹਨਾਂ ਦੇ ਘਰ ਪਹੁੰਚਣ ਨਾਲ ਲੋਕਾਂ ਦੇ ਦਿਲਾਂ 'ਚ ਗੁੱਸਾ ਸੀ। ਇਹ ਚਾਹੁੰਦੇ ਸਨ ਸੰਤ ਜੀ ਬਾਹਰ ਆਉਣ ਤਾਂ ਪੁੱਛੀਏ ਕਿ ਤੁਸੀਂ ਸਾਨੂੰ ਛੱਡ ਕੇ ਪਤਿਤ ਲੋਕਾਂ ਦੇ ਘਰ ਜਾ ਕੇ ਕਿਉਂ ਬੈਠੇ ਹੋ ?

ਉਹੋ ਗੱਲ ਹੋਈ। ਜਦੋਂ ਸੰਤ ਜੀ ਮਹਾਰਾਜ ਉਸ ਪ੍ਰਵਾਰ ਨੂੰ ਸ੍ਰੀ ਗੁਰੂ ਜੀ ਕਾ ਬਚਨ ਸੁਣਾਕੇ ਕਿ ਜੇ ਕੋਈ ਸਿੱਖ ਦਾ ਬੇਟਾ ਹੋਏ ਅਤੇ ਮੋਨਾ ਹੋ ਜਾਏ ਤਿਸ ਕੀ ਜੜ ਸੁਕੀ ਔਰ ਜੋ ਮੋਨਾਂ ਕੇਸ ਰੱਖ ਸਿਖ ਹੋਇ ਜਾਵੇ ਤਿਸ ਕੀ ਜੜ੍ਹ ਹਰੀ, ਉਪਦੇਸ਼ ਦੇ ਕੇ ਸਿੱਖੀ ਰੱਖਣ ਵਾਸਤੇ ਪ੍ਰਣ ਕਰਾਕੇ, ਇਹਨਾਂ ਡੁਬਦਿਆਂ ਨੂੰ ਤਾਰ ਕੇ ਦਰਵਾਜ਼ਿਓਂ ਬਾਹਰ ਨਿਕਲੇ ਤਾਂ ਸੰਗਤਾਂ ਨੇ ਆਲੇ ਦੁਆਲੇ ਹੋ ਕੇ ਗੁੱਸੇ ਨਾਲ ਪੁੱਛਿਆ ਕਿ ਤੁਸੀਂ ਪਤਿਤ ਲੋਕਾਂ ਦੇ ਘਰ ਗਏ ਤੇ ਸਾਡੇ ਕੋਲ ਕਿਉਂ ਨਹੀਂ ਆਏ ? ਇਕ ਦੋ ਪ੍ਰੇਮੀਆਂ ਨੇ ਫਿਕੇ ਬਚਨ ਵੀ ਬੋਲੇ। ਸੰਤ ਜੀ ਮਹਾਰਾਜ ਨੇ ਬੜੀ ਸ਼ਾਂਤੀ ਨਾਲ ਉੱਤਰ ਦਿੱਤਾ ਕਿ ਜਿਨ੍ਹਾਂ ਦਾ ਦਿਲ ਢਹਿ ਗਿਆ ਹੋਵੇ, ਉਨ੍ਹਾਂ ਨੂੰ ਹੋਰ ਨਹੀਂ ਢਾਹੁਣਾ ਚਾਹੀਦਾ। ਜੇ ਸਵੇਰ ਦਾ ਭੁਲਿਆ ਸ਼ਾਮ ਨੂੰ ਘਰ ਆ ਜਾਵੇ ਤਾਂ ਉਸ ਨੂੰ ਭੁੱਲਾ ਨਾ ਸਮਝੀਏ। ਹੁਣ ਇਹ ਸਹੀ ਰਾਹ ਤੇ ਆ ਗਏ ਹਨ।

ਇਹ ਕ੍ਰਿਸ਼ਮਾ ਦੇਖ ਕੇ ਜੰਮੂ ਦੀਆਂ ਸੰਗਤਾਂ ਦੇ ਦਿਲ ਠੰਡੇ ਹੋ ਗਏ ਅਤੇ ਸਭ ਸੰਗਤਾਂ ਸੰਤ ਜੀ ਮਹਾਰਾਜ ਦੇ ਚਰਨੀਂ ਲੱਗੀਆਂ।

## ਦਸਵੰਧ ਕੱਢਣ ਦਾ ਉਪਦੇਸ਼

ਮਹੰਤ ਸਾਧੂ ਸਿੰਘ ਜੀ ਖਨਾਲ ਵਾਲਿਆਂ ਨੇ ਦੱਸਿਆ ਕਿ ਪਿੰਡ ਲੱਡੇ ਦੀਆਂ ਚੌਹਾਂ ਪੱਤੀਆਂ ਵਿੱਚ ਲੜਾਈ ਝਗੜੇ ਰਹਿੰਦੇ ਸਨ। ਪਿੰਡ ਦੇ ਗੁਰਦੁਆਰੇ ਵਿੱਚ ਸੰਤ ਨਿਰਵਿਘਨ ਸਿੰਘ ਜੀ ਸੇਵਾ ਕਰਵਾ ਰਹੇ ਸਨ ਤਾਂ ਉਹਨਾਂ ਚੀਮੇ ਆ ਕੇ ਸੰਤ ਜੀ ਮਹਾਰਾਜ ਨੂੰ ਬੇਨਤੀ ਕੀਤੀ ਕਿ ਆਪ ਲੱਡੇ ਦਰਸ਼ਨ ਦੇਵੋ। ਸੰਤਾਂ ਨੇ ਆ ਕੇ ਪਿੰਡ ਦੇ ਸੁਧਾਰ ਲਈ ਦੀਵਾਨ ਲਾਇਆ ਅਤੇ ਸੰਗਤਾਂ ਨੂੰ ਦਸਵੰਧ ਕੱਢਣ ਲਈ ਬੇਨਤੀ ਕੀਤੀ ਤਾਂ ਕਿ ਇਹ ਸਾਰਾ ਪੈਸਾ ਪਿੰਡ ਵਿੱਚ ਗੁਰੂ ਕੀ ਸੇਵਾ ਤੇ ਲੱਗੇ। ਸੰਤ ਜੀ ਮਹਾਰਾਜ ਨੇ ਚੌਹਾਂ ਪੱਤੀਆਂ ਦਾ ਰਾਜ਼ੀਨਾਵਾਂ ਕਰਵਾ ਦਿੱਤਾ ਤੇ ਸੰਗਤਾਂ ਨੇ ਦਸਵੰਧ ਕੱਢਣਾ ਸ਼ੁਰੂ ਕਰ ਦਿੱਤਾ। ਉਸ ਦਿਨ ਤੋਂ ਪਿੰਡ ਵਿੱਚੋਂ ਕਲੇਸ਼ ਮੁਕ ਗਏ ਤੇ ਕਤਲ ਹੋਣੇ ਬੰਦ ਹੋ ਗਏ। ਆਪ ਜੀ ਦੇ ਇਸ ਪਰਉਪਕਾਰ ਨੂੰ ਸੰਗਤਾਂ ਹੁਣ ਤੱਕ ਯਾਦ ਕਰਦੀਆਂ ਹਨ।

## ਅਵਗੁਣ ਨਾ ਚਿਤਾਰਨਾ

ਸੰਤ ਜੀ ਮਹਾਰਾਜ ਦੇ ਇੱਕ ਬਜ਼ੁਰਗ ਵਿਦਿਆਰਥੀ ਨੇ ਦੱਸਿਆ ਕਿ ਮੈਂ ਗੁਰੂ ਨਾਨਕ ਕਾਲਜ ਗੁਜਰਾਂਵਾਲੇ ਪੜ੍ਹਦਾ ਸਾਂ ਤੇ ਬਾਬਾ ਜੀ ਉਥੇ ਪ੍ਰਿੰਸੀਪਲ ਸਨ। ਲੜਕਿਆਂ ਤੋਂ ਗਲਤੀਆਂ ਹੋ ਹੀ ਜਾਂਦੀਆਂ ਹਨ, ਜਦੋਂ ਕਿਸੇ ਨੂੰ ਨੋਟਿਸ ਬੋਰਡ ਤੇ ਕੋਈ ਜੁਰਮਾਨਾ ਜਾਂ ਉਸ ਦੀਆਂ ਗੈਰ ਹਾਜ਼ਰੀਆਂ ਦਾ ਪਤਾ ਚਲਦਾ ਤਾਂ ਉਹ ਲੜਕਾ ਕਾਲਜ ਟਾਇਮ ਤੋਂ ਪਿੱਛੋਂ ਜਾਂ ਪਹਿਲਾਂ ਜਦੋਂ ਸੰਤ ਜੀ ਮਹਾਰਾਜ ਸੈਰ ਕਰਦੇ ਹੁੰਦੇ, ਉਹਨਾਂ ਦੇ ਪਿੱਛੇ ਚਲਿਆ ਜਾਂਦਾ ਤੇ ਹੌਲੀ ਜਿਹੀ ਬੇਨਤੀ ਕਰਦਾ ਕਿ ਮਹਾਰਾਜ ਜੀ ਐਤਕੀਂ ਮੁਆਫ਼ ਕਰ ਦੇਵੋ, ਮੈਂ ਫੇਰ ਨਹੀਂ ਗਲਤੀ ਕਰਦਾ ਤਾਂ ਸੰਤ ਜੀ ਝੱਟ ਮੁਆਫ਼ ਕਰ ਦਿੰਦੇ। ਕਾਲਜ ਦੇ ਲੜਕੇ ਉਹਨਾਂ ਦਾ ਬਹੁਤ ਸਤਿਕਾਰ ਕਰਦੇ ਸਨ। ਆਪ ਜੀ ਦਾ ਲਿਬਾਸ ਉਸ ਵੇਲੇ ਵੀ ਸਾਧੂਆਂ ਵਾਲਾ ਹੀ ਹੁੰਦਾ ਸੀ ਤੇ ਸੁਭਾਅ ਬੜਾ ਦਿਆਲੂ ਸੀ।

ਕਾਲਜ ਵਿੱਚ ਹਫ਼ਤਾਵਾਰੀ ਧਾਰਮਿਕ ਦੀਵਾਨ ਹੁੰਦਾ ਸੀ। ਉਸ ਵਿੱਚ ਪਹਿਲਾਂ ਵਿਦਿਆਰਥੀ ਕੀਰਤਨ ਸ਼ੁਰੂ ਕਰਦੇ ਤੇ ਪਿੱਛੋਂ ਸੰਤ ਜੀ ਮਹਾਰਾਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕਿਸੇ ਸ਼ਬਦ ਦੀ ਕਥਾ ਕਰਦੇ। ਉਸ ਵੇਲੇ ਕਾਲਜ ਦੇ ਸਾਰੇ ਵਿਦਿਆਰਥੀ ਹਾਜ਼ਰ ਹੁੰਦੇ।

ਕਾਲਜ ਦੇ ਸਾਹਮਣੇ ਯਤੀਮਖਾਨੇ ਦਾ ਵਿਦਿਆਲਾ ਸੀ ਜਿਥੇ ਬੱਚਿਆਂ ਨੂੰ ਖੱਡੀ ਦੇ ਕੰਮ, ਸਿਲਾਈ ਦੇ ਕੰਮ, ਕੀਰਤਨ, ਪਾਠ ਵਿੱਦਿਆ ਤੇ ਗਿਆਨੀ ਦੀਆਂ ਕਲਾਸਾਂ ਲੱਗਦੀਆਂ ਸਨ। ਸੰਤ ਜੀ ਹਰ ਐਤਵਾਰ ਕੁਝ ਛੋਟੇ ਬੱਚਿਆਂ ਨੂੰ ਆਪਣੇ ਘਰ ਲੈ ਜਾ ਕੇ ਉਹਨਾਂ ਦੇ ਚਰਨ ਧੋਂਦੇ ਤੇ ਪ੍ਰਸ਼ਾਦਾ ਛਕਾਉਂਦੇ ਅਤੇ ਗੁਰਮਤਿ ਦੀ ਸਿੱਖਿਆ ਦਿੰਦੇ।

ਸ਼ਹਿਰ ਦੇ ਲੋਕ ਬਹੁਤ ਵਾਰੀ ਯਤੀਮਖਾਨੇ ਦੇ ਬੱਚਿਆਂ ਨੂੰ ਪ੍ਰਸ਼ਾਦਾ ਛਕਾਉਣ ਲਈ ਆਪਣੇ ਘਰੀਂ ਲੈ ਜਾਂਦੇ। ਸੰਤ ਜੀ ਮਹਾਰਾਜ ਦੀ ਪ੍ਰੇਰਨਾ ਕਾਰਨ ਸਰਾਧਾਂ ਦੇ ਦਿਨਾਂ ਵਿੱਚ, ਕਿਸੇ ਘਰ ਵਿੱਚ ਪ੍ਰਸ਼ਾਦਾ ਛਕਾਉਣ ਲਈ ਬੱਚਿਆਂ ਨੂੰ ਨਹੀਂ ਭੇਜਿਆ ਜਾਂਦਾ ਸੀ ਕਿਉਂਕਿ ਸਰਾਧ ਗੁਰਮਤਿ ਦੇ ਅਨੁਕੂਲ ਨਹੀਂ ਹਨ।

ਵਿੱਦਿਅਕ ਅਦਾਰੇ ਦੇ ਸੰਬੰਧ ਵਿੱਚ ਸੰਤ ਜੀ ਮਹਾਰਾਜ ਬੜੇ ਸ਼ਕਤੀਸ਼ਾਲੀ ਪ੍ਰਬੰਧਕ ਸਨ। ਇੱਕ ਵਾਰ ਕੁਝ ਸਰਕਾਰੀ ਅਫ਼ਸਰਾਂ ਦੀ ਟੋਲੀ ਕਾਲਜ ਦੀ ਚੈਕਿੰਗ ਵਾਸਤੇ ਗੁਜਰਾਂਵਾਲੇ ਗੁਰੂ ਨਾਨਕ ਖ਼ਾਲਸਾ ਕਾਲਜ ਬਗੈਰ ਇਤਲਾਹ ਕੀਤਿਆਂ ਹੀ ਪਹੁੰਚ ਗਈ। ਸੰਤ ਜੀ ਨੇ ਉਹਨਾਂ ਅਫ਼ਸਰਾਂ ਨੂੰ ਮਿਲਣ ਤੋਂ ਇਨਕਾਰ ਕਰ ਦਿੱਤਾ ਕਿ ਬਗੈਰ ਇਤਲਾਹ ਅਤੇ ਬਿਨਾਂ ਪੁੱਛੇ ਕਾਲਜ ਅੰਦਰ ਕਿਉਂ ਆਏ, ਉਹਨਾਂ ਨੂੰ ਖਾਲੀ ਵਾਪਸ ਜਾਣਾ ਪਿਆ।

## ਅਖੌਤੀ ਨਿਹਕਲੰਕ ਅਵਤਾਰ

ਇੱਕ ਵੇਰੀ ਨਾਨਕਸਰ ਚੀਮੇਂ ਜਨਰਲ ਸ਼ਿਵਦੇਵ ਸਿੰਘ ਜੀ ਦੀ ਚਿੱਠੀ ਆਈ ਕਿ ਨਿਹਕਲੰਕੀ ਅਵਤਾਰ ਤੁਹਾਨੂੰ ਮਿਲਣ ਆ ਰਹੇ ਹਨ। ਕੁਝ ਚਿਰ ਪਿੱਛੋਂ ਉਹ ਨਿੰਮ ਦੇ ਦਰਖ਼ਤ ਹੇਠ ਮੰਜੇ ’ਤੇ ਬੈਠ ਗਏ। ਉਹ ਅਖੌਤੀ ਨਿਹਕਲੰਕ ਅਵਤਾਰ ਨੇ ਜੋ ਗੁਰਬਾਣੀ ਵਿੱਚ ਮਾਰੂ ਸੋਲਹੇ ਦੀ ਚਾਲ ਹੈ, ਉਸੇ ਚਾਲ ਵਿੱਚ ਕੁਝ ਕਵਿਤਾ ਉਚਾਰਨੀ ਸ਼ੁਰੂ ਕਰ ਦਿੱਤੀ ਅਤੇ ਉਸ ਦੇ ਇੱਕ ਸੇਵਕ ਨੇ ਲਿਖਣੀ ਸ਼ੁਰੂ ਕਰ ਦਿੱਤੀ। ਸੰਤ ਜੀ ਮਹਾਰਾਜ ਕੁਝ ਚਿਰ ਲਈ ਤਾਂ ਆਪਣੇ ਰੰਗ ਵਿੱਚ ਮਸਤ ਰਹੇ। ਫਿਰ ਉਹਨਾਂ ਆਪਣੇ ਸੇਵਕ ਭਾਈ ਬਲਦੇਵ ਸਿੰਘ ਨੂੰ ਕਿਹਾ, “ਇਹ ਤਾਂ ਐਵੇਂ ਕਰਦੇ ਰਹਿਣਗੇ, ਲਿਆ ਤੂੰ ਸਾਨੂੰ ਪ੍ਰਸ਼ਾਦਾ ਛਕਾ।” ਇਸ ਗੱਲ ’ਤੇ ਉਹ ਨਰਾਜ਼ ਹੋ ਗਏ ਅਤੇ ਕਿਹਾ, “ਅਸੀਂ ਤੁਹਾਡੇ ਪਾਸ ਆਏ ਹਾਂ, ਤੁਸੀਂ ਕੋਈ ਸਾਡਾ ਮਾਣ ਨਹੀਂ ਕੀਤਾ।” ਸੰਤ ਜੀ ਮਹਾਰਾਜ ਨੇ ਸਮਝਾਇਆ,” “ਭਾਈ! ਗੁਰੂ ਤੋਂ ਬਿਨਾਂ ਹੋਰ ਕਿਹੜੀ ਬਾਣੀ ਹੈ, ਸਭ ਮਨਮਤਿ ਹੈ।” ਆਪਣੇ ਆਪ ਨੂੰ ਨਿਹਕਲੰਕੀ ਜਤਾਉਂਦੇ ਹੋਏ, ਜਿਸ ਵੇਲੇ ਉਹ ਗੁੱਸੇ ਵਿਚ ਉੱਠ ਕੇ ਜਾਣ ਲੱਗੇ ਤਾਂ ਸੰਤ ਜੀ ਨੇ ਕਿਹਾ, “ਨਿਹਕਲੰਕ ਅਵਤਾਰ ਇਉਂ ਨਹੀਂ ਜਤਾਉਂਦਾ ਫਿਰੇਗਾ। ਦੁਨੀਆਂ ਉਸ ਨੂੰ ਆਪ ਹੀ ਲੱਭ ਲਵੇਗੀ। ਉਸ ਨੂੰ ਦੱਸਣ ਦੀ ਲੋੜ ਨਹੀਂ ਪਵੇਗੀ ਕਿ ਮੈਂ ਨਿਹਕਲੰਕੀ ਹਾਂ।” ਫਿਰ ਕਦੇ ਉਸ ਬਾਰੇ ਕੋਈ ਗੱਲ ਨਹੀਂ ਸੁਣੀ।

## ਭਾਈ ਕੌਰ ਸਿੰਘ

ਜਦੋਂ ਸੰਤ ਤੇਜਾ ਸਿੰਘ ਜੀ ਮਹਾਰਾਜ ਗੁਰਦਵਾਰਾ ਨਾਨਕਸਰ ਚੀਮਾ ਦੀ ਸੇਵਾ ਕਰਵਾ ਰਹੇ ਸਨ ਤਾਂ ਇਕ ਪ੍ਰੇਮੀ ਭਾਈ ਕੌਰ ਸਿੰਘ ਸੰਤਾਂ ਦਾ ਸੇਵਕ ਬਣਿਆ, ਭਾਈ ਕੌਰ ਸਿੰਘ ਨੇ ਹਰ ਰੋਜ਼ ਬਿਨਾਂ ਨਾਗੇ ਦੇ ਦੋ ਭਰੀਆਂ ਲੱਕੜਾਂ ਦੀਆਂ ਲੰਗਰ ਵਾਸਤੇ ਹਾਜ਼ਰ ਕਰਨੀਆਂ ਸ਼ੁਰੂ ਕੀਤੀਆਂ ਤੇ ਪਿੱਛੋਂ ਆਪਣੇ ਘਰ ਦਾ ਕੰਮ ਕਰਦੇ। ਇਹ ਸੇਵਾ ੧੨ ਸਾਲ ਮੀਂਹ ਹਨੇਰੀ ਦੇ ਬਾਵਜੂਦ ਵੀ ਸਿਰੇ ਚਾੜ੍ਹਦੇ ਰਹੇ। ਇਹਨਾਂ ਦੇ ਸੇਵਾ ਭਾਵ ਨੂੰ ਵੇਖ ਕੇ ਸਾਰਿਆਂ ਨੂੰ ਭਾਈ ਮੰਝ ਦੀ ਸਾਖੀ ਯਾਦ ਆ ਜਾਂਦੀ। ਸੰਤ ਜੀ ਭਾਈ ਕੌਰ ਸਿੰਘ ਤੇ ਬਹੁਤ ਪ੍ਰਸੰਨ ਸਨ। ਉਂਝ ਤਾਂ ਸੰਤ ਤੇਜਾ ਸਿੰਘ ਜੀ ਕਿਸੇ ਦੇ ਘਰ ਦਾ ਪ੍ਰਸ਼ਾਦਾ ਨਹੀਂ ਸਨ ਛਕਦੇ ਪਰ ਭਾਈ ਕੌਰ ਸਿੰਘ ਦੀ ਬੇਨਤੀ ਕਦੇ ਨਹੀਂ ਸੀ ਮੋੜਦੇ। ਕਿਉਂਕਿ ਭਾਈ ਕੌਰ ਸਿੰਘ ਧਰਮ ਦੀ ਕਿਰਤ ਕਰਦੇ ਤੇ ਸੇਵਾ ਵਿੱਚ ਨਿਰੰਤਰ ਜੁਟੇ ਰਹਿੰਦੇ। ਹੇਠ ਲਿਖੀਆਂ ਸਾਖੀਆਂ ਭਾਈ ਕੌਰ ਸਿੰਘ ਨੇ ਲਿਖਾਈਆਂ ਹਨ:

(ੳ) ਜਦੋਂ ਗੁਰਦਵਾਰਾ ਨਾਨਕਸਰ ਚੀਮਾ ਦੇ ਦੀਵਾਨ ਹਾਲ ਦੀ ਉਸਾਰੀ ਦਾ ਸੰਤ ਜੀ ਨੇ ਸੰਕਲਪ ਕੀਤਾ ਤਾਂ ਉਸ ਸਮੇਂ ਮਿਸਤਰੀ ਬੋਘਾ ਸਿੰਘ ਨੂੰ ਸੰਤ ਜੀ ਨੇ ਕਿਹਾ ਕਿ ਭਾਈ ਤੂੰ ਕਿੰਨੀ ਦਿਹਾੜੀ ਲਿਆ ਕਰੇਂਗਾ। ਬੋਘਾ ਸਿੰਘ ਨੇ ਕਿਹਾ ਉਹੋ ਕੁਝ ਲਵਾਂਗਾ ਜੋ ਪਿੰਡ ਵਿੱਚ ਦਿਹਾੜੀ ਚੱਲਦੀ ਹੈ ਪਰ ਨਾਲ ਹੀ ਪ੍ਰਸ਼ਾਦਾ ਪਾਣੀ, ਖੰਡ ਘਿਓ ਛਕਿਆ ਕਰਾਂਗਾ। ਬੋਘਾ ਸਿੰਘ ਦੀ ਇਹ ਗਲ ਸੁਣ ਕੇ ਸੰਤ ਜੀ ਚੁੱਪ ਹੋ ਗਏ। ਪਿੱਛੋਂ ਬੋਘਾ ਸਿੰਘ ਆਗਿਆ ਲੈ ਕੇ ਘਰ ਮੁੜ ਗਿਆ। ਰਾਤ ਸਮੇਂ ਸੁਪਨੇ ਵਿੱਚ ਬੋਘਾ ਸਿੰਘ ਨੇ ਅਸਚਰਜ ਕੌਤਕ ਵੇਖਿਆ ਕਿ ਸੰਤ ਜੀ ਮਹਾਰਾਜ ਨੇ ਘਿਉ ਤਾਂ ਪਾ ਦਿੱਤਾ ਪਰ ਪਿੱਛੋਂ ਮਿੱਟੀ ਦੀ ਮੁੱਠ ਪਾ ਦਿੱਤੀ। ਜਦ ਮਿਸਤਰੀ ਨੂੰ ਜਾਗ ਆਈ ਤਾਂ ਮਿਸਤਰੀ ਜਾਣ ਗਿਆ ਕਿ ਇਹ ਸੇਵਾ ਉਸ ਦੇ ਕਰਮਾਂ ਵਿੱਚ ਨਹੀਂ ਲਿਖੀ। ਪਿੱਛੋਂ ਸੰਤ ਜੀ ਮਹਾਰਾਜ ਨੇ ਮਿਸਤਰੀ ਅਮਰ ਸਿੰਘ ਨੂੰ ਇਹੋ ਸਵਾਲ ਕੀਤਾ ਤਾਂ ਮਿਸਤਰੀ ਅਮਰ ਸਿੰਘ ਨੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਜੋ ਦਿਹਾੜੀ ਤੁਸੀਂ ਦੇਣੀ ਹੋਵੇਗੀ ਉਹੋ ਹੀ ਦੇ ਦੇਣੀ ਤੇ ਪ੍ਰਸ਼ਾਦਾ ਲੰਗਰ ਦੇ ਨਾਲ ਦਾ ਜੋ ਤਿਆਰ ਹੋਵੇਗਾ ਉਹੋ ਹੀ ਛਕਾਂਗੇ। ਇਸੇ ਮਿਸਤਰੀ ਨੇ ਦੀਵਾਨ ਹਾਲ, ਲੰਗਰ ਤੇ ਪਿੱਛੋਂ ਗੁਰਦਵਾਰਾ ਜਨਮ ਅਸਥਾਨ ਸਾਹਿਬ ਦੀਆਂ ਚਾਰ ਮੰਜ਼ਲਾਂ ਦੀ ਸੇਵਾ ਕੀਤੀ। ਇਸ ਦੇ ਚਲਾਣੇ ਪਿੱਛੋਂ ਇਸ ਦੇ ਪਰਿਵਾਰ ਨੇ ਰਹਿੰਦੀਆਂ ਮੰਜ਼ਲਾਂ ਤੇ ਬੁੰਗਿਆਂ ਦੀ ਸੇਵਾ ਸਿਰੇ ਚੜ੍ਹਾਈ।

(ਅ) ਸੰਤ ਤੇਜਾ ਸਿੰਘ ਜੀ ਮਹਾਰਾਜ ਵਿੱਚ ਅਤਿ ਦੀ ਗਰੀਬੀ ਸੀ। ਇੱਕ ਵਾਰ ਮਸਤੂਆਣੇ ਭਾਈ ਤੀਰਥ ਸਿੰਘ ਨੇ ਸੰਤ ਜੀ ਨੂੰ ਕਿਹਾ ਕਿ ਮੈਂ ਤੁਹਾਨੂੰ ਕਹੀ ਮਾਰਨੀ ਹੈ ਤਾਂ ਸੰਤ ਜੀ ਬਜਾਏ ਉਹਨਾਂ ਨੂੰ ਇਸਦਾ ਕਾਰਨ ਪੁੱਛਣ ਦੇ, ਅੱਗੇ ਲੰਮੇ ਪੈ ਗਏ ਤੇ ਆਖਿਆ, "ਲੈ ਭਾਈ ਪ੍ਰੇਮੀਆਂ ਤੂੰ ਆਪਣੀ ਮਰਜ਼ੀ ਕਰ ਲੈ।" ਇਹ ਨਿਮਰਤਾ ਵੇਖ ਕੇ ਤੀਰਥ ਸਿੰਘ ਨੇ ਕਹੀ ਤਾਂ ਕੀ ਮਾਰਨੀ ਸੀ ਸਗੋਂ ਸ਼ਰਮਿੰਦੇ ਹੋ ਕੇ ਨਮਸਕਾਰ ਕੀਤੀ ਅਤੇ ਕਿਹਾ ਕਿ ਜਿਹੜੀ ਉਸ ਵਿੱਚ ਸੇਵਾ ਕਰਨ ਦੀ ਸਮਰਥਾ ਸੀ ਉਹ ਉਸ ਨੇ ਗੁੱਸੇ ਵਿੱਚ ਆ ਕੇ ਐਵੇਂ ਗਵਾ ਲਈ।

## ਬੀਬੀ ਪ੍ਰੀਤਮ ਕੌਰ

ਸੰਤ ਜੀ ਮਹਾਰਾਜ ਦੇ ਸਮੇਂ ਬੀਬੀ ਪ੍ਰੀਤਮ ਕੌਰ ਵੀ ਇਹਨਾਂ ਦੀ ਸ਼ਰਧਾਲੂ ਬਣੀ। ਇਹਨਾਂ ਦੇ ਪਤੀ ਸੇਵਾ ਕਰਦੇ-ਕਰਦੇ ਬੜੂ ਸਾਹਿਬ ਚਲਾਣਾ ਕਰ ਗਏ ਸੀ। ਪਿੱਛੋਂ ਬੀਬੀ ਜੀ ਸੰਤਾਂ ਦੀ ਬਹੁਤ ਸੇਵਾ ਕਰਦੇ ਸੀ, ਆਪਣੇ ਹੱਥੀਂ ਇਸ਼ਨਾਨ ਕਰਾਉਂਦੇ। ਇੱਕ ਵਾਰੀ ਸੰਤ ਜੀ ਹੋਰ ਸੇਵਕਾਂ ਨਾਲ ਤੇ ਬੀਬੀ ਜੀ ਸਮੇਤ ਬੜੂ ਸਾਹਿਬ ਜਾ ਰਹੇ ਸਨ। ਬੀਬੀ ਜੀ ਦੇ ਨਾਲ ਇਹਨਾਂ ਦਾ ਭੁਝੰਗੀ ਜੋ ਚਾਰ ਸਾਲ ਦੀ ਉਮਰ ਦਾ ਸੀ, ਵੀ

ਨਾਲ ਸੀ। ਇਸ ਬੱਚੇ ਨੂੰ ਭਾਈ ਇਕਬਾਲ ਸਿੰਘ ਜੀ ਨੇ ਕਠਨ ਪਹਾੜੀ ਰਸਤੇ ਵਿੱਚ ਕੁੱਛੜ ਚੁੱਕ ਕੇ ਬੜੂ ਸਾਹਿਬ ਪਹੁੰਚਾਇਆ। ਇਸ ਉੱਤੇ ਬੀਬੀ ਪ੍ਰੀਤਮ ਕੌਰ ਨੇ ਸੰਤ ਜੀ ਮਹਾਰਾਜ ਨੂੰ ਬੇਨਤੀ ਕੀਤੀ ਕਿ ਵੇਖੋ ਜੀ ਭਾਈ ਇਕਬਾਲ ਸਿੰਘ ਜੀ ਵਿੱਚ ਕਿੰਨੀ ਤਾਕਤ ਹੈ, ਆਪਾਂ ਤਾਂ ਆਪਣਾ ਸਰੀਰ ਹੀ ਮਸਾਂ ਪਹਾੜੀ ਇਲਾਕੇ ਵਿੱਚ ਲੈ ਕੇ ਪਰ ਭਾਈ ਇਕਬਾਲ ਸਿੰਘ ਆਪ ਵੀ ਤੇ ਨਾਲ ਹੀ ਰਾਮ ਸਿੰਘ ਨੂੰ ਵੀ ਮੋਢੇ ਉੱਤੇ ਚੁੱਕ ਕੇ ਲੈ ਆਏ ਹਨ ਤਾਂ ਸੰਤ ਜੀ ਮਹਾਰਾਜ ਨੇ ਕਿਹਾ ਕਿ ਬੀਬੀ! ਇਕਬਾਲ ਸਿੰਘ ਨੂੰ ਭੁਝੰਗੀ ਦਾ ਤਾਂ ਕੀ ਭਾਰ ਲੱਗਣਾ ਸੀ ਇਹ ਤਾਂ ਪਹਾੜ ਚੁੱਕ ਲੈਂਦਾ ਹੈ।

ਇੱਕ ਦਿਨ ਨਾਨਕਸਰ ਚੀਮੇਂ ਵਿਖੇ ਸੰਤ ਜੀ ਮਹਾਰਾਜ ਨੇ ਬੀਬੀ ਪ੍ਰੀਤਮ ਕੌਰ ਨੂੰ ਫੁਰਮਾਇਆ ਕਿ ਭਾਈ ਇਕਬਾਲ ਸਿੰਘ ਨੇ ਤਾਂ ਸੰਤ ਬਣ ਜਾਣਾ ਹੈ। ਬੀਬੀ ਨੇ ਬੇਨਤੀ ਕੀਤੀ ਕਿ ਉਹ ਤਾਂ ਡਿਊਟੀ ਕਰਦੇ ਹਨ ਤਾਂ ਸੰਤ ਜੀ ਨੇ ਬਚਨ ਕੀਤਾ ਕਿ ਭਾਈ! ਡਿਊਟੀ ਆਪੇ ਹੀ ਛੁੱਟ ਜਾਵੇਗੀ। ੧੯੮੭ ਈਸਵੀ ਵਿੱਚ ਭਾਈ ਇਕਬਾਲ ਸਿੰਘ ਜੀ ਰਿਟਾਇਰ ਹੋਏ ਤੇ ਇਧਰ ਬਾਬਾ ਸੰਤੋਖ ਸਿੰਘ ਜੀ ਚਲਾਣਾ ਕਰ ਗਏ ਤਾਂ ਇਲਾਕੇ ਦੀਆਂ ਸੰਗਤਾਂ ਨੇ ਬਾਬਾ ਇਕਬਾਲ ਸਿੰਘ ਜੀ ਨੂੰ ਗੁਰਦਵਾਰਾ ਜਨਮ ਅਸਥਾਨ ਦੀ ਸੇਵਾ ਦੀ ਦਸਤਾਰ ਸੌਂਪ ਦਿੱਤੀ। ਬੀਬੀ ਪ੍ਰੀਤਮ ਕੌਰ ਵੀ ਆਪਣੇ ਤਿੰਨਾਂ ਲੜਕਿਆਂ ਦੀ ਨੌਕਰੀ ਵਿੱਚੋਂ ਦਸਵੰਧ ਕੱਢ ਕੇ ਗੁਰਦਵਾਰਾ ਸਾਹਿਬ ਦੀ ਸੇਵਾ ਵਿੱਚ ਲਾਉਂਦੀ ਹੈ।

## ਭਾਈ ਗੁਰਦਿਆਲ ਸਿੰਘ

ਸੰਤ ਤੇਜਾ ਸਿੰਘ ਜੀ ਜਿਸ ਪ੍ਰੇਮੀ 'ਤੇ ਆਪਣੀ ਮਿਹਰ ਕਰਦੇ, ਨਦਰੀ-ਨਦਰ ਨਿਹਾਲ ਕਰ ਦਿੰਦੇ। ਇੱਕ ਸੱਜਣ ਗੁਰਦਿਆਲ ਸਿੰਘ ਪਿੰਡ ਫੱਫੜੇ ਕੇ ਤੋਂ ਸੰਤਾਂ ਦੇ ਚਰਨਾਂ ਵਿੱਚ ਹਾਜ਼ਰ ਹੋਇਆ ਜਦੋਂ ਪ੍ਰੇਮੀ ਨਮਸਕਾਰ ਕਰ ਕੇ ਬੈਠ ਗਿਆ ਤਾਂ ਸੰਤ ਜੀ ਮਹਾਰਾਜ ਨੇ ਇਸ ਦੇ ਮਸਤਕ 'ਤੇ ਝਾਤ ਮਾਰ ਕੇ ਹੁਕਮ ਕੀਤਾ ਕਿ ਭਾਈ! ਹੁਣ ਤੈਂ ਕਿਧਰੇ ਨਹੀਂ ਜਾਣਾ ਏਥੇ ਹੀ ਸੇਵਾ ਕਰਨੀ ਹੈ। ਇਹ ਪ੍ਰੇਮੀ ਸੇਵਾ ਵਿੱਚ ਜੁੱਟ ਗਿਆ ਤੇ ੩੫ ਸਾਲ ਨਿਰੰਤਰ ਸੇਵਾ ਕੀਤੀ ਤੇ ਸੰਤ ਜੀ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਹੁਣ ਇਹ ਪ੍ਰੇਮੀ ਜਨਮ ਅਸਥਾਨ ਵਿਖੇ ਸੇਵਾ ਕਰਦਿਆਂ ਹੋਇਆਂ ਚੜ੍ਹਾਈ ਕਰ ਗਿਆ ਹੈ।

## ਮਾਈ ਪ੍ਰਸਿੰਨ ਕੌਰ

ਪਿੰਡ ਚੀਮਾਂ ਦੀ ਇੱਕ ਮਾਈ ਪ੍ਰਸਿੰਨ ਕੌਰ ਹਰ ਰੋਜ ਸੰਤ ਜੀ ਮਹਾਰਾਜ ਦੇ ਦਰਸ਼ਨ ਕਰਨ ਲਈ, ਚਰਨਾਂ ਵਿੱਚ ਹਾਜ਼ਰ ਹੁੰਦੀ ਤੇ ਬੇਅੰਤ ਸੇਵਾ ਕਰਦੀ। ਇਸ ਨੂੰ ਮਹਾਰਾਜ ਦੀ ਸੰਗਤ ਦਾ ਬਹੁਤ ਗੂੜ੍ਹਾ ਰੰਗ ਚੜ੍ਹਿਆ। ਜਦੋਂ ਘਰ ਵਾਲਾ ਗੁੱਸੇ ਹੋ ਕੇ ਮਾਈ ਨੂੰ ਗਾਲਾਂ ਕੱਢਦਾ ਤਾਂ ਇਹ ਮਾਈ ਅੱਗੋਂ ਵਾਹਿਗੁਰੂ ਕਹਿ ਕੇ ਕਹਿੰਦੀ, "ਸਿੱਖਾ! ਵਾਹਿਗੁਰੂ ਬੋਲ।" ਇਸ ਮਾਈ ਦੇ ਸਾਰੇ ਪਰਿਵਾਰ ਦਾ ਸੰਤ ਜੀ ਦੀ ਕਿਰਪਾ ਨਾਲ ਸੁਧਾਰ ਹੋਇਆ। ਬੁਢੇਪੇ ਵਿੱਚ ਵੀ ਇਹ ਮਾਈ ਹਰ ਰੋਜ ਗੁਰਦੁਆਰਾ ਸਾਹਿਬ ਆ ਕੇ ਬੇਅੰਤ ਸੇਵਾ ਕਰਦੀ ਸੀ ਅਤੇ ਹੁਣ ਚੜ੍ਹਾਈ ਕਰ ਗਈ ਹੈ।

## ਇੱਕ ਮਾਈ ਦਾ ਲੋਭ

ਸੰਤ ਤੇਜਾ ਸਿੰਘ ਜੀ ਮਹਾਰਾਜ, ਗੁਰਦਵਾਰਾ ਜਨਮ ਅਸਥਾਨ ਦੀ ਸੇਵਾ ਦੇ ਨਾਲ-ਨਾਲ ਇੱਕ ਗੁਰਮਤਿ ਵਿਦਿਆਲਾ ਵੀ ਚਲਾਉਂਦੇ ਸਨ। ਇਸ ਵਿੱਚ ਦੂਰੋਂ-ਦੂਰੋਂ ਭੁਝੰਗੀ ਦਾਖ਼ਲ ਹੁੰਦੇ ਸਨ। ਇਸ ਵਿਦਿਆਲੇ ਵਿੱਚ ਇੱਕ ਮਾਈ ਆਪਣੇ ਦੋ ਪੁੱਤਰਾਂ ਨੂੰ ਨਾਲ ਲੈ ਕੇ ਦਾਖ਼ਲ ਕਰਾਉਣ ਲਈ ਆਈ ਤੇ ਸੰਤ

ਜੀ ਨੂੰ ਬੇਨਤੀ ਕੀਤੀ ਕਿ ਇਹਨਾਂ ਬੱਚਿਆਂ ਨੂੰ ਪੜ੍ਹਾਓ। ਪੜ੍ਹਾਈ ਪਿੱਛੋਂ ਇੱਕ ਨੂੰ ਆਪ ਨੇ ਰੱਖ ਲੈਣਾ ਤੇ ਦੂਜੇ ਨੂੰ ਮੇਰੇ ਕੋਲ ਭੇਜ ਦੇਣਾ। ਇਹ ਦੋਵੇਂ ਲੜਕੇ ਚੰਗੇ ਰਾਗੀ ਬਣ ਗਏ। ਇੱਕ ਲੜਕਾ ਸੰਤ ਜੀ ਨੇ ਵਾਪਿਸ ਘਲ ਦਿੱਤਾ ਤੇ ਦੂਸਰਾ ਜਿਸਦਾ ਨਾਮ ਜੋਗਿੰਦਰ ਸਿੰਘ ਸੀ, ਕੋਲ ਰੱਖਿਆ। ਜਿਹੜਾ ਲੜਕਾ ਮਾਈ ਕੋਲ ਵਾਪਿਸ ਭੇਜਿਆ ਸੀ ਉਹ ਪਿੱਛੋਂ ਅਮਰੀਕਾ ਚਲਿਆ ਗਿਆ ਤੇ ਕਾਫੀ ਧਨ ਕਮਾਇਆ ਤੇ ਮਾਈ ਨੂੰ ਵੀ ਕਾਫੀ ਮਾਇਆ ਭੇਜਦਾ ਰਿਹਾ। ਮਾਈ ਲਾਲਚ ਵਿੱਚ ਫਸ ਗਈ ਤੇ ਸੋਚਿਆ ਕਿ ਦੂਜੇ ਲੜਕੇ ਦੀ ਵੀ ਕਮਾਈ ਖਾਵੇ। ਇਸ ਤਰ੍ਹਾਂ ਇੱਕ ਦਿਨ ਸੰਤ ਜੀ ਤੋਂ ਦੂਸਰਾ ਲੜਕਾ ਵੀ ਵਾਪਿਸ ਲੈਣ ਦੀ ਬੇਨਤੀ ਕੀਤੀ। ਮਾਈ ਦੀ ਬਹੁਤੀ ਜ਼ਿਦ ਉੱਤੇ ਸੰਤਾਂ ਨੇ ਸਹਿਜ ਸੁਭਾ ਬਚਨ ਕੀਤਾ, "ਚੰਗਾ ਲੈ ਜਾਓ। ਇਹ ਨਾ ਤਾਂ ਸਾਡੇ ਕੰਮ ਦਾ ਹੈ ਅਤੇ ਨਾ ਹੀ ਤੁਹਾਡੇ ਕੰਮ ਦਾ।" ਇਸ ਲੜਕੇ ਦੀ ਬਹੁਤ ਹੀ ਮਸਤਾਨੀ ਹਾਲਤ ਹੋ ਗਈ ਤੇ ਸਿੱਖੀ ਤੋਂ ਪਤਿਤ ਹੋ ਗਿਆ। ਇਸ ਨੇ ਮਾਈ ਨੂੰ ਤਾਂ ਕੀ ਕਮਾਈ ਖੁਆਣੀ ਸੀ। ਮਾਈ ਨੂੰ ਪਿੱਛੋਂ ਬਹੁਤ ਹੀ ਪਛਤਾਵਾ ਲੱਗਾ ਪਰ ਤੀਰ ਕਮਾਨੋ ਛੁੱਟ ਚੁੱਕਿਆ ਸੀ।

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅੱਵਗਿਆ ਦੀ ਭੁੱਲ ਮੰਗਣੀ

ਪਿੰਡ ਨਮੋਲ ਦੀ ਪੰਚਾਇਤ ਸੰਤ ਤੇਜਾ ਸਿੰਘ ਜੀ ਮਹਾਰਾਜ ਪਾਸ ਆਈ ਤੇ ਬੇਨਤੀ ਕੀਤੀ ਕਿ ਉਹਨਾਂ ਦੇ ਪਿੰਡ ਇੱਕ ਪ੍ਰੇਮੀ ਸ਼ਾਮ ਸਵੇਰੇ ਗੁਰੂ ਗ੍ਰੰਥ ਸਾਹਿਬ ਨੂੰ ਧੂਪ ਬੱਤੀ ਕਰਦਾ ਸੀ। ਇੱਕ ਦਿਨ ਧੂਪ ਦੇਣ ਲੱਗਿਆਂ ਅੱਗ ਦਾ ਪਤੰਗਾ ਗੁਰੂ ਗ੍ਰੰਥ ਸਾਹਿਬ ਦੇ ਰੁਮਾਲੇ ਤੇ ਡਿੱਗ ਪਿਆ। ਸਵੇਰ ਤੱਕ ਰੁਮਾਲੇ ਜੱਲ ਗਏ ਪਰ ਗੁਰੂ ਗ੍ਰੰਥ ਸਾਹਿਬ ਦੇ ਪਤਰਿਆਂ ਨੂੰ ਸੇਕ ਨਹੀਂ ਲੱਗਾ। ਇਸ ਅਵੱਗਿਆ ਲਈ ਸਾਨੂੰ ਕੋਈ ਹੁਕਮ ਕਰੋ, ਤਾਂ ਸੰਤ ਜੀ ਨੇ ਕਿਹਾ ਕਿ ਆਪ ਆਪਣੇ ਪਿੰਡ ਪੰਜ ਅਖੰਡ ਪਾਠ ਕਰਵਾਓ। ਇਸ ਪਰ ਉਹਨਾਂ ਬੇਨਤੀ ਕੀਤੀ ਕਿ ਉਹਨਾਂ ਪਾਸ ਤਾਂ ਪਾਠੀਆਂ ਦਾ ਪ੍ਰਬੰਧ ਨਹੀਂ। ਸੰਤ ਜੀ ਨੇ ਭਾਈ ਸੰਤੋਖ ਸਿੰਘ ਨੂੰ ਬਚਨ ਕੀਤਾ ਕਿ ਤੁਸੀ ਭਾਈ ਗਿਆਨ ਸਿੰਘ ਤੇ ਹੋਰ ਪਾਠੀਆਂ ਨੂੰ ਨਾਲ ਲੈ ਕੇ ਪਾਠ ਆਰੰਭ ਕਰਾਓ ਪਰ ਕੋਈ ਮੰਗ ਨਹੀਂ ਕਰਨੀ। ਜੈਸਾ ਪ੍ਰੇਮੀ ਪ੍ਰਸ਼ਾਦਾ ਪਾਣੀ ਛਕਾਉਣ ਛਕ ਲੈਣ। ਪੰਜਵੇਂ ਪਾਠ ਦੇ ਭੋਗ ਤੇ ਪਿੰਡ ਵਾਸੀਆਂ ਨੇ ਸੰਤਾਂ ਨੂੰ ਵੀ ਬੇਨਤੀ ਕਰਕੇ ਬੁਲਾਇਆ। ਭੋਗ ਉਪਰੰਤ ਸੰਤਾਂ ਨੇ ਸਾਰੀ ਸੰਗਤ ਨੂੰ ਉਪਦੇਸ਼ ਦੇ ਕੇ ਨਿਹਾਲ ਕੀਤਾ।

## ਸਾਧੂ ਰੂਖੜ ਦਾਸ ਦਾ ਪ੍ਰੇਮ

ਪਿੰਡ ਸ਼ੇਰੋਂ ਤੇ ਕਸੇਲ ਦੇ ਵਿੱਚਕਾਰ ਖੇਤਾਂ ਵਿੱਚ ਇੱਕ ਸਾਧੂ ਰੂਖੜ ਦਾਸ ਰਹਿੰਦੇ ਸਨ ਅਤੇ ਜੋ ਵੀ ਬਚਨ ਕਰਦੇ ਸੱਤ ਹੁੰਦੇ। ਜਦੋਂ ਸੰਤ ਰੂਖੜ ਦਾਸ ਨੂੰ ਸੰਤਾਂ ਦੇ ਇਸ ਰਸਤੇ ਤੋਂ ਲੰਘਣ ਬਾਰੇ ਪਤਾ ਲੱਗਾ ਤਾਂ ਉਸ ਨੇ ਆਪਣੇ ਸੇਵਕ ਨੂੰ ਰਸਤੇ ਉੱਤੇ ਖੜ੍ਹਾ ਕਰ ਛੱਡਿਆ ਕਿ ਜਦੋਂ ਸੰਤ ਆਉਣ, ਉਹਨਾਂ ਨੂੰ ਬੇਨਤੀ ਕਰਕੇ ਲੈ ਆਉਣਾ ਤੇ ਦਰਸ਼ਨ ਕਰਵਾਉਣਾ। ਪ੍ਰੇਮੀ ਰਸਤੇ ਉੱਤੇ ਖਲੋਤਾ ਰਿਹਾ ਪਰ ਕਿਸੇ ਕਾਰਨ ਧਿਆਨ ਦੂਜੇ ਪਾਸੇ ਪੈ ਗਿਆ ਤੇ ਸੰਤ ਆਪਣੀ ਕਾਰ ਤੇ ਅੱਗੇ ਲੰਘ ਗਏ। ਇਹ ਵੇਖਣ ਤੇ ਪ੍ਰੇਮੀ ਕਾਰ ਪਿੱਛੇ ਦੌੜਿਆ ਤੇ ਇਸ਼ਾਰੇ ਨਾਲ ਕਾਰ ਰੋਕਣ ਦੀ ਬੇਨਤੀ ਕੀਤੀ। ਥਾਂ ਤੰਗ ਹੋਣ ਕਰਕੇ ਪਿੱਛੇ ਕਾਰ ਨਹੀਂ ਮੁੜ ਸਕਦੀ ਸੀ ਸੰਤ ਪੈਦਲ ਹੀ ਸੰਤ ਰੂਖੜ ਦਾਸ ਦੇ ਡੇਰੇ ਨੂੰ ਤੁਰ ਪਏ। ਸੰਤ ਰੂਖੜ ਦਾਸ ਸੰਤਾਂ ਨੂੰ ਮਿਲਕੇ ਗਦ-ਗਦ ਹੋ

ਗਏ। ਸੰਤਾਂ ਤੇ ਸੰਗਤਾਂ ਨੂੰ ਆਦਰ ਨਾਲ ਬਿਠਾਇਆ ਤੇ ਮਿੱਠੇ ਬਚਨ ਹੁੰਦੇ ਰਹੇ। ਜਲ-ਪਾਣੀ ਦੀ ਸੇਵਾ ਵੀ ਕੀਤੀ ਤੇ ਪਿੱਛੋਂ ਸੰਤ ਜੀ ਮਹਾਰਾਜ ਨੂੰ ਸੰਤ ਰੂਖੜ ਦਾਸ ਨੇ ੫●● ਰੁਪਏ ਨਾਨਕਸਰ ਚੀਮਾਂ ਤੇ ੫●● ਰੁਪਏ ਮਸਤੂਆਣੇ ਦੀ ਸੇਵਾ ਲਈ ਭੇਟ ਕੀਤੇ ਅਤੇ ਨਾਲ ਹੀ ਜਾਪੀਆਂ ਤੇ ਪਾਠੀਆਂ ਲਈ ਮੱਲੋਮੱਲੀ ਭੇਟਾ ਸੰਤਾਂ ਦੇ ਚਰਨਾਂ 'ਤੇ ਕੀਤੀ। ਸੰਤ ਰੂਖੜ ਦਾਸ ਦਾ ਪ੍ਰੇਮ ਵੇਖ ਕੇ ਸੰਤ ਜੀ ਨੇ ਪ੍ਰਸੰਨ ਹੋ ਕੇ ਆਖਿਆ ਭਾਈ! ਤੁਸੀਂ ਤਾਂ ਸੀਤਲ ਦਾਸ ਹੋ। ਇਸ ਉੱਤੇ ਰੂਖੜ ਦਾਸ ਨੇ ਸੰਤ ਮਹਾਰਾਜ ਨੂੰ ਮੱਥਾ ਟੇਕਿਆ ਤੇ ਕਿਹਾ ਮਹਾਰਾਜ ਆਪ ਤਾਂ ਅੰਤਰਜਾਮੀ ਹੋ, ਪਿੱਛਲੇ ਜਨਮ ਮੇਰਾ ਨਾਂ ਸੀਤਲ ਦਾਸ ਹੀ ਸੀ। ਸੰਤ ਜੀ ਮਹਾਰਾਜ, ਸੰਤ ਰੂਖੜ ਦਾਸ ਦਾ ਪ੍ਰੇਮ ਪੂਰਾ ਕਰਕੇ ਨਾਨਕਸਰ ਚੀਮੇਂ ਪਹੁੰਚੇ। ਉਸ ਸਮੇਂ ਬਚਨ ਸਿੰਘ ਤੁੰਗਾ ਵਾਲਾ ਸੰਤ ਰੂਖੜ ਦਾਸ ਪਾਸ ਆਉਂਦਾ-ਜਾਂਦਾ ਸੀ, ਇੱਕ ਦਿਨ ਰੂਖੜ ਦਾਸ ਹੋਰਾਂ ਉਸ ਨੂੰ ਆਖਿਆ ਕਿ ਤੂੰ ਸੰਤਾਂ ਕੋਲ ਨਾਨਕਸਰ ਚੀਮਾਂ ਚਲਿਆ ਜਾ। ਸੰਤਾਂ ਨੇ ਬਚਨ ਸਿੰਘ ਨੂੰ ਗੁਰਮਤਿ ਵਿਦਿਆਲੇ ਵਿੱਚ ਦਾਖ਼ਲ ਕੀਤਾ ਤੇ ਉਸ ਨੇ ਗੁਰਮਤਿ ਵਿੱਦਿਆ ਪ੍ਰਾਪਤ ਕੀਤੀ। ਭਾਈ ਬਚਨ ਸਿੰਘ, ਬਾਬਾ ਟਿੱਕਾ ਸਿੰਘ ਦੇ ਚਲਾਣੇ ਪਿੱਛੋਂ ਸੰਤ ਮਹਾਰਾਜ ਦੇ ਸਮੇਂ ਕੁਝ ਸਮਾਂ ਨਾਨਕਸਰ ਗ੍ਰੰਥੀ ਰਿਹਾ।

## ਇਹ ਸੇਵਾ ਸੁਪਨਾ ਹੀ ਹੈ


ਬਾਬਾ ਸੰਤੋਖ ਸਿੰਘ ਜੀ ਨੂੰ ਖੇਤੀ-ਬਾੜੀ ਦਾ ਕੰਮ ਸੰਭਾਲਿਆ ਹੋਇਆ ਸੀ ਇੱਕ ਦਿਨ ਸੰਤਾਂ ਨੂੰ ਬੇਨਤੀ ਕਰਕੇ ੫●● ਰੁਪਏ ਖੇਤੀ ਦੇ ਸੰਦ ਖ਼ਰੀਦਣ ਵਾਸਤੇ ਲਏ ਪਰ ਅਜੇ ਸੰਦ ਖ਼ਰੀਦੇ ਨਹੀਂ ਸਨ ਤੇ ਸੰਤਾਂ ਨੇ ਪੰਜ ਸੌ ਰੁਪਏ ਵਾਪਸ ਲੈ ਲਏ। ਬਾਬਾ ਸੰਤੋਖ ਸਿੰਘ ਦੇ ਮਨ ਵਿੱਚ ਫ਼ੁਰਨਾ ਆਇਆ ਕਿ ਜੇ ਸੰਤ ਮਹਾਰਾਜ ਪੈਸੇ ਵਾਪਸ ਨਾ ਲੈਂਦੇ ਤਾਂ ਸੰਦ ਖ਼ਰੀਦ ਲੈਂਦੇ। ਸੰਤਾਂ ਨੇ ਬਾਬਾ ਸੰਤੋਖ ਸਿੰਘ ਦਾ ਫ਼ੁਰਨਾ ਅਨੁਭਵ ਦੁਆਰਾ ਬੁੱਝ ਲਿਆ ਤੇ ਇੱਕ ਦਿਨ ਬਾਬਾ ਸੰਤੋਖ ਸਿੰਘ ਜੀ ਨੂੰ ਲੰਗਰ, ਦਰਬਾਰ ਤੇ ਬਿੰਹਗਮਾਂ ਵਾਸਤੇ ਜੋ ਕਮਰੇ ਬਣਾਏ ਸਨ, ਉਹਨਾਂ ਵੱਲ ਇਸ਼ਾਰਾ ਕਰਕੇ ਆਖਿਆ ਕਿ ਭਾਈ! ਇਹ ਸੇਵਾ ਕਿਸ ਨੇ ਕਰਵਾਈ ਹੈ, ਸੰਤੋਖ ਸਿੰਘ ਜੀ ਨੇ ਕਿਹਾ ਮਹਾਰਾਜ! ਆਪ ਜੀ ਨੇ ਹੀ ਤਾਂ ਕਰਵਾਈ ਹੈ ਤਾਂ ਸੰਤ ਜੀ ਨੇ ਫੁਰਮਾਇਆ, "ਭਾਈ! ਇਹ ਤਾਂ ਸੁਪਨਾ ਹੀ ਹੈ। ਸਾਧੂਆਂ ਨੂੰ ਇਹਨਾਂ ਚੀਜਾਂ ਦੀ ਪਕੜ ਨਹੀਂ ਕਰਨੀ ਚਾਹੀਦੀ, ਜੋ ਵੀ ਕੋਈ ਸੇਵਾ ਕਰੇ ਇਹ ਕਹੇ ਕਿ ਗੁਰੂ ਨਾਨਕ ਇਹ ਸੇਵਾ ਤੂੰ ਹੀ ਕਰਵਾ ਰਿਹਾ ਹੈਂ, ਮੈਂ ਕੀ ਕਰਨਹਾਰ ਹਾਂ।" ਬਾਬਾ ਸੰਤੋਖ ਸਿੰਘ ਜੀ ਨੇ ਹੱਥ ਜੋੜ ਗ਼ਲਤ ਫ਼ੁਰਨੇ ਦੀ ਮੁਆਫ਼ੀ ਮੰਗੀ।

ਪਿੱਛਲੀ ਉਮਰ ਵਿੱਚ ਸੰਤ ਜੀ ਬਹੁਤ ਬਿਰਧ ਹੋ ਗਏ ਸਨ। ਦੋ ਸਰੀਰਾਂ ਦੇ ਸਹਾਰੇ ਦਰਬਾਰ ਸਾਹਿਬ ਦਰਸ਼ਨ ਨੂੰ ਜਾਂਦੇ। ਸੰਤਾਂ ਨੂੰ ਦਰਬਾਰ ਸਾਹਿਬ ਜਾਣ ਦੀ ਕਿਉਂ ਲੋੜ ਪੈਂਦੀ ਸੀ, ਉਹ ਤਾਂ ਧੁਰ ਦਰਗਾਹੋਂ ਹੀ ਬਖ਼ਸ਼ੇ ਹੁੰਦੇ ਹਨ ਪਰ ਸਾਡੇ ਕਲਜੁਗੀ ਜੀਵਾਂ ਨੂੰ ਦਰਬਾਰ ਸਾਹਿਬ ਦੀ ਮਹੱਤਤਾ ਦਰਸਾਉਣ ਲਈ ਕਸ਼ਟ ਕਰਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਮੱਥਾ ਟੇਕ ਕੇ ਆਪ ਮਹਾਰਾਜ ਦੀ ਤਾਬੇ ਬੈਠਦੇ। ਆਸਾ ਦੀ ਵਾਰ ਦਾ ਇੱਕ ਸਲੋਕ ਰਹਿੰਦੇ ਪਹਿਲਾਂ ਆਪ ਧਾਰਨਾ ਪੜ੍ਹਦੇ ਤੇ ਪਿੱਛੋਂ ਮਾਈ-ਭਾਈ ਨੂੰ ਪੜ੍ਹਾਉਂਦੇ।

**ਕੋਈ ਜਨੁ ਹਰਿ ਸਿਉ ਦੇਵੈ ਜੋਰਿ॥ .......**
**ਸਤਿਨਾਮ ਵਾਹਿਗੁਰੂ ਅਕਾਲ ਪੁਰਖ ਤੂੰ ਹੀ ਹੈਂ।**
**ਸਤਿਨਾਮ ਵਾਹਿਗੁਰੂ ਅਕਾਲ ਪੁਰਖ ਤੂੰ ਹੀ ਹੈਂ।**

## ਭਾਈ ਹਰਨਾਮ ਸਿੰਘ

ਪਿੰਡ ਨਾਨਕਸਰ ਚੀਮੇਂ ਵਿਖੇ ਇੱਕ ਪ੍ਰੇਮੀ ਸੰਤਾ ਸਿੰਘ ਤੇ ਉਸ ਦੀ ਪਤਨੀ ਹਰ ਕੌਰ ਰਹਿੰਦੇ ਸਨ। ਇਹਨਾਂ ਦੇ ਘਰ ੬-੭ ਬੱਚੇ ਪੈਦਾ ਹੋਏ ਪਰ ਸਾਰੇ ਦੇ ਸਾਰੇ ਹੀ ਰੱਬ ਨੂੰ ਪਿਆਰੇ ਹੋ ਗਏ। ਆਖ਼ਰ ਇਹ ਜੋੜਾ ਸੰਤਾਂ ਦੇ ਚਰਨਾਂ ਵਿੱਚ ਆਇਆ ਤੇ ਬੇਨਤੀ ਕੀਤੀ ਕਿ ਮਹਾਰਾਜ ਪੁੱਤਰ ਦੀ ਦਾਤ ਬਖ਼ਸ਼ੋ। ਉਸ ਬੱਚੇ ਨੂੰ ਅਸੀਂ ਆਪ ਦੇ ਚਰਨਾਂ ਵਿੱਚ ਹੀ ਸੇਵਾ ਲਈ ਛੱਡ ਦੇਵਾਂਗੇ। ਕੁਝ ਸਮੇਂ ਪਿੱਛੋਂ ਇਹਨਾਂ ਦੇ ਘਰ ਭੁਝੰਗੀ ਨੇ ਜਨਮ ਲਿਆ ਤੇ ਇਸ ਦਾ ਨਾਂ ਸੰਤਾਂ ਨੇ ਭਾਈ ਹਰਨਾਮ ਸਿੰਘ ਰੱਖਿਆ। ਜਦੋਂ ਇਹ ਹਾਲੀ ਡੇਢ ਸਾਲ ਦਾ ਹੀ ਸੀ ਤਾਂ ਇਸ ਦੀ ਮਾਤਾ ਹਰ ਕੌਰ ਚਲਾਣਾ ਕਰ ਗਈ। ਫਿਰ ਇਸ ਬੱਚੇ ਨੂੰ ਸੰਤ ਮਹਾਰਾਜ ਜੀ ਨੇ ਹੀ ਪਾਲਿਆ। ਸਕੂਲੋਂ ਚਾਰ-ਪੰਜ ਜਮਾਤਾਂ ਪਾਸ ਕਰਾਉਣ ਪਿੱਛੋਂ ਹੋਰ ਬੱਚਿਆਂ ਦੀ ਤਰ੍ਹਾਂ ਆਪਣੇ ਚਲਾਏ ਜਾ ਰਹੇ 'ਕਲਗੀਧਰ ਮਿਸ਼ਨਰੀ ਕਾਲਜ ਨਾਨਕਸਰ ਚੀਮੇਂ" ਵਿਖੇ ਦਾਖ਼ਲ ਕਰ ਲਿਆ। ਭਾਈ ਹਰਨਾਮ ਸਿੰਘ ਗੁਰਮਤਿ ਵਿੱਦਿਆ ਤੇ ਸੰਗੀਤ ਸਿੱਖ ਕੇ ਵੱਡੇ ਹੋਏ ਤੇ ਗੁਰਦੁਆਰਾ ਨਾਨਕਸਰ ਚੀਮਾਂ ਵਿਖੇ ਹੈਡ ਗ੍ਰੰਥੀ ਰਹੇ ਤੇ ਹੁਣ ਉੱਥੋਂ ਰਿਟਾਇਰ ਹੋ ਚੁੱਕੇ ਹਨ।



ਗੁਰਦੁਆਰਾ ਜਨਮ ਅਸਥਾਨ ਸੰਤ ਅਤਰ ਸਿੰਘ ਜੀ ਮਹਾਰਾਜ-ਚੀਮਾਂ

# ਕਾਂਡ ੩●

ਮ: ੪ ॥

ਸਾ ਧਰਤੀ ਭਈ ਹਰੀਆਵਲੀ ਜਿਥੈ ਮੇਰਾ ਸਤਿਗੁਰੁ ਬੈਠਾ ਆਇ ॥
ਸੇ ਜੰਤ ਭਏ ਹਰੀਆਵਲੇ ਜਿਨੀ ਮੇਰਾ ਸਤਿਗੁਰੁ ਦੇਖਿਆ ਜਾਇ ॥
ਧਨੁ ਧੰਨੁ ਪਿਤਾ ਧਨੁ ਧੰਨੁ ਕੁਲੁ ਧਨੁ ਧਨੁ ਸੁ ਜਨਨੀ ਜਿਨਿ ਗੁਰੂ ਜਣਿਆ ਮਾਇ ॥
ਧਨੁ ਧੰਨੁ ਗੁਰੂ ਜਿਨਿ ਨਾਮੁ ਅਰਾਧਿਆ ਆਪਿ ਤਰਿਆ ਜਿਨੀ ਡਿਠਾ ਤਿਨਾ ਲਏ ਛਡਾਇ ॥
ਹਰਿ ਸਤਿਗੁਰੁ ਮੇਲਹੁ ਦਇਆ ਕਰਿ ਜਨੁ ਨਾਨਕੁ ਧੋਵੈ ਪਾਇ ॥੨॥ (੩੧●)

## ਗੁਰਦੁਆਰਾ ਜਨਮ ਅਸਥਾਨ ਚੀਮਾਂ

ਚੀਮਾਂ ਨਗਰ ਵਿੱਚ ਜਿੱਥੇ ਸੰਤ ਅਤਰ ਸਿੰਘ ਜੀ ਮਹਾਰਾਜ ਦਾ ਜਨਮ ਹੋਇਆ, ਉਹ ਇੱਕ ਕੱਚਾ ਕੋਠਾ ਸੀ ਅਤੇ ਉੱਥੇ ਉਹਨਾਂ ਦੇ ਪਰਿਵਾਰ ਦੇ ਪ੍ਰੇਮੀਆਂ ਨੇ ਹੁਣ ਡੰਗਰ ਬੰਨਣੇ ਸ਼ੁਰੂ ਕਰ ਦਿੱਤੇ ਸਨ। ੧੯੬● ਈਸਵੀ ਤੱਕ ਜੋ ਵੀ ਸ਼ਰਧਾਲੂ ਨਗਰ ਵਿੱਚ ਸੰਤ ਅਤਰ ਸਿੰਘ ਜੀ ਮਹਾਰਾਜ ਦੀ ਜਨਮ ਭੂਮੀ ਦੇ ਦਰਸ਼ਨ ਕਰਦੇ ਉਹ ਬੜੇ ਨਿਰਾਸ਼ ਹੁੰਦੇ ਅਤੇ ਕਹਿੰਦੇ ਸੰਤ ਅਤਰ ਸਿੰਘ ਜੀ ਮਹਾਰਾਜ ਨੇ ਸਾਰੀ ਦੁਨੀਆਂ ਵਿੱਚ ਨਾਮ-ਬਾਣੀ ਅਤੇ ਗੁਰਮਤਿ ਦਾ ਚੱਕਰ ਚਲਾ ਕੇ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਆਤਮਿਕ ਸੰਦੇਸ਼ ਦਿੱਤਾ, ਉਹਨਾਂ ਦੇ ਜਨਮ ਲੈਣ ਵਾਲੀ ਜਗ੍ਹਾ 'ਤੇ ਪਸ਼ੂ ਗੋਹੇ ਅਤੇ ਮਲ-ਮੂਤਰ ਵਿੱਚ ਲੇਟਦੇ ਹਨ। ਸੰਗਤਾਂ ਦੀ ਇਹ ਅਵਾਜ਼ ਸੁਣ ਕੇ ਸੰਤ ਤੇਜਾ ਸਿੰਘ ਜੀ ਨੇ ਇਸ ਅਸਥਾਨ ਨੂੰ ਵੀ ਬਣਾਉਣ ਦਾ ਕਮਰਕੱਸਾ ਕਰ ਲਿਆ ਤੇ ਪਿੰਡ ਦੇ ਪ੍ਰੇਮੀਆਂ ਨੂੰ ਆਪਣੀ ਆਤਮਿਕ ਸ਼ਕਤੀ ਨਾਲ ਪ੍ਰੇਰ ਕੇ ਜਗ੍ਹਾ ਲੈ ਲਈ ਕਿਉਂਕਿ ਇਹ ਪ੍ਰੇਮੀ ਕਈ ਸਾਲਾਂ ਤੋਂ ਇਸ ਜਗ੍ਹਾ ਨੂੰ ਦੇਣ ਵਿੱਚ ਅੜੇ ਬੈਠੇ ਸਨ। ਇਸ ਤਰ੍ਹਾਂ ਬਹੁਤ ਸਾਰੇ ਹੋਰ ਮਾਲਕਾਂ ਤੋਂ ਪ੍ਰੇਮ ਨਾਲ ਥਾਂ ਮੁੱਲ ਲੈ ਕੇ ਜਾਂ ਕੀਮਤ ਨਾਲੋਂ ਦੁਗਣੇ ਜਾਂ ਵਧੇਰੇ ਰੁਪਏ ਦੇ ਕੇ ਅਤੇ ਜਾਂ ਪਿੰਡ ਦੀ ਪੰਚਾਇਤ ਦੇ ਜ਼ੋਰ ਦੇਣ 'ਤੇ ਹੋਰ ਲੋੜੀਦੀਂ ਜਗ੍ਹਾ ਲੈ ਲਈ ਅਤੇ ਗੁਰਦੁਆਰੇ ਦੀ ਨੀਂਹ ਰੱਖਣ ਦਾ ਪ੍ਰੋਗਰਾਮ ਅੱਗੇ ਵਧਿਆ।

ਚੇਤਰ ਦੇ ਜੋੜ-ਮੇਲੇ 'ਤੇ ਸੰਤ ਜੀ ਨੇ ਜਨਮ ਅਸਥਾਨ 'ਤੇ ਇੱਕ ਖਾਸ ਇਕੱਠ ਕੀਤਾ। ਅਰਦਾਸ ਪਿੱਛੋਂ ਸੰਗਤਾਂ ਨੂੰ ਸਾਰਾ ਪ੍ਰੋਗਰਾਮ ਦੱਸਿਆ, "ਇੱਥੇ ਨੌਂ ਮੰਜਲਾਂ ਅਸਥਾਨ ਬਨਣਾ ਹੈ।" ਪਿੰਡ ਵਾਲਿਆਂ ਨੂੰ ਥਾਂ ਦੇਣ ਦੀ ਅਪੀਲ ਕੀਤੀ ਅਤੇ ਬਾਹਰੋਂ ਆਈ ਸੰਗਤ ਨੂੰ ਵੀ ਮਾਇਆ ਦੇ ਖੁੱਲ੍ਹੇ ਗੱਫੇ ਦੇਣ ਲਈ ਕਿਹਾ। ਆਪ ਜੀ ਨੇ ਹੀ ਉੱਥੇ ਸੁਝਾਉ ਦਿੱਤਾ ਕਿ ਮਹਿਕਮੇ ਜ਼ਰਾਇਤ ਵਾਲੇ (ਜੋ ਸੰਤ ਜੀ ਦੇ ਖਾਸ ਸ਼ਰਧਾਲੂ ਤੇ ੧੯੪੯ ਈਸਵੀ ਤੋਂ ਉਹਨਾਂ ਦੇ ਸੇਵਕ ਬਣ ਚੁੱਕੇ ਸਨ) ਅਤੇ ਹੋਰ ਤਨਖ਼ਾਹ ਲੈਣ ਵਾਲੇ ਸਿੰਘਾਂ ਨੂੰ ਧਿਆਨ ਵਿੱਚ ਰੱਖ ਕੇ ਕਿ ਤੁਸੀਂ ਸਭ ਇੱਕ-ਇੱਕ ਮਹੀਨੇ ਦੀ ਤਨਖ਼ਾਹ ਦੇ ਦੇਵੋ, ਸਭ ਨੇ ਹਾਂ ਕਰ ਦਿੱਤੀ। ਉਹਨਾਂ ਸਿੰਘਾਂ ਦੀਆਂ ਘਰਵਾਲੀਆਂ ਅਤੇ ਦਰਸ਼ਨ ਕਰਨ ਆਈਆਂ ਬੀਬੀਆਂ ਨੂੰ ਕਿਹਾ, "ਭਾਈ! ਸੋਨਾ ਕੰਨਾਂ ਵਿੱਚ

ਪਾਇਆ ਹੈ, ਇਸ ਦੀ ਸਭ ਤੋਂ ਚੰਗੀ ਵਰਤੋਂ ਇਸ ਅਸਥਾਨ ਦੇ ਬਣਾਉਣ ਵਿੱਚ ਲਗਾ ਦੇਣ ਦੀ ਹੈ। ਸਭ ਨੇ ਕਾਂਟੇ ਚੂੜੀਆਂ ਲਾਹ ਕੇ ਉੱਥੇ ਹੀ ਦੇ ਦਿੱਤੇ।

ਮਲਾਇਆ ਤੋਂ ਆਈ ਬੀਬੀ ਪਾਸ ੮-੧੦ ਸੋਨੇ ਦੀਆਂ ਚੂੜੀਆਂ ਸਨ, ਉਸ ਨੇ ਵੀ ਸੇਵਾ ਵਿੱਚ ਭੇਟਾ ਕਰ ਦਿੱਤੀਆਂ। ਪਿੰਡ ਵਾਲਿਆਂ ਨੇ ਵੀ ਆਪਣੀ ਸਮਰਥਾ ਅਨੁਸਾਰ ਭੇਟਾਵਾਂ ਲਿਖਾਈਆਂ ਤੇ ਕੁਝ ਨੇ ਉੱਥੇ ਉਸੇ ਵੇਲੇ ਦੇ ਦਿੱਤੀਆਂ। ਇਸ ਦੇ ਨਾਲ ਹੀ ਸੰਤ ਜੀ ਤੇ ਹੋਰ ਸੇਵਕਾਂ ਨੇ ਉਗਰਾਹੀ ਜੋਰਾਂ ਨਾਲ ਸ਼ੁਰੂ ਕਰ ਦਿੱਤੀ।

ਕੁਝ ਚਿਰ ਪਿੱਛੋਂ ਇਸ ਪਵਿੱਤਰ ਅਸਥਾਨ 'ਤੇ ਨੌਂ ਮੰਜਲਾਂ ਗੁਰਦੁਆਰਾ ਬਣਾਉਣ ਦਾ ਨਕਸ਼ਾ ਤਿਆਰ ਕਰਵਾਇਆ। ਇਹ ਨਕਸ਼ਾ ਸੰਤ ਜੀ ਮਹਾਰਾਜ ਨੇ ਆਪਣੇ ਆਤਮਿਕ ਵਿਸ਼ਵਾਸ਼ ਅਨੁਸਾਰ ਬਾਬਾ ਬਕਾਲੇ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੇ ਨੌਂ ਮੰਜਲਾਂ ਗੁਰਦੁਆਰਾ ਭੋਰਾ ਸਾਹਿਬ ਦੇ ਮੁਤਾਬਿਕ ਤਿਆਰ ਕਰਵਾਇਆ। ਇਸ ਨਕਸ਼ੇ ਅਨੁਸਾਰ ਨੀਹਾਂ ਦੀ ਪੁਟਾਈ ਚੌਦਾਂ ਫੁੱਟ ਡੂੰਘੀ ਕੀਤੀ ਗਈ। ਨੀਂਹ ਰੱਖਣ ਵਾਲੇ ਦਿਨ ਕੋਈ ਬੱਦਲ ਵਾਹੀ ਨਹੀਂ ਸੀ ਅਤੇ ਦਿਨ ਸਾਫ਼ ਸੀ। ਸੰਤ ਜੀ ਮਹਾਰਾਜ ਕਹਿਣ ਲੱਗੇ, "ਭਾਈ! ਸੁਭ ਕਰਮ ਸੁਰੂ ਕੀਤਾ ਹੈ ਬਾਰਸ਼ ਆਵੇਗੀ" ਪਰ ਲੋਕਾਂ ਨੂੰ ਵਿਸ਼ਵਾਸ਼ ਨਹੀਂ ਸੀ। ਕਰਤਾਰ ਦੀ ਨੇਤ ਅਜੇ ਨੀਂਹ ਵਿੱਚ ਸੀਮਿੰਟ ਰੋੜੀ ਪੈ ਰਹੀ ਸੀ ਕਿ ਪਤਾ ਨਹੀਂ ਕਿਧਰੋਂ ਬੱਦਲ ਇਕੱਠੇ ਹੋਏ ਅਤੇ ਮੀਂਹ ਪੈਣ ਲੱਗ ਪਿਆ। ਲੋਕੀਂ ਓਟ ਲੈਣ ਲਈ ਇਧਰ-ਉਧਰ ਹੋਏ। ਸੰਤ ਜੀ ਨੇ ਕਿਹਾ, "ਭਾਈ! ਇਹ ਬਾਰਸ਼ ਨਹੀਂ, ਇਹ ਤਾਂ ਇੰਦਰ ਦੇਵਤਾ ਫੁੱਲ ਵਰਸਾ ਰਿਹਾ ਹੈ।"

ਇਸ ਇਮਾਰਤ ਵਿੱਚ ਬਹੁਤ ਸਾਰਾ ਸੀਮਿੰਟ, ਰੋੜੀ ਤੇ ਲੋਹਾ ਵਰਤਿਆ ਗਿਆ। ਕਈਆਂ ਨੇ ਸੰਤ ਜੀ ਮਹਾਰਾਜ ਪਾਸ ਇਤਰਾਜ਼ ਕੀਤਾ ਕਿ ਐਵੇਂ ਫਾਲਤੂ ਖ਼ਰਚ ਕਰ ਰਹੇ ਹੋ। ਖਾਲੀ ਥਾਂ ਮਿੱਟੀ ਵੀ ਵਰਤੀ ਜਾ ਸਕਦੀ ਹੈ। ਸੰਤ ਜੀ ਮਹਾਰਾਜ ਨੇ ਉੱਤਰ ਦਿੱਤਾ, "ਭਾਈ! ਤੁਸੀ ਸੀਮਿੰਟ ਪਾਉਣ ਤੋਂ ਰੋਕਦੇ ਹੋ ਸਾਡਾ ਤਾਂ ਇੱਥੇ ਸੋਨਾ ਪਾਉਣ ਨੂੰ ਜੀਅ ਕਰਦਾ ਹੈ।"

ਸੰਤ ਜੀ ਮਹਾਰਾਜ ਨੇ ੧੯੬੫ ਈਸਵੀ ਤੱਕ ਆਪਣੇ ਜੋਤੀ-ਜੋਤ ਸਮਾਉਣ ਤੋਂ ਪਹਿਲਾਂ ਇਸ ਗੁਰਦੁਆਰੇ ਦੀਆਂ ਚਾਰ ਮੰਜਲਾਂ ਪੂਰੀਆਂ ਕਰਾ ਦਿੱਤੀਆਂ। ਇਸ ਤੋਂ ਪਿੱਛੋਂ ਉਨ੍ਹਾਂ ਦੇ ਵਰੋਸਾਏ ਹੋਏ ਸੇਵਕ ਸੰਤ ਬਾਬਾ ਸੰਤੋਖ ਸਿੰਘ ਜੀ ਨੇ ਸਾਧ-ਸੰਗਤ ਨਾਲ ਮਿਲ ਕੇ ਆਪਣੇ ਅਕਾਲ ਚਲਾਣੇ ਸਮੇਂ ੧੯੮੭ ਈਸਵੀ ਤੱਕ ਨੌਂ ਮੰਜਲਾਂ ਗੁਰਦੁਆਰਾ ਬਣਾ ਦਿੱਤਾ। ਇਸ ਪਿੱਛੋਂ ਇਸ ਜਨਮ ਅਸਥਾਨ ਦੀ ਸੇਵਾ ਸੰਭਾਲ ਬਾਬਾ ਇਕਬਾਲ ਸਿੰਘ ਜੀ ਬੜੂ ਸਾਹਿਬ ਵਾਲੇ ਕਰ ਰਹੇ ਹਨ। ਜਿਸ ਤਰ੍ਹਾਂ ਸੰਤ ਤੇਜਾ ਸਿੰਘ ਜੀ ਮਹਾਰਜ ਦਾ ਅਨੁਭਵ ਸੀ ਕਿ ਹੌਲੀ-ਹੌਲੀ ਲੋੜ ਮੁਤਾਬਕ ਹੋਰ ਖੁੱਲ੍ਹੀ ਜਗ੍ਹਾ ਬਣ ਜਾਵੇਗੀ, ਉਸੇ ਤਰ੍ਹਾਂ ਹੀ ਹੋ ਰਿਹਾ ਹੈ, ਗੁਰੂ ਕਾ ਲੰਗਰ, ਸਰੋਵਰ ਅਤੇ ਸੰਗਤਾਂ ਦੇ ਰਹਿਣ ਦੇ ਲਈ ਬੁੰਗੇ ਤਿਆਰ ਹੋ ਗਏ ਹਨ ਤੇ ਹੋਰ ਸੇਵਾ ਵੀ ਚੱਲ ਰਹੀ ਹੈ। ਇੱਥੇ ਭੁਝੰਗੀਆਂ ਲਈ ਗੁਰਮਤਿ ਅਤੇ ਸੰਗੀਤ ਵਿਦਿਆਲਾ ਵੀ ਚੱਲ ਰਿਹਾ ਹੈ ਜਿਸ ਵਿੱਚ ਲਗਭਗ ੧੦੦ ਵਿਦਿਆਰਥੀਆਂ ਨੂੰ ਸ਼ੁੱਧ ਬਾਣੀ ਦੀ ਸੰਥਿਆ, ਸਿੱਖ ਇਤਿਹਾਸ ਅਤੇ ਰਾਗਾਂ ਵਿੱਚ ਕੀਰਤਨ ਸਿਖਾਇਆ ਜਾਂਦਾ ਹੈ। ਵਿਦਿਆਲੇ ਵਿੱਚ ਛੇ ਸਾਲਾ ਕੋਰਸ ਹੈ। ਜਿੱਥੇ ਵਿੱਦਿਆ ਦੇ ਨਾਲ-ਨਾਲ ਇਨ੍ਹਾਂ ਦਾ ਜੀਵਨ ਗੁਰਮਤਿ ਵਿੱਚ ਢਾਲਿਆ ਜਾਂਦਾ ਹੈ। ਸਵੇਰੇ ਅੰਮ੍ਰਿਤ ਵੇਲੇ ਦੋ ਵਜੇ ਨਗਾਰੇ 'ਤੇ ਚੋਟ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ। ਇਸ਼ਨਾਨ ਕਰ, ਸਵੇਰੇ ਦੋ ਵਜੇ ਗੁਰਮਤਿ ਵਿਦਿਆਲੇ ਦੇ ਵਿਦਿਆਰਥੀ, ਗੁਰਦੁਆਰੇ ਦੇ ਸੇਵਕ ਅਤੇ ਚੀਮਾਂ ਨਗਰ ਦੀ ਸਾਧ-ਸੰਗਤ ਹਾਜ਼ਰੀ ਭਰਦੀ ਹੈ। ਦੋ ਵਜੇ

ਤੋਂ ਪੌਣੇ ਤਿੰਨ ਵਜੇ ਤੱਕ ਵਾਹਿਗੁਰੂ ਗੁਰ-ਮੰਤਰ ਦਾ ਜਾਪ, ਫਿਰ ਇਲਾਹੀ ਬਾਣੀਆਂ ਦਾ ਨਿੱਤਨੇਮ ਅਤੇ ਸੁਖਮਨੀ ਸਾਹਿਬ, ਸੰਪੂਰਨ ਆਸਾ ਦੀ ਵਾਰ ਦੇ ਕੀਰਤਨ ਉਪਰੰਤ ਨਿੱਤਨੇਮ ਦੀਆਂ ਬਾਣੀਆਂ ਦਾ ਪਾਠ ਦੁਬਾਰਾ ਹੁੰਦਾ ਹੈ, ਜਿਸ ਵਿੱਚ ਸਕੂਲਾਂ ਦੇ ਬੱਚੇ ਹਾਜ਼ਰੀ ਭਰਦੇ ਹਨ। ਫਿਰ ਸ਼ਬਦ ਦੀ ਵਿਆਖਿਆ ਉਪਰੰਤ ਦੀਵਾਨ ਦੀ ਸਮਾਪਤੀ ਹੋ ਜਾਂਦੀ ਹੈ। ਵਿਦਿਆਰਥੀ ਆਸਾ ਦੀ ਵਾਰ ਦਾ ਕੀਰਤਨ ਆਪ ਹੀ ਕਰਦੇ ਹਨ। ਦਿਨ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਿਆ ਅਤੇ ਗੁਰਬਾਣੀ ਦੇ ਕੀਰਤਨ ਦੀ ਸਿਖਲਾਈ ਲੈਂਦੇ ਹਨ। ਸ਼ਾਮ ਦਾ ਦੀਵਾਨ ਪੰਜ ਵਜੇ ਕੀਰਤਨ ਨਾਲ ਅਰੰਭ ਹੁੰਦਾ ਹੈ। ਫਿਰ ਰਹਿਰਾਸ ਦਾ ਪਾਠ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੁਖਾਸਨ ਕੀਤ ਜਾਂਦਾ ਹੈ।

ਗੁਰਦੁਆਰਾ ਸਾਹਿਬ ਵਿਖੇ ਸਰਬੱਤ ਦੇ ਭਲੇ ਲਈ ਸ੍ਰੀ ਅਖੰਡ ਪਾਠ ਸਾਹਿਬ ਦੀ ਲੜੀ ੧੯੮੮ ਈਸਵੀ ਤੋਂ ਚੱਲ ਰਹੀ ਹੈ। ਇਸ ਅਸਥਾਨ 'ਤੇ De-addiction Centre ਚਲ ਰਿਹਾ ਹੈ, ਜਿਸ ਵਿੱਚ ਲੋਕਾਂ ਦੇ ਨਸ਼ੇ ਛੁਡਾਏ ਜਾਂਦੇ ਹਨ। ਇੱਥੇ ਹੀ ਸਮਾਜ-ਸੁਧਾਰ ਸੰਗਤ ਦਾ ਕੇਂਦਰ ਵੀ ਹੈ, ਇਸ ਕੇਂਦਰ ਦੇ ਸੇਵਾਦਾਰ ਨਸ਼ਿਆਂ ਵਿੱਚ ਗਲਤਾਨ ਲੋਕਾਂ ਦੇ ਘਰਾਂ ਵਿੱਚ ਜਾ ਕੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਕਰਦੇ ਹਨ। ਗੁਰੂ ਮਹਾਰਾਜ ਦੀ ਬਖ਼ਸ਼ਿਸ਼, ਨਾਮ-ਬਾਣੀ ਦੇ ਕੀਰਤਨ ਦਾ ਪ੍ਰਭਾਵ ਅਤੇ ਸਮਾਜ-ਸੁਧਾਰ ਸੇਵਕਾਂ ਦੀ ਪ੍ਰੇਰਨਾ ਸਦਕਾ ਨਸ਼ਈ ਲੋਕ ਨਸ਼ੇ ਛੱਡਦੇ ਜਾ ਰਹੇ ਹਨ। ਇੱਥੋਂ ਤੱਕ ਕਿ ਅੰਮ੍ਰਿਤ ਵੀ ਛਕ ਲੈਂਦੇ ਹਨ।

ਮੱਸਿਆ ਵਾਲੇ ਦਿਨ ਬੇਅੰਤ ਸੰਗਤਾਂ ਹਾਜ਼ਰੀਆਂ ਭਰਦੀਆਂ ਹਨ। ਹਰ ਮੱਸਿਆ 'ਤੇ ਅੰਮ੍ਰਿਤ ਸੰਚਾਰ ਹੁੰਦਾ ਹੈ ਜਿਸ ਵਿੱਚ ਲਗਭਗ ਸੌ ਪ੍ਰਾਣੀ ਅੰਮ੍ਰਿਤਪਾਨ ਕਰਕੇ ਕਲਗੀਧਰ ਪਾਤਸ਼ਾਹ ਦੇ ਸਪੂਤ ਬਣਨ ਦਾ ਹੱਕ ਪ੍ਰਾਪਤ ਕਰਦੇ ਹਨ।

ਸੰਤ ਅਤਰ ਸਿੰਘ ਜੀ ਮਹਾਰਾਜ ਦੇ ਜਨਮ ਦਿਨ ਦੇ ਅਵਸਰ 'ਤੇ ੧੫ ਤੋਂ ੧੭ ਮਾਰਚ ਨੂੰ ਬੜਾ ਭਾਰੀ ਜੋੜ-ਮੇਲਾ ਹੁੰਦਾ ਹੈ ਜਿਸ ਵਿੱਚ ਬੇਅੰਤ ਸੰਗਤਾਂ ਹਾਜ਼ਰ ਹੁੰਦੀਆਂ ਹਨ ਅਤੇ ਸੈਂਕੜੇ ਪ੍ਰਾਣੀ ਅੰਮ੍ਰਿਤ ਛਕਦੇ ਹਨ।

ਨੌਂ ਮੰਜਲਾਂ ਗੁਰਦੁਆਰਾ ਸਾਹਿਬ ਦੀ ਇਮਾਰਤ 'ਤੇ ਸੰਗਮਰਮਰ ਦੀ ਸੇਵਾ ਚੱਲ ਰਹੀ ਹੈ। ਇਸ ਅਸਥਾਨ ਦਾ ਸਾਰਾ ਪ੍ਰਬੰਧ ਚੈਰੀਟਬਲ ਟਰੱਸਟ (Charitable Trust) ਦੇ ਅਧੀਨ ਹੈ ਅਤੇ ਯਾਤਰੂਆਂ ਲਈ ਰਿਹਾਇਸ਼ ਤੇ ਲੰਗਰ ਦਾ ਯੋਗ ਪ੍ਰਬੰਧ ਹੈ।

# ਕਾਂਡ ੩੧

ਬ੍ਰਹਮ ਗਿਆਨੀ ਏਕ ਊਪਰਿ ਆਸ ॥ ਬ੍ਰਹਮ ਗਿਆਨੀ ਕਾ ਨਹੀ ਬਿਨਾਸ ॥
ਬ੍ਰਹਮ ਗਿਆਨੀ ਕੈ ਗਰੀਬੀ ਸਮਾਹਾ ॥ ਬ੍ਰਹਮ ਗਿਆਨੀ ਪਰਉਪਕਾਰ ਉਮਾਹਾ ॥
ਬ੍ਰਹਮ ਗਿਆਨੀ ਕੈ ਨਾਹੀ ਧੰਧਾ ॥ ਬ੍ਰਹਮ ਗਿਆਨੀ ਲੇ ਧਾਵਤੁ ਬੰਧਾ ॥
ਬ੍ਰਹਮ ਗਿਆਨੀ ਕੈ ਹੋਇ ਸੁ ਭਲਾ ॥ ਬ੍ਰਹਮ ਗਿਆਨੀ ਸੁਫਲ ਫਲਾ ॥
ਬ੍ਰਹਮ ਗਿਆਨੀ ਸੰਗਿ ਸਗਲ ਉਧਾਰੁ ॥ ਨਾਨਕ ਬ੍ਰਹਮ ਗਿਆਨੀ ਜਪੈ ਸਗਲ ਸੰਸਾਰੁ ॥੪॥ (੨੭੩)

## ਹੋਰ ਚੋਣਵੀਆਂ ਸਾਖੀਆਂ

### ਸੰਤ ਤੇਜਾ ਸਿੰਘ ਜੀ ਦਾ ਪਾਉਂਟਾ ਸਾਹਿਬ ਨਿਵਾਸ

### ਭਾਣਾ ਮੰਨਣਾ

ਸੰਤ ਜੀ ਨੇ ਆਪਣੀ ਹੱਡ-ਬੀਤੀ ਦੱਸਦੇ ਸਮਝਾਇਆ, ਜਦੋਂ ਦੂਜੀ ਜੰਗ ਵੇਲੇ ਜਰਮਨੀ ਲੰਡਨ 'ਤੇ ਬੰਬ ਵਰਸਾ ਰਿਹਾ ਸੀ। ਇੱਕ ਦਿਨ ਸਮਾਧੀ ਵਿੱਚ ਬੈਠਿਆਂ ਅਸੀਂ ਵੇਖਿਆ ਕਿ ਸਾਰਾ ਲੰਡਨ ਅੱਗ ਵਿੱਚ ਸੜ ਰਿਹਾ ਹੈ। ਉਸ ਸ਼ਹਿਰ ਦੀ ਬੁਰੀ ਹਾਲਤ ਵੇਖ ਕੇ ਜਿੱਥੇ ਕਈ ਚਿਰ ਪੜ੍ਹੇ ਸਾਂ ਅਤੇ ਸੰਗਤਾਂ ਵਿੱਚ ਗੁਰਮਤਿ ਦਾ ਪ੍ਰਚਾਰ ਵੀ ਕੀਤਾ ਸੀ, ਮਨ ਵਿੱਚ ਤਰਸ ਆ ਗਿਆ ਤੇ ਮਨ ਨੇ ਪਰਮਾਤਮਾ ਅੱਗੇ ਅਰਦਾਸ ਕੀਤੀ ਕਿ ਲੰਡਨ ਨੂੰ ਇਸ ਅੱਗ ਵਿਚੋਂ ਬਚਾ ਲਵੋ। ਇਸ ਤੋਂ ਤੁਰੰਤ ਬਾਅਦ ਜਰਮਨ ਦੀ ਲੜਾਈ ਦਾ ਰੁੱਖ ਰੂਸ ਵੱਲ ਹੋ ਗਿਆ ਅਤੇ ਜਰਮਨ ਇਸ ਦੇ ਵਿੱਚ ਹੀ ਪਲਚ ਕੇ ਤਬਾਹ ਹੋ ਗਿਆ। ਲੰਡਨ ਤਾਂ ਫ਼ਤਹਿ ਅਤੇ ਤਬਾਹ ਹੋਣ ਤੋਂ ਬੱਚ ਗਿਆ ਪਰ ਸਾਨੂੰ ਇਸ ਫ਼ੁਰਨੇ ਕਾਰਨ ਸਖ਼ਤ ਤਕਲੀਫ਼ ਅਤੇ ੬ ਮਹੀਨੇ ਤਾਪ (ਬਿਮਾਰ) ਕਰਕੇ ਮੰਜੇ 'ਤੇ ਲੇਟਣਾ ਪਿਆ। ਸਿੱਖਿਆ ਇਹ ਹੈ ਕਿ ਕਿਸੇ ਕਾਰਨ ਮੋਹ ਅਧੀਨ ਹੋ ਕੇ ਕੋਈ ਮੰਗ ਨਹੀਂ ਮੰਗਣੀ ਚਾਹੀਦੀ। ਜਗਿਆਸੂ ਨੂੰ ਦੁਨੀਆਂ ਦੇ ਪਦਾਰਥਾਂ ਦੀ ਬੇਨਤੀ ਨਹੀਂ ਕਰਨੀ ਚਾਹੀਦੀ। ਕੇਵਲ ਪਰਮਾਤਮਾ ਦੀ ਅਟੁੱਟ ਪ੍ਰੀਤ ਲਈ ਅਰਦਾਸ ਕਰਨੀ ਚਾਹੀਦੀ ਹੈ। ਜੋ ਮੋਹ ਮਾਇਆ ਵਿੱਚ ਫਸ ਕੇ ਕੋਈ ਫ਼ੁਰਨਾ ਕੀਤਾ ਜਾਵੇ ਤਾਂ ਭਾਣੇ ਵਿੱਚ ਭੰਗ ਪਾਉਣ ਕਰਕੇ ਇਵਜ਼ਾਨਾ ਦੇਣਾ ਪੈਂਦਾ ਹੈ।

ਸੰਤ ਸੁੰਦਰ ਸਿੰਘ ਜੀ ਅਲੀਬੇਗ ਵਾਲੇ ਸਮਾਧੀ ਵਿੱਚ ਬੈਠੇ ਸਨ, ਉਹਨਾਂ ਨੇ ਗੁਜਰਾਂਵਾਲੇ ਅਤੇ ਹੋਰ ਇਲਾਕੇ ਨੂੰ ਉੱਜੜ ਰਿਹਾ ਵੇਖ ਕੇ ਸੇਵਕਾਂ ਨੂੰ ਦੱਸਿਆ ਕਿ ਤੁਸੀਂ ਸਭ ਉੱਜੜ ਜਾਉਗੇ। ਉਹ ਡਰੇ ਤੇ ਘਬਰਾਏ। ਉਹਨਾਂ ਸੇਵਕਾਂ ਨੇ ਸੰਤ ਜੀ ਨੂੰ ਅਰਦਾਸ ਕਰਨ ਲਈ ਕਿਹਾ। ਸੰਗਤ ਦੀ ਬੇਨਤੀ ਮੰਨ ਕੇ ਅਰਦਾਸ ਕੀਤੀ। ਉਹ ਭਾਣਾ ਦੋ ਸਾਲ ਪਿੱਛੇ ਪੈ ਗਿਆ ਪਰ ਉਹਨਾਂ ਨੂੰ ਆਪਣਾ ਸਰੀਰ ਦੋ ਸਾਲ ਪਹਿਲਾਂ ਤਿਆਗਣਾ ਪਿਆ।

ਸੰਤ ਜੀ ਨੇ ਪਾਉਂਟਾ ਸਾਹਿਬ ਗੁਰੂ ਕਲਗੀਧਰ ਜੀ ਮਹਾਰਾਜ ਦੇ ਚਰਨਾਂ ਵਿੱਚ ਬੈਠ ਕੇ ਸੰਤ ਅਤਰ ਸਿੰਘ ਜੀ ਮਹਾਰਾਜ ਦੀ ਜੀਵਨ ਕਥਾ ਲਿਖਣੀ ਸ਼ੁਰੂ ਕਰ ਦਿੱਤੀ। ਇਸ ਲਈ ਸਾਰੀਆਂ ਸਾਖੀਆਂ

ਇਕਠੀਆਂ ਕੀਤੀਆਂ। ਸੰਤ ਜੀ ਪਾਉਂਟਾ ਸਾਹਿਬ ਜਮਨਾ ਦੇ ਕੰਢੇ 'ਤੇ ਹਰ ਰੋਜ਼ ਸਮਾਧੀ ਅਸਥਿਤ ਹੋ ਜਾਂਦੇ ਅਤੇ ਭਾਈ ਅਮਰ ਸਿੰਘ ਖ਼ਾਲਸਾ ਜੀ ਨੂੰ ਸੰਤ ਅਤਰ ਸਿੰਘ ਜੀ ਮਹਾਰਾਜ ਦੀ ਜੀਵਨ ਕਥਾ ਲਿਖਾਈ ਜਾਂਦੇ। ਇਹ ਸੰਤ ਅਤਰ ਸਿੰਘ ਜੀ ਮਹਾਰਾਜ ਦੀ ਜੀਵਨ ਕਥਾ ਦੋ ਭਾਗਾਂ ਵਿੱਚ ਛਪਾਈ ਗਈ ਜਿਸਨੂੰ ਪੜ੍ਹ ਕੇ ਸੰਗਤਾਂ ਆਤਮਿਕ-ਰਸ ਮਾਣਦੀਆਂ ਹਨ, ਜਗਿਆਸੂਆਂ ਨੂੰ ਆਤਮ ਮਾਰਗ 'ਤੇ ਚੱਲਣ ਅਤੇ ਨਿਰਾਕਾਰ ਦੇ ਦੇਸ਼ ਵਿੱਚ ਪਹੁੰਚਣ ਵਾਸਤੇ ਬਹੁਤ ਸਹਾਇਤਾ ਮਿਲਦੀ ਹੈ। ਇਹ ਜੀਵਨੀ ਪੜ੍ਹਣ ਨਾਲ ਕਈਆਂ ਦੇ ਜੀਵਨ ਸੁਧਰ ਕੇ ਨਾਮ-ਬਾਣੀ ਵਿੱਚ ਲੱਗ ਗਏ।

ਪਾਉਂਟਾ ਸਾਹਿਬ, ਭਾਈ ਘਨਈਆ ਸਿੰਘ ਜੀ ਸੰਤ ਜੀ ਮਹਾਰਾਜ ਦੀ ਸੇਵਾ ਵਿੱਚ ਹਾਜ਼ਰ ਸਨ। ਸੰਤ ਜੀ ਮਹਾਰਾਜ ਨੇ ਆਪਣੇ ਦੋਸਤ ਇੰਜੀਨੀਅਰ ਮੁਹੰਮਦ ਕਾਸਮ ਨੂੰ ਪਾਉਂਟਾ ਸਾਹਿਬ ਬੁਲਾਇਆ ਅਤੇ ਕਿਹਾ ਕਿ ਇਸ ਪਵਿੱਤਰ ਧਰਤੀ ਵਾਸਤੇ ਗਿਰੀ ਦਰਿਆ ਤੋਂ ਨਹਿਰ ਕੱਢਣ ਲਈ ਸਰਵੇ ਕਰਨ। ਉਸ ਨੇ ਸਰਵੇ ਕਰਕੇ ਦੱਸਿਆ ਕਿ ਨਹਿਰਾਂ ਆ ਸਕਦੀਆਂ ਹਨ। ਸਾਰੇ ਪ੍ਰੇਮੀਆਂ ਨੇ ਕਿਹਾ ਕਿ ਰਿਆਸਤ ਗਰੀਬ ਹੈ, ਇੱਥੇ ਕਿੱਥੇ ਨਹਿਰਾਂ ਨਿਕਲਣਗੀਆਂ ਅਤੇ ਇਹ ਧਰਤੀ ਖੁਸ਼ਕ ਹੀ ਰਹੇਗੀ। ਸੰਤ ਜੀ ਮਹਾਰਾਜ ਨੇ ਫੁਰਮਾਇਆ ਕਿ ਵਕਤ ਆਉਣ ਤੇ ਪਾਉਂਟਾ ਸਾਹਿਬ ਦੀ ਪਵਿੱਤਰ ਧਰਤੀ ਜ਼ਰੂਰ ਨਹਿਰਾਂ ਨਾਲ ਹੀ ਸਿੰਝੀ ਜਾਵੇਗੀ। ਸੰਤਾਂ ਦਾ ਇਹ ਅਰਸ਼ੀ ਅਨੁਭਵ ਹੁਣ ਪੂਰਾ ਹੋ ਗਿਆ ਹੈ ਅਤੇ ਪਾਉਂਟਾ ਸਾਹਿਬ ਵਿੱਚ ਤਿੰਨ ਨਹਿਰਾਂ ਨਿਕਲ ਗਈਆਂ ਹਨ।

ਸੰਤ ਜੀ ਮਹਾਰਾਜ ਕਿਹਾ ਕਰਦੇ ਕਿ ਪਾਉਂਟਾ ਸਾਹਿਬ ਬਾਤਾ ਦਰਿਆ ਤੋਂ ਲੈ ਕੇ ਗਿਰੀ ਦਰਿਆ ਤੱਕ ਫੈਲੇਗਾ ਪਰ ਉਸ ਵਕਤ ਪਾਉਂਟਾ ਸਾਹਿਬ ਸਿਰਫ਼ ਥੋੜ੍ਹੀਆਂ ਜੇਹੀਆਂ ਝੋਪੜੀਆਂ ਵਿੱਚ ਸੀ, ਯਕੀਨ ਨਹੀਂ ਬੱਝਦਾ ਸੀ। ਹੁਣ ਇਹ ਸ਼ਹਿਰ ਸੰਤਾਂ ਦੇ ਅਰਸ਼ੀ ਅਨੁਭਵ ਅਨੁਸਾਰ ਬਹੁਤ ਵੱਧ ਗਿਆ ਹੈ।

ਸੰਤ ਜੀ ਮਹਾਰਾਜ ਨੇ ਉਸ ਵਕਤ ਬਦਰੀ ਪੁਰ ਵਿੱਚ ਥਾਂ ਲੈ ਕੇ ਗੁਰਦੁਆਰੇ ਦੀ ਨੀਂਹ ਰੱਖੀ ਅਤੇ ਭਾਈ ਕੇਸਰ ਸਿੰਘ ਜੀ ਨੂੰ ਕਿਹਾ ਕਿ ਇਸ ਦੇ ਨੇੜੇ ਮਕਾਨ ਬਣਾ ਲਵੋ। ਉਨ੍ਹਾਂ ਨੇ ਬੇਨਤੀ ਕੀਤੀ ਕਿ ਮਹਾਰਾਜ ਏਥੇ ਨਾ ਕੋਈ ਸੜਕ ਹੈ ਨਾ ਕੋਈ ਰਸਤਾ। ਸੰਤ ਜੀ ਮਹਾਰਾਜ ਨੇ ਫੁਰਮਾਇਆ ਕਿ ਤੇਰੇ ਮਕਾਨ ਦੇ ਕੋਲ ਦੀ ਪੱਕੀ ਸੜਕ ਬਣ ਜਾਵੇਗੀ। ਉਹ ਉਸ ਵੇਲੇ ਤਾਂ ਬੜਾ ਹੈਰਾਨ ਹੋਇਆ ਪਰ ਥੋੜ੍ਹੇ ਸਾਲਾਂ ਪਿੱਛੋਂ ਹੀ ਸੰਤਾਂ ਦਾ ਇਹ ਬਚਨ ਪੂਰਾ ਹੋ ਗਿਆ ਅਤੇ ਉਹਨਾਂ ਨੇ ਮਕਾਨ ਬਣਾ ਲਿਆ। ਸੰਤ ਜੀ ਮਹਾਰਾਜ ਤੋਂ ਬਾਅਦ ਉਹਨਾਂ ਦੇ ਸੇਵਕ ਭਾਈ ਗਿਆਨ ਸਿੰਘ ਤੇ ਹੋਰ ਸ਼ਰਧਾਲੂਆਂ ਨੇ ਇਹ ਗੁਰਦੁਆਰਾ ਬਣਾਇਆ। ਇਸ ਦੀ ਸੇਵਾ ਬਾਬਾ ਗਿਆਨ ਸਿੰਘ ਜੀ ਕਰਦੇ ਹਨ। ਹੁਣ ਇਹ 'ਕਲਗੀਧਰ ਟਰੱਸਟ' ਦਾ ਇੱਕ ਸੋਹਣਾ ਕੇਂਦਰ ਬਣ ਗਿਆ ਹੈ।

## ਪਾਉਂਟਾ ਸਾਹਿਬ ਗੁਰਦੁਆਰੇ ਦੀ ਸੇਵਾ

ਪਾਉਂਟਾ ਸਾਹਿਬ ਵਿਖੇ ਜਿੱਥੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਆਪਣੇ ਜੀਵਨ ਦਾ ਦਸਵੰਧ ਬਿਤਾ ਕੇ ਇਸ ਧਰਤੀ ਨੂੰ ਭਾਗ ਲਾਏ, ਜਮਨਾ ਕੰਢੇ ਬਾਣੀ ਉਚਾਰੀ ਅਤੇ ਕਵੀ ਦਰਬਾਰ ਕਰਵਾਉਂਦੇ ਰਹੇ, ਸਿਰਫ਼ ਇਕ ਛੋਟੇ ਗੁਰਦੁਆਰੇ ਦਾ ਹਾਲ ਹੀ ਸੀ। ਗੁਰਦੁਆਰੇ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਕੇਵਲ ਪ੍ਰਕਾਸ਼ ਹੁੰਦਾ ਸੀ। ਕਥਾ ਕੀਰਤਨ ਦਾ ਕੋਈ ਪ੍ਰੋਗਰਾਮ ਨਹੀਂ ਸੀ ਹੁੰਦਾ।

ਸੰਤ ਜੀ ਮਹਾਰਾਜ ਨੇ ਉਦਮ ਸ਼ੁਰੂ ਕੀਤਾ ਤੇ ਸਵੇਰੇ ਰੋਜ਼ ਆਸਾ ਜੀ ਦੀ ਵਾਰ ਦਾ ਪ੍ਰੋਗਰਾਮ ਬਣ

ਗਿਆ। ਸੰਗਤ ਆਵਣ ਲੱਗ ਪਈ ਪਰ ਬੈਠਣ ਨੂੰ ਕਿਤੇ ਥਾਂ ਨਹੀਂ ਸੀ। ਸੰਤ ਜੀ ਨੇ ਅਰਦਾਸ ਕੀਤੀ ਕਿ ਹਾਲ ਕਮਰਾ ਹੋਣਾ ਚਾਹੀਦਾ ਹੈ। ਸੰਗਤਾਂ ਦਾ ਉੱਦਮ ਇਤਨਾ ਹੋਇਆ ਕਿ ਉਸੇ ਸਾਲ ਹਾਲ ਕਮਰਾ ਪੈ ਗਿਆ। ਰਾਗੀ ਪੱਕੇ ਰੱਖ ਲਏ ਗਏ। ਸੰਗਤਾਂ ਅੰਮ੍ਰਿਤ ਵੇਲੇ ਦੇ ਕੀਰਤਨ ਦਾ ਅਨੰਦ ਮਾਣਨ ਲੱਗੀਆਂ।

ਗੁਰਦੁਆਰੇ ਦੇ ਆਲੇ-ਦੁਆਲੇ ਯਾਤਰੂਆਂ ਦੇ ਠਹਿਰਨ ਲਈ ਕਮਰਿਆਂ ਦੀ ਸਕੀਮ ਬਣੀ ਅਤੇ ਇਹ ਕੰਮ ਵੀ ਕੁੱਝ ਇੱਥੇ ਰਹਿਣ ਵਾਲੇ ਸਿੰਘਾਂ ਦੀ ਸਹਾਇਤਾ ਨਾਲ ਕੁੱਝ ਯਾਤਰੂਆਂ ਦੀ ਭੇਟਾ ਨਾਲ ਤੇ ਬਹੁਤ ਹਿੱਸਾ ਪ੍ਰਚਾਰ ਦੌਰਿਆਂ ਨਾਲ ਮਾਇਆ ਇਕੱਠੀ ਹੁੰਦੀ ਗਈ ਅਤੇ ਇਹ ਬਹੁਤ ਵੱਡਾ ਪ੍ਰੋਗਰਾਮ ਅੱਗੇ ਚੱਲੀ ਗਿਆ।

ਕਈ ਵੇਰੀ ਸੇਵਕ, ਸੰਤ ਜੀ ਨੂੰ ਪੁੱਛਦੇ ਇਤਨੇ ਕਮਰੇ ਕਿਉਂ ਬਣਵਾ ਰਹੇ ਹੋ, ਇੱਥੇ ਤਾਂ ਇਤਨੀ ਸੰਗਤ ਨਹੀਂ ਆਉਂਦੀ ਤਾਂ ਉੱਤਰ ਦਿੰਦੇ, "ਭਾਈ! ਇੱਥੇ ਬੇਅੰਤ ਸੰਗਤ ਆਵੇਗੀ। ਇਹ ਸਭ ਆਉਣ ਵਾਲੇ ਸਮੇਂ ਨੂੰ ਮੁੱਖ ਰੱਖ ਕੇ ਬਣਵਾ ਰਹੇ ਹਾਂ।"

ਇਸ ਤਰ੍ਹਾਂ ਇਸ ਦੌਰਾਨ ਸੰਗਤਾਂ ਦੀ ਰਿਹਾਇਸ਼ ਵਾਸਤੇ ਗੁਰਦੁਆਰੇ ਦੇ ਆਲੇ-ਦੁਆਲੇ ਕਮਰੇ, ਸਕੂਲ ਦੀ ਬਿਲਡਿੰਗ, ਗੋਬਿੰਦ ਘਾਟ ਦੀਆਂ ਪੌੜੀਆਂ ਅਤੇ ਕਵੀ ਦਰਬਾਰ ਵਾਲਾ ਹਿੱਸਾ ਬਣ ਕੇ ਤਿਆਰ ਹੋ ਗਿਆ।

ਪਾਕਿਸਤਾਨ ਬਣਨ ਤੋਂ ਪਹਿਲਾਂ ਨਾਹਨ ਦੇ ਰਾਜੇ ਨੇ ਸੰਤ ਜੀ ਦੀ ਸੇਵਾ, ਸਖਸ਼ੀਅਤ ਅਤੇ ਵਡਿਆਈ ਤੋਂ ਪ੍ਰਭਾਵਿਤ ਹੋ ਕੇ ਇੱਕ ਵਾਰੀ ਸੁਨੇਹਾ ਭੇਜਿਆ ਕਿ ਸੰਤ ਜੀ ਤੁਸੀਂ ਪਾਉਂਟਾ ਸਾਹਿਬ ਦਾ ਪ੍ਰਬੰਧ ਸੰਭਾਲ ਲਓ। ਸੰਤ ਜੀ ਦਾ ਪਹਿਰਾ ਪ੍ਰਬੰਧ ਸੰਭਾਲਣਾ ਨਹੀਂ, ਸੇਵਾ ਕਰਨ ਦਾ ਸੀ। ਉਹਨਾਂ ਨੇ ਪ੍ਰਬੰਧ ਸੰਭਾਲਣ ਤੋਂ ਨਾਂਹ ਕਰ ਦਿੱਤੀ।

ਕਈ ਸੱਜਣਾਂ ਨੇ ਸੰਤ ਜੀ ਨੂੰ ਆਪਣੀ ਕੁਟੀਆ ਪਾਉਣ ਲਈ ਕਿਹਾ ਅਤੇ ਇਸ ਕੰਮ ਲਈ ਉਹਨਾਂ ਦੇ ਸ਼ਰਧਾਲੂਆਂ ਵੱਲੋਂ ਕਈ ਵੇਰ ਮਾਇਆ ਦਿੱਤੀ ਗਈ। ਉਹ ਮਾਇਆ ਚੱਲਦੇ ਕੰਮ ਵਿੱਚ ਗੁਰਦੁਆਰੇ ਹੀ ਲੱਗਦੀ ਗਈ। ਇੱਕ ਵਾਰੀ ਸੰਤ ਜੀ ਨਾਨਕਸਰ ਚੀਮੇਂ ਗਏ ਹੋਏ ਸਨ ਤਾਂ ਇਕ ਮਾਈ ਨੇ ਸਵਾ ਰੁਪਿਆ ਦੇ ਕੇ ਆਖਿਆ, "ਬਾਬਾ ਜੀ! ਇਹ ਮਾਇਆ ਕੇਵਲ ਤੁਹਾਡੀ ਕੁਟੀਆ ਬਣਾਉਣ ਲਈ ਭੇਟਾ ਕਰਦੀ ਹਾਂ।" ਸੰਤ ਜੀ ਮਾਈ ਦਾ ਪ੍ਰੇਮ ਵੇਖ ਕੇ ਰੰਗ ਵਿੱਚ ਆ ਗਏ ਤੇ ਕਹਿਣ ਲੱਗੇ, "ਹੁਣ ਤਾਂ ਕੁਟੀਆ ਸਾਡੀ ਬਣ ਗਈ ਸਮਝੋ।" ਉਸ ਵੇਲੇ ਹੋਰ ਸਿੰਘਾਂ ਨੇ ਵੀ ਇਸ ਸੇਵਾ ਵਿੱਚ ਹਿੱਸਾ ਪਾਇਆ। ਪਾਉਂਟੇ ਸਾਹਿਬ ਆਉਂਦੇ ਹੀ ਜਗ੍ਹਾ ਦੀ ਭਾਲ ਕੀਤੀ ਗਈ, ਇੱਕ ਮੁਸਲਮਾਨ ਪਾਸੋਂ ਉਸ ਦਾ ਛੱਪਰ ਤੇ ਛੱਪਰ ਵਾਲਾ ਪਲਾਟ ਮੁੱਲ ਲੈ ਲਿਆ ਗਿਆ।

ਭਾਈ ਕੇਸਰ ਸਿੰਘ ਜੀ ਦੱਸਦੇ ਹਨ ਕਿ ਸੰਤ ਜੀ ਨੇ ਉਹਨਾਂ ਦੀ ਡਿਊਟੀ ਕੁਟੀਆ ਬਣਾਉਣ 'ਤੇ ਲਾ ਦਿੱਤੀ ਜਿਨ੍ਹਾਂ ਦਿਨਾਂ ਵਿੱਚ ਕੁਟੀਆ ਬਣਦੀ ਸੀ, ਚਾਰ ਸਿੰਘ ਕਾਬਲ ਤੋਂ ਆਏ ਅਤੇ ਸੰਤ ਜੀ ਦੀ ਕੁਟੀਆ ਦੀ ਕਈ ਦਿਨ ਟੋਕਰੀ ਢੋਹ ਕੇ ਸੇਵਾ ਕਰਦੇ ਰਹੇ। ਜਾਣ ਲੱਗੇ ਕਿਹਾ ਉੱਥੋਂ ਜਾ ਕੇ ਪੈਸੇ ਭੇਜਾਂਗੇ। ੨੦੦ ਰੁਪਏ ਉਹਨਾਂ ਸੰਤ ਜੀ ਦੀ ਬਣ ਰਹੀ ਕੁਟੀਆ ਵਾਸਤੇ ਭੇਜੇ। ਗੁਰਦੁਆਰੇ ਲਈ ਸੇਵਾ ਉਹ ਆਪ ਅਲੱਗ ਦੇ ਗਏ ਸਨ।

ਭਾਈ ਕਿਰਪਾ ਰਾਮ ਠੇਕੇਦਾਰ ਦੇਹਰਾਦੂਨ ਵਾਲੇ (ਜੋ ਪਿੱਛੋਂ ਗੁਜਰਾਂਵਾਲੇ ਦੇ ਸਨ ਅਤੇ ਸੰਤ ਜੀ ਨੂੰ ਜਾਣਦੇ ਸਨ) ਸੰਤ ਜੀ ਪਾਸ ਆ ਕੇ ਬੇਨਤੀ ਕੀਤੀ, "ਦਾਸ ਨੂੰ ਕੋਈ ਸੇਵਾ ਬਖ਼ਸ਼ੋ।" ਸੰਤ ਜੀ ਨੇ ਕਿਹਾ, ਭਾਈ ਗੁਰਦੁਆਰਾ ਸਾਹਿਬ ਦੇ ਉੱਪਰਲੇ ਪਾਸੇ ਦੀ ਬਾਹੀ ਦੇ ਕਮਰੇ ਅਜੇ ਬਣਨੇ ਹਨ, ਜੇ ਚਾਹੁੰਦਾ ਹੈ ਤਾਂ ਓਧਰ ਸਕੂਲ ਦੇ ਕਮਰੇ ਪਾ ਦੇ। ਤੇਰੀ ਮਾਇਆ ਅਰਥ ਲੱਗ ਜਾਵੇਗੀ, ਬੱਚਿਆਂ ਦਾ ਸਕੂਲ ਬਣ ਜਾਵੇਗਾ

ਅਤੇ ਕੁਦਰਤੀ ਗੁਰਦੁਆਰੇ ਦੇ ਸਾਰੇ ਪਾਸੇ ਕਮਰੇ ਬਣ ਕੇ ਅਸਥਾਨ ਵੀ ਸ਼ੋਭਨੀਕ ਬਣ ਜਾਵੇਗਾ। ਉਸ ਨੇ ਸੰਤ ਜੀ ਦੀ ਰਾਏ ਅਨੁਸਾਰ ਉੱਥੇ ਸਕੂਲ ਬਣਵਾ ਦਿੱਤਾ। ਭਾਈ ਕਿਰਪਾ ਰਾਮ ਦੇ ਨਾਮ 'ਤੇ ਹਾਈ ਸਕੂਲ ਉੱਥੇ ਚੱਲ ਪਿਆ ਪਰ ਹੁਣ ਗੁਰੂ ਗੋਬਿੰਦ ਸਿੰਘ ਫਾਉਂਡੇਸ਼ਨ ਵੱਲੋਂ ਉੱਥੇ ਲੜਕੀਆਂ ਦਾ ਡਿਗਰੀ ਕਾਲਜ ਚੱਲ ਰਿਹਾ ਹੈ।

ਕੁਝ ਚਿਰ ਪਿੱਛੋਂ ਭਾਈ ਕਿਰਪਾ ਰਾਮ ਦਾ ਭਤੀਜਾ ਸੰਤ ਜੀ ਪਾਸ ਕੁਟੀਆ ਲਈ ਮਾਇਆ ਲੈ ਕੇ ਹਾਜ਼ਰ ਹੋਇਆ। ਉਸ ਨੂੰ ਸੰਤ ਜੀ ਨੇ ਕਿਹਾ, "ਭਾਈ! ਜਿਤਨੀ ਸੇਵਾ ਕਰਨੀ ਹੈ ਆਪ ਹੀ ਕਰ ਦੇਹ।" ਉਸ ਪ੍ਰੇਮੀ ਨੇ ਮਕਾਨ ਦੇ ਅਗਲੇ ਦੋ ਕਮਰੇ ਬਣਵਾ ਦਿੱਤੇ।

## ਭਾਈ ਕੇਸਰ ਸਿੰਘ ਜੀ

ਭਾਈ ਕੇਸਰ ਸਿੰਘ ਜੀ ਨੇ ਦੱਸਿਆ ਕਿ ਮੈਨੂੰ ਸ਼ਾਹੂਕਾਰ ਹੋਣ ਕਰਕੇ ਹਿਸਾਬ-ਕਿਤਾਬ ਲਿਖ ਕੇ ਰੱਖਣ ਦਾ ਸੁਭਾਅ ਸੀ। ਸੰਤ ਜੀ ਦੀ ਕੁਟੀਆ ਦਾ ਸਾਰਾ ਹਿਸਾਬ ਰੱਖਿਆ ਹੋਇਆ ਸੀ। ਇੱਕ ਦਿਨ ਮੈਂ ਕਾਗਜ਼ ਲੈ ਕੇ ਸੰਤ ਜੀ ਨੂੰ ਹਿਸਾਬ ਦੱਸਣ ਲਈ ਕਿਹਾ। ਉਹਨਾਂ ਹਿਸਾਬ ਵਾਲੇ ਕਾਗਜ਼ ਫੜ੍ਹ ਕੇ ਬਿਨਾਂ ਪੜ੍ਹੇ, ਪਾੜ ਦਿੱਤੇ ਅਤੇ ਕਿਹਾ ਕਿ ਭਾਈ! ਤੁਹਾਨੂੰ ਹਿਸਾਬ ਰੱਖਣ ਦੀ ਲੋੜ ਨਹੀਂ, ਪਤਾ ਨਹੀਂ ਪੈਸਾ ਕਿੱਥੋਂ ਆਉਂਦਾ ਹੈ, ਕਿੱਥੇ ਜਾਂਦਾ ਹੈ। ਘਰ ਵਿੱਚ ਸਾਰੀ ਬਰਕਤ ਸੰਤ ਜੀ ਦੀ ਕਿਰਪਾ ਕਰਕੇ ਹੀ ਹੈ।

ਜਿਹੜੇ ਵੀ ਉੱਘੇ ਮਹਾਂਪੁਰਸ਼ ਅਤੇ ਪੰਥ ਦਰਦੀ ਪਾਉਂਟਾ ਸਾਹਿਬ ਦਰਸ਼ਨ ਮੇਲੇ ਨੂੰ ਆਉਂਦੇ, ਉਹ ਸੰਤ ਜੀ ਮਹਾਰਾਜ ਦੀ ਕੁਟੀਆ ਵਿੱਚ ਦਰਸ਼ਨਾਂ ਨੂੰ ਹਾਜ਼ਰ ਹੁੰਦੇ। ਸੰਤ ਜੀ ਮਹਾਰਾਜ ਨਾਲ ਧਾਰਮਿਕ ਅਤੇ ਆਤਮਿਕ ਵਿੱਦਿਆ ਦਾ ਵਿਚਾਰ-ਵਟਾਂਦਰਾ ਕਰਦੇ। ਇਹਨਾਂ ਵਿੱਚੋਂ ਉੱਘਿਆਂ ਦੇ ਨਾਮ ਹਨ ਬਾਬਾ ਪ੍ਰਤਾਪ ਸਿੰਘ ਜੀ ਨਾਮਧਾਰੀ, ਮਾਸਟਰ ਤਾਰਾ ਸਿੰਘ ਜੀ ਅਤੇ ਸੰਤ ਫਤਹਿ ਸਿੰਘ ਜੀ।

ਸੰਤ ਜੀ ਜਦੋਂ ਬਾਰ ਦੇ ਇਲਾਕੇ ਜੋ ਹੁਣ ਪਾਕਿਸਤਾਨ ਵਿੱਚ ਹੈ ਵੱਲ ਜਾਂਦੇ, ਉੱਥੇ ਇਹ ਗੱਲ ਦੱਸਦੇ ਕਿ ਮਾੜਾ ਸਮਾਂ ਆਉਣ ਵਾਲਾ ਹੈ। ਤੁਸੀਂ ਬਾਰ ਦੇ ਇਲਾਕੇ ਵਿਚੋਂ ਨਿਕਲ ਕੇ ਅੰਮ੍ਰਿਤਸਰ ਤੋਂ ਅੱਗੇ ਜਾ ਵੱਸੋ, ਚੰਗਾ ਹੋਵੇ ਜੇਕਰ ਪਾਉਂਟਾ ਸਾਹਿਬ ਜਾਂ ਪਹਾੜਾਂ ਵਿੱਚ ਕਿਤੇ ਜਾ ਰਹੋ। ਹਨੇਰੀ ਲੰਘ ਜਾਵੇਗੀ, ਫਿਰ ਜਿੱਥੇ ਜੀਅ ਚਾਹੇ ਰਹਿਣਾ।

ਇੱਕ ਵਾਰੀ ਗੁਜਰਾਂਵਾਲੇ ਆ ਕੇ ਭਾਈ ਕੇਸਰ ਸਿੰਘ ਨੂੰ ਵੀ ਕਿਹਾ ਪਰ ਉਹਨਾਂ ਦਾ ਵਿਸ਼ਵਾਸ਼ ਨਾ ਬੱਝਾ। ੧੯੪● ਈਸਵੀ ਵਿੱਚ ਸੰਤ ਜੀ ਮਹਾਰਾਜ ਦੀ ਗੱਲ ਮਨ ਵਿੱਚ ਵੱਸ ਗਈ ਅਤੇ ਭਾਈ ਕੇਸਰ ਸਿੰਘ ਪਾਉਂਟਾ ਸਾਹਿਬ ਆ ਗਏ। ਉਹਨਾਂ ਦਾ ਸ਼ਾਹੂਕਾਰਾ ਚੱਲਦਾ ਸੀ ਜਿਮੀਂਦਰਾਂ ਨੇ ਬਹੁਤ ਰੋਕਿਆ ਪਰ ਉਹ ਬਹਾਨਾ ਬਣਾ ਕੇ ਆ ਹੀ ਗਏ।

ਇੱਕ ਵਾਰੀ ਪਿੰਡ ਦੇ ਆਦਮੀ ਭਾਈ ਕੇਸਰ ਸਿੰਘ ਪਾਸ ਆਏ ਕਿ ਵਾਪਸ ਗੁਜਰਾਂਵਾਲੇ ਚੱਲੋ। ਉਹਨਾਂ ਸੰਤ ਜੀ ਦੀ ਆਗਿਆ ਬਿਨਾਂ ਜਾਣ ਤੋਂ ਨਾਂਹ ਕਰ ਦਿੱਤੀ। ਕੁਦਰਤੀ ਸੰਤ ਜੀ ਵੀ ਆ ਗਏ। ਉਹਨਾਂ ਕਿਹਾ ਕਿ ਅਸੀਂ ਇਸ ਨੂੰ ਬਲਦੀ ਅੱਗ ਵਿੱਚ ਨਹੀਂ ਘੱਲ ਸਕਦੇ। ਉਹਨਾਂ ਦਾ ਮਾਣ ਰੱਖਣ ਲਈ ਕਾਕਾ ਸਵਰਨ ਸਿੰਘ ਨੂੰ ਨਾਲ ਭੇਜਿਆ। ਉਹ ਆਪਣੀ ਦਾਦੀ ਜੀ ਨਾਲ ਕੁੱਝ ਚਿਰ ਪਿੱਛੋਂ ਰੁੱਸ ਕੇ ਇਕੋਲਾ (ਮਹਾਰਾਸ਼ਟਰਾ) ਆਪਣੇ ਸਹੁਰੇ ਪਾਸ ਚਲਿਆ ਗਿਆ ਤੇ ਉਸ ਨੇ ਆਪਣੀ ਮਾਤਾ ਜੀ ਨੂੰ ਵੀ ਤਾਰ ਪਾ ਕੇ ਉੱਥੋਂ ਗੁਜਰਾਂਵਾਲੇ ਤੋਂ ਇਕੋਲਾ ਮੰਗਵਾ ਲਿਆ। ਪਾਕਿਸਤਾਨ ਬਣਨ ਵੇਲੇ ਉਹਨਾਂ ਦੇ ਬਾਕੀ ਸਾਕ ਸੰਬੰਧੀ ਉੱਥੇ ਮੁਸਲਮਾਨਾਂ ਹੱਥੋਂ ਮਾਰੇ ਗਏ। ਪਾਕਿਸਤਾਨ ਬਣਨ ਤੋਂ ਕੁਝ ਚਿਰ ਪਹਿਲਾਂ ਭਾਈ ਕੇਸਰ ਸਿੰਘ

ਗੁਜਰਾਂਵਾਲੇ ਆਪਣੇ ਭਣੇਵੀ ਦੇ ਵਿਆਹ ਗਿਆ। ਸੰਤ ਜੀ ਨੇ ਛੇਤੀ ਵਾਪਸ ਆਉਣ ਲਈ ਕਹਿ ਕੇ, ਤਾਂ ਜਾਣ ਦੀ ਆਗਿਆ ਦਿੱਤੀ। ਉੱਥੇ ਕਈ ਹਫ਼ਤੇ ਲੱਗ ਗਏ। ਉਹ ਆਉਣਾ ਚਾਹੁੰਦੇ ਸੀ ਪਰ ਘਰਦਿਆਂ ਆਉਣ ਨਾ ਦਿੱਤਾ। ਸੁਪਨੇ ਵਿੱਚ ਸੰਤ ਜੀ ਨੇ ਯਾਦ ਕਰਵਾਇਆ, "ਭਾਈ! ਤੈਨੂੰ ਵਾਪਸ ਆਉਣ ਲਈ ਕਿਹਾ ਸੀ। ਤੂੰ ਏਥੇ ਆ ਕੇ ਸਾਡੇ ਬਚਨ ਭੁੱਲ ਗਿਆ ਹੈ।" ਭਾਈ ਕੇਸਰ ਸਿੰਘ ਜੀ ਅਗਲੇ ਹੀ ਦਿਨ ਘਰਦਿਆਂ ਦੀ ਨਰਾਜ਼ਗੀ ਦੀ ਪ੍ਰਵਾਹ ਨਾ ਕਰਦਾ ਹੋਇਆ ਪਾਉਂਟਾ ਸਾਹਿਬ ਆ ਗਿਆ। ਇੱਥੇ ਆਇਆ ਤਾਂ ਰਾਤ ਨੂੰ ਹੀ ਰੇਡੀਓ ਤੇ ਖਬਰ ਸੁਣੀ ਕਿ ਪੱਛਮੀ ਪੰਜਾਬ ਦੇ ਕੁੱਝ ਸ਼ਹਿਰਾਂ ਵਿੱਚ ਅੱਗਾਂ ਲਗਾ ਦਿੱਤੀਆਂ ਹਨ। ਹੋਲੇ-ਮਹੱਲੇ ਦੇ ਦਿਨ ਸਨ, ਗੁਰਦੁਆਰੇ ਪਾਉਂਟਾ ਸਾਹਿਬ ਦੇ ਥੱਲੇ ਦੀਵਾਨ ਲੱਗਾ ਹੋਇਆ ਸੀ। ਉੱਥੇ ਜਾ ਕੇ ਦੀਵਾਨ ਵਿੱਚ ਇਹ ਦੱਸਿਆ ਤਾਂ ਸਭ ਲੋਗ ਆਪਣੇ ਘਰਾਂ ਨੂੰ ਜਾਣ ਲਈ ਉੱਠ ਬੈਠੇ।

## ਭਵਿਖਤ ਬਚਨ

ਭਾਈ ਕੇਸਰ ਸਿੰਘ ਜੀ ਦੱਸਦੇ ਹਨ ਕਿ ਜਦੋਂ ਸੰਤ ਜੀ ਪਾਉਂਟਾ ਸਾਹਿਬ ਆਉਂਦੇ ਤਾਂ ਸੁਤੇ-ਸਿੱਧ ਕਈ ਵੇਰੀ ਭਵਿੱਖ ਦੀਆਂ ਗੱਲਾਂ ਕਰ ਦੇਂਦੇ ਸਨ। ਜਿਸ ਵੇਲੇ ਗੁਰਦੁਆਰੇ ਪਾਉਂਟਾ ਸਾਹਿਬ ਦੀ ਸੇਵਾ ਹੋ ਰਹੀ ਸੀ, ਸੰਤ ਜੀ ਨੇ ਕਈ ਸਿੰਘਾਂ ਨੂੰ ਪਾਉਂਟੇ ਸਾਹਿਬ ਆ ਕੇ ਰਹਿਣ ਲਈ ਕਿਹਾ ਸੀ। ਭਾਈ ਇਕਬਾਲ ਸਿੰਘ ਜੀ ਸ਼ਾਹਬਾਦ ਵਾਲੇ ਜੋ ਆਟੇ ਦੀ ਚੱਕੀ ਦਾ ਕੰਮ ਕਰਦੇ ਸਨ, ਇੱਥੇ ਆਏ, ਉਸ ਨੇ ਕਿਹਾ ਜੇ ਜਗ੍ਹਾ ਮਿਲ ਜਾਵੇ ਤਾਂ ਮੈਂ ਵੀ ਏਥੇ ਆ ਜਾਵਾਂ। ਉਸ ਨੇ ਸੰਤ ਜੀ ਨਾਲ ਸਲਾਹ ਕਰਕੇ ੬੬ ਕਨਾਲ ਜਗ੍ਹਾ ਦਾ ਸੌਦਾ ਕੀਤਾ ਅਤੇ ੧੦੦ ਰੁਪਏ ਸਾਈ ਵਜੋਂ ਦੇ ਦਿੱਤੇ। ਉਸ ਵੱਲੋਂ ਕੋਈ ਜਵਾਬ ਨਾ ਆਇਆ। ਉਸ ਨੂੰ ਚਿੱਠੀਆਂ ਪਾਈਆਂ, ਅੰਤ ਉਸ ਨੇ ਕਿਹਾ ਕਿ ਮੈਂ ਜਗ੍ਹਾ ਨਹੀਂ ਲੈਣੀ। ਸੰਤ ਜੀ ਨੇ ਉਹੀ ਥਾਂ ਭਾਈ ਕੇਸਰ ਸਿੰਘ ਜੀ ਨੂੰ ਖਰੀਦ ਲੈਣ ਲਈ ਕਿਹਾ। ਸੰਤ ਜੀ ਦੇ ਕਹਿਣ ਤੇ ਮਨ ਬਣਾ ਲਿਆ ਪਰ ਫਿਕਰ ਸੀ ਕਿ ਭਾਈ ਇਕਬਾਲ ਸਿੰਘ ਮੁੜ ਆ ਕੇ ਫੇਰ ਥਾਂ ਨਾ ਮੰਗੇ। ਸੰਤ ਜੀ ਦੇ ਵਿਸ਼ਵਾਸ ਦੇਣ ਤੇ ਪੈਸੇ ਤਾਰ ਕੇ ਥਾਂ ਮੁੱਲ ਲੈ ਲਈ। ਰਜਿਸਟਰੀ ਕਰਵਾਉਣ ਵੇਲੇ ੬੦ ਕਨਾਲ ਭਾਈ ਕੇਸਰ ਸਿੰਘ ਦੇ ਨਾਉ ਕਰ ਦਿੱਤੀ ਅਤੇ ਸਾਈ ਵਾਲੇ ੧੦੦ ਰੁਪਏ ਵਿੱਚ ਥੋੜ੍ਹੇ ਜਿਹੇ ਹੋਰ ਰੁਪਏ ਪਾ ਕੇ ੬ ਕਨਾਲ ਗੁਰਦੁਆਰੇ ਵਾਸਤੇ ਲੈ ਦਿੱਤੀ। ਸੰਤ ਜੀ ਮਹਾਰਾਜ ਨੇ ਆਪਣੇ ਹੱਥ ਨਾਲ ਉਥੇ ਨੀਂਹ ਰੱਖੀ ਅਤੇ ਛੋਟਾ ਜਿਹਾ ਕੱਚਾ ਥੜਾ ਬਣਾ ਦਿੱਤਾ। ਉਥੇ ਸ਼ਾਮ ਨੂੰ ਆ ਕੇ ਇਕੱਠਾ ਹੋ ਕੇ ਰਹਿਰਾਸ ਦਾ ਪਾਠ ਕਰਦੇ ਅਤੇ ਸਿਮਰਨ ਵਿੱਚ ਜੁੜ ਜਾਂਦੇ। ਉਸ ਵੇਲੇ ਉੱਥੇ ਚਾਰੇ ਪਾਸੇ ਖੇਤ ਅਤੇ ਜੰਗਲ ਤੋਂ ਬਿਨਾਂ ਹੋਰ ਕੁਝ ਨਹੀਂ ਸੀ। ਕਿਸੇ ਨੂੰ ਕਿਵੇ ਵਿਸ਼ਵਾਸ ਆਵੇ ਕਿ ਸੰਤ ਜੀ ਦੇ ਬਚਨ ਕਿ ਇਥੇ ਸੋਹਣਾ ਗੁਰਦੁਆਰਾ ਬਣੇਗਾ ਕੀਰਤਨ ਬਾਣੀ ਦਾ ਪ੍ਰਵਾਹ ਚੱਲੇਗਾ, ਛੇਤੀ ਹੀ ਪੂਰੇ ਹੋ ਜਾਣਗੇ।

ਇਸੇ ਜਗ੍ਹਾ ਤੇ ਬੈਠਿਆਂ ਇੱਕ ਦਿਨ ਵਿਚਾਰਾਂ ਕਰਦੇ ਸੰਤ ਜੀ ਕਹਿਣ ਲੱਗੇ, "ਭਾਈ ਕੇਸਰ ਸਿੰਘ ਤੁਹਾਡੇ ਸਭ ਦੇ ਘਰ ਇੱਥੇ ਹੀ ਬਨਣੇ ਹਨ। ਹੋਰ ਕਿਤੇ ਦੀਆਂ ਨਾ ਐਵੇਂ ਸੋਚਾਂ ਸੋਚਦੇ ਰਹੋ। ਇਸ ਥਾਂ ਤੋਂ ਬਿਨਾਂ ਤੁਹਾਨੂੰ ਹੋਰ ਕੋਈ ਜਗ੍ਹਾ ਚੰਗੀ ਨਹੀਂ ਰਹਿਣੀ। ਪਾਉਂਟੇ ਦੇ ਬਜ਼ਾਰ ਵਿੱਚ ਮਕਾਨ ਲੈਣ ਦੀ ਕਾਫ਼ੀ ਕੋਸ਼ਿਸ਼ ਕੀਤੀ। ਤਿੰਨ ਚਾਰ ਵੇਰੀ ਤਾਂ ਸਾਈ ਦਿੱਤੀ ਹੋਈ ਵਾਪਸ ਕਰਵਾਈ। ਭਾਈ ਕੇਸਰ ਸਿੰਘ ਨੇ ਪੁੱਛ ਲਿਆ ਕਿ ਜੀ ਇੱਥੇ ਚਾਰੇ ਪਾਸੇ ਜੰਗਲ ਹੈ। ਕੋਈ ਰਾਹ ਖੇੜਾ ਨਹੀਂ, ਇਥੇ ਕਿਵੇਂ ਆਵਾਂਗੇ ਤੇ ਕਿਵੇਂ ਇਕੱਲੇ ਵਸਾਂਗੇ। ਸੰਤ ਜੀ ਹੱਸ ਕੇ ਕਹਿਣ ਲੱਗੇ, "ਤੁਸੀਂ ਘਰ ਬਣਾਓ ਵੱਡੀ ਸੜਕ ਤੁਹਾਡੇ ਘਰ ਸਾਹਮਣੇ ਦੀ ਨਿਕਲੇਗੀ। ਏਥੇ ਕਾਰਖਾਨੇ ਲੱਗਣਗੇ ਤੇ ਸ਼ਹਿਰ ਵੱਸ ਜਾਵੇਗਾ ਅਤੇ ਖੂਬ ਰੌਣਕ ਹੋਵੇਗੀ।" ਗੁਰਦੁਆਰੇ ਬਣਾਉਣ ਦੀ ਗੱਲ ਕੀਤੀ ਤਾਂ ਕਿਹਾ ਕਿ ਜਿਸ ਦੇ ਭਾਗ ਹਨ, ਉਹੀ ਬਣਾਵੇਗਾ। ਹੁਣ ਏਥੇ ਸੋਹਣਾ

ਗੁਰਦੁਆਰਾ ਤੇ ਵੱਡਾ ਹਾਲ ਬਾਬਾ ਗਿਆਨ ਸਿੰਘ ਜੀ ਦੇ ਉੱਦਮ ਨਾਲ ਬਣ ਗਿਆ ਹੈ। ਗੁਰਦੁਆਰੇ ਨੂੰ ਵੱਡੀ ਸੜਕ ਵੀ ਲਗ ਗਈ ਹੈ। ਦੋਨੋਂ ਵੇਲੇ ਕੀਰਤਨ ਪਾਠ ਹੁੰਦੇ ਹਨ।

ਭਾਈ ਕੇਸਰ ਸਿੰਘ ਜੀ ਨੇ ਜ਼ਮੀਨ ਤਾਂ ਲੈ ਲਈ ਪਰ ਮਕਾਨ ਬਣਾਉਣ ਦੀ ਢਿੱਲ ਕਰਦੇ ਗਏ। ਕੁਝ ਚਿਰ ਪਿੱਛੋਂ ਸਤਾਉਣ ਵਾਲੀ ਸੜਕ ਦਾ ਸਰਵੇ ਹੋਇਆ ਤਾਂ ਇਹ ਦੂਸਰੇ ਪਾਸੇ ਦੀ ਕੱਢਿਆ ਗਿਆ। ਉਹਨਾਂ ਫਿਰ ਬੇਨਤੀ ਕੀਤੀ ਕਿ ਜੀ ਸੜਕ ਤਾਂ ਦੂਸਰੇ ਪਾਸੇ ਦੀ ਬਣ ਰਹੀ ਹੈ। ਸੰਤ ਜੀ ਗੱਲ ਸੁਣਦੇ ਹੀ ਕਹਿਣ ਲਗੇ, "ਤੈਨੂੰ ਕਿਹਾ ਜੋ ਹੈ ਸੜਕ ਤੇਰੇ ਘਰ ਦੇ ਸਾਹਮਣੇ ਦੀ ਨਿਕਲੇਗੀ, ਤੈਨੂੰ ਸਰਵੇ ਨਾਲ ਕੀ?" ਅੰਤ ਜਦੋਂ ਸੜਕ ਬਣੀ ਤਾਂ ਉਹਨਾਂ ਦੇ ਘਰਾਂ ਦੇ ਸਾਹਮਣੇ ਦੀ ਬਣੀ। ਜਿੱਥੇ ਉਜਾੜ ਖੇਤ ਸਨ, ਹੁਣ ਉੱਥੇ ਘਰ ਹਨ। ਸੜਕ ਸਾਹਮਣੇ ਹੈ। ਆਲੇ-ਦੁਆਲੇ ਅਬਾਦੀ ਬਹੁਤ ਹੋ ਗਈ ਹੈ ਅਤੇ ਜਗ੍ਹਾ ਦੀ ਤੰਗੀ ਕਰਕੇ ਭਾਓ ਵੱਧ ਗਏ ਹਨ। ਸੰਤ ਜੀ ਦੇ ਬਚਨ ਮੰਨਣ ਸਦਕਾ ਹੁਣ ਉਹ ਬਹੁਤ ਸੁਖੀ ਹਨ।

ਸੰਤ ਜੀ ਮਹਾਰਾਜ ਦੀ ਸੇਵਾ ਨੂੰ ਮੁੱਖ ਰਖ ਕੇ ਹੀ ਸੰਗਤਾਂ ਉਹਨਾਂ ਦਾ ਜਨਮ ਦਿਹਾੜਾ ਇੱਥੇ ਗੁਰਦੁਆਰਾ ਸੰਤਪੁਰੇ ਵਿੱਚ ਮਨਾਉਂਦੀਆਂ ਹਨ ਤੇ ਉਹਨਾਂ ਦੇ ਪ੍ਰੇਮ ਕਰਕੇ ਹਰ ਸਾਲ ਸੰਗਤਾਂ ਪੰਜਾਬ ਤੋਂ ਆਉਦੀਆਂ ਹਨ। 'ਕਲਗੀਧਰ ਟਰੱਸਟ' ਇਸ ਦਾ ਪ੍ਰਬੰਧਕ ਹੈ। ਸੰਤ ਜੀ ਮਹਾਰਾਜ ਨੇ ਆਪਣੇ ਹੱਥੀਂ ਗੁਰਦੁਆਰਾ ਸਾਹਿਬ ਦੇ ਲੰਗਰ ਖਾਤਰ ਕਰੀਬ ਦਸ ਕਿਲੇ ਜ਼ਮੀਨ ਪਿੰਡ ਮਤਰਾਲੀਆਂ ਵਿਖੇ ਖਰੀਦ ਦਿੱਤੀ ਸੀ।

ਸੰਤ ਜੀ ਨੇ ਭਾਈ ਕਾਬਲ ਸਿੰਘ ਪਾਸੋਂ ਹੁਣ ਵਾਲੀ ਚੌਖਟੇ ਦੀ ਥਾਂ ਦੇ ਨਜ਼ਦੀਕ ੭ ਵਿਘੇ ਜ਼ਮੀਨ ਲਈ। ਸਾਰਾ ਫੈਸਲਾ ਹੋ ਜਾਣ 'ਤੇ ਉਸ ਦੇ ਭਤੀਜੇ ਨਾਰੰਗ ਸਿੰਘ ਨੇ ਰੋਕ ਪਾ ਦਿੱਤੀ ਕਿ ਉਸ ਜ਼ਮੀਨ 'ਤੇ ਉਸਦਾ ਹੱਕ ਹੈ ਅਤੇ ਉਸਨੇ ਹੀ ਲੈਣੀ ਹੈ। ਹੱਕ ਸੁਫਾ ਕਰਕੇ ਸੰਤ ਜੀ ਤੋਂ ਜ਼ਮੀਨ ਵਾਪਸ ਲੈਣ ਲਈ ਕਿਹਾ। ਸੰਤ ਜੀ ਨੇ ਸਮਝਾਇਆ ਤੂੰ ਤਾਂ ਜਮੀਨ ਵੇਚਣੀ ਹੀ ਹੈ, ਮੁਨਾਫ਼ਾ ਸਾਡੇ ਤੋਂ ਹੀ ਲੈ-ਲੈ ਜ਼ਮੀਨ ਸਾਡੇ ਪਾਸ ਰਹਿਣ ਦੇਹ ਅਤੇ ਸਾਡੇ ਪ੍ਰੋਗਰਾਮ ਵਿੱਚ ਦੇਰ ਨਾ ਕਰ। ਉਸ ਨੂੰ ਦੋ ਹਜ਼ਾਰ ਰੁਪਏ ਵਾਧੂ ਦੇ ਰਹੇ, ਉਹ ਨਾਂਹ ਹੀ ਕਰੀ ਗਿਆ ਅਤੇ ਕਹੇ ਜ਼ਮੀਨ ਮੈਂ ਲੈਣੀ ਹੈ। ਅਖੀਰ ਉਸ ਤੋਂ ਜ਼ਮੀਨ ਦੀ ਕੀਮਤ ਵਾਪਸ ਲੈ ਕੇ ਰਜਿਸਟਰੀ ਉਸ ਨੂੰ ਦੇ ਦਿੱਤੀ ਤੇ ਇਹ ਵੀ ਸਪੱਸ਼ਟ ਕਰਕੇ ਕਹਿ ਦਿੱਤਾ, "ਭਾਈ! ਜ਼ਮੀਨ ਤੇਰੀ ਇਹ ਵਿੱਕ ਹੀ ਜਾਣੀ ਹੈ ਪਰ ਤੂੰ ਸਾਡੇ ਪ੍ਰੋਗਰਾਮ ਵਿੱਚ ਰੋਕ ਪਾ ਦਿੱਤੀ ਠੀਕ ਨਹੀਂ ਕੀਤਾ।"

ਥੋੜ੍ਹੇ ਚਿਰ ਪਿੱਛੋਂ ਨਾਰੰਗ ਸਿੰਘ ਨੇ ਜਗਾਧਰੀ ਦੇ ਲਾਲੇ ਨੂੰ ਜ਼ਮੀਨ ਵੇਚ ਦਿੱਤੀ। ਉਸ ਨੇ ਖੰਡ ਵਾਲੀ ਮਿੱਲ ਲਾਈ ਪਰ ਉਹ ਨਾ ਚੱਲੀ। ਫਿਰ ਉਸ ਨੇ ਮੁਨਾਫ਼ੇ ਵਿੱਚ ਉਹ ਜ਼ਮੀਨ ਅੱਗੇ ਜਗਾਧਰੀ ਦੇ ਵਪਾਰੀ ਨੂੰ ਵੇਚ ਦਿੱਤੀ ਜਿਸ ਨੇ ਉੱਥੇ ਭਾਂਡਿਆਂ ਦਾ ਕਾਰਖਾਨਾ ਬਣਾਇਆ। ਜਗਾਧਰੀ ਵਾਲੇ ਜਿਨ੍ਹਾਂ ਦਾ ਭਾਂਡਿਆਂ ਵਾਲਾ ਕਾਰਖਾਨਾ ਸੀ, ਉਹਨਾਂ ਵੀ ਲੱਖਾਂ ਰੁਪਏ ਲਾ ਕੇ ਮਸ਼ੀਨਾਂ ਲਿਆਦੀਆਂ ਤੇ ਰਿਹਾਇਸ਼ ਲਈ ਬੜੀਆਂ ਆਲੀਸ਼ਾਨ ਕੋਠੀਆਂ ਬਣਾਈਆਂ ਪਰ ਕੁਦਰਤ ਮਹਾਰਾਜ ਦੀ, ਭਰਾਵਾਂ ਦਾ ਆਪਸੀ ਝਗੜਾ ਐਸਾ ਹੋ ਗਿਆ ਕਿ ਕਈ ਸਾਲ ਤੋਂ ਮਿੱਲ ਬੰਦ ਪਈ ਹੈ। ਕੋਠੀਆਂ ਸੁੰਞੀਆਂ ਹੀ ਪਈਆਂ ਹਨ। ਜਿਵੇਂ ਭਾਈ ਨਾਰੰਗ ਸਿੰਘ ਕੋਲ ਮਾਇਆ ਨਹੀਂ ਖੜਦੀ ਤਿਵੇਂ ਹੀ ਇਸ ਥਾਂ 'ਤੇ ਕੋਈ ਵਿਅਕਤੀ ਨਹੀਂ ਟਿਕਦਾ। ਸਾਧੂ ਦੇ ਪ੍ਰੋਗਰਾਮ ਵਿੱਚ ਵਿਘੱਣ ਪਾਉਣ ਕਰਕੇ ਅਟਕਾਂ ਹੀ ਪੈਂਦੀਆਂ ਹਨ।

ਭਾਈ ਨਾਰੰਗ ਸਿੰਘ ਦੀ ਹੋਰ ਵੀ ਬਹੁਤ ਸਾਰੀ ਜ਼ਮੀਨ ਵਿੱਕ ਚੁੱਕੀ ਹੈ ਤੇ ਬਹੁਤ ਔਖਾ ਹੈ। ਉਸ ਨੂੰ ਹੁਣ ਇਹ ਵਿਸ਼ਵਾਸ਼ ਹੋ ਗਿਆ ਹੈ ਕਿ ਮਹਾਂਪੁਰਖਾਂ ਦੇ ਬਚਨ ਸਤਿ ਹੁੰਦੇ ਹਨ, ਉਹਨਾਂ ਨੂੰ ਮੰਨ ਲੈਣ ਵਿੱਚ ਹੀ ਭਲਾ ਹੈ।

ਸੰਤ ਜੀ ਮਹਾਰਾਜ ਸੰਸਾਰਕ ਲਾਹੇ ਤੋਟੇ ਦੇ ਮਾਪ ਤੋਂ ਉਪਰ ਸਨ। ਕਈ ਗੁਰਮੁਖ ਸਜਣਾਂ ਨੂੰ ਉਹਨਾਂ ਆਪਣੇ ਕੋਲੋਂ ਪਲਾਟ ਖਰੀਦ ਕੇ ਮਕਾਨ ਬਣਾਉਣ ਲਈ ਜਗ੍ਹਾ ਲੈ ਕੇ ਦਿੱਤੀ। ਸੰਤ ਜੀ ਹਰ ਸਾਲ ਗਰਮੀਆਂ ਵਿੱਚ ਸੰਗਤਾਂ ਨੂੰ ਨਾਲ ਲਿਆਉਂਦੇ ਤੇ ਪ੍ਰੇਮੀਆਂ ਨੂੰ ਗੁਰੂ ਕੀ ਨਗਰੀ ਵਿੱਚ ਵੱਸਣ ਲਈ ਪ੍ਰੇਰਦੇ ਰਹਿੰਦੇ।

ਉਹਨਾਂ ਕਲਗੀਧਰ ਪਿਤਾ ਦੇ ਸ਼ਹਿਰ ਪਾਉਂਟਾ ਸਾਹਿਬ ਨੂੰ ਅਬਾਦ ਕਰਨ ਲਈ ਪੂਰਾ ਤਾਣ ਲਾਇਆ। ਦੂਰ-ਦੂਰ ਤੋਂ ਸੰਗਤਾਂ ਨੂੰ ਪ੍ਰੇਰ ਕੇ ਇੱਥੇ ਲਿਆਂਦਾ। ੧੯੩੯ ਤੋਂ ੪੬ ਤੱਕ ਪਾਉਂਟੇ ਸਾਹਿਬ ਬੁੰਗੇ ਵਿਖੇ ਘੋਰ ਤਪਸਿਆ ਕੀਤੀ ਤੇ ਆਪਣੇ ਸੇਵਕਾਂ ਨੂੰ ਵੀ ਤੇ ਬੁੰਗੇ ਬਣਾਉਣ ਲਈ ਕਹਿੰਦੇ।

## ਬਾਵਾ ਅਮਰਜੀਤ ਸਿੰਘ ਜੀ

ਬਾਵਾ ਅਮਰਜੀਤ ਸਿੰਘ ਦੇ ਮਾਤਾ ਜੀ ਨੇ ਬੀਬੀ ਜੀਤ ਕੌਰ (ਸਪੁੱਤਰੀ ਸੰਤ ਜੀ ਮਹਾਰਾਜ) ਤੇ ਬਾਵਾ ਜੀ ਦੀ ਸ਼ਾਦੀ ਬਾਰੇ ਗੱਲ ਕਰਦਿਆਂ ਦੱਸਿਆ ਕਿ ਅਸੀਂ ਬਾਵੇ ਹੋਣ ਕਰਕੇ ਅੰਮ੍ਰਿਤ ਨਹੀਂ ਛਕਦੇ ਸੀ। ਕਹਿੰਦੇ ਸੀ ਕਿ ਸਾਥੋਂ ਤਾਂ ਸਭ ਸੰਗਤ ਚਰਨ ਪਾਹੁਲ ਲੈਂਦੀ ਰਹੀ ਹੈ। ਹੁਣ ਅਸੀਂ ਇਨ੍ਹਾਂ ਦੇ ਹੱਥਾਂ ਤੋਂ ਅੰਮ੍ਰਿਤ ਕਿਉਂ ਛਕੀਏ। ਅਸੀਂ ਸੰਤ ਤੇਜਾ ਸਿੰਘ ਜੀ ਦੇ ਗੁਆਂਢ ਹੀ ਰਹਿੰਦੇ ਸੀ। ਉਹਨਾਂ ਨੂੰ ਚੰਗੀ ਤਰ੍ਹਾਂ ਜਾਣਦੇ ਸੀ। ਇਹ ਮੇਲ ਹੋਣ ਕਰਕੇ ਉਹਨਾਂ ਸਮਝਾਇਆ ਕਿ ਅੰਮ੍ਰਿਤ ਕਿਸੇ ਦਾ ਨਹੀਂ ਹੈ। ਇਹ ਤਾਂ ਗੁਰੂ ਗੋਬਿੰਦ ਸਿੰਘ ਜੀ ਦੀ ਦਾਤ ਹੈ। ਹਰ ਸਿੱਖ ਨੂੰ ਛਕਣਾ ਚਾਹੀਦਾ ਹੈ। ਉਹਨਾਂ ਦੇ ਸਮਝਾਉਣ ਤੇ ਅਸੀਂ ਅੰਮ੍ਰਿਤ ਛਕ ਲਿਆ। ਸਬੰਧ ਹੋਰ ਨੇੜੇ ਹੋ ਗਏ ਅਤੇ ਬੀਬੀ ਜੀਤ ਕੌਰ ਦਾ ਵਿਆਹ ਬਾਵਾ ਜੀ ਨਾਲ ਹੋ ਗਿਆ।

ਸੰਤ ਜੀ ਮਹਾਰਾਜ ਨੇ ਆਪਣੀ ਬੀਬੀ ਜੀਤ ਕੌਰ ਨੂੰ, ਗੁਰਦੁਆਰਾ ਯਤੀਮਖਾਨਾ ਗੁਜਰਾਂਵਾਲਾ ਵਿਖੇ ਗਿਆਨੀ ਸੁੰਦਰ ਸਿੰਘ ਜੀ ਪਾਸੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੀ ਸ਼ੁਧ ਸੰਥਿਆ ਦਵਾਈ ਸੀ। ਬੀਬੀ ਨੇ ਇਕ ਸਾਲ ਵਿੱਚ ਭੋਗ ਪਾਇਆ। ਸੰਤ ਜੀ ਮਹਾਰਾਜ ਬੜੇ ਪ੍ਰਸੰਨ ਹੋਏ ਤੇ ਲੰਗਰ ਕੀਤਾ ਅਤੇ ਬੀਬੀ ਨੂੰ ਬਚਨ ਕੀਤਾ ਕਿ ਤੂੰ ਗੁਰੂ ਘਰ ਦੀ ਬੀ. ਏ. ਪਾਸ ਕੀਤੀ ਹੈ। ਨਾਲ ਹੀ ਬੀਬੀ ਪਾਸੋਂ ਸੁਖਮਨੀ ਸਾਹਿਬ ਦਾ ਪਾਠ ਕੰਠ ਕਰਵਾ ਕੇ ਬੀਬੀ ਨੂੰ ਪੱਚੀ ਦਮੜੇ ਇਨਾਮ ਦਿੱਤਾ।

ਪੰਜ ਸਾਲ ਦੀ ਉਮਰ ਵਿੱਚ ਬੀਬੀ ਨੇ ਸੰਤ ਅਤਰ ਸਿੰਘ ਜੀ ਮਹਾਰਾਜ ਦੇ ਦਰਸ਼ਨ ਵੀ ਕੀਤੇ ਸਨ, ਉਸ ਵੇਲੇ ਸੰਤ ਜੀ ਉਹਨਾਂ ਦੀ ਕੋਠੀ ਵਿੱਚ ਠਹਿਰੇ ਹੋਏ ਸਨ। ਗੁਰਦੁਆਰਾ ਯਤੀਮਖਾਨਾਂ ਗੁਰਜਰਾਂਵਾਲਾ ਵਿਖੇ ਸੰਤ ਅਤਰ ਸਿੰਘ ਜੀ ਦੇ ਦੀਵਾਨ ਸਜਦੇ ਸਨ। ਇੱਕ ਦਿਨ ਸੰਤ ਜੀ ਦੇ ਗਲ ਫੁੱਲਾਂ ਦਾ ਬੜਾ ਵੱਡਾ ਹਾਰ ਸੰਗਤਾਂ ਨੇ ਪਾ ਦਿੱਤਾ ਤਾਂ ਸੰਤ ਜੀ ਜਦ ਘਰ ਆਏ ਉਹੋ ਹਾਰ ਸੰਤ ਮਹਾਰਾਜ ਨੇ ਬੀਬੀ ਦੇ ਗਲ ਪਾ ਦਿੱਤਾ ਤੇ ਬਹੁਤ ਖੁਸ਼ ਹੋਏ।

ਸੰਤ ਜੀ ਨੇ ਏ. ਬੀ. ਐਮ. ਯੂਨੀਅਨ ਹਾਈ ਸਕੂਲ ਰੰਗੂਨ ਵਿੱਚ ਬੀਬੀ ਨੂੰ ਸੈਵੰਥ ਸਟੈਂਡਰਡ ਪਾਸ ਕਰਵਾਈ। ਇਹ ਸਾਰੀ ਪੜ੍ਹਾਈ ਅੰਗਰੇਜ਼ੀ ਜ਼ਬਾਨ ਵਿੱਚ ਸੀ। ਇਸੇ ਕਰਕੇ ਬੀਬੀ ਦੀ ਲਿਆਕਤ ਇਕ ਚੰਗੇ ਅੰਗਰੇਜ਼ੀ ਪੜ੍ਹੇ ਲਿਖੇ ਜਿੰਨੀ ਸੀ। ਬੀਬੀ ਨੂੰ ਨਾਨਕਸਰ ਚੀਮੇਂ ਸੰਗੀਤ ਵਿਦਿਆਲਯ ਵਿੱਚ ਵਾਜਾ ਢੋਲਕ ਸਿਖਵਾਈ ਤੇ ਉਸ ਪਾਸੋਂ ਬੜੇ ਪ੍ਰੇਮ ਨਾਲ ਇਹ ਸ਼ਬਦ ਸੁਣਿਆ ਕਰਦੇ ਸਨ:

**ਹਮ ਭੀਖਕ ਭੇਖਾਰੀ ਤੇਰੇ ਤੂ ਨਿਜ ਪਤਿ ਹੈ ਦਾਤਾ ॥** (੬੬੬)

**ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥** (੪੪੧)

ਬੀਬੀ ਜੀਤ ਕੌਰ ਜੀ ਹੁਣ ਚੜ੍ਹਾਈ ਕਰ ਗਏ ਹਨ।

## ਬਲਦੀ ਅੱਗ ਵਿੱਚੋਂ ਕੱਢਣਾ

ਬਾਵਾ ਅਮਰਜੀਤ ਸਿੰਘ ਨੇ ਦੱਸਿਆ ਕਿ ਮੈਂ ਅਤੇ ਬੀਬੀ ਜੀਤ ਕੌਰ ਦਸੰਬਰ, ੧੯੪੧ ਈਸਵੀ ਵਿੱਚ ਬੰਗਾਲ ਤੋਂ ਪਾਉਂਟਾ ਸਾਹਿਬ ਮਾਤਾ ਜੀ ਦੀ ਖ਼ਬਰ ਲੈਣ ਆਏ। ਉਹਨਾਂ ਦੇ ਮਾਤਾ ਜੀ ਦੀ ਲੱਤ ਲੱਕੜ ਵੱਜ ਕੇ ਟੁੱਟ ਗਈ ਸੀ। ਸੰਤ ਜੀ ਨੇ ਸਾਨੂੰ ਇੱਥੇ ਹੀ ਰੱਖਿਆ ਅਤੇ ਕਿਹਾ ਭਾਈ! ਹਿੰਦੁਸਤਾਨ ਜਲ ਉੱਠੇਗਾ। ਤੁਸੀਂ ਇੱਥੇ ਹੀ ਰਹੋ। ਸੰਤ ਜੀ ਕਹਿੰਦੇ ਸਨ ਕਿ ਭਾਈ! ਮਾਸਟਰੀ ਦੀ ਸੇਵਾ ਬਹੁਤ ਉੱਚੀ ਹੈ। ਬਾਵਾ ਜੀ ਨੇ ਕੁਝ ਚਿਰ ਪਿੱਛੋਂ ਹੁਕਮ ਮੰਨ ਕੇ ਬੀ. ਟੀ. ਦਾ ਕੋਰਸ ਕਰਨਾ ਸ਼ੁਰੂ ਕਰ ਦਿੱਤਾ। ੧੯੪੫ ਈਸਵੀ ਵਿੱਚ ਬੀ. ਟੀ. ਕਰਨ ਪਿੱਛੋਂ ਮੈਨੂੰ ਸਾਇੰਸ ਟੀਚਰ ਦੀ ਨੌਕਰੀ ਜ਼ਿਲ੍ਹਾ ਗੁਜਰਾਤ ਵਿੱਚ ਮਿਲ ਗਈ। ਮੈਂ ਜਾਣ ਦੀ ਤਿਆਰੀ ਕਰਨ ਲੱਗਿਆ। ਦੂਜਾ ਪਾਉਂਟਾ ਸਾਹਿਬ ਤੋਂ ਮੇਰੇ ਬਾਹਰ ਜਾਣ ਦਾ ਕਾਰਨ ਇਹ ਵੀ ਸੀ ਕਿ ਸੰਤ ਜੀ ਬਾਰੇ, ਲੋਕਾਂ ਇਹ ਕਹਿਣਾ ਸ਼ੁਰੂ ਕਰ ਦਿੱਤਾ ਕਿ ਧੀ ਜਵਾਈ ਨੂੰ ਮੰਗ-ਮੰਗ ਕੇ ਖੁਆਉਂਦਾ ਹੈ। ਸੰਤ ਜੀ ਬਾਰੇ ਲੋਕਾਂ ਦੀਆਂ ਗੱਲਾਂ ਬਣਾਉਣ ਦਾ ਕਾਰਨ ਮੈਂ ਨਹੀਂ ਸੀ ਬਣਨਾ ਚਾਹੁੰਦਾ। ਮੈਂ ਗੁਜਰਾਤ (ਪਾਕਿਸਤਾਨ) ਜਾਣ ਲਈ ਪੱਕੀ ਸਲਾਹ ਬਣਾ ਲਈ ਸੀ।

ਮੇਰੇ ਜਾਣ ਦੀ ਤਿਆਰੀ ਵੇਖ ਕੇ ਸੰਤ ਜੀ ਨੇ ਕਿਹਾ ਭਾਈ! ਅਸੀਂ ਤਾਂ ਸੰਗਤਾਂ ਨੂੰ ਬਲਦੀ ਅੱਗ ਵਿੱਚੋਂ ਕੱਢ ਕੇ ਇੱਥੇ ਲਿਆਉਂਦੇ ਹਾਂ ਤਾਂ ਤੈਨੂੰ ਉੱਥੇ ਜਾਣ ਦੀ ਆਗਿਆ ਕਿਵੇਂ ਦੇ ਦੇਈਏ? ਮੈਨੂੰ ਨੌਕਰੀ ਦਾ ਲਾਲਚ ਸੀ। ਦੂਸਰੇ ਇਹ ਵੀ ਦਿਲ ਨਹੀਂ ਮੰਨਦਾ ਕਿ ਕੱਟ-ਵੱਢ ਹੋਵੇਗੀ, ਜਿਵੇਂ ਕਿ ਪਿੱਛੋਂ ਹੋਇਆ। ਮਨ ਕਹਿੰਦਾ ਸੀ ਜੇ ਪਾਕਿਸਤਾਨ ਬਣ ਗਿਆ ਤਾਂ ਵੀ ਕੀ ਫ਼ਰਕ ਪੈਣਾ ਹੈ, ਹਾਲਾਤ ਠੀਕ ਨਾ ਬੈਠੇ ਤਾਂ ਇਧਰ ਆ ਜਾਵਾਂਗੇ। ਫਿਰ ਕਿਹੜਾ ਇੱਥੇ ਆਉਣ ਲਈ ਰਾਹ ਭੁੱਲ ਜਾਵਾਂਗੇ। ਇਹਨਾਂ ਵਿਚਾਰਾਂ ਨੇ ਮੈਨੂੰ ਉੱਥੇ ਜਾਣ ਲਈ ਤਿਆਰ ਕੀਤਾ ਅਤੇ ਸੰਤ ਜੀ ਅੱਗੇ ਮੈਂ ਗੁਜਰਾਤ (ਪਾਕਿਸਤਾਨ) ਜਾਣ ਦੀ ਰਾਏ ਫਿਰ ਰੱਖ ਦਿੱਤੀ। ਮੇਰੀ ਓਧਰ ਜਾਣ ਦੀ ਸਲਾਹ ਬਾਰੇ ਜਾਣ ਕੇ ਸੰਤ ਜੀ ਦਾ ਚਿਹਰਾ ਲਾਲ ਹੋ ਗਿਆ ਅਤੇ ਮੂੰਹ 'ਤੇ ਹੱਥ ਫੇਰ ਕੇ ਕਿਹਾ, "ਮੈਂ ਸੰਤ ਅਤਰ ਸਿੰਘ ਮਹਾਂਪੁਰਖਾਂ ਦਾ ਸੇਵਕ ਹਾਂ। ਇਹ ਗੱਲ ਦੋ ਸਾਲ ਵਿੱਚ ਹੀ ਜ਼ਰੂਰ ਹੋ ਕੇ ਰਹੇਗੀ।"

ਮੈਂ ਉਹਨਾਂ ਦੇ ਸ਼ਬਦ ਸੁਣ ਕੇ ਤੇ ਚਿਹਰੇ ਦਾ ਰੁਖ ਵੇਖ ਕੇ ਡਰ ਗਿਆ ਅਤੇ ਪੈਰਾਂ ਨੂੰ ਹੱਥ ਲਗਾ ਕੇ ਮੁਆਫੀ ਮੰਗੀ। ਸੰਤ ਜੀ ਦਾ ਰੰਗ ਉਸੇ ਵੇਲੇ ਬਦਲ ਗਿਆ, ਝੱਟ ਹੱਸ ਵੀ ਪਏ ਜਿਵੇਂ ਕਦੇ ਗੁੱਸੇ ਹੋਏ ਹੀ ਨਾ ਹੋਣ ਅਤੇ ਕਹਿਣ ਲਗੇ, "ਚੰਗਾ ਹੋਇਆ ਛੇਤੀ ਅਕਲ ਆ ਗਈ ਨਹੀਂ ਤਾਂ ਜੁੱਤੀਆਂ ਖਾ ਕੇ ਸਿੱਧਾ ਹੋਣਾ ਸੀ।"

ਦੋ ਸਾਲ ਪਿੱਛੋਂ ੧੯੪੭ ਈਸਵੀ ਵਿੱਚ ਪਾਕਿਸਤਾਨ ਬਣਨ ਪਿੱਛੋਂ ਮੈਂ ਛੇਹਰਟੇ ਤੋਂ ਵਾਪਸ ਪਾਉਂਟੇ ਨੂੰ ਆ ਰਿਹਾ ਸਾਂ ਤਾਂ ਬਰਾੜਾ ਰੇਲਵੇ ਸਟੇਸ਼ਨ ਤੋਂ ਨਿਕਲਕੇ ਬੱਸ ਸਟੈਂਡ ਜਾਣ ਲਈ ਇੱਕ ਮੁੰਡੇ ਨੂੰ ਆਪਣਾ ਟਰੰਕ ਚੁਕਵਾਇਆ। ਉਸ ਕੋਲੋਂ ਟਰੰਕ ਥੱਲ੍ਹੇ ਡਿੱਗ ਪਿਆ ਅਤੇ ਚਿੱਬ ਪੈ ਗਏ। ਮੈਨੂੰ ਉਸ ਦੀ ਲਾਪਰਵਾਹੀ 'ਤੇ ਗੁੱਸਾ ਆਇਆ ਪਰ ਜਦ ਉਸ ਵੱਲ ਵੇਖਿਆ, ਉਸ ਦੀ ਇੱਕ ਬਾਂਹ ਕੱਟੀ ਹੋਈ ਸੀ। ਟਰੰਕ ਦੀ ਗੱਲ ਭੁਲਾਕੇ ਮੈਂ ਪੁੱਛਿਆ, "ਤੂੰ ਕਿੱਥੋਂ ਆਇਆਂ ਹੈਂ?" ਉਸ ਤੋਂ ਪਤਾ ਲੱਗਿਆ ਕਿ ਉਹ ਲੜਕਾ ਉਸੇ ਸਕੂਲ ਵਿੱਚ ਗੁਜਰਾਤ ਪੜ੍ਹਦਾ ਸੀ ਜਿੱਥੇ ਮੈਨੂੰ ਸਾਇੰਸ ਟੀਚਰ ਲੱਗਣ ਜਾਣ ਤੋਂ ਸੰਤ ਜੀ ਨੇ ਰੋਕ ਦਿੱਤਾ ਸੀ। ਮੈਨੂੰ ਝੱਟ ਸੰਤ ਜੀ ਦਾ ਗੁੱਸੇ ਵਾਲਾ ਚਿਹਰਾ ਤੇ ਸਾਰੇ ਸ਼ਬਦ ਚੇਤੇ ਆ ਗਏ। ਮਨ ਸਾਰਾ ਦਿਨ ਉਹਨਾਂ ਦਾ ਵੇਲੇ ਸਿਰ ਮੱਤ ਦੇ ਕੇ ਬਚਾ ਲੈਣ ਦਾ ਧਨੰਵਾਦ ਕਰਦਾ ਰਿਹਾ ਤੇ ਹੁਣ ਵੀ ਜਦੋਂ ਉਹਨਾਂ ਦੀ ਕੋਈ

ਕਹੀ ਗੱਲ ਪੂਰੀ ਹੋਈ ਵੇਖਦੇ ਹਾਂ ਜਾਂ ਸੁਣਦੇ ਹਾਂ, ਸਤਿਕਾਰ ਨਾਲ ਸਿਰ ਝੁਕ ਜਾਂਦਾ ਹੈ ਤੇ ਮਨ ਸਹਿਜ-ਸੁਭਾਏ ਕਹਿੰਦਾ ਹੈ, "ਧੰਨ ਸੰਤ ਤੇਜਾ ਸਿੰਘ ਜੀ।" ਬਾਵਾ ਅਮਰਜੀਤ ਸਿੰਘ ਜੀ ਵੀ ਹੁਣ ਪਾਉਂਟੇ ਸਾਹਿਬ ਚੜ੍ਹਾਈ ਕਰ ਗਏ ਹਨ।

## ਬੋਲ ਵਾਹਿਗੁਰੂ

ਬੀਬੀ ਜੀਤ ਕੌਰ ਤੇ ਬਾਵਾ ਅਮਰਜੀਤ ਸਿੰਘ ਜਦੋਂ ਵੀ ਕਿਤੇ ਵੇਲਾ ਮਿਲਦਾ ਉਹ ਸੰਤ ਪਿਤਾ ਦੀ ਕਥਾ-ਵਾਰਤਾ ਸੁਣਨ ਜ਼ਰੂਰ ਜਾਂਦੇ। ਸੰਤ ਜੀ ਮਹਾਰਾਜ ਕਥਾ ਕਰਦੇ-ਕਰਦੇ ਵਿੱਚ ਬਹੁਤ ਵਾਰੀ 'ਬੋਲੋ ਵਾਹਿਗੁਰੂ' ਆਖੀ ਜਾਂਦੇ। ਇੱਕ ਦਿਨ ਘਰ ਆ ਕੇ ਉਹਨਾਂ ਸੰਤ ਜੀ ਨੂੰ ਪੁੱਛਿਆ ਮਹਾਰਾਜ ਜੀ! ਤੁਸੀਂ ਕਥਾ ਕਰਦੇ 'ਬੋਲੋ ਵਾਹਿਗੁਰੂ' ਕਿਉਂ ਆਖਦੇ ਸੀ। ਸੰਤ ਜੀ ਨੇ ਉੱਤਰ ਦਿੱਤਾ, "ਭੋਲਿਓ! ਅਸਲੀ ਚੀਜ਼ ਤਾਂ ਨਾਮ ਹੀ ਹੈ, ਇਸ ਨੂੰ ਜਪਣ ਵਾਸਤੇ ਹੀ ਕਥਾ ਕਰੀ ਦੀ ਹੈ।"

**ਨਾਨਕ ਲੇਖੈ ਇਕ ਗਲ ਹੋਰ ਹਉਮੈ ਝਖਣਾ ਝਾਖ ॥ (੪੬੭)**

ਕਥਾ-ਕੀਰਤਨ ਅਤੇ ਪਾਠ ਵਿੱਦਿਆ ਦੀ ਪੜ੍ਹਾਈ ਦਾ ਮਨੋਰਥ ਹੀ ਮਨ ਨੂੰ ਸਾਧਨਾ ਹੈ। ਇਹ ਕਹਿ ਕੇ ਸੰਤ ਜੀ ਫੇਰ ਬੋਲੇ, ਗੱਜ ਕੇ ਆਖੋ ਵਾਹਿਗੁਰੂ।

ਜਦ ਸੰਤ ਜੀ ਪਾਉਂਟਾ ਸਾਹਿਬ ਆਖਰੀ ਵਾਰੀ ਆਏ ਤਾਂ ਸਰੀਰ ਕਾਫੀ ਕਮਜ਼ੋਰ ਸੀ ਤੇ ਬੀਬੀ ਜੀਤ ਕੌਰ ਦੇ ਦੋ ਮਹੀਨੇ ਤੋਂ ਸੰਤ ਪਿਤਾ ਦੀ ਸੇਵਾ ਵਿੱਚ ਹਾਜ਼ਰ ਸੀ ਤਾਂ ਇੱਕ ਦਿਨ ਸੰਤ ਜੀ ਨੂੰ ਬੜੇ ਪ੍ਰਸੰਨ ਵੇਖ ਕੇ ਪੁੱਛਿਆ, "ਪਿਤਾ ਜੀ! ਤੁਹਾਨੂੰ ਬੜੀ ਤਕਲੀਫ਼ ਰਹੀ ਹੈ।" ਸੰਤ ਜੀ ਕਹਿਣ ਲੱਗੇ, "ਬੇਟਾ ਸਾਨੂੰ ਤਾਂ ਤਕਲੀਫ਼ ਦਾ ਪਤਾ ਨਹੀਂ। ਨਾਮ ਦਾ ਅਭਿਆਸ ਕਰਕੇ ਅਸੀਂ ਸਰੀਰ ਤੋਂ ਪਰੇ ਹੋ ਚੁੱਕੇ ਹਾਂ। ਤੁਹਾਨੂੰ ਵੀ ਇਹੋ ਕਹਿੰਦੇ ਹਾਂ ਕਿ ਸਵਾਸਾਂ ਨਾਲ ਵਾਹਿਗੁਰੂ ਸ਼ਬਦ ਦਾ ਸਿਮਰਨ ਕਰਿਆ ਕਰੋ।"

## ਭਾਈ ਪ੍ਰੇਮ ਕੁਮਾਰ ਕੋਛੜ

ਭਾਈ ਪ੍ਰੇਮ ਕੁਮਾਰ ਜਦੋਂ ਧੋਲੇ ਕੂਏ ਹੁੰਦਾ ਸੀ ਤਾਂ ਇਸ ਦੀ ਤਬਦੀਲੀ ਪਾਉਂਟੇ ਸਾਹਿਬ ਦੀ ਹੋ ਗਈ ਤੇ ਇਹ ਬਾਬਾ ਇਕਬਾਲ ਸਿੰਘ ਜੀ ਦੇ ਮਕਾਨ ਵਿੱਚ ਰਹਿਣ ਲੱਗ ਪਿਆ। ਇਹ ਪ੍ਰੇਮੀ ਸਹਿਜਧਾਰੀ ਸਿੱਖ ਹੈ ਅਤੇ ਇਸ ਦੇ ਸਹੁਰੇ ਕੇਸਾਧਾਰੀ ਸਿੱਖ ਹਨ ਜਿਸ ਵੇਲੇ ਸੰਤ ਜੀ ਆਉਂਦੇ ਇਹ ਤੇ ਇਸ ਦੀ ਘਰਵਾਲੀ ਬਹੁਤ ਪ੍ਰੇਮ ਨਾਲ ਸੇਵਾ ਕਰਦੇ। ਸੰਤ ਜੀ ਦੇ ਸੇਵਕ ਇਹਨਾਂ ਪਾਸ ਜਾਣ ਤਾਂ ਵੀ ਪਿਆਰ ਸਤਿਕਾਰ ਨਾਲ ਉਹਨਾਂ ਦੀ ਸੇਵਾ ਕਰਦੇ। ਇਸ ਸੇਵਾ ਦਾ ਸਹਿਜ-ਸੁਭਾਏ ਫਲ ਇਹ ਹੋਇਆ ਕਿ ਉਹਨਾਂ ਦੀ ਦੁਨੀਆਂਦਾਰੀ ਦੀ ਇੱਛਾ ਕਿ ਸਾਡੇ ਘਰ ਪੁੱਤਰ ਹੋਵੇ ਪੂਰੀ ਹੋ ਗਈ। ਪਹਿਲਾਂ ਇਹਨਾਂ ਦੇ ਤਿੰਨ ਲੜਕੀਆਂ ਸਨ। ਪੁੱਤਰ ਨੂੰ ਇਹਨਾਂ ਨੇ ਸਿੱਖ ਸਜਾ ਦਿੱਤਾ। ਉਸ ਦਾ ਨਾਂ ਅਛੁਨੀ ਕੁਮਾਰ ਸਿੰਘ ਰੱਖਿਆ। ਇੱਕ ਵੇਰੀ ਇਸ ਦੀ ਤਬਦੀਲੀ ਕਿਸੇ ਪੋਲੀਟੀਕਲ ਕਾਰਨ ਕਰਕੇ ਪਾਉਂਟੇ ਤੋਂ ਦੂਰ ਕਰ ਦਿੱਤੀ। ਇਸ ਦੌਰਾਨ ਸੰਤ ਜੀ ਇੱਥੇ ਆਏ। ਇਸ ਨੇ ਆਪਣੀ ਤਬਦੀਲੀ ਦੀ ਗੱਲ ਦੱਸੀ। ਸਾਰੀ ਗੱਲ ਸੁਣ ਕੇ ਸੰਤ ਜੀ ਨੇ ਕਿਹਾ, "ਚਿੰਤਾ ਨਾ ਕਰ, ਤੂੰ ਏਥੇ ਹੀ ਰਹੇਗਾ।" ਤਬਦੀਲੀ ਤੇ ਆਰਡਰ ਨਾ ਹੋ ਸਕੇ। ਇਸ ਤਰ੍ਹਾਂ ਇਸ 'ਤੇ ਕਈ ਵਾਰ ਕਸਟ ਆਏ, ਨਿੰਦਕ ਇਸ ਦਾ ਕੁੱਝ ਵੀ ਨਾ ਵਿਗਾੜ ਸਕੇ। ਸੰਤ ਜੀ ਮਹਾਰਾਜ ਦੀ ਸੇਵਾ ਦਾ ਸਦਕਾ ਇਹ ਸੁਖੀ ਹੀ ਰਿਹਾ। ਹੁਣ ਪ੍ਰੇਮ ਕੁਮਾਰ ਤੇ ਉਸ ਦੀ ਘਰਵਾਲੀ ਵੀ ਚੜ੍ਹਾਈ ਕਰ ਗਏ ਹਨ।

## ਇਕ ਨਿਹੰਗ ਸਿੰਘ

ਇੱਕ ਦਿਨ ਸੰਤ ਜੀ ਗੁਰਦੁਆਰੇ ਪਾਉਂਟਾ ਸਾਹਿਬ ਤੋਂ ਬਾਹਰ ਨਿਕਲੇ ਤਾਂ ਪਹਿਰੇ 'ਤੇ ਖੜ੍ਹੇ ਨਿਹੰਗ ਸਿੰਘ ਨੇ ਨਿਰਾਦਰੀ ਵਾਲੀ ਭਾਵਨਾ ਨਾਲ ਕਿਹਾ, "ਕਾਰਾਂ 'ਤੇ ਬੈਠਦੇ ਹਨ ਪੰਥ ਤੇ ਸਿੱਖੀ ਦਾ ਖ਼ਿਆਲ ਨਹੀਂ ਕਰਦੇ।" ਕੁਝ ਸਿੱਖ ਉਸ ਨੂੰ ਕੁੱਟਣਾ ਚਾਹੁੰਦੇ ਸਨ, ਪਰ ਦਿਆਲਤਾ ਦੇ ਸਰੂਪ ਸੰਤ ਜੀ ਨੇ ਉਹਨਾਂ ਨੂੰ ਵਰਜ਼ ਦਿੱਤਾ। ਅਗਲੇ ਦਿਨ ਕਿਸੇ ਝਗੜੇ ਦੇ ਕਾਰਨ ਗੁਰਦੁਆਰਿਆਂ ਵਾਲਿਆਂ ਨੇ ਉਸ ਨੂੰ ਕੱਢ ਦਿੱਤਾ। ਉਸ ਨੇ ਪਾਉਂਟਾ ਸਾਹਿਬ ਚੌਖਟੇ ਦੇ ਲਾਗੇ ਆ ਕੇ ਕਿਸੇ ਹੋਰ ਨਾਲ ਲੜਾਈ ਕਰ ਲਈ, ਉਹਨਾਂ ਸ਼ਰਾਬ ਪੀ ਕੇ ਨਿਹੰਗ ਸਿੰਘ ਨੂੰ ਬਹੁਤ ਕੁੱਟਿਆ ਤੇ ਵਿਚਾਰੇ ਨੂੰ ਹਸਪਤਾਲ ਦਾਖ਼ਲ ਹੋਣਾ ਪਿਆ।

## ਭਾਈ ਰਾਧਾ ਲਾਲ ਜੀ

ਸੰਤ ਜੀ ਨੇ ਇੱਕ ਵਾਰੀ ਅਖੰਡ ਪਾਠ ਦਾ ਭੋਗ ਘਰ ਪੁਆਇਆ। ਭੋਗ ਵਾਲੇ ਦਿਨ ਲੰਗਰ ਕੀਤਾ। ਸਭ ਨੂੰ ਪਾਠ ਦੇ ਭੋਗ ਅਤੇ ਲੰਗਰ ਵਿੱਚ ਸ਼ਾਮਲ ਹੋਣ ਲਈ ਸੱਦਾ ਦਿੱਤਾ। ਪਾਉਂਟੇ ਦਾ ਬਾਣੀਆ ਰਾਧਾ ਲਾਲ ਨੇ ਆਉਣਾ ਸਵੀਕਾਰ ਕਰ ਲਿਆ। ਭੋਗ ਵੇਲੇ ਤਾਂ ਹਾਜ਼ਰੀ ਭਰੀ ਪਰ ਲੰਗਰ ਵਿੱਚ ਸ਼ਾਮਲ ਨਾ ਹੋਏ। ਸੰਤ ਜੀ ਨੇ ਉਹਨਾਂ ਨੂੰ ਬੁਲਾ ਭੇਜਿਆ ਅਤੇ ਲੰਗਰ ਛਕਣ ਲਈ ਕਿਹਾ। ਉਹਨਾਂ ਨੇ ਉੱਤਰ ਦਿੱਤਾ ਕਿ ਅਸੀਂ ਕੇਵਲ ਪੰਡਤ ਦੇ ਹੱਥ ਦਾ ਪੱਕਿਆ ਹੀ ਛਕ ਸਕਦੇ ਹਾਂ। ਸਮਝਾਉਣ 'ਤੇ ਕਿ ਲੰਗਰ ਸਦਾ ਪਵਿੱਤਰ ਹੁੰਦਾ ਹੈ, ਛਕ ਲੈਣਾ ਚਾਹੀਦਾ ਹੈ। ਉਹਨਾਂ ਨੇ ਲੰਗਰ ਛਕਣ ਤੋਂ ਨਾਂਹ ਹੀ ਰੱਖੀ। ਸੰਤ ਜੀ ਨੇ ਫਿਰ ਸਮਝਾਇਆ, "ਭਾਈ! ਛਕ ਲਵੋਂ ਜਾਤ-ਪਾਤ ਦਾ ਫ਼ਰਕ ਨਾ ਕਰੋ। ਕੀ ਪਤਾ ਹੈ ਉਸ ਪਰਮਾਤਮਾ ਦੇ ਘਰ ਦਾ ਰਵਿਦਾਸੀਆ ਤੇ ਹੋਰ ਨੀਵੀਆਂ ਜਾਤਾਂ ਵਾਲਿਆਂ ਦੇ ਹੱਥਾਂ ਦਾ ਵੀ ਖਾਣਾ ਪੈ ਜਾਂਦਾ ਹੈ। ਇਨਸਾਨ ਨੂੰ ਜਾਤ ਕਰਕੇ ਉੱਚਾ ਨੀਵਾਂ ਨਹੀਂ ਸਮਝਣਾ ਚਾਹੀਦਾ।" ਕੁਦਰਤ ਦੀ ਰਜ਼ਾ, ਬਾਣੀਆ ਰਾਧਾ ਲਾਲ ਬਿਮਾਰ ਹੋ ਗਿਆ। ਆਪਣੇ ਜੁਵਾਈ ਪਾਸ ਰਹਿਣ ਲੱਗਾ। ਜਿਸ ਦਾ ਨੌਕਰ ਰਵਿਦਾਸ (ਚਮਿਆਰ) ਜਾਤ ਦਾ ਸੀ। ਉਸ ਦੇ ਹੱਥ ਦਾ ਭੋਜਨ ਖਾਣਾ ਪਿਆ। ਭਾਈ ਕੇਸਰ ਸਿੰਘ ਨੂੰ ਮਿਲਿਆ ਤਾਂ ਪਛਤਾ ਕੇ ਕਹਿਣ ਲੱਗਾ ਕਿ ਸੰਤ ਜੀ ਦੇ ਬਚਨ ਪੂਰੇ ਹੋ ਗਏ। ਮੇਰੀ ਇਹ ਹਾਲਤ ਗੁਰੂ ਕੇ ਲੰਗਰ ਛਕਣ ਤੋਂ ਨਾਂਹ ਕਰਨ ਕਾਰਨ ਹੋਈ ਹੈ।

## ਬ੍ਰਹਮ ਦ੍ਰਿਸ਼ਟੀ

ਭਾਈ ਚੇਤ ਸਿੰਘ ਟਰਾਂਸਪੋਰਟਰ ਬਹੁਤ ਸਮੇਂ ਤੋਂ ਨਾਹਨ ਦੇ ਵਸਨੀਕ ਰਹੇ ਹਨ। ਇਹ ਨਾਹਨ ਅਤੇ ਪਾਉਂਟਾ ਸਾਹਿਬ ਦੇ ਇਲਾਕੇ ਵਿੱਚ ਸਿੱਖ ਸੰਗਤ ਵਿੱਚ ਬਹੁਤ ਉੱਘੇ ਮੰਨੇ ਜਾਂਦੇ ਸਨ। ੧੯੬੪ ਈਸਵੀ ਵਿੱਚ ਗੁਰਦੁਆਰਾ ਪਾਉਂਟਾ ਸਾਹਿਬ ਵਿੱਚ, ਹਿਮਾਚਲ ਸਰਕਾਰ ਦੀ ਪੁਲੀਸ ਨੇ ਉੱਥੋਂ ਦੇ ਮਹੰਤਾਂ ਦੇ ਰਿਪੋਟ ਕਰਨ 'ਤੇ ਨਿਹੰਗ ਸਿੰਘਾਂ ਉੱਤੇ ਜੋ ਉਸ ਗੁਰਦੁਆਰੇ 'ਤੇ ਕਾਬਜ਼ ਸਨ, ਗੋਲੀ ਚਲਾਈ। ਇਸ ਕਾਰਨ ਗਿਆਰਾਂ ਨਿਹੰਗ ਸਿੰਘ ਸ਼ਹੀਦ ਕਰ ਦਿੱਤੇ ਅਤੇ ਬਾਕੀਆਂ ਨੂੰ ਕੈਦ ਕਰ ਦਿੱਤਾ। ਇਸ ਘਟਨਾ ਦੇ ਵਿਰੁੱਧ ਸਾਰੇ ਸਿੱਖ ਪੰਥ ਵਿੱਚ ਰੋਸ ਦੀ ਲਹਿਰ ਚੱਲ ਪਈ। ਭਾਈ ਚੇਤ ਸਿੰਘ ਨੇ ਇਸ ਵਿੱਚ ਬਹੁਤ ਭਾਰੀ ਹਿੱਸਾ ਲਿਆ। ਉਹਨਾਂ ਨੇ ਪੰਥ ਦੇ ਸਾਰੇ ਉੱਘੇ ਆਗੂਆਂ ਨੂੰ ਬੁਲਾਇਆ ਅਤੇ ਆਪਣੇ ਘਰ ਨਿਵਾਸ ਕਰਵਾਉਂਦੇ ਰਹੇ। ਸਾਰੇ ਪੰਥ ਦੇ ਆਗੂਆਂ ਨੇ ਜਿਨ੍ਹਾਂ ਵਿੱਚ ਮਾਸਟਰ ਤਾਰਾ ਸਿੰਘ ਵੀ ਸ਼ਾਮਲ ਸਨ, ਸਰਕਾਰ ਨਾਲ ਟੱਕਰ ਲਈ, ਰੋਸ ਪ੍ਰਗਟ ਕਰਕੇ ਨਿਹੰਗ ਸਿੰਘਾਂ ਨੂੰ ਕੈਦ ਤੋਂ ਛੁਡਾਇਆ ਅਤੇ ਗੁਰਦੁਆਰਾ ਪਾਉਂਟਾ ਸਾਹਿਬ ਮਹੰਤਾਂ ਦੇ ਕਬਜ਼ੇ ਤੋਂ ਛੁਡਾ ਕੇ, ਇੱਕ ਅਸਥਾਨਕ ਕਮੇਟੀ ਨੂੰ ਉਸ ਦਾ ਬੰਦੋਬਸਤ ਅਤੇ ਸੰਭਾਲ ਕਰਨ ਲਈ

ਦੁਆਇਆ। ਇਸ ਸਮੇਂ ਦੌਰਾਨ, ਸੰਤ ਤੇਜਾ ਸਿੰਘ ਜੀ ਮਹਾਰਾਜ ਪਾਉਂਟਾ ਸਾਹਿਬ ਸੰਤ ਕਲੋਨੀ ਬਾਬਾ ਇਕਬਾਲ ਸਿੰਘ ਜੀ ਅਤੇ ਭਾਈ ਖੇਮ ਸਿੰਘ ਦੇ ਮਕਾਨ ਵਿੱਚ ਨਿਵਾਸ ਕਰਦੇ ਸਨ। ਸਰੀਰਕ ਬਿਮਾਰੀ ਕਰਕੇ ਘਰ ਵਿੱਚ ਹੀ ਵਿਸ਼ਰਾਮ ਕਰਦੇ ਸਨ। ਇਸ ਦੌਰਾਨ ਇੱਕ ਦਿਨ ਮਾਸਟਰ ਤਾਰਾ ਸਿੰਘ ਅਤੇ ਹੋਰ ਮਸ਼ਹੂਰ ਪੰਥਕ ਆਗੂ ਪਾਉਂਟਾ ਸਾਹਿਬ ਆਏ ਹੋਏ ਸਨ। ਸ਼ਾਮ ਨੂੰ ਸਹਿਜ-ਸੁਭਾਏ ਗੁਰਮਤਿ ਦੀ ਵਿਚਾਰ ਕਰਦਿਆਂ ਭਾਈ ਚੇਤ ਸਿੰਘ ਨੇ ਮਾਸਟਰ ਤਾਰਾ ਸਿੰਘ ਜੀ ਨੂੰ ਪੁੱਛਿਆ ਕਿ ਕੀ ਇਸ ਵਕਤ ਖ਼ਾਲਸਾ ਪੰਥ ਵਿੱਚ ਕੋਈ ਬ੍ਰਹਮ ਗਿਆਨੀ ਹੈ? ਜਿਸ ਦੀ ਮਹਿਮਾ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਸੁਖਮਨੀ ਸਾਹਿਬ ਦੀ ਅੱਠਵੀਂ ਅਸ਼ਟਪਦੀ ਵਿੱਚ ਵਰਨਣ ਕੀਤੀ ਹੈ। ਮਾਸਟਰ ਤਾਰਾ ਸਿੰਘ ਜੀ ਨੇ ਤੁਰੰਤ ਕਿਹਾ ਕਿ ਹਾਂ, ਐਸਾ ਬ੍ਰਹਮ ਗਿਆਨੀ ਇਸ ਸਮੇਂ ਪੰਥ ਵਿੱਚ ਵਿਚਰ ਰਿਹਾ ਹੈ, ਜਿਨ੍ਹਾਂ ਦੇ ਤਪ ਤੇਜ ਨਾਲ ਇਹ ਗੁਰਦੁਆਰੇ ਪਾਉਂਟਾ ਸਾਹਿਬ ਦਾ ਮੋਰਚਾ ਫ਼ਤਹਿ ਹੋਇਆ ਹੈ। ਭਾਈ ਚੇਤ ਸਿੰਘ ਨੇ ਬੇਨਤੀ ਕੀਤੀ ਕਿ ਮਾਸਟਰ ਜੀ ਉਹਨਾਂ ਦੇ ਦਰਸ਼ਨ ਕਰਵਾ ਕੇ ਕ੍ਰਿਤਾਰਥ ਕਰੋ। ਮਾਸਟਰ ਜੀ ਨੇ ਕਿਹਾ ਕਿ ਕੱਲ੍ਹ ਸਵੇਰੇ ਤੁਹਾਨੂੰ ਉਹਨਾਂ ਦੇ ਦਰਸ਼ਨ ਕਰਵਾ ਦਿਆਂਗੇ। ਭਾਈ ਚੇਤ ਸਿੰਘ ਨੂੰ ਬਹੁਤ ਅਸਚਰਜਤਾ ਹੋਈ ਕਿ ਪਾਉਂਟਾ ਸਾਹਿਬ ਵਿਖੇ ਕਿਹੜਾ ਐਸਾ ਬ੍ਰਹਮ ਗਿਆਨੀ ਨਿਵਾਸ ਕਰ ਰਿਹਾ ਹੈ ਜਿਸ ਦੀ ਇਲਾਹੀ ਤਾਕਤ ਅਤੇ ਸ਼ਕਤੀ ਨਾਲ ਗੁਰਦੁਆਰਾ ਪਾਉਂਟਾ ਸਾਹਿਬ ਦਾ ਇਹ ਬਹੁਤ ਵੱਡਾ ਮੋਰਚਾ ਫ਼ਤਹਿ ਹੋਇਆ ਹੈ ਅਤੇ ਗੁਰਦੁਆਰਾ ਮਹੰਤਾਂ ਦੇ ਕਬਜ਼ੇ ਵਿੱਚੋਂ ਨਿਕਲ ਕੇ ਖ਼ਾਲਸਾ ਪੰਥ ਦੇ ਕਬਜ਼ੇ ਵਿੱਚ ਆ ਗਿਆ ਹੈ। ਬਾਵਜੂਦ ਇਸ ਦੇ ਕਿ ਸਾਰੀ ਹਿਮਾਚਲ ਸਰਕਾਰ ਮਹੰਤਾਂ ਦੀ ਪਿੱਠ 'ਤੇ ਹੋਵੇ ਅਤੇ ਪੂਰੇ ਜ਼ੋਰ ਨਾਲ ਇਹ ਚਾਹੁੰਦੀ ਹੋਵੇ ਕਿ ਗੁਰਦੁਆਰਾ ਮਹੰਤਾਂ ਦੇ ਕਬਜ਼ੇ ਵਿੱਚ ਹੀ ਰਹੇ।

ਅਗਲੀ ਸਵੇਰ, ਭਾਈ ਚੇਤ ਸਿੰਘ ਤਾਂ ਇਸ ਗੱਲ ਨੂੰ ਭੁੱਲ ਗਏ ਪਰ ਮਾਸਟਰ ਤਾਰਾ ਸਿੰਘ ਜੀ ਨੇ ਉਹਨਾਂ ਨੂੰ ਉਚੇਚੇ ਤੌਰ 'ਤੇ ਆਪਣੇ ਪਾਸ ਬੁਲਾਇਆ ਅਤੇ ਕਿਹਾ ਕਿ ਆਓ ਤੁਹਾਨੂੰ ਸਿੱਖ ਜਗਤ ਦੇ ਇਸ ਸਮੇਂ ਦੇ ਬ੍ਰਹਮ ਗਿਆਨੀ ਦੇ ਦਰਸ਼ਨ ਕਰਨ ਲਈ ਲੈ ਚੱਲੀਏ। ਭਾਈ ਚੇਤ ਸਿੰਘ ਬੜੀ ਹੈਰਾਨੀ ਵਿੱਚ ਹੁੰਦਿਆਂ ਹੋਇਆ ਮਾਸਟਰ ਤਾਰਾ ਸਿੰਘ ਜੀ ਦੇ ਨਾਲ ਦਰਸ਼ਨਾਂ ਨੂੰ ਚੱਲ ਪਏ। ਮਾਸਟਰ ਤਾਰਾ ਸਿੰਘ ਹੋਰ ਆਗੂਆਂ ਸਮੇਤ ਸੰਤ ਕਲੋਨੀ ਪਹੁੰਚੇ ਤਾਂ ਉਹਨਾਂ ਨੇ ਇਕ ਮਹਾਂਪੁਰਸ਼ ਦੇ ਜੋ ਸਾਰੇ ਸਰੀਰ 'ਤੇ ਚਾਦਰ ਲੈ ਕੇ ਮੰਜੇ 'ਤੇ ਲੰਮੇ ਪਏ ਹੋਏ ਸਨ, ਉਹਨਾਂ ਦੇ ਚਰਨਾਂ ਤੋਂ ਚਾਦਰ ਉਠਾ ਕੇ ਆਪਣੇ ਮਸਤਕ ਨਾਲ ਚਰਨਾਂ ਨੂੰ ਛੂਹ ਕੇ ਨਮਸਕਾਰ ਕੀਤੀ ਤਾਂ ਤੁਰੰਤ ਮਹਾਂਪੁਰਸ਼ਾਂ ਨੇ ਆਪਣੇ ਚਿਹਰੇ ਤੋਂ ਚਾਦਰ ਉਠਾਈ ਅਤੇ ਬਹੁਤ ਹਲੀਮੀ ਤੇ ਗ਼ਰੀਬੀ ਵਾਲੀ ਬ੍ਰਹਮ-ਦ੍ਰਿਸ਼ਟੀ ਨਾਲ ਸਾਰਿਆਂ ਨੂੰ ਫ਼ਤਹਿ ਬੁਲਾਈ। ਭਾਈ ਚੇਤ ਸਿੰਘ ਬਹੁਤ ਹੈਰਾਨ ਹੋ ਗਿਆ ਕਿ ਇਹ ਤਾਂ ਸੰਤ ਤੇਜਾ ਸਿੰਘ ਜੀ ਮਹਾਰਾਜ ਹਨ ਜੋ ਇਸ ਵਕਤ ਦੇ ਪੂਰਨ ਬ੍ਰਹਮ ਗਿਆਨੀ ਹਨ। ਉਸ ਨੇ ਆਪਣੇ ਮਨ ਨੂੰ ਬੜੀਆਂ ਲਾਹਨਤਾਂ ਫਿਟਕਾਰਾਂ ਪਾਈਆਂ ਕਿ ਤੇਰੇ ਘਰ ਦੇ ਅੱਗੋਂ ਦੀ ਇਹ ਬ੍ਰਹਮ ਗਿਆਨੀ ਹਮੇਸ਼ਾ ਲੰਘਦੇ ਪਰ ਤੂੰ ਇਹਨਾਂ ਨੂੰ ਆਮ ਮਾਮੂਲੀ ਸਧਾਰਨ ਸਮਝ ਕੇ ਕਦੇ ਵੀ ਸਤਿਕਾਰ ਨਾਲ ਨਮਸਕਾਰ ਨਾ ਕੀਤੀ ਅਤੇ ਬੁੱਧੂ ਦਾ ਬੁੱਧੂ ਹੀ ਰਿਹਾ ਕਿ ਜਿਨ੍ਹਾਂ ਨੇ ਸ੍ਰਿਸ਼ਟੀ ਦਾ ਐਨਾ ਭਾਰ ਚੁੱਕਿਆ ਹੋਇਆ ਹੈ, ਉਹਨਾਂ ਨੂੰ ਕਦੇ ਨਾ ਪਹਿਚਾਨ ਸਕਿਆ।

ਇਹ ਸਾਖੀ ਬੜੇ ਵੈਰਾਗ ਵਿੱਚ ਆ ਕੇ ਭਾਈ ਚੇਤ ਸਿੰਘ ਜੀ ਨੇ ੧੯੯੧ ਈਸਵੀ ਵਿੱਚ ਬਾਬਾ ਇਕਬਾਲ ਸਿੰਘ ਜੀ ਨੂੰ ਬੜੂ ਸਾਹਿਬ ਆ ਕੇ ਸੁਣਾਈ ਅਤੇ ਕਿਹਾ ਕਿ ਸੰਤ ਤੇਜਾ ਸਿੰਘ ਜੀ ਮਹਾਰਾਜ ਵਿੱਚ ਐਨੀ ਗ਼ਰੀਬੀ ਸੀ ਕਿ ਦੁਨੀਆਂ ਉਨ੍ਹਾਂ ਨੂੰ ਪਹਿਚਾਨ ਨਾ ਸਕੀ ਕਿ ਉਹ ਉਸ ਵਕਤ ਦੇ ਪੂਰਨ ਬ੍ਰਹਮ ਗਿਆਨੀ ਸਨ। ਭਾਈ ਚੇਤ ਸਿੰਘ ਜੀ ਹੁਣ ਚੜ੍ਹਾਈ ਕਰ ਗਏ ਹਨ।

# ਕਾਂਡ ੩੨

ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ ॥
ਗੁਰਸਿਖੰੀ ਸੋ ਥਾਨੁ ਭਾਲਿਆ ਲੈ ਧੂਰਿ ਮੁਖਿ ਲਾਵਾ ॥
ਗੁਰਸਿਖਾ ਕੀ ਘਾਲ ਥਾਇ ਪਈ ਜਿਨ ਹਰਿ ਨਾਮੁ ਧਿਆਵਾ ॥
ਜਿਨ੍ ਨਾਨਕੁ ਸਤਿਗੁਰੁ ਪੂਜਿਆ ਤਿਨ ਹਰਿ ਪੂਜ ਕਰਾਵਾ ॥੨॥ (੪੫●)

## ਖਾਲਸੇ ਦਾ ਗੁਪਤ ਤਪੋ ਅਸਥਾਨ ਬੜੂ ਸਾਹਿਬ ਪ੍ਰਗਟ ਕਰਨਾ

ਸੰਤ ਅਤਰ ਸਿੰਘ ਜੀ ਮਹਾਰਾਜ ਨੇ ਆਪਣੇ ਅਨਿੰਨ ਸੇਵਕ ਸੰਤ ਤੇਜਾ ਸਿੰਘ ਜੀ ਨੂੰ ਫੁਰਮਾਇਆ ਕਿ ਹਿਮਾਲਿਆ ਪਰਬਤ ਦੀ ਨਾਹਨ ਰਿਆਸਤ ਵਿੱਚ ਖਾਲਸੇ ਦਾ ਇਕ ਗੁਪਤ ਤਪੋ ਅਸਥਾਨ ਹੈ। ਜਿਸ ਨੂੰ ਕਲਗੀਆ ਵਾਲੇ ਦੀ ਛੋਹ ਪ੍ਰਾਪਤ ਹੈ, ਉਸ ਨੂੰ ਪ੍ਰਗਟ ਕਰੋ ਅਤੇ ਉੱਥੇ ਬ੍ਰਹਮ ਵਿੱਦਿਆ ਦਾ ਕੇਂਦਰ ਬਣਾਓ, ਜਿਥੋਂ ਬੱਚੇ-ਬੱਚੀਆਂ ਨਾਮ-ਬਾਣੀ ਸਿਮਰਨ ਕਰਕੇ, ਆਪਣਾ ਜੀਵਨ ਗੁਰਮਤਿ ਵਿੱਚ ਢਾਲ ਕੇ, ਸਾਰੇ ਸੰਸਾਰ ਵਿੱਚ ਗੁਰੂ ਨਾਨਕ ਦੇ ਸੱਚ ਦੇ ਮਾਰਗ ਦਾ ਪ੍ਰਸਾਰ ਕਰਨ। ਇਸ ਤਰ੍ਹਾਂ ਇਸ ਜਗ੍ਹਾ 'ਤੇ ਪੁਰਾਣੇ ਰਿਸ਼ੀਆਂ ਦਾ ਵਾਤਾਵਰਣ ਪੈਦਾ ਕੀਤਾ ਜਾਵੇ। ਜਿਥੇ ਉਹ ਅਧਿਆਤਮਿਕ ਵਿੱਦਿਆ ਦੇ ਵਿਦਿਆਲੇ ਚਲਾਉਂਦੇ ਸਨ ਅਤੇ ਜਿਸ ਵਿੱਚ ਰਾਜਿਆਂ-ਮਹਾਂਰਾਜਿਆਂ ਦੇ ਅਤੇ ਗਰੀਬਾਂ ਦੇ ਬੱਚੇ ਇਕੱਠੇ ਰਹਿਣ-ਸਹਿਣ, ਖਾਣ-ਪੀਣ ਦੇ ਬਗੈਰ ਵਿਤਕਰੇ ਦੇ ਇਕੋ ਜੇਹੀ ਵਿਦਿਆ ਪ੍ਰਾਪਤ ਕਰਦੇ ਸਨ। ਜਿਸ ਨਾਲ ਉਹਨਾਂ ਵਿੱਚ ਮਾਨਵਤਾ ਦੀ ਸੇਵਾ ਦੇ ਸਾਰੇ ਸ਼ੁਭ ਗੁਣ ਭਰੇ ਜਾਂਦੇ ਸੀ। ਪੁਰਾਤਨ ਸਮਿਆਂ ਵਿੱਚ ਗੁਰਸਿੱਖਾਂ ਨੇ ਵੀ ਪਿੰਡਾਂ ਦੇ ਗੁਰਦੁਅਰਿਆਂ ਵਿੱਚ ਐਸੇ ਵਿਦਿਆਲੇ ਚਲਾਏ ਹੋਏ ਸੀ। ਇਸ ਆਸ਼ੇ ਨੂੰ ਮੁੱਖ ਰਖਦਿਆਂ ਹੋਇਆਂ ਸੰਤ ਤੇਜਾ ਸਿੰਘ ਜੀ ਮਹਾਰਾਜ ਨੇ ਭਾਈ ਸਾਹਿਬ ਡਾਕਟਰ ਵੀਰ ਸਿੰਘ ਜੀ ਨਾਲ ਦੇਹਰਾਦੂਨ ਵਿਖੇ ਵਿਚਾਰ ਕੀਤੀ ਤਾਂ ਭਾਈ ਸਾਹਿਬ ਨੇ ਕਿਹਾ ਕਿ ਸੰਤ ਜੀ, ਜਿੰਨੀ ਜਲਦੀ ਹੋ ਸਕੇ ਇਹ ਅਸਥਾਨ ਪ੍ਰਗਟ ਕਰਕੇ, ਸੰਤ ਅਤਰ ਸਿੰਘ ਜੀ ਮਹਾਰਾਜ ਦਾ ਆਸ਼ਾ ਪੂਰਾ ਕਰੋ, ਜਿਸ ਦੀ ਹੁਣ ਬਹੁਤ ਲੋੜ ਹੈ। ਇਸ ਤੋਂ ਬਾਅਦ ਇਹ ਨਿਰਣਾ ਕਰ ਲਿਆ ਕਿ ਹਿਮਾਲਿਆ ਪਰਬਤ ਵਿੱਚ ਸੰਤ ਅਤਰ ਸਿੰਘ ਜੀ ਮਹਾਰਾਜ ਦੇ ਆਸ਼ੇ ਅਨੁਸਾਰ ਇਹ ਅਸਥਾਨ ਪ੍ਰਗਟ ਕੀਤਾ ਜਾਵੇ ਤੇ ਇਸ ਨੂੰ ਪੁਰਾਤਨ ਟੈਕਸਲਾ ਅਤੇ ਨਾਲੰਦਾ ਯੂਨੀਵਰਸਿਟੀਆਂ ਨਾਲੋਂ ਵੀ ਉੱਚੇ ਅਸੂਲਾਂ ਵਾਲਾ ਗੁਰੂ ਨਾਨਕ ਦੇ ਸੱਚ ਦੇ ਸਿਧਾਂਤਾਂ ਅਥਵਾ ਗੁਰਮਤਿ ਮਾਰਗ ਦੀ ਵਿੱਦਿਆ ਪ੍ਰਸਾਰਨ ਵਾਲਾ ਕੇਂਦਰ ਬਣਾਇਆ ਜਾਵੇ। ਇੱਥੋਂ ਜਗਿਆਸੂ ਵਿੱਦਿਆ ਅਤੇ ਆਤਮਿਕ ਗਿਆਨ ਹਾਸਲ ਕਰਕੇ ਸਾਰੇ ਸੰਸਾਰ ਵਿੱਚ, ਗੁਰਮਤਿ ਦਾ ਪ੍ਰਚਾਰ ਕਰਨ। ਸੰਤ ਜੀ ਮਹਾਰਾਜ ਨੇ ਬ੍ਰਹਮ ਵਿੱਦਿਆ ਦਾ ਕੇਂਦਰ ਬਣਾਉਣ ਲਈ, ੧੯੫੪ ਈਸਵੀ ਤੋਂ ਇਸ ਅਸਥਾਨ ਦੀ ਭਾਲ ਸ਼ੁਰੂ ਕਰ ਦਿੱਤੀ। ਸੰਤ ਜੀ ਮਹਾਰਾਜ ਦੇ ਸੇਵਕਾਂ ਨੇ ਸੋਲਨ ਨੇੜੇ ਪੱਕੀ ਸੜਕ 'ਤੇ ਕਈ ਚੰਗੀਆਂ ਥਾਵਾਂ ਦੱਸੀਆਂ ਪਰ ਸੰਤ ਜੀ ਫੁਰਮਾਉਂਦੇ ਸਨ ਕਿ ਭਾਈ! ਇੱਥੇ ਕਲਜੁਗ ਹੈ ਅਤੇ ਉਹ ਜਗ੍ਹਾ ਹੋਰ ਅੰਦਰ ਪਹਾੜਾਂ ਵਿੱਚ ਹੈ, ਉਸ ਨੂੰ ਲੱਭੋ।

## ਇੱਕ ਸਾਧ ਬਚਨ ਅਟਲਾਧਾ (ਜ਼ਬਾਨੀ ਦਾਸ ਇਕਬਾਲ ਸਿੰਘ)

੧. ਉਸ ਵਕਤ ਦਾਸ ਹਾਂਸੀ ਲੱਗਿਆ ਹੋਇਆ ਸੀ। ਦਿੱਲੀ ਇੱਕ ਵੱਡੀ ਨੌਕਰੀ ਲਈ ਇੰਟਰਵੀਊ ਦੇ ਕੇ ਸੰਤ ਜੀ ਪਾਸ ਜੋ ਉੱਥੇ ਭਾਈ ਗੁਰਬਖਸ਼ ਸਿੰਘ ਦੀ ਕੋਠੀ ਠਹਿਰੇ ਸਨ, ਮਿਲਣ ਗਿਆ। ਦਾਸ ਨੂੰ ਨੌਕਰੀ 'ਤੇ ਰੱਖ ਲਿਆ ਗਿਆ ਸੀ। ਸੰਤ ਜੀ ਨੂੰ ਦੱਸਿਆ ਤਾਂ ਕਹਿਣ ਲੱਗੇ, "ਭਾਈ! ਹਾਂਸੀ ਹੀ ਠੀਕ ਹੈ।" ਉਹ ਚੋਣ ਹੋਈ ਵਿੱਚੇ ਹੀ ਰਹਿ ਗਈ। ਮੈਨੂੰ ਆਰਡਰ ਨਹੀਂ ਆਏ।

ਹਾਂਸੀ ਰਹਿਣ ਨਾਲ ਗੁਰਬਾਣੀ ਦਾ ਬਹੁਤ ਰੰਗ ਬੱਝਿਆ। ਸਵੇਰੇ ਗੁਰਦੁਆਰੇ ਹਰ ਰੋਜ ਕੀਰਤਨ ਅਰੰਭ ਹੋ ਗਿਆ। ਬਹੁਤ ਸੱਜਣਾਂ ਨੇ ਸੰਤ ਜੀ ਦੇ ਉੱਥੇ ਆਉਣ ਤੇ ਉਹਨਾਂ ਦੇ ਪ੍ਰਚਾਰ ਦਾ ਲਾਭ ਉਠਾਇਆ। ਭਾਈ ਮਹਿੰਦਰ ਸਿੰਘ, ਭਾਈ ਹਰਿਦਿਆਲ ਸਿੰਘ, ਸਰਦਾਰ ਅਵਤਾਰ ਸਿੰਘ, ਸਰਦਾਰ ਉਮਰਾਓ ਸਿੰਘ ਉਹਨਾਂ ਦੇ ਬਹੁਤ ਨਿਕਟਵਰਤੀ ਸੱਜਣ ਬਣ ਗਏ। ਦਿੱਲੀ ਜਾਣ ਨਾਲ ਇਹ ਸਤਿਸੰਗ ਦੇ ਰੰਗ ਤੋਂ ਵਾਂਝੇ ਰਹਿਣਾ ਸੀ। ਇਹ ਸੰਗਤ ਦਾ ਜੋ ਅਨੰਦ ਤੇ ਲਾਭ ਦਾਸ ਨੂੰ ਪ੍ਰਾਪਤ ਹੋਇਆ ਤੇ ਹੋਰ ਸਤਸੰਗੀਆਂ ਨੇ ਰਸ ਮਾਣਿਆ, ਉਹ ਦੁਨੀਆਂ ਦੇ ਕਿਸੇ ਵੀ ਪਦਾਰਥ ਨੇ ਪੂਰਾ ਨਹੀਂ ਕਰ ਸਕਣਾ ਸੀ। ਅਸੀਂ ਸਭ ਮਿੱਤਰ ਗੁਰਬਾਣੀ ਦੇ ਰੰਗ ਵਿੱਚ ਇਤਨਾ ਮਗਨ ਰਹਿੰਦੇ ਕਿ ਤਿੰਨ ਸਾਲ ਝੱਟ ਹੀ ਲੰਘ ਗਏ।

੨. ਫਿਰ ਦਾਸ ਨੇ ਧੋਲਾ ਕੂਆ (ਪਾਉਂਟਾ ਸਾਹਿਬ) ਹਿਮਾਚਲ ਪ੍ਰਦੇਸ਼ ਦੀ ਨੌਕਰੀ ਤੋਂ ਦਿੱਲੀ ਇੱਕ ਹੋਰ ਵੱਡੀ ਨੌਕਰੀ ਵਾਸਤੇ ਇੰਟਰਵੀਊ ਦਿੱਤਾ। ਦਾਸ ਨੂੰ ਪੂਸਾ ਰੋਡ 'ਤੇ ਸੰਤ ਜੀ ਕੁਦਰਤੀ ਮਿਲ ਪਏ। ਜਦ ਮੈਂ ਦੱਸਿਆ ਕਿ ਮੈਨੂੰ ਦਿੱਲੀ ਵੱਡੀ ਨੌਕਰੀ ਮਿਲਣ ਦੀ ਆਸ ਹੈ, ਉਹਨਾਂ ਕਿਹਾ ਕਿ ਭਾਈ ਦਿੱਲੀ ਤਾਂ ਕਲਜੁਗ ਵਰਤਦਾ ਹੈ। ਪਾਉਂਟੇ ਸਤਿਜੁਗ ਹੈ। ਅਕਾਲ ਪੁਰਖ ਤੁਹਾਨੂੰ ਉੱਥੇ ਹੀ ਤਰੱਕੀ ਦੇਵੇਗਾ। ਸੋ ਦਾਸ ਨੇ ਕਿਤੇ ਵੀ ਜਾਣ ਦੀ ਇੱਛਾ ਤਿਆਗ ਦਿੱਤੀ। ਅਕਾਲ ਪੁਰਖ ਦੀ ਕਿਰਪਾ ਨਾਲ ਹਿਮਾਚਲ ਵਿੱਚ ਹੀ ਤੱਰਕੀ ਹੁੰਦੀ ਗਈ ਤੇ ਹੁਣ ਡਾਇਰੈਕਟਰ ਦੀ ਪਦਵੀ ਮਿਲ ਗਈ ਹੈ। (ਦਾਸ ੧੯੮੭ ਈਸਵੀ ਵਿੱਚ ਰਿਟਾਇਰ ਹੋ ਕੇ ਪੂਰੀ ਤਰ੍ਹਾਂ ਗੁਰਦੁਆਰਾ ਬੜੂ ਸਾਹਿਬ ਦੀ ਸੇਵਾ 'ਚ ਲੱਗ ਗਿਆ।) ਸੱਚੇ ਸਾਧੂ ਦਾ ਕਿਹਾ ਬਚਨ ਪੂਰਾ ਹੀ ਹੁੰਦਾ ਹੈ ਅਤੇ ਉਸ ਨੂੰ ਮੰਨਣ ਵਿੱਚ ਹੀ ਆਪਣਾ ਭਲਾ ਹੁੰਦਾ ਹੈ।

**ਜੇ ਕੋ ਬਚਨੁ ਕਮਾਵੈ ਸੰਤਨ ਕਾ ਸੋ ਗੁਰ ਪਰਸਾਦੀ ਤਰੀਐ ॥** (੭੪੭)

੩. ੧੯੫੫ ਈਸਵੀ ਵਿੱਚ ਇੱਕ ਦਫਾ ਸੰਤ ਜੀ ਨੇ ਦਾਸ ਨੂੰ ਅਤੇ ਭਾਈ ਖੇਮ ਸਿੰਘ ਜੀ ਨੂੰ ਜੋ ਪੰਜਾਬ ਦੇ ਖੇਤੀ-ਬਾੜੀ ਮਹਿਕਮੇ ਵਿੱਚ ਅਫ਼ਸਰ ਲੱਗੇ ਹੋਏ ਸੀ, ਇਸ ਅਸਥਾਨ ਦੀ ਭਾਲ ਕਰਨ ਵਾਸਤੇ ਰਾਜਗੜ੍ਹ (ਸਿਰਮੌਰ ਜ਼ਿਲ੍ਹਾ) ਭੇਜਿਆ। ਅਸੀਂ ਦੋਨੋਂ ਸੋਲਨ ਤੋਂ ਪੈਦਲ ਰਾਜਗੜ੍ਹ ਦੋ ਦਿਨ 'ਚ ਪਹੁੰਚੇ ਅਤੇ ਗਿਆਨੀ ਗੁਰਚਰਨ ਸਿੰਘ ਜੋ ਉੱਥੇ ਅਧਿਆਪਕ ਸਨ, ਉਹਨਾਂ ਦੇ ਜ਼ਰੀਏ ਪਹਾੜੀ ਲੋਕਾਂ ਨੂੰ ਇਸ ਜਗ੍ਹਾ ਵਾਸਤੇ ਪੁੱਛ-ਗਿੱਛ ਕੀਤੀ। ਉਹਨਾਂ ਨੇ ਕਿਹਾ ਕਿ, "ਐਸੀ ਜਗ੍ਹਾ ਤਾਂ ਉਹਨਾਂ ਦੀ ਨਜ਼ਰ ਵਿੱਚ ਕੋਈ ਨਹੀਂ ਹੈ। ਅਗਰ ਜੇਕਰ ਕੋਈ ਜਗ੍ਹਾ ਹੋਈ ਤਾਂ ਪਹਾੜੀ ਲੋਕਾਂ ਨੇ ਤੁਹਾਨੂੰ ਜਗ੍ਹਾ ਦੇਣੀ ਵੀ ਨਹੀਂ। ਅਸੀਂ ਨਿਰਾਸ਼ ਹੋ ਕੇ ਵਾਪਸ ਪੰਜਾਬ ਆ ਗਏ। ਦਾਸ ਦੇ ਮਨ 'ਚ ਖ਼ਿਆਲ ਆਇਆ ਕਿ ਜੇ ਮੈਨੂੰ ਹਿਮਾਚਲ ਪ੍ਰਦੇਸ਼ 'ਚ ਕੋਈ ਏਹੋ ਜੇਹੀ ਨੌਕਰੀ ਮਿਲ ਜਾਵੇ ਜਿਸ ਨਾਲ ਦੌਰਾ ਕਰਕੇ ਇਸ ਪਵਿੱਤਰ ਜਗ੍ਹਾ ਦੀ ਭਾਲ ਕਰ ਲਵਾਂ। ਦਾਸ ਨੇ ਸੰਤ ਜੀ ਮਹਾਰਾਜ ਕੋਲੋਂ ਪੁੱਛਿਆ ਤਾਂ ਉਹਨਾਂ ਨੇ ਕਿਹਾ ਕਿ ਅੱਛਾ ਹੈ ਕਿ ਤੂੰ ਹਿਮਾਚਲ 'ਚ

ਨੌਕਰੀ ਕਰ ਲਏਂ। ਇਹ ਫੁਰਨਾ ਆਇਆ ਹੀ ਸੀ ਕਿ ਹਿਮਾਚਲ ਸਰਕਾਰ ਦੀ ਪਾਉਂਟਾ ਸਾਹਿਬ ਦੇ ਨਜ਼ਦੀਕ ਧੌਲਾ ਕੂਆ ਫਾਰਮ ਲਈ ਨੌਕਰੀ ਅਖਬਾਰ 'ਚ ਨਿਕਲੀ। ਦਾਸ ਨੇ ਜਦੋਂ ਅਰਜ਼ੀ ਭੇਜੀ ਤਾਂ ਮੇਰੇ ਅਫਸਰਾਂ ਨੇ ਮੈਨੂੰ ਬਹੁਤ ਸਮਝਾਇਆ ਕਿ ਪੰਜਾਬ ਵੱਡਾ ਸੂਬਾ ਹੈ ਅਤੇ ਹਿਮਾਚਲ ਪ੍ਰਦੇਸ਼ 'ਚ ਤੇਰੀ ਤਰੱਕੀ ਨਹੀਂ ਹੋਣੀ, ਤੂੰ ਉੱਥੇ ਖੱਜਲ ਖੁਆਰ ਹੋਵੇਗਾ, ਇਸ ਲਈ ਤੂੰ ਉੱਥੇ ਨਾ ਜਾਹ। ਦਾਸ ਨੇ ਉਹਨਾਂ ਨੂੰ ਆਪਣਾ ਆਸ਼ਾ ਤਾਂ ਨਹੀਂ ਦੱਸਿਆ ਪਰ ਮਿਨੰਤਾਂ ਤਰਲੇ ਕਰਕੇ ਆਪਣੀ ਅਰਜ਼ੀ ਹਿਮਾਚਲ ਸਰਕਾਰ ਨੂੰ ਭਿਜਵਾ ਦਿੱਤੀ। ਦਾਸ ਨੂੰ ਸੰਤ ਜੀ ਵੱਲੋਂ M.Sc. ਕਰਕੇ ਨੌਕਰੀ ਕਰਨ ਦਾ ਹੁਕਮ ਸੀ। ਸੰਤ ਮਹਾਰਾਜ ਨੇ ਇਹ ਵੀ ਕਿਹਾ, "ਇਕਬਾਲ ਸਿੰਘ ਨੌਕਰੀ ਵਿੱਚ ਫਰੰਗੀਆਂ (ਅੰਗਰੇਜ਼ਾਂ) ਵਾਲੀ ਵਰਦੀ ਅਥਵਾ ਪੈਂਟ ਕੋਟ ਅਤੇ ਟਾਈ ਨਹੀਂ ਪਹਿਨਣੀ। ਖਾਲਸਾਈ ਵਰਦੀ, ਚੂੜੀਦਾਰ ਪਜ਼ਾਮਾ ਅਚਕਨ ਅਤੇ ਸਫੈਦ ਪਗੜੀ ਹੀ ਰੱਖਣੀ।" ਦਾਸ ਨੇ ਸੰਤਾਂ ਦਾ ਹੁਕਮ ਮੰਨ ਕੇ ਨੌਕਰੀ ਵਿੱਚ ਇਹੋ ਹੀ ਪਹਿਰਾਵਾ ਰੱਖਿਆ। ਦਾਸ ਜਦੋਂ ਸ਼ਿਮਲੇ ਹਿਮਾਚਲ ਸਰਕਾਰ ਦੀ ਨੌਕਰੀ ਦੀ ਇੰਟਰਵੀਊ ਦੇ ਰਿਹਾ ਸੀ ਤਾਂ ਉੱਥੋਂ ਦੇ ਅਫਸਰਾਂ ਨੂੰ ਦਾਸ ਦਾ ਪਹਿਰਾਵਾ ਅਜੀਬ ਜਿਹਾ ਲੱਗਾ, ਜਿਵੇਂ ਕਿ ਉਹਨਾਂ ਨੇ ਇਸ ਨੂੰ ਪਸੰਦ ਨਾ ਕੀਤਾ ਹੋਵੇ। ਜਦੋਂ ਬੋਰਡ ਦੇ ਚੇਅਰਮੈਨ ਨੇ ਇੰਟਰਵੀਊ ਲਈ ਤਾਂ ਗੁਰੂ ਮਹਾਰਾਜ ਦੀ ਇਤਨੀ ਬਖਸ਼ਿਸ਼ ਹੋਈ ਕਿ ਉਹ ਮੇਰੀ ਇੰਟਰਵੀਊ ਤੋਂ ਬਹੁਤ ਹੀ ਅਚੰਭਿਤ ਅਤੇ ਪ੍ਰਭਾਵਿਤ ਹੋਏ ਤਾਂ ਆਪ ਮੁਹਾਰੇ ਉਸ ਦੇ ਮੂੰਹੋਂ ਨਿਕਲਿਆ ਕਿ ਤੂੰ ਬਹੁਤ ਲਾਇਕ ਹੈ ਅਤੇ ਕਿੰਨੇ ਪੈਸੇ ਲਵੇਂਗਾ। ਦਾਸ ਨੂੰ ਜਿੰਨੇ ਪੰਜਾਬ 'ਚ, ਪੈਸੇ ਮਿਲਦੇ ਸੀ ਉਸ ਤੋਂ ਵੀਂਹ ਕੁ ਰੁਪਏ ਜਿਆਦਾ ਮੰਗ ਲਏ ਉਸ ਨੇ ਉਸੇ ਵਕਤ ਕਿਹਾ ਕਿ ਤੂੰ ਜਲਦੀ ਆ ਕੇ ਆਪਣਾ ਧੌਲਾ ਕੂਆ ਫਾਰਮ 'ਤੇ ਨੌਕਰੀ ਸੰਭਾਲ ਲੈ।

ਦਾਸ ਤਾਂ ਦਿਲ 'ਚ ਗੁਰੂ ਮਹਾਰਾਜ ਦਾ ਸ਼ੁਕਰ ਕਰਦਾ ਸੀ ਕਿ ਉਹਨਾਂ ਨੇ ਮੈਨੂੰ ਇਹ ਨੌਕਰੀ ਬਖਸ਼ੀ, ਪਰ ਜਦ ਇੰਟਰਵੀਊ ਦੇ ਕੇ ਬਾਹਰ ਆਇਆ ਤਾਂ ਉਸ ਮਹਿਕਮੇ ਦੇ ਅਫਸਰਾਂ ਨੇ ਮੈਂਨੂੰ ਕਿਹਾ ਕਿ, "ਤੇਰੇ ਤੋਂ ਚੇਅਰਮੈਨ ਬਹੁਤ ਹੀ ਪ੍ਰਭਾਵਿਤ ਹੋਇਆ ਅਤੇ ਖੁਸ਼ ਸੀ। ਤੂੰ ਥੋੜ੍ਹੇ ਪੈਸੇ ਮੰਗੇ ਸਨ ਜੇ ਤੂੰ ਸੌ ਰੁਪਏ ਤੋਂ ਵੱਧ ਵੀ ਮੰਗ ਲੈਂਦਾ ਤਾਂ ਵੀ ਉਸ ਨੇ ਦੇ ਦੇਣੇ ਸੀ।" ਉਸ ਸਮੇਂ ਇਕ ਰੁਪਏ ਦੀ ਵੀ ਬੜੀ ਕਦਰ ਸੀ। ਮੈਂ ਇਹ ਸੁਣ ਕੇ ਲਾਲਚ ਦੀ ਦੁਬਿਧਾ 'ਚ ਫਸ ਗਿਆ। ਮੈਂ ਗੁਰਦੁਆਰੇ ਠਹਿਰਿਆ ਹੋਇਆ ਸੀ। ਮੇਰੇ ਪਾਸ ਉਥੋਂ ਦੇ ਵਜ਼ੀਰਾਂ ਅਤੇ ਚੇਅਰਮੈਨ ਲਈ ਪੰਜਾਬ ਤੋਂ ਬਹੁਤ ਸਿਫਾਰਸ਼ਾਂ ਦੀਆਂ ਚਿੱਠੀਆਂ ਦਿੱਤੀਆਂ ਹੋਈਆ ਸਨ, ਪਰ ਦਾਸ ਨੇ ਸ਼ੁਰੂ ਤੋਂ ਹੀ ਪ੍ਰਣ ਕੀਤਾ ਹੋਇਆ ਸੀ ਕਿ ਆਪਣੇ ਲਈ ਕਿਸੇ ਦੀ ਸਿਫਾਰਸ਼ ਲੁਆ ਕੇ ਕਿਸੇ ਦਾ ਹੱਕ ਨਹੀਂ ਮਾਰਨਾ। ਰਾਤ ਸੌਣ ਲੱਗੇ ਦਾਸ ਕੁੱਝ ਡੋਲ ਗਿਆ ਅਤੇ ਇਹ ਮਨ ਵਿੱਚ ਆਇਆ ਕਿ ਸਵੇਰੇ ਇਹ ਸਿਫਾਰਸ਼ਾਂ ਦੀਆਂ ਚਿਠੀਆਂ ਦੱਸ ਕੇ ਬੇਨਤੀ ਕੀਤੀ ਜਾਵੇ ਕਿ ਮੈਨੂੰ ਪੰਜਾਬ ਦੀ ਨੌਕਰੀ ਤੋਂ ਸੌ ਰੁਪਿਆ ਵੱਧ ਦਿੱਤਾ ਜਾਵੇ। ਜਦ ਅੰਮ੍ਰਿਤ ਵੇਲੇ ਗੁਰਦੁਆਰੇ ਇਹ ਵਾਕ ਸੁਣਿਆ:

**ਮਾਗਉ ਕਾਹਿ ਰੰਕ ਸਭ ਦੇਖਉ ਤੁਮ੍ ਹੀ ਤੇ ਮੇਰੋ ਨਿਸਤਾਰੁ ॥ (੮੫੬)**

ਤਾਂ ਦਾਸ ਨੇ ਉਸੇ ਵੇਲੇ ਹੀ ਫੈਸਲਾ ਕਰ ਲਿਆ ਕਿ ਇਹ ਸਾਰੇ ਕੰਗਾਲ ਹਨ, ਇਹਨਾਂ ਕੋਲੋਂ ਕੀ ਮੰਗਣਾ ਹੈ। ਚੱਲੋ ਸੰਤ ਜੀ ਮਹਾਰਾਜ ਦੇ ਦਰਸ਼ਨ ਕਰੀਏ। ਜਦੋਂ ਦਾਸ ਸ਼ਿਮਲੇ ਤੋਂ ਬੱਸ ਚੜ੍ਹ ਕੇ ਕਾਲਕਾ ਜਾ ਰਿਹਾ ਸੀ ਤਾਂ ਸੋਲਨ ਪਹੁੰਚਦਿਆਂ ਕੀ ਦੇਖਿਆ ਕਿ ਸੰਤ ਤੇਜਾ ਸਿੰਘ ਜੀ ਜਥੇ ਸਮੇਤ ਕਿਸੇ ਸਰਦਾਰ ਦੇ ਘਰ ਜਾ ਰਹੇ ਸਨ। ਚਰਨਾਂ 'ਚ ਹਾਜ਼ਰ ਹੋਇਆ, ਉਹਨਾਂ ਤੁਰੰਤ ਮੈਨੂੰ ਪੁੱਛਿਆ, "ਨੌਕਰੀ ਲਈ ਚੁਣਿਆ ਗਿਆ ਹੈਂ?" ਦਾਸ ਨੇ ਹੱਥ ਜੋੜ ਕੇ ਕਿਹਾ, "ਹਾਂ ਮਹਾਰਾਜ! ਆਪ ਜੀ ਦੀ ਬਖਸ਼ਿਸ਼ ਨਾਲ ਚੁਣਿਆ ਗਿਆ ਹਾਂ।" ਉਹਨਾਂ ਨੇ ਫੁਰਮਾਇਆ, "ਤੂੰ ਲਾਲਚ ਨਾ ਕਰ, ਛੇਤੀ ਧੌਲਾ ਕੂਆ ਫਾਰਮ 'ਤੇ ਨੌਕਰੀ ਸੰਭਾਲ ਲੈ।"

ਮਹਾਂਪੁਰਸ਼ਾਂ ਦੇ ਇਹਨਾਂ ਬਚਨਾਂ ਨਾਲ ਦਾਸ ਦੇ ਸਾਰੇ ਸ਼ੰਕੇ ਨਵਿਰਤ ਹੋ ਗਏ। ਹਿਮਾਚਲ ਸਰਕਾਰ ਦੀ ਨੌਕਰੀ ਦਾ ਆਰਡਰ ਆਉਣ 'ਤੇ ਨਾਹਨ ਤੋਂ ਮੈਡੀਕਲ ਸਰਟੀਫਿਕੇਟ ਪ੍ਰਾਪਤ ਕਰਨ ਵਾਸਤੇ ਮੁਆਇਨੇ ਲਈ ਸਿਵਲ ਹਸਪਤਾਲ ਗਿਆ ਤਾਂ ਬਾਹਰੋਂ ਹੋਰ ਡਾਕਟਰ ਤੇ ਕਰਮਚਾਰੀਆਂ ਨੇ ਕਿਹਾ ਕਿ ਡਾਕਟਰ ਅਫ਼ਸਰ ਬੜਾ ਭੈੜਾ ਅਤੇ ਸਖ਼ਤ ਸੁਭਾਅ ਦਾ ਹੈ। ਤੈਨੂੰ ਇਹਨੇ ਡਾਕਟਰੀ ਮੁਆਇਨੇ 'ਚੋਂ ਫੇਲ ਕਰ ਦੇਣਾ ਹੈ ਅਤੇ ਸਰਟੀਫਿਕੇਟ ਨਹੀਂ ਦੇਣਾ। ਦਾਸ ਨੇ ਸੰਤਾਂ ਦਾ ਧਿਆਨ ਧਰ ਕੇ ਉਸ ਡਾਕਟਰ ਕੋਲ ਜਾ ਕੇ ਆਪਣੀ ਨੌਕਰੀ ਦਾ ਆਰਡਰ ਪੇਸ਼ ਕਰ ਦਿੱਤਾ। ਧੰਨ ਗੁਰੂ ਨਾਨਕ ਸੱਚੇ ਪਾਤਸ਼ਾਹ ਅਤੇ ਧੰਨ ਉਹਨਾਂ ਦੇ ਸੰਤ-ਜਨ, ਉਸ ਡਾਕਟਰ ਨੇ ਮੈਨੂੰ ਸਿਰ ਤੋਂ ਲੈ ਕੇ ਪੈਰਾਂ ਤੱਕ ਦੇਖਿਆ ਅਤੇ ਸਰਟੀਫਿਕੇਟ 'ਤੇ ਸਾਰਾ ਕੁਝ ਭਰ, ਦਸਖ਼ਤ ਕਰਕੇ ਮੋਹਰ ਲਾ ਕੇ ਮੇਰੇ ਹੱਥ ਦੇ ਦਿੱਤਾ। ਜਦੋਂ ਮੈਂ ਪੁੱਛਿਆ ਕਿ ਮੈਂ ਕਿਹੜੇ-ਕਿਹੜੇ ਡਾਕਟਰ ਕੋਲ ਜਾ ਕੇ ਡਾਕਟਰੀ ਮੁਆਇਨਾ ਕਰਵਾਉਣਾ ਹੈ ਤਾਂ ਉਸ ਨੇ ਕਿਹਾ, "ਤੂੰ ਠੀਕ-ਠਾਕ ਹੈਂ ਅਤੇ ਕਿਸੇ ਹੋਰ ਡਾਕਟਰੀ ਮੁਆਇਨੇ ਦੀ ਜ਼ਰੂਰਤ ਨਹੀਂ, ਜਾ ਆਪਣੀ ਨੌਕਰੀ ਸੰਭਾਲ ਲੈ।"

ਜਦੋਂ ਮੈਂ ਬਾਹਰ ਆ ਕੇ ਆਪਣਾ ਸ਼ੰਕਾ ਨਵਿਰਤ ਕਰਨ ਵਾਸਤੇ ਦੂਸਰੇ ਡਾਕਟਰਾਂ ਨੂੰ ਮੈਡੀਕਲ ਸਰਟੀਫਿਕੇਟ ਦਿਖਾਇਆ ਤਾਂ ਉਹ ਬੜੇ ਹੀ ਹੈਰਾਨ ਹੋਏ ਅਤੇ ਉਹਨਾਂ ਨੇ ਕਿਹਾ ਕਿ ਅੱਜ ਤੱਕ ਇਸ ਸਖ਼ਤ ਵਤੀਰੇ ਵਾਲੇ ਵੱਡੇ ਡਾਕਟਰ ਨੇ ਐਸਾ ਕਿਸੇ ਨਾਲ ਨਹੀਂ ਕੀਤਾ ਤੇ ਬਿਨਾਂ ਡਾਕਟਰੀ ਮੁਆਇਨੇ ਦੇ ਕਿਸੇ ਨੂੰ ਮੈਡੀਕਲ ਸਰਟੀਫਿਕੇਟ ਨਹੀਂ ਦਿੱਤਾ। ਕਹਿੰਦੇ ਕਿ ਤੂੰ ਤਾਂ ਉਸ 'ਤੇ ਕੋਈ ਜਾਦੂ ਕਰ ਦਿੱਤਾ ਹੈ ਪਰ ਦਾਸ ਦੇ ਹਿਰਦੇ ਵਿੱਚ ਵਾਰ-ਵਾਰ ਇਹੋ ਹੀ ਗੁਰਬਾਣੀ ਦੀ ਤੁਕ ਆਉਂਦੀ ਰਹੀ, **"ਇਕਿ ਸਾਧ ਬਚਨ ਅਟਲਾਧਾ ॥" (੧੨੦੪)** ਇਹ ਗੁਰੂ ਮਹਾਰਾਜ ਦੀ ਕਿਰਪਾ ਸਦਕਾ ਹੀ ਸੀ ਕਿ ਦਾਸ ਧੌਲਾ ਕੂਆ ਫ਼ਾਰਮ ਦਾ ਅਧਿਕਾਰੀ ਬਣ ਗਿਆ।

੪. ਸੰਤ ਤੇਜਾ ਸਿੰਘ ਜੀ ਮਹਾਰਾਜ ੧੯੫੬ ਈ. ਨੂੰ ਮਈ ਦੇ ਅਖੀਰ ਵਿੱਚ ਜਥੇ ਸਮੇਤ ਸ਼ਿਮਲੇ ਗੁਰਮਤਿ ਪ੍ਰਚਾਰ ਕਰਨ ਲਈ ਗਏ। ਇਸ ਵਕਤ ਸੰਤ ਜੀ ਮਹਾਰਾਜ ਦੇ ਜਥੇ ਵਿੱਚ ਭਾਈ ਗਿਆਨ ਸਿੰਘ ਜੀ, ਭਾਈ ਸੰਤੋਖ ਸਿੰਘ ਜੀ, ਭਾਈ ਜਵਾਲਾ ਸਿੰਘ ਜੀ ਅਤੇ ਭਾਈ ਬਲਵੰਤ ਸਿੰਘ ਜੀ ਸਨ। ਉੱਥੇ ਇੱਕ ਹਫ਼ਤਾ ਠਹਿਰ ਸੰਤ ਸੋਲਨ ਆਏ ਅਤੇ ਦਾਸ ਨੂੰ ਕਿਹਾ, "ਇਕਬਾਲ ਸਿੰਘ! ਸਾਨੂੰ ਇੱਕ ਘੋੜਾ ਤੇ ਇੱਕ ਮਜ਼ਦੂਰ ਕਿਰਾਏ 'ਤੇ ਕਰ ਦਿਓ, ਅਸੀਂ ਰਾਜਗੜ੍ਹ ਤੋਂ ਹੁੰਦੇ ਹੋਏ ਰੇਣੁਕਾ ਜਾਣਾ ਹੈ।" ਦਾਸ ਨੇ ਚੰਗਾ ਘੋੜਾ ਤੇ ਮਜ਼ਦੂਰ ਕਿਰਾਏ 'ਤੇ ਕਰਕੇ ਦੇ ਦਿੱਤਾ। ਸੰਤ ਜੀ ਮਹਾਰਾਜ ਜਥੇ ਸਮੇਤ ਘੋੜੇ 'ਤੇ ਚੜ੍ਹ ਸੋਲਨ ਤੋਂ ਗੋਹੜੇ ਆਏ। ਇੱਥੇ ਮਹਾਰਾਜਾ ਪਟਿਆਲਾ ਨੇ Rest House ਬਣਾਇਆ ਹੋਇਆ ਸੀ, ਉੱਥੇ ਰਾਤ ਵਿਸ਼ਰਾਮ ਕੀਤਾ। ਅੰਮ੍ਰਿਤ ਵੇਲੇ ਉੱਠ ਇਸ਼ਨਾਨ ਕਰ, ਵਾਹਿਗੁਰੂ ਨਾਮ ਜਪ, ਨਿੱਤਨੇਮ ਕਰ, ਆਸਾ ਦੀ ਵਾਰ ਜਥੇ ਸਮੇਤ ਲਾਈ। ਫਿਰ ਜਲ-ਪਾਣੀ ਛਕ ਰਾਜਗੜ੍ਹ ਨੂੰ ਤੁਰ ਪਏ। ਰਾਜਗੜ੍ਹ ਗਿਆਨੀ ਗੁਰਚਰਨ ਸਿੰਘ ਅਧਿਆਪਕ ਲੱਗਾ ਸੀ, ਜੋ ਸੰਤ ਜੀ ਮਹਾਰਾਜ ਦਾ ਅਨਿੰਨ ਸੇਵਕ ਸੀ, ਉਹ ਸੰਤ ਜੀ ਦੇ ਦਰਸ਼ਨ ਕਰਕੇ ਬੜਾ ਨਿਹਾਲ ਹੋਇਆ। ਸੰਤ ਜੀ ਮਹਾਰਾਜ ਉਸ ਪਾਸ ਲਗਭਗ ਇਕ ਹਫ਼ਤਾ ਠਹਿਰੇ। ਉਸ ਨੇ ਕਿਹਾ ਕਿ ਮਹਾਰਾਜ! ਆਪ ਜੀ ਦਾ ਆਸ਼ੇ ਅਨੁਸਾਰ ਗੁਰਦੁਆਰਾ ਤੇ ਆਸ਼ਰਮ ਬਣਾਉਣ ਲਈ ਠਉਹੜ ਨਿਵਾੜ ਪਿੰਡ ਵਿੱਚ ਜ਼ਮੀਨ ਮਿਲ ਸਕਦੀ ਹੈ। ਸੰਤ ਜੀ ਜਥੇ ਸਮੇਤ ਭਾਈ ਗੁਰਚਰਨ ਸਿੰਘ ਨਾਲ ਠਉਹੜ ਨਿਵਾੜ ਪਿੰਡ ਆਏ ਅਤੇ ਦੋ ਰਾਤਾਂ ਉੱਥੇ ਠਹਿਰੇ। ਜਮੀਨ ਤਾਂ ਭਾਵੇਂ ਬਹੁਤ ਅੱਛੀ ਤੇ ਪੱਧਰੀ ਸੀ ਪਰ ਸੰਤ ਜੀ ਨੇ ਕਿਹਾ ਕਿ ਇਹ ਖ਼ਾਲਸੇ ਦੀ ਭੂਮੀ ਨਹੀਂ। ਫਿਰ ਸੰਤ ਜੀ ਝੱਲਿਆਂ ਦੀ ਚੌਕੀ ਇੱਕ ਰਾਤ ਆ ਵਿਸ਼ਰਾਮ ਕੀਤਾ। ਅਗਲੇ ਦਿਨ ਜਥੇ ਸਮੇਤ ਘੋੜੇ 'ਤੇ ਚੜ੍ਹ ਅਗਾਂਹ ਨੂੰ ਚੱਲ ਪਏ ਅਤੇ ਜਿੱਥੇ ਅੱਜ-ਕੱਲ੍ਹ ਖੈਰੀ ਦੁਕਾਨਾਂ ਵੱਸੀਆਂ ਹੋਈਆਂ ਹਨ, ਉੱਥੋਂ ਗਿਰੀ ਦਰਿਆ ਨੂੰ ਟੱਪ ਕੇ ਉਸ ਦੇ ਕਿਨਾਰੇ-ਕਿਨਾਰੇ ਚੱਲ ਪਏ। ਥੋੜ੍ਹੀ ਦੂਰ ਜਾ ਕੇ ਜਿੱਥੇ ਮਾਨਗੜ੍ਹ ਬੜੂ ਵਾਲਾ ਖਾਲਾ ਗਿਰੀ

ਦਰਿਆ ’ਚ ਮਿਲਦਾ ਹੈ, ਘੋੜੇ ਤੋਂ ਉੱਤਰ ਜੰਗਲ ਪਾਣੀ ਗਏ, ਹੱਥ ਮੂੰਹ ਧੋ ਕੇ ਜਿਧਰੋਂ ਇਹ ਖਾਲਾ ਆ ਰਿਹਾ ਸੀ, ਓਧਰ ਨੂੰ ਮੂੰਹ ਕਰਕੇ ਕਹਿਣ ਲੱਗੇ, “ਜਿਹੜੀ ਖ਼ਾਲਸੇ ਦੀ ਤਪੋ ਭੂਮੀ ਦੀ ਅਸੀਂ ਭਾਲ ਕਰ ਰਹੇ ਹਾਂ, ਉਹ ਇਧਰ ਜੰਗਲ ਵਿੱਚ ਹੈ।” ਫਿਰ ਘੋੜੇ ’ਤੇ ਸਵਾਰ ਹੋ ਭਲੱਠੇ ਨਗਰ ਪਹੁੰਚੇ ਅਤੇ ਉੱਥੇ ਰਾਤ ਵਿਸ਼ਰਾਮ ਕੀਤਾ।

ਭਲੱਠੇ ਨਗਰ ਦੀ ਸੈਂਕੜੇ ਹੀ ਵਿਘੇ ਜ਼ਮੀਨ ਬੜੀ ਸੋਹਣੀ ਪੱਧਰੀ ਜਿਸ ਨੂੰ ਸਾਰੀ ਨੂੰ ਪਾਣੀ ਲੱਗਦਾ ਹੈ ਅਤੇ ਅੰਬਾਂ ਦੇ ਬਾਗ਼ ਸਨ, ਉਸ ਦੇ ਮਾਲਕ ਭੰਡਾਰੀ ਲੋਕ ਸਨ। ਉਹਨਾਂ ਨੇ ਸੰਤ ਜੀ ਨੂੰ ੩੦੦ ਵਿਘੇ ਜ਼ਮੀਨ ਦਾ ਟੁਕੜਾ ਗੁਰਦੁਆਰਾ ਬਣਾਉਣ ਵਾਸਤੇ ਦੇਣਾ ਚਾਹਿਆ ਪਰ ਸੰਤ ਜੀ ਨੇ ਕਿਹਾ ਕਿ ਇਹ ਉਹ ਖ਼ਾਲਸੇ ਦੀ ਜ਼ਮੀਨ ਨਹੀਂ। ਫਿਰ ਏਥੋਂ ਘੋੜੇ ’ਤੇ ਸਵਾਰ ਹੋ ਕੇ ਜਥੇ ਸਮੇਤ ਸੰਤ ਜੀ ਰੇਣੁਕਾ ਦਦਾਹੂ ਪਹੁੰਚੇ ਅਤੇ ਉੱਥੇ ਇੱਕ ਰਾਤ ਠਹਿਰ ਅਗਲੇ ਦਿਨ ਬੱਸ ਪਕੜ ਕੇ ਨਾਹਨ ਦੇ ਰਸਤੇ ਪਾਉਂਟਾ ਸਾਹਿਬ ਪੁੱਜ ਗਏ।

੫. ਸੰਤਾਂ ਦੇ ਹਿਰਦੇ ਵਿੱਚ ਜਦੋਂ ਇਸ ਜਗ੍ਹਾ ਦਾ ਖ਼ਿਆਲ ਆਇਆ ਤਾਂ ਪਿੰਡ ਬੜੂ ਦੇ ਮਾਲਕ ਠਾਕੁਰ ਜੋਗਿੰਦਰ ਸਿੰਘ ਦੇ ਕੁਝ ਐਸੇ ਕਾਰਨ ਬਣ ਗਏ ਕਿ ਉਹ ਇਸ ਪਿੰਡ ਨੂੰ ਵੇਚਣ ਲਈ ਤਿਆਰ ਹੋ ਗਿਆ ਤਾਂ ਸੰਤ ਜੀ ਮਹਾਰਾਜ ਨੇ ਭਾਈ ਇਕਬਾਲ ਸਿੰਘ ਜੀ ਨੂੰ ਇਹ ਥਾਂ ਦੇਖਣ ਭੇਜਿਆ ਅਤੇ ਕਿਹਾ ਕਿ ਤੁਸੀਂ ਜਾ ਕੇ ਟੈਕਨੀਕਲ ਰਿਪੋਰਟ ਦੇਵੋ। ਦਾਸ ਹੁਕਮ ਮੰਨ ਕੇ, ਇਹ ਜਗ੍ਹਾ ਦੇਖਣ ਗਿਆ। ਸਰਾਂਹ ਤੋਂ ਇਹ ਜਗ੍ਹਾ ਪਹੁੰਚਣ ਦਾ ਬੜਾ ਔਖਾ ਰਸਤਾ ਸੀ। ਦਾਸ ਦੇ ਮਨ ਵਿੱਚ ਵਿਚਾਰ ਆਈ ਕਿ ਸੰਤ ਜੀ ਕਿੱਥੇ ਭਿਆਨਕ ਕੁੰਦਰਾਂ ਦੇ ਵਿੱਚ ਅਸਥਾਨ ਬਣਾ ਰਹੇ ਹਨ। ਜਦੋਂ ਪਿੰਡ ਬੜੂ ਪਹੁੰਚੇ ਤਾਂ ਦੇਖਿਆ ਕਿ ਸੰਤ ਜੀ ਮਹਾਰਾਜ ਦਾ ਜੋ ਆਸ਼ਾ ਸੀ, ਜੋ ਸਾਰੀਆਂ ਨਿਸ਼ਾਨੀਆਂ ਦੱਸੀਆਂ ਸਨ, ਉਹ ਉਸ ਥਾਂ ’ਤੇ ਸਨ। ਹਰ ਪਾਸੇ ਹਰਿਆਵਲ, ਇਕਾਂਤ, ਠੰਡੇ-ਮਿੱਠੇ ਪਾਣੀ ਦੇ ਚਸ਼ਮੇ ਅਤੇ ਸੱਤ ਉੱਚੀਆਂ ਪਹਾੜੀਆਂ ਨਾਲ ਘਿਰਿਆ ਹੋਇਆ ਇਹ ਇੱਕ ਰਮਣੀਕ ਅਸਥਾਨ ਸੀ। ਉਸੇ ਵੇਲੇ ਦਾਸ ਬੜੂ ਸਾਹਿਬ ਤੋਂ ੬੦ ਕਿਲੋਮੀਟਰ ਪੈਦਲ ਚੱਲ ਕੇ ਸੋਲਨ ਪਹੁੰਚਿਆ ਅਤੇ ਆਪਣੀ ਤੁੱਛ ਬੁੱਧੀ ਅਨੁਸਾਰ ਪੂਰੀ ਟੈਕਨੀਕਲ ਰਿਪੋਰਟ ਸੰਤ ਜੀ ਮਹਾਰਾਜ ਨੂੰ ਲਿਖ ਭੇਜੀ। ਸੰਤ ਜੀ ਮਹਾਰਾਜ ਨੇ ਇਸ ’ਤੇ ਸਹੀ ਪਾਈ ਤੇ ਠਾਕੁਰ ਜੋਗਿੰਦਰ ਸਿੰਘ ਨੂੰ ਨਾਹਨ ਬੁਲਾ ਕੇ ੪੦੦ ਏਕੜ ਦੀ ਧਰਤੀ ਦਾ ਪਿੰਡ ਬੜੂ ਖ਼ਰੀਦ ਲਿਆ।

ਖ਼ਰੀਦਣ ਦਾ ਸੌਦਾ ਕਰਨ ਸਮੇਂ ਠਾਕੁਰ ਜੋਗਿੰਦਰ ਸਿੰਘ ਨੇ ਇਸ ਥਾਂ ਦਾ ਮੁੱਲ ੨੫੦੦੦ ਰੁਪਏ ਮੰਗਿਆ। ਭਾਈ ਉਮਰਾਓ ਸਿੰਘ ਅਤੇ ਕੁਝ ਹੋਰ ਸੇਵਕਾਂ ਨੇ ਇਹ ਸਮਝ ਕੇ ਕਿ ਇਹ ਮੁੱਲ ਬਹੁਤਾ ਹੈ ਕੁਝ ਸੌਦਾ ਕਰਨ ਦਾ ਯਤਨ ਕੀਤਾ ਤਾਂ ਕਿ ਘੱਟ ਪੈਸੇ ਦਿੱਤੇ ਜਾਣ ਪਰ ਸੰਤ ਜੀ ਮਹਾਰਾਜ ਨੇ ਇਹ ਗੱਲ ਨਾ ਮੰਨੀ। ਫਿਰ ਇਹਨਾਂ ਸੇਵਕਾਂ ਨੇ ਦਾਸ ਨੂੰ ਸੰਤ ਜੀ ਮਹਾਰਾਜ ਨਾਲ ਗੱਲ ਕਰਨ ਨੂੰ ਕਿਹਾ। ਜਦੋਂ ਭਾਈ ਇਕਬਾਲ ਸਿੰਘ ਜੀ ਇਹ ਗੱਲ ਕਰਨ ਹੀ ਲੱਗੇ ਸਨ ਤਾਂ ਸੰਤ ਜੀ ਮਹਾਰਾਜ ਨੇ ਇਸ ਅਸਥਾਨ ਦੀ ਰੱਬੀ ਉੱਚਤਾ ਨੂੰ ਅਨੁਭਵ ਕਰਦਿਆਂ ਹੋਇਆਂ ਫੁਰਮਾਇਆ, “ਭਾਈ ਇਕਬਾਲ ਸਿੰਘ! ਤੂੰ ਵੀ ਇਹਨਾਂ ਨਾਲ ਰਲ੍ਹ ਗਿਆ ਹੈਂ, ਇਸ ਥਾਂ ਦਾ ਕੋਈ ਮੁੱਲ ਨਹੀਂ, ੨੫੦੦੦ ਰੁਪਏ ਕੀ ਜੇ ਠਾਕੁਰ ਜੋਗਿੰਦਰ ਸਿੰਘ ਇੱਕ ਲੱਖ ਰੁਪਏ ਵੀ ਮੰਗਦਾ ਤਾਂ ਵੀ ਅਸੀਂ ਦੇਣ ਨੂੰ ਤਿਆਰ ਸੀ।” ਦਾਸ ਨੇ ਕਿਹਾ ਕਿ ਸਤਿ ਬਚਨ ਮਹਾਰਾਜ! ਭੁੱਲ ਹੋ ਗਈ। ਉਪਰੰਤ ਇਹ ਸੌਦਾ ਸਿਰੇ ਚੜ੍ਹ ਗਿਆ ਅਤੇ ਠਾਕੁਰ ਜੋਗਿੰਦਰ ਸਿੰਘ ਨੂੰ ੨੫੦੦੦ ਰੁਪਿਆ ਦਿੱਤਾ ਗਿਆ ਅਤੇ ਬੜੂ ਸਾਹਿਬ ਵਾਲੀ ਜਗ੍ਹਾ ਖ਼ਰੀਦ ਲਈ ਗਈ। ਯਾਦ ਰਹੇ, ਇਹਨਾਂ ੨੫੦੦੦ ਰੁਪਿਆਂ ਦੀ ਸੇਵਾ ਇਸੇ ਕੰਮ ਲਈ ਭਾਈ ਹਰਦਿਆਲ ਸਿੰਘ ਸਿੰਗਾਪੁਰ ਵਾਲਿਆਂ ਨੇ ਸੰਤ ਜੀ ਮਹਾਰਾਜ ਨੂੰ ਭੇਟਾ ਕੀਤੀ ਸੀ।

ਬੜੂ ਪਿੰਡ ਵੇਚਣ ਦਾ ਇੱਕ ਇਲਾਹੀ ਕੌਤਕ ਵਰਤਿਆ ਜੋ ਉਸ ਦੇ ਮਾਲਕ ਠਾਕੁਰ ਜੋਗਿੰਦਰ ਸਿੰਘ ਨੇ ਸੁਣਾਇਆ। ਇਸ ਪਿੰਡ ਵਿੱਚ ਚਸ਼ਮੇ ਦੇ ਕਿਨਾਰੇ ਇੱਕ ਬਹੁਤ ਵੱਡਾ ਅਖਰੋਟ ਦਾ ਦਰਖ਼ਤ ਹੈ। ਜਿੱਥੇ ਸਾਧੂ, ਸੰਤ ਆ ਕੇ ਸਮਾਧੀ ਲਾ ਕੇ ਪ੍ਰਭੂ ਦਾ ਸਿਮਰਨ ਕਰਦੇ ਹੁੰਦੇ ਸਨ ਅਤੇ ਮੈਂ ਉਹਨਾਂ ਨੂੰ ਇੱਥੇ ਰੋਟੀ ਲਿਆ ਕੇ ਦਿੰਦਾ ਹੁੰਦਾ ਸਾਂ। ਪਿੰਡ ਖ਼ਰੀਦਣ ਤੋਂ ਕੁਝ ਚਿਰ ਪਹਿਲਾਂ ਇੱਕ ਸਾਧੂ ਨੇ ਆ ਕੇ ਇੱਥੇ ਸਮਾਧੀ ਲਾਈ ਅਤੇ ਜਦੋਂ ਮੈਂ ਰੋਟੀ ਦਾ ਥਾਲ ਉਸ ਦੇ ਅੱਗੇ ਲਿਜਾ ਕੇ ਰੱਖਿਆ ਤਾਂ ਉਸ ਨੇ ਅੱਧੇ ਘੰਟੇ ਬਾਅਦ ਅੱਖਾਂ ਖੋਲੀਆਂ ਤੇ ਰੋਟੀ ਖਾਣ ਦੀ ਬਜਾਏ ਮੈਨੂੰ ਕਿਹਾ, "ਤੂਨੇ ਯਹਾਂ ਨਹੀ ਰਹਿਣਾ, ਯੇ ਗੁਰੂ ਨਾਨਕ ਜੀ ਕੀ ਧਰਤੀ ਹੈ। ਯਹਾਂ ਗੁਰੂ ਨਾਨਕ ਨਾਮ ਲੇਵਾ ਲੋਗ ਆਏਂਗੇ ਔਰ ਯਹਾਂ ਬਹੁਤ ਬੜਾ ਅਸਥਾਨ ਬਣੇਗਾ। ਯਹਾਂ ਨਾਮ-ਬਾਣੀ ਕਾ ਸਿਮਰਨ ਕਰਕੇ ਲੋਗ ਸਾਰੀ ਦੁਨੀਆਂ ਮੇਂ ਗੁਰੂ ਨਾਨਕ ਜੀ ਕੇ ਸੱਚ ਕੇ ਮਾਰਗ ਕਾ ਪ੍ਰਸਾਰ ਕਰੇਂਗੇ।" ਇਹ ਸੁਣ ਕੇ ਮੈਨੂੰ ਗੁੱਸਾ ਆ ਗਿਆ ਕਿ ਇਸ ਨੇ ਮੈਨੂੰ ਇਸ ਜ਼ਮੀਨ ਤੋਂ ਉੱਜੜਣ ਵਾਸਤੇ ਸਰਾਪ ਦੇ ਦਿੱਤਾ ਹੈ। ਮੈਂ ਬਿਨਾਂ ਖੁਆਏ ਰੋਟੀ ਦਾ ਥਾਲ ਚੁੱਕ ਕੇ ਆਪਣੇ ਘਰ ਲੈ ਗਿਆ। ਤਿੰਨ ਘੰਟੇ ਤੋਂ ਬਾਅਦ ਜਦ ਮੇਰਾ ਗੁੱਸਾ ਠੰਡਾ ਹੋਇਆ ਅਤੇ ਮੇਰੀ ਘਰਵਾਲੀ ਨੇ ਵੀ ਮੈਨੂੰ ਸਮਝਾਇਆ ਅਤੇ ਮੈਂ ਫਿਰ ਸਾਧੂ ਨੂੰ ਰੋਟੀ ਖੁਆਉਣ ਵਾਸਤੇ ਥੱਲੇ ਆਇਆ ਤਾਂ ਵੇਖਿਆ ਕਿ ਸਾਧੂ ਉੱਥੇ ਹੈ ਹੀ ਨਹੀਂ ਸੀ।

ਪੂਰਨ ਬ੍ਰਹਮ ਗਿਆਨੀ ਸੰਤ ਤੇਜਾ ਸਿੰਘ ਜੀ ਮਹਾਰਾਜ ਦੇ ਹਿਰਦੇ ਵਿੱਚ ਇਸ ਪਿੰਡ ਨੂੰ ਖ਼ਰੀਦਣ ਦੀ ਖਿੱਚ ਸੀ ਅਤੇ ਉਸ ਸਾਧੂ ਦੇ ਬਚਨਾਂ ਦਾ ਸਦਕਾ ਮਾਲਕ ਜੋਗਿੰਦਰ ਸਿੰਘ ਕਹਿੰਦਾ ਹੈ, "ਮੇਰਾ ਇਰਦ-ਗਿਰਦ ਪਿੰਡਾਂ ਦੇ ਲੋਕਾਂ ਦੇ ਨਾਲ ਬੜਾ ਹੀ ਲੜਾਈ-ਝਗੜਾ ਤੇ ਵੈਰ-ਵਿਰੋਧ ਹੋ ਗਿਆ। ਜਿਸ ਕਰਕੇ ਮੈਂ ਤੰਗ ਹੋ ਕੇ ਕਿਹਾ ਕਿ ਮੈਂ ਇਹ ਪਿੰਡ ਵੇਚ ਕੇ ਹੀ ਏਥੋਂ ਚਲੇ ਹੀ ਜਾਣਾ ਹੈ।"

ਇਸ ਤੋਂ ਪਾਠਕਾਂ ਨੂੰ ਇਹ ਸਮਝਣ ਦੀ ਲੋੜ ਹੈ ਕਿ ਅਨੁਭਵੀ ਦਿਬ-ਦ੍ਰਿਸ਼ਟੀ ਵਾਲੇ ਮਹਾਂਪੁਰਸ਼, ਅਕਾਲ ਪੁਰਖ ਦੇ ਹੁਕਮ ਅੰਦਰ ਇਹੋ ਜਿਹੇ ਸ਼ੁਭ ਕੰਮ ਕਰਦੇ ਹਨ। ਜਦੋਂ ਬੜੂ ਸਾਹਿਬ ਦੀ ਧਰਤੀ ਖ਼ਰੀਦੀ ਸੀ, ਉਦੋਂ ਉਹ ਮੋਟਰੇਬਲ ਰੋਡ ਤੋਂ ਚਾਲੀ ਕਿਲੋਮੀਟਰ ਦੂਰ ਸੀ ਅਤੇ ਪੈਦਲ ਜਾਣਾ ਪੈਂਦਾ ਸੀ। ਉਸ ਵੇਲੇ ਉੱਥੇ ਬੀਆਬਾਨ ਜੰਗਲ ਸੀ, ਬਾਂਦਰਾਂ, ਰਿੱਛਾਂ ਅਤੇ ਬਘਿਆੜਾਂ ਦਾ ਵਾਸਾ ਹੁੰਦਾ ਸੀ। ਅੱਜ ਉਸੇ ਧਰਤੀ 'ਤੇ ਮਹਾਂਪੁਰਸ਼ਾਂ ਦੀ ਅਰਦਾਸ ਸਦਕਾ, ਬਹੁਤ ਵੱਡਾ ਅਧਿਆਤਮਕ ਕੇਂਦਰ ਬਣ ਗਿਆ ਹੈ ਜਿੱਥੇ ਸਾਰੀ ਦੁਨੀਆਂ 'ਚੋਂ ਆਏ ਬੱਚੇ-ਬੱਚੀਆਂ, ਦੁਨਿਆਵੀ ਵਿੱਦਿਆ ਦੇ ਨਾਲ-ਨਾਲ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਸੱਚ ਦੇ ਮਾਰਗ ਦੀ, ਗੁਰਮਤਿ ਵਿੱਦਿਆ ਗ੍ਰਹਿਣ ਕਰ ਰਹੇ ਹਨ।

## ਇਲਾਹੀ ਤਾਕਤਾਂ ਦਾ ਪਹਿਰਾ

ਇੱਕ ਵਾਰੀ ਦਾਸ ਨੂੰ ਲੰਮੇ ਪਿਆਂ ਜਾਪਿਆ ਕਿ ਲੰਗਰ ਦੀ ਬਿਲਡਿੰਗ ਵਿੱਚ ਕੀਰਤਨ ਹੋ ਰਿਹਾ ਹੈ। ਸੰਤ ਜੀ ਮਹਾਰਾਜ ਦੇ ਪਾਸ ਬੇਨਤੀ ਕੀਤੀ ਤਾਂ ਉਹਨਾਂ ਫੁਰਮਾਇਆ, "ਇਲਾਹੀ ਤਾਕਤਾਂ ਦਾ ਪਹਿਰਾ ਹੈ, ਜਿਨ੍ਹਾਂ ਦਾ ਇੱਥੇ ਅਰਸ਼ੀ ਕੀਰਤਨ ਹੁੰਦਾ ਹੈ ਅਤੇ ਉਹ ਉਸ ਨੂੰ ਹੀ ਭਾਸਦਾ ਹੈ ਜਿਸ ਦੀ ਅਵਸਥਾ ਅਧਿਆਤਮਿਕ ਤੌਰ 'ਤੇ ਉੱਚੀ ਹੁੰਦੀ ਹੈ।

## ਬੜੂ ਸਾਹਿਬ ਬਾਰੇ ਭਾਈ ਖੇਮ ਸਿੰਘ ਜੀ ਨੂੰ ਚਿੱਠੀ ਲਿਖੀ।

ਸਤੰਬਰ ੭, ੧੯੫੬ ਈਸਵੀ ਸਿੰਘਾਪੁਰ ਦੇ ਦੌਰੇ ਸਮੇਂ ਸੰਤ ਜੀ ਮਹਾਰਾਜ ਨੇ ਭਾਈ ਖੇਮ ਸਿੰਘ ਜੀ ਨੂੰ ਬੜੂ ਸਾਹਿਬ ਲਈ ਚਿੱਠੀ ਲਿਖੀ, "ਤੁਹਾਡਾ ਪ੍ਰੇਮ ਪੱਤਰ ਮਿਲਿਆ। ਕਰਤਾਰ ਨੇ ਚੰਗੇ ਮੌਕੇ 'ਤੇ ਆਪਣੇ ਇਕੱਠੇ ਹੋਣ ਲਈ ਜ਼ਮੀਨ ਦੇ ਦਿੱਤੀ ਹੈ। ਸਤਿਗੁਰੂ ਦੇ ਹੁਕਮ ਦੁਆਰਾ ਛੇਤੀ ਇਕੱਠੇ ਹੋ ਕੇ ਸਤਿਗੁਰੂ ਸੱਚੇ ਪਾਤਸ਼ਾਹ ਦੀ ਸਾਧ-ਸੰਗਤ ਅਤੇ ਸ਼ਬਦ ਦੁਆਰਾ ਸਹੀ ਸ਼ਾਂਤੀ, ਸੰਤੋਖ ਤੇ ਆਤਮ-ਪਦ ਦੇ ਰਸਤੇ 'ਤੇ ਤੁਰਨ ਦਾ ਸਮਾਂ ਮਿਲ ਜਾਵੇਗਾ।"

ਸੰਤ ਜੀ ਮਹਾਰਾਜ ਸਭ ਨੂੰ ਖੇਤੀ ਦੀ ਸੇਵਾ ਕਰਨ ਲਈ ਕਹਿੰਦੇ, "ਭਾਈ! ਇਸ ਪਿੰਡ ਦੀ ਜ਼ਮੀਨ ਤੁਹਾਡੇ ਸੇਵਾ ਕਰਨ ਲਈ ਖ਼ਰੀਦੀ ਹੈ। ਗੁਰੂ ਨਾਨਕ ਸਾਹਿਬ ਨੇ ਲੰਗਰ ਚਲਾਉਣ ਲਈ ਕਰਤਾਰਪੁਰ ਆ ਕੇ ਸਭ ਨੂੰ ਖੇਤੀ ਕਰਨ ਹੀ ਲਾਇਆ ਸੀ।"

## ਮੁਜ਼ਾਰਿਆਂ ਨੂੰ ਮਲਕੀਅਤ ਦੇਣੀ

ਜਿਸ ਵੇਲੇ ਸੰਤ ਜੀ ੧੯੬੦ ਵਿੱਚ ਬੜੂ ਸਾਹਿਬ ਆਏ ਤਾਂ ਮੁਜ਼ਾਰਿਆਂ ਨੇ ਰਲ ਕੇ ਬੇਨਤੀ ਕੀਤੀ ਜ਼ਮੀਨ ਸਾਡੇ ਨਾਂ ਲਗਵਾ ਦਿਓ। ਉਹਨਾਂ ਨੇ ਕਚਹਿਰੀਆਂ ਵਿੱਚ ਅਰਜ਼ੀ ਵੀ ਦਿੱਤੀ ਸੀ। ਕਿਉਂਕਿ ਕਿਸੇ ਬਿਰਧ ਆਦਮੀ ਦੀ ਜ਼ਮੀਨ ਅਤੇ ਹੋਰ ਕਈ ਗੱਲਾਂ ਕਾਰਨ ਮੁਜ਼ਾਰੇ ਮਾਲਕ ਨਹੀਂ ਸਨ ਬਣ ਸਕਦੇ। ਕਚਹਿਰੀ ਵਿੱਚ ਜਾ ਕੇ ਭਾਈ ਉਮਰਾਓ ਸਿੰਘ ਸਰਕਾਰੀ ਕਰਮਚਾਰੀਆਂ ਨਾਲ ਗੱਲਬਾਤ ਕੀਤੀ ਤਾਂ ਮੁਜ਼ਾਰਿਆਂ ਦਾ ਕੇਸ ਨਾ ਬਣਿਆ। ਜਿਸ ਵੇਲੇ ਭਾਈ ਉਮਰਾਓ ਸਿੰਘ ਵਾਪਸ ਆਏ ਤਾਂ ਸੰਤ ਜੀ ਨੇ ਕਿਹਾ, "ਭਾਈ! ਇਹਨਾਂ ਨਾਲ ਫੈਸਲਾ ਕਰ ਲਿਆ ਹੈ। ਤਿੰਨ ਸਾਲ ਇਹ ਇਸੇ ਤਰ੍ਹਾਂ ਹਿੱਸਾ ਦਿੰਦੇ ਰਹਿਣਗੇ। ਉਸ ਪਿੱਛੋਂ ਇਹਨਾਂ ਨੂੰ ਮਾਲਕ ਬਣਾ ਦਿਆਂਗੇ। ਅਸੀਂ ਕਨੂੰਨ ਨੂੰ ਨਹੀਂ, ਇਹਨਾਂ ਦੀ ਭਲਾਈ ਮੁੱਖ ਰੱਖਣੀ ਹੈ। ਅਸੀਂ ਤਿੰਨ ਸਾਲ ਹੀ ਰਹਿਣਾ ਹੈ ਜੋ ਭਾਣਾ ਵਰਤਣਾ ਹੈ, ਉਹ ਤਿੰਨ ਸਾਲ ਦੇ ਅੰਦਰ ਵਰਤੇਗਾ, ਨਹੀਂ ਫਿਰ ਟਲ ਜਾਵੇਗਾ।" ਜਿਸ ਵੇਲੇ ਜ਼ਮੀਨ ਦਾ ਮੁਆਵਜ਼ਾ ਲੈਣ ਦੀ ਗੱਲ ਹੋਈ ਤਾਂ ਕਹਿਣ ਲੱਗੇ, "ਭਾਈ! ਇਹ ਗ਼ਰੀਬ ਕਿੱਥੋਂ ਪੈਸੇ ਲਿਆ ਕੇ ਦੇਣਗੇ। ਜੇ ਕਰਜ਼ਾ ਚੁੱਕ ਕੇ ਦੇਣਗੇ ਤਾਂ ਸਾਰੀ ਉਮਰ ਉਸੇ ਹੇਠਾਂ ਦੱਬੇ ਰਹਿਣਗੇ। ਇਹਨਾਂ ਨੂੰ ਬਿਨਾਂ ਮੁਆਵਜ਼ਾ ਜ਼ਮੀਨ ਦੇ ਦੇਵੋ। ਇਹ ਗੁਰੂ ਨਾਨਕ ਦਾ ਘਰ ਹੈ, ਅਸੀਂ ਇਹਨਾਂ ਗ਼ਰੀਬਾਂ ਨੂੰ ਉਜਾੜਨ ਨਹੀਂ ਆਏ ਬਲਕਿ ਵਸਾਉਣ ਆਏ ਹਾਂ।" ਉਸ ਮਿੱਥੇ ਦਿਨ ਪਿੱਛੋਂ ਵਟਾਈ ਲੈਣੀ ਬੰਦ ਕਰ ਦਿੱਤੀ। ਮਰਜ਼ੀ ਨਾਲ ਆਪਣੀ ਕਮਾਈ ਵਿੱਚੋਂ ਦਸਵੰਧ ਮੁਜ਼ਾਰੇ ਦਿੰਦੇ ਹਨ।

## ਭਾਈ ਉਮਰਾਓ ਸਿੰਘ ਜੀ

ਭਾਈ ਉਮਰਾਓ ਸਿੰਘ ਜੀ ਦਾ ਸੰਤ ਜੀ ਨਾਲ ਬਹੁਤ ਪੁਰਾਣਾ ਪਿਆਰ ਬਣਿਆ ਹੋਇਆ ਸੀ। ਸੰਤ ਜੀ ੧੯੨੯-੩੦ ਈਸਵੀ ਵਿੱਚ ਲਾਇਲਪੁਰ ਗਏ। ਉੱਥੇ ਸਿੰਘ ਸਭਾ ਦੇ ਗੁਰਦੁਆਰੇ ਕਥਾ ਕੀਤੀ ਤਾਂ ਸਰਦਾਰ ਸਾਹਿਬ ਦੇ ਮਨ ਵਿੱਚ ਇਹਨਾਂ ਨੂੰ ਘਰ ਬੁਲਾ ਕੇ ਖੁੱਲ੍ਹੇ ਦਰਸ਼ਨ ਕਰਨ ਦਾ ਚਾਉ ਪੈਦਾ ਹੋਇਆ। ਸੰਤ ਜੀ ਸ਼ਾਮ ਦੇ ਖਾਣੇ 'ਤੇ ਆਏ ਅਤੇ ਹੋਰ ਸਿੱਖਿਆ ਦੇਣ ਦੇ ਨਾਲ ਇਹ ਵੀ ਕਿਹਾ, "ਭਾਈ! ਸ੍ਰੀ ਗੁਰੂ

ਗ੍ਰੰਥ ਸਾਹਿਬ ਜੀ ਦੀ ਬੀੜ ਦਾ ਘਰ ਪ੍ਰਕਾਸ਼ ਕਰਿਆ ਕਰੋ। ਇਸ ਦਾ ਪਾਠ ਪ੍ਰੇਮ ਨਾਲ ਕਰਿਆ ਕਰੋ। ਇਹ ਦੀਨ-ਦੁਨੀਆਂ ਦੇ ਸਹਾਈ ਹੁੰਦੇ ਹਨ।" ਸਰਦਾਰ ਸਾਹਿਬ ਉਸੇ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਲੈ ਆਏ ਅਤੇ ਜਿੱਥੇ-ਕਿੱਥੇ ਵੀ ਗਏ, ਉਹ ਬੀੜ ਸਾਥ ਹੀ ਰੱਖੀ। ੧੯੪੭ ਈਸਵੀ ਦੇ ਪਾਕਿਸਤਾਨ ਬਣਨ ਵੇਲੇ ਇਸ ਬੀੜ ਸਾਹਿਬ ਨੂੰ ਤਾਂ ਨਾਲ ਲੈ ਆਏ ਪਰ ਘਰ ਦੇ ਸਮਾਨ ਦੀ ਪ੍ਰਵਾਹ ਨਾ ਕਰਦਿਆਂ ਜਗ੍ਹਾ ਥੋੜ੍ਹੀ ਹੋਣ ਕਾਰਨ ਉੱਥੇ ਹੀ ਛੱਡ ਆਏ। ਆਉਣ ਲੱਗਿਆਂ ਇਹਨਾਂ 'ਤੇ ਬਾਕੀ ਕਾਫਲਿਆਂ ਵਾਂਗ ਬਹੁਤ ਹੱਲੇ ਹੋਏ ਪਰ ਪਰਮਾਤਮਾ ਦੀ ਕਿਰਪਾ ਇਹ ਰਾਤ ਤੋਂ ਪਹਿਲਾਂ ਹਿੰਦੁਸਤਾਨ ਸਹੀ ਸਲਾਮਤ ਆ ਗਏ। ਪਹਿਲਾਂ ਉੱਥੋਂ ਲੰਘਣ ਵਾਲੇ ਕਾਫਲੇ ਖ਼ਤਮ ਕਰ ਦਿੱਤੇ ਗਏ ਸਨ। ਭਾਈ ਉਮਰਾਓ ਸਿੰਘ ਇਹ ਬਚਾਉ ਦਾ ਕਾਰਨ ਹਾਜ਼ਰਾ-ਹਜ਼ੂਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਹੀ ਮੰਨਦੇ ਹਨ। ਇਹ ਬੀੜ ਜਿਸ ਵੇਲੇ ਬੜੂ ਸਾਹਿਬ ਆਏ ਤਾਂ ਉੱਥੇ ਪ੍ਰਕਾਸ਼ ਕਰ ਦਿੱਤੀ।

੧੯੫੫ ਈਸਵੀ ਵਿੱਚ ਭਾਈ ਉਮਰਾਓ ਸਿੰਘ ਨੇ ਪਾਠ ਰੱਖਵਾਇਆ ਅਤੇ ਉਹ ਚਾਹੁੰਦੇ ਸਨ ਕਿ ਸੰਤ ਜੀ ਵੀ ਉਸ ਵਿੱਚ ਸ਼ਾਮਲ ਹੋਣ। ਉਸ ਵੇਲੇ ਇਹ ਹਾਂਸੀ ਡਿਪਟੀ ਡਾਇਰੈਕਟਰ ਐਗਰੀਕਲਚਰ ਹੁੰਦੇ ਸਨ। ਉੱਥੇ ਹੀ ਭਾਈ ਇਕਬਾਲ ਸਿੰਘ ਜੀ ਸਨ, ਜੋ ਸੰਤ ਜੀ ਦੇ ਬਹੁਤ ਪ੍ਰੇਮੀ ਸਨ। ਭਾਈ ਉਮਰਾਓ ਸਿੰਘ ਦਾ ਸੰਤ ਜੀ ਨਾਲ ਦੁਬਾਰਾ ਮੇਲ ਇਹਨਾਂ ਦੀ ਰਾਹੀਂ ਹੋਇਆ।

ਸੰਤ ਜੀ ਉਹਨਾਂ ਦੇ ਘਰ ਗਏ। ਇਹ ਸੰਤ ਜੀ ਦੇ ਥਾਪੜੇ ਦੀ ਕਿਰਪਾ ਸੀ ਕਿ ਜਿਸ ਝੂਠੀ ਸ਼ਿਕਾਇਤ 'ਤੇ ਇਹਨਾਂ ਨੂੰ ਸਸਪੈਂਡ ਕੀਤਾ ਗਿਆ ਸੀ, ਉਸ ਨੇ ਇਹਨਾਂ ਦੀ ਰਿਟਾਇਰਮੈਂਟ ਪਿੱਛੇ ਪਾ ਦਿੱਤੀ। ਜਿੱਥੇ ਇਹਨਾਂ ਨੂੰ ਮੁਕੱਦਮੇ ਦਾ ਖ਼ਰਚਾ ਮਿਲਿਆ ਅਤੇ ਸਾਲ ਤੋਂ ਵੱਧ ਨੌਕਰੀ ਹੋ ਜਾਣ ਕਰਕੇ ਪੈਨਸ਼ਨ ਵੀ ਵੱਧ ਗਈ। ਉੱਥੇ ਜਿਸ ਆਦਮੀ ਤੋਂ ਝੂਠੀ ਸ਼ਿਕਾਇਤ ਕਰਵਾਈ ਸੀ, ਉਸ ਦੇ ਨੌਕਰੀ ਤੋਂ ਬਰਖ਼ਾਸਤ ਕਰਨ ਦਾ ਫੈਸਲਾ ਜੱਜ ਨੇ ਦੇ ਦਿੱਤਾ। ਸਰਦਾਰ ਸਾਹਿਬ ਸਮਝਦੇ ਸਨ ਕਿ ਸੰਤ ਜੀ ਦਾ ਹੁਕਮ ਮੰਨਣ ਕਰਕੇ ਇਹ ਸਭ ਉਸ ਅਕਾਲ ਪੁਰਖ ਦੀ ਹੀ ਬਖ਼ਸ਼ਿਸ਼ ਸੀ।

**ਮਃ ੫ ॥**

**ਰਖੇ ਰਖਣਹਾਰਿ ਆਪਿ ਉਬਾਰਿਅਨੁ ॥**
**ਗੁਰ ਕੀ ਪੈਰੀ ਪਾਇ ਕਾਜ ਸਵਾਰਿਅਨੁ ॥**
**ਹੋਆ ਆਪਿ ਦਇਆਲੁ ਮਨਹੁ ਨ ਵਿਸਾਰਿਅਨੁ ॥**
**ਸਾਧ ਜਨਾ ਕੈ ਸੰਗਿ ਭਵਜਲੁ ਤਾਰਿਅਨੁ ॥**
**ਸਾਕਤ ਨਿੰਦਕ ਦੁਸਟ ਖਿਨ ਮਾਹਿ ਬਿਦਾਰਿਅਨੁ ॥**
**ਤਿਸੁ ਸਾਹਿਬ ਕੀ ਟੇਕ ਨਾਨਕ ਮਨੈ ਮਾਹਿ ॥**
**ਜਿਸੁ ਸਿਮਰਤ ਸੁਖੁ ਹੋਇ ਸਗਲੇ ਦੂਖ ਜਾਹਿ ॥੨॥ (੫੧੭)**

ਨੌਕਰੀ ਮੁਕਤ ਹੋਣ ਪਿੱਛੋਂ ਇਹ ਸੰਤ ਜੀ ਮਹਾਰਾਜ ਦਾ ਹੁਕਮ ਮੰਨ ਬੜੂ ਸਾਹਿਬ ਦੀ ਸੇਵਾ ਵਿੱਚ

ਲੱਗੇ ਰਹੇ। ਅਕਾਲ ਪੁਰਖ ਦੇ ਹੁਕਮ ਵਿੱਚ ੧੯੯੮ ਈਸਵੀ ਵਿੱਚ ਅੰਮ੍ਰਿਤਸਰ ਚੜ੍ਹਾਈ ਕਰ ਗਏ।

## ਭਾਈ ਆਸਾ ਸਿੰਘ, ਭਾਈ ਹਰਭਜਨ ਸਿੰਘ ਅਤੇ ਭਾਈ ਸੰਤੋਖ ਸਿੰਘ (ਜ਼ਬਾਨੀ ਭਾਈ ਹਰਬੰਸ ਸਿੰਘ)

ਗਿਆਨੀ ਸੰਤੋਖ ਸਿੰਘ ਹੋਰੀਂ ਅਤੇ ਇਹਨਾਂ ਦੇ ਰਿਸ਼ਤੇਦਾਰ ਮੁਲਤਾਨ ਤੋਂ ਨਿਕਲ ਕੇ ੧੯੪੭ ਈਸਵੀ ਵਿੱਚ ਪਾਉਂਟੇ ਸਾਹਿਬ ਆ ਟਿਕੇ। ਹੋਰ ਵੀ ਸੰਗਤਾਂ ਇੱਥੇ ਆਈਆਂ ਸਨ। ਗਿਆਨੀ ਜੀ ਨੇ ਸ਼ਾਮ ਨੂੰ ਸੂਰਜ-ਪ੍ਰਕਾਸ਼ ਦੀ ਰੋਜ਼ ਕਥਾ ਕਰਨੀ ਸ਼ੁਰੂ ਕਰ ਦਿੱਤੀ। ਇਕ ਦਿਨ ਗਿਆਨੀ ਜੀ ਤੇ ਸੰਤ ਜੀ ਮਹਾਰਾਜ ਇੱਕਠੇ ਡਿਊੜੀ ਪਾਸ ਪਹੁੰਚੇ ਤਾਂ ਗਿਆਨੀ ਜੀ ਨੇ ਸੰਤ ਜੀ ਨੂੰ ਮੱਥਾ ਟੇਕਿਆ। ਸੰਤ ਜੀ ਤਾਂ ਚਲੇ ਗਏ, ਪਰ ਨਿਹੰਗ ਸਿੰਘ ਜੋ ਨੇੜੇ ਖੜ੍ਹੇ ਸਨ ਨੇ ਗਿਆਨੀ ਜੀ ਨੂੰ ਘੇਰ ਕੇ ਪੁੱਛਿਆ ਭਾਈ ਅੰਮ੍ਰਿਤਧਾਰੀ ਸਿੰਘ ਹੋ, ਗੁਰਦੁਆਰੇ ਕਥਾ ਕਰਦੇ ਹੋ ਤੇ ਫਿਰ ਦੇਹ ਧਾਰੀ ਨੂੰ ਮੱਥਾ ਕਿਉਂ ਟੇਕਿਆ? ਗਿਆਨੀ ਜੀ ਨੇ ਕਿਹਾ ਇਹ ਗੱਲ ਤਾਂ ਬੈਠ ਕੇ ਸਮਝਣ ਤੇ ਫੈਸਲਾ ਕਰਨ ਵਾਲੀ ਹੈ। ਦੁਪਹਿਰੇ ਸਾਰੇ ਇੱਕਠੇ ਹੋ ਜਾਵੋ, ਸਾਰੇ ਰੱਲ ਕੇ ਵਿਚਾਰਾਂਗੇ। ਇਹ ਗੱਲ ਸੰਤ ਜੀ ਪਾਸ ਵੀ ਜਾ ਪਹੁੰਚੀ ਕਿ ਗਿਆਨੀ ਜੀ ਨੂੰ ਨਿਹੰਗ ਸਿੰਘਾਂ ਨੇ ਘੇਰ ਲਿਆ ਹੈ। ਸੰਤ ਜੀ ਨੇ ਉੱਤਰ ਦਿੱਤਾ, "ਪੂਰੇ ਗੁਰੂ ਦਾ ਸਿੱਖ ਹੈ, ਉਹ ਵਿਚਾਰੇ ਕੀ ਕਰ ਸਕਦੇ ਹਨ।"

ਨੀਯਤ ਸਮੇਂ ਤੇ ਸਭ ਇੱਕਠੇ ਹੋਏ ਅਤੇ ਗਿਆਨੀ ਜੀ ਨੇ ਕਿਹਾ, ਮੈਂ ਵਿਚਾਰ ਉਸ ਨਾਲ ਕਰਾਂਗਾ, ਜੋ ਗੁਰੂ ਵਾਲਾ ਹੈ, ਨਿਗੁਰੇ ਨਾਲ ਨਹੀਂ। ਇਹ ਗੱਲ ਕਰਕੇ ਪੁੱਛਿਆ ਗੁਰੂ ਗੋਬਿੰਦ ਸਿੰਘ ਜੀ ਦਾ ਹੁਕਮ ਮੰਨਦੇ ਹੋ? ਉਹਨਾਂ ਗੁਰਗੱਦੀ ਕਿਸ ਨੂੰ ਦਿੱਤੀ? ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ, ਗੁਰਬਾਣੀ ਨੂੰ ਗੁਰੂ ਮੰਨ ਕੇ ਉਸ ਅਨੁਸਾਰ ਚੱਲਣਾ ਠੀਕ ਹੈ ਨਾ? ਸਭ ਨੇ ਉੱਤਰ ਦਿੱਤਾ ਹਾਂ ਜੀ। ਗਿਆਨੀ ਜੀ ਨੇ ਕਿਹਾ, "ਭਾਈ ਗੁਰਬਾਣੀ ਹੁਕਮ ਕਰਦੀ ਹੈ, **"ਜੋ ਦੀਸੈ ਗੁਰਸਿਖੜਾ ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ ॥" (੭੬੩)** ਮੈਨੂੰ ਉਸ ਫਕੀਰ ਵਿੱਚ ਪਰਮਾਤਮਾ ਦੀਆਂ ਝਲਕਾਂ ਆਈਆਂ ਮੈਂ ਮੱਥਾ ਟੇਕ ਦਿੱਤਾ।" ਇਹ ਗੱਲ ਸੁਣ ਕੇ ਸਾਰੇ ਚੁੱਪ ਕਰਕੇ ਖਿਸਕ ਗਏ ਤੇ ਬਸ ਗੱਲ ਮੁੱਕ ਗਈ।

ਆਪਣੇ ਪਿੰਡ ਰਹਿੰਦਿਆਂ ਗਿਆਨੀ ਸੰਤੋਖ ਸਿੰਘ ਨੂੰ ਸੁਪਨਾ ਆਇਆ (੧੯੬●) ਕਿ ਸੰਤ ਅਤਰ ਸਿੰਘ ਜੀ ਮਹਾਰਾਜ ਪਿੰਡ ਆਏ ਹਨ। ਗਿਆਨੀ ਜੀ ਨੇ ਮੱਥਾ ਟੇਕਿਆ ਤੇ ਦੱਸਿਆ ਬੜੀ ਕਿਰਪਾ ਕੀਤੀ ਹੈ, ਆਪ ਹੀ ਚਲ ਕੇ ਆ ਗਏ ਹੋ, ਤੁਹਾਡੇ ਦਰਸ਼ਨਾਂ ਦੀ ਦੇਰ ਤੋਂ ਇੱਛਾ ਸੀ। ਉਹਨਾਂ ਦੀ ਡੀਲ-ਡੋਲ ਸੰਤਾਂ ਨੂੰ ਦੱਸੀ। ਸੰਤ ਜੀ ਨੇ ਪ੍ਰੋੜ੍ਹਤਾ ਕੀਤੀ ਕਿ ਜੋ ਸਰੂਪ ਸੁਪਨੇ ਵਿੱਚ ਗਿਆਨੀ ਜੀ ਨੂੰ ਵਿਖਾਈ ਦਿੱਤਾ ਸੀ ਉਸੇ ਤਰ੍ਹਾਂ ਦਾ ਹੀ ਸੰਤ ਜੀ ਦਾ ਸਰੂਪ ਸੀ। ਗਿਆਨੀ ਜੀ ਅੱਗੇ ਦੱਸਦੇ ਗਏ, "ਮੈਂ ਤੁਹਾਨੂੰ ਇਹਨਾਂ ਦਾ ਸਰੂਪ ਜਾਣ ਕੇ ਮੱਥਾ ਟੇਕਿਆ ਸੀ।" ਇਸ ਪਿੱਛੋਂ ਸਾਡੇ ਹੋਰ ਸਬੰਧੀਆਂ ਭਾਈ ਆਸਾ ਸਿੰਘ, ਭਾਈ ਹਰਭਜਨ ਸਿੰਘ ਜੀ ਦਾ ਵੀ ਸੰਤ ਜੀ ਨਾਲ ਪ੍ਰੇਮ ਹੋ ਗਿਆ।

ਸਾਡੀ ਭੈਣ ਨਾਂਗਲੇ ਸਾਡੇ ਪਾਸ ਰਹਿੰਦੀ ਸੀ। ਬਿਮਾਰੀ ਨਹੀਂ ਸੀ ਹੱਟਦੀ। ਅਸੀਂ ਬੀਬੀ ਨੂੰ ਆਪਣੇ ਸਹੁਰੇ ਘਰ ਛੱਡਣ ਆਏ ਸਾਂ ਕਿ ਆਪਣੇ ਸਹੁਰੇ ਘਰ ਜਾ ਕੇ ਮਰੇ। ਇਸ ਵੇਲੇ ਸੰਤ ਜੀ ਨੂੰ ੧੯੬੨ ਈਸਵੀ ਵਿੱਚ ਮਿਲੇ। ਸੰਤ ਜੀ ਪਾਸ ਆ ਕੇ ਸਾਡੀ ਮਾਤਾ ਜੀ ਨੇ ਬੇਨਤੀ ਕੀਤੀ, ਉਹਨਾਂ ਕਿਹਾ ਭਾਈ ਦੁੱਖ-ਸੁੱਖ ਭੋਗਣਾ ਪੈਂਦਾ ਹੈ। ਇਲਾਜ਼ ਕਰਵਾਉ। ਮੈਂ ਤਾਂ ਚੰਗਾ ਜੀ ਕਹਿ ਦਿੱਤਾ ਪਰ ਮੇਰੇ ਮਾਤਾ ਜੀ ਚਰਨਾਂ ਤੇ ਸਿਰ ਰੱਖਕੇ ਰੋਂਦੇ ਹੀ ਰਹੇ। ਸੰਤ ਜੀ ਨੇ ਕੁਝ ਚਿਰ ਨੇਤਰ ਬੰਦ ਕਰਕੇ ਖੋਹਲੇ ਤੇ ਉਹਨਾਂ ਨੂੰ ਬਾਂਹ ਤੋਂ ਫੜ੍ਹਕੇ ਪਰੇ ਕਰਦਿਆਂ ਕਿਹਾ, "ਜਾਹ ਤੇਰੀ ਧੀ ਦਾ ਘਰ ਰੱਖ ਲਿਆ।" ਇਹ ਗੱਲ ਕਹਿ ਕੇ ਉਹਨਾਂ ਦੇ ਇਕ ਨੇਤਰ ਵਿੱਚੋਂ ਪਾਣੀ ਵੱਗਣ ਲੱਗ ਪਿਆ ਅਤੇ ਬੀਬੀ ਪ੍ਰੀਤਮ ਕੌਰ ਨੂੰ ਕਿਹਾ ਅੱਜ ਸੁਖਮਨੀ ਸਾਹਿਬ ਦਾ

ਪਾਠ ਇੱਕ ਹੋਰ ਕਰਨਾ ਹੈ। ਅਸੀਂ ਬੀਬੀ ਨੂੰ ਉਸ ਦੇ ਸਹੁਰੇ ਘਰ ਛੱਡਣ ਜਾਣਾ ਸੀ। ਸੰਤ ਜੀ ਨੂੰ ਬੇਨਤੀ ਕੀਤੀ ਕਿ ਉਹ ਲੜਦੇ ਹਨ ਤੇ ਤੰਗ ਕਰਦੇ ਹਨ ਦੱਸੋ ਕੀ ਕਰੀਏ? ਕਹਿਣ ਲੱਗੇ ਜਾਉ ਛੱਡ ਆਉ ਹੁਣ ਨਹੀਂ ਲੜਣਗੇ। ਘਰ ਜਾ ਕੇ ਪਤਾ ਲੱਗਿਆ ਕਿ ਸਾਡੀ ਭੈਣ ਦਾ ਘਰ ਵਾਲਾ ਸੁਹਾਗਾ ਦੇ ਰਿਹਾ ਸੀ। ਸਾਢੇ ਗਿਆਰਾਂ ਵਜੇ ਬਿਜਲੀ ਡਿੱਗੀ, ਬੈਲ ਮਰ ਗਏ ਉਸ ਦੀਆਂ ਲੱਤਾਂ ਸੁੰਨ ਹੋ ਗਈਆਂ। ਕਹਿੰਦਾ ਸੀ ਕਿ ਮੈਨੂੰ ਇੱਕ ਚਿੱਟੇ ਦਾਹੜੇ ਵਾਲੇ ਅਤੇ ਚਿੱਟੇ ਬਸਤਰਾਂ ਵਾਲੇ ਸੰਤ ਨੇ ਛਾਤੀ ਤੇ ਹੱਥ ਮਾਰ ਕੇ ਧੱਕਾ ਦੇ ਕੇ ਪਿੱਛੇ ਸੁੱਟ ਦਿੱਤਾ ਤੇ ਬਚਾ ਲਿਆ ਹੈ। ਫਿਰ ਸੰਤ ਜੀ ਦੇ ਕਹੇ ਸ਼ਬਦ ਜਾਹ ਤੇਰੀ ਧੀ ਦਾ ਘਰ ਰੱਖ ਲਿਆ ਸਮਝ ਆਏ।

ਇਕ ਵਾਰੀ ਇੱਕ ਮਾਈ ਗੁੜ ਦੀ, ਕੱਚੇ ਜੇਹੇ ਆਟੇ ਦੀ ਪੰਜੀਰੀ ਲੈ ਕੇ ਆਈ। ਸੰਤ ਜੀ ਨੇ ਪੁੱਛਿਆ ਮਾਈ ਕੀ ਹੈ? ਮਾਈ ਨੇ ਇਹ ਉੱਤਰ ਦਿੱਤਾ, "ਜੀ ਕੁਝ ਨਹੀਂ ਗਰੀਬਾਂ ਦਾ ਕੀ ਹੁੰਦਾ ਹੈ। ਚੁੱਪ ਕਰ ਗਈ। ਸੰਤ ਜੀ ਨੇ ਕਿਹਾ ਕਿ ਭਾਈ ਨਾਮ ਜਪਣ ਵਾਲਿਆਂ ਦਾ ਹੀ ਸਭ ਕੁਝ ਹੈ। ਉਹ ਹੀ ਸਭ ਤੋਂ ਵੱਡੇ ਹੁੰਦੇ ਹਨ। ਮੈਂ ਪੰਜੀਰੀ ਵੇਖ ਕੇ ਟੁਰ ਚੱਲਿਆ ਕਿ ਸੰਤ ਜੀ ਮੈਨੂੰ ਨਾ ਦੇਣ ਕਿਉਂਕਿ ਗੁੜ ਵਾਲੀ ਚੀਜ਼ ਖਾ ਕੇ ਮੈਨੂੰ ਜੁਕਾਮ ਹੋ ਜਾਂਦਾ ਸੀ। ਸੰਤ ਜੀ ਨੇ ਜਾਣ ਤੋਂ ਰੋਕ ਲਿਆ। ਤੀਜਾ ਹਿੱਸਾ ਪੰਜੀਰੀ ਮਾਈ ਨੂੰ ਦਿੱਤੀ। ਕੁੱਝ ਆਪ ਖਾਧੀ, ਬਾਕੀ ਮੈਨੂੰ ਦੇ ਕੇ ਕਿਹਾ, "ਸਾਰੀ ਖਾ ਕੇ ਬਾਟੀ ਮਾਂਜ ਮਾਈ ਨੂੰ ਦੇਹ।" ਫਿਰ ਆਪ ਹੀ ਦੱਸਿਆ, "ਭਾਈ! ਇਸ ਮਾਈ ਨੇ ਨਾਮ-ਜਪਦੀ ਨੇ ਪਿਆਰ ਨਾਲ ਬਣਾਈ ਹੈ। ਇਹ ਖਾਣ ਨਾਲ ਸਭ ਰੋਗ ਟੁੱਟਦੇ ਹਨ।" (ਮੈਨੂੰ ਮੁੜ ਕੇ ਕਦੇ ਜੁਕਾਮ ਦੀ ਤਕਲੀਫ਼ ਘੱਟ ਹੀ ਹੋਈ ਹੈ) ਅੱਗੋ ਮਾਈ ਨੇ ਭੋਲੇਪਨ ਵਿੱਚ ਫਿਰ ਕਿਹਾ, "ਮੈਨੂੰ ਕੁੱਝ ਆਉਂਦਾ ਨਹੀਂ ਵਾਹਿਗੁਰੂ ਜੀ ਆਪ ਜੋ ਕਰਦੇ ਹਨ ਉਹ ਜਾਨਣ।"



ਤਪੋ ਭੂਮੀ ਬੜੂ ਸਾਹਿਬ ਵਿਖੇ ਸੰਤ ਤੇਜਾ ਸਿੰਘ ਜੀ ਸੰਗਤ ਨਾਲ (ਅਗਸਤ 1960)

# ਕਾਂਡ ੩੩

ਸੂਹੀ ਮਹਲਾ ੫ ॥

ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ ॥
ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ ॥੧॥
ਸੰਤਹੁ ਸਾਗਰੁ ਪਾਰਿ ਉਤਰੀਐ ॥
ਜੇ ਕੋ ਬਚਨੁ ਕਮਾਵੈ ਸੰਤਨ ਕਾ ਸੋ ਗੁਰ ਪਰਸਾਦੀ ਤਰੀਐ ॥੧॥ ਰਹਾਉ॥
ਕੋਟਿ ਤੀਰਥ ਮਜਨ ਇਸਨਾਨਾ ਇਸੁ ਕਲਿ ਮਹਿ ਮੈਲੁ ਭਰੀਜੈ ॥
ਸਾਧਸੰਗਿ ਜੋ ਹਰਿ ਗੁਣ ਗਾਵੈ ਸੋ ਨਿਰਮਲੁ ਕਰਿ ਲੀਜੈ ॥੨॥
ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ ਇਨ੍ ਪੜਿਆ ਮੁਕਤਿ ਨ ਹੋਈ ॥
ਏਕੁ ਅਖਰੁ ਜੋ ਗੁਰਮੁਖਿ ਜਾਪੈ ਤਿਸ ਕੀ ਨਿਰਮਲ ਸੋਈ ॥੩॥
ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ ॥
ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ ਘਟਿ ਘਟਿ ਨਾਨਕ ਮਾਝਾ ॥੪॥੩॥੫੦॥ (੭੪੭)

## ਸੰਤ ਜੀ ਮਹਾਰਾਜ ਦੇ ਉੱਘੇ ਸੇਵਕ ਅਤੇ ਚੋਣਵੀਆਂ ਸਾਖੀਆਂ

### ਬਾਬਾ ਜੰਗ ਸਿੰਘ ਜੀ

ਗੁਰਦੁਆਰਾ ਨਾਨਕਸਰ ਚੀਮਾਂ ਦਾ ਕੋਟ ਕੱਢਣ ਵੇਲੇ ਸੰਤ ਜੀ ਨੂੰ ਜਿਸ ਕਿਸੇ ਪੁੱਛਿਆ ਕਿ ਕੋਟ ਬਹੁਤ ਵੱਡਾ ਹੈ ਤਾਂ ਕਹਿੰਦੇ, "ਭਾਈ! ਕੋਟ ਵੱਡਾ ਨਹੀਂ। ਸਮਾਂ ਆਵੇਗਾ ਇਤਨੇ ਵੱਡੇ ਦੀ ਹੀ ਲੋੜ ਪਵੇਗੀ। ਤੁਸੀਂ ਆਪਣੇ ਕਮਰੇ ਅੰਦਰ ਪਾ ਲਵੋ।" ਕਈਆਂ ਨੇ ਆਪਣੇ ਕਮਰੇ ਅੰਦਰ ਪਾ ਲਏ। ਭਾਈ ਜੰਗ ਸਿੰਘ ਨੇ ਲੰਗਰ ਦੇ ਲਾਗੇ ਆਪਣਾ ਇੱਕ ਕਮਰਾ ਬਣਾ ਲਿਆ ਅਤੇ ਉੱਥੇ ਹੀ ਰਹਿਣ ਲੱਗ ਪਿਆ। ਇਹ ਚੀਮੇਂ ਪਿੰਡ ਦਾ ਰਹਿਣ ਵਾਲਾ ਸੀ। ਗੁਰਦੁਆਰੇ ਦੀ ਸੇਵਾ ਵਿੱਚ ਆਉਣ ਤੋਂ ਪਹਿਲਾਂ ਇਸ ਨੇ ਦੱਸਿਆ ਕਿ ਸਾਡੇ ਪਿੰਡ ਵਿੱਚ ਦੋ ਪਾਰਟੀਆਂ ਸਨ। ਆਪਸ ਵਿੱਚ ਝਗੜੇ ਦੌਰਾਨ ਸਾਡੇ ਪਾਸੋਂ ਦੂਜੀ ਪਾਰਟੀ ਦਾ ਬੰਦਾ ਜਿਸ ਨੇ ਬਹੁਤ ਕਸੂਰ ਕੀਤੇ ਸਨ, ਮਾਰਿਆ ਗਿਆ। ਉਸ ਕੇਸ ਵਿੱਚ ਮੈਨੂੰ ਵੀਹ ਸਾਲ ਦੀ ਸਜ਼ਾ ਹੋ ਗਈ।

ਜ਼ੇਲ ਵਿੱਚ ਸੰਤ ਜੀ ਤੋਂ ਆਪਣੀ ਗਲਤੀ ਦੀ ਮੁਆਫ਼ੀ ਮੰਗੀ। ਮੇਰੇ ਇੱਕ ਸਾਥੀ ਨੂੰ ਸੁਪਨੇ ਵਿੱਚ ਰਾਤ ਨੂੰ ਸੰਤ ਅਤਰ ਸਿੰਘ ਜੀ ਹਾਥੀ 'ਤੇ ਚੜ੍ਹੇ ਵਿਖਾਈ ਦਿੱਤੇ। ਕੱਪੜੇ ਦੇ ਪੱਲੇ ਨਾਲ ਸੰਤ ਜੀ ਨੇ ਮੈਨੂੰ ਨੇੜੇ ਆਉਣ ਲਈ ਇਸ਼ਾਰਾ ਕੀਤਾ। ਇਹ ਸੁਣ ਕੇ ਮੈਨੂੰ ਵਿਸ਼ਵਾਸ ਹੋ ਗਿਆ ਕਿ ਮੈਂ ਛੁੱਟ ਜਾਵਾਂਗਾ।

ਅਗਲੇ ਹੀ ਦਿਨ ਸਵੇਰੇ ਬਰੀ ਕਰਨ ਦੀ ਚਿੱਠੀ ਆ ਗਈ। ਅਸੀਂ ਬਰੀ ਹੋ ਕੇ ਪਿੰਡ ਆ ਗਏ। ਜਿਨ੍ਹਾਂ ਦਾ ਅਸੀਂ ਬੰਦਾ ਮਾਰਿਆ ਸੀ, ਉਹਨਾਂ ਤੋਂ ਇਹ ਕਿਵੇਂ ਸਹਿਆ ਜਾਵੇ। ਉਸ ਪਾਰਟੀ ਵਾਲਿਆਂ ਮੈਨੂੰ ਤੇ ਮੇਰੇ ਸਾਥੀ ਨੂੰ ਕੁਝ ਦਿਨਾਂ ਪਿੱਛੋਂ ਬਦਲਾ ਲੈਣ ਦੀ ਭਾਵਨਾ ਨਾਲ ਘੇਰ ਲਿਆ ਤੇ ਮਾਰਨ ਲੱਗੇ। ਮੈਂ ਭੱਜ ਕੇ ਹੋਰ ਪਿੰਡ ਚਲਾ ਗਿਆ। ਮੇਰਾ ਸਾਥੀ ਸਰਵਣ ਸਿੰਘ ਮਾਰਿਆ ਗਿਆ।। ਇਸ ਗੱਲ ’ਤੇ ਸਰਵਣ ਸਿੰਘ ਦੇ ਸੰਬੰਧੀ ਵੀ ਮੇਰੇ ਨਾਲ ਨਰਾਜ਼ ਹੋ ਗਏ ਕਿ ਸਾਡੇ ਬੰਦੇ ਦੀ ਸਹਾਇਤਾ ਨਹੀਂ ਕੀਤੀ। ਦੂਜੀ ਪਾਰਟੀ ਵਾਲੇ ਤਾਂ ਮੈਨੂੰ ਪਹਿਲਾਂ ਹੀ ਮਾਰਨ ਨੂੰ ਫਿਰਦੇ ਸੀ। ਇਹ ਝਗੜਾ ਹੋਰ ਵੱਧਦਾ ਗਿਆ। ਕੁਝ ਚਿਰ ਪਿੱਛੋਂ ਚੰਦ ਸਿੰਘ ਦੇ ਘਰ ਅਸੀਂ ਕਈ ਆਦਮੀ ਇੱਕਠੇ ਬੈਠੇ ਸਾਂ, ਸ਼ਾਮ ਹੋ ਚੁੱਕੀ ਸੀ। ਦੁਸ਼ਮਨ ਪਾਰਟੀ ਨੇ ਹੈਂਡ ਗਰਨੇਡ ਸੁੱਟ ਦਿੱਤਾ। ਉਸ ਵਿੱਚ ਕਈ ਆਦਮੀ ਮਰੇ ਤੇ ਕਈ ਜ਼ਖਮੀ ਹੋਏ। ਉਹਨਾਂ ਵਿੱਚੋਂ ਕੇਵਲ ਮੈਂ ਹੀ ਬਚਿਆ।

ਭਾਈ ਜੰਗ ਸਿੰਘ ਨੂੰ ਪੂਰਨ ਵਿਸ਼ਵਾਸ ਹੋ ਗਿਆ ਕਿ ਸੰਤ ਜੀ ਦੇ ਨਿੰਦਕਾਂ ਨੂੰ ਸਦਾ ਦੁਖ ਹੀ ਹੁੰਦੇ ਹਨ ਅਤੇ ਮਹਾਂਪੁਰਖਾਂ ਦਾ ਕੋਈ ਕੁਝ ਨਹੀਂ ਵਿਗਾੜ ਸਕਦਾ। ਉਹ ਦੱਸਦੇ ਹਨ:

ਸੰਤ ਜੀ ਨੂੰ ਭਾਈ ਭਜਨ ਸਿੰਘ ਰੂਹਲ ਸ਼ਰਾਬ ਪੀ ਕੇ ਮਾੜਾ ਬੋਲਦਾ ਹੁੰਦਾ ਸੀ। ਬੁਰੇ ਕਰਮਾਂ ਦਾ ਫਲ ਬਾਕੀ ਲੋਕਾਂ ਵਾਂਗ ਇਸ ਨੂੰ ਵੀ ਮਿਲਿਆ। ਬੱਸ ਅੱਡੇ ਦੇ ਲਾਗੇ ਉਸ ਦੇ ਆਪਣੇ ਖੇਤ ਵਿੱਚ ਪਾਣੀ ਦੀ ਡੂੰਘੀ ਛੱਪੜੀ ਸੀ। ਨਸ਼ੇ ਵਿੱਚ ਮਸਤ ਹੋਇਆ ਛੱਪੜੀ ਵਿੱਚ ਡੁੱਬ ਕੇ ਮਰ ਗਿਆ।

ਇੱਕ ਵਾਰੀ ਅੰਮ੍ਰਿਤ ਵੇਲੇ ਅਸੀਂ ਸਿੰਘਾਪੁਰ ਵਾਲਿਆਂ ਦੀ ਦਿੱਤੀ ਕਾਰ ਵਿੱਚ ਦਿੱਲੀ ਨੂੰ ਜਾ ਰਹੇ ਸਾਂ। ਪਟਿਆਲੇ ਤੋਂ ਉਰੇ ਹੀ ਮੋਟਰ ਉਲਟ ਗਈ। ਸੱਟ ਕਿਸੇ ਦੇ ਨਾ ਵੱਜੀ। ਮੈਂ ਰੋਣ ਲਗ ਪਿਆ ਕਿ ਇਹ ਕੀ ਭਾਣਾ ਵਰਤਿਆ ਹੈ। ਸੰਤ ਜੀ ਕਹਿਣ ਲੱਗੇ, “ਭਾਈ! ਉਸ ਅਕਾਲ ਪੁਰਖ ਨੇ ਆਪ ਹੱਥ ਦੇ ਕੇ ਰੱਖਿਆ ਹੈ। ਜਾ ਤੂੰ ਲਾਗੇ ਦੇ ਪਿੰਡ ਤੋਂ ਆਦਮੀ ਲਿਆ ਕੇ ਕਾਰ ਸਿੱਧੀ ਕਰਵਾ।” ਮੈਂ ਪਿੰਡ ਦੇ ਗੁਰਦੁਆਰੇ ਗਿਆ। ਉੱਥੇ ਇੱਕ ਮਹਾਂਪੁਰਖ ਕੁਝ ਸਿੰਘਾਂ ਸਮੇਤ ਚਾਹ ਪੀ ਰਹੇ ਸਨ ਅਤੇ ਉਹਨਾਂ ਨੂੰ ਦੱਸ ਰਹੇ ਸਨ ਜੋ ਉਹਨਾਂ ਨੂੰ ਦ੍ਰਿਸ਼ ਵਿਖਾਈ ਦਿੱਤਾ। ਬਠਿੰਡੇ ਤੋਂ ਇੱਕ ਗੱਡੀ ਵਿੱਚ ਸਿੰਘ ਆ ਰਹੇ ਸਨ ਅਤੇ ਉਹਨਾਂ ਦੀ ਗੱਡੀ ਦਰਿਆ ਦੇ ਕੱਢੇ ’ਤੇ ਆ ਕੇ ਉਲਟ ਗਈ। ਉਹਨਾਂ ਵਿੱਚ ਇੱਕ ਮਹਾਂਪੁਰਖ ਸੀ। ਉਸ ਨੇ ਕਿਸੇ ਨੂੰ ਡੁੱਬਣ ਨਹੀਂ ਦਿੱਤਾ। ਜਦ ਮੈਂ ਆਪਣੀ ਗੱਲ ਦੱਸੀ ਤਾਂ ਕਿਹਾ ਕਿ ਅਸੀਂ ਭਾਈ ਤੁਹਾਡੀ ਹੀ ਗੱਲ ਦੱਸ ਰਹੇ ਸੀ। ਉਹਨਾਂ ਜਲ-ਪਾਣੀ ਦੀ ਸੇਵਾ ਕੀਤੀ। ਰਲ੍ਹ ਕੇ ਕਾਰ ਸਿੱਧੀ ਕਰਵਾ ਦਿੱਤੀ। ਅਸੀਂ ਸਾਰੇ ਦਿੱਲੀ ਨੂੰ ਚੱਲ ਪਏ।

ਜਿਸ ਵੇਲੇ ਜਨਮ ਅਸਥਾਨ ਦੀ ਸੇਵਾ ਚੱਲ ਰਹੀ ਸੀ ਮੇਰੇ ਭਾਣਜੇ ਦੀ ਸ਼ਾਦੀ ਆ ਗਈ, ਮੈਂ ਛੁੱਟੀ ਮੰਗੀ ਪਰ ਸੰਤ ਜੀ ਨੇ ਛੁੱਟੀ ਤੋਂ ਨਾਂਹ ਕਰ ਦਿੱਤੀ। ਸਖਤ ਬਚਨਾਂ ਵਿੱਚ ਕਿਹਾ ਕਿ ਤੂੰ ਕਦੋਂ ਸਮਝੇਂਗਾ। ਮੈਂ ਰੋਣ ਲੱਗ ਪਿਆ ਤੇ ਕਿਹਾ ਮੈਂ ਤਾਂ ਪਹਿਲਾਂ ਹੀ ਦੱਬਿਆ ਪਿਆ ਸੀ ਤੁਸੀਂ ਹੋਰ ਦਬਾ ਦਿੱਤਾ। ਉਸ ਵੇਲੇ ਸਮਝਾ ਕੇ ਆਖਿਆ, “ਬਿੱਲੀ ਚੂਹੇ ਨੂੰ ਤਾਂ ਖਾ ਜਾਂਦੀ ਹੈ, ਆਪਣੇ ਬੱਚੇ ਨੂੰ ਉਹਨਾਂ ਦੰਦਾਂ ਵਿੱਚ ਸੰਭਾਲ ਕੇ ਹੀ ਰੱਖਦੀ ਹੈ, ਮਾਂ-ਬਾਪ ਭਲੇ ਲਈ ਹੀ ਝਿੜਕਦੇ ਹਨ।” ਇਹ ਸਮਝਾ ਕੇ ਖੁਸ਼ ਹੋ ਕੇ ਛੁੱਟੀ ਦੇ ਦਿੱਤੀ। ਮੈਂ ਛੇਤੀ ਹੀ ਮੁੜ ਆਇਆ ਤੇ ਆ ਕੇ ਸੇਵਾ ਵਿੱਚ ਫਿਰ ਉਸੇ ਤਰ੍ਹਾਂ ਜੁੱਟ ਗਿਆ। ਹੁਣ ਬਾਬਾ ਜੰਗ ਸਿੰਘ ਜੀ ਚੜ੍ਹਾਈ ਕਰ ਗਏ ਹਨ।

## ਬਾਬਾ ਸੰਤੋਖ ਸਿੰਘ ਜੀ

ਬਾਬਾ ਸੰਤੋਖ ਸਿੰਘ ਜੀ ਦੱਸਦੇ ਹਨ ਕਿ ਪਾਕਿਸਤਾਨ ਬਣਨ ਵੇਲੇ ਅਸੀਂ ਲਾਇਲਪੁਰ ਤੋਂ ਕਾਫ਼ਲੇ ਨਾਲ ਆ ਰਹੇ ਸਾਂ। ਰਸਤੇ ਵਿੱਚ ਮੁਸਲਮਾਨ ਮੁਲਖਈਆ ਸਾਨੂੰ ਲੁੱਟਣ ਨੂੰ ਆ ਪਿਆ। ਕਾਫ਼ਲੇ ਵਿੱਚ ਚੰਗੇ ਬਹਾਦਰ ਸਿੰਘ ਸਨ ਅਤੇ ਸਾਡੇ ਪਾਸ ਅਸਲਾ ਵੀ ਕਾਫੀ ਸੀ ਅਸੀਂ ਡੱਟ ਕੇ ਮੁਕਾਬਲਾ ਕੀਤਾ। ਕਈ ਮੁਸਲਮਾਨ ਸਾਨੂੰ ਲੁੱਟਣ ਆਏ ਤੇ ਮਾਰੇ ਗਏ। ਡੱਟ ਕੇ ਲੜਣ ਦੀ ਥਾਂ ਥੋੜ੍ਹੇ ਚਿਰ ਵਿੱਚ ਹੀ ਇਹ ਮੁਲਖਈਆ ਭੱਜ ਗਿਆ ਅਤੇ ਆਪਣੀ ਸਹਾਇਤਾ ਲਈ ਜਾ ਕੇ ਬਾ-ਵਰਦੀ ਮੁਸਲਮਾਨ ਮਿਲਟਰੀ ਨੂੰ ਲੈ ਆਇਆ। ਫੌਜੀਆਂ ਨਾਲ ਲੜਨਾ ਅਸੀਂ ਠੀਕ ਨਾ ਸਮਝਿਆ। ਮਿਲਟਰੀ ਨੇ ਆ ਕੇ ਸਾਡਾ ਅਸਲਾ ਰੱਖਵਾ ਲਿਆ ਅਤੇ ਗੱਡੇ ਖਾਲੀ ਕਰਨ ਦਾ ਹੁਕਮ ਦਿੱਤਾ। ਇਹ ਭੀੜ ਬਣੀ ਵੇਖ ਕੇ ਮਨ ਅੰਦਰ ਪਰਮਾਤਮਾ ਅੱਗੇ ਅਰਦਾਸ ਕੀਤੀ ਕਿ ਹੇ ਅਕਾਲ ਪੁਰਖ! ਦਾਸ ਦੀ ਸਹਾਇਤਾ ਕਰੋ। ਇੱਥੋਂ ਬਚ ਕੇ ਜਾ ਕੇ ਦਾਸ ਛੇ ਮਹੀਨੇ ਗੁਰਦੁਆਰੇ ਦੀ ਸੇਵਾ ਕਰੇਗਾ। ਮੇਰੇ ਪਿੱਛੇ ਗੱਡੀ 'ਤੇ ਬੈਠੀ ਮੇਰੀ ਭਤੀਜੀ ਤੋਤਲੀ ਜਬਾਨ ਵਿੱਚ ਵਾਹਿਗੁਰੂ! ਵਾਹਿਗੁਰੂ! ਕਰ ਰਹੀ ਸੀ।

ਕਰਤਾਰ ਦੀ ਨੇਤ ਉਸੇ ਵੇਲੇ ਚਾਰ ਸਿੱਖ ਫੌਜੀ ਆਏ। ਉਹਨਾਂ ਨੇ ਗੱਡੇ ਖਾਲੀ ਕਰਵਾਉਣ ਦੇ ਸਰਕਾਰੀ ਹੁਕਮ ਦੀ ਚਿੱਠੀ ਪੁੱਛੀ ਅਤੇ ਗੱਡੇ ਰੋਕਣ ਦਾ ਕਾਰਨ ਪੁੱਛਿਆ ਤਾਂ ਮੁਸਲਮਾਨ ਫੌਜੀ ਸਾਨੂੰ ਉਸੇ ਤਰ੍ਹਾਂ ਛੱਡ ਕੇ ਚਲੇ ਗਏ ਅਤੇ ਅਸੀਂ ਗੱਡੇ ਲੈ ਕੇ ਰਾਜ਼ੀ-ਖੁਸ਼ੀ ਹਿੰਦੁਸਤਾਨ ਆ ਗਏ।

ਸੇਵਾ ਕਰਨ ਦਾ ਵਿਚਾਰ ਮਨ ਵਿੱਚ ਬੱਝ ਚੁੱਕਾ ਸੀ। ਸੰਤ ਤੇਜਾ ਸਿੰਘ ਜੀ ਕੁਰਾਲੀ ਆਏ। ਭਾਈ ਜਗੀਰ ਸਿੰਘ ਸਾਡੇ ਪਿੰਡ ਕਨੌੜਾ ਤੋਂ ਮੈਨੂੰ ਅਤੇ ਪੰਜ-ਸੱਤ ਹੋਰ ਸਿੱਖਾਂ ਨੂੰ ਨਾਲ ਲੈ ਕੇ ਦਰਸ਼ਨਾਂ ਲਈ ਆਇਆ। ਸਭ ਸੰਤ ਜੀ ਨੂੰ ਮੱਥਾ ਟੇਕਦੇ ਸਨ। ਮੈਂ ਅਕਾਲੀ ਸਾਂ, ਮਨ ਵਿੱਚ ਸੋਚਿਆ ਐਵੇਂ ਸਾਧ ਨੂੰ ਮੱਥਾ ਟੇਕਦੇ ਹਨ।

ਦੂਜੀ ਵਾਰ ਸੰਤ ਜੀ ਕਨੌੜੇ ਪਿੰਡ ਹੀ ਆਏ। ਮੈਂ ਵਾਜੇ ਨਾਲ ਸ਼ਬਦ ਪੜ੍ਹ ਲੈਂਦਾ ਸਾਂ, ਸੰਤ ਜੀ ਨੇ ਕਿਰਪਾ ਕੀਤੀ ਤੇ ਮੈਨੂੰ ਕੀਰਤਨ ਕਰਨ ਲਈ ਨਾਲ ਹੀ ਰੱਖ ਲਿਆ। ਦੋ ਹਫ਼ਤੇ ਸੰਤ ਜੀ ਨਾਲ ਦੌਰੇ ਰਹਿ ਕੇ ਘਰ ਆ ਗਿਆ। ਕੁਝ ਚਿਰ ਪਿੱਛੋਂ ਮਨ ਵਿੱਚ ਕੀਤਾ ਹੋਇਆ ਬਚਨ ਚੇਤੇ ਆਇਆ ਅਤੇ ਸੇਵਾ ਦਾ ਭਾਵ ਜਾਗਿਆ। ਛੇ ਮਹੀਨੇ ਦੀ ਸੇਵਾ ਪੂਰੀ ਕਰਨ ਲਈ ਚੱਲ ਪਿਆ ਪਰ ਆਪਣੇ ਸਾਥੀ ਦੇ ਕਹਿਣ 'ਤੇ ਅੰਬਾਲੇ ਤੋਂ ਹੀ ਮੁੜ ਆਇਆ। ਆਪਣੇ ਪਿੰਡ ਦੇ ਵਸਨੀਕ ਭਾਈ ਜਗੀਰ ਸਿੰਘ ਨੂੰ ਨਾਲ ਲੈ ਕੇ ੧੯੫੩ ਵਿੱਚ ਫਿਰ ਨਾਨਕਸਰ ਦਰਸ਼ਨ ਕਰਨ ਚੱਲ ਪਿਆ। ਇਸ ਵਾਰੀ ਗੁਰਦੁਆਰੇ ਪਹੁੰਚ ਕੇ ਉੱਥੇ ਹੀ ਰਹਿ ਪਿਆ। ਮੇਰਾ ਪਹਿਰਾ ਖੇਤੀ-ਬਾੜੀ ਦੀ ਦੇਖਭਾਲ, ਪਿੰਡ ਵਿੱਚ ਕੀਰਤਨ ਦੀ ਸੇਵਾ ਤੇ ਪਾਠ ਦਾ ਪ੍ਰਬੰਧ ਕਰਨ ਤੇ ਲੱਗ ਗਿਆ। ਕੁਝ ਚਿਰ ਪਿੱਛੋਂ ਮੇਰੀ ਭਤੀਜੀ ਦਾ ਵਿਆਹ ਸੀ। ਮੈਂ ਪਿੰਡ ਜਾਣ ਦੀ ਛੁੱਟੀ ਮੰਗੀ ਤਾਂ ਸੰਤ ਜੀ ਪੁੱਛਣ ਲੱਗੇ ਕਿ ਤੂੰ ਗੁਰਬਾਣੀ ਵਿੱਚ ਪੜ੍ਹਿਆ ਨਹੀਂ, "**ਅੰਦਰਹੁ ਜਿਨ ਕਾ ਮੋਹੁ ਤੁਟਾ ਤਿਨ ਕਾ ਸਬਦੁ ਸਚੈ ਸਵਾਰਿਆ॥**"(੯੧੭) ਇਸ ਤੁਕ ਨੂੰ ਅੰਦਰ ਵਸਾ ਲੈ। 'ਸਤਿ ਬਚਨ' ਕਹਿ ਕੇ ਸੇਵਾ ਵਿੱਚ ਲੱਗ ਗਿਆ।

ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਤੇ ਇੱਕ ਵਾਰੀ ਬੀਕਾਨੇਰ ਗਏ। ਉੱਥੋਂ ਅੱਗੇ ਕਲਾਇਤ ਗਏ। ਕਿਸੇ ਨੇ ਪੁੱਛਿਆ, "ਇੱਥੋਂ ਦੇ ਤੀਰਥ ਦੀ ਕੀ ਸਾਖੀ ਹੈ।" ਤਾਂ ਸੰਤ ਜੀ ਨੇ ਕਿਹਾ, "ਹਰ ਸਮੇਂ ਮਹਾਂਪੁਰਖ ਤਪ ਕਰਨ ਲਈ ਇਸ ਧਰਤੀ 'ਤੇ ਆਉਂਦੇ ਹਨ। ਪਿੱਛਲੇ ਯੁੱਗਾਂ ਵਿੱਚ ਚਾਰ ਆਦਮੀ ਆਏ। ਇੱਕ ਕਪਲ ਮੁਨੀ ਨੇ ਭਗਤੀ ਕੀਤੀ। ਦੂਜੇ ਗੌਤਮ ਇੱਥੇ ਆਇਆ, ਜੋ ਆਹ ਬੈਠਾ ਹੈ," ਤੇ ਨਾਲ ਹੀ ਆਪਣੇ ਵੱਲ ਨੂੰ ਉਂਗਲੀ ਕੀਤੀ।

ਅਸੀਂ ਸੰਤ ਜੀ ਨਾਲ ਬੀਕਾਨੇਰ ਤੋਂ ਜਦੋਂ ਛੋਟੀ ਗੱਡੀ ਵਿੱਚ ਵਾਪਸ ਆ ਰਹੇ ਸਾ ਤਾਂ ਉਸ ਦੇ ਡੱਬੇ ਦੇ ਦੋ ਪਹੀਏ ਥੱਲੇ ਉੱਤਰ ਗਏ, ਜੋ ਕਈ ਦੂਰ ਸਲੀਪਰਾਂ ਨੂੰ ਕੱਟ ਕੇ ਲੈ ਗਏ। ਜਿਸ ਵੇਲੇ ਗੱਡੀ ਖੜ੍ਹੀ ਹੋਈ ਸੀ, ਗਾਰਡ ਹੈਰਾਨ ਸੀ ਕਿ ਕਿਵੇਂ ਗੱਡੀ ਹਾਦਸੇ ਹੋਣ ਤੋਂ ਬੱਚ ਸਕਦੀ ਹੈ। ਉੱਥੇ ਇੱਕ ਭਗਵੇਂ ਕੱਪੜੇ ਵਾਲਾ ਆਦਮੀ ਕਹੀ ਜਾਂਦਾ ਸੀ ਕਿ ਸੰਤ ਜੀ ਨੇ ਰੱਖ ਲਏ ਹਨ। ਮੈਂ ਪਿੱਛੋਂ ਜਾ ਕੇ ਸੰਤ ਜੀ ਪਾਸ ਸੈਕਿੰਡ ਕਲਾਸ ਦੇ ਡੱਬੇ ਵਿੱਚ ਬੈਠਿਆਂ ਨੂੰ ਦੱਸਿਆ ਤਾਂ ਕਿਹਾ, "ਭਾਈ! ਉਹ ਅਕਾਲ ਪੁਰਖ ਦੀ ਖੇਡ ਹੈ।"

ਮਨ ਵੱਸ ਕਰਨਾ ਬਹੁਤ ਮੁਸ਼ਕਲ ਹੈ। ਕਈ ਵਾਰੀ ਕੋਈ ਨਾ ਕੋਈ ਬਹਾਨਾ ਬਣਾ ਕੇ ਗਲਤੀ ਕਰਵਾ ਹੀ ਦਿੰਦਾ ਹੈ। ਸੇਵਾ ਕਰਦਿਆਂ ਮੈਥੋਂ ਕਈ ਗਲਤੀਆਂ ਹੋਈਆਂ।

ਮੈਂ ਤੇ ਪ੍ਰੇਮ ਸਿੰਘ ਕਈ ਵਾਰੀ ਗੁਰਦੁਆਰੇ ਦੇ ਲੰਗਰ ਦਾ ਆਟਾ ਦੇਰ ਨਾਲ ਪੀਹਣ ਕਾਰਨ ਝਗੜ ਪੈਂਦੇ ਸਾਂ। ਇੱਕ ਵਾਰੀ ਮੈਨੂੰ ਗੁੱਸਾ ਆ ਗਿਆ ਤੇ ਕਿਹਾ, "ਪ੍ਰੇਮ ਸਿੰਘ! ਮੈਂ ਤਾਂ ਤੈਨੂੰ ਸਰੋਵਰ ਵਿੱਚ ਸੁੱਟ ਕੇ ਡੋਬ ਦੇਣਾ ਹੈ। ਉਸ ਨੇ ਸੰਤ ਜੀ ਪਾਸ ਸ਼ਿਕਾਇਤ ਕੀਤੀ। ਸੰਤ ਜੀ ਨੇ ਮੈਨੂੰ ਸੱਦ ਕੇ ਸਮਝਾਇਆ, "ਭਾਈ ਸੰਤੋਖ ਸਿੰਘ! ਇਹ ਮੰਦਰ ਇਸ ਦੀ ਢੋਲਕੀ ਨਾਲ ਬਣਿਆ ਹੈ ਇਸ ਨੂੰ ਬਹੁਤ ਦੁਰਕਾਰਿਆ ਹੈ ਪਰ ਇਸ ਨੇ ਗੁਰੂ ਘਰ ਨਹੀਂ ਛੱਡਿਆ। ਇਸ ਨਾਲ ਨਰਾਜ਼ ਨਹੀਂ ਹੋਣਾ।

ਫਿਰ ਸੰਤ ਜੀ ਨੇ ਕੋਇਟੇ ਦੇ ਗਰਕ ਹੋ ਜਾਣ ਦੀ ਘਟਨਾ ਦੱਸੀ। ਅਸੀਂ ਗੁਰਦੁਆਰੇ ਅੰਦਰ ਕਥਾ ਕਰ ਰਹੇ ਸਾਂ। ਭੁਚਾਲ ਆਇਆ ਤਾਂ ਸਭ ਲੋਕ ਗੁਰਦੁਆਰਾ ਛੱਡ ਕੇ ਬਾਹਰ ਹੋ ਗਏ। ਇਹ (ਪ੍ਰੇਮ ਸਿੰਘ) ਵੀ ਬਾਹਰ ਚਲਿਆ ਗਿਆ। ਅਸੀਂ ਤੇ ਇਕ ਬੀਬੀ ਬੈਠੇ ਰਹੇ। ਸਾਨੂੰ ਅੰਦਰ ਵੇਖ ਕੇ ਇਹ ਵੀ ਅੰਦਰ ਆ ਗਿਆ। ਅਸੀਂ ਪੁੱਛਿਆ ਕਿ ਭਾਈ! ਤੂੰ ਕਿਉਂ ਆਇਆ ਹੈਂ? ਤਾਂ ਕਹਿਣ ਲੱਗਾ, "ਜੀ ਤੁਹਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਛੱਡ ਕੇ ਮੈਂ ਕਿੱਥੇ ਜਾ ਸਕਦਾ ਹਾਂ। ਗੁੰਬਦ ਪਾਟਦਾ ਦਿੱਸਦਾ ਸੀ ਤੇ ਦੂਜੇ ਝਟਕੇ ਮਿਲ ਜਾਂਦਾ ਦਿੱਸਦਾ ਸੀ। ਅਸੀਂ ਸਭ ਅੰਦਰ ਠੀਕ-ਠਾਕ ਬੈਠੇ ਰਹੇ ਤੇ ਬਚ ਗਏ। ਸੋ ਪ੍ਰੇਮ ਸਿੰਘ ਉਸ ਵੇਲੇ ਵੀ ਸਾਡੇ ਨਾਲ ਹੀ ਰਿਹਾ ਸੀ। ਅੰਦਰ ਬੈਠੀ ਰਹਿਣ ਵਾਲੀ ਬੀਬੀ ਕਈ ਵੇਰ ਨਾਨਕਸਰ ਚੀਮੇਂ ਆਉਂਦੀ ਤਾਂ ਕਹਿੰਦੀ, "ਜੀ ਮੈਂ ਤੁਹਾਡੀ ਕੋਇਟੇ ਵਾਲੀ ਧੀ ਹਾਂ।"

ਭਾਈ ਪਰਮਿੰਦਰ ਸਿੰਘ (ਜਿਸ ਨੂੰ ਸੰਤ ਜੀ ਮਹਾਰਾਜ ਪਰਮ ਸਿੰਘ ਪਿਆਰ ਨਾਲ ਕਹਿੰਦੇ) ਆਪਣੇ ਮਾਤਾ-ਪਿਤਾ ਨਾਲ ਅਫ਼ਰੀਕਾ ਰਹਿੰਦਾ ਸੀ। ਜਿਸ ਵੇਲੇ ਸੰਤ ਜੀ ਪ੍ਰਚਾਰ ਦੌਰੇ 'ਤੇ ਅਫ਼ਰੀਕਾ ਗਏ, ਉਹ ਵੈਰਾਗ ਅਤੇ ਪ੍ਰੇਮ ਕਰਕੇ ਸੰਤ ਜੀ ਪਾਸ ਨਾਨਕਸਰ ਚੀਮਾਂ ਆ ਗਿਆ। ਇੱਕ ਦਿਨ ਸੰਤ ਜੀ ਮਹਾਰਾਜ ਨੇ ਬਚਨ ਕੀਤੇ ਕਿ ਭਾਈ! ਇਹ ਪਿਛਲੇ ਜਨਮ ਦਾ ਜਨਮੇਜਾ ਸੀ। ਜਿਸ ਦੇ ਕੋਹੜ ਦੀ ਨਿਸ਼ਾਨੀ ਰਹਿ ਗਈ ਸੀ। (ਉਸ ਦੇ ਹੱਥ 'ਤੇ ਨਿਸ਼ਾਨੀ ਸੀ) ਉਸ ਨੂੰ ਲੰਗਰ ਦੀ ਸੇਵਾ ਵਿੱਚ ਲਾ ਦਿੱਤਾ। ਹੌਲੀ-ਹੌਲੀ ਉਸ ਦੇ ਕੋਹੜ ਵਾਲਾ ਨਿਸ਼ਾਨ ਹਟ ਗਿਆ। ਪਰਮ ਸਿੰਘ ਨੇ ਇਹ ਗੱਲ ਬਾਬਾ ਸੰਤੋਖ ਸਿੰਘ ਜੀ ਨੂੰ ਆਪ ਦੱਸੀ ਕਿ ਉਹਨਾਂ ਬਹੁਤ ਇਲਾਜ਼ ਕਰਵਾਏ ਸਨ ਪਰ ਇਹ ਨਿਸ਼ਾਨ ਹਟਦਾ ਨਹੀਂ ਸੀ। ਹੁਣ ਸੰਤਾਂ ਦੀ ਸੇਵਾ ਵਿੱਚ ਆ ਕੇ ਠੀਕ ਹੋ ਗਿਆ ਹੈ। ਫਿਰ ਸੰਤ ਜੀ ਮਹਾਰਾਜ ਨੇ ਇਸ ਨੂੰ ਪਾਉਂਟਾ ਸਾਹਿਬ ਸੰਤ ਕਾਲੋਨੀ ਵਿੱਚ ਮਕਾਨ ਬਣਾਉਣ ਲਈ ਅਤੇ ਮਤਰਾਲੀਆਂ ਵਾਲੀ ਜ਼ਮੀਨ ਦੀ ਦੇਖ-ਭਾਲ ਲਈ ਭੇਜ ਦਿੱਤਾ। ਜਦੋਂ ਉਹਨਾਂ ਇੱਕ ਰੇਹੜੀ ਖ਼ਰੀਦੀ ਤਾਂ ਸੰਤ ਜੀ ਮਹਾਰਾਜ ਨੇ ਕਿਹਾ ਕਿ ਭਾਈ! ਅਸੀਂ ਵਪਾਰ ਨਹੀਂ ਕਰਨਾ, ਰੇਹੜੀ ਵੇਚ ਦੇ ਅਤੇ ਬੜੂ ਸਾਹਿਬ ਜਾ ਕੇ ਸੇਵਾ ਕਰ। ਕੁਝ ਚਿਰ ਬੜੂ ਸਾਹਿਬ ਦੀ ਸੇਵਾ ਕਰਕੇ ਉਹ ਫਿਰ ਅਫ਼ਰੀਕਾ ਵਾਪਸ ਚਲੇ ਗਏ।



ਬਾਬਾ ਸੰਤੋਖ ਸਿੰਘ ਜੀ ਗੁਰਦੁਆਰਾ ਜਨਮ ਅਸਥਾਨ ਚੀਮਾ ਸਾਹਿਬ ਵਿਖੇ ਸੰਗਤ ਵਿਚਾਲੇ ਅਰਦਾਸ ਵਿਚ ਦਰਸ਼ਨ ਦੇ ਰਹੇ ਹਨ ।

ਬਾਬਾ ਸੰਤੋਖ ਸਿੰਘ ਜੀ ਨੇ ਸੰਤ ਜੀ ਮਹਾਰਾਜ ਦਾ ਹੁਕਮ ਮੰਨ, ਖੇਤੀ ਦੇ ਮਹਿਕਮੇ ਦਾ ਕੰਮ ਸੰਭਾਲਿਆ ਤੇ ਅਤੁੱਟ ਸੇਵਾ ਕੀਤੀ। ਇੱਥੋਂ ਤੱਕ ਕਿ ਡੰਗਰਾਂ ਦਾ ਗੋਹਾ ਵੀ ਕਈ ਵਾਰੀ ਆਪ ਉਠਾਉਂਦੇ। ਇਹਨਾਂ ਨੂੰ ਸੇਵਾ ਦਾ ਐਨਾ ਰੰਗ ਲੱਗਿਆ ਕਿ ਇਹ ਨਾਮ-ਬਾਣੀ ਵਿੱਚ ਜੁੱਟ ਗਏ, ਸ਼ੁੱਧ ਬਾਣੀ ਪੜ੍ਹਣ ਵਾਲੇ ਅਖੰਡ ਪਾਠੀ ਬਣ ਗਏ ਅਤੇ ਗੁਰੂ ਦਾ ਕੀਰਤਨ ਕਰਨ ਲੱਗ ਪਏ।

ਇਹ ਬੜੇ ਸਿੱਧੇ ਸੁਭਾਅ ਵਾਲੇ ਅਤੇ ਬੜੇ ਭੋਲੇ ਸਨ। ਸੰਤ ਜੀ ਮਹਾਰਾਜ ਜੋਤੀ-ਜੋਤ ਸਮਾਉਣ 'ਤੇ ਸੰਗਤ ਨੇ ਇਹਨਾਂ ਨੂੰ ਨਾਨਕਸਰ ਚੀਮੇਂ ਦੀ ਸੇਵਾ ਦੀ ਪਗੜੀ ਮਹੰਤੀ ਦੇ ਤੌਰ 'ਤੇ ਦੇ ਦਿੱਤੀ। ਪਿੱਛੋਂ ਚਲਾਕ ਅਤੇ ਖਾਣ-ਪੀਣ ਵਾਲੇ ਆਦਮੀਆਂ ਨੇ ਇਹਨਾਂ ਨੂੰ ਖੂਬ ਖ਼ਰਾਬ ਕੀਤਾ ਅਤੇ ਗੁਰਦੁਆਰਾ ਸ਼੍ਰੋਮਣੀ ਪ੍ਰਬੰਧਕ ਕਮੇਟੀ ਨੂੰ ਦੇ ਦਿੱਤਾ। ਇਹ ਉੱਥੋਂ ਨਰਾਜ਼ ਹੋ ਕੇ ਭਾਈ ਇਕਬਾਲ ਸਿੰਘ ਜੀ ਦੇ ਕੋਲ ਨਾਹਨ ਆ ਗਏ। ਉੱਥੇ ਰਹਿ ਕੇ ਛੇ ਮਹੀਨੇ ਖੂਬ ਸ਼ਬਦ ਦਾ ਅਭਿਆਸ ਕੀਤਾ। ਮੂਲ ਮੰਤਰ, **ਗੋਬਿੰਦੇ ਮੁਕੰਦੇ ...... ਅਤੇ ਥਿਰੁ ਘਰਿ ਬੈਸਹੁ ਹਰਿ ਜਨ ਪਿਆਰੇ .....** ਦੇ ਸ਼ਬਦਾਂ ਦਾ ਸਵਾ ਲੱਖ ਪਾਠ ਕੀਤਾ। ਫੇਰ ਭਾਈ ਇਕਬਾਲ ਸਿੰਘ ਜੀ ਦੀ ਪ੍ਰੇਰਨਾ ਸਦਕਾ ਬੜੂ ਸਾਹਿਬ ਦੀ ਸੇਵਾ ਵਿੱਚ ਹਾਜ਼ਰ ਹੋ ਗਏ। ਡੇਢ ਸਾਲ ਉੱਥੇ ਅਤੁੱਟ ਸੇਵਾ ਕੀਤੀ ਅਤੇ ਫਲਾਂ ਦਾ ਬਗ਼ੀਚਾ ਲਗਵਾਇਆ ਜੋ ਅੱਜ ਤੱਕ ਇਹਨਾਂ ਦੇ ਨਾਂ 'ਤੇ ਬੋਲਿਆ ਜਾਂਦਾ ਹੈ, ਫਿਰ ਇਹਨਾਂ ਨੂੰ ਚੀਮਾਂ ਪਿੰਡ ਦੀ ਸੰਗਤ ਨੇ ਬੇਨਤੀ ਕਰਕੇ ਜਨਮ ਅਸਥਾਨ ਸੰਤ ਅਤਰ ਸਿੰਘ ਜੀ ਮਹਾਰਾਜ ਦੀ ਸੇਵਾ ਸੰਭਾਲ ਦਿੱਤੀ। ਇਹਨਾਂ ਨੇ ਜਨਮ ਅਸਥਾਨ ਦੀਆਂ ਰਹਿੰਦੀਆਂ ਪੰਜ ਮੰਜਲਾਂ ਪੂਰੀਆਂ ਕੀਤੀਆਂ, ਸਰੋਵਰ ਬਣਾਇਆ ਅਤੇ ਗੁਰਦੁਆਰੇ ਸਾਹਿਬ ਲਈ ਆਸੇ-ਪਾਸੇ ਦੀ ਹੋਰ ਥਾਂ ਲੈ ਲਈ ਅਤੇ ਗੁਰਦੁਆਰਾ ਖੁੱਲ੍ਹਾ ਹੋ ਗਿਆ। ਇਸ ਤਰ੍ਹਾਂ ਗੁਰਦੁਆਰਾ ਜਨਮ ਅਸਥਾਨ ਦੀ ਅਤੁੱਟ ਸੇਵਾ ਕਰਦੇ ਹੋਏ ਜੁਲਾਈ ੧੯੮੭ ਈਸਵੀ ਵਿੱਚ ਗੁਰਪੁਰੀ ਸਿਧਾਰ ਗਏ। ਉਹਨਾਂ ਦੀ ਯਾਦ ਵਿੱਚ ਇਸ ਜਗ੍ਹਾ ਬਾਬਾ ਸੰਤੋਖ ਸਿੰਘ ਜੀ ਮੈਮੋਰੀਅਲ ਹਾਲ ਬਣਾਇਆ ਗਿਆ ਹੈ।

## ਬਾਬਾ ਅਰਜਨ ਸਿੰਘ ਜੀ (ਜਬਾਨੀ ਬਾਬਾ ਇਕਬਾਲ ਸਿੰਘ ਜੀ)

ਇਕ ਵਾਰੀ ਸੰਤ ਜੀ ਮਹਾਰਾਜ ਪਾਕਿਸਤਾਨ ਬਨਣ 'ਤੇ ੧੯੪੮ ਈਸਵੀ ਵਿੱਚ ਮੰਡੀ ਰਾਏ ਸਿੰਘ ਨਗਰ ਗਏ ਤਾਂ ਭਾਈ ਸੰਤੋਖ ਸਿੰਘ ਜੀ ਦੇ ਲੜਕੇ ਭਾਈ ਅਰਜਨ ਸਿੰਘ ਨੂੰ ਜੱਫੀ ਵਿੱਚ ਲੈ ਕੇ ਕਹਿਣ ਲੱਗੇ ਕਿ ਆ ਪ੍ਰੇਮੀਆਂ ਬੜੇ ਚਿਰਾਂ ਤੋਂ ਵਿੱਛੜੇ ਹੋਏ ਮਿਲੇ ਹਾਂ ਭਾਵ ਪਿਛਲੇ ਜਨਮ ਵਿੱਚ ਇੱਕਠੇ ਸੀ। ਭਾਈ ਅਰਜਨ ਸਿੰਘ ਜੋ ਉਸ ਵਕਤ ਕੋਈ ੨● ਕੁ ਸਾਲ ਦੀ ਉਮਰ ਦੇ ਸਨ, ਨੂੰ ਦਰਸ਼ਨ ਕਰਦਿਆਂ ਹੀ ਤੀਬਰ ਵੈਰਾਗ ਹੋ ਗਿਆ ਅਤੇ ਵੈਰਾਗ ਵਿੱਚ ਰੋਂਦੇ ਹੋਏ ਕਹਿਣ ਕਿ ਮੈਂ ਸੰਤਾਂ ਦੇ ਨਾਲ ਜਾਣਾ ਹੈ। ਅਰਜਨ ਸਿੰਘ ਜੀ ਦੀ ਸੰਤ ਜੀ ਨਾਲ ਜਾਣ ਦੀ ਇੱਛਾ ਬਹੁਤ ਪ੍ਰਬਲ ਹੋ ਗਈ। ਘਰਦਿਆਂ ਦੇ ਰੋਕਣ ਕਰਕੇ ਉਹ ਰੋਈ ਜਾਂਦੇ। ਅੰਤ ਸੰਤ ਜੀ ਨਾਲ ਜਾਣ ਦੀ ਆਗਿਆ ਘਰਦਿਆਂ ਨੇ ਦੇ ਦਿੱਤੀ। ਇਹ ਤੀਬਰ ਖਿੱਚ ਅਤੇ ਵੈਰਾਗ ਦੀ ਦਿਸ਼ਾ ਦੇਖ ਕੇ ਸੰਤ ਜੀ ਭੁਝੰਗੀ ਅਰਜਨ ਸਿੰਘ ਨੂੰ ਆਪਣੇ ਨਾਲ ਲੈ ਆਏ ਤੇ ਗੁਰੂ ਘਰ ਦੀ ਸੇਵਾ ਵਿੱਚ ਲਾ ਲਿਆ। ਸੰਤ ਜੀ ਦੇ ਨਾਲ ਆਉਣ ਤੋਂ ਪਹਿਲਾਂ ਉਹ ਹੱਟੀ ਕਰਦੇ ਸਨ। ਉਸ ਦੇ ਮਾਤਾ-ਪਿਤਾ ਗੁਜਰਾਂਵਾਲੇ ਦੇ ਸਨ ਅਤੇ ਸੰਤ ਜੀ ਨਾਲ ਪ੍ਰੇਮ ਕਰਦੇ ਤੇ ਉਹਨਾਂ ਦੇ ਬਚਨਾਂ 'ਤੇ ਭਰੋਸਾ ਰੱਖਦੇ ਸਨ। ਪਾਕਿਸਤਾਨ ਦਾ ਝਗੜਾ ਛਿੜਣ ਤੋਂ ਪਹਿਲਾਂ ੧੯੪੪ ਈਸਵੀ ਵਿੱਚ ਸੰਤ ਜੀ ਦੇ ਕਹਿਣ ਕਰਕੇ ਉੱਥੋਂ ਬੀਕਾਨੇਰ ਆ ਵੱਸੇ। ੧੯੪੭ ਈਸਵੀ ਦੀ ਦੇਸ਼ ਵੰਡ ਵੇਲੇ ਖ਼ੂਨ ਖ਼ਰਾਬਾ ਹੁੰਦਾ ਵੇਖ ਕੇ ਜਿਸ ਤਰ੍ਹਾਂ ਸੰਤ ਜੀ ਨੇ ਗੁਜਰਾਂਵਾਲੇ ਦੱਸਿਆ ਸੀ, ਸ਼ਰਧਾ ਹੋਰ ਵੀ ਪੱਕੀ ਹੋ ਗਈ ਸੀ।

ਜਿਵੇਂ-ਜਿਵੇਂ ਸੰਤ ਅਤਰ ਸਿੰਘ ਜੀ ਦੀ ਜੀਵਨ ਕਥਾ ਭਾਈ ਅਰਜਨ ਸਿੰਘ ਜੀ ਪੜ੍ਹਦੇ ਗਏ ਤਿਵੇਂ-ਤਿਵੇਂ ਮਨ ਵਿਚ ਵੈਰਾਗ ਉਤਪੰਨ ਹੁੰਦਾ ਗਿਆ ਅਤੇ ਪੁਰਾਣਾ ਅੰਕੁਰ ਜਾਗ ਪਿਆ। ਉਹ ਅੰਮ੍ਰਿਤ ਛਕ, ਨਾਮ-ਬਾਣੀ ਸਿਮਰਨ ਦੀ ਜੁਗਤ ਸਿੱਖ, ਗੁਰਮਤਿ ਦਾ ਪਾਂਧੀ ਹੋ ਗਿਆ ਅਤੇ ਆਤਮਿਕ ਮੰਡਲਾਂ ਦੇ ਹੁਲਾਰੇ ਲੈਣ ਲੱਗ ਪਿਆ। ਸੰਤ ਜੀ ਮਹਾਰਾਜ ਦੀ ਅੱਤੁਟ ਸੇਵਾ ਕਰਦਾ ਰਿਹਾ।

ਜਿਸ ਵੇਲੇ ਪਹਿਲੀ ਵੇਰ ਦਾਸ (ਬਾਬਾ ਇਕਬਾਲ ਸਿੰਘ ਜੀ) ਸੰਤ ਜੀ ਨੂੰ ਖ਼ਾਲਸਾ ਕਾਲਜ ਅੰਮ੍ਰਿਤਸਰ ਵਿੱਚ ਮਿਲਿਆ ਤਾਂ ਭਾਈ ਅਰਜਨ ਸਿੰਘ ਜੀ ਸੰਤ ਜੀ ਦੇ ਨਾਲ ਸਨ। ਉਹਨਾਂ ਦੀ ਜਵਾਨੀ, ਰੂਪ-ਰੰਗ ਵੇਖ ਕੇ ਹਮ ਉਮਰ ਹੋਣ ਕਰਕੇ ਸਾਡੀ ਆਪਸ ਵਿੱਚ ਕਾਫੀ ਪਿਆਰ-ਭਾਵਨੀ ਪੈਦਾ ਹੋ ਗਈ। ਪਾਉਂਟਾ ਸਾਹਿਬ ਆਉਣ ਪਿੱਛੋਂ ਤਾਂ ਇੱਕੋ ਰਾਹ ਦੇ ਪਾਂਧੀ ਹੋਣ ਕਰਕੇ ਸਾਡੀ ਸਾਂਝ ਬਹੁਤ ਵੱਧ ਗਈ। ਅਸੀਂ ਆਤਮਿਕ ਪੰਧ ਦੀਆਂ ਕਈ ਗੱਲਾਂ ਸਾਂਝੀਆਂ ਕਰਦੇ।

ਉਹਨਾਂ ਦੀ ਵੈਰਗਮਈ ਬਿਰਤੀ ਅਤੇ ਅਨਿੰਨ ਸੇਵਾ ਕਰਦਿਆਂ ਵੇਖ ਕੇ ਉਹਦੇ ਵਰਗਾ ਬਣਨ ਦਾ ਮਨ ਨੂੰ ਬਹੁਤ ਉਤਸ਼ਾਹ ਮਿਲਦਾ।

ਆਉਣ ਜਾਣ ਦੇ ਸਾਧਨ ਨਾ ਹੋਣ ਕਰਕੇ ਸੰਤ ਜੀ ਨੇ ਪਾਉਂਟਾ ਸਾਹਿਬ ਇਕ ਘੋੜਾ ਰੱਖਿਆ ਹੁੰਦਾ ਸੀ, ਜਿਸ ਦੀ ਦੇਖ-ਭਾਲ ਭਾਈ ਅਰਜਨ ਸਿੰਘ ਜੀ ਦੇ ਜ਼ੁੰਮੇ ਸੀ। ਘੋੜਾ ਕਦੇ-ਕਦੇ ਸਵਾਰੀ ਲਈ ਵਰਤਿਆ ਜਾਂਦਾ ਸੀ। ਵਿਹਲਾ ਰਹਿਣ ਕਰਕੇ ਉਸ ਦਾ ਸੁਭਾਅ ਬਦਲ ਗਿਆ ਸੀ ਅਤੇ ਇਸ ਲਈ ਉਸ ਦੀ ਸੰਭਾਲ ਮੁਸ਼ਕਲ ਹੋ ਗਈ। ਕਈ ਵਾਰ ਰੱਸਾ ਤੋੜ ਕੇ ਦੌੜ ਜਾਂਦਾ ਤੇ ਭਾਈ ਅਰਜਨ ਸਿੰਘ ਜੀ ਨੂੰ ਬਹੁਤ ਪਰੇਸ਼ਾਨ ਕਰਦਾ। ਇੱਥੋ ਤੱਕ ਕੀ ਉਸ ਨੂੰ ਸੰਤ ਜੀ ਜਿਸ ਵੇਲੇ ਕਥਾ ਪ੍ਰਚਾਰ ਕਰਦੇ, ਘੋੜੇ ਪਿੱਛੇ ਹੀ ਦੌੜਣਾ ਪੈਂਦਾ। ਕਥਾ ਸੁਣਨ ਦਾ ਸਮਾਂ ਕਈ ਵਾਰ ਨਾ ਮਿਲਦਾ ਅਤੇ ਇੱਕ-ਰਸ ਹੋ ਕੇ ਸਿਮਰਨ ਕਰਨ ਦੀ ਆਸਾ ਪੂਰੀ ਨਹੀਂ ਸੀ ਹੋ ਰਹੀ। ਇੱਕ ਦਿਨ ਬਹੁਤ ਦੌੜ-ਭੱਜ ਕਰਨੀ ਪਈ ਅਤੇ ਸੰਤ ਜੀ ਨੂੰ ਕਹਿਣ ਲੱਗੇ, ਮੇਰੇ ਪਾਸੋਂ ਤਾਂ ਸਿਮਰਨ-ਬੰਦਗੀ ਨਹੀਂ ਹੋ ਸਕੇਗੀ। ਪੰਜ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ) ਤਾਂ ਪਰਮਾਤਮਾ ਤੋਂ ਹੀ ਮਿਲੇ ਹੋਏ ਹਨ ਛੇਵਾਂ ਘੋੜਾ ਹੋਰ ਤੁਸਾਂ ਦੇ ਦਿੱਤਾ ਹੈ। ਇਹ ਤਾਂ ਮਿੰਟ ਭਰ ਵੀ ਸ਼ਾਂਤੀ ਨਹੀਂ ਆਉਣ ਦਿੰਦਾ। ਸਿਮਰਨ ਤੇ ਪਾਠ ਤਾਂ ਇਹ ਕਰਨ ਹੀ ਨਹੀਂ ਦਿੰਦਾ। ਜਿਸ ਕਾਰਜ ਲਈ ਤੁਹਾਡੀ ਸੇਵਾ ਵਿੱਚ ਆਇਆ ਸਾਂ।

ਸੰਤ ਜੀ ਇਸ ਸਿੱਧੇ ਸੁਆਲ ’ਤੇ ਹੱਸ ਪਏ ਤੇ ਕਿਹਾ ਕਿ ਇਹ ਘੋੜੇ ਦੀ ਡਿਊਟੀ ਤੁਹਾਡੇ ਅੰਦਰੋਂ ਕਾਮ, ਕ੍ਰੋਧ ਖ਼ਤਮ ਕਰਨ ਲਈ ਹੀ ਹੈ। ਇਸ ਤੋਂ ਪਿੱਛੋਂ ਘੋੜੇ ਨੇ ਘੱਟ ਹੀ ਤੰਗ ਕੀਤਾ ਅਤੇ ਭਾਈ ਅਰਜਨ ਸਿੰਘ ਜੀ ਆਪਣੇ ਮਨ ਦੀ ਭੁੱਖ ਪੂਰੀ ਕਰਨ ਲਈ ਕਈ ਵਾਰ ਸਮਾਧੀ ਅਸਥਿਤ ਬੈਠੇ ਰਹਿੰਦੇ। ਘੋੜਾ ਨਜਦੀਕ ਹੀ ਘਾਹ ਚਰਦਾ ਟਿੱਕ ਕੇ ਖੜ੍ਹਾ ਰਹਿੰਦਾ।

ਪਾਉਂਟਾ ਸਾਹਿਬ ਤੋਂ ਆ ਕੇ ਸੰਤ ਜੀ ਫਿਰ ਬਹੁਤ ਸਮਾਂ ਨਾਨਕਸਰ ਚੀਮਾਂ ਰਹੇ। ਨਾਨਕਸਰ ਰਹਿੰਦਿਆਂ ਇੱਕ ਬੀਬੀ ਦੇ ਮਨ ਵਿੱਚ ਭਾਈ ਅਰਜਨ ਸਿੰਘ ਲਈ ਪ੍ਰੇਮ ਵੱਧ ਗਿਆ। ਜਲਦੀ ਹੀ ਭਾਈ ਅਰਜਨ ਸਿੰਘ ਜੀ ਨੇ ਭਾਪ ਲਿਆ ਕਿ ਉਸ ਦੇ ਮਨ ਵਿੱਚ ਤਾਂ ਗਲਤ ਭਾਵਨਾਵਾਂ ਪੈਦਾ ਹੋ ਗਈਆਂ ਹਨ। ਇਹ ਜਾਣ ਕੇ ਸੰਤ ਜੀ ਨੂੰ ਇਸ ਬਾਰੇ ਸਭ ਕੁਝ ਦੱਸ ਦਿੱਤਾ। ਉਹਨਾਂ ਨੇ ਸਮਝਾਇਆ, “ਭਾਈ ਅਰਜਨ ਸਿੰਘ! ਪਿੱਛਲੇ ਜਨਮ ਵਿੱਚ ਤੂੰ ਪੂਰਨ ਭਗਤ ਸੀ ਤੇ ਇਹ ਰਾਣੀ ਲੂਨਾ ਸੀ। ਸਾਰੀ ਕਹਾਣੀ

ਦੱਸ ਕੇ ਕਿਹਾ ਕਿ ਇਹ ਤੇਰੇ ਵਿਜੋਗ ਵਿੱਚ ਮਰ ਗਈ ਸੀ ਅਤੇ ਹੁਣ ਉਸੇ ਮੋਹ ਵੱਸ ਹੋ ਕੇ ਤੇਰੇ ਪਿੱਛੇ ਪਈ ਹੈ। ਉਸ ਦਾ ਧਿਆਨ ਛੱਡ ਦੇ। ਜੇ ਮਨ ਨੂੰ ਕਾਬੂ ਰੱਖੇਂਗਾ ਤਾਂ ਤੇਰਾ ਬੇੜਾ ਪਾਰ ਹੋ ਜਾਵੇਗਾ।''

ਇਹ ਗੱਲ ਤਾਂ ਮੁੱਕ ਗਈ ਪਰ ਭਾਈ ਅਰਜਨ ਸਿੰਘ ਜੀ ਦੇ ਮਨ ਵਿੱਚ ਵਿਆਹ ਕਰਵਾਉਣ ਦੀ ਇੱਛਾ ਜਾਗ ਪਈ। ਮਨ ਦੀ ਇੱਛਾ ਪ੍ਰਬਲ ਹੋ ਜਾਣ ਦੀ ਅਵਸਥਾ ਦੱਸ ਕੇ ਘਰ ਜਾਣ ਦੀ ਆਗਿਆ ਮੰਗੀ ਤੇ ਵਿਆਹ ਕਰਾਉਣ ਦਾ ਪ੍ਰੋਗਰਾਮ ਵੀ ਦੱਸ ਦਿੱਤਾ। ਸੰਤ ਜੀ ਨੇ ਕਿਹਾ ਇੱਕ ਘੰਟੇ ਪਿੱਛੋਂ ਸੋਚ ਕੇ ਆਵੀਂ। ਭਾਈ ਅਰਜਨ ਸਿੰਘ ਨੇ ਦਾਸ ਨੂੰ ਦੱਸਿਆ ਕਿ ਜਿਸ ਵੇਲੇ ਉਹ ਘੰਟੇ ਪਿੱਛੋਂ ਆਇਆ ਤਾਂ ਕਾਮ ਵਾਸ਼ਨਾ ਬਿਲਕੁਲ ਖ਼ਤਮ ਹੋ ਚੁੱਕੀ ਸੀ ਅਤੇ ਵਿਆਹ ਕਰਾਉਣ ਦੀ ਇੱਛਾ ਵੀ ਨਹੀਂ ਰਹੀ ਸੀ। ਸੰਤ ਜੀ ਵੱਲ ਵੇਖਿਆ ਤਾਂ ਉਹਨਾਂ ਦਾ ਸਰੀਰ ਮੈਨੂੰ ਢਿੱਲਾ ਜਾਪਿਆ। ਮੈਂ ਬੇਨਤੀ ਕੀਤੀ ਜੀ ਇਤਨੀ ਜਲਦੀ ਕੀ ਤਕਲੀਫ਼ ਹੋ ਗਈ। ਕਹਿਣ ਲੱਗੇ, "ਭਾਈ! ਅਸੀਂ ਤੇਰਾ ਭਾਰ ਆਪਣੇ ਉੱਪਰ ਲੈ ਲਿਆ ਹੈ ਅਤੇ ਤੇਰਾ ਹੱਥ ਫੜ੍ਹਿਆ ਹੈ, ਹੁਣ ਛੱਡ ਥੋੜ੍ਹੇ ਹੀ ਦੇਣਾ ਹੈ।''

ਸੰਤ ਜੀ ਨਾਲ ਕਦੇ ਕੀਤੇ ਜਾਣਾ ਪੈਂਦਾ ਤੇ ਜਾ ਕੋਈ ਨਾ ਕੋਈ ਸੇਵਾ ਜ਼ੁੰਮੇ ਬਣੀ ਰਹਿੰਦੀ। ਜਿਸ ਕਰਕੇ ਇੱਕ ਚਿੱਤ ਹੋ ਕੇ ਲੰਮੇ ਅਰਸੇ ਲਈ ਸਿਮਰਨ ਕਰਨ ਦਾ ਸਮਾਂ ਨਾ ਮਿਲਦਾ। ਭਾਈ ਅਰਜਨ ਸਿੰਘ ਨੇ ਇੱਕ ਵਾਰੀ ਸੰਤ ਜੀ ਨੂੰ ਕਿਹਾ ਕਿ ਜੇ ਦੌਰੇ 'ਤੇ ਮੈਨੂੰ ਨਾਲ ਨਾ ਲੈ ਕੇ ਜਾਵੋ ਕਿਉਂਕਿ ਇਕਾਂਤ ਬੈਠ ਕੇ ਭਜਨ ਕਰਨ ਨੂੰ ਜੀ ਕਰਦਾ ਹੈ ਅਤੇ ਮੇਰੀ ਲੱਤ ਵਿੱਚ ਵੀ ਦਰਦ ਰਹਿੰਦਾ ਹੈ, ਚੱਲਣ ਵਿੱਚ ਤਕਲੀਫ਼ ਹੁੰਦੀ ਹੈ। ਸੰਤ ਜੀ ਨੇ ਫੁਰਮਾਇਆ, "ਭੋਲਿਆ! ਅਸੀਂ ਜਿਹੜੀ ਸੇਵਾ ਕਰ ਰਹੇ ਹਾਂ, ਇਹ ਸਾਡਾ ਅੱਠੇ ਪਹਿਰ ਭਜਨ ਹੀ ਹੁੰਦਾ ਹੈ, ਗੁਰੂ ਦੀ ਸੇਵਾ ਜੋ ਹੋਈ। ਬਾਕੀ ਰਹੀ ਲੱਤ ਦੀ ਦਰਦ, ਇਹ ਪਿੱਛਲੇ ਜਨਮ ਦਾ ਲੈਣਾ-ਦੇਣਾ ਹੁੰਦਾ ਹੈ। ਇਹ ਤਾਂ ਲੇਖਾ ਨਿਬੜਿਆ ਹੀ ਚੰਗਾ ਹੈ।''

ਇੱਕ ਵਾਰੀ ਭਾਈ ਅਰਜਨ ਸਿੰਘ ਨੂੰ ਕਿਸੇ ਇਹ ਗੱਲ ਪੜ੍ਹਾ ਦਿੱਤੀ ਕਿ ਸੰਤ ਜੀ ਕੋਲ ਰਹਿ ਕੇ ਕੀ ਲੈਣਾ ਹੈ, ਕਿਤੇ ਬੈਠ ਕੇ ਤੱਪਸਿਆ ਕਰ, ਰਿੱਧੀ-ਸਿੱਧੀ ਫੁਰੇਗੀ। ਇਹ ਗੱਲ ਮਨ ਵਿੱਚ ਐਸੀ ਬੈਠੀ ਕਿ ਭਾਈ ਅਰਜਨ ਸਿੰਘ ਨੇ ਸੰਤ ਜੀ ਤੋਂ ਛੁੱਟੀ ਮੰਗ ਲਈ। ਕੁਝ ਚਿਰ ਸੰਤ ਜੀ ਸਮਝਾਉਂਦੇ ਰਹੇ ਪਰ ਅਰਜਨ ਸਿੰਘ ਆਪਣੀ ਰਿੱਧੀ-ਸਿੱਧੀ ਹਾਸਲ ਕਰਨ ਦੀ ਇੱਛਾ ਨਾ ਛੱਡ ਸਕਿਆ। ਸੰਤ ਜੀ ਨੇ ਕਿਹਾ, "ਅੱਛਾ ਭਾਈ! ਅਸੀਂ ਤੈਨੂੰ ਤੇਰੇ ਮਾਤਾ-ਪਿਤਾ ਪਾਸੋ ਲੈ ਕੇ ਆਂਦਾ ਹੈ। ਉਹਨਾਂ ਪਾਸ ਛੱਡ ਆਵਾਗੇ।'' ਸੰਤ ਜੀ ਸਮਝ ਗਏ ਕਿ ਕਿਸੇ ਨੇ ਫੂਕ ਮਾਰ ਦਿੱਤੀ ਹੈ।

ਸਵੇਰੇ ਸਿਮਰਨ ਕਰਨ ਵੇਲੇ ਭਾਈ ਅਰਜਨ ਸਿੰਘ ਨੂੰ ਆਪਣੇ ਪਾਸ ਹੀ ਬਿਠਾ ਲਿਆ ਤੇ ਨਿੱਤਨੇਮ ਪੂਰਾ ਕਰਕੇ ਸੰਤ ਜੀ ਨੇ ਪੁੱਛਿਆ, "ਭਾਈ ਅਰਜਨ ਸਿੰਘ! ਅੱਜ ਤੈਨੂੰ ਤੇਰੇ ਪਿੰਡ ਛੱਡ ਆਈਏ?'' ਤਾਂ ਭਾਈ ਅਰਜਨ ਸਿੰਘ ਨੇ ਕਿਹਾ, "ਮੈਂ ਤਾਂ ਨਹੀਂ ਜਾਣਾ, ਜੋ ਅਨੰਦ ਤੁਹਾਡੇ ਚਰਨਾਂ ਵਿੱਚ ਹੈ, ਉਹ ਕਿਤੇ ਵੀ ਨਹੀਂ ਆ ਸਕਦਾ।''

ਇੱਕ ਵਾਰੀ ਸੰਤ ਜੀ ਭਾਈ ਅਰਜਨ ਸਿੰਘ ਨਾਲ ਦਾਸ ਦੇ ਪਿੰਡ ਭਰਿਆਲ ਲਾਹੜੀ ਗਏ। ਮੇਰੇ ਪਿਤਾ ਜੀ ਭਾਈ ਅਰਜਨ ਸਿੰਘ ਜੀ ਨਾਲ ਖੁੱਲ੍ਹੀਆਂ ਗੱਲਾਂ ਕਰਦੇ ਰਹਿੰਦੇ। ਉਹਨਾਂ ਨੂੰ ਸਮਾਂ ਵੀ ਬਹੁਤ ਮਿਲ ਜਾਂਦਾ ਸੀ। ਇਹਨਾਂ ਗਰਮਤਿ ਵਿਚਾਰਾਂ ਨਾਲ ਮੇਰੇ ਪਿਤਾ ਜੀ ਬਹੁਤ ਪ੍ਰਭਾਵਿਤ ਹੋਏ ਅਤੇ ਬੜੀ ਅਸਚਰਜਤਾ ਨਾਲ ਦਾਸ ਨੂੰ ਕਹਿਣ ਲੱਗੇ, "ਮੇਰੇ ਪਾਸ ਬਹੁਤ ਸਾਧੂ-ਸੰਤ ਆਉਂਦੇ ਹਨ, ਉਹਨਾਂ ਨਾਲ ਵੀ ਪਰਮਾਰਥ ਬਾਰੇ ਬਚਨ-ਬਿਲਾਸ ਕਰਦਾ ਹਾਂ ਪਰ ਸੰਤ ਜੀ ਦੇ ਸੇਵਕ ਚੰਗੇ ਵਿਦਵਾਨ ਕਹਾਉਣ ਵਾਲੇ ਸਾਧੂਆਂ

ਨਾਲੋਂ ਪਰਮਾਰਥ ਦੇ ਰਸਤੇ ਬਾਰੇ ਬਹੁਤਾ ਚੰਗਾ ਜਾਣਦੇ ਹਨ ਅਤੇ ਹਰ ਗੱਲ ਬਾਰੇ ਉਹਨਾਂ ਦੇ ਵਿਚਾਰ ਬਹੁਤ ਸਪੱਸ਼ਟ ਹਨ। ਜੋ ਵੀ ਗੱਲ ਪੁੱਛੀ ਹੈ, ਉਸ ਦਾ ਉੱਤਰ ਬਹੁਤ ਸੁਚੱਜੇ ਸ਼ਬਦਾਂ ਵਿੱਚ ਅਤੇ ਪੂਰਨ ਗਿਆਨ-ਵਾਨ ਪੁਰਸ਼ਾਂ ਵਾਂਗ ਦਿੰਦੇ ਹਨ। ਬਾਬਾ ਅਰਜਨ ਸਿੰਘ ਜੀ ਨਾਨਕਸਰ ਚੀਮਾਂ ਸੇਵਾ ਕਰਦਿਆਂ ਹੋਇਆ ਚੜ੍ਹਾਈ ਕਰ ਗਏ।

## ਬਾਬਾ ਟਿੱਕਾ ਸਿੰਘ ਜੀ

ਆਪ ਸਰਕਾਰੀ ਨੌਕਰੀ ਵਿੱਚ ਓਵਰਸੀਅਰ ਸਨ। ਮਹਿਕਮੇ ਵਿੱਚ ਹੇਰਾ-ਫੇਰੀ ਹੁੰਦੀ ਵੇਖ ਉਹਨਾਂ ਦਾ ਦਿਲ ਨੌਕਰੀ ਤੋਂ ਉਪਰਾਮ ਹੋ ਗਿਆ ਤੇ ਸੰਤ ਜੀ ਦਾ ਪਿਆਰ ਉਹਨਾਂ ਨੂੰ ਨਾਨਕਸਰ ਲੈ ਆਇਆ। ਉਹਨਾਂ ਦਾ ਪਿੰਡ ਚੱਕ ਬਖਤੂ, ਭੁੱਚੋ ਮੰਡੀ ਦੇ ਕੋਲ ਸੀ।

ਸਭ ਤੋਂ ਵੱਡੀ ਤੇ ਭਾਰੀ ਡਿਊਟੀ ਗ੍ਰੰਥੀ ਸਾਹਿਬ ਦੀ ਉਹਨਾਂ ਨੂੰ ਦਿੱਤੀ ਗਈ। ਇਹ ਸੇਵਾ ਐਸੇ ਪ੍ਰੇਮ, ਵੈਰਾਗ ਤੇ ਤਿਆਗ ਨਾਲ ਕੀਤੀ ਕਿ ਸਾਰੇ ਹੀ ਉਹਨਾਂ ਨੂੰ ਸੰਤ ਕਹਿਣ ਲੱਗ ਗਏ ਤੇ ਮੱਥਾ ਟੇਕਣ ਲੱਗ ਪਏ ਸਨ। ਉਹ ਸਰੀਰਕ ਪੱਖੋਂ ਚੰਗੀ ਡੀਲ-ਡੌਲ ਵਾਲੇ ਦਰਸ਼ਨੀ ਸਿੱਖ ਸਨ, ਉਹਨਾਂ ਦਾ ਦਰਸ਼ਨ ਕਰਕੇ ਮਨ ਅੰਦਰ ਪੁਰਾਤਨ ਸਿੰਘਾਂ ਦੀ ਯਾਦ ਆਉਂਦੀ ਸੀ। ਬਾਬਾ ਜੀ ਚੁੱਪ ਸੁਭਾਅ ਵਾਲੇ ਸਨ। ਸਵੇਰੇ ਦੋ ਵਜੇ ਉੱਠ ਕੇ ਭਜਨ ਬੰਦਗੀ ਕਰਦੇ। ਆਸਾ ਦੀ ਵਾਰ ਦੇ ਭੋਗ ਪਿੱਛੋਂ, ਜਿਸ ਘਰ ਵਿੱਚ ਪਾਠ ਰੱਖਿਆ ਹੁੰਦਾ, ਉੱਥੇ ਪਾਠ ਕਰਨ ਜਾਂਦੇ। ਕਿਸੇ ਨਾਲ ਗੱਲਬਾਤ ਘੱਟ ਹੀ ਕਰਦੇ, ਦਰਵਾਜ਼ਾ ਢੋ ਕੇ ਬੰਦਗੀ ਕਰਦੇ ਰਹਿੰਦੇ, ਲੰਗਰ ਸਮੇਂ ਉੱਥੇ ਜਾ ਕੇ ਪ੍ਰਸ਼ਾਦਾ ਲੈ ਕੇ ਛਕ ਲੈਂਦੇ ਅਤੇ ਮੁੜ ਆਪਣੇ ਕਮਰੇ ਵਿੱਚ ਆ ਜਾਂਦੇ।

ਇਕ ਦਿਨ ਭਾਈ ਇਕਬਾਲ ਸਿੰਘ ਜੀ ਨੇ ਸੰਤ ਜੀ ਮਹਾਰਾਜ ਤੋਂ ਬਾਬਾ ਜੀ ਬਾਰੇ ਪੁੱਛਿਆ ਕਿ ਇਹਨਾਂ 'ਤੇ ਪਰਮਾਤਮਾ ਦੀ ਖਾਸ ਬਖ਼ਸ਼ਿਸ਼ ਲੱਗਦੀ ਹੈ, ਜੋ ਬਿਨਾਂ ਪਾਠ ਭਜਨ ਦੇ ਹੋਰ ਗੱਲ ਹੀ ਨਹੀ ਕਰਦੇ। ਸੰਤ ਜੀ ਨੇ ਉੱਤਰ ਦਿੱਤਾ, "ਭਾਈ! ਇਹ ਤਾਂ ਕਈ ਜਨਮਾਂ ਦੇ ਸਾਧੂ ਹਨ।" ਇਕ ਵਾਰੀ ਕੁਝ ਨਿੰਦਕ ਗੁਰਦੁਆਰੇ ਅੰਦਰ ਸੰਤ ਜੀ ਬਾਰੇ ਮਾੜੇ ਬੋਲ ਬੋਲਣ ਲੱਗੇ। ਇਹਨਾਂ ਨੂੰ ਪਤਾ ਲੱਗ ਗਿਆ। ਇਹ ਉਸ ਵੇਲੇ ਕੁਝ ਮਸਤਾਨੀ ਦਸ਼ਾ ਵਿੱਚ ਸਨ। ਲਲਕਾਰਾ ਮਾਰ ਕੇ ਕਿਹਾ ਕਿ ਇਹਨਾਂ ਸਭ ਨਿੰਦਕਾਂ ਨੂੰ ਇਥੋਂ ਭਜਾ ਦਿਆਂਗੇ। ਕਿਸੇ ਨੇ ਮੁੜ ਹਿੰਮਤ ਨਹੀਂ ਕੀਤੀ ਕਿ ਗੁਰਦੁਆਰੇ ਅੰਦਰ ਸੰਤ ਜੀ ਬਾਰੇ ਕੋਈ ਮਾੜੇ ਬੋਲ ਬੋਲਦਾ।

ਇਹ ਨਾਨਕਸਰ ਚੀਮੇਂ ਦੀ ਅਤੁੱਟ ਸੇਵਾ ਕਰਦੇ ਹੋਏ ੧੯੬੧ ਵਿੱਚ ਚੜ੍ਹਾਈ ਕਰ ਗਏ।

## ਬਾਬਾ ਘਨਈਆ ਸਿੰਘ ਜੀ

ਬਾਬਾ ਘਨਈਆ ਸਿੰਘ ਜੀ ਗੁਜਰਾਂਵਾਲੇ ਯਤੀਮਖਾਨੇ ਵਿੱਚ ਪੜ੍ਹਦੇ ਸਨ। ਪਾਉਂਟਾ ਸਾਹਿਬ ਸੰਤ ਜੀ ਮਹਾਰਾਜ ਦੇ ਨਾਲ ਹੀ ਇੱਥੇ ਆ ਕੇ ਸੇਵਾ ਕਰਦੇ ਸਨ। ਸੰਤ ਜੀ ਮਹਾਰਾਜ ਤੋਂ ਮਹਾਂਪੁਰਖਾਂ ਦੀ ਕਮਾਈ ਦੀਆਂ ਗੱਲਾਂ ਸੁਣ ਕੇ, ਭਾਈ ਘਨਈਆ ਸਿੰਘ ਜੀ ਦੇ ਮਨ ਵਿੱਚ ਸੰਤ ਹਰਨਾਮ ਸਿੰਘ ਜੀ ਨੋਸ਼ਹਿਰੇ ਵਾਲੇ (ਕਿਲੇ ਵਾਲੇ ਸੰਤ) ਤੋਂ ਸਿੱਖਿਆ ਲੈਣ ਦੀ ਇੱਛਾ ਪੈਦਾ ਹੋਈ ਅਤੇ ਉਹਨਾਂ ਪਾਸ ਜਾ ਕੇ ਗਿਆਨ ਦੀ ਪ੍ਰਾਪਤੀ ਦਾ ਰਾਹ ਪੁੱਛਿਆ। ਸੰਤ ਬਾਬਾ ਹਰਨਾਮ ਸਿੰਘ ਜੀ ਨੇ ਬਚਨ ਕੀਤੇ, "ਭਾਈ! ਜਿੱਥੋਂ ਤੂੰ ਆਇਆ ਹੈ, ਉੱਥੇ ਹੀ ਰਾਹ ਦਿਸੇਗਾ। ਉੱਥੇ ਰਹਿ ਕੇ

ਕਮਾਈ ਕਰ। ਇਹ ਪਹਿਰਾ ਉਹਨਾਂ (ਸੰਤ ਤੇਜਾ ਸਿੰਘ ਜੀ) ਦਾ ਹੀ ਹੈ।'' ਫਿਰ ਭਾਈ ਘਨਈਆ ਸਿੰਘ ਜੀ ਦਿੱਲੀ ਵਿੱਚ ਰਹਿਣ ਲੱਗ ਪਏ ਅਤੇ ਸਮਾਂ ਪਾ ਕੇ ਚੜ੍ਹਾਈ ਕਰ ਗਏ।

## ਬਾਬਾ ਗਿਆਨ ਸਿੰਘ ਜੀ

ਬੇਬੇ ਕਿਸ਼ਨ ਕੌਰ ਜੀ, ਪਿੰਡ ਗਿੱਲ ਜ਼ਿਲਾ ਲੁਧਿਆਣਾ ਦੇ ਵਾਸੀ, ਸੰਤ ਜੀ ਮਹਾਰਾਜ ਦੀ ਬਹੁਤ ਪ੍ਰੇਮ ਨਾਲ ਸੇਵਾ ਕਰਦੇ। ਸੰਤ ਜੀ ਮਹਾਰਾਜ ਜਦੋਂ ਵੀ ਇਧਰ ਦੀ ਜਾਂਦੇ ਤਾਂ ਮਾਤਾ ਜੀ ਅਤੇ ਇਹਨਾਂ ਦੇ ਪਰਿਵਾਰ ਨੂੰ ਦਰਸ਼ਨ ਦੇ ਕੇ ਜਾਂਦੇ। ਸੰਤਾਂ ਦਾ ਬਚਨ ਮੰਨ ਕੇ ਇਹਨਾਂ ਨੇ ਬੜੂ ਸਾਹਿਬ ਦੀ ਸੇਵਾ ਕੀਤੀ।

ਇੱਕ ਵਾਰਾਂ ਜਦੋਂ ਸੰਤ ਜੀ ਮਹਾਰਾਜ ਪਿੰਡ ਗਿੱਲ ਇਹਨਾਂ ਦੇ ਘਰ ਆਏ ਤਾਂ ਕਿਹਾ, ''ਮਾਈ! ਤੁਸੀਂ ਆਪਣੇ ਛੋਟੇ ਲੜਕੇ ਭਾਈ ਗਿਆਨ ਸਿੰਘ ਨੂੰ ਸਾਡੇ ਨਾਲ ਸੇਵਾ ਵਾਸਤੇ ਭੇਜ ਦੇਵੋਂ।'' ਮਾਤਾ ਜੀ ਨੇ ਪੂਰਨ ਪ੍ਰੇਮ ਨਾਲ ਸਤਿ ਬਚਨ ਕਰਕੇ ਭਾਈ ਗਿਆਨ ਸਿੰਘ ਜੀ ਨੂੰ ਸੇਵਾ ਵਿੱਚ ਹਾਜ਼ਰ ਕਰ ਦਿੱਤਾ। ਇਸ ਬੱਚੇ ਨੇ ਉਸ ਵੇਲੇ ੧੯੫੨ ਈਸਵੀ ਵਿੱਚ B.sc. (Agri) ਦੀ ਡਿਗਰੀ ਪਾਸ ਕੀਤੀ ਸੀ। ਇਹਨਾਂ ਨੂੰ ਇੰਨਾਂ ਪ੍ਰੇਮ ਲੱਗਿਆ ਕਿ ਹਮੇਸ਼ਾ ਸੰਤ ਜੀ ਮਹਾਰਾਜ ਦੀ ਸੇਵਾ ਵਿੱਚ ਹੀ ਰਹੇ। ਸੰਤ ਜੀ ਮਹਾਰਾਜ ਜਦੋਂ ਬਾਹਰਲੇ ਦੇਸ਼ਾਂ, ਜਪਾਨ, ਮਲਾਇਆ, ਹਾਂਗਕਾਂਗ, ਕੀਨੀਆਂ, ਅਫ਼ਰੀਕਾ ਅਤੇ ਕੈਨੇਡਾ ਆਦਿ ਦੌਰੇ 'ਤੇ ਗਏ ਤਾਂ ਭਾਈ ਗਿਆਨ ਸਿੰਘ ਜੀ ਨਾਲ ਸਨ। ਬਾਹਰ ਦੀ ਸੰਗਤ ਨੇ ਸੰਤ ਜੀ ਮਹਾਰਾਜ ਨੂੰ ਬੇਨਤੀ ਕੀਤੀ ਕਿ ਇਹਨਾਂ ਨੂੰ ਗੁਰਮਤਿ ਪ੍ਰਚਾਰ ਲਈ ਉੱਥੇ ਰਹਿਣ ਦਿੱਤਾ ਜਾਵੇ। ਸੰਤ ਜੀ ਮਹਾਰਾਜ ਨੇ ਕਿਹਾ, ''ਭਾਈ! ਇਹ ਤਾਂ ਸਾਡੇ ਨਾਲ ਹੀ ਜਾਣਗੇ ਪਰ ਕੋਈ ਹੋਰ ਸੇਵਕ ਇਸ ਕੰਮ ਲਈ ਭੇਜਾਂਗੇ।''

ਬਾਬਾ ਗਿਆਨ ਸਿੰਘ ਜੀ ਨੇ ਸੰਤ ਜੀ ਮਹਾਰਾਜ ਦੀ ਤਾਬੇ ਰਹਿ ਗੁਰਮਤਿ ਸਿੱਖਿਆ ਪ੍ਰਾਪਤ ਕੀਤੀ ਅਤੇ ਗੁਰੂ ਘਰ ਦੀ ਅਤੁੱਟ ਸੇਵਾ ਵਿੱਚ ਲੱਗੇ ਹੋਏ ਹਨ। ਗੁਰਦੁਆਰਾ ਸੰਤ ਕਲੋਨੀ ਪਾਉਂਟਾ ਸਾਹਿਬ, ਜਿਸ ਦੀ ਨੀਂਹ ਸੰਤ ਜੀ ਮਹਾਰਾਜ ਨੇ ਆਪਣੇ ਪਵਿੱਤਰ ਹਸਤ-ਕੰਵਲਾਂ ਨਾਲ ਰੱਖੀ ਸੀ, ਉਸ ਦੀ ਸੇਵਾ ਕਰਾਈ ਹੈ। ਗੁਰਦੁਆਰਾ ਸਾਹਿਬ, ਵੱਡਾ ਦੀਵਾਨ ਹਾਲ, ਗੁਰੂ ਕਾ ਲੰਗਰ ਅਤੇ ਸੰਗਤਾਂ ਦੇ ਠਹਿਰਨ ਲਈ ਕਮਰਿਆਂ ਦੀ ਸੇਵਾ ਹੋ ਗਈ ਹੈ। ਬਾਬਾ ਜੀ ਬੜੂ ਸਾਹਿਬ 'ਕਲਗੀਧਰ ਟਰਸੱਟ' ਦੇ ਬਾਨੀ ਮੈਂਬਰ ਹਨ।

ਬਾਬਾ ਗਿਆਨ ਸਿੰਘ ਜੀ ਦੇ ਵੱਡੇ ਭਰਾ ਡਾਕਟਰ ਗੁਰਬਖਸ਼ ਸਿੰਘ ਜੀ ਨੇ ਸੰਤ ਜੀ ਮਹਾਰਾਜ ਦੇ ਪਹਿਲੀ ਵਾਰ ੧੯੪੯ ਈਸਵੀ ਵਿੱਚ ਦਰਸ਼ਨ ਕੀਤੇ। ਇਹ ਉਸ ਸਮੇਂ ਖ਼ਾਲਸਾ ਕਾਲਜ ਅੰਮ੍ਰਿਤਸਰ ਵਿੱਚ B.sc. (Agri) ਵਿੱਚ ਪੜ੍ਹਦੇ ਸਨ। ਡਿਗਰੀ ਪਾਸ ਕਰ ਭਾਈ ਗੁਰਬਖਸ਼ ਸਿੰਘ ਜੀ, ਭਾਈ ਇਕਬਾਲ ਸਿੰਘ ਜੀ ਨਾਲ ਸੰਤ ਜੀ ਮਹਾਰਾਜ ਪਾਸ ਪਾਉਂਟਾ ਸਾਹਿਬ ਗਏ ਅਤੇ ਗੁਰਮਤਿ ਮਾਰਗ ਦੀ ਸਿੱਖਿਆ ਪ੍ਰਾਪਤ ਕੀਤੀ। ਐਮ. ਐਸ. ਸੀ. ਲੁਧਿਆਣੇ ਸਰਕਾਰੀ ਖੇਤੀ-ਬਾੜੀ ਕਾਲਜ ਤੋਂ ਪਾਸ ਕੀਤੀ ਅਤੇ ਫਿਰ ਅਮਰੀਕਾ ਤੋਂ ਪੀ. ਐਚ. ਦੀ ਡਿਗਰੀ ਲਈ। ਪਿੱਛੋਂ ਪੰਜਾਬ ਖੇਤੀ-ਬਾੜੀ ਯੂਨੀਵਰਸਿਟੀ ਵਿੱਚ ਡੀਨ ਦੀ ਪਦਵੀ 'ਤੇ ਕੰਮ ਕੀਤਾ। ਇੱਥੋ ਸੇਵਾ ਮੁਕਤ ਹੋ, ਹੁਣ ਸੰਤਾਂ ਦੇ ਹੁਕਮ ਵਿੱਚ ਅਮਰੀਕਾ, ਕੈਨੇਡਾ ਵਿੱਚ ਗੁਰਮਤਿ ਪ੍ਰਚਾਰ ਵਿੱਚ ਜੁੱਟੇ ਹੋਏ ਹਨ। ਇਸ ਨਾਲ ਸੰਤਾਂ ਦਾ ਉਹ ਬਚਨ ਕਿ ਅਸੀਂ ਭਾਈ ਗਿਆਨ ਸਿੰਘ ਜੀ ਨੂੰ ਨਹੀਂ ਕਿਸੇ ਹੋਰ ਸੇਵਕ ਨੂੰ ਬਾਹਰ ਭੇਜਾਂਗੇ, ਪੂਰਾ ਹੋਇਆ।

## ਬੀਬੀ ਜਸਵੀਰ ਕੌਰ ਜੀ

ਵਿਆਹ ਹੋਣ ਤੋਂ ਪਹਿਲਾਂ ਮੈਂ ਦੋਵੇਂ ਵੇਲੇ ਗੁਰਬਾਣੀ ਦਾ ਨਿੱਤਨੇਮ ਬਾਣੀ ਦਾ ਪਾਠ ਕਰਕੇ ਅਰਦਾਸ ਕਰਦੀ, "ਸੱਚੇ ਪਾਤਸ਼ਾਹ! ਮੈਂ ਯਤੀਮ ਹਾਂ, ਮੇਰੀ ਸਹਾਇਤਾ ਕਰੋ।" ਅਕਾਲ ਪੁਰਖ ਨੇ ਸੰਤ ਤੇਜਾ ਸਿੰਘ ਜੀ ਮਹਾਰਾਜ ਦੇ ਰੂਪ ਵਿੱਚ ਆ ਕੇ ਦਰਸ਼ਨ ਦਿੱਤੇ। ਸੰਤ ਜੀ ਦੇ ਨਾਲ ਸੰਤ ਭਗਵਾਨ ਸਿੰਘ ਜੀ ਰੇਰੂ ਸਾਹਿਬ ਵਾਲੇ ਤੇ ਗਿਆਨੀ ਨਿਰੰਜਨ ਸਿੰਘ ਜੀ ਸਨ। ਇਹਨਾਂ ਨੇ ੧੦ ਮਾਰਚ ੧੯੫੩ ਈਸਵੀ ਨੂੰ ਮੇਰਾ ਅਨੰਦ ਕਾਰਜ ਕਰਵਾਇਆ ਅਤੇ ਸਾਡੇ ਗ਼ਰੀਬਾਂ ਦਾ ਬੇੜਾ ਬੰਨੇ ਲਾਇਆ।। ਮੇਰਾ ਵਿਆਹ ਡਾਕਟਰ ਗੁਰਬਖਸ਼ ਸਿੰਘ ਜੀ ਨਾਲ ਹੋਇਆ। ਸੰਤ ਜੀ ਮਹਾਰਾਜ ਨੇ ਸਾਡੇ ਪਰਿਵਾਰ 'ਤੇ ਬੇਅੰਤ ਬਖ਼ਸ਼ਿਸ਼ਾਂ ਕੀਤੀਆਂ।

ਇਸ ਦਿਨ ਤੋਂ ਮੈਂ ਸੰਤ ਜੀ ਮਹਾਰਾਜ ਨੂੰ ਸੰਤ-ਪਿਤਾ ਸਮਝਦੀ ਅਤੇ ਸੇਵਾ ਕਰਦੀ। ਜਦੋਂ ਸੰਤ ਜੀ ਮਹਾਰਾਜ ਲੁਧਿਆਣੇ ਆਉਂਦੇ ਤਾਂ ਸਾਡੇ ਪਿੰਡ ਗਿੱਲ ਦਰਸ਼ਨ ਦਿੰਦੇ ਅਤੇ ਕੋਈ ਗੁਰਬਾਣੀ ਦੀ ਤੁੱਕ ਰਾਹੀਂ ਮਨ ਨੂੰ ਠੋਕਰ ਮਾਰ ਜਾਂਦੇ। "**ਮਨੁ ਅਸਾਧੁ ਸਾਧੈ ਜਨੁ ਕੋਇ॥" (੧੫੯)** ਜਾਂ "**ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ॥**"(੧੪੫) ਅਸੀਂ ਦੋਵੇਂ (ਮੈਂ ਤੇ ਮੇਰੇ ਪਤੀ ਜੀ) ਇਹਨਾਂ ਤੁਕਾਂ ਨੂੰ ਮਨ ਵਿੱਚ ਵਸਾਉਂਦੇ ਰਹਿੰਦੇ।

ਇਕ ਵਾਰੀ ਘਰ ਵਾਲਿਆਂ ਨੇ ਜ਼ੋਰ ਦਿੱਤਾ ਕਿ ਮੈਂ ਸਕੂਲ ਵਿੱਚ ਅਧਿਆਪਕਾ ਦੀ ਨੌਕਰੀ ਛੱਡ ਦੇਵਾਂ ਕਿਉਂਕਿ ਮੇਰੇ ਪਤੀ ਜੀ ਨੇ ਅਮਰੀਕਾ ਪੜ੍ਹਣ ਜਾਣਾ ਸੀ। ਸੰਤ ਜੀ ਮਹਾਰਾਜ ਨੂੰ ਬੇਨਤੀ ਕੀਤੀ ਕਿ ਮੈਂ ਨੌਕਰੀ ਛੱਡਣਾ ਚਾਹੁੰਦੀ ਹਾਂ ਤਾਂ ਉਹਨਾਂ ਕਿਹਾ ਕਿ ਇਹ ਨਹੀਂ ਛੱਡਣੀ, ਇਹ ਤੇਰੇ ਕੰਮ ਆਵੇਗੀ। ਉਹਨਾਂ ਨੇ ਬਚਨ ਕੀਤੇ, "ਅਧਿਆਪਕ ਇੱਕ ਵਧੀਆ ਕਿੱਤਾ ਹੈ। ਜੇ ਇੱਕ ਬੱਚਾ ਵੀ ਸੁਧਰ ਜਾਵੇ ਤਾਂ ਸਮਝੋ ਜੀਵਨ ਸਫਲ ਹੋ ਗਿਆ।" ਪੜ੍ਹਾਉਣ ਦਾ ਗੁਰ ਦੱਸਦਿਆਂ ਕਿਹਾ, "ਬੱਚਾ! ਜਿੰਨਾਂ ਪਿਆਰ ਨਾਲ ਸਿੱਖਦਾ ਹੈ, ਮਾਰਨ ਨਾਲ ਨਹੀਂ, ਮਾਰ ਨਾਲ ਤਾਂ ਜੋ ਆਉਂਦਾ ਹੁੰਦਾ ਹੈ ਉਹ ਵੀ ਭੁੱਲ ਜਾਂਦਾ ਹੈ।"

ਇੱਕ ਵਾਰ ਸੰਤ ਜੀ ਮਹਾਰਾਜ ਯੂ. ਪੀ. ਮੇਰੇ ਨਾਨਕੇ ਪਰਿਵਾਰ ਅਖੰਡ ਪਾਠ ਦੇ ਭੋਗ 'ਤੇ ਗਏ ਸਨ। ਮੈਂ ਵੀ ਉੱਥੇ ਗਈ ਸੀ। ਉਸ ਸਮੇਂ ਮੇਰੇ ਮੂੰਹ ਤੋਂ ਨਿਕਲ ਗਿਆ ਕਿ ਮੈਂ ਵੀ ਸਾਧਨੀ ਬਣ ਜਾਵਾਂਗੀ। ਸੰਤ ਜੀ ਮਹਾਰਾਜ ਹੱਸ ਪਏ, ਹਾਂ ਬੱਚਾ! ਇਹ ਠੀਕ ਹੈ। ਪੱਚੀ ਸਾਲ ਪਹਿਲਾਂ ਦਾ ਇਹ ਬਚਨ ਹੁਣ ਪੂਰਾ ਹੋਇਆ ਅਤੇ ਮੇਰੇ ਪਤੀ ਜੀ ਨੌਕਰੀ ਛੱਡ ਗੁਰਮਤਿ ਪ੍ਰਚਾਰ ਵਿੱਚ ਲੱਗ ਗਏ ਹਨ। ਜਦੋਂ ਮੈਂ ਪੁੱਛਿਆ ਕਿ ਮੇਰਾ ਪਿੱਛਲਾ ਜੀਵਨ ਕਿਸ ਤਰ੍ਹਾਂ ਦਾ ਸੀ ਤਾਂ ਸੰਤ ਜੀ ਮਹਾਰਾਜ ਨੇ ਕਿਹਾ, "ਇਸ ਦਾ ਪਤਾ ਤੂੰ ਆਪ ਹੀ ਲਗਾ ਸਕਦੀ ਹੈ। ਭਜਨ ਬੰਦਗੀ ਕਰਕੇ, ਆਪਣੀ ਮਨ, ਬੁੱਧ ਤੇ ਆਤਮਾ ਵਿੱਚ ਝੂਠੀ ਹਉਮੈ ਦੀ ਕੰਧ ਦੂਰ ਹੋ ਜਾਂਦੀ ਹੈ ਅਤੇ ਸਭ ਸੋਝੀ ਹੋ ਜਾਂਦੀ ਹੈ।"

ਸੰਤ ਜੀ ਮਹਾਰਾਜ ਨੇ ਇੱਕ ਵਾਰੀ ਸਮਝਾਇਆ ਕਿ ਗ਼ਰੀਬੀ ਚੰਗੀ ਹੁੰਦੀ ਹੈ। ਇਸ ਵਿੱਚ ਅਨਮੋਲ ਖ਼ਜ਼ਾਨੇ ਦੱਬੇ ਹੁੰਦੇ ਹਨ। ਸਾਡੀ ਜਿੰਦਗੀ ਵਿੱਚ ਕੋਈ ਕੰਮ ਨਹੀਂ ਰੁਕਿਆ, ਸਹਿਜ-ਸੁਭਾਏ ਸਾਰੇ ਕੰਮ ਹੋ ਜਾਂਦੇ ਹਨ। ਉਹਨਾਂ ਦੀ ਹੀ ਕਿਰਪਾ ਹੈ। ਇਹ ਬਚਨ ਕਿ ਸਾਰੇ ਮਹਾਂਪੁਰਖਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ। ਕਹਿੰਦੇ ਹਨ ਕਿ ਇੱਕ ਵਾਰੀ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲੇ, ਸੰਤ ਅਤਰ ਸਿੰਘ ਜੀ ਰੇਰੂ ਸਾਹਿਬ ਵਾਲਿਆਂ ਦੇ ਦਰਸ਼ਨ ਵਾਸਤੇ ਗਏ। ਜਦੋਂ ਦੁਰਾਹੇ ਸਟੇਸ਼ਨ 'ਤੇ ਉੱਤਰੇ

ਤਾਂ ਅੱਗੋ ਸੰਤ ਰੇਰੂ ਸਾਹਿਬ ਵਾਲੇ ਜਥੇ ਸਮੇਤ ਬੈਲ ਗੱਡੀ ਲੈ ਕੇ ਆਏ ਹੋਏ ਸਨ। ਉਹਨਾਂ ਨੇ ਬੈਲ ਗੱਡੀ 'ਤੇ ਅੱਛੀ ਵਿਛਾਈ ਕਰਕੇ ਸੰਤ ਅਤਰ ਸਿੰਘ ਜੀ ਮਹਾਰਾਜ ਨੂੰ ਬਿਠਾਇਆ। ਰੇਰੂ ਸਾਹਿਬ ਵਾਲੇ ਸੰਤਾਂ ਨੇ ਆਪਣੇ ਸੇਵਕ ਨੂੰ ਨਾਲ ਲੈ, ਗੱਡੇ ਨੂੰ ਮੋਢੇ 'ਤੇ ਰੱਖ, ਆਪ ਗੱਡੇ ਨੂੰ ਚਲਾਉਣ ਲੱਗੇ ਤਾਂ ਸੰਤ ਜੀ ਮਹਾਰਾਜ ਉਸੇ ਵੇਲੇ ਗੱਡੇ ਤੋਂ ਉੱਤਰ ਗਏ ਅਤੇ ਰੇਰੂ ਸਾਹਿਬ ਵਾਲੇ ਸੰਤਾਂ ਨੂੰ ਬੇਨਤੀ ਕੀਤੀ ਕਿ ਤੁਸੀਂ ਸਾਡਾ ਹੀ ਸਰੂਪ ਹੋ ਆਓ ਅਸੀਂ ਇਕੱਠੇ ਗੱਡੇ 'ਤੇ ਬੈਠਦੇ ਹਾਂ। ਇਸ ਨੂੰ ਬੈਲ ਹੀ ਚਲਾਉਣਗੇ। ਉਸੇ ਤਰ੍ਹਾਂ ਹੀ ਹੋਇਆ। ਦੋਨੋਂ ਮਹਾਂਪੁਰਸ਼ ਗੱਡੇ 'ਤੇ ਬੈਠ ਗਏ। ਇਹ ਹੈ ਅਤਿ ਦਰਜੇ ਦੀ ਗ਼ਰੀਬੀ ਦੀ ਮਿਸਾਲ। ਜੋ ਬ੍ਰਹਮ ਗਿਆਨੀ ਹੁੰਦੇ ਹਨ ਉਹ ਐਸੀ ਗ਼ਰੀਬੀ ਵਿੱਚ ਰਹਿੰਦੇ ਹਨ।

ਜਨਮ ਅਸਥਾਨ ਸੰਤ ਅਤਰ ਸਿੰਘ ਜੀ ਮਹਾਰਾਜ ਦੇ ਬਣਾਉਣ ਸਮੇਂ, ਸੰਤਾਂ ਨੇ ਸੰਗਤ ਵਿੱਚ ਆਈਆਂ ਬੀਬੀਆਂ ਨੂੰ ਕਿਹਾ, "ਭਾਈ! ਅਸਥਾਨ ਦੇ ਕਲਸ ਲਈ ਸਾਰੀਆਂ ਸੋਨੇ ਦੀ ਸੇਵਾ ਕਰੋ।" ਸਭ ਬੀਬੀਆਂ ਨੇ ਆਪਣੇ ਜੇਵਰ ਲਾਹ ਕੇ ਸੇਵਾ ਵਿੱਚ ਭੇਟਾ ਕੀਤੇ। ਜਦ ਮੇਰੀ ਵਾਰੀ ਆਈ ਤਾਂ ਬੇਨਤੀ ਕੀਤੀ ਕਿ ਮੈਨੂੰ ਤਾਂ ਸੋਨਾ ਕਿਸੇ ਪੇਕੇ ਸਹੁਰੇ ਨੇ ਪਾਇਆ ਹੀ ਨਹੀਂ। ਮੇਰੇ ਕੰਨ ਵੀ ਵਿੰਨ੍ਹੇ ਹੋਏ ਨਹੀਂ। ਸੰਤ ਜੀ ਨੇ ਕਿਹਾ, "ਸੋਨਾ ਪਾ ਕੇ ਕੀ ਕਰਨਾ ਹੈ, ਸੋਨਾ ਤੇ ਮਿੱਟੀ ਇਕੋ ਬਰਾਬਰ ਹਨ। ਚੰਗਾ ਤੂੰ ਆਪਣੀ ਨੌਕਰੀ ਲੱਗਣ ਵੇਲੇ ਪਹਿਲੀ ਤਨਖ਼ਾਹ ਸੇਵਾ ਵਿੱਚ ਪਾ ਦੇਵੀਂ।" ਪਿੱਛੋਂ ਇਸ ਤਰ੍ਹਾਂ ਹੀ ਕੀਤਾ।

## ਭਾਈ ਗੰਭੀਰ ਸਿੰਘ ਸੋਢੀ

"ਸੰਤ ਤੇਜਾ ਸਿੰਘ ਜੀ ਦੇ ਦਰਸ਼ਨ ਪਹਿਲੀ ਵਾਰ ਮੈਨੂੰ ਲਾਇਲਪੁਰ ਹੋਏ। ਬੜੇ ਜੋਸ਼ ਨਾਲ ਕਥਾ ਤੇ ਕੀਰਤਨ ਕਰਦੇ ਸਨ। ਉਹਨਾਂ ਦੇ ਪ੍ਰਚਾਰ ਨੇ ਮੈਨੂੰ ਬਹੁਤ ਵੱਡੀ ਠੋਕਰ ਮਾਰੀ। ਉਹਨਾਂ ਦੀ ਕਥਾ ਸੁਣ ਕੇ ਕੁਝ ਖਾਸ ਹੀ ਅਨੰਦ ਤੇ ਰਸ ਆਉਂਦਾ ਸੀ। ਜਦੋਂ ਮਨ ਢਹਿੰਦਿਆਂ ਕਲਾਂ ਵਿੱਚ ਜਾਂਦਾ, ਆਪ ਆ ਦਰਸ਼ਨ ਦਿੰਦੇ ਤੇ ਮਨ ਦੇ ਸਾਰੇ ਕਲੇਸ਼ ਮੁਕਾ ਦਿੰਦੇ।"

ਇੱਕ ਵਾਰੀ ੧੯੩੨ ਈਸਵੀ ਵਿੱਚ ਮੈਨੂੰ ਆਪ ਹੀ ਸੁਨੇਹਾ ਦੇ ਕੇ ਬੁਲਾ ਭੇਜਿਆ। ਮੈਂ ਸਰਦਾਰ ਸੰਪੂਰਨ ਸਿੰਘ ਦੀ ਕੋਠੀ, ਜਿੱਥੇ ਉਹ ਠਹਿਰੇ ਸਨ ਗਿਆ ਤਾਂ ਕਹਿਣ ਲੱਗੇ, "ਭਾਈ! ਤੂੰ ਭੁੱਲ ਜਾਂਦਾ ਹੈਂ ਤੈਨੂੰ ਨਿੱਤਨੇਮ ਦੀਆਂ ਬਾਣੀਆਂ ਦਾ ਪਾਠ ਕਰਨ ਲਾਇਆ ਸੀ। ਘਰਦਿਆਂ ਝੰਮੇਲਿਆਂ ਵਿੱਚ ਕਈ ਵਾਰੀ ਭੁੱਲ ਜਾਂਦਾ ਜਾਂ ਨਾ ਹੋ ਸਕਦਾ। ਜੇ ਸੁੱਤੇ ਪਿਆਂ ਦੇਰ ਹੋ ਜਾਂਦੀ ਮੈਨੂੰ ਸੁਪਨੇ ਵਿੱਚ ਆ ਕੇ ਕਹਿੰਦੇ, "ਭਾਈ! ਭੁੱਲ ਨਾ, ਜੀਵਨ ਦਾ ਲਾਹਾ ਲੈ, ਨਿੱਤਨੇਮ ਦਾ ਵੇਲਾ ਹੋ ਗਿਆ ਹੈ।" ਮੇਰੇ ਮਕਾਨ ਬਣਾਉਣ ਦੇ ਰੁਝੇਵੇਂ ਨੂੰ ਸੁਣ ਕੇ ਕਹਿਣ ਲੱਗੇ, "ਇਸ ਵਿੱਚ ਸਮਾਂ ਨਾ ਗੁਆ, ਕੋਈ ਪੰਦਰਾਂ ਸਾਲਾਂ ਨੂੰ ਭਾਣਾ ਵਰਤੇਗਾ, ਇਹ ਛੱਡ ਕੇ ਜਾਣਾ ਪਵੇਗਾ। ਜਿਤਨੀ ਛੇਤੀ ਹੋ ਸਕੇ ਮਕਾਨ ਵੇਚ ਦੇ। ਮੇਰੇ ਵਿਚਾਰ ਵਿੱਚ ਇਹ ਗੱਲ ਭੁੱਲ ਗਈ। ੧੯੪੫ ਈਸਵੀ ਵਿੱਚ ਮੈਨੂੰ ੨੫●●● ਰੁਪਏ ਮਕਾਨ ਦੇ ਰਹੇ, ਮੈਂ ਲਏ ਨਾ। ਉਸੇ ਸਾਲ ਮੈਂ ਮਿੰਟਗੁਮਰੀ ਡੀ. ਡੀ. ਏ. ਬਣਕੇ ਗਿਆ। ਦਾਣੇ ਰੱਖਣ ਦੇ ਸਟੋਰ (ਗਰੇਨ ਏਲੀਵੇਟਰ) ਦੇਖਣ ਜਾਣਾ ਸੀ। ਉਹਨਾਂ ਦੇ ਬਣਨ ਦਾ ਦ੍ਰਿਸ਼ ਸਾਹਮਣੇ ਆ ਕੇ ਸੰਤ ਜੀ ਦੀ ਗੱਲ ਚੇਤੇ ਆਈ। ਉਸ ਵੇਲੇ ਕੇਵਲ ਮੈਨੂੰ ੧੯●●● ਰੁਪਏ ਮਿਲੇ। ਜਿਸ ਦੇ ਇੱਕ ਸਾਲ ਪਹਿਲਾਂ ਡੂਢੇ ਮਿਲਦੇ ਸਨ। ਇਹ ਹਰਜਾਨਾ ਸੰਤ ਜੀ ਦੇ ਹੁਕਮ ਨਾ ਮੰਨਣ ਕਰਕੇ ਹੋਇਆ।

**ਸੰਤ ਜੀ ਕਹਿੰਦੇ ਹੁੰਦੇ ਭਾਈ! ਬਾਣੀ ਧਿਆਨ ਨਾਲ ਪੜ੍ਹੋ। ਮੈਂ ਕਈ ਟੀਕੇ ਵੇਖੇ ਪਰ ਅਰਥ ਉਹਨਾਂ ਵਿੱਚ ਅਲੱਗ-ਅਲੱਗ ਸਨ। ਮਨ ਨੂੰ ਤਸੱਲੀ ਨਾ ਹੋਈ। ਸੰਤ ਜੀ ਤੋਂ ਠੀਕ ਅਰਥ ਪੁੱਛੇ ਤਾਂ ਕਹਿਣ ਲੱਗੇ,**

**"ਜਿਸ ਨੇ ਤੈਨੂੰ ਜੋਤ ਦਿੱਤੀ ਹੈ, ਉਹ ਅਰਥ ਵੀ ਦੱਸੇਗਾ, ਟੀਕੇ ਭੁੱਲ ਜਾਹ। ਮਨ ਨੂੰ ਬਾਣੀ ਵਿੱਚ ਜੋੜ ਕੇ ਵੈਰਾਗ ਨਾਲ ਪੜ੍ਹੇਂਗਾ ਤਾਂ ਅਰਥ ਗੁਰਬਾਣੀ ਵਿੱਚੋਂ ਹੀ ਮਿਲ ਜਾਣਗੇ। ਬਾਣੀ ਮਨ ਦੀ ਅਵਸਥਾ ਅਨੁਸਾਰ ਖਿੱਚ ਕਰੇਗੀ ਤੇ ਸਭ ਘੁੰਡੀਆਂ ਆਪਣੇ ਆਪ ਖੁੱਲ੍ਹ ਜਾਣਗੀਆਂ। ਇਸ ਤਰ੍ਹਾਂ ਗੁਰਬਾਣੀ ਪੜ੍ਹ ਕੇ ਅਨੰਦ ਆਉਂਦਾ ਹੈ।"**

ਸੰਤ ਜੀ ਮਿੰਟਗੁਮਰੀ ਵੀ ਗਏ। ਦਾਸ ਦੇ ਉੱਦਮ ਨਾਲ ਗੁਰਮਤਿ ਪ੍ਰਚਾਰ ਹੋਇਆ ਪਰ ਸੰਤ ਜੀ ਮੇਰੇ ਘਰ ਕਦੇ ਨਹੀਂ ਠਹਿਰੇ ਸਨ। ਮੇਰੀ ਨੌਕਰੀ ਤੋਂ ਹਟਣ ਤੇ ਅਚਨਚੇਤ ਸੁਨੇਹਾ ਆਇਆ ਕਿ ਸੰਤ ਜੀ ਅੰਮ੍ਰਿਤਸਰ ਤੋਂ ਆ ਕੇ ਸਾਡੇ ਪਾਸ ਠਹਿਰਣਗੇ। ਮਨ ਨੇ ਧਾਰਿਆ ਸੀ ਕਿ ਦੁਨੀਆਵੀ ਗੱਲ ਨਹੀਂ ਕਰਨੀ ਪਰ ਉਹਨਾਂ ਆਉਦਿਆਂ ਆਪ ਹੀ ਪੁੱਛਿਆ ਤਾਂ ਦਾਸ ਨੇ ਸਾਰਾ ਹਾਲ ਦੱਸ ਦਿੱਤਾ, ਕਹਿਣ ਲੱਗੇ ਲਿਆਉ ਕੇਸ ਮੈਨੂੰ ਵਿਖਾਉ, ਮੈਂ ਵੀ ਵਕੀਲ ਹਾਂ। ਕਾਗਜ਼ ਵੇਖ ਕੇ ਕਹਿਣ ਲੱਗੇ, "ਕੇਸ ਤਾਂ ਤੇਰੇ ਉਲਟ ਕੋਈ ਨਹੀਂ ਹੈ, ਸਭ ਠੀਕ ਹੋ ਜਾਵੇਗਾ। ਕਹੇਂ ਤਾਂ ਮੈਂ ਸਰਦਾਰ ਹੁਕਮ ਸਿੰਘ ਦੇ ਨਾਮ ਚਿੱਠੀ ਦੇ ਦਿਆਂ।" ਮੈਂ ਕਿਹਾ ਜੀ ਤੁਹਾਡੇ ਤਾਂ ਬਚਨ ਹੀ ਬਹੁਤ ਹਨ। ਪਰਮਾਤਮਾ ਦੀ ਕਿਰਪਾ ਸਦਕਾ ਮੇਰੇ ਡਿਸ-ਮਿਸ ਦਾ ਹੁਕਮ ਹੋਇਆ-ਹੋਇਆ ਵੀ ਮੈਨੂੰ ਭੇਜੇ ਜਾਣ ਤੋਂ ਰਹਿ ਗਿਆ। ਮੈਨੂੰ ਦੁਬਾਰਾ ਸੱਦ ਕੇ ਸਾਰੀ ਗੱਲ ਪੁੱਛੀ ਤਾਂ ਸੁਣਦੇ ਸਾਰ ਹੀ ਮੈਨੂੰ ਬਰੀ ਕਰ ਦਿੱਤਾ। ਇਹ ਸੰਤ ਜੀ ਦੇ ਬਚਨਾਂ ਦੀ ਮੈਂ ਤਾਕਤ ਸਮਝਦਾ ਹਾਂ।

ਇਕ ਵਾਰੀ ਇੱਕ ਪੜ੍ਹੇ-ਲਿਖੇ ਸਿਆਣੇ ਆਦਮੀ ਨੇ ਭਾਈ ਸਾਹਿਬ ਰਣਧੀਰ ਸਿੰਘ ਦੀ ਸਖਤ ਰਹਿਤ ਦੀ ਅਲੋਚਨਾ ਕੀਤੀ। ਸੰਤ ਜੀ ਨੇ ਕੁਝ ਜ਼ੋਰਦਾਰ ਸ਼ਬਦਾਂ ਵਿੱਚ ਕਿਹਾ, "ਭਾਈ! ਸਾਰੀ ਉਮਰ ਡਰੇਨ ਇੰਸਪੈਕਟਰ ਹੀ ਬਣੇ ਰਹਿਣਾ ਹੈ। ਗੁਣ ਗ੍ਰਹਿਣ ਕਰੋ।"

**ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ ॥ (੭੬੬)**

"ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਅਹਿੱਲ ਸਮਾਧੀ ਲਾ ਕੇ ਜੋ ਕੀਰਤਨ ਦੀ ਵਰਖਾ ਕਰਦੇ ਅਤੇ ਉਸ ਦਾ ਅਨੰਦ ਬਖ਼ਸ਼ਦੇ ਹਨ। ਬੇਅੰਤ ਪ੍ਰਾਣੀਆਂ ਨੂੰ ਕੀਰਤਨ ਦੀ ਦਾਤ ਦਿੱਤੀ ਹੈ। ਨਾਮ-ਸਿਮਰਨ ਦੀਆਂ ਝੜੀਆਂ ਲਾਉਂਦੇ ਹਨ। ਇਹ ਗੁਣ ਕਿਉਂ ਨਹੀਂ ਵੇਖਦਾ ਤੇ ਅਪਣਾਉਂਦਾ। ਗੁਣ ਵੇਖਾਂਗੇ ਤਾਂ ਜੀਵਨ ਵਿੱਚ ਗੁਣ ਪੈਦਾ ਹੋਣਗੇ, ਜੇ ਔਗੁਣ ਵੇਖਾਂਗੇ ਤਾਂ ਜੀਵਨ ਔਗੁਣਾਂ ਨਾਲ ਭਰ ਜਾਵੇਗਾ। ਗੁਣਾਂ ਲਈ ਕੋਈ ਥਾਂ ਨਹੀਂ ਰਹੇਗੀ।" ਉਸ ਸਵਾਲ ਕਰਨ ਵਾਲੇ ਦੀ ਤਾਂ ਤਸੱਲੀ ਹੋਣੀ ਸੀ, ਸੁਣਨ ਵਾਲੇ ਵੀ ਇਹ ਬਚਨ ਸੁਣ ਕੇ ਨਿਹਾਲ ਹੋ ਗਏ।

ਸਾਡਾ ਦੋਹਤਾ ਬਹੁਤ ਸਿਆਣਾ ਤੇ ਪਰਮਾਤਮਾ ਵਿੱਚ ਵਿਸ਼ਵਾਸ ਕਰਨ ਵਾਲਾ ਕਾਲਜ ਵਿੱਚ ਪੜ੍ਹਦਾ ਸੀ, ਰੱਬ ਨੂੰ ਲੱਭਣ ਦੀ ਇੱਛਾ ਕਾਰਨ ਈਸਾਈ ਪਾਦਰੀਆਂ ਦੇ ਪਿੱਛੇ ਲੱਗ ਗਿਆ। ਉਸ ਨੂੰ ਗੁਰਮਤਿ ਦੇ ਗੁਣ ਸਮਝਾਉਣ ਤੇ ਵਿਲਖੱਣਤਾ ਤੇ ਉੱਚਤਾ ਦੱਸੀ ਪਰ ਉਸ ਨੂੰ ਪਾਦਰੀ ਛੱਡਣ ਹੀ ਨਾ ਅਤੇ ਉਹ ਬਹੁਤ ਰੋਇਆ ਕਿ ਉਸ ਨੂੰ ਰੱਬ ਦੇ ਰਾਹ ਤੋਂ ਕਿਉਂ ਰੋਕਦੇ ਹੋ? ਅਸੀਂ ਬਹੁਤ ਪ੍ਰੇਸ਼ਾਨ ਸਾਂ। ਇਹ ੧੯੬੩ ਈਸਵੀ ਦੀ ਗੱਲ ਹੈ। ਸੰਤ ਜੀ ਪਾਸ ਨਾਨਕਸਰ ਚੀਮਾਂ ਗਏ ਉਹਨਾਂ ਨੂੰ ਸਾਰੀ ਗੱਲ ਦੱਸੀ। ਸਵੇਰੇ ਆਸਾ ਦੀ ਵਾਰ ਦੇ ਭੋਗ ਸਮੇਂ ਅਰਦਾਸ ਕੀਤੀ ਅਤੇ ਪ੍ਰਸ਼ਾਦ ਵਜੋਂ ਇੱਕ ਸੇਬ ਦਿੱਤਾ। ਜੋ ਆ ਕੇ ਉਸ ਨੂੰ ਖੁਆ ਦਿੱਤਾ। ਉਹ ਆਈ. ਏ. ਐਸ. ਵਿੱਚੋਂ ਅੱਵਲ ਆਇਆ। ਹੁਣ ਤੱਕ ਗੁਰਸਿੱਖੀ ਵਿਚਾਰ ਅਨੁਸਾਰ ਚੱਲ ਰਿਹਾ ਹੈ। ਪਰਿਵਾਰ ਦੇ ਸਾਰੇ ਜੀਆਂ ਵਿੱਚੋਂ ਗੁਰਮਤਿ ਦਾ ਵੱਧ ਅਭਿਲਾਸ਼ੀ ਹੈ ਅਤੇ ਸਭ ਤੋਂ ਵੱਧ ਸੁਖੀ ਵੀ ਹੈ।

## ਭਾਈ ਹਰਿੰਦਰ ਸਿੰਘ ਜੀ

ਸੰਤ ਜੀ ਮਹਾਰਾਜ ਨੇ ਜੂਨ ਜੁਲਾਈ ੧੯੫੯ ਈਸਵੀ ਦੇ ਵਿੱਚ ਸਾਡੇ ਪਿੰਡ ਪੈਗੰਬਰਪੁਰ ਤਹਿਸੀਲ ਬਿਲਾਸਪੁਰ ਜ਼ਿਲਾ ਰਾਮਪੁਰ ਯੂ.ਪੀ. ਦਰਸ਼ਨ ਦਿੱਤੇ।

ਸੰਤ ਜੀ ਦੇ ਦਰਸ਼ਨ ਕਰਨ ਤੋਂ ਪਹਿਲਾਂ ਹੀ ਉਹਨਾਂ ਬਾਰੇ ਸਾਡੇ ਮਨ ਵਿੱਚ ਬਹੁਤ ਸ਼ਰਧਾ ਸੀ। ਉਹ ਇਤਨੀ ਵੱਡੀ ਵਿੱਦਿਆ ਦੇ ਮਾਲਕ ਹੁੰਦਿਆਂ ਹੋਇਆਂ ਵੀ ਕਿਸੇ ਗੱਲ ਦਾ ਵਿਖਾਵਾ ਜਾਂ ਮਾਣ ਨਹੀਂ ਸੀ ਕਰਦੇ। ਉਹਨਾਂ ਦੀ ਸਾਦਗੀ ਤੇ ਤਿਆਗ ਹਰ ਮਿਲਣ ਵਾਲੇ ਨੂੰ ਪ੍ਰਭਾਵਿਤ ਕਰਦੇ ਸਨ।

ਸੰਤ ਜੀ ਹਫ਼ਤਾ ਕੁ ਸਾਡੇ ਪਾਸ ਠਹਿਰੇ। ਸਾਰੇ ਪਰਿਵਾਰ ਤੇ ਹੋਰ ਸੰਗਤਾਂ ਨੂੰ ਅੰਮ੍ਰਿਤ ਛਕਾਇਆ। ਸਿੱਖ ਧਰਮ ਦੀ ਗੁੜ੍ਹਤੀ ਤਾਂ ਪਰਿਵਾਰ ਨੂੰ ਪਹਿਲਾਂ ਤੋਂ ਹੀ ਸੀ। ਹਿੰਦੂ, ਮੁਸਲਮਾਨ, ਸਿੱਖ ਸਭ ਸੰਗਤਾਂ ਇਕੱਠੀਆਂ ਉਸੇ ਲੰਗਰ ਵਿੱਚੋਂ ਰਲ੍ਹ ਕੇ ਪ੍ਰਸ਼ਾਦਾ ਛਕਦੀਆਂ ਸਨ। ਪ੍ਰਚਾਰ ਸੁਣ ਕੇ ਅਸਥਾਨਕ ਹਿੰਦੂ, ਮੁਸਲਮਾਨ ਪ੍ਰਭਾਵਿਤ ਹੋਏ। ਉਹਨਾਂ ਦੀ ਇਹ ਗੱਲ ਮੇਰੇ ਹੁਣ ਵੀ ਯਾਦ ਹੈ, **"ਭਾਈ! ਫ਼ੁਰਨੇ ਦਾ ਨਾਮ ਹੀ ਮਨ ਹੈ, ਫ਼ੁਰਨਾ ਸੰਗਤ ਤੋਂ ਪੈਦਾ ਹੁੰਦਾ ਹੈ। ਇਸ ਲਈ ਚੰਗੀ ਸੰਗਤ ਵਿੱਚ ਰਹਿਣਾ ਚਾਹੀਦਾ ਹੈ। ਦੂਜੇ ਚੰਗੀ ਸੰਗਤ ਸਿੱਖ ਦੀ ਵਾੜ ਹੁੰਦੀ ਹੈ, ਮੰਦੇ ਕੰਮਾਂ ਤੋਂ ਸਹਿਜ-ਸੁਭਾਏ ਰੋਕ ਰੱਖਦੀ ਹੈ।"**

ਪੰਥਕ ਸੰਗਠਨ ਲਈ ਵਿਚਾਰ ਦਿੱਤੀ ਕਿ ਪੰਜ-ਪੰਜ ਸਿੰਘ ਹਰ ਪਿੰਡ, ਤਹਿਸੀਲ, ਜ਼ਿਲ੍ਹਾ ਪੱਧਰ 'ਤੇ ਥਾਪੇ ਜਾਣ ਜੋ ਪ੍ਰਚਾਰ ਦੀ ਪੰਡ ਚੁੱਕਣ। ਇਹਨਾਂ ਸਾਰਿਆਂ ਨੂੰ ਇੱਕ ਲੜੀ ਵਿੱਚ ਪਰੋ ਕੇ ਗੁਰਮਤਿ ਪ੍ਰਚਾਰ ਸੁਚੱਜੇ ਢੰਗ ਨਾਲ ਕੀਤਾ ਜਾ ਸਕਦਾ ਹੈ। ਇਸ ਸੁਝਾਉ ਦੀ ਮਹੱਤਤਾ ਅੱਜ ਸਭ ਨੂੰ ਮਹਿਸੂਸ ਹੋਣ ਲੱਗ ਪਈ ਹੈ। ਜਿਤਨੀ ਛੇਤੀ ਅਪਣਾਈ ਜਾ ਸਕੇਗੀ ਉਤਨਾ ਹੀ ਪੰਥ ਦੇ ਹਿੱਤ ਵਿੱਚ ਹੈ। ਜਾਣ ਲੱਗਿਆਂ, ਮੈਂ ਸੰਤ ਜੀ ਤੋਂ ਪੁੱਛਿਆ ਕਿ ਦਰਸ਼ਨ ਕਦੋਂ ਹੋਣਗੇ? ਕਹਿਣ ਲੱਗੇ, "ਭਾਈ! ਅਸੀਂ ਤਾਂ ਗ਼ਰੀਬ ਹਾਂ, ਤੈਨੂੰ ਦਰਸ਼ਨ ਗੁਰੂ ਨਾਨਕ ਦੇ ਹੋਣਗੇ।" ਨਾਨਕਸਰ ਚੀਮੇਂ ਅਤੇ ਬੜੂ ਸਾਹਿਬ ਵੀ ਜਾ ਕੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਹਰ ਵੇਲੇ ਰੁਹਾਨੀਅਤ ਦੀ ਗੱਲ ਕਰਦੇ ਜਾਂ ਗੁਰੂ ਘਰ ਦੀ। ਬਿਮਾਰੀ ਦੀ ਹਾਲਤ ਵਿੱਚ ਵੀ ਉਹਨਾਂ ਦਾ ਧਿਆਨ ਸੇਵਾ ਅਤੇ ਆਤਮਿਕ ਪ੍ਰਚਾਰ ਵੱਲ ਰਹਿੰਦਾ। ਮੈਂ ਆਪਣੇ ਸਿਮਰਨ ਬਾਰੇ ਦੱਸਿਆ, ਕਹਿਣ ਲੱਗੇ, "ਆਮ ਆਦਮੀ ਪਾਸ ਇਹ ਗੱਲ ਨਹੀਂ ਕਰਨੀ, ਤਾਕਤ ਘੱਟ ਜਾਂਦੀ ਹੈ।" ਭਵਿੱਖ ਦੀ ਗੱਲ ਕਰਦੇ ਕਹਿੰਦੇ ਸਨ, ਬਿਖੜਾ ਸਮਾਂ ਆਉਣ ਵਾਲਾ ਹੈ। ਉਸ ਦੀ ਤਿਆਰੀ ਕਰਨ ਲਈ ਕਿਤੇ ਅਲੱਗ ਸ਼ਾਂਤੀ ਵਾਲੀ ਜਗ੍ਹਾਂ ਰਹਿ ਕੇ ਭਗਤੀ ਕਰਨੀ ਚਾਹੀਦੀ ਹੈ। ਇਸ ਗੱਲ ਲਈ ਉਹਨਾਂ ਨੇ ਪਹਾੜਾਂ ਵਿੱਚ ਬੜੂ ਆਸ਼ਰਮ ਚੁਣਿਆ ਸੀ। ਮੈਦਾਨਾਂ ਵਿੱਚ ਆਵਾਜਾਈ ਦੇ ਸਾਧਨ ਵੱਧ ਹੋਣ ਕਰਕੇ ਨੁਕਸਾਨ ਵੱਧ ਹੋਵੇਗਾ।

# ਕਾਂਡ ੩੪

ਗਉੜੀ ਮਹਲਾ ੫ ॥

ਪ੍ਰਭ ਮਿਲਬੇ ਕਉ ਪ੍ਰੀਤਿ ਮਨਿ ਲਾਗੀ ॥
ਪਾਇ ਲਗਉ ਮੋਹਿ ਕਰਉ ਬੇਨਤੀ ਕੋਊ ਸੰਤੁ ਮਿਲੈ ਬਡਭਾਗੀ ॥੧॥ਰਹਾਉ॥
ਮਨੁ ਅਰਪਉ ਧਨੁ ਰਾਖਉ ਆਗੈ ਮਨ ਕੀ ਮਤਿ ਮੋਹਿ ਸਗਲ ਤਿਆਗੀ ॥
ਜੋ ਪ੍ਰਭ ਕੀ ਹਰਿ ਕਥਾ ਸੁਨਾਵੈ ਅਨਦਿਨੁ ਫਿਰਉ ਤਿਸੁ ਪਿਛੈ ਵਿਰਾਗੀ ॥੧॥
ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ ॥
ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ ॥੨॥੨॥੧੧੯॥ (੨੦੪)

## ਜ਼ਬਾਨੀ ਭਾਈ ਇਕਬਾਲ ਸਿੰਘ ਜੀ

### ਦਰਸ਼ਨਾਂ ਦੀ ਖਿੱਚ

ਦਾਸ ਗੌਰਮਿੰਟ ਐਗਰੀਕਲਚਰ ਕਾਲਜ ਲਾਇਲਪੁਰ ਵਿੱਚ ਪੜ੍ਹਦਾ ਸੀ। ੧੯੪੭ ਈਸਵੀ ਵਿੱਚ ਪਾਕਿਸਤਾਨ ਬਣਨ ਕਰਕੇ ਸਾਡਾ ਕਾਲਜ, ਖ਼ਾਲਸਾ ਕਾਲਜ ਅੰਮ੍ਰਿਤਸਰ ਵਿੱਚ ਥੋੜ੍ਹੀ ਦੇਰ ਲਈ ਸਥਾਪਿਤ ਹੋ ਗਿਆ। ਸੰਤ ਤੇਜਾ ਸਿੰਘ ਜੀ ਮਹਾਰਾਜ ੧੯੪੯ ਈਸਵੀ ਵਿੱਚ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਗੁਰਦੁਆਰੇ ਧਾਰਮਿਕ ਪ੍ਰਚਾਰ ਲਈ ਆਏ। ਮੇਰੇ ਨਾਲ ਗੌਰਮਿੰਟ ਖੇਤੀ-ਬਾੜੀ ਕਾਲਜ (ਜੋ ਉਹਨਾਂ ਦਿਨਾਂ ਵਿੱਚ ਖ਼ਾਲਸਾ ਕਾਲਜ ਵਿੱਚ ਹੀ ਅਜੇ ਚੱਲ ਰਿਹਾ ਸੀ) ਦੇ ਹੋਰ ਵੀ ਕਈ ਜਮਾਤੀ ਸਨ। ਸੰਤ ਜੀ ਦਾ ਨੂਰਾਨੀ ਚਿਹਰਾ ਅਤੇ ਸਫ਼ੈਦ ਖ਼ਫ਼ਨੀ ਵੇਖ ਕੇ ਬਹੁਤ ਖਿੱਚ ਪਈ ਅਤੇ ਸ਼ਰਧਾ ਬਣੀ, ਨਾਲ ਹੀ ਮਨ ਅੰਦਰ ਸਾਇੰਸ ਦੀ ਪੱਛਮੀ ਵਿੱਦਿਆ ਭਰੀ ਹੋਣ ਕਰਕੇ ਤਰਕ ਵੀ ਪੈਦਾ ਹੋਈ ਕਿ ਲੋਕੀਂ ਐਵੇਂ ਸੰਤਾਂ ਨੂੰ ਮੱਥਾ ਟੇਕਦੇ ਰਹਿੰਦੇ ਹਨ। ਪਤਾ ਨਹੀਂ ਇਹ ਗੁਰਮਤਿ ਅਨੁਸਾਰ ਠੀਕ ਵੀ ਹੈ ਕਿ ਨਹੀਂ। ਤਾਬੇ ਬੈਠੇ ਪ੍ਰੋਫ਼ੈਸਰ ਸਾਹਿਬ ਸਿੰਘ, ਜਿਨ੍ਹਾਂ ਨੂੰ ਸਭ ਲੋਕੀ ਅਤੇ ਉਹਨਾਂ ਦੇ ਵਿਦਿਆਰਥੀ ਬਾਣੀ ਦੇ ਖੋਜੀ ਅਤੇ ਜੀਵਨ ਵਾਲੇ ਸਿੱਖ ਸਮਝਦੇ ਸਨ, ਨੇ ਸੰਤ ਜੀ ਬਾਰੇ ਕੁਝ ਜਾਣਕਾਰੀ ਦਿੰਦਿਆ ਦੱਸਿਆ ਕਿ ਉਹ ਡਬਲ ਐਮ. ਏ. ਐਲ. ਐਲ. ਬੀ. ਹਨ। ਅਮਰੀਕਾ ਤੇ ਹੋਰ ਦੇਸ਼ਾਂ ਵਿੱਚ ਵੀ ਧਾਰਮਿਕ ਪ੍ਰਚਾਰ ਹਿੱਤ ਗਏ ਹਨ। ਗੁਜਰਾਂਵਾਲੇ ਅਤੇ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਪ੍ਰਿੰਸੀਪਲ ਵੀ ਰਹੇ ਹਨ। ਉਹਨਾਂ (ਪ੍ਰੋ. ਸਾਹਿਬ ਸਿੰਘ) ਨੇ ਵੀ ਵਿੱਦਿਆ ਸੰਤ ਜੀ ਪਾਸੋਂ ਪ੍ਰਾਪਤ ਕੀਤੀ ਸੀ। ਸੰਤ ਜੀ ਦੀ ਵਿਦਵਤਾ, ਉਹਨਾਂ ਦੀ ਸਾਦੀ ਜ਼ਿੰਦਗੀ ਤੇ ਪਹਿਰਾਵੇ ਨੂੰ ਦੇਖ ਕੇ ਮੇਰੇ ਮਨ ਦੇ ਸਾਰੇ ਸ਼ੰਕੇ ਦੂਰ ਹੋ ਗਏ।

ਦਾਸ ਆਪਣੇ ਸਾਥੀਆਂ ਸਮੇਤ ਹਰਿਮੰਦਰ ਸਾਹਿਬ ਅੰਮ੍ਰਿਤਸਰ ਕੀਰਤਨ ਵੀ ਸੁਣਨ ਜਾਂਦਾ ਪਰ ਉਸ ਵੇਲੇ ਦੀ ਲਹਿਰ ਅਨੁਸਾਰ ਸਾਧੂ-ਸੰਤਾਂ ਦਾ ਸਤਿਕਾਰ ਕਰਨਾ (ਮੱਥਾ ਟੇਕਣਾ) ਗਲਤ ਸਮਝਦਾ ਸੀ। ਉਸ ਵੇਲੇ ਜੋ ਸੁੱਕੀ ਦਲੀਲ-ਬਾਜ਼ੀ ਤੇ ਨਿਰਭਰ ਲਹਿਰ ਚੱਲ ਰਹੀ ਸੀ, ਉਸ ਨੇ ਆਤਮਿਕ ਪਾਂਧੀਆਂ ਦਾ ਸਤਿਕਾਰ ਖ਼ਤਮ ਕਰ ਦਿੱਤਾ ਸੀ ਅਤੇ ਨੌਜੁਵਾਨਾਂ ਦੇ ਦਿਲਾਂ ਵਿੱਚੋਂ ਸ਼ਰਧਾ-ਭਾਵਨਾ ਖ਼ਤਮ ਕਰ ਦਿੱਤੀ ਸੀ।

ਪਰਮਾਰਥ ਦੇ ਗਿਆਨ ਨੂੰ ਦੁਨੀਆਂਦਾਰੀ ਪੱਧਰ 'ਤੇ ਲਿਆ ਕੇ ਦਲੀਲ-ਬਾਜ਼ੀ ਵਿੱਚ ਪੈ ਕੇ ਬਹਿਸ ਆਦਿ ਕਰਨਾ ਹੀ ਧਰਮ ਸਮਝ ਛੱਡਿਆ ਸੀ। ਇਸ ਕਰਕੇ ਸਾਧੂ-ਸੰਤਾਂ ਬਾਰੇ ਦਾਸ ਦੇ ਮਨ ਵਿੱਚ ਵੀ ਅਸ਼ਰਧਾ ਬਹੁਤ ਹੋ ਚੁੱਕੀ ਸੀ। ਗੱਲਾਂ ਰਾਹੀਂ ਹੀ ਗਿਆਨ ਲੈਣ ਦੇ ਰਾਹ 'ਤੇ ਚੱਲ ਰਿਹਾ ਸੀ।

ਸੰਤ ਜੀ ਨੇ ਲੈਕਚਰ ਵਿੱਚ ਗੁਰਮਤਿ ਦੀ ਵਡਿਆਈ ਦੱਸਦਿਆਂ ਕਿਹਾ ਕਿ ਇਸ ਉੱਚੇ-ਸੁੱਚੇ ਧਰਮ ਨੂੰ ਪ੍ਰਚਾਰਨ ਲਈ ਤਿਆਗੀ ਅਤੇ ਲੋਭ-ਲਾਲਚ ਵਿੱਚ ਨਾ ਫਸਣ ਵਾਲੇ ਸਿਆਣੇ ਸੂਝਵਾਨਾਂ ਦੀ ਲੋੜ ਹੈ। ਉਹਨਾਂ ਬਹੁਤ ਰੱਬੀ-ਰੰਗ ਵਿੱਚ ਇਹ ਤੁਕ ਪੜ੍ਹੀ, "**ਛਾਦਨ ਭੋਜਨ ਕੀ ਆਸ ਨ ਕਰਈ ਅਚਿੰਤੁ ਮਿਲੈ ਸੋ ਪਾਏ ॥**" **(੧੦੧੩)** ਜਿਹੜੇ ਸਿੱਖ ਇਸ ਤੁਕ ਨੂੰ ਸਾਹਮਣੇ ਰੱਖ ਕੇ ਗੁਰਮਤਿ ਨੂੰ ਸਮਝਣ, ਆਪਣੇ ਜੀਵਨ ਵਿੱਚ ਘਟਾਉਣ ਅਤੇ ਫਿਰ ਸਾਰੇ ਸੜ ਰਹੇ ਜਗਤ ਨੂੰ ਸ਼ਾਂਤੀ ਦੇਣ ਲਈ ਪ੍ਰਚਾਰ ਕਰਨ ਵਾਸਤੇ ਦੇਸ਼ ਵਿੱਚ ਹੀ ਨਹੀਂ, ਸਗੋਂ ਪ੍ਰਦੇਸ਼ ਵਿੱਚ ਵੀ ਜਾਣ ਲਈ ਤਿਆਰ ਹੋਣ, ਉਹਨਾਂ ਪੰਥ ਦਾ ਸੇਵਾ ਵਿੱਚ ਆਪਣਾ ਹਿੱਸਾ ਪਾਉਣਾ ਚਾਹੀਦਾ ਹੈ। ਜਦ ਤੱਕ ਅਸੀਂ ਗੁਰਬਾਣੀ ਪ੍ਰਚਾਰ ਨੂੰ ਆਪਣੇ ਜੀਵਨ ਦਾ ਵਿਵਹਾਰ (ਰੋਜ਼ੀ ਕਮਾਉਣ ਲਈ) ਬਣਾ ਕੇ ਪ੍ਰਚਾਰਾਂਗੇ ਤਦ ਤੱਕ ਅਜਿਹੇ ਪ੍ਰਚਾਰ ਗੁਰਮਤਿ ਦੇ ਉੱਚੇ-ਸੁੱਚੇ ਅਸੂਲ ਸੁਣਨ ਵਾਲਿਆਂ ਦੇ ਮਨ ਵਿੱਚ ਵੈਰਾਗ, ਤਿਆਗ ਅਤੇ ਆਤਮਿਕ-ਗਿਆਨ ਨਹੀਂ ਪੈਦਾ ਕਰ ਸਕਦੇ ਕਿਉਂਕਿ ਲੋਕੀਂ ਪ੍ਰਚਾਰਕ ਦੀ ਕਰਨੀ ਨੂੰ ਸਾਹਮਣੇ ਲੈ ਆਉਂਦੇ ਹਨ ਤੇ ਕਹਿੰਦੇ ਹਨ ਕਿ ਇਸ ਦੇ ਆਪਣੇ ਅੰਦਰ ਤਾਂ ਚਾਨਣ ਨਹੀਂ, ਸਾਨੂੰ ਕੀ ਦੱਸਦਾ ਫਿਰਦਾ ਹੈਂ। ਗੁਰਬਾਣੀ ਨੂੰ ਸ਼ੁੱਧ ਮਨ ਨਾਲ ਵਿਚਾਰਣ ਤੋਂ ਦੂਰ ਹਟਦੇ ਜਾਂਦੇ ਹਨ। ਉਹਨਾਂ ਨੇ ਇਹ ਵੀ ਦੱਸਿਆ ਕਿ ਗੁਰੂ ਨਾਨਕ ਜੋਤ ਦਾ ਝੰਡਾ ਸਾਰੀ ਦੁਨੀਆ 'ਤੇ ਝੂਲੇਗਾ। ਇਸ ਕੰਮ ਨੂੰ ਜਦੋਂ ਪੜ੍ਹੇ-ਲਿਖੇ ਨੌਜੁਵਾਨ ਆਪਣਾ ਮਨ ਨਿਰਮਲ ਕਰਕੇ ਆਪਣੇ ਹੱਥਾਂ ਵਿੱਚ ਲੈਣਗੇ ਤਾਂ ਸਫ਼ਲਤਾ ਛੇਤੀ ਪ੍ਰਾਪਤ ਹੋਵੇਗੀ।

ਜਦੋਂ ਲੈਕਚਰ ਸੁਣ ਰਹੇ ਸਾਂ ਤਾਂ ਇੰਝ ਜਾਪਦਾ ਸੀ ਕਿ ਇਹ ਸਭ ਕੁਝ ਸੰਤ ਜੀ ਦਾਸ ਅਤੇ ਮੇਰੇ ਸਾਥੀਆਂ ਨੂੰ ਹੀ ਕਹਿ ਰਹੇ ਹਨ। ਮਨ ਤਾਂ ਪਹਿਲੇ ਹੀ ਉਹਨਾਂ ਦੇ ਚਿਹਰੇ ਦਾ ਜਲਾਲ, ਗਿਆਨ ਤੇ ਸਾਦਗੀ ਦਾ ਪਹਿਰਾਵਾ ਦੇਖ ਕੇ ਪਸੀਜ ਗਿਆ ਸੀ। ਲੈਕਚਰ ਸੁਣ ਕੇ ਮਨ ਨੇ ਉਸ ਵੇਲੇ ਫੈਸਲਾ ਕਰ ਲਿਆ ਕਿ ਮੇਰੇ ਜੀਵਨ ਦਾ ਰਾਹ ਕੀ ਹੈ। ਸੰਤ ਜੀ ਤੋਂ ਸਿੱਖਿਆ ਪ੍ਰਾਪਤ ਕਰਕੇ ਗੁਰਮਤਿ-ਪ੍ਰਚਾਰ ਕਰਨਾ ਹੀ ਜੀਵਨ ਦਾ ਨਿਸ਼ਾਨਾ ਬਣਾ ਲਿਆ। ਇਹ ਵੀ ਵਿਸ਼ਵਾਸ ਹੋ ਗਿਆ ਕਿ ਇਹਨਾਂ ਤੋਂ ਬਿਨਾਂ ਹੋਰ ਕਿਸੇ ਪਾਸੋਂ ਮਨ ਦੀ ਭੁੱਖ ਪੂਰੀ ਨਹੀਂ ਹੋ ਸਕੇਗੀ। ਕਥਾ ਸੁਣਦਿਆਂ-ਸੁਣਦਿਆਂ ਹੀ ਸੰਤ ਜੀ ਨਾਲ ਖੁੱਲ੍ਹੀ ਗੱਲਬਾਤ ਅਤੇ ਉਹਨਾਂ ਪਾਸ ਜਾਣ ਦਾ ਇਰਾਦਾ ਬਣਾ ਲਿਆ। ਸੰਤ ਜੀ, ਭਾਈ ਭਗਤ ਸਿੰਘ ਹੈਡਮਾਸਟਰ ਦੀ ਕੋਠੀ ਠਹਿਰੇ ਹੋਏ ਸਨ। ਭਾਈ ਅਰਜਨ ਸਿੰਘ (ਜਿੰਨ੍ਹਾਂ ਨਾਲ ਵਿਚਾਰ ਕਰਦਿਆਂ ਦਾਸ ਨੇ ਗੁਰਮਤਿ ਦੇ ਬਹੁਤ ਅਸੂਲ ਸਿੱਖੇ ਤੇ ਗੁੰਝਲਾਂ ਦੇ ਹੱਲ ਲੱਭੇ) ਸੰਤ ਜੀ ਦੇ ਨਾਲ ਸਨ।

ਦਾਸ ਨੂੰ ਛੋਟੀ ਉਮਰ ਤੋਂ ਹੀ ਵੈਰਾਗ ਅਵਸਥਾ ਬਹੁਤ ਚੰਗੀ ਲੱਗਦੀ ਸੀ। ਅਜੇ ਛੇਵੀਂ ਜਮਾਤ ਵਿੱਚ ਪੜ੍ਹਦਾ ਸੀ ਕਿ ਅੰਮ੍ਰਿਤ ਛਕਣ ਦੀ ਇੰਨੀ ਤੀਬਰ ਇੱਛਾ ਹੋਈ ਕਿ ਮੇਰੇ ਭਾਈ ਸਾਹਿਬ ਮੇਰਾ ਹੱਠ ਵੇਖ ਕੇ ਮੈਨੂੰ ਅਕਾਲ ਤਖ਼ਤ ਲਿਜਾ ਕੇ ਅੰਮ੍ਰਿਤ ਛਕਾਉਣ 'ਤੇ ਮਜ਼ਬੂਰ ਹੋ ਗਏ। ਮੇਰੇ ਪਿਤਾ ਜੀ (ਭਾਈ ਸਾਂਵਲ ਸਿੰਘ ਜੀ) ਵੀ ਡੂੰਘੀ ਧਾਰਮਿਕ ਰੁਚੀ ਵਾਲੇ ਸਨ ਅਤੇ ਸਾਧੂ-ਮਹਾਤਮਾ ਨੂੰ ਘਰ ਸੱਦ ਕੇ ਉਹਨਾਂ ਨੂੰ ਆਪਣੇ ਪਾਸ ਰੱਖਦੇ। ਉਹਨਾਂ ਦੀ ਪ੍ਰੇਮ ਨਾਲ ਸੇਵਾ ਕਰਦੇ ਤੇ ਪ੍ਰਮਾਰਥ ਦੀਆਂ ਗੱਲਾਂ ਪੁੱਛਦੇ ਸਨ। ਇਹ ਵੀ ਕਾਰਨ ਸੀ ਕਿ ਮੇਰਾ ਝੁਕਾਉ ਵੀ ਉਸੇ ਪਾਸੇ ਹੋ ਗਿਆ। ਸਾਡਾ ਪਰਿਵਾਰ ਤੇ ਹੋਰ ਸੰਬੰਧੀ ਬਾਬਾ ਵਿਸਾਖਾ ਸਿੰਘ ਜੀ ਦੇ ਸ਼ਰਧਾਲੂ ਸਨ। ਦਾਸ ਵੀ ਉਹਨਾਂ ਦੀ ਅਧਿਆਤਮਕ ਅਵਸਥਾ ਦੀ ਬਹੁਤ ਵਡਿਆਈ ਕਰਦਾ

ਤੇ ਉਹਨਾਂ ਦਾ ਮਨ ਅੰਦਰ ਬਹੁਤ ਸਤਿਕਾਰ ਕਰਦਾ, ਜੋ ਉਹ ਬਚਨ ਕਰਦੇ, ਉਹਨਾਂ ’ਤੇ ਚੱਲਣ ਦੀ ਪੂਰੀ ਕੋਸ਼ਿਸ਼ ਕਰਦਾ। ਮੇਰੇ ਮਨ ਅੰਦਰ ਆਤਮਿਕ-ਗਿਆਨ ਲੈਣ ਦੀ ਬਹੁਤ ਇੱਛਾ ਸੀ ਕਿ ਕਿਵੇਂ ਪਰਮਾਤਮਾ ਦੇ ਜਾਣੂ ਹੋ ਸਕੀਏ ਤੇ ਬ੍ਰਹਮ-ਗਿਆਨ ਦੀ ਅਵਸਥਾ ਪ੍ਰਾਪਤ ਹੋ ਸਕੇ। ਪਿਤਾ ਜੀ ਨੇ ਇਸ ਬਾਰੇ ਕਿਹਾ ਕਿ ਆਤਮਿਕ-ਗਿਆਨ ਪਿਤਾ ਤੋਂ ਨਹੀਂ ਮਿਲਦਾ ਕਿਉਂਕਿ ਮਨ ਵਿੱਚ ਦੁਨੀਆਂਦਾਰੀ ਦੀ ਭਾਵਨਾ ਪ੍ਰਬਲ ਰਹਿੰਦੀ ਹੈ। ਇਹ ਭਾਵਨਾ ਖ਼ਤਮ ਕੀਤੇ ਬਿਨਾਂ ਗਿਆਨ ਦੀ ਪ੍ਰਾਪਤੀ ਨਹੀਂ ਹੋ ਸਕਦੀ। ਇਸ ਗੱਲ ਨੂੰ ਸਮਝਾਉਣ ਲਈ ਉਹ ਦੱਸਦੇ ਹੁੰਦੇ ਸਨ ਕਿ ਬਿਆਸ ਰਿਸ਼ੀ ਨੇ ਆਪਣੇ ਪੁੱਤਰ ਸੁਖਦੇਵ ਨੂੰ ਰਾਜਾ ਜਨਕ ਪਾਸੋਂ ਗਿਆਨ ਲੈਣ ਲਈ ਭੇਜਿਆ ਸੀ।

ਸੰਤ ਜੀ ਦਾ ਲੈਕਚਰ ਸੁਣ ਕੇ ਜੋ ਮੇਰੇ ਮਨ ਅੰਦਰ ਭਾਵਨਾਵਾਂ ਦੀ ਲਹਿਰ ਚੱਲੀ, ਉਹ ਲਹਿਰ ਮੇਰੇ ਕਈ ਹੋਰ ਮਿੱਤਰਾਂ ਦੇ ਮਨ ਵਿੱਚ ਵੀ ਸੀ। ਜਦੋਂ ਅਸੀਂ ਗੁਰਦੁਆਰੇ ਤੋਂ ਬਾਹਰ ਨਿਕਲੇ ਤਾਂ ਕਿਸੇ ਅਲੌਕਿਕ ਖਿੱਚ ਨੇ ਸਾਨੂੰ ਝੱਟ ਇੱਕਠੇ ਕਰ ਦਿੱਤਾ ਤਾਂ ਕਿ ਅਸੀਂ ਆਪਣੇ ਮਨ ’ਤੇ ਹੋਏ ਪ੍ਰਭਾਵ ਨੂੰ ਸਾਂਝਾ ਕਰ ਸਕੀਏ। ਹਰ ਇੱਕ ਨੇ ਏਹੀ ਕਿਹਾ ਕਿ ਸੰਤ ਜੀ ਨਾਲ ਅਲੱਗ ਬੈਠ ਕੇ ਰੱਜਵੀਆਂ ਗੱਲਾਂ ਕਰੀਏ। ਉਹਨਾਂ ਦੀ ਕਥਾ ਨੇ ਸਭ ਦੇ ਮਨ ਅੰਦਰ ਗੁਰਮਤਿ-ਵਿਚਾਰ ਹਾਸਲ ਕਰਨ ਦੀ ਭੁੱਖ ਪੈਦਾ ਕਰ ਦਿੱਤੀ ਤੇ ਸਾਰੇ ਵਿਦਿਆਰਥੀ ਪ੍ਰਮਾਰਥ ਦੇ ਰਸਤੇ ਨੂੰ ਪੂਰੀ ਤਰ੍ਹਾਂ ਨਾਲ ਸਮਝਣ ਤੇ ਉਸ ’ਤੇ ਚੱਲਣ ਦੀ ਤੀਬਰ ਇੱਛਾ ਨੂੰ ਪੂਰਾ ਕਰਨ ਲਈ ਉਹਨਾਂ ਨਾਲ ਹੋਰ ਵਿਚਾਰ ਕਰਨਾ ਚਾਹੁੰਦੇ ਸਨ। ਉਸ ਵੇਲੇ ਸਭ ਨੇ ਅਗਲੇ ਦਿਨ ਸੰਤ ਜੀ ਮਹਾਰਜ ਦੇ ਦਰਸ਼ਨ ਕਰਨ ਦਾ ਪੱਕਾ ਪ੍ਰੋਗਰਾਮ ਬਣਾ ਲਿਆ ਅਤੇ ਉਹਨਾਂ ਨੂੰ ਮਿਲਣ ਦਾ ਸਮਾਂ ਲੈ ਲਿਆ।

ਦਾਸ, ਭਾਈ ਪ੍ਰੀਤਮ ਸਿੰਘ, ਭਾਈ ਗੁਰਬਖਸ਼ ਸਿੰਘ, ਭਾਈ ਤਖਤ ਸਿੰਘ, ਭਾਈ ਪਿਆਰਾ ਸਿੰਘ, ਭਾਈ ਗੁਰਚਰਨ ਸਿੰਘ ਮਿੱਥੇ ਟਾਈਮ ’ਤੇ ਸੰਤ ਜੀ ਪਾਸ ਗਏ। ਗੱਲਾਂ ਕਰਕੇ ਬਸ ਉਹਨਾਂ ਦੇ ਹੀ ਹੋ ਗਏ। ਸਾਨੂੰ ਉਹਨਾਂ ਗੁਰਮਤਿ-ਗਿਆਨ ਅਤੇ ਰੂਹਾਨੀ-ਮਾਰਗ ’ਤੇ ਚੱਲਣ ਦਾ ਉਪਦੇਸ਼ ਦਿੱਤਾ। ਜਿਸ ਗੱਲ ਨੂੰ ਬਹੁਤ ਔਖਾ ਤੇ ਗੁੰਝਲਦਾਰ ਜਾਣਿਆ ਜਾਂਦਾ ਹੈ, ਸੰਤ ਜੀ ਨੇ ਸਿੱਧੇ-ਸਾਦੇ ਆਮ ਬੋਲੀ ਦੇ ਸ਼ਬਦਾਂ ਦੁਆਰਾ ਹੀ ਸਮਝਾ ਦਿੱਤਾ। ਉਹਨਾਂ ਕਿਹਾ ਕਿ ਜੇ ਤੁਹਾਡੇ ਮਨ ਵਿੱਚ ਇੱਛਾ ਹੈ ਕਿ ਗੁਰੂ ਨਾਨਕ ਦਾ ਸੱਚ ਦਾ ਮਾਰਗ ਸਾਰੇ ਜਗਤ ਵਿੱਚ ਫੈਲੇ, ਸਾਰੀ ਦੁਨੀਆਂ ਇਸ ਦਾ ਲਾਭ ਉਠਾ ਸਕੇ ਤਾਂ ਤੁਸੀਂ ਬੁੱਧ ਧਰਮ ਦੇ ਭਿਕਸ਼ੂਆਂ ਵਾਂਗ ਤਿਆਗੀ ਹੋ ਕੇ ਇਸ ਨੂੰ ਪ੍ਰਚਾਰਨਾ ਹੋਵੇਗਾ।

ਅਸੀਂ ਮਹਿਕਮੇ ਜ਼ਰਾਇਤ ਵਿੱਚ ਲੱਗ ਗਏ। ਸਾਡੇ ਨਾਲ ਸਬੰਧਿਤ ਸਾਡੇ ਮਿੱਤਰ ਭਾਈ ਖੇਮ ਸਿੰਘ, ਭਾਈ ਹਰਦਿਆਲ ਸਿੰਘ, ਭਾਈ ਗਿਆਨ ਸਿੰਘ, ਭਾਈ ਪ੍ਰੀਤਮ ਸਿੰਘ, ਭਾਈ ਚੰਨਣ ਸਿੰਘ, ਭਾਈ ਉਮਰਾਓ ਸਿੰਘ, ਭਾਈ ਅਵਤਾਰ ਸਿੰਘ, ਸੋਢੀ ਗੰਭੀਰ ਸਿੰਘ ਤੇ ਹੋਰ ਕਈ ਸੱਜਣਾਂ ਨੇ ਸੰਤ ਜੀ ਨਾਲ ਨੇੜੇ ਦੇ ਸੰਬੰਧ ਪੈਦਾ ਕਰ ਲਏ ਅਤੇ ਗੁਰਮਤਿ ਦੀ ਸਿੱਖਿਆ ਪ੍ਰਾਪਤ ਕੀਤੀ।

ਸੰਤ ਜੀ ਨੂੰ ਅਸੀਂ ਆਪਣੇ ਹੋਸਟਲ ਵਿੱਚ ਪ੍ਰਸ਼ਾਦਾ ਛਕਣ ਵਾਸਤੇ ਵੀ ਬੇਨਤੀ ਕੀਤੀ। ਉਹਨਾਂ ਬੇਨਤੀ ਸਵੀਕਾਰ ਕਰ ਲਈ। ਉਸ ਦਿਨ ਸੰਤ ਜੀ ਤੇ ਉਹਨਾਂ ਦੇ ਨਾਲ ਭਾਈ ਅਰਜਨ ਸਿੰਘ ਜੀ ਦੀ ਸੇਵਾ ਕਰਕੇ, ਉਹਨਾਂ ਦੇ ਬਚਨ-ਬਿਲਾਸ ਸੁਣਕੇ ਜੋ ਅਨੰਦ ਆਇਆ, ਉਸ ਦੀ ਯਾਦ ਆ ਕੇ ਹੁਣ ਵੀ ਮਨ ਸ਼ਾਂਤੀ ਟਿਕਾਓ ਦੀ ਅਵਸਥਾ ਵਿੱਚ ਪਹੁੰਚ ਜਾਂਦਾ ਹੈ। ਦੁਨੀਆਂ ਦੇ ਸਾਰੇ ਲਾਲਚ ਮੁੱਕ ਜਾਂਦੇ ਹਨ। ਤਿਆਗ ਤੇ ਵੈਰਾਗ ਮਨ ਵਿੱਚ ਠਾਠਾਂ ਮਾਰਦਾ ਹੈ ਅਤੇ ਨਿਸ਼ਕਾਮ ਸੇਵਾ ਕਰਨ ਦੇ ਲਈ ਮਨ ਵਿੱਚ ਉੱਦਮ ਤੇ ਚਾਉ ਪੈਦਾ ਹੋ

ਜਾਂਦਾ ਹੈ। ਸੰਤ ਜੀ ਨੇ ਸਾਡੀ ਅੰਦਰਲੀ ਹਾਲਤ ਨੂੰ ਜਾਣਦਿਆਂ ਅਤੇ ਸਾਡੀਆਂ ਇੱਛਾਵਾਂ ਨੂੰ ਮੁੱਖ ਰੱਖਦਿਆਂ ਕਿਹਾ ਕਿ ਭਾਈ! ਜੇ ਤੁਸੀਂ ਗੁਰਮਤਿ ਸਕੂਲ ਵਿੱਚ ਦਾਖ਼ਲ ਹੋਣਾ ਹੈ ਤਾਂ ਅਸੀਂ ਫਲਾਣੀ ਤਰੀਖ਼ ਨੂੰ ਪਾਉਂਟਾ ਸਾਹਿਬ ਪਹੁੰਚ ਜਾਵਾਂਗੇ, ਉੱਥੇ ਆ ਜਾਣਾ। ਤੁਹਾਨੂੰ ਉੱਥੇ ਗੁਰਮਤਿ ਦੀ ਟਰੇਨਿੰਗ ਦਿੱਤੀ ਜਾਵੇਗੀ।

## ਪਾਉਂਟਾ ਸਾਹਿਬ ਗੁਰਮਤਿ ਦੀ ਟਰੇਨਿੰਗ (ਜ਼ਬਾਨੀ ਭਾਈ ਇਕਬਾਲ ਸਿੰਘ)

ਇਮਤਿਹਾਨ ਮੁੱਕ ਗਏ। ਦਾਸ ਪਿੰਡ (ਭਰਿਆਲ ਲਾਹੜੀ, ਜ਼ਿਲ੍ਹਾ ਗੁਰਦਾਸਪੁਰ) ਚਲਿਆ ਗਿਆ ਪਰ ਇਸ ਗੱਲ ਦਾ ਆਪਣੇ ਪਿਤਾ ਜੀ ਪਾਸ ਭੇਦ ਨਹੀਂ ਦਿੱਤਾ। ਉਹਨਾਂ ਨੂੰ ਮੇਰੇ ਸੁਭਾਅ ਦਾ ਪਹਿਲਾਂ ਹੀ ਪਤਾ ਸੀ ਤੇ ਉਹਨਾਂ ਦੇ ਇਸ ਡਰ ਨੇ ਕਿ ਮੈਂ ਕਿਤੇ ਘਰ-ਬਾਹਰ ਛੱਡ ਕੇ ਸੰਤਾਂ ਪਿੱਛੇ ਹੀ ਨਾ ਲੱਗ ਤੁਰਾਂ। ਮੈਨੂੰ ਪਾਉਂਟਾ ਸਾਹਿਬ ਜਾਣ ਤੋਂ ਰੋਕ ਦੇਣਾ ਸੀ। ਇਸ ਲਈ ਮੈਂ ਸ਼ਿਮਲੇ ਇੰਟਰਵਿਊ 'ਤੇ ਜਾਣ ਦਾ ਬਹਾਨਾ ਕਰਕੇ ਉਹਨਾਂ ਤੋਂ ਪੈਸੇ ਲੈ ਕੇ ਪਾਉਂਟਾ ਸਾਹਿਬ ਸੰਤ ਜੀ ਦੀ ਕੁਟੀਆ, ਦਿੱਤੀ ਤਰੀਖ਼ ਵਾਲੇ ਦਿਨ ਪਹੁੰਚ ਗਿਆ। ਭਾਈ ਗੁਰਬਖਸ਼ ਸਿੰਘ ਵੀ ਦਾਸ ਦੇ ਨਾਲ ਉੱਥੇ ਪਹੁੰਚ ਗਏ।

ਪਾਉਂਟਾ ਸਾਹਿਬ ਨਿੱਤ ਦਾ ਕਰਮ ਇਹ ਸੀ ਕਿ ਅੰਮ੍ਰਿਤ ਵੇਲੇ ਸਵਾ ਪਹਿਰ ਰਾਤ ਰਹਿੰਦੀ ਸੰਤ ਜੀ ਉਠਾਲ ਦਿੰਦੇ ਸਨ। ਇਸ਼ਨਾਨ ਕਰਕੇ ਸਮਾਧੀ ਅਸਥਿਤ ਹੋ ਨਾਮ-ਸਿਮਰਨ ਕਰਨਾ, ਫਿਰ ਨਿੱਤਨੇਮ ਬਾਣੀਆਂ ਦਾ ਪਾਠ ਕਰਨਾ ਤੇ ਆਸਾ ਦੀ ਵਾਰ ਦਾ ਕੀਰਤਨ ਸੁਣਨ ਲਈ ਗੁਰਦੁਆਰਾ ਪਾਉਂਟਾ ਸਾਹਿਬ ਹਾਜ਼ਰੀ ਭਰਨਾ। ਸੰਤ ਜੀ ਕਈ ਵਾਰੀ ਗੁਰਦੁਆਰੇ ਕਥਾ ਕਰਦੇ ਅਤੇ ਪਰਮਾਰਥ ਦੀਆਂ ਗੁੰਝਲਾਂ ਖੋਲ੍ਹਦੇ ਤੇ ਅਲੱਗ-ਅਲੱਗ ਗੁਰਮਤਿ ਦੇ ਪੱਖਾਂ 'ਤੇ ਚਾਨਣਾ ਪਾ ਕੇ ਸਮਝਾਉਂਦੇ ਸਨ।

ਗੁਰਦੁਆਰੇ ਤੋਂ ਆ ਕੇ ਗੁਰਬਾਣੀ ਦੇ ਪਾਠ 'ਤੇ ਵਿਚਾਰ ਹੁੰਦੀ ਅਤੇ ਸ਼ਾਮ ਨੂੰ ਭਾਈ ਗੁਰਬਖਸ਼ ਸਿੰਘ ਜੀ ਸੂਰਜ ਪ੍ਰਕਾਸ਼ ਪੜ੍ਹਦੇ ਅਤੇ ਸੰਤ ਜੀ ਉਸ ਦੇ ਅਰਥ ਕਰਕੇ ਸਮਝਾ ਦਿੰਦੇ। ਅਕਾਲ ਉਸਤਤ ਪੜ੍ਹਦੇ-ਪੜ੍ਹਦੇ ਇੱਕ ਦਿਨ 'ਤ੍ਵ ਪ੍ਰਸਾਦਿ ਲੰਘ ਨਿਰਾਜ ਛੰਦ' ਆ ਗਿਆ।

**ਜਲਸ ਤੁਹੀਂ ॥ ਥਲਸ ਤੁਹੀਂ ॥ ਨਦਿਸ ਤੁਹੀਂ ॥ ਨਦਸ ਤੁਹੀਂ ॥੧੩॥**
**ਬ੍ਰਿਛਸ ਤੁਹੀਂ ॥ ਪਤਸ ਤੁਹੀਂ ॥ ਛਿਤਸ ਤੁਹੀਂ ॥ ਉਰਧਸ ਤੁਹੀਂ ॥ ੧੪॥**
**ਭਜਸ ਤੁਅੰ ॥ ਭਜਸ ਤੁਅੰ ॥ ਰਟਸ ਤੁਅੰ ॥ ਠਟਸ ਤੁਅੰ ॥ ੧੫॥**
**ਜ਼ਿਮੀ ਤੁਹੀਂ ॥ ਜ਼ਮਾਂ ਤੁਹੀਂ ॥ ਮਕੀਂ ਤੁਹੀਂ ॥ ਮਕਾਂ ਤੁਹੀਂ ॥ ੧੬॥**
**ਅਭੂ ਤੁਹੀਂ ॥ ਅਭੈ ਤੁਹੀਂ ॥ ਅਛੂ ਤੁਹੀਂ ॥ ਅਛੈ ਤੁਹੀਂ ॥ ੧੭॥**
**ਜਤਸ ਤੁਹੀਂ ॥ ਬ੍ਰਤਸ ਤੁਹੀਂ ॥ ਗਤਸ ਤੁਹੀਂ ॥ ਮਤਸ ਤੁਹੀਂ ॥ ੧੮॥**
**ਤੁਹੀਂ ਤੁਹੀਂ ॥ ਤੁਹੀਂ ਤੁਹੀਂ ॥ ਤੁਹੀਂ ਤੁਹੀਂ ॥ ਤੁਹੀਂ ਤੁਹੀਂ ॥੧੯॥**
**ਤੁਹੀਂ ਤੁਹੀਂ ॥ ਤੁਹੀਂ ਤੁਹੀਂ ॥ ਤੁਹੀਂ ਤੁਹੀਂ ॥ ਤੁਹੀਂ ਤੁਹੀਂ ॥੨੦॥੭੦॥**

ਤਾਂ ਸੰਤ ਜੀ ਕਹਿਣ ਲੱਗੇ, "ਸ੍ਰੀ ਗੁਰੂ ਗੋਬਿੰਦ ਸਿੰਘ ਜੀ ਉਚਾਰ ਰਹੇ ਸਨ, ਭਾਈ ਮਨੀ ਸਿੰਘ ਜੀ ਲਿਖ ਰਹੇ ਸਨ, ਸਾਰੀ ਸ੍ਰਿਸ਼ਟੀ ਉਸ ਵੇਲੇ ਤੁਹੀਂ-ਤੁਹੀਂ ਦੇ ਜਾਪ ਵਿੱਚ ਮਸਤ ਹੋ ਗਈ ਸੀ। ਇਹ

ਸਮਝਾਉਂਦਿਆਂ ਸੰਤ ਜੀ ਕਿਸੇ ਖਾਸ ਰੰਗ ਵਿੱਚ ਚੁੱਪ ਹੋ ਕੇ ਅਨੰਦ ਮਗਨ ਰਹੇ। ਇਸ ਨਿੱਤਨੇਮ ਦੇ ਥੋੜ੍ਹੇ ਦਿਨਾਂ ਵਿੱਚ ਹੀ ਸਾਨੂੰ ਗੁਰਬਾਣੀ ਤੇ ਇਤਿਹਾਸ ਨਾਲ ਬਹੁਤ ਪਿਆਰ ਪੈਦਾ ਹੋ ਗਿਆ। ਬਾਕੀ ਰਸਤਿਆਂ ਨਾਲੋਂ ਇਹ ਰਸਤਾ ਮਿੱਠਾ ਲੱਗਣ ਲੱਗ ਪਿਆ। ਭਾਈ ਗੁਰਬਖਸ਼ ਸਿੰਘ ਸਭ ਗ੍ਰੰਥਾਂ ਦਾ ਪਾਠ ਇੰਨਾਂ ਸਰਲ ਤੇ ਸੁਚੱਜੇ ਢੰਗ ਨਾਲ ਉਚਾਰਨ ਕਰਦੇ ਜਿਵੇਂ ਉਹਨਾਂ ਪਹਿਲਾਂ ਹੀ ਸਾਰੇ ਗ੍ਰੰਥ ਪੜ੍ਹੇ ਹੋਣ। ਜਦੋਂ ਇਹ ਗੱਲ ਦਾਸ ਨੇ ਸੰਤ ਜੀ ਨਾਲ ਕੀਤੀ ਤਾਂ ਕਹਿਣ ਲੱਗੇ, "ਭਾਈ! ਇਹ ਤਾਂ ਪੰਥ ਦਾ ਪਿੱਛਲੇ ਜਨਮ ਦਾ ਵਿਦਵਾਨ ਹੈ।"

ਇਸ ਤਰੀਕੇ ਨਾਲ ਸਾਡੀ ਸ਼ਰਧਾ ਤੇ ਪ੍ਰੇਮ ਨਾਲ ਸੰਤ ਜੀ ਤੋਂ ਸਿੱਖਿਆ ਲੈਣ ਦਾ ਇਹ ਕਰਮ ਕਈ ਅਸਥਾਨਕ ਲੋਕਾਂ ਨੂੰ ਚੰਗਾ ਨਾ ਲੱਗਿਆ। ਉਹਨਾਂ ਸੰਤ ਜੀ ਨਾਲ ਈਰਖਾ ਹੋਰ ਵਧਾ ਲਈ ਅਤੇ ਇਸ ਕੰਮ ਵਿੱਚ ਵਿਘਣ ਪਾਉਣ ਲੱਗੇ। ਜਦੋਂ ਇਹ ਲੋਕ ਸਾਨੂੰ ਗੁਰਦੁਆਰੇ ਤੋਂ ਆਉਂਦਿਆਂ-ਜਾਂਦਿਆਂ ਨੂੰ ਮਿਲਦੇ ਜਾਂ ਉਂਝ ਕਿਤੇ ਕੰਮ ਗਿਆਂ ਨੂੰ ਮਿਲਦੇ ਤਾਂ ਕਹਿੰਦੇ, ਤੁਸੀਂ ਪੜ੍ਹੇ-ਲਿਖੇ ਬੇਵਕੂਫ ਬਣੇ ਫਿਰਦੇ ਹੋ। ਤੁਸੀਂ ਇਹਨਾਂ (ਸੰਤ ਜੀ) ਤੋਂ ਕੀ ਲੈਣਾ ਹੈ। ਇੱਕ ਪ੍ਰੇਮੀ ਭਾਈ ਜਸਵੰਤ ਸਿੰਘ ਜੋ ਫਿਲਾਸਫ਼ੀ (Metaphysics) ਦੇ ਵਿਚਾਰ ਦੱਸਦਾ ਪਰ ਸਾਨੂੰ ਉਸਦੀਆਂ ਖੁਸ਼ਕ ਦਲੀਲਾਂ ਨਾਲ ਪਹਿਲਾਂ ਨਾਲੋਂ ਵੀ ਵੱਧ ਨਫ਼ਰਤ ਹੁੰਦੀ ਗਈ। ਗੁਰਦੁਆਰੇ ਦੇ ਪ੍ਰਬੰਧਕ ਮਹੰਤ ਵੀ ਇਸ ਗੱਲ ਤੋਂ ਰੋਕਣ ਲਈ ਸੰਤਾਂ ਦੀ ਨਿੰਦਿਆ ਕਰਦੇ ਤੇ ਕਈ ਗਲਤ ਗੱਲਾਂ ਸਾਡੇ ਮਨ ਵਿੱਚ ਭਰਨ ਦਾ ਯਤਨ ਕਰਦੇ।

ਮਹੰਤ ਨੇ ਇੱਕ ਦਿਨ ਗੁਰਦੁਆਰੇ ਤੋਂ ਆਉਂਦਿਆਂ ਬਹੁਤ ਮਾੜੇ ਬਚਨ ਸਾਨੂੰ ਕਹੇ ਅਤੇ ਅਸੀਂ ਉਸੇ ਤਰ੍ਹਾਂ ਸੰਤ ਜੀ ਪਾਸ ਆ ਕੇ ਦੱਸ ਦਿੱਤੇ। ਬਹੁਤ ਜਲਾਲ ਵਿੱਚ ਆ ਕੇ ਸੰਤ ਜੀ ਨੇ ਕਿਹਾ, "ਅੱਗੇ ਤੋਂ ਸਾਡੇ ਸਾਹਮਣੇ ਕਿਸੇ ਦੀ ਚੁਗਲੀ, ਨਿੰਦਿਆ ਨਹੀਂ ਕਰਨੀ। ਜੇ ਉਹ ਮਾੜਾ ਬੋਲਦੇ ਸਨ, ਉਸ ਦੇ ਉਹ ਜ਼ਿੰਮੇਵਾਰ ਹਨ, ਤੁਸੀਂ ਵੀ ਨਾਲ ਉਲਟੇ ਰਾਹ ਚੱਲ ਪਏ ਹੋ।" ਦਾਸ ਤਾਂ ਉਹਨਾਂ ਦੀ ਇਹ ਇਲਾਹੀ ਤਾੜਨਾ ਵੇਖ ਕੇ ਡਰ ਗਿਆ ਅਤੇ ਬੇਨਤੀ ਕੀਤੀ ਕਿ ਜੀ ਇਹ ਤਾਂ ਆਪਣਾ ਸ਼ੰਕਾ ਦੂਰ ਕਰਨ ਲਈ ਦੱਸਿਆ ਸੀ। ਉਹਨਾਂ ਭਾਈ ਅਰਜਨ ਸਿੰਘ ਨੂੰ ਬੁਲਾਇਆ ਤੇ ਕਿਹਾ ਕਿ ਇਹਨਾਂ ਦਾ ਸ਼ੰਕਾ ਦੂਰ ਕਰ ਦਿਓ। ਭਾਈ ਅਰਜਨ ਸਿੰਘ ਨੇ ਦੱਸਿਆ ਕਿ ਮਹਾਂਪੁਰਖਾਂ ਦੇ ਹਿਰਦੇ ਵਿੱਚ ਅਕਾਲ ਪੁਰਖ ਵੱਸਦਾ ਹੈ ਤੇ ਉਹਨਾਂ ਦੀ ਸੁਰਤ ਹਮੇਸ਼ਾ ਅਕਾਲ ਪੁਰਖ ਵਿੱਚ ਲੀਨ ਰਹਿੰਦੀ ਹੈ ਜੋ ਦ੍ਵੈਤ ਤੋਂ ਰਹਿਤ ਹੈ। ਜਦੋਂ ਕੋਈ ਈਰਖਾ ਜਾਂ ਦ੍ਵੈਤ ਦੀ ਗੱਲ ਕਰਦਾ ਹੈ ਤਾਂ ਉਹਨਾਂ ਨੂੰ ਬੜੀ ਖੇਚਲ ਹੁੰਦੀ ਹੈ। ਇਸ ਲਈ ਸੰਤ ਜੀ ਮਹਾਰਾਜ ਪਾਸ ਕਦੇ ਵੀ ਕੋਈ ਈਰਖਾ ਦ੍ਵੈਤ ਦੀ ਗੱਲ ਨਹੀਂ ਕਰਨੀ। ਇਹਨਾਂ ਈਰਖਾਵਾਦੀ ਲੋਕਾਂ ਦੇ ਇਹ ਯਤਨ ਸਾਡੀ ਸ਼ਰਧਾ ਨੂੰ ਤੋੜ ਨਾ ਸਕੇ ਤੇ ਅਸੀਂ ਸੰਤ ਜੀ ਪਾਸ ਪੂਰੇ ਸਮੇਂ ਲਈ ਟਿੱਕ ਕੇ ਨਾਮ-ਬਾਣੀ ਸਿੱਖਦੇ ਰਹੇ, ਜਦੋਂ ਕਿ ਉਹਨਾਂ ਨੂੰ ਸੰਤ ਬਿਸ਼ਨ ਸਿੰਘ ਜੀ ਦੇ ਚਲਾਣੇ ਦੇ ਭੋਗ 'ਤੇ ਕਾਂਝਲੇ ਜਾਣਾ ਪਿਆ ਅਤੇ ਅਸੀਂ ਉਹਨਾਂ ਨਾਲ ਹੀ ਮਸਤੂਆਣੇ ਤੇ ਨਾਨਕਸਰ ਚੀਮੇਂ ਚਲੇ ਗਏ।

## ਪਾਉਂਟਾ ਸਾਹਿਬ ਰਹਿੰਦਿਆਂ ਉਪਦੇਸ਼ (ਜ਼ਬਾਨੀ ਭਾਈ ਇਕਬਾਲ ਸਿੰਘ)

ਪਾਉਂਟਾ ਸਾਹਿਬ ਕਥਾ ਕਰਦਿਆਂ ਸੰਤ ਜੀ ਨੇ ਕਈ ਗੱਲਾਂ ਸਿੱਧੀਆਂ-ਸਾਦੀਆਂ ਪੁਰਾਤਨ ਤੇ ਵਰਤਮਾਨ ਘਟਨਾਵਾਂ ਨੂੰ ਦੱਸ ਕੇ ਇਸ ਤਰ੍ਹਾਂ ਸਮਝਾਇਆ ਕਿ ਉਹ ਵੀ ਮਨ ਵਿੱਚ ਉਸੇ ਤਰ੍ਹਾਂ ਸਪੱਸ਼ਟ ਹਨ, ਜਿਸ ਤਰ੍ਹਾਂ ਉਹਨਾਂ ਉਸ ਵੇਲੇ ਦੱਸੀਆਂ ਸਨ। ਉਹਨਾਂ ਵਿੱਚੋਂ ਕੁਝ ਗੱਲਾਂ ਦਾ ਸੰਖੇਪ ਇੱਥੇ ਦਿੱਤਾ ਜਾਂਦਾ ਹੈ।

੧. ਬਹੁਤ ਸਾਰੇ ਲੋਕ ਸੰਤ ਜੀ ਦੀ ਪਹਿਚਾਣ ਉਹਨਾਂ ਦੇ ਪਹਿਰਾਵੇ ਅਤੇ ਸਰੀਰ ਨੂੰ ਵੇਖ ਕੇ ਕਰਦੇ ਹਨ। ਉਸ ਦੇ ਅੰਦਰਲੇ ਆਤਮ-ਗਿਆਨ ਨੂੰ ਵੇਖਣ ਵਾਲੀਆਂ, ਵਿਚਾਰ ਦੀਆਂ ਅੱਖਾਂ ਦੀ ਵਰਤੋਂ ਨਹੀਂ ਰੱਖਦੇ। ਅਜਿਹੇ ਪੁਰਸ਼ ਚਮਿਆਰ ਕਹਾਉਣ ਦੇ ਯੋਗ ਹਨ, ਨਾ ਕਿ ਉਹ ਜਿਹੜੇ ਚਮੜੇ ਦਾ ਕੰਮ ਜਾਂ ਜੁੱਤੀਆਂ ਬਣਾਉਂਦੇ ਹਨ। ਇਸ ਗੱਲ ਨੂੰ ਸਮਝਾਉਣ ਲਈ ਅਸ਼ਟਾਵਕਰ ਦੀ ਕਥਾ ਸੁਣਾਈ।

ਅਸ਼ਟਾਵਕਰ ਅਜੇ ਮਾਤਾ ਦੇ ਗਰਭ ਵਿੱਚ ਹੀ ਸੀ। ਉਸ ਦਾ ਪਿਤਾ ਕਿਸੇ ਉਲਝਣ ਵਿੱਚ ਫਸਿਆ ਹੋਇਆ ਸੀ। ਆਪਣੇ ਪਿਤਾ ਨੂੰ ਸੋਚਾਂ ਵਿੱਚ ਡੁੱਬਿਆ ਦੇਖ ਕੇ ਗਰਭ ਵਿੱਚੋਂ ਹੀ ਕਿਹਾ ਕਿ ਉਸ ਤਰ੍ਹਾਂ ਨਹੀਂ ਬਲਕਿ ਇਹ ਗੱਲ ਇਸ ਤਰ੍ਹਾਂ ਸੁਲਝ ਸਕਦੀ ਹੈ। ਰਿਸ਼ੀ ਨੇ ਗੁੱਸੇ ਹੋ ਕੇ ਆਪਣੀ ਪਤਨੀ ਦੇ ਪੇਟ 'ਤੇ ਲੱਤ ਮਾਰੀ ਜਿਸ ਕਰਕੇ ਅਸ਼ਟਾਵਕਰ ਦੇ ਸਰੀਰ ਵਿੱਚ ਵਲ ਪੈ ਗਏ। ਉਸ ਦੀ ਸ਼ਕਲ ਭੱਦੀ ਬਣ ਗਈ ਅਤੇ ਤੁਰਦੇ ਵੀ ਵਲ ਖਾ ਕੇ ਸੀ। ਅਸ਼ਟਾਵਕਰ ਦੇ ਅੰਦਰ ਪਰਮਾਤਮਾ ਦੀ ਪ੍ਰਾਪਤੀ ਦੀ ਇੱਛਾ ਸੀ। ਜੰਗਲਾਂ ਵਿੱਚ ਜਾ ਕੇ ਇੱਕ ਮਨ ਹੋ ਕੇ ਭਗਤੀ ਕਰਨ ਲੱਗ ਗਿਆ ਅਤੇ ਬ੍ਰਹਮ-ਗਿਆਨ ਦੀ ਅਵਸਥਾ ਨੂੰ ਪ੍ਰਾਪਤ ਹੋਇਆ। ਉਸ ਦੀ ਸਮਾਧੀ ਉਸ ਵੇਲੇ ਖੁੱਲ੍ਹੀ ਜਦੋਂ ਰਾਜਾ ਜਨਕ ਨੇ ਸਾਰੇ ਵਿਦਵਾਨ, ਪੰਡਿਤ, ਬ੍ਰਾਹਮਣਾਂ ਨੂੰ ਸੱਦ ਕੇ ਕਿਹਾ ਕਿ ਉਹ ਗੁਰੂ ਦਾ ਸਿੰਘਾਸਨ ਜੋ ਮੇਰੇ ਆਸਣ ਤੋਂ ਉੱਚਾ ਹੈ, ਉਸ 'ਤੇ ਉਹ ਮਹਾਤਮਾ ਆ ਕੇ ਬੈਠ ਜਾਣ ਜੋ ਮੈਨੂੰ ਘੋੜੇ 'ਤੇ ਚੜਦੇ ਸਮੇਂ ਦੂਜਾ ਪੈਰ ਰਕਾਬ ਵਿੱਚ ਪਾਉਣ ਤੋਂ ਪਹਿਲਾਂ ਆਤਮ-ਗਿਆਨ ਦੇ ਸਕਦਾ ਹੈ। ਜੇ ਕੋਈ ਗਿਆਨ ਨਹੀਂ ਦੇ ਸਕਿਆ ਤਾਂ ਮੈਂ ਸਮਝਾਂਗਾ ਕਿ ਰੱਬ ਹੈ ਹੀ ਨਹੀਂ ਅਤੇ ਮੈਂ ਨਾਸਤਕ ਹੋ ਜਾਵਾਂਗਾ। ਕਿਸੇ ਵੀ ਵਿਦਵਾਨ ਦੀ ਹਿੰਮਤ ਨਾ ਪਈ ਕਿ ਉਸ ਦੇ ਸਿੰਘਾਸਨ 'ਤੇ ਬੈਠੇ।

ਜਦ ਅਸ਼ਟਾਵਕਰ ਨੇ ਇੱਕ ਸੱਚੇ ਸ਼ੁੱਧ ਹਿਰਦੇ ਵਾਲੇ ਪ੍ਰਮਾਰਥ ਦੇ ਕਈ ਜਨਮ ਦੇ ਤਪੱਸਵੀ ਦਾ ਵਿਸ਼ਵਾਸ ਖ਼ਤਮ ਹੁੰਦਾ ਵੇਖਿਆ ਤਾਂ ਅਪਣੀ ਸਮਾਧੀ ਖੋਲ ਕੇ ਸਭਾ ਵਿੱਚ ਆ ਗਏ। ਉਸ ਨੂੰ ਵੇਖ ਕੇ ਸਭ ਵਿਦਵਾਨ ਖਿੜ-ਖਿੜਾ ਕੇ ਹੱਸ ਪਏ ਤੇ ਜਿਸ ਵੇਲੇ ਉਹ ਗੁਰੂ ਵਾਸਤੇ ਰੱਖੀ ਕੁਰਸੀ 'ਤੇ ਬੈਠਾ, ਸਭ ਅਚੰਭੇ ਵਿੱਚ ਡੁੱਬ ਗਏ ਕਿ ਇਹ ਕਿਹੜਾ ਮੂਰਖ ਹੈ। ਅਸ਼ਟਾਵਕਰ ਕੜਕ ਕੇ ਬੋਲੇ, "ਹੇ ਰਾਜਨ, ਯਹ ਚਮਿਆਰੋਂ ਕੀ ਸਭਾ ਕੈਸੀ ਲਗਾਈ ਹੁਈ ਹੈ?" ਰਾਜਾ ਜਨਕ ਹੈਰਾਨ ਹੋਇਆ ਅਤੇ ਡਰ ਗਿਆ। ਸਤਿਕਾਰ ਸਹਿਤ ਬੇਨਤੀ ਕੀਤੀ, "ਮਹਾਰਾਜ! ਯੇਹ ਤੋਂ ਵਿਦਵਾਨ ਪੰਡਿਤ ਗਿਆਨਵਾਨ ਲੋਗੋਂ ਕੀ ਸਭਾ ਹੈ ਚਮਿਆਰ ਨਹੀਂ ਹੈਂ।" ਅਸ਼ਟਾਵਕਰ ਨੇ ਫਿਰ ਗਰਜ ਕੇ ਕਿਹਾ, "ਚਮਿਆਰ ਕਿਸੀ ਜਾਤੀ ਕਾ ਨਾਮ ਨਹੀਂ, ਉਨ ਆਦਮੀਓਂ ਕਾ ਨਾਮ ਹੈ, ਜਿਨ ਕੇ ਮਨ ਦੁਨੀਆਂ ਕੀ ਆਂਖੋਂ ਸੇ ਕਿਸੀ ਕੀ ਪਹਿਚਾਨ ਉਸ ਕੇ ਸਰੀਰ ਕੇ ਚਮੜੇ ਕੋ ਦੇਖ ਕਰ ਕਰਤੇ ਹੈਂ ਔਰ ਵਿਚਾਰ-ਰੂਪੀ ਆਂਖੇ ਨਹੀਂ ਖੋਲਤੇ, ਇੰਨ ਵੇਦ ਸ਼ਾਸ਼ਤਰ ਪੜ੍ਹੇ-ਲਿਖੇ ਵਿਦਵਾਨੋਂ ਨੇ ਮੇਰੇ ਸ਼ਰੀਰ ਕੇ ਟੇਢੇਪਨ ਕੋ ਦੇਖਾ ਹੈ, ਇਸ ਲੀਏ ਹੱਸ ਪੜੇ ਹੈਂ, ਮੇਰੇ ਆਤਮਿਕ ਗਿਆਨ ਕੋ ਅਨੁਭਵ ਨਹੀਂ ਕਰ ਸਕੇ। ਇਸ ਲੀਏ ਯਹ ਚਮਿਆਰ ਹੈਂ।" ਇਸ ਪਿੱਛੋਂ ਉਸ ਨੇ ਰਾਜੇ ਨੂੰ ਪੁੱਛਿਆ ਕਿ ਉਹ ਕੀ ਚਾਹੁੰਦਾ ਹੈ। ਰਾਜਾ ਜਨਕ ਦਾ ਸਵਾਲ ਸੁਣ ਕੇ ਕਿਹਾ, "ਗਿਆਨ ਚਾਹਤੇ ਹੋ, ਤੋ ਅਪਨਾ ਤਨ, ਮਨ ਔਰ ਧਨ ਮੇਰੇ ਪਾਸ ਅਰਪਨ ਕਰ ਦੋ।" ਉਸ ਨੇ ਕਿਹਾ "ਜੀ ਸਭ ਆਪ ਕਾ ਹੈ।" ਕਹਿ ਕੇ ਮੱਥਾ ਟੇਕ ਦਿੱਤਾ ਅਤੇ ਪੂਰਨ ਬ੍ਰਹਮ-ਗਿਆਨ ਦੀ ਪ੍ਰਾਪਤੀ ਲਈ ਪ੍ਰਾਰਥਨਾ ਕੀਤੀ।

ਅਸ਼ਟਾਵਕਰ ਦੇ ਹੁਕਮ ਅਨੁਸਾਰ ਇੱਕ ਘੋੜਾ ਮੰਗਵਾਇਆ ਗਿਆ ਤੇ ਰਾਜੇ ਨੂੰ ਉੱਪਰ ਚੜ੍ਹਣ ਲੱਗੇ ਨੂੰ ਕਿਹਾ "ਬਸ ਰਾਜਨ! ਤੇਰਾ ਤਨ, ਮਨ, ਧਨ ਮੇਰਾ ਹੈ, ਇਸ ਕੇ ਇਲਾਵਾ ਜੋ ਹੈ, ਉਸ ਕੋ ਪਹਿਚਾਨ।" ਤਾਂ ਰਾਜੇ ਨੂੰ ਸਰਬ-ਆਤਮ ਦਾ ਗਿਆਨ ਹੋਇਆ ਅਤੇ ਉਸ ਵਿੱਚ ਲੀਨ ਹੋ ਗਿਆ। ਉਸ ਨੇ ਆਪਣੇ ਗੁਰੂਦੇਵ ਅਸ਼ਟਾਵਕਰ ਦਾ ਉਪਦੇਸ਼:

ਹਿਰਦੇ ਵਿੱਚ ਧਾਰਨ ਕੀਤਾ। ਇਹ ਗੱਲ ਸੁਣ ਕੇ ਸਾਨੂੰ ਸਪੱਸ਼ਟ ਹੋ ਗਿਆ ਕਿ ਅਸੀਂ ਐਵੇਂ ਹੀ ਜਾਤ-ਅਭਿਮਾਨ ਵਿੱਚ ਫਸੇ ਹਾਂ। ਇਹ ਛੱਡਣ ਤੋਂ ਬਿਨਾਂ ਸਿੱਖੀ ਨਹੀਂ ਸਮਝ ਆ ਸਕਦੀ।

੨. ਦਾਸ ਪਾਉਂਟੇ ਸਾਹਿਬ ਇਸ ਖਿੱਚ ਨਾਲ ਆਇਆ ਸੀ ਤੇ ਬੜੇ ਉਤਸ਼ਾਹ ਨਾਲ ਬਾਣੀ ਦਾ ਪਾਠ-ਸਿਮਰਨ ਕਰਦਾ ਅਤੇ ਸੇਵਾ ਵਿੱਚ ਰੁੱਝਾ ਰਹਿੰਦਾ ਸੀ ਕਿ ਬਸ ਮਹੀਨੇ ਵਿੱਚ ਹੀ ਬ੍ਰਹਮ ਗਿਆਨ ਪ੍ਰਾਪਤ ਹੋ ਜਾਣਾ ਹੈ ਤੇ ਪਰਮਾਤਮਾ ਦੇ ਦਰਸ਼ਨ ਹੋ ਜਾਣਗੇ, ਜਿਸ ਨੂੰ ਸਾਰੀ ਦੁਨੀਆਂ ਦੇ ਰਿਸ਼ੀ-ਮੁਨੀ ਭਾਲਦੇ ਫਿਰਦੇ ਹਨ। ਬੇਅੰਤ ਅਨੰਦ ਅਤੇ ਸ਼ਾਂਤੀ ਅੰਦਰ ਵੱਸ ਜਾਏਗੀ।

ਇਸ ਲਈ ਦਾਸ ਦੇ ਮਨ ਵਿੱਚ ਇੱਛਾ ਸੀ ਕਿ ਸੰਤ ਜੀ ਮਹਾਰਾਜ ਪਾਸ ਆ ਕੇ ਜਲਦੀ ਹੀ ਕਰਤਾਰ ਦੇ ਦਰਸ਼ਨ ਹੋ ਜਾਂਦੇ ਹਨ। ਵੀਹ ਦਿਨਾਂ ਪਿੱਛੋਂ ਬਹੁਤ ਉਤਾਵਲਾ ਹੋ ਗਿਆ ਕਿ ਅਜੇ ਤੱਕ ਦਰਸ਼ਨ ਨਹੀਂ ਹੋਏ। ਸੰਤ ਜੀ ਮਹਾਰਾਜ ਨੇ ਦਾਸ ਦੀ ਅਵਸਥਾ ਅਨੁਭਵ ਕਰਕੇ ਕਿਹਾ ਕਿ ਭਾਈ ਇਕਬਾਲ ਸਿੰਘ! ਕਾਗਜ਼ ਤੇ ਕਲਮ ਲਿਆ ਅਤੇ ਅੰਗਰੇਜ਼ੀ ਵਿੱਚ ਆਪ ਬੋਲ ਕੇ ਲਿਖਵਾਉਂਦੇ ਗਏ। ਇੱਕ ਪੰਨੇ ਦੀ ਅਰਜ਼ੀ ਲਿਖਣ ਤੋਂ ਪਿੱਛੋਂ ਸੰਤ ਜੀ ਮਹਾਰਾਜ ਨੇ ਚੈੱਕ ਕੀਤਾ ਤਾਂ ਉਸ ਵਿੱਚ ੧੯ ਗਲਤੀਆਂ ਨਿਕਲੀਆਂ। ਸੰਤ ਜੀ ਮਹਾਰਾਜ ਨੇ ਪੁੱਛਿਆ ਕਿ ਕਿੰਨੀਆਂ ਜਮਾਤਾਂ ਪੜ੍ਹਿਆ ਹੈਂ ਅਤੇ ਕਿੰਨੇ ਸਾਲ ਗਾਲੇ ਹਨ? ਦਾਸ ਨੇ ਉੱਤਰ ਦਿੱਤਾ, B.Sc. (Agri) ਕੀਤੀ ਹੈ ਅਤੇ ਚੌਦਾਂ ਸਾਲ ਗਾਲੇ ਹਨ। ਉਹਨਾਂ ਨੇ ਤੁਰੰਤ ਬੜੇ ਪਿਆਰ ਨਾਲ ਦਾਸ ਨੂੰ ਸਮਝਾਇਆ ਕਿ ਜਿਸ ਇਲਮ ਦੀ ਸਿਖਲਾਈ ਵਾਸਤੇ ਚੌਦਾਂ ਸਾਲ ਗਾਲੇ ਹਨ, ਉਸ ਦੀ ਇਕ ਸਫੇ ਦੀ ਅਰਜ਼ੀ ਵੀ ਠੀਕ ਨਹੀਂ ਲਿਖ ਸਕਦਾ ਅਤੇ ਬ੍ਰਹਮ ਗਿਆਨ ਜਿਸ ਤੋਂ ਅੱਗੇ ਕੋਈ ਗਿਆਨ ਨਹੀਂ ਹੈ, ਉਹ ਤੈਨੂੰ ਵੀਹ ਦਿਨਾਂ ਵਿੱਚ ਹੀ ਆ ਜਾਵੇ? ਇਸ ਲਈ ਤਾਂ ਕਈ ਜਨਮਾਂ ਦੀ ਕਮਾਈ ਹੁੰਦੀ ਹੈ। ਇਹ ਸੁਣ ਦਾਸ ਨੂੰ ਪੂਰੀ ਸਮਝ ਪੈ ਗਈ ਕਿ ਕਾਹਲੀ ਨਹੀਂ ਕਰਨੀ ਚਾਹੀਦੀ ਅਤੇ ਮਨ ਟਿਕਾ ਕੇ ਅਣਥੱਕ ਨਾਮ-ਬਾਣੀ ਵਿਚ ਲੱਗੇ ਰਹਿਣਾ ਚਾਹੀਦਾ ਹੈ।

ਇਸ ਤਰ੍ਹਾਂ ਸੰਤ ਜੀ ਕਈ ਵਾਰ ਇਹ ਵੀ ਫੁਰਮਾਇਆ ਕਰਦੇ ਸਨ ਕਿ ਜਿਤਨਾ ਚਾਉ ਇਕ ਨਵੇਂ ਸੂਟ ਦਾ ਜਾਂ ਨੌਕਰੀ ਵਿੱਚ ਤਰੱਕੀ ਲੈਣ ਦਾ ਹੈ ਜੇ ਉਤਨਾ ਵੀ ਚਾਉ ਸਾਨੂੰ ਰੱਬ ਦੇ ਮਿਲਣ ਦਾ ਨਹੀਂ ਪਰ ਹਰ ਕੋਈ ਬ੍ਰਹਮ ਗਿਆਨੀ ਬਣਨਾ ਚਾਹੁੰਦਾ ਹੈ। ਮਨ ਵਿੱਚ ਪ੍ਰੇਮ ਚਾਉ ਤੇ ਉੱਦਮ ਕਰਨ ਨੂੰ ਤਿਆਰ ਕੋਈ ਨਹੀਂ ਹੈ। ਬ੍ਰਹਮ ਗਿਆਨ ਦੀ ਪ੍ਰਾਪਤੀ ਲਈ ਸ਼ਰਧਾ, ਪ੍ਰੇਮ, ਵਿਸ਼ਵਾਸ਼, ਤਿਆਗ ਤੇ ਵੈਰਾਗ ਜ਼ਰੂਰੀ ਹਨ।

੩. ਸੰਤ ਜੀ ਜਦੋਂ ਉਸ ਅਸਥਾਨ ਤੇ ਜਾਂਦੇ, ਜਿੱਥੇ ਗੁਰੂ ਜੀ ਨੇ ਪੀਰ ਬੁੱਧੂ ਸ਼ਾਹ ਨੂੰ ਕੇਸਾਂ ਸਮੇਤ ਕੰਘੇ ਦੀ ਬਖ਼ਸ਼ਿਸ਼ ਕੀਤੀ ਸੀ ਜਾਂ ਕਾਲਸੀ ਰਿਸ਼ੀ ਦੀ ਸ਼ਿਲਾ ਪਾਸ ਜਾ ਕੇ ਘਾਹ 'ਤੇ ਬੈਠਦੇ ਜਾਂ ਕਿਸੇ ਹੋਰ ਪੁਰਾਣੀ ਕਿਸੇ ਘਟਨਾ ਨੂੰ ਯਾਦ ਕਰਵਾਉਣ ਵਾਲੀ ਥਾਂ ਜਾਂਦੇ ਤਾਂ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਧੁਨੀ ਲਾ ਦਿੰਦੇ ਤੇ ਕਹਿੰਦੇ, "ਭਾਈ ਵੇਖੋ! ਗੁਰੂ ਸਾਹਿਬ ਨੇ ਸਾਡੇ ਲਈ ਕਿਤਨੀਆਂ ਘਾਲਣਾਂ ਘਾਲੀਆਂ, ਅਸੀਂ ਕਿਤਨੇ ਅਕ੍ਰਿਤਘਣ ਹਾਂ। ਅੰਮ੍ਰਿਤ ਛਕ ਕੇ ਰਹਿਤ-ਮਰਯਾਦਾ ਦੇ ਧਾਰਨੀ ਰਹਿਣ ਨੂੰ ਵੀ ਔਖਾ ਸਮਝਦੇ ਹਾਂ।"

੪. ਇੱਕ ਦਿਨ ਦਾਸ ਨੇ ਮਨ ਦੀ ਹਾਲਤ ਦਾ ਜ਼ਿਕਰ ਕਰਦਿਆਂ ਸੰਤ ਜੀ ਨੂੰ ਦੱਸਿਆ ਕਿ ਜ਼ਬਾਨ ਨਾਲ ਤਾਂ ਪਾਠ ਕਰਦੇ ਹਾਂ ਪਰ ਮਨ ਕਿਤੇ ਹੋਰ ਹੀ ਫਿਰਦਾ ਹੈ। ਕਈ ਵਾਰੀ ਪਾਠ ਕਰਦਿਆਂ ਜਾਂ ਸੁਪਨੇ ਵਿੱਚ ਬਹੁਤ ਹੀ ਮਾੜੇ ਵਿਚਾਰ ਵੀ ਆਉਂਦੇ ਹਨ ਤਾਂ ਸੰਤ ਜੀ ਮਹਾਰਾਜ ਨੇ ਬੜੇ ਪ੍ਰੇਮ ਨਾਲ ਸਮਝਾਇਆ,

"ਜਦੋਂ ਸਾਬਣ ਲੱਗਦਾ ਹੈ ਤਾਂ ਕੱਪੜੇ ਦੀ ਲੁਕੀ ਮੈਲ ਬਾਹਰ ਆਉਂਦੀ ਹੈ ਤੇ ਫਿਰ ਅਸੀਂ ਉਸ ਨੂੰ ਪਾਣੀ ਵਿੱਚ ਹੰਗਾਲ ਦਿੰਦੇ ਹਾਂ ਤਾਂ ਕੱਪੜਾ ਸਾਫ਼ ਹੋ ਜਾਂਦਾ ਹੈ। ਜੇ ਸਾਫ਼ ਨਾ ਹੋਵੇ ਤਾਂ ਸਾਬਣ ਲਾ ਕੇ ਹੋਰ ਮੈਲ ਕੱਢੀ ਦੀ ਹੈ। ਇਸੇ ਤਰ੍ਹਾਂ ਭਾਈ! ਨਾਮ ਰੂਪੀ ਸਾਬਣ ਮਲਦਿਆਂ ਮਨ ਦੀ ਵਿਕਾਰ ਰੂਪੀ ਮੈਲ ਬਾਹਰ ਨਿਕਲਦੀ ਹੈ। ਮਨ ਵਿੱਚ ਮਾੜੇ ਫੁਰਨੇ ਜੋ ਦੱਬੇ ਹੁੰਦੇ ਹਨ, ਉਹ ਵੀ ਸਾਹਮਣੇ ਆਉਂਦੇ ਹਨ। ਨਾਮ ਜਪਣ ਨਾਲ ਅਤੇ ਸੇਵਾ ਕਰਨ ਨਾਲ ਮਨ ਦੀ ਵਿਕਾਰਾਂ ਰੂਪੀ ਮੈਲ ਸਭ ਧੋਤੀ ਜਾਂਦੀ ਹੈ। ਪ੍ਰੇਮ ਨਾਲ ਸੱਚੇ ਦਿਲੋਂ ਨਾਮ ਜਪਣ ਦੀ ਅਤੇ ਸੇਵਾ ਕਰਨ ਦੀ ਲੋੜ ਹੈ। ਹਉਮੈ ਰੂਪੀ ਮੈਲ ਹੀ ਸਭ ਰੋਗਾਂ ਨੂੰ ਸੱਦਦੀ ਹੈ ਅਥਵਾ ਸਾਰੇ ਰੋਗਾਂ ਦਾ ਕਾਰਨ ਹੈ। ਇਹ ਇਸੇ ਤਰ੍ਹਾਂ ਨਿਕਲੇਗੀ। ਨਾਮ-ਸਿਮਰਨ, ਬਾਣੀ ਦਾ ਪਾਠ ਇਸ ਨੂੰ ਹੌਲੀ-ਹੌਲੀ ਖ਼ਤਮ ਕਰ ਦੇਵੇਗਾ।"

**ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥ (੪੬੬)**
**ਵਸਤੂ ਅੰਦਰਿ ਵਸਤੁ ਸਮਾਵੈ ਦੂਜੀ ਹੋਵੈ ਪਾਸਿ ॥ (੪੭੪)**
**ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥ (੫੬●)**

ਸੋ ਇਸ ਮਨ ਨੂੰ ਪ੍ਰਭੂ ਨਾਲ ਜੋੜਣ ਲਈ ਇਹ ਜ਼ਰੂਰੀ ਹੈ ਕਿ ਇਸ ਦਾ ਪਹਿਲਾ ਸੁਭਾਉ ਤਬਦੀਲ ਕੀਤਾ ਜਾਏ। ਜਿਸ ਘੜੇ ਵਿੱਚ ਕੋਈ ਚੀਜ਼ ਪਈ ਹੈ, ਉਹ ਨਿਕਲੇਗੀ ਤਾਂ ਹੀ ਉੱਥੇ ਦੂਜੀ ਵਸਤੂ ਸਮਾਂ ਸਕੇਗੀ। ਨਾਮ ਤੇ ਹਉਮੈ ਇੱਕ ਥਾਉਂ ਨਹੀਂ ਟਿੱਕ ਸਕਦੇ। ਨਾਮ ਜਪਣ ਨਾਲ ਜਿਉਂ-ਜਿਉਂ ਹਉਮੈ ਨਿਕਲੇਗੀ, ਉੱਥੇ ਨਾਮ ਦਾ ਵਾਸਾ ਹੁੰਦਾ ਜਾਵੇਗਾ।

**ਰਹਤ ਰਹਤ ਰਹਿ ਜਾਹਿ ਬਿਕਾਰਾ ॥**
**ਗੁਰ ਪੂਰੇ ਕੈ ਸਬਦਿ ਅਪਾਰਾ ॥ (੨੫੯)**

ਸਿਮਰਨ ਵਿੱਚ ਜੁੜ ਕੇ ਹੀ ਇਹ ਅਵਸਥਾ ਪ੍ਰਾਪਤ ਹੁੰਦੀ ਹੈ। ਮਨ ਵਿੱਚੋਂ ਪੁਰਾਣੇ ਸੰਕਲਪ-ਵਿਕਲਪਾਂ ਦੀ ਮੈਲ ਨਿਕਲ ਜਾਂਦੀ ਹੈ। ਵਾਹਿਗੁਰੂ ਆਪ ਕਿਰਪਾ ਕਰਕੇ ਮਨ ਅੰਦਰ ਵੱਸ ਜਾਂਦੇ ਹਨ। ਫਿਰ ਮਨ ਅਡੋਲ ਟਿੱਕ ਜਾਂਦਾ ਹੈ। ਚਾਹੇ ਕੋਲ ਢੋਲ ਵੱਜੀ ਜਾਣ ਤੇ ਕਿਤਨਾ ਰੌਲਾ ਪਈ ਜਾਵੇ, ਮਨ ਨਾਮ ਵਿੱਚ ਜੁੜ ਕੇ ਅਜਿਹਾ ਅਨੰਦ ਮਾਣਦਾ ਹੈ, ਇਸ ਨੂੰ ਕਦੇਂ ਵੀ ਛੱਡਣ ਲਈ ਤਿਆਰ ਨਹੀਂ ਹੁੰਦਾ। ਕਬੀਰ ਸਾਹਿਬ ਫੁਰਮਾਉਂਦੇ ਹਨ ਕਿ ਜਿਸ ਮਨੁੱਖ ਨੇ ਮਾਇਆ ਦੇ ਸੁਆਦ ਨੂੰ ਫਿੱਕਾ ਸਮਝ ਲਿਆ ਹੈ, ਉਸ ਨੇ ਮਾਇਕ ਚਸਕਿਆਂ ਤੋਂ ਬਚੇ ਰਹਿ ਕੇ ਆਤਮਿਕ ਅਨੰਦ ਮਾਣ ਲਿਆ ਹੈ।

**ਰਾਰਾ ਰਸੁ ਨਿਰਸ ਕਰਿ ਜਾਨਿਆ ॥**
**ਹੋਇ ਨਿਰਸ ਸੁ ਰਸੁ ਪਹਿਚਾਨਿਆ ॥**
**ਇਹ ਰਸ ਛਾਡੇ ਉਹ ਰਸੁ ਆਵਾ ॥**
**ਉਹ ਰਸੁ ਪੀਆ ਇਹ ਰਸੁ ਨਹੀ ਭਾਵਾ ॥ (੩੪੨)**

੫. ਕਾਲਜ ਵਿੱਚ ਤਾਂ ਸੁੱਖ ਦੀ ਜਿੰਦਗੀ ਬਤੀਤ ਹੁੰਦੀ ਸੀ, ਆਪਣੀ ਮੌਜ ਸਿਰ ਜਾਗਣਾ ਹੁੰਦਾ ਸੀ।

ਇੱਥੇ ਸਵਾ ਪਹਿਰ ਰਾਤ ਰਹਿੰਦੀ ਉੱਠਣਾ, ਨਿੱਤਨੇਮ ਦੀਆਂ ਬਾਣੀਆਂ ਦਾ ਪਾਠ ਅਤੇ ਸਿਮਰਨ ਕਰਨਾ, ਗੁਰਦੁਆਰੇ ਦੀ ਹਾਜ਼ਰੀ, ਕਥਾ ਸੁਣਨ ਤੋਂ ਪਿੱਛੋਂ ਖੇਤ ਵਿੱਚ ਜਾ ਕੇ ਸੇਵਾ ਕਰਨੀ ਹੁੰਦੀ ਸੀ। ਮੱਕੀ ਬੀਜੀ ਹੋਈ ਸੀ, ਉਸ ਦੀ ਗੋਡੀ ਕਰਨ ਜਾਂ ਹੋਰ ਕੋਈ ਸਰੀਰਕ ਸੇਵਾ ਵੀ ਰੋਜ਼ ਹੀ ਦਿੱਤੀ ਜਾਂਦੀ ਸੀ ਕਿ ਮਨ ਵਿਚੋਂ ਕਾਲਜ ਦੀ ਫੂੰ-ਫਾਂ ਨਿਕਲ ਜਾਵੇ ਤੇ ਉੱਥੇ ਨਿਮਰਤਾ ਤੇ ਸੇਵਾ ਮਨ ਵਿੱਚ ਵੱਸ ਜਾਵੇ। ਇੱਕ ਦਿਨ ਧੁੱਪੇ ਗੋਡੀ ਕਰਦਿਆਂ ਦਾਸ ਨੂੰ ਬਹੁਤ ਵੱਟ ਲੱਗਿਆ ਤੇ ਰਾਤ ਨੂੰ ਬੁਖਾਰ ਚੜ੍ਹ ਗਿਆ।

ਸਵੇਰੇ ਉੱਠ ਕੇ ਹੋਰ ਪ੍ਰੇਮੀ ਤਾਂ ਇਸ਼ਨਾਨ ਕਰਕੇ, ਸਿਮਰਨ ਕਰਨ ਲੱਗ ਗਏ, ਮੈਂ ਉਸੇ ਤਰ੍ਹਾਂ ਹੀ ਸੁੱਤਾ ਰਿਹਾ। ਜਿਸ ਵੇਲੇ ਸੰਤ ਜੀ ਆਏ ਤਾਂ ਪੁੱਛਿਆ, "ਇਕਬਾਲ ਸਿੰਘ ਨੇ ਇਸ਼ਨਾਨ ਕੀਤਾ ਹੈ ਕਿ ਨਹੀਂ?" ਜਦੋਂ ਮੈਂ ਕਿਹਾ ਕਿ ਜੀ ਮੈਨੂੰ ਬਹੁਤ ਬੁਖਾਰ ਹੈ ਤਾਂ ਭਾਈ ਗੁਰਬਖਸ਼ ਸਿੰਘ ਨੇ ਵੀ ਮੇਰਾ ਹੱਥ ਫੜ੍ਹ ਕੇ ਪ੍ਰੋੜ੍ਹਤਾ ਕੀਤੀ ਕਿ ਜੀ ਇਸ ਨੂੰ ਬਹੁਤ ਤੇਜ਼ ਬੁਖ਼ਾਰ ਹੈ ਤਾਂ ਸੰਤ ਜੀ ਨੇ ਕਿਹਾ ਕਿ ਨਾਮ-ਬਾਣੀ ਵਿੱਚ ਲੱਗਿਆਂ ਇਹ ਛੋਟੇ-ਮੋਟੇ ਰੋਗ ਅਤੇ ਬਹਾਨਿਆਂ ਨਾਲ ਮਨ ਢਹਿੰਦੀਆਂ ਕਲਾ ਵਿੱਚ ਲੈ ਜਾਈ ਦਾ ਹੈ। ਜਾ ਉੱਠ ਤੇ ਜਾ ਕੇ ਜਮਨਾ ਵਿੱਚ ਇਸ਼ਨਾਨ ਕਰ ਅਤੇ ਨਾਮ ਜਪ। ਦਾਸ ਉਸੇ ਵਕਤ ਜਾ ਕੇ ਜਮਨਾ ਵਿੱਚ ਠੰਢੇ ਪਾਣੀ ਨਾਲ ਇਸ਼ਨਾਨ ਕਰ ਆਇਆ ਅਤੇ ਨਾਮ-ਬਾਣੀ ਸਿਮਰਨ ਵਿੱਚ ਲੱਗ ਗਿਆ। ਦਾਸ ਨੌਂ-ਬਰ- ਨੌਂ ਹੋ ਗਿਆ ਅਤੇ ਪਤਾ ਨਹੀਂ ਬੁਖ਼ਾਰ ਕਿੱਧਰ ਉੱਡ ਗਿਆ।

**ਸੋਰਠਿ ਮਹਲਾ ੫ ॥**

**ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ ॥**
**ਕੋਟਿ ਬਿਘਨ ਲਾਥੇ ਪ੍ਰਭ ਸਰਣਾ ਪ੍ਰਗਟੇ ਭਲੇ ਸੰਜੋਗਾ ॥੧॥**
**ਪ੍ਰਭ ਬਾਣੀ ਸਬਦੁ ਸੁਭਾਖਿਆ ॥**
**ਗਾਵਹੁ ਸੁਣਹੁ ਪੜਹੁ ਨਿਤ ਭਾਈ ਗੁਰ ਪੂਰੈ ਤੂ ਰਾਖਿਆ ॥ਰਹਾਉ॥**
**ਸਾਚਾ ਸਾਹਿਬੁ ਅਮਿਤਿ ਵਡਾਈ ਭਗਤਿ ਵਛਲ ਦਇਆਲਾ ॥**
**ਸੰਤਾ ਕੀ ਪੈਜ ਰਖਦਾ ਆਇਆ ਆਦਿ ਬਿਰਦੁ ਪ੍ਰਤਿਪਾਲਾ ॥੨॥**
**ਹਰਿ ਅੰਮ੍ਰਿਤ ਨਾਮੁ ਭੋਜਨੁ ਨਿਤ ਭੁੰਚਹੁ ਸਰਬ ਵੇਲਾ ਮੁਖਿ ਪਾਵਹੁ ॥**
**ਜਰਾ ਮਰਾ ਤਾਪੁ ਸਭੁ ਨਾਠਾ ਗੁਣ ਗੋਬਿੰਦ ਨਿਤ ਗਾਵਹੁ ॥੩॥**
**ਸੁਣੀ ਅਰਦਾਸਿ ਸੁਆਮੀ ਮੇਰੈ ਸਰਬ ਕਲਾ ਬਣਿ ਆਈ ॥**
**ਪ੍ਰਗਟ ਭਈ ਸਗਲੇ ਜੁਗ ਅੰਤਰਿ ਗੁਰ ਨਾਨਕ ਕੀ ਵਡਿਆਈ ॥੪॥੧੧॥ (੬੧੧)**

੬. ਬਰਸਾਤ ਦੇ ਦਿਨ ਸਨ ਤੇ ਸੱਪ ਨੂੰਹੇ ਨਿਕਲਦੇ ਹੀ ਰਹਿੰਦੇ ਸਨ। ਇੱਕ ਦਿਨ ਭਾਈ ਗੁਰਬਖਸ਼ ਸਿੰਘ ਸੰਤ ਜੀ ਨੂੰ ਇਸ਼ਨਾਨ ਕਰਵਾ ਰਹੇ ਸਨ। ਪਟੜੇ ਹੇਠੋਂ ਸੱਪ ਨਿਕਲ ਕੇ, ਉਹਨਾਂ ਦੀ ਲੱਤ ਉੱਤੇ ਚੜ੍ਹ ਗਿਆ ਪਰ ਉਹ ਉਸੇ ਤਰ੍ਹਾਂ ਸੰਤ ਜੀ ਦੇ ਪਿੰਡੇ 'ਤੇ ਪਾਣੀ ਪਾ ਕੇ ਇਸ਼ਨਾਨ ਕਰਵਾਉਂਦੇ ਗਏ। ਜਿਸ ਵੇਲੇ ਹੱਟ ਕੇ ਆਪਣੇ ਪੈਰਾਂ ਵੱਲ ਤੱਕਿਆ ਤਾਂ ਸੱਪ ਆਪ ਹੀ ਉੱਤਰ ਕੇ ਪਟੜੇ ਹੇਠਾਂ ਜਾ ਰਿਹਾ ਸੀ। ਸੱਪ ਨੂੰ ਪੈਰ ਤੋਂ ਉੱਤਰਦਿਆਂ ਵੇਖ ਕੇ ਕੋਈ ਘਬਰਾਹਟ ਜਾਂ ਡਰ ਨਹੀਂ ਆਇਆ। ਸਗੋਂ ਉਸ ਵਿੱਚ ਵੀ ਪਰਮਾਤਮਾ ਦੀ ਝਲਕ ਵੇਖ ਕੇ ਉਸ ਨੂੰ ਨਾ ਤਾਂ ਮਾਰਨ ਦਾ ਜੀਅ ਕੀਤਾ ਅਤੇ ਨਾ ਹੀ ਉਸ ਦੇ ਮਨ ਵਿੱਚ ਕੋਈ ਭੈ ਪੈਦਾ ਹੋਇਆ।

੭. ਇੱਕ ਵਾਰੀ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਆਏ। ਸੰਤ ਜੀ, ਦਾਸ ਤੇ ਹੋਰ ਸਭ ਪ੍ਰੇਮੀ ਸਿਮਰਨ ਵਿੱਚ ਜੁੜੇ ਸਨ ਤਾਂ ਇੱਕ ਠੂਹਾ ਦਾਸ ਨੂੰ ਲੜ ਗਿਆ। ਦਾਸ ਨੇ "ਸੀ" ਤੱਕ ਨਹੀਂ ਕੀਤੀ, ਨਾ ਹੀ ਕੁਝ ਹਿੱਲਿਆ-ਜੁੱਲਿਆ ਤਾਂ ਕਿ ਨਾਮ-ਸਿਮਰਨ ਵਿੱਚ ਬੈਠੇ ਕਿਸੇ ਪ੍ਰੇਮੀ ਦੀ ਸਮਾਧੀ ਵਿੱਚ ਵਿਘਨ ਨਾ ਆਵੇ। ਦਿਨੇ ਉਹ ਥਾਂ ਸੁੱਜਿਆ ਵੇਖ ਕੇ ਸੰਤ ਜੀ ਦੇ ਪੁੱਛਣ 'ਤੇ ਦੱਸਿਆ ਕਿ ਅੰਮ੍ਰਿਤ ਵੇਲੇ ਠੂਹਾ ਲੜ ਗਿਆ ਪਰ ਦਰਦ ਨਹੀਂ ਮਹਿਸੂਸ ਹੋ ਰਹੀ ਤਾਂ ਸੰਤ ਜੀ ਕਹਿਣ ਲੱਗੇ **"ਭਾਈ! ਨਾਮ ਅਭਿਆਸ ਨਾਲ ਇਹ ਸਭ ਦੁੱਖ ਜ਼ਰਨ ਦੀ ਸ਼ਕਤੀ ਆ ਜਾਂਦੀ ਹੈ। ਸਿਮਰਨ ਪੱਕ ਜਾਣ ਪਿੱਛੋਂ ਇਹ ਸਰੀਰਕ ਦੁੱਖ ਭਾਸਦੇ ਹੀ ਨਹੀਂ ਹਨ।"**

## ਬੋਲ-ਕਬੋਲ ਸਹਾਰਨੇ

ਦਾਸ ਅਤੇ ਭਾਈ ਗਿਆਨ ਸਿੰਘ ਜੀ ਨਾਨਕਸਰ ਚੀਮੇਂ ਰਹਿੰਦੇ ਸੀ। ਸਾਡੀ ਡਿਊਟੀ ਪਾਠ ਕਰਨ ਤੋਂ ਇਲਾਵਾ ਖੇਤੀ ਦੇ ਕੰਮ ਦੀ ਵੀ ਸੀ ਕਿਉਂਕਿ ਅਸੀਂ ਦੋਨੋਂ ਖੇਤੀ-ਬਾੜੀ ਕਾਲਜ ਦੇ ਪੜ੍ਹੇ ਹੋਏ ਸੀ। ਲੋਕੀਂ ਸਾਨੂੰ ਖੇਤੀ ਦਾ ਕੰਮ ਕਰਦੇ ਵੇਖ ਕੇ ਟਿੱਚਰਾਂ ਕਰਦੇ ਤੇ ਸਾਡੇ ਉੱਥੋਂ ਜਾਣ ਪਿੱਛੋਂ ਇਹ ਗੱਲ ਮਖੌਲ ਨਾਲ ਕਰਦੇ ਸਨ, "ਸੰਤ ਜੀ ਨੇ ਇਹ ਦੋ ਨਵੇਂ ਬਟੇਰੇ ਕਿੱਥੋਂ ਫੜ੍ਹ ਕੇ ਲਿਆਂਦੇ ਹਨ। ਦੇਖੋ ਬੀ. ਏ. ਪਾਸ ਹਨ, ਫਿਰ ਵੀ ਅਨਪੜ੍ਹਾਂ ਵਾਂਗ ਖੇਤੀ ਦਾ ਕੰਮ ਕਰਦੇ ਹਨ ਅਤੇ ਗੁਰਦੁਆਰੇ ਦੀ ਸੇਵਾ ਵੀ ਕਰਦੇ ਹਨ।" ਅਸੀਂ ਚੁੱਪ ਕਰਕੇ ਸੁਣ ਛੱਡਦੇ ਸੀ ਕਿਉਂਕਿ ਪਹਿਲਾਂ ਵੀ ਪਾਉਂਟੇ ਹੁਕਮ ਹੋ ਚੁੱਕਿਆ ਸੀ ਕਿ ਈਰਖਾਵਾਦੀ, ਨਿੰਦਕਾਂ ਆਦਿ ਦੀ ਗੱਲ ਉੱਥੇ ਹੀ ਭੁੱਲ ਜਾਣੀ ਹੈ ਅਤੇ ਅੱਗੇ ਨਹੀਂ ਕਰਨੀ। ਸੰਤਾਂ ਦਾ ਬਚਨ ਸੀ ਕਿ ਉਹ ਸਭ ਤੋਂ ਮਾੜਾ ਆਦਮੀ ਹੈ ਜੋ ਪ੍ਰੇਮੀਆਂ ਨੂੰ ਬਦਨਾਮ ਕਰਨ ਵਿੱਚ ਲੱਗਾ ਰਹਿੰਦਾ ਹੈ।

ਇੱਕ ਦਿਨ ਭਾਈ ਕਿਸ਼ਨ ਸਿੰਘ ਨੇ ਸਰੋਵਰ ਦੇ ਕੰਢੇ ਸੰਤ ਜੀ ਨੂੰ ਸਾਡੇ ਨਾਲ ਹੁੰਦਿਆਂ ਹੋਇਆਂ ਵੀ ਬਹੁਤ ਮਾੜੇ ਬਚਨ ਬੋਲੇ, ਜਿੰਨਾਂ ਦਾ ਲਿਖਣਾ ਵੀ ਠੀਕ ਨਹੀਂ ਲੱਗਦਾ ਅਤੇ ਸੰਤ ਜੀ ਨੂੰ ਕਿਹਾ, "ਤੂੰ ਇੱਥੋਂ ਚਲਿਆ ਜਾਹ ਤੇਰਾ ਇੱਥੇ ਕੀ ਕੰਮ ਹੈ।"

ਵੱਡਾ ਸਮੁੰਦਰ ਪੱਥਰ ਡਿੱਗਣ ਨਾਲ ਅਸ਼ਾਂਤ ਨਹੀਂ ਹੁੰਦਾ। ਸੰਤ ਜੀ ਕੌੜੇ ਅਤੇ ਨਿਰਾਦਰੀ ਵਾਲੇ ਬੋਲ ਸੁਣ ਕੇ ਉਸ ਨੂੰ ਉਲਟਾ ਤਾੜਨ ਦੀ ਥਾਂ ਬੜੀ ਹੀ ਨਿਮਰਤਾ ਅਤੇ ਗ਼ਰੀਬੀ ਨਾਲ ਬਚਨ ਕੀਤੇ, "ਭਾਈ! ਅਸੀਂ ਚਲੇ ਜਾਂਦੇ ਹਾਂ, ਤੂੰ ਆਪਣੀ ਪਾਤਸ਼ਾਹੀ ਚਲਾ ਲੈ।"

ਅਸੀਂ ਸਾਰੇ ਅਗਲੇ ਦਿਨ ਹੀ ਪਟਿਆਲੇ ਚਲੇ ਗਏ। ਥੋੜ੍ਹੇ ਦਿਨਾਂ ਪਿੱਛੋਂ ਸਾਰੇ ਈਰਖਾਵਾਦੀ ਤੇ ਭਾਈ ਕਿਸ਼ਨ ਸਿੰਘ ਜੀ ਇੱਕਠੇ ਬੈਠੇ ਸਨ ਤਾਂ ਉਹਨਾਂ ਦੀ ਦੁਸ਼ਮਨ ਪਾਰਟੀ ਦੇ ਬੰਦੇ ਨੇ ਘਰ ਵਿੱਚ ਬੰਬ ਸੁੱਟ ਕੇ ਸਾਰਿਆਂ ਨੂੰ ਮਾਰ ਦਿੱਤਾ। ਜਦ ਸੰਤ ਜੀ ਨੂੰ ਇਹ ਗੱਲ ਦੱਸੀ ਤੇ ਕਿਹਾ ਜੀ ਇਹ ਅਜੀਬ ਕੌਤਕ ਵਰਤਇਆ ਹੈ। ਤੁਹਾਡੇ ਨਾਲ ਬੁਰਾ ਕਰਨ ਦਾ ਫਲ ਹੈ। ਸੰਤ ਜੀ ਨੇ ਫੁਰਮਾਇਆ, "ਅਸੀਂ ਤਾਂ ਉਹਨਾਂ ਦਾ ਕੋਈ ਬੁਰਾ ਨਹੀਂ ਸੋਚਿਆ। ਇਹ ਤਾਂ ਉਹਨਾਂ ਦੇ ਆਪਣੇ ਕਰਮਾਂ ਕਰਕੇ ਭਾਣਾ ਵਰਤਿਆ ਹੈ। ਇਹ ਤਾਂ ਕੁਦਰਤੀ ਗੱਲ ਹੈ ਕਿ ਸਤਿਗੁਰੂ ਦੀ ਚੱਲ ਰਹੀ ਸੇਵਾ ਵਿੱਚ ਜੋ ਵਿਘਣ ਪਾਉਂਦਾ ਹੈ, ਉਹ ਟਿੱਕ ਨਹੀਂ ਸਕਦਾ।"

**ਹੁਕਮੁ ਪਇਆ ਧੁਰਿ ਖਸਮ ਕਾ ਅਤੀ ਹੂ ਧਕਾ ਖਾਇ ॥**
**ਗੁਰਮੁਖ ਸਿਉ ਮਨਮੁਖੁ ਅੜੈ ਡੁਬੈ ਹਕਿ ਨਿਆਇ ॥** (੧੪੮)

ਧੰਨ ਹਨ ਸੰਤ ਜੀ ਜੋ ਇਤਨੀਆਂ ਗੱਲਾਂ ਸੁਣ ਕੇ ਵੀ ਕਿਸੇ ਬਾਰੇ ਕੋਈ ਬੁਰਾ ਖ਼ਿਆਲ ਆਪਣੇ ਮਨ ਵਿੱਚ ਲਿਆਂਦੇ ਬਿਨਾਂ ਹਰ ਇੱਕ ਦੇ ਸਾਂਝੇ ਹੋ ਕੇ ਵਰਤਦੇ ਹਨ। ਗੌਤਮ ਬੁੱਧ ਅਤੇ ਗੋਰਖ ਵਰਗੇ ਨਾਥਾਂ ਨੇ ਸੰਸਾਰ ਨੂੰ ਦੁੱਖਾਂ ਦਾ ਘਰ ਦੱਸਿਆ ਪਰ ਸੰਤ ਜੀ ਫੁਰਮਾਉਂਦੇ, **"ਦੁਖੁ ਨਾਹੀ ਸਭੁ ਸੁਖੁ ਹੀ ਹੈ ਰੇ ਏਕੈ ਏਕੀ ਨੇਤੈ ॥ ਬੁਰਾ ਨਹੀ ਸਭੁ ਭਲਾ ਹੀ ਹੈ ਰੇ ਹਾਰ ਨਹੀ ਸਭ ਜੇਤੈ ॥" (੧੩੦੨)** ਗੁਰੂ ਮਹਾਰਾਜ ਦੀ ਇਹ ਤੁਕ ਦਾ ਉਪਦੇਸ਼ ਦ੍ਰਿੜ੍ਹਾਉਂਦੇ ਰਹਿੰਦੇ। ਨਾਨਕਸਰ ਚੀਮਾਂ ਦੀ ਸੇਵਾ ਦੌਰਾਨ ਕਈ ਚੀਮੇਂ ਪਿੰਡ ਦੇ ਪ੍ਰੇਮੀ ਸੰਤ ਜੀ ਨੂੰ ਪਰੇਸ਼ਾਨ ਕਰਨ ਦੀ ਬੜੀ ਕੋਸ਼ਿਸ ਕਰਦੇ ਪਰ ਉਹ ਕਦੇ ਕਿਸੇ ਨਾਲ ਨਰਾਜ ਨਹੀਂ ਹੁੰਦੇ ਸਨ। ਉਹਨਾਂ ਨੇ ਕਦੇ ਵੀ ਕਿਸੇ ਨੂੰ ਕੋਈ ਸਰਾਪ ਨਹੀਂ ਦਿੱਤਾ ਉਹ ਤਾਂ ਸਦਾ ਹੀ ਸਭ ਨੂੰ ਪਿਆਰਦੇ ਤੇ ਸਤਿਕਾਰਦੇ ਰਹਿੰਦੇ ਸਨ।

## ਸ਼ਬਦ-ਗੁਰੂ

ਗੁਰਮਤਿ ਵਿੱਚ "ਸ਼ਬਦ-ਗੁਰੂ" ਹੀ ਮੰਨਿਆ ਜਾਂਦਾ ਹੈ, ਦੇਹ ਗੁਰੂ ਨਹੀਂ। ਨਾਮਧਾਰੀ ਬਾਬਾ ਰਾਮ ਸਿੰਘ ਬਾਰੇ ਗੱਲ ਕਰਦਿਆਂ ਦੱਸਿਆ ਕਿ ਉਹਨਾਂ ਕਦੇ ਆਪਣੇ ਆਪ ਨੂੰ ਗੁਰੂ ਨਹੀਂ ਸੀ ਕਹਾਇਆ। ਬਾਬਾ ਪ੍ਰਤਾਪ ਸਿੰਘ ਜੀ ਵੀ ਪਾਉਂਟੇ ਸਾਹਿਬ ਦੇ ਦਰਸ਼ਨਾਂ ਨੂੰ ਆਏ। ਸੰਤ ਜੀ ਨੂੰ ਮਿਲੇ ਅਤੇ ਗੁਰਮਤਿ ਵਿਚਾਰਾਂ ਵੀ ਸਾਂਝੀਆਂ ਕੀਤੀਆਂ ਸਨ। ਆਪਣੇ ਆਪ ਨੂੰ ਗੁਰੂ ਕਾ ਸਿੱਖ ਹੀ ਕਹਾਉਂਦੇ ਸਨ।

## ਬ੍ਰਹਮ ਗਿਆਨੀ-ਕਾਮਲ ਫ਼ਕੀਰੀ

ਸੰਤ ਤੇਜਾ ਜੀ M.A, LL.B. ਪੰਜਾਬ ਯੂਨੀਵਰਸਿਟੀ ਸਨ ਅਤੇ ਜਿਨ੍ਹਾਂ ਨੇ ਅਮਰੀਕਾ ਦੀ ਸਭ ਤੋਂ ਵੱਡੀ ਯੂਨੀਵਰਸਿਟੀ ਤੋਂ A.M ਕੀਤੀ ਸੀ। ਜੇ ਉਹ ਚਾਹੁੰਦੇ ਤਾਂ ਦੁਨੀਆਂ ਦੀ ਸਭ ਤੋਂ ਵੱਡੀ ਪੋਸਟ 'ਤੇ ਆਈ. ਸੀ. ਐਸ. ਅਤੇ ਗਵਰਨਰ ਬਣ ਸਕਦੇ ਸਨ ਪਰ ਉਨ੍ਹਾਂ ਆਪਣਾ ਜੀਵਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਚਲਾਏ ਹੋਏ ਅਧਿਆਤਮਿਕ ਮਾਰਗ ਦੇ ਮਿਸ਼ਨ ਨੂੰ ਪ੍ਰਸਾਰਨ ਲਈ ਸੰਤ ਅਤਰ ਸਿੰਘ ਜੀ ਮਹਾਰਾਜ ਦੇ ਹੁਕਮ ਵਿੱਚ ਲਾਇਆ। ਸੰਤ ਜੀ ਗ੍ਰਹਿਸਤੀ ਹੁੰਦੇ ਹੋਏ ਵੀ ਆਪਣਾ ਸਭ ਕੁਝ ਅਰਪਨ ਕਰਕੇ ਤਿਆਗੀ-ਵਿਰਾਗੀ ਗੁਰਮੁਖ ਅਥਵਾ ਕਾਮਲ ਫ਼ਕੀਰ, ਬ੍ਰਹਮ ਗਿਆਨੀ ਬਣ ਗਏ। ਇਸ ਅਵਸਥਾ ਵਿੱਚ ਪਹੁੰਚਣ ਲਈ ਬੜਾ ਹੀ ਤਿਆਗ-ਵੈਰਾਗ ਅਤੇ ਕੁਰਬਾਨੀਆਂ ਕਰਨੀਆਂ ਪੈਂਦੀਆਂ ਹਨ। ਸੰਤ ਅਤਰ ਸਿੰਘ ਜੀ ਮਹਾਰਾਜ ਦੀ ਅਗਵਾਈ ਵਿੱਚ ਏਨੀ ਵੱਡੀ ਤੋਂ ਵੱਡੀ ਸੇਵਾ ਕਰਕੇ ਉਹਨਾਂ ਦੇ ਜੋਤੀ-ਜੋਤ ਸਮਾਉਣ ਤੋਂ ਬਾਅਦ ਸਾਰੇ ਹਿੰਦੁਸਤਾਨ 'ਚ ਗੁਰੂ ਨਾਨਕ ਦੇ ਗੁਰਮਤਿ ਮਾਰਗ ਦਾ ਪ੍ਰਚਾਰ ਕਰਨ ਤੋਂ ਬਾਅਦ ਬਿਰਧ ਅਵਸਥਾ ਵਿੱਚ ਪਾਉਂਟਾ ਸਾਹਿਬ ਇੱਕ ਕੁਟੀਆ ਬਣਾ ਕੇ ਰਹਿਣ ਲੱਗ ਪਏ। ਇੱਥੇ ਆਪ ਜੀ ਸੰਤ ਅਤਰ ਸਿੰਘ ਜੀ ਮਹਾਰਾਜ ਦਾ ਜੀਵਨ ਲਿਖਦੇ ਰਹੇ। ਇਸ ਦੌਰਾਨ ਉਹਨਾਂ ਦੀ ਬੜੀ ਹੀ ਬੇਪ੍ਰਵਾਹੀ ਅਤੇ ਕਾਮਲ ਫ਼ਕੀਰੀ ਦੀ ਅਵਸਥਾ ਹੋ ਗਈ ਸੀ ਜਿਸ ਨੂੰ ਬਾਣੀ ਫੁਰਮਾਉਂਦੀ ਹੈ:

**ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ ॥ (੪੭੩)**

ਪਾਉਂਟਾ ਸਾਹਿਬ ਪਹਾੜੀ ਇਲਾਕੇ ਵਿੱਚ ਹੋਣ ਕਰਕੇ ਉਹਨਾਂ ਪਾਸ ਸੰਗਤਾਂ ਵੱਲੋਂ ਕੋਈ ਮਾਇਆ ਨਾ ਆਉਂਦੀ ਪਰ ਉਹਨਾਂ ਦੀ ਕੁਟੀਆ ਵਿੱਚ ਲੰਗਰ ਉੱਥੋਂ ਦੀ ਸੰਗਤ ਹੀ ਰਸਦ-ਪਾਣੀ ਦੇ ਕੇ ਚਲਾਉਂਦੀ। ਜਦੋਂ ਕਦੇ ਉਹਨਾਂ ਨੇ ਪੰਜਾਬ ਵਿੱਚ ਸੰਗਤਾਂ ਦੇ ਦਰਸ਼ਨ ਕਰਨ ਅਤੇ ਗੁਰਮਤਿ ਮਾਰਗ ਦਾ ਉਪਦੇਸ਼ ਦੇਣ ਵਾਸਤੇ ਜਾਣਾ ਹੁੰਦਾ ਸੀ ਤਾਂ ਉਹਨਾਂ ਪਾਸ ਕੋਈ ਕਿਰਾਇਆ ਨਹੀਂ ਸੀ ਹੁੰਦਾ। ਪਾਉਂਟਾ ਸਾਹਿਬ ਤੋਂ ਭਾਈ ਕੇਸਰ ਸਿੰਘ ਜੋ ਮਾਮੂਲੀ ਜਿਹਾ ਦੁਕਾਨਦਾਰ ਸੀ, ਉਹਨਾਂ ਨੂੰ ਪਾਉਂਟਾ ਸਾਹਿਬ ਤੋਂ ਨਾਹਨ ਦੀ ਟਿਕਟ ਲੈ

ਦਿੰਦਾ ਸੀ। ਨਾਹਨ ਤੋਂ ਡਾ: ਧਰਮ ਸਿੰਘ ਬਰਾੜੇ ਰੇਲਵੇ ਸਟੇਸ਼ਨ ਦੀ ਟਿਕਟ ਲੈ ਦਿੰਦਾ ਤੇ ਬਰਾੜੇ ਤੋਂ ਪੰਜਾਬ ਜਿੱਥੇ ਜਾਣਾ ਹੁੰਦਾ, ਇੱਕ ਪ੍ਰੇਮੀ ਰੇਲਵੇ ਸਟੇਸ਼ਨ ਮਾਸਟਰ ਉਹਨਾਂ ਨੂੰ ਟਿਕਟ ਲੈ ਦਿੰਦਾ। ਉਹਨਾਂ ਦੇ ਸੇਵਕ ਭਾਵੇਂ ਇਸ ਮਾਇਆ ਦੀ ਥੁੜ ਨੂੰ ਮਹਿਸੂਸ ਕਰਦੇ ਸੀ ਪਰ ਸੰਤ ਜੀ ਮਹਾਰਾਜ ਹਮੇਸ਼ਾ ਹੀ ਅਕਾਲ ਪੁਰਖ ਦੀ ਰਜ਼ਾ ਵਿੱਚ ਅਤੇ ਉਸ ਦੇ ਨਾਮ ਵਿੱਚ ਲੀਨ ਹੋ ਕੇ ਬੇਪ੍ਰਵਾਹ ਰਹਿੰਦੇ ਸਨ। ਉਹਨਾਂ ਦੇ ਅਨਿੰਨ ਸੇਵਕ ਭਾਈ ਗਿਆਨ ਸਿੰਘ ਪਟਿਆਲੇ ਦੀ ਵਾਪਰੀ ਇੱਕ ਸਾਖੀ ਦੱਸਦੇ ਹਨ ਕਿ ਸੰਤ ਤੇਜ਼ਾ ਸਿੰਘ ਜੀ ਬਹੁਤ ਵੱਡੇ ਧਨਾਢ ਸਰਦਾਰਾਂ ਦੇ ਘਰ ਠਹਿਰੇ ਹੋਏ ਸਨ ਅਤੇ ਉਹਨਾਂ ਨੇ ਉੱਥੋਂ ਗੁਰਮਤਿ ਪ੍ਰਚਾਰ ਦੇ ਦੌਰੇ ’ਤੇ ਰਾਜਪੁਰੇ ਜਾਣਾ ਸੀ ਜਿਸ ਦਾ ਕਿਰਾਇਆ ਉਸ ਵੇਲੇ ਪੰਜਾਹ ਪੈਸੇ ਤੋਂ ਵੀ ਘੱਟ ਹੁੰਦਾ ਸੀ ਪਰ ਉਹ ਵੀ ਉਹਨਾਂ ਪਾਸ ਨਹੀਂ ਸੀ। ਭਾਈ ਗਿਆਨ ਸਿੰਘ ਜੀ ਨੇ ਕਿਹਾ ਕਿ ਮਹਾਰਾਜ! ਕਿਰਾਇਆ ਲੈਣ ਵਾਸਤੇ ਸਰਦਾਰਾਂ ਨੂੰ ਬੇਨਤੀ ਕਰ ਲਈਏ ਪਰ ਸੰਤ ਜੀ ਨੇ ਕਿਹਾ ਕਿ ਇਹਨਾਂ ਕਿਸੇ ਵੀ ਮਾਇਆ-ਧਾਰੀਆਂ ਕੋਲੋਂ ਨਹੀਂ ਮੰਗਣਾ। ਆਪੇ ਕਰਤਾਰ ਸਹਿਜ-ਸੁਭਾਏ ਕਿਰਾਇਆ ਭੇਜ ਦੇਵੇਗਾ। ਜਦ ਸੰਤ ਜੀ ਮਹਾਰਾਜ ਭਾਈ ਗਿਆਨ ਸਿੰਘ ਜੀ ਦੇ ਨਾਲ ਸੈਰ ਕਰਨ ਜਾ ਰਹੇ ਸਨ ਅਤੇ ਸੰਤ ਜੀ ਹਮੇਸ਼ਾ ਇਲਾਹੀ ਰੰਗ ਵਿੱਚ ਲੀਨ ਰਹਿੰਦੇ ਸਨ। ਇੱਕ ਵਿਚਾਰਾ ਸਧਾਰਨ ਕਿਰਤੀ-ਸਿੰਘ ਸਾਈਕਲ ’ਤੇ ਆ ਰਿਹਾ ਸੀ। ਉਸ ਨੇ ਸੰਤਾਂ ਨੂੰ ਦੇਖ ਕੇ ਸਾਈਕਲ ਇੱਕ ਪਾਸੇ ਖੜ੍ਹਾ ਕਰ ਚਰਨਾਂ ’ਤੇ ਪੰਜ ਰੁਪਏ ਰੱਖ ਕੇ ਮੱਥਾ ਟੇਕਿਆ ਸੰਤਾਂ ਨੇ ਕਿਹਾ, “ਬੋਲ ਪ੍ਰੇਮਿਆਂ! ਸਤਿਨਾਮ ਵਾਹਿਗੁਰੂ” ਇਹ ਅਸ਼ੀਰਵਾਦ ਦੇ ਕੇ ਸੰਤ ਅੱਗੇ ਸੈਰ ਨੂੰ ਤੁਰ ਪਏ। ਭਾਈ ਗਿਆਨ ਸਿੰਘ ਨੇ ਪੰਜ ਰੁਪਏ ਸੰਭਾਲ ਲਏ ਤੇ ਉਹ ਪ੍ਰੇਮੀ ਚਲਾ ਗਿਆ। ਸੰਤ ਜੀ ਨੇ ਇਲਾਹੀ ਮੁਸਕਰਾਹਟ ਵਿੱਚ ਭਾਈ ਗਿਆਨ ਸਿੰਘ ਨੂੰ ਕਿਹਾ, “ਦੇਖ ਰੰਗ ਕਰਤਾਰ ਦੇ! ਹੁਣੇ ਹੀ ਸਰਦਾਰਾਂ ਕੋਲੋਂ ਕਿਰਾਇਆ ਲੈਣ ਲਈ ਫ਼ੁਰਨਾ ਕੀਤਾ ਸੀ ਪਰ ਗੁਰੂ ਮਹਾਰਾਜ ਨੇ ਆਪਣੇ ਸੇਵਕਾਂ ਦੀ ਆਪ ਪੈਜ ਰੱਖ ਲਈ।” ਇਹ ਤਾਂ ਅਧਿਆਤਮਕ ਗ਼ਰੀਬੀ ਅਵਸਥਾ ਦਾ ਰੰਗ ਹੈ।

ਆਓ ਅਸੀਂ ਦੁਨੀਆਵੀ ਅਮੀਰੀ ਦਾ ਰੰਗ ਵੀ ਦੇਖੀਏ, ਜਿਸ ਵਿੱਚ ਸੰਤ, ਮਾਇਆ ਦੀ ਦੁਨੀਆਂ ਤੋਂ ਉੱਤੇ ਉੱਠ, ਹਮੇਸ਼ਾ ਹੀ ਵਾਹਿਗੁਰੂ ਦੇ ਰੰਗ ਵਿੱਚ ਲੀਨ ਹੋਣ ਕਰਕੇ ਬੇਪ੍ਰਵਾਹ ਰਹਿੰਦੇ ਸਨ। ਸਿੰਘਾਪੁਰ ਅਤੇ ਮਲਾਇਆ ਦੀ ਸੰਗਤ ਨੇ ਸੰਤਾਂ ਨੂੰ ਗੁਰਮਤਿ ਪ੍ਰਚਾਰ ਕਰਨ ਲਈ ਸੱਦਿਆ। ਉੱਥੇ ਭਾਈ ਹਰਦਿਆਲ ਸਿੰਘ ਜੋ ਕੱਪੜੇ ਦਾ ਬਹੁਤ ਵੱਡਾ ਵਪਾਰੀ King of cloth Merchant ਸੀ, ਸੰਤ ਤੇਜਾ ਸਿੰਘ ਜੀ ਉਸ ਦੇ ਘਰ ਠਹਿਰੇ। ਉਸ ’ਤੇ ਸੰਤ ਜੀ ਮਹਾਰਾਜ ਦੇ ਉਪਦੇਸ ਦਾ ਏਨਾਂ ਅਸਰ ਹੋਇਆ ਕਿ ਉਹ ਸ਼ਰਾਬ ਮੀਟ ਦਾ ਸੇਵਨ ਕਰਨਾ ਛੱਡ ਗਿਆ। ਉਸ ਨੇ ਸਭ ਤੋਂ ਮਹਿੰਗੀ Plymoth Car ਨਵੀਂ ਖ਼ਰੀਦ ਕੇ ਇਸ ਦੌਰੇ ਲਈ ਅਰਪਨ ਕੀਤੀ। ਸੰਤ ਜੀ ਮਹਾਰਾਜ ਨੇ ਸਿੰਘਾਪੁਰ, ਮਲੇਸ਼ੀਆ ਆਦਿ ਦੇਸ਼ਾਂ ਵਿੱਚ ਗੁਰਮਤਿ ਉਪਦੇਸ਼ ਦੇ ਕੇ ਨਿਹਾਲ ਕੀਤਾ ਅਤੇ ਕਈ ਈਸਾਈ ਗਿਰਜਿਆਂ ਵਿੱਚ ਵੀ ਗੁਰੂ ਨਾਨਕ ਦੇਵ ਜੀ ਦੇ ਚਲਾਏ ਹੋਏ ਸੱਚ ਦੇ ਮਾਰਗ ਦੇ ਅੰਗਰੇਜ਼ੀ ਵਿੱਚ ਲੈਕਚਰ ਦਿੱਤੇ। ਜਿਸ ਤੋਂ ਸਾਰੀ ਲੁਕਾਈ ਬੜੀ ਪ੍ਰਭਾਵਿਤ ਹੋਈ ਅਤੇ ਇਸ ਮਾਰਗ ਨੂੰ ਅਪਨਾਉਣ ਲੱਗ ਪਈ। ਉੱਥੇ ਸੰਤ ਜੀ All Worldly Religion Conference ਵਿੱਚ ਹਿਸਾ ਲੈਣ ਵਾਸਤੇ ਜਪਾਨ ਗਏ। ਭਾਈ ਹਰਦਿਆਲ ਸਿੰਘ ਨੇ ਸੰਤਾਂ ਦੀ ਨਵੀਂ ਕਾਰ ਨੂੰ ਸ਼ਰਧਾ ਪ੍ਰੇਮ ਨਾਲ ਗੈਰਜ ਵਿੱਚ ਬੰਦ ਕਰ ਦਿੱਤਾ, ਨਾ ਆਪ ਗੱਡੀ ਵਿੱਚ ਬੈਠੇ ਤੇ ਨਾ ਹੀ ਕਿਸੇ ਨੂੰ ਬੈਠਣ ਦਿੱਤਾ ਅਤੇ ਗੈਰਜ ਬੰਦ ਕਰ ਦਿੱਤਾ। ਆਪ ਆਪਣੀਆਂ ਹੋਰ ਕਾਰਾਂ ਇਸਤੇਮਾਲ ਕਰਦੇ ਰਹੇ। ਸੰਤ ਜੀ ਮਹਾਰਾਜ ਕਾਨਫਰੰਸ ਵਿੱਚ ਗੁਰਮਤਿ ’ਤੇ ਲੈਕਚਰ ਦੇ ਕੇ ਜਦੋਂ ਵਾਪਸ ਸਿੰਘਾਪੁਰ ਆਏ ਫਿਰ ਉਹ Unused Plymoth ਕਾਰ ਗੈਰਜ ਵਿਚੋਂ ਕੱਢ ਕੇ ਸੇਵਾ ਵਿਚ ਅਰਪਨ ਕਰ ਦਿੱਤੀ। ਇਸ ਉਪਰੰਤ ਸੰਤ ਜੀ ਮਹਾਰਾਜ ਵਾਪਸ ਗੁਰਦੁਆਰਾ ਨਾਨਕਸਰ ਚੀਮਾਂ ਜ਼ਿਲ੍ਹਾ ਸੰਗਰੂਰ ਪੰਜਾਬ ’ਚ ਆਉਣ ਲੱਗੇ ਤਾਂ ਉਸ ਨੇ ਉਹ

ਹੀ ਕਾਰ ਅਤੇ ਆਪਣਾ ਇੱਕ ਡਰਾਈਵਰ ਉਹਨ੍ਹਾਂ ਦੀ ਸੇਵਾ ਕਰਨ ਲਈ ਸਮੁੰਦਰੀ ਜਹਾਜ਼ ਵਿੱਚ ਤੋਰ ਦਿੱਤਾ। ਹਰਦਿਆਲ ਸਿੰਘ ਉਸ ਵਕਤ ਜਿਨ੍ਹਾਂ ਦੀ ਮਾਇਕ ਹਾਲਤ ਬਹੁਤ ਨਾਜੁਕ ਸੀ ਤੇ ਉਸ ਦੇ ਉੱਤੇ ਸੱਠ ਲੱਖ ਡਾਲਰ ਕਰਜ਼ਾ ਚੜ੍ਹਿਆ ਹੋਇਆ ਸੀ ਜੋ ਉਹਨਾਂ ਨੇ ਸੰਤਾਂ ਦੀ ਅਸੀਸ ਲੈਣ ਵਾਸਤੇ ਸਵਾ ਲੱਖ ਡਾਲਰ ਸੰਤਾਂ ਨੂੰ ਸੇਵਾ ਵਾਸਤੇ ਭੇਟ ਕੀਤਾ। ਸੰਤ ਜੀ ਨੇ ਕਿਹਾ ਕਿ ਤੂੰ ਅੱਗੇ ਹੀ ਕਰਜਾਈ ਹੈਂ, ਅਸੀਂ ਤੇਰੇ ਕੋਲੋਂ ਇਹ ਸੇਵਾ ਨਹੀਂ ਲੈਣੀ ਤਾਂ ਉਸ ਨੇ ਕਿਹਾ ਕਿ ਮਹਾਰਾਜ ਜਿੱਥੇ ਸੱਠ ਲੱਖ ਕਰਜ਼ਾ ਹੈ ਉੱਥੇ ਸਵਾ ਲੱਖ ਹੋਰ ਚੜ੍ਹਨ ਨਾਲ ਕੋਈ ਫ਼ਰਕ ਨਹੀ ਪਵੇਗਾ। ਸੰਤ ਜੀ ਨੇ ਉਸ ਨੂੰ ਗੁਰੂ ਨਾਨਕ ਦੇਵ ਜੀ ਦੀ ਬਖ਼ਸ਼ਿਸ ਦਾ ਪਾਤਰ ਬਣਾਉਣ ਵਾਸਤੇ ਉਸ ਤੋਂ ਸਵਾ ਲੱਖ ਡਾਲਰ ਉਸ ਦੇ ਜ਼ੋਰ ਦੇਣ ’ਤੇ ਸੇਵਾ ਵਿਚ ਲਾ ਲਿਆ। ਇਸ ਸੇਵਾ ਦਾ ਸਦਕਾ ਉਸ ਨੂੰ ਥੋੜ੍ਹੇ ਹੀ ਅਰਸੇ ਵਿੱਚ ਏਨੀ ਕਮਾਈ ਹੋਈ ਕਿ ਉਸ ਨੇ ਸਾਰਾ ਕਰਜ਼ਾ ਵੀ ਲਾਹ ਦਿੱਤਾ ਅਤੇ ਉਸ ਦਾ ਕਾਰੋਬਾਰ ਅੱਗੇ ਨਾਲੋਂ ਵੱਧ ਗਿਆ।

ਗੁਰੂ ਜੀ ਦੀ ਸੇਵਾ ਹੈ ਤਾਂ ਬੜੀ ਕਠਿਨ, ਜੇ ਕੋਈ ਪ੍ਰੇਮ ਨਾਲ ਕਰਦਾ ਹੈ ਤਾਂ ਉਸ ਨੂੰ ਬੜੇ ਭਾਗ ਲੱਗਦੇ ਹਨ। ਸੰਤ ਜੀ ਮਹਾਰਾਜ ਹਿੰਦੁਸਤਾਨ ਦੇ ਦੌਰੇ ਵਿੱਚ ਪੰਜਾਬ ਅਤੇ ਹੋਰ ਸੂਬਿਆਂ ਵਿੱਚ ਗੁਰਮਤਿ ਪ੍ਰਚਾਰ ਕਰਨ ਲਈ ਸਿੰਘਾਪੁਰ ਤੋਂ ਭੇਜੀ ਹੋਈ Plymoth Car ਵਿੱਚ ਸਫ਼ਰ ਕਰਦੇ ਤਾਂ ਹੋਰ ਕਈ ਬਾਬੇ ਅਤੇ ਸਿੱਖ ਲੀਡਰ ਸੰਤਾਂ ਦਾ ਜ਼ਿਕਰ ਕਰਦੇ ਕਿ ਉਹ ਤਾਂ Plymoth Car ਵਾਲੇ ਬਾਬੇ ਹੋ ਗਏ ਹਨ ਕਿਉਂਕਿ ਕੀਮਤੀ ਕਾਰ ਉਸ ਵੇਲੇ ਧਨਾਂਢ ਲੋਕਾਂ ਕੋਲ ਹੁੰਦੀ ਸੀ। ਸੰਤ ਜੀ ਮਹਾਰਾਜ ਇਸ ਵਡਮੁੱਲੀ ਕਾਰ ਵਿੱਚ ਬੈਠ ਕੇ ਵੀ ਉਸੇ ਇਲਾਹੀ ਰੰਗ ਦੇ ਨਾਮ ਵਿੱਚ ਲੀਨ ਤੇ ਵੇਪਰਵਾਹ ਰਹਿੰਦੇ ਜਿਸ ਤਰ੍ਹਾਂ ਪਾਉਂਟਾ ਸਾਹਿਬ ਤੋਂ ਲੋਕਾਂ ਦੇ ਦਿੱਤੇ ਹੋਏ ਕਿਰਾਏ ਨਾਲ ਬੱਸਾਂ ’ਤੇ ਚੜ੍ਹ ਕੇ ਸਫ਼ਰ ਕਰਦੇ।

ਸੰਤ ਜੀ ਮਹਾਰਾਜ ਨੂੰ ਕੀਮਤੀ ਕਾਰ ਨਾਲ ਕੋਈ ਲਗਾਉ ਨਹੀਂ ਸੀ। ਇੱਥੋਂ ਤੱਕ ਕਿ ਇਕ ਦਿਨ ਆਪਣੇ ਇਕ ਸੇਵਕ ਭਾਈ ਸੰਤੋਖ ਸਿੰਘ ਜੀ ਨੂੰ ਫੁਰਮਾਇਆ ਕਿ ਜੋ ਸੰਤ ਅਤਰ ਸਿੰਘ ਜੀ ਮਹਾਰਾਜ ਦੇ ਜਨਮ ਅਸਥਾਨ ਦਾ ਗੁਰਦੁਆਰਾ ਬਣ ਰਿਹਾ ਹੈ ਜੇ ਉਸ ਵਿੱਚ ਕੋਈ ਮਾਇਆ ਦੀ ਘਾਟ ਪੈ ਗਈ ਤਾਂ ਅਸੀਂ ਇਹ ਵਡਮੁੱਲੀ ਕਾਰ ਵੇਚ ਕੇ ਗੁਰਦੁਆਰੇ ਦੀ ਸੇਵਾ ਵਿੱਚ ਲਾ ਦੇਵਾਂਗੇ ਅਤੇ ਆਉਣ ਜਾਣ ਦਾ ਸਫ਼ਰ ਬੱਸਾਂ ਰਾਹੀਂ ਹੀ ਕਰ ਲਵਾਂਗੇ। ਇਹ ਹੈ ਇਲਾਹੀ ਗ਼ਰੀਬੀ ਵੇਪਰਵਾਹੀ ਅਤੇ ਹਰੀ ਦੇ ਰੰਗ ਵਿੱਚ ਰਹਿ ਕੇ ਵੇਪਰਵਾਹ ਰਹਿਣਾ ਅਤੇ ਕਾਮਲ ਫ਼ਕੀਰੀ:

**ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ ॥ (੪੭੩)**

**ਪ੍ਰਭ ਕੀ ਆਗਿਆ ਆਤਮ ਹਿਤਾਵੈ ॥ ਜੀਵਨ ਮੁਕਤਿ ਸੋਊ ਕਹਾਵੈ ॥ (੨੭੫)**

ਸੰਤ ਜੀ ਦੁਪਹਿਰ ਦਾ ਖਾਣਾ ਖਾ ਕੇ ਲੇਟ ਕੇ ਪੰਜ ਮਿੰਟ ਸੱਜੇ, ਪੰਜ ਮਿੰਟ ਖੱਬੇ ਤੇ ਪੰਜ ਮਿੰਟ ਸਿੱਧੇ ਪੈਂਦੇ ਸਨ, ਜੋ ਉਹਨਾਂ ਨੂੰ ਕਿਸੇ ਵੈਦ ਨੇ ਦੱਸਿਆ ਸੀ। ਇੱਕ ਵਾਰੀ ਸੰਤ ਜੀ ਸੁਨਾਮ ਤੋਂ ਰੇਲ ਰਾਹੀਂ ਅੰਬਾਲੇ ਜਾ ਰਹੇ ਸਨ, ਧੂਰੀ ਸਟੇਸ਼ਨ ’ਤੇ ਜਦੋਂ ਗੱਡੀ ਬਦਲੀ ਤਾਂ ਇਹ ਆਸਣ ਕਰਨ ਵਾਸਤੇ ਸੰਤ ਜੀ ਧੂਰੀ ਪਲੇਟਫਾਰਮ ’ਤੇ ਜੋ ਮਿੱਟੀ ਘੱਟੇ ਨਾਲ ਭਰਿਆ ਸੀ, ਬਗੈਰ ਕਿਸੇ ਵਿਛਾਈ ਦੇ ਪੂਰੀ ਫ਼ਕੀਰੀ ਦੇ ਰੰਗ ਵਿੱਚ ਲੇਟ ਗਏ ਅਤੇ ਆਸਣ ਕਰਦੇ ਰਹੇ। ਸਟੇਸ਼ਨ ਦੇ ਮਾਸਟਰ ਨੇ ਸੰਤ ਜੀ ਨੂੰ ਕਿਹਾ ਕਿ ਮਹਾਰਾਜ ਫਸਟ ਕਲਾਸ ਦੇ ਵੇਟਿੰਗ ਰੂਮ ਵਿੱਚ ਅਰਾਮ ਕਰ ਲਵੋ ਪਰ ਸੰਤ ਜੀ ਨੇ ਕਿਹਾ ਸਾਨੂੰ ਇਹ ਪ੍ਰਭੂ ਦਾ ਬਖ਼ਸ਼ਿਆ ਹੋਇਆ ਭੂਮੀਂ-ਆਸਣ ਹੀ ਠੀਕ ਹੈ। ਭਾਈ ਇਕਬਾਲ ਸਿੰਘ ਜੀ ਦੱਸਦੇ ਹਨ ਕਿ ਮੈਂ ਵੀ ਸੰਤਾਂ ਦੇ ਚਰਨਾਂ ਵਿੱਚ ਖੜ੍ਹਾ ਹੋ ਇਹ ਇਲਾਹੀ ਕੌਤਕ ਦਾ ਰੰਗ ਮਾਣਿਆ। ਜੋ ਵੀ ਕੋਈ ਉੱਥੋਂ

ਅਮੀਰ-ਗਰੀਬ ਪਲੇਟਫ਼ਾਰਮ 'ਤੇ ਆਉਂਦੇ ਸੰਤ ਜੀ ਦਾ ਨੂਰਾਨੀ ਚਿਹਰਾ ਅਤੇ ਲਿਬਾਸ ਦੇਖਦੇ ਤੇ ਮੈਨੂੰ ਪੁੱਛਦੇ ਕਿ ਇਹ ਕਿਹੜੇ ਮਹਾਂਪੁਰਸ਼ ਹਨ। ਜਦੋਂ ਮੈਂ ਦੱਸਦਾ ਕਿ ਇਹ ਸੰਤ ਤੇਜਾ ਸਿੰਘ ਜੀ ਡਬਲ ਐਮ. ਏ. ਐਲ. ਐਲ. ਬੀ. ਹਨ ਤਾਂ ਉਹ ਇੱਕ ਦੱਮ ਠਿਠੰਬਰ ਕੇ ਅਚੰਭਾ ਹੋ ਜਾਂਦੇ। ਉਹ ਕਹਿੰਦੇ ਕਿ ਸੰਤਾਂ ਨੂੰ ਅੰਦਰ ਵੇਟਿੰਗ ਰੂਮ ਵਿੱਚ ਨਹੀਂ ਬਿਠਾਇਆ? ਤਾਂ ਦਾਸ ਕਹਿੰਦਾ ਇਹ ਸੰਤਾਂ ਦੀ ਇਲਾਹੀ ਮੌਜ ਹੈ। ਜਿਸ ਵਿੱਚ ਉਹ ਲੋਕ-ਲਾਜ ਤੋਂ ਉੱਚੇ ਉੱਠ, ਇਲਾਹੀ ਰੰਗ ਵਿੱਚ ਮਸਤ ਰਹਿੰਦੇ ਹਨ। ਇਹ ਸੰਤਾਂ ਦੀ ਆਪਣੀ ਮੌਜ ਹੈ।

## ਸੇਵਾ ਦਾ ਅਨੰਦ

ਸੇਵਾ ਕਰਨ ਦਾ ਜੋ ਅਨੰਦ ਪਰਮਾਤਮਾ ਦੀ ਬਖ਼ਸ਼ਿਸ਼ ਨਾਲ ਆਉਂਦਾ ਹੈ ਉਹ ਦੁਨੀਆਂ ਦੀ ਕਿਸੇ ਵੀ ਪ੍ਰਾਪਤੀ ਨਾਲ ਨਹੀਂ ਮਿਲ ਸਕਦਾ। ਦਾਸ (ਇਕਬਾਲ ਸਿੰਘ) ਸੰਤ ਜੀ ਮਹਾਰਾਜ ਨਾਲ ਕਈ ਵਾਰੀ ਸੁਨਾਮ ਤੋਂ ਨਾਨਕਸਰ ਚੀਮੇਂ ਕੱਚੇ ਰਸਤੇ ਲਗਭਗ ੧੪ ਕਿਲੋਮੀਟਰ ਸਿਰ 'ਤੇ ਭਾਰਾ ਬਿਸਤਰਾ ਚੁੱਕ ਕੇ ਲੈ ਜਾਂਦਾ, ਕਿਉਂਕਿ ਉਸ ਵੇਲੇ ਪੱਕੀ ਸੜਕ ਨਹੀਂ ਸੀ ਅਤੇ ਪਿੰਡੋਂ-ਪਿੰਡ ਹੋ ਕੇ ਪੈਦਲ ਹੀ ਜਾਣਾ ਪੈਂਦਾ ਸੀ। ਸੰਤ ਜੀ ਮਹਾਰਾਜ ਨੇ ਇਹ ਜੁਗਤ ਦੱਸੀ, "ਭਾਈ ਖੱਬਾ ਪੈਰ ਚੁੱਕੋ, ਮਨ ਵਿੱਚ ਕਹੋ 'ਵਾਹਿ' ਸੱਜਾ ਚੁੱਕੋ ਤਾਂ ਕਹੋ 'ਗੁਰੂ'। ਇਹ ਤਾਰ ਜੋੜ ਲਵੋ ਤਾਂ ਥਕਾਵਟ ਨਹੀਂ ਹੁੰਦੀ, ਕਿਉਂਕਿ ਮਨ ਸ਼ਬਦ ਵਿੱਚ ਜੁੜ ਜਾਂਦਾ ਹੈ।" ਦਾਸ ਇਸ ਤਰ੍ਹਾਂ ਕਰਦਾ ਅਤੇ ਥਕਾਵਟ ਦੀ ਥਾਂ ਇਹ ਪੈਂਡਾ ਸੁੱਖ ਅਨੰਦ ਨਾਲ ਬਤੀਤ ਹੁੰਦਾ ਸੀ। ਜਦੋਂ ਬੱਸ 'ਤੇ ਜਾਂਦੇ ਹਾਂ ਤਾਂ ਉਹ ਅਨੰਦ ਨਹੀਂ ਸੀ ਬੱਝਦਾ। ਜਦੋਂ ਇਸ ਪ੍ਰਥਾਏ ਹੋਰ ਪ੍ਰੇਮੀਆਂ ਨਾਲ ਗੱਲ ਕੀਤੀ ਤਾਂ ਸਭ ਨੇ ਇਸੇ ਤਰ੍ਹਾਂ ਮਹਿਸੂਸ ਕੀਤਾ ਦੱਸਿਆ।

ਨੌਕਰੀ ਕਰਦਿਆਂ ਜਦੋਂ ਵੀ ਦਿਲ ਉਦਾਸ ਹੁੰਦਾ ਨਾਨਕਸਰ ਚੀਮੇਂ ਚਲਿਆ ਜਾਂਦਾ। ਸੰਤ ਜੀ ਨਾਲ ਪਰਮਾਰਥ ਦੇ ਬਚਨ-ਬਿਲਾਸ ਕਰਕੇ ਇੰਝ ਜਾਪਦਾ ਜਿਵੇਂ ਕੋਈ ਇਲਾਹੀ ਕਰੰਟ ਅੰਦਰ ਪੈਦਾ ਹੋ ਗਿਆ ਹੈ, ਉਸ ਨਾਲ ਮਨ ਅਨੰਦ ਅਤੇ ਖੇੜੇ ਵਿੱਚ ਆ ਜਾਂਦਾ ਅਤੇ ਫਿਰ ਦਾਸ ਆ ਕੇ ਆਪਣੇ ਕੰਮ ਵਿੱਚ ਹੋਰ ਵੀ ਉਤਸ਼ਾਹ ਨਾਲ ਲੱਗ ਜਾਂਦਾ ਜਿਸ ਨਾਲ ਬਹੁਤ ਬਰਕਤ ਪੈਂਦੀ।

ਇੱਕ ਵਾਰ ਸੰਤ ਜੀ ਨਾਲ ਦਾਸ ਨਾਨਕਸਰ ਚੀਮਾਂ ਜਾ ਰਿਹਾ ਸੀ। ਸੰਤ ਜੀ ਰਾਹ ਵਿੱਚ ਇੱਕ ਛੱਪੜ ਪਾਸ ਬਿਸਰਾਮ ਲਈ ਥੱਲੇ ਹੀ ਲੇਟ ਗਏ। ਦੋ ਨਿਹੰਗ ਸਿੰਘ ਵੀ ਪਾਸ ਆ ਕੇ ਬੈਠ ਗਏ। ਧੂੜ ਵਿਚ ਲੇਟੇ ਦੇਖ ਕੇ ਕਿਹਾ ਤੁਹਾਡੇ ਵਿੱਚ ਅਤਿ ਦੀ ਗ਼ਰੀਬੀ ਹੈ। ਤੁਹਾਨੂੰ ਗੁੱਸਾ ਵੀ ਕਦੇ ਨਹੀਂ ਆਉਂਦਾ। ਹੱਸ ਕੇ ਸੰਤ ਜੀ ਨੇ ਕਿਹਾ, "ਭਾਈ! ਗੁੱਸਾ ਕਾਬੂ ਕੀਤਾ ਹੈ। ਅਸੀਂ ਉਸ 'ਤੇ ਸਵਾਰ ਹਾਂ, ਉਹ ਸਾਡੇ 'ਤੇ ਨਹੀਂ ਹੋ ਸਕਦਾ। ਹਾਂ ਪਿੱਛਲੇ ਜਨਮ ਵਿੱਚ ਗੁੱਸਾ ਆਇਆ ਸੀ, ਇਤਨਾ ਸੀ ਕਿ ਯੁੱਗ ਪਲਟ ਗਿਆ। ਗੁਰੂ ਨਾਨਕ ਦੇ ਘਰ ਦੀ ਵਡਿਆਈ ਹੈ ਕਿ ਨਾਮ-ਬਾਣੀ ਦੇ ਪ੍ਰਤਾਪ ਨਾਲ ਤਾਕਤ ਜ਼ਰਨ ਦੀ ਸ਼ਕਤੀ ਆਉਂਦੀ ਹੈ ਤੇ ਪੰਜੇ ਵੈਰੀ ਵੱਸ ਹੋ ਜਾਂਦੇ ਹਨ।"

ਅਜਿਹੀਆਂ ਕਈ ਖੇਡਾਂ ਵੇਖ ਕੇ ਅਸੀਂ ਮਨ ਵਿੱਚ ਸੰਤ ਜੀ ਦੀ ਸੇਵਾ ਨੂੰ ਧੰਨ! ਧੰਨ! ਕਹਿ ਉੱਠਦੇ ਸਾਂ। ਜਲੰਧਰ ਜਾਂਦਿਆ ਕਿਸੇ ਕਾਰਨ ਕਾਰ ਰੁਕ ਗਈ। ਕਿਸੇ ਵੱਡੇ ਧਨਾਂਢ ਦੇ ਘਰ ਜਾਣਾ ਸੀ ਤੇ ਪ੍ਰਸ਼ਾਦਾ ਵੀ ਉੱਥੇ ਛਕਣ ਦਾ ਪ੍ਰੋਗਰਾਮ ਸੀ। ਉੱਥੇ ਇਕ ਸਧਾਰਨ ਸਹਿਜਧਾਰੀ ਮਿਸਤਰੀ ਸਿੱਖ ਆ ਗਿਆ। ਸੰਤ ਜੀ ਨੂੰ ਪਹਿਚਾਣ ਕੇ ਗੱਡੀ ਦੇ ਖ਼ਰਾਬ ਹੋਣ ਦਾ ਕਾਰਨ ਪੁੱਛਿਆ। ਉਸ ਨੇ ਗੱਡੀ ਠੀਕ ਕਰ ਦਿੱਤੀ ਅਤੇ ਫਿਰ ਬੇਨਤੀ ਕੀਤੀ, "ਮੇਰੀ ਕੁਟੀਆ ਵਿੱਚ ਵੀ ਚਰਨ ਪਾਓ।" ਸੰਤ ਜੀ 'ਹਾਂ' ਕਹਿ ਚੱਲ ਪਏ। ਉਸ ਪਾਸ ਜਗ੍ਹਾ ਦੀ ਤੰਗੀ ਕਰਕੇ ਜ਼ਮੀਨ 'ਤੇ ਬੈਠ ਕੇ ਪ੍ਰਸ਼ਾਦ ਛਕਿਆ। ਜਦੋਂ ਆਉਂਦੇ ਜਾਂਦੇ, ਉਸ ਨੂੰ ਜ਼ਰੂਰ ਮਿਲਦੇ।

ਇੱਕ ਪ੍ਰੇਮੀ ਦੇ ਬੇਨਤੀ ਕਰਨ 'ਤੇ ਕਿ ਇਸ ਗ਼ਰੀਬ ਨੂੰ ਕਿਉਂ ਖੇਚਲ ਦਿੰਦੇ ਹੋ? ਜਦ ਕਿ ਧਨਾਂਢ ਸਿੱਖਾਂ ਦੇ ਘਰ ਨਜ਼ਦੀਕ ਹਨ, ਉੱਥੇ ਸੁੱਖ ਅਰਾਮ ਵੱਧ ਮਿਲ ਸਕਦਾ ਹੈ। ਸੰਤ ਜੀ ਨੇ ਕਿਹਾ, "ਭੋਲਿਓ! ਇਹ ਗੁਰਮੁਖ ਆਦਮੀ ਹੈ। ਇਸ ਦੇ ਅੰਦਰ ਉਪਦੇਸ਼ ਲੈਣ ਦੀ ਲਹਿਰ ਵਗ ਰਹੀ ਹੈ। ਉੱਚਾ ਗੁਰਸਿੱਖ ਬਣ ਜਾਵੇਗਾ।"

## ਆਸਾ ਦੀ ਵਾਰ ਦਾ ਕੀਰਤਨ

੧. ਇੱਕ ਵਾਰੀ ਸੰਤ ਜੀ ਦਾਸ (ਇਕਬਾਲ ਸਿੰਘ) ਦੇ ਪਿੰਡ ਭਰਿਆਲ ਲਾਹੜੀ (ਪਠਾਨਕੋਟ) ਗਏ। ਅੰਮ੍ਰਿਤ ਵੇਲੇ ਕੀਰਤਨ ਕਰਨ ਲਈ ਪ੍ਰੇਰਿਆ, ਮੇਰੇ ਪਿਤਾ ਜੀ ਨੇ ਕਿਹਾ ਕਿ ਸੰਗਤ ਤਾਂ ਘੱਟ ਹੁੰਦੀ ਹੈ। ਸੰਤ ਜੀ ਕਹਿਣ ਲੱਗੇ, "ਭਾਈ! ਪੰਜ ਸਿੰਘ ਆਪਣੇ ਨਾਮ ਲਿਖਾਵੋ। ਆਸਾ ਦੀ ਵਾਰ ਦਾ ਕੀਰਤਨ ਸ਼ੁਰੂ ਕਰ ਦੇਵੋ। ਉਹ ਆਉਣ ਲੱਗ ਪੈਣਗੇ ਤਾਂ ਸੰਗਤ ਆਪੇ ਜੁੜ ਜਾਵੇਗੀ।" ਉੱਥੇ ਅੰਮ੍ਰਿਤ ਵੇਲੇ ਬਹੁਤ ਰੌਣਕ ਹੋਣ ਲੱਗ ਪਈ ਅਤੇ ਆਸਾ ਦੀ ਵਾਰ ਦਾ ਅਨੰਦ ਸ਼ੁਰੂ ਹੋ ਗਿਆ।

੨. ਇਸ ਤਰ੍ਹਾਂ ਜਦੋਂ ਸੰਤ ਜੀ ਸਰਸੇ ਭਾਈ ਗੁਰਬਖਸ਼ ਸਿੰਘ ਪਾਸ ਜਾ ਕੇ ਠਹਿਰੇ ਅਤੇ ਗੁਰੂ ਦਸਵੇਂ ਪਾਤਸ਼ਾਹ ਦੇ ਗੁਰਦੁਆਰੇ ਜਾ ਕੇ ਸ਼ਬਦ ਦੀ ਕਥਾ ਕੀਤੀ, ਜੋ ਸੰਗਤਾਂ ਦਿਨ ਚੜ੍ਹੇ ਆਈਆਂ ਸਨ, ਉਹਨਾਂ ਨੂੰ ਅੰਮ੍ਰਿਤ ਵੇਲੇ ਆਉਣ ਲਈ ਪ੍ਰੇਰਨਾ ਦਿੱਤੀ। ਪੰਜ ਸਿੰਘਾਂ ਦੇ ਨਾਮ ਮੰਗੇ, ਜੋ ਅੰਮ੍ਰਿਤ ਵੇਲੇ ਗੁਰਦੁਆਰੇ ਦੀ ਹਾਜ਼ਰੀ ਭਰਨ ਦਾ ਬਚਨ ਦੇਣ। ਕਈ ਸਿੰਘਾਂ ਨੇ ਨਾਮ ਲਿਖਾਏ। ਰਾਗੀ ਸਿੰਘ ਵੀ ਜੋ ਦਿਨ ਚੜ੍ਹੇ ਉੱਠਦੇ ਸਨ, ਵੇਲੇ ਸਿਰ ਉੱਠ ਕੇ ਕੀਰਤਨ ਕਰਨ ਲੱਗ ਪਏ। ਸੰਗਤ ਨੇ ਤਾਂ ਅਨੰਦ ਮਾਣਨਾ ਹੀ ਸੀ, ਕੀਰਤਨ ਕਰਨ ਵਾਲੇ ਵੀ ਇਹ ਮਹਿਸੂਸ ਕਰਨ ਲੱਗੇ ਕਿ ਆਸਾ ਦੀ ਵਾਰ ਦਾ ਅਨੰਦ ਅੰਮ੍ਰਿਤ ਵੇਲੇ ਦਾ ਹੀ ਹੈ। ਦਿਨ ਚੜ੍ਹੇ ਕੀਰਤਨ ਕਰਕੇ ਤਾਂ ਅਸੀਂ ਰਸਮ ਪੂਰੀ ਹੀ ਕਰਦੇ ਸਾਂ।

## ੩. ਸਾਦਾ ਪਹਿਰਾਵਾ

ਇੱਕ ਵਾਰੀ ਦਾਸ (ਇਕਬਾਲ ਸਿੰਘ) ਪਟਿਆਲੇ ਸੰਤ ਮਹਾਰਾਜ ਨਾਲ ਹੱਥ ਵਿੱਚ ਪਾਣੀ ਦਾ ਗੜਵਾ ਫੜ੍ਹ ਕੇ ਸੈਰ ਕਰਨ ਜਾ ਰਿਹਾ ਸੀ, ਦਾਸ ਕੁੜਤੇ ਅਤੇ ਕਛਹਿਰੇ ਦੇ ਲਿਬਾਸ ਵਿੱਚ ਸੀ। ਗਿਆਨੀ ਨਿਰੰਜਨ ਸਿੰਘ ਜਿਨ੍ਹਾਂ ਨੇ ਅਚਕਨ, ਚੂੜੀਦਾਰ ਪਜਾਮਾ ਅਤੇ ਸਫੈਦ ਪਗੜੀ ਬੰਨ੍ਹੀ ਹੋਈ ਸੀ, ਨੇ ਆ ਕੇ ਸੰਤਾਂ ਨੂੰ ਨਮਸਕਾਰ ਕੀਤੀ। ਇੱਕ ਹੋਰ ਪ੍ਰੇਮੀ, ਜੋ ਸਰਕਾਰੀ ਨੌਕਰੀ ਦੀ ਇੰਟਰਵੀਊ ਦੇ ਕੇ ਆਇਆ ਸੀ ਅਤੇ ਉਸ ਨੇ ਪੱਛਮੀ ਪਹਿਰਾਵਾ, ਪੈਂਟ-ਕੋਟ ਅਤੇ ਟਾਈ ਪਹਿਨਿਆ ਹੋਇਆ ਸੀ, ਸੰਤਾਂ ਦੇ ਦਰਸ਼ਨਾਂ ਨੂੰ ਆਇਆ। ਸੰਤ ਜੀ ਉਸ ਵੱਲ ਵੇਖ ਕੇ ਹੱਸ ਪਏ ਪਰ ਉਸ ਨੂੰ ਕੁਝ ਨਹੀਂ ਕਿਹਾ। ਫਿਰ ਦਾਸ ਨੂੰ ਹੁਕਮ ਕੀਤਾ ਕਿ ਸਰਕਾਰੀ ਨੌਕਰੀ ਕਰਦਿਆਂ ਵੀ ਅੰਗਰੇਜ਼ੀ ਪਹਿਰਾਵਾ ਨਹੀਂ ਪਾਉਣਾ ਤੇ ਕੇਵਲ ਗਿਆਨੀ ਨਿਰੰਜਨ ਸਿੰਘ ਵਾਲਾ ਸਾਦਾ ਪਹਿਰਾਵਾ ਹੀ ਰੱਖਣਾ। ਭਾਵ ਚੂੜੀਦਾਰ ਪਜਾਮਾ ਅਤੇ ਸਫੈਦ ਪਗੜੀ ਹੀ ਰੱਖਣਾ। ਦਾਸ ਨੇ ਕਿਹਾ ਸਤਿ ਬਚਨ। ਦਾਸ ਨੇ ਘਰ ਆ ਕੇ ਸਾਰੇ ਪੈਂਟ-ਕੋਟਾਂ ਨੂੰ ਅੱਗ ਲਾ ਕੇ ਸਾੜ ਦਿੱਤੇ ਅਤੇ ਸਾਰੀ ਨੌਕਰੀ ਦੌਰਾਨ ਗਿਆਨੀ ਜੀ ਵਾਲਾ ਖ਼ਾਲਸਾਈ ਪਹਿਰਾਵਾ ਪਹਿਨਦਾ ਰਿਹਾ। ਇਹ ਸੰਤਾਂ ਦਾ ਬਚਨ ਗੁਰੂ ਮਹਾਰਾਜ ਨੇ ਆਪਣੀ ਬਖ਼ਸ਼ਿਸ਼ ਨਾਲ ਨਿਬਾਹ ਦਿੱਤਾ। ਭਾਵੇਂ ਸ਼ੁਰੂ-ਸ਼ੁਰੂ ਵਿੱਚ ਕੁਝ ਪ੍ਰੇਮੀਆਂ ਵੱਲੋਂ ਇਸ ਬਾਰੇ ਬਹੁਤ ਕੁਝ ਸੁਣਨਾ ਪਿਆ ਪਰ ਬਾਅਦ ਵਿੱਚ ਇਸ ਪਹਿਰਾਵੇ ਨਾਲ ਨੌਕਰੀ ਵਿੱਚ ਬੜਾ ਮਾਨ-ਸਤਿਕਾਰ ਮਿਲਿਆ। ਪੱਛਮੀ ਮੁਲਕਾਂ ਵਿੱਚ ਦਾਸ ਸਰਕਾਰੀ ਦੌਰੇ 'ਤੇ ਇਸੇ ਪਹਿਰਾਵੇ ਵਿੱਚ ਜਾਂਦਾ ਰਿਹਾ।

ਭਾਈ ਮਹਿਤਾਬ ਸਿੰਘ ਜੀ ਜੋ ਬੜੂ ਸਾਹਿਬ ਵਾਲੇ ਗਿਆਨੀ ਸੰਤੋਖ ਸਿੰਘ ਜੀ ਦਾ ਲੜਕਾ ਸੀ, ਗੁਰਦੁਆਰਾ ਨਾਨਕਸਰ ਚੀਮਾਂ, ਸੰਤ ਜੀ ਮਹਾਰਾਜ ਦੀ ਸੇਵਾ ਵਿੱਚ ਹਾਜ਼ਰ ਸੀ, ਉਸ ਨੇ ਕਾਲਰਾਂ ਵਾਲੀ ਕਮੀਜ਼ ਪਾਈ ਹੋਈ ਸੀ, ਸੰਤ ਜੀ ਨੇ ਉਸ ਦੀ ਕਮੀਜ਼ ਦਾ ਕਾਲਰ ਫੜ੍ਹ ਕੇ ਖਿੱਚਿਆ ਅਤੇ ਆਪਣਾ ਬੱਚਾ ਸਮਝ ਕੇ ਉਸ ਦੇ ਮੂੰਹ 'ਤੇ ਚਪੇੜਾਂ ਮਾਰ ਕੇ ਕਿਹਾ ਕਿ ਤੂੰ ਹੁਣ ਸ਼ੁਕੀਨੀ ਵਿੱਚ ਪੈ ਗਿਆ ਹੈਂ ਅਤੇ ਸੇਵਾ ਤੇ ਨਾਮ-ਬਾਣੀ ਸਿਮਰਨ ਨਹੀਂ ਕਰ ਸਕੇਂਗਾ, ਦਾਸ ਕੋਲ ਹੀ ਖੜ੍ਹਾ ਸੀ ਸੰਤਾਂ ਦਾ ਇਹ ਫੁਰਮਾਨ ਸੁਣ ਕੇ ਮਨ 'ਤੇ ਚੋਟ ਵੱਜੀ ਅਤੇ ਘਰ ਆ ਕੇ ਕਾਲਰਾਂ ਵਾਲੀਆਂ ਕਮੀਜ਼ਾਂ ਵੰਡ ਦਿੱਤੀਆਂ ਅਤੇ ਸਾਰੀ ਉਮਰ ਬਗੈਰ ਕਾਲਰਾਂ ਤੋਂ ਕਮੀਜ਼ ਪਹਿਨੀ।

੪. ਦਾਸ ਨੇ (ਇਕਬਾਲ ਸਿੰਘ) M.Sc. ਕੀਤੀ ਸੀ। ਦਾਸ ਦਾ ਪਿਤਾ ਮੈਨੂੰ ਅਮਰੀਕਾ ਭੇਜ ਕੇ Ph.D ਕਰਵਾਉਣਾ ਚਾਹੁੰਦਾ ਸੀ ਤਾਂ ਜੋ ਮੈਂ ਉੱਚਾ ਅਫ਼ਸਰ ਬਣ ਸਕਾਂ ਕਿਉਂਕਿ ਦਾਸ ਦੇ ਕਈ ਰਿਸ਼ਤੇਦਾਰ ਅਮਰੀਕਾ 'ਚੋਂ Ph.D ਕਰਕੇ ਆਏ ਹੋਏ ਸਨ ਤੇ ਉਹ ਉੱਚੇ ਅਹੁਦਿਆਂ 'ਤੇ ਕੰਮ ਕਰਦੇ ਸਨ। ਦਾਸ ਵੀ ਜਾਣ ਲਈ ਮੰਨ ਗਿਆ ਅਤੇ ਅਮਰੀਕਾ ਜਾਣ ਦੇ ਸਾਰੇ ਕਾਗਜ਼ ਪੱਤਰ ਤਿਆਰ ਹੋ ਗਏ। ਦਾਸ ਅਮਰੀਕਾ ਜਾਣ ਤੋਂ ਪਹਿਲੇ ਪਾਉਂਟਾ ਸਾਹਿਬ ਸੰਤ ਜੀ ਮਹਾਰਾਜ ਨੂੰ ਮਿਲਣ ਗਿਆ। ਉੱਥੇ ਸੰਗਤ ਵਿੱਚ ਬੀਬੀ ਜੀਤ ਕੌਰ ਜੋ ਸੰਤਾਂ ਦੀ ਲੜਕੀ ਸੀ ਉਸ ਨੇ ਸੰਤ ਜੀ ਨੂੰ ਕਿਹਾ ਕਿ ਭਰਾ ਇਕਬਾਲ ਸਿੰਘ ਜੀ ਅਮਰੀਕਾ ਜਾ ਰਹੇ ਹਨ। ਸੰਤ ਜੀ ਨੇ ਦਾਸ ਨੂੰ ਪੁੱਛਿਆ, "ਤੂੰ ਅਮਰੀਕਾ ਜਾ ਰਿਹਾ ਹੈ?" ਦਾਸ ਨੇ ਬੇਨਤੀ ਕੀਤੀ, "ਮਹਾਰਾਜ! ਮੈਂ ਨਹੀਂ ਜਾ ਰਿਹਾ, ਮੇਰੇ ਪਿਤਾ ਜੀ ਮੈਨੂੰ ਭੇਜ ਰਹੇ ਹਨ ਕਿ ਤੂੰ Ph.D ਉਥੋਂ 'ਕਰਕੇ ਆ ਅਤੇ ਏਥੇ ਫਿਰ ਤੈਨੂੰ ਚੰਗੀ ਨੌਕਰੀ ਮਿਲ ਜਾਏਗੀ ਜਿਸ ਨਾਲ ਤੂੰ ਮਾਇਆ ਕਮਾਵੇਂਗਾ। ਸੰਤ ਜੀ ਮਹਾਰਾਜ ਨੇ ਕਿਹਾ, "ਗਿਆਨ ਲੈਣਾ ਚਾਹੀਦਾ ਹੈ, ਡਿਗਰੀਆਂ ਵਿੱਚ ਕੁਝ ਨਹੀਂ ਪਿਆ ਹੋਇਆ।" ਫਿਰ ਦਾਸ ਨੂੰ ਸੰਤ ਜੀ ਨੇ ਬਚਨ ਕੀਤਾ, "ਤੂੰ ਅਮਰੀਕਾ ਨਹੀਂ ਜਾਣਾ।" ਦਾਸ ਨੇ ਕਿਹਾ, "ਸਤਿ ਬਚਨ ਮਹਾਰਾਜ! ਮੈਂ ਅਮਰੀਕਾ ਨਹੀਂ ਜਾਵਾਂਗਾ।" ਜਦੋਂ ਦਾਸ ਘਰ ਆਇਆ ਤਾਂ ਪਿਤਾ ਜੀ ਅਤੇ ਹੋਰ ਸੰਬੰਧੀਆਂ ਨੇ ਕਿਹਾ ਕਿ ਸਾਰਾ ਕੰਮ ਹੋ ਗਿਆ ਹੈ, ਅਮਰੀਕਾ ਜਾਣ ਦੀ ਤਿਆਰੀ ਕਰ ਲੈ ਪਰ ਦਾਸ ਨੇ ਉੱਤਰ ਦਿੱਤਾ, "ਮੇਰਾ ਅਮਰੀਕਾ ਜਾਣ ਨੂੰ ਦਿਲ ਨਹੀਂ ਕਰਦਾ।" ਉਹਨਾਂ ਸਾਰਿਆਂ ਨੇ ਮੈਨੂੰ ਬਹੁਤ ਬੁਰਾ-ਭਲਾ ਕਿਹਾ ਕਿ ਦੁਨੀਆਂ 'ਚ ਕੋਈ ਤਰੱਕੀ ਨਹੀਂ ਕਰ ਸਕੇਂਗਾ ਅਤੇ ਆਪਣਾ ਜੀਵਨ ਖ਼ਰਾਬ ਕਰ ਲਵੇਂਗਾ। ਦਾਸ ਨੇ ਸੰਤ ਜੀ ਮਹਾਰਾਜ ਦਾ ਇਸ ਬਾਰੇ ਕੋਈ ਨਾਂ ਨਹੀਂ ਲਿਆ। ਨਹੀਂ ਤਾਂ ਉਹਨਾਂ ਨੇ ਸੰਤ ਜੀ ਨੂੰ ਬੁਰਾ-ਭਲਾ ਕਹਿ ਕੇ ਸਿਰ 'ਤੇ ਪਾਪ ਚਾੜ੍ਹ ਲੈਣਾ ਸੀ ਕਿ ਸਾਡੇ ਮੁੰਡੇ ਨੂੰ ਸੰਤਾਂ ਨੇ ਪੱਟ ਦਿੱਤਾ ਹੈ। ਕੁਝ ਦਿਨ ਗੁੱਸਾ-ਗਿੱਲਾ ਕੱਢ ਕੇ ਉਹਨਾਂ ਦਾ ਵਾਤਾਵਰਣ ਸ਼ਾਂਤ ਹੋ ਗਿਆ। ਦਾਸ ਪੰਜਾਬ ਵਿੱਚ ਮਹਿਕਮਾ ਖੇਤੀ-ਬਾੜੀ ਦੀ ਨੌਕਰੀ ਕਰਕੇ ਫਿਰ ਹਿਮਾਚਲ ਪ੍ਰਦੇਸ਼ ਵਿੱਚ ਖੇਤੀ-ਬਾੜੀ ਮਹਿਕਮੇ ਵਿੱਚ ਅੱਛੀ ਨੌਕਰੀ 'ਤੇ ਚਲਾ ਗਿਆ। ਉੱਥੋਂ ਦੀ ਹਿਮਾਚਲ ਸਰਕਾਰ ਨੇ ਮੇਰਾ ਕੰਮ ਅੱਛਾ ਦੇਖ ਕੇ ਮੇਰੇ ਤੇ ਹੋਰ ਕਰਮਚਾਰੀਆਂ ਤੋਂ ਕਿਸੇ ਸਕੀਮ ਅੰਦਰ ਅਮਰੀਕਾ ਭੇਜਣ ਵਾਸਤੇ ਕਾਗਜ਼ ਭਰਵਾ ਲਏ। ਇਹ ਕਾਗਜ਼ ਭਾਰਤ ਸਰਕਾਰ ਦੁਆਰਾ ਅਮਰੀਕਾ ਸਰਕਾਰ ਨੂੰ ਭੇਜ ਦਿੱਤੇ ਗਏ। ਇਹਨਾਂ ਕਾਗਜ਼ਾਂ ਤੋਂ ਬਾਹਰ ਜਾਣ ਦੀ ਮਨਜ਼ੂਰੀ ਤਾਂ ਸਾਰੀ ਆ ਗਈ ਪਰ ਕਿਸੇ ਇਲਾਹੀ ਕਾਰਨ ਕਰਕੇ ਸਾਨੂੰ ਬਾਹਰ ਜਾਣ ਦਾ ਹੁਕਮ ਨਹੀਂ ਹੋਇਆ। ਬਾਕੀ ਸਾਰੇ ਕਰਮਚਾਰੀ ਤਾਂ ਬਥੇਰੇ ਹੱਥ ਪੈਰ ਮਾਰਦੇ ਰਹੇ ਪਰ ਦਾਸ ਨੂੰ ਪਤਾ ਸੀ ਕਿ ਮਹਾਂਪੁਰਸ਼ਾਂ ਦਾ ਬਚਨ ਸਤਿ ਹੋ ਰਿਹਾ ਹੈ। ਦੂਸਰੀ ਦਫ਼ਾ ਫਿਰ ਹਿਮਾਚਲ ਸਰਕਾਰ ਨੇ ਦਾਸ ਦਾ ਕੰਮ ਦੇਖ ਕੇ ਇਕ ਹੋਰ ਸਕੀਮ ਵਿੱਚ ਅਮਰੀਕਾ Ph.D ਕਰਨ ਵਾਸਤੇ ਮੇਰੇ ਕਾਗਜ਼ ਭਰਵਾ ਕੇ ਭੇਜ ਦਿੱਤੇ। ਦਾਸ ਨੇ ਉੱਚ ਅਧਿਕਾਰੀਆਂ ਨੂੰ ਕਿਹਾ ਕਿ ਮੇਰੇ ਕਾਗਜ਼ ਨਾ ਭੇਜੋ ਕਿਉਂਕਿ ਦੂਸਰੇ ਕਰਮਚਾਰੀ ਮਹਿਸੂਸ ਕਰਦੇ ਹਨ ਕਿ ਸਾਨੂੰ ਮੌਕਾ ਨਹੀਂ ਦਿੱਤਾ ਜਾ ਰਿਹਾ ਅਤੇ ਮੈਂ ਸਾਫ਼ ਕਿਹਾ ਕਿ ਮੇਰਾ ਕੰਮ ਅਮਰੀਕਾ ਜਾਣ ਦਾ ਨਹੀਂ ਬਣਨਾ। ਹਿਮਾਚਲ ਸਰਕਾਰ ਨੂੰ ਪੂਰਾ ਭਰੋਸਾ ਸੀ ਅਤੇ ਉਹਨਾਂ ਨੇ ਪੂਰਾ

ਜ਼ੋਰ ਲਾਇਆ ਕਿ ਕੰਮ ਸਿਰੇ ਚੜ੍ਹ ਜਾਏਗਾ ਪਰ ਹਿਰਦੇ ਅੰਦਰ ਇਹੋ ਹੀ ਪ੍ਰਭੂ ਅੱਗੇ ਬੇਨਤੀਆਂ ਕਰਦਾ ਸੀ ਕਿ ਦਾਸ ਨੂੰ ਸੰਤਾਂ ਦੇ ਬਚਨ ਕਮਾਉਣ ਦੀ ਸ਼ਕਤੀ ਬਖ਼ਸ਼ੋ।

"ਇਕ ਸਾਧ ਬਚਨ ਅਟਲਾਧਾ" ਦੇ ਵਾਕ ਅਨੁਸਾਰ ਮੇਰਾ ਅਮਰੀਕਾ ਜਾ ਕੇ Ph.D ਕਰਨ ਦਾ ਕੰਮ ਸਿਰੇ ਨਾ ਚੜ੍ਹਿਆ ਪਰ ਮੇਰਾ ਕੰਮ ਵਧੀਆ ਹੋਣ ਕਰਕੇ ਹਿਮਾਚਲ ਸਰਕਾਰ ਨੇ ਮੈਨੂੰ ਤਰੱਕੀ ਦਿੰਦਿਆਂ-ਦਿੰਦਿਆਂ ਡਾਇਰੈਕਟਰ ਐਗਰੀਕਲਚਰ ਦੀ ਪਦਵੀ 'ਤੇ ਨਿਯੁਕਤ ਕਰ ਦਿੱਤਾ। ਮੇਰੇ ਹੇਠਾਂ ਕਈ ਅਫ਼ਸਰ ਐਸੇ ਸਨ ਜੋ ਅਮਰੀਕਾ ਤੋਂ Ph.D ਕਰਕੇ ਆਏ ਸੀ, ਉਹ ਇਹ ਪਦਵੀ ਨਹੀਂ ਲੈ ਸਕੇ। ਦਾਸ ਨੂੰ ਇਹ ਅਨੁਭਵ ਹੋਇਆ ਕਿ ਸੰਤ ਜੀ ਮਹਾਰਾਜ ਨੇ ਮੈਨੂੰ ਭਰ ਜਵਾਨੀ ਵਿੱਚ ਇਸ ਕਰਕੇ ਅਮਰੀਕਾ ਨਹੀਂ ਭੇਜਿਆ ਕਿਉਂਕਿ ਦਾਸ ਅਮਰੀਕਾ ਦੇ ਵਾਤਾਵਰਣ ਵਿੱਚ ਭੁੱਲ ਕੇ ਸਿੱਖੀ ਮਾਰਗ ਤੋਂ ਥਿੜਕ ਨਾ ਜਾਵੇ। ਕਿਉਂ ਜੋ ਉਸ ਨੇ ਭਵਿੱਖ ਵਿੱਚ ਪ੍ਰਭੂ ਦੇ ਹੁਕਮ ਵਿੱਚ ਸੰਤ ਅਤਰ ਸਿੰਘ ਜੀ ਮਹਾਰਾਜ ਦੇ ਆਸ਼ੇ ਅਨੁਸਾਰ ਗੁਰੂ ਨਾਨਕ ਦੇ ਚਲਾਏ ਹੋਏ ਸਿੱਖ ਪੰਥ ਦੀ ਸੇਵਾ ਕਰਨੀ ਹੈ। ਉਸ ਪ੍ਰਭੂ ਤੋਂ ਵਾਂਝੇ ਰਹਿ ਕੇ ਕਿਤੇ ਆਪਣਾ ਜੀਵਨ ਖਰਾਬ ਨਾ ਕਰ ਲਵੇ। ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ! ਅਤੇ ਧੰਨ ਉਹਨਾਂ ਦੇ ਗੁਰਮੁਖ ਸੰਤ ਜਨ! ਜਿਨ੍ਹਾਂ ਨੇ ਆਪਣੇ ਬੱਚੇ ਨੂੰ ਅਮਰੀਕਾ ਦੇ ਘੋਰ ਕਲਜੁਗ ਦੀ ਅੱਗ 'ਚੋਂ ਬਚਾ ਕੇ Ph.D ਤਾਂ ਨਹੀ ਕਰਵਾਈ ਪਰ ਆਪਣੇ ਬਚਨ ਮੰਨਵਾ, ਦੁਨਿਆਵੀ ਤੌਰ 'ਤੇ ਉਹ ਪਦਵੀ ਬਖ਼ਸ਼ ਦਿੱਤੀ ਜੋ ਹੋਰ ਅਮਰੀਕਾ ਤੋਂ Ph.D ਕਰਕੇ ਆਏ ਸੱਜਣ ਨਹੀਂ ਸੀ ਲੈ ਸਕੇ। ਗੁਰਬਾਣੀ ਦਾ ਫੁਰਮਾਨ ਸੱਚ ਹੈ:

**ਜੇ ਕੋ ਬਚਨੁ ਕਮਾਵੈ ਸੰਤਨ ਕਾ ਸੋ ਗੁਰ ਪਰਸਾਦੀ ਤਰੀਐ ॥ (੭੪੭)**

੫. ਦਾਸ ਖੋਜ (Research) ਵਿੱਚ ਹੋਣ ਕਰਕੇ ਐਕਸਟੈਨਸ਼ਨ (ਡਵੈਲਪਮੈਂਟ) ਵਾਲੀ ਨੌਕਰੀ 'ਤੇ ਨਹੀਂ ਲੱਗ ਸਕਦਾ ਸੀ। ਸੰਤ ਜੀ ਦੇ ਬਚਨ ਕਿ ਇਕਬਾਲ ਸਿੰਘ ਜੇ ਤੂੰ ਨਾਹਨ ਆ ਜਾਵੇ ਤਾਂ ਇੱਥੋਂ ਆਉਣਾ-ਜਾਣਾ ਅਸਾਨ ਹੋ ਜਾਵੇਗਾ, ਕਰਤਾਰ ਨੇ ਅਜੀਬ ਤਰੀਕੇ ਨਾਲ ਸਫਲ ਕਰ ਦਿੱਤਾ। ਨਾਹਨ ਦੇ ਡੀ. ਏ. ਓ. (District Agricultural Officer) ਦੀ ਤਬਦੀਲੀ ਹੋ ਗਈ ਤੇ ਮੈਨੂੰ ਦਦਾਹੂ ਰਹਿੰਦਿਆਂ ਉਸ ਅਸਾਮੀ ਦਾ ਐਡੀਸ਼ਨਲ ਚਾਰਜ ਮਿਲ ਗਿਆ। ਲੋਕਾਂ ਦਾ ਵਿਚਾਰ ਸੀ ਕਿ ਮੈਨੂੰ ਉਸ ਨਵੇਂ ਕੰਮ ਦੀ ਟਰੇਨਿੰਗ ਨਹੀਂ ਹੈ ਅਤੇ ਮੈਂ ਬੁਰੀ ਤਰ੍ਹਾਂ ਫੇਲ ਹੋ ਜਾਵਾਂਗਾ ਪਰ ਉਹਨਾਂ ਥੋੜ੍ਹੇ ਮਹੀਨਿਆਂ ਵਿੱਚ ਹੀ ਪਰਮਾਤਮਾ ਨੇ ਮੇਰੇ ਕੰਮ ਵਿੱਚ ਇਤਨੀ ਸਫ਼ਲਤਾ ਬਖ਼ਸ਼ੀ ਕਿ ਮੇਰਾ ਕੰਮ ਸਭ ਤੋਂ ਵਧੀਆ Indo-German Agricultural Project Mandi ਕੰਮ ਦੇ ਬਰਾਬਰ ਗਿਣਿਆ ਗਿਆ। ਜਿਤਨੀ ਖ਼ਾਦ ਉੱਥੇ ਵਿਕੀ ਉਤਨੀ ਹੀ ਮੇਰੇ ਇਲਾਕੇ ਵਿੱਚ, ਸਾਰੇ ਹੈਰਾਨ ਸਨ। ਉਸ ਪਿੱਛੋਂ ਕਰਤਾਰ ਨੇ ਅਜਿਹੀ ਉਪਮਾ ਦਿੱਤੀ ਕਿ ਮੈਨੂੰ ਨਾਹਨ ਪੱਕਾ ਕਰ ਦਿੱਤਾ ਗਿਆ। ਇਸ ਤਰ੍ਹਾਂ ਸੰਤ ਜੀ ਦੇ ਬਚਨ, "ਇਕਬਾਲ ਸਿੰਘ ਨਾਹਨ ਆਵੇ ਤਾਂ ਅਸਾਨੀ ਰਹੇਗੀ" ਪੂਰੇ ਹੋ ਗਏ।

ਸੰਤ ਤੇਜਾ ਸਿੰਘ ਜੀ ਮਹਾਰਾਜ ਨੇ ਸੱਤਾਂ ਪਹਾੜੀਆਂ ਵਿੱਚ ਘਿਰਿਆ ਹੋਇਆ ਬੜੂ ਪਿੰਡ ਖ਼ਰੀਦਿਆ ਅਤੇ ਉੱਥੇ ਛੋਟਾ ਜਿਹਾ ਕੱਚਾ ਗੁਰਦੁਆਰਾ ਬਣਾਇਆ, ਜਿੱਥੇ ਸੰਗਤਾਂ ਜਾ ਕੇ ਨਾਮ-ਬਾਣੀ ਸਿਮਰਨ ਕਰਕੇ ਇਲਾਹੀ ਰੰਗ ਮਾਣਦੀਆਂ। ਉਸ ਸਮੇਂ ਬੜੂ ਸਾਹਿਬ ਜਾਣ ਲਈ ਕੋਈ ਸੜਕ ਨਹੀਂ ਸੀ ਹੁੰਦੀ। ਸੰਗਤਾਂ ਨੂੰ ਪੈਦਲ ਲਗਭਗ ੪● ਕਿਲੋਮੀਟਰ ਉੱਥੇ ਟੁਰ ਕੇ ਪਹੁੰਚਣਾ ਪੈਂਦਾ ਸੀ। ਇੱਕ ਦਿਨ ਸੰਤ ਜੀ ਨੇ ਦਾਸ (ਇਕਬਾਲ ਸਿੰਘ) ਨੂੰ ਕਿਹਾ, "ਤੂੰ ਕਿਸੇ ਉੱਚੇ ਅਫ਼ਸਰਾਂ ਨੂੰ ਮਿਲ ਕੇ ਬੜੂ ਸਾਹਿਬ ਸੜਕ ਬਣਵਾ ਦੇ।" ਦਾਸ ਨੇ ਕਿਹਾ, "ਸਤਿ ਬਚਨ ਮਹਾਰਾਜ!" ਪਰ ਬਾਅਦ ਵਿੱਚ ਸੋਚਿਆ ਕਿ ਸੜਕ ਤਾਂ ਵਜ਼ੀਰ ਜਾਂ ਐਮ. ਪੀ. ਬਣਾਉਂਦੇ ਹਨ। ਦਾਸ ਤਾਂ ਇਕ ਛੋਟਾ ਜਿਹਾ ਤਹਿਸੀਲ ਪੱਧਰ ਦਾ ਅਫ਼ਸਰ ਹੈ।

ਇਹ ਸੜਕ ਦਾਸ ਕਿਸ ਤਰ੍ਹਾਂ ਬਣਾ ਸਕੇਗਾ ਪਰ ਅਕਾਲ ਪੁਰਖ ਦਾ ਕੋਈ ਐਸਾ ਭਾਣਾ ਵਰਤਿਆ ਕਿ ਦਾਸ ਜ਼ਿਲ੍ਹੇ ਦਾ ਅਫ਼ਸਰ ਬਣ ਗਿਆ ਅਤੇ S.F.D.A. ਦਾ ਪ੍ਰੋਜੈਕਟ ਅਫ਼ਸਰ ਬਣ ਗਿਆ, ਜਿਸ ਵਿੱਚ ਚਾਰ ਕਰੋੜ ਰੁਪਿਆ ਸਿੱਧਾ ਭਾਰਤ ਸਰਕਾਰ ਤੋਂ ਨਾਹਨ ਸਿਰਮੌਰ ਜ਼ਿਲ੍ਹੇ ਵਿੱਚ ਕਿਸਾਨਾਂ ਦੀ ਭਲਾਈ ਵਾਸਤੇ ਆ ਗਿਆ। ਡਿਪਟੀ ਕਮਿਸ਼ਨਰ ਇਸ ਦਾ ਚੇਅਰਮੈਨ ਸੀ ਅਤੇ ਉਸ ਦੀ ਮਨਜ਼ੂਰੀ ਨਾਲ ਦਾਸ ਨੇ ਭਿੰਨ-ਭਿੰਨ ਸਕੀਮਾਂ ਬਣਾ ਕੇ ਜ਼ਿਲ੍ਹੇ ਵਿੱਚ ਉਹਨਾਂ 'ਤੇ ਖ਼ਰਚ ਕਰਨਾ ਹੁੰਦਾ ਸੀ। ਇਸ ਵਿੱਚ ਸੜਕਾਂ ਬਣਾਉਣ ਦੀ ਵੀ ਸਕੀਮ ਹੁੰਦੀ ਸੀ। ਇਕ ਬ੍ਰਹਮ ਗਿਆਨੀ ਦਾ ਫ਼ੁਰਨਾ ਹੋਣ ਕਰਕੇ ਨਾਹਨ ਤੋਂ ਰਾਜਗੜ੍ਹ ਸੜਕ ਬਣ ਗਈ ਜੋ ਬੜੂ ਸਾਹਿਬ ਦੇ ਕੋਲੋਂ ਦੀ ਜਾਂਦੀ ਹੈ। ਦਾਸ ਨੇ ਇਸ ਤੋਂ ਲਿੰਕ ਰੋਡ ਬੜੂ ਸਾਹਿਬ ਲਈ ਆਪਣੇ ਪ੍ਰੋਜੈਕਟ ਤੋਂ ਰੁਪਿਆ ਖ਼ਰਚ ਕਰਕੇ ਬਣਵਾ ਦਿੱਤੀ। ਜਦ ਸੜਕ ਬਣ ਗਈ ਤਾਂ ਦਾਸ ਦੇ ਹਿਰਦੇ ਵਿੱਚ ਇਹ ਸ਼ਬਦ ਗੂੰਜ ਉੱਠਿਆ:

**ਇਕਿ ਸਾਧ ਬਚਨ ਅਟਲਾਧਾ ॥ (੧੨੦੪)**

## ਆਤਮ ਮਾਰਗ ਦੇ ਕੁਝ ਉਪਦੇਸ਼ (ਜ਼ਬਾਨੀ ਭਾਈ ਇਕਬਾਲ ਸਿੰਘ ਜੀ)

੧. ਮਨ ਵਿੱਚ ਸੰਤ ਜੀ ਦੇ ਦਰਸ਼ਨ ਕਰਨ ਦੀ ਇੱਛਾ ਹੋਈ ਤਾਂ ਦਾਸ ਭਾਈ ਮਹਿੰਦਰ ਸਿੰਘ (ਹਾਂਸੀ ਵਾਲੇ) ਸਮੇਤ ਨਾਨਕਸਰ ਚੀਮਾਂ ਆਏ। ਅੱਗੇ ਸੰਤ ਜੀ ਸਰੋਵਰ ਦੇ ਕੰਢੇ ਵਣ ਹੇਠਾਂ ਬੈਠੇ ਸਨ ਤਾਂ ਕਿਹਾ, "ਆ ਗਿਆ ਏਂ ਭਾਈ ਇਕਬਾਲ ਸਿਆਂ! ਅਸੀਂ ਕੱਲ ਤੈਨੂੰ ਯਾਦ ਕੀਤਾ ਸੀ।" ਅੰਦਰ ਗੁਰਦੁਆਰੇ ਮੱਥਾ ਟੇਕਣ ਗਿਆ ਤਾਂ ਬਾਬਾ ਟਿੱਕਾ ਸਿੰਘ ਜੀ ਨੇ ਵੀ ਇਹੀ ਕਿਹਾ ਕਿ ਅਸੀਂ ਤੁਹਾਨੂੰ ਚਿੱਠੀ ਪਾਉਣ ਲਈ ਲਿਫਾਫਾ ਮੰਗਵਾਇਆ ਹੈ, ਚੰਗਾ ਹੋਇਆ ਤੁਸੀਂ ਆਪ ਹੀ ਆ ਗਏ। ਜਦੋਂ ਸੰਤਾਂ ਦੇ ਹਿਰਦੇ ਵਿੱਚ ਕੋਈ ਫ਼ੁਰਨਾ ਫ਼ੁਰਦਾ ਸੀ, ਉਸ ਦੀ ਬੇਤਾਰ-ਤਾਰ ਪ੍ਰੇਮੀਆਂ ਦੇ ਹਿਰਦੇ ਵਿੱਚ ਸੰਤ ਆਪ ਹੀ ਪਹੁੰਚਾ ਦਿੰਦੇ ਸਨ:

**ਕੁਰਬਾਣੀ ਤਿਨ੍ਹਾਂ ਗੁਰਸਿਖਾਂ ਮਨਿ ਮੇਲੀ ਕਰਿ ਮੇਲਿ ਮਿਲੰਦੇ। (ਵਾਰ ੧੨, ਪਉੜੀ ੨, ਭਾਈ ਗੁਰਦਾਸ ਜੀ)**

੨. ਸੰਤ ਜੀ ਨੇ ਦੱਸਿਆ ਭਾਈ ਮਨ ਉੱਚਾ ਕਰਨਾ ਚਾਹੀਦਾ ਹੈ ਅਤੇ ਸਭ ਵਿੱਚ ਸਰਬ-ਵਿਆਪੀ ਵੇਖਣਾ ਚਾਹੀਦਾ ਹੈ। ਇਕ ਵਾਰੀ ਇੱਕ ਸਾਧੂ, ਸੰਤ ਬਾਬਾ ਅਤਰ ਸਿੰਘ ਜੀ ਪਾਸ ਆਇਆ ਅਤੇ ਉਹਨਾਂ ਪਾਸ ਬੈਠੀਆਂ ਬੀਬੀਆਂ ਵੱਲ ਪਿੱਠ ਕਰਕੇ ਬੈਠ ਗਿਆ। ਸੰਤ ਜੀ ਨੇ ਸਮਝਾਇਆ ਭਾਈ ਆਪਣਾ ਮਨ ਤਕੜਾ ਕਰ, ਸੰਗਤ ਵਿੱਚ ਪਿੱਠ ਕਰਕੇ ਬੈਠਣਾ ਠੀਕ ਨਹੀਂ। ਉਸ ਪ੍ਰੇਮੀ ਨੇ ਆਪਣਾ ਮਨ ਤਕੜਾ ਕੀਤਾ ਤੇ ਸੰਤ ਜੀ ਦਾ ਬਚਨ ਮੰਨ ਮੂੰਹ ਸਿੱਧਾ ਕਰਕੇ ਬੈਠ ਗਿਆ।

੩. ਸੰਤ ਜੀ ਨੇ ਦਸਵੇਂ ਪਾਤਸ਼ਾਹ ਦੇ ਵੇਲੇ ਦੀ ਗੱਲ ਦੱਸਦਿਆਂ ਕਿਹਾ, "ਭਾਈ! ਜੋਗ ਨਾਲ ਮਨ ਸ਼ਾਂਤ ਨਹੀਂ ਹੁੰਦਾ। ਇਕ ਜੋਗੀ ਗੁਰੂ ਸਾਹਿਬ ਪਾਸ ਕਥਾ ਕਰਨ ਵਾਸਤੇ ਆਇਆ ਅਤੇ ਇਕ ਸੁਥਰਾ ਆਪਣੀ ਉਂਗਲ ਕਦੇ ਉਤਾਂਹ, ਕਦੇ ਹੇਠਾਂ ਕਰੀ ਜਾਵੇ। ਜੋਗੀ ਨੂੰ ਬਹੁਤ ਗੁੱਸਾ ਆਇਆ ਤੇ ਬਚਨ-ਕੁਬਚਨ ਕਹਿਣ ਲੱਗ ਪਿਆ।" ਜਦ ਸੁਥਰੇ ਨੂੰ ਪੁੱਛਿਆ, "ਉਸ ਨੇ ਉੱਤਰ ਦਿੱਤਾ ਮਹਾਰਾਜ! ਮੈਂ ਅੱਗ ਫ਼ਰੋਲ ਕੇ ਵੇਖਦਾ ਸੀ ਕਿ ਹੈ ਜਾਂ ਨਹੀਂ, ਸੋ ਇਸ ਵਿੱਚ ਪ੍ਰਗਟ ਹੋ ਗਈ।"

੪ ਸ਼ਾਮ ਨੂੰ ਸੰਤ ਜੀ ਨੂੰ ਮਿਲਣ ਗਏ। ਸੰਤ ਜੀ ਭਾਈ ਅਰਜਨ ਸਿੰਘ ਨੂੰ ਦੱਸ ਰਹੇ ਸਨ, "ਬਹੁਤ ਤਪ ਨਾਲ ਵੀ ਮਨ ਨਹੀਂ ਵੱਸ ਆਉਂਦਾ। ਇਹ ਮਨ ਸੇਵਾ ਤੋਂ ਬਿਨਾਂ ਗ਼ਰੀਬ ਤੇ ਨੀਵਾਂ ਨਹੀਂ ਹੁੰਦਾ ਅਤੇ ਨਾ ਹੀ ਕਾਬੂ ਆਉਂਦਾ ਹੈ। ਦੇਖੋ ਤਪੱਸਿਆ ਤਾਂ ਬਾਬਾ ਸ੍ਰੀ ਚੰਦ ਜੀ ਨੇ ਵੀ ਬਹੁਤ ਕੀਤੀ ਪਰ ਵਸਤੂ ਗੁਰੂ ਅੰਗਦ ਦੇਵ ਜੀ ਦੇ ਹਿੱਸੇ ਆਈ। **ਪ੍ਰੀਤਮ ਦੇ ਦੇਸ਼ ਜਾਣ ਲਈ 'ਸੇਵਾ ਤੇ ਬੰਦਗੀ' ਦੋਵੇਂ ਖੰਭ ਹਨ,**

ਕਿਸੇ ਇੱਕ ਖੰਭ ਦੇ ਨਾ ਹੋਣ ਨਾਲ ਪੰਛੀ ਧੁਰ ਸਿਰੇ ਤੱਕ ਨਹੀਂ ਪਹੁੰਚ ਸਕਦਾ।"

ਇਕ ਵਾਰ ਸੰਤ ਜੀ ਮਹਾਰਾਜ ਨੇ ਦਾਸ ਨੂੰ ਹੁਕਮ ਕੀਤਾ ਕਿ ਤੂੰ ਸਵੇਰੇ ਆਸਾ ਦੀ ਵਾਰ 'ਚ ਚਿਮਟਾ ਵਜਾਈਂ। ਦਾਸ ਨੇ ਕਿਹਾ ਸਤਿ ਬਚਨ। ਆਸਾ ਦੀ ਵਾਰ ਵੇਲੇ ਚਿਮਟਾ ਖਾਲੀ ਪਿਆ ਸੀ, ਮੈਂ ਚੁੱਕ ਲਿਆ। ਕੁਝ ਅਜਿਹੀ ਖੇਡ ਵਰਤੀ ਕਿ ਸੁਰ ਤਾਲ ਠੀਕ ਬਣਿਆ ਰਿਹਾ, ਕਿਸੇ ਇਹ ਨਹੀਂ ਮਹਿਸੂਸ ਕੀਤਾ ਕਿ ਮੈਂ ਪਹਿਲੇ ਚਿਮਟਾ ਕਦੇ ਨਹੀਂ ਵਜਾਇਆ।

੫. ੧੯੫੨ ਵਿੱਚ ਸੰਤ ਜੀ ਸਾਉਣ, ਭਾਦੋਂ, ਫੱਗਣ ਤੇ ਚੇਤ ਦੇ ਮਹੀਨੇ ਅੰਮ੍ਰਿਤ ਪ੍ਰਚਾਰ ਲਈ ਪਿੰਡਾਂ ਵਿੱਚ ਜਾਂਦੇ ਹੁੰਦੇ ਸਨ। ਇਸ ਸਾਲ ਦੌਰਾ ਕੁਰਾਲੀ (ਜ਼ਿਲ੍ਹਾ ਰੋਪੜ, ਪੰਜਾਬ) ਵੱਲ ਦਾ ਸੀ। ਜਦ ਦਾਸ ਉੱਥੇ ਪਹੁੰਚਿਆ ਤਾਂ ਭਾਈ ਜਗੀਰ ਸਿੰਘ ਦੇ ਘਰ ਛੱਪਰ ਹੇਠ ਮੰਜੇ 'ਤੇ ਬੈਠੇ ਸਨ ਅਤੇ ਬਾਕੀ ਸੰਗਤ ਥੱਲੇ ਬੈਠੀ ਵਿਚਾਰ ਸੁਣ ਰਹੀ ਸੀ।

ਪ੍ਰਸ਼ਨ ਸੀ; ਰੱਬ ਦਾ ਸਰੂਪ ਕੀ ਹੈ? ਸੰਤ ਜੀ ਉੱਤਰ ਦੇ ਰਹੇ ਸਨ, "ਇਹ ਕੁੱਤਾ ਖੜ੍ਹਾ ਹੈ, ਉਸ ਦੀ ਪੂਛ ਹਿੱਲ ਰਹੀ ਹੈ। ਤੁਸੀਂ ਹਿਲਦੀ ਪੂਛ ਵੱਲ ਮਨ ਨਾ ਲਵੋਂ, ਸਗੋਂ ਉਹਨੂੰ ਸਮਝੋ, ਜੋ ਪੂਛ ਹਿਲਾ ਰਿਹਾ ਹੈ, ਉਸ ਵੱਲ ਦੇਖੋ। ਉਹ ਹੀ ਰੱਬ ਦੀ ਜੋਤ ਹੈ।" ਗਿਆਨ-ਵਾਨ ਦੀ ਦ੍ਰਿਸ਼ਟੀ ਬਦਲ ਜਾਂਦੀ ਹੈ। ਉਸ ਨੂੰ ਸਭ ਵਿੱਚ ਉਹ ਹੀ ਪਿਆਰਾ ਵਿਖਾਈ ਦਿੰਦਾ ਹੈ, ਜੋ ਕੁਝ ਹੋ ਰਿਹਾ ਹੈ, ਪ੍ਰਤੀਤ ਹੁੰਦਾ ਹੈ। ਉਸ ਸਭ ਦਾ ਕਾਰਨ ਉਹੀ ਕਰਤਾਰ ਨਜ਼ਰ ਆਉਣ ਲੱਗ ਪੈਂਦਾ ਹੈ।

ਇਹ ਦ੍ਰਿਸ਼ਟੀ ਲਿਆਉਣ ਲਈ ਭਾਣੇ ਵਿੱਚ ਚੱਲਣਾ ਚਾਹੀਦਾ ਹੈ। ਦ੍ਰਿਸ਼ਟਾਂਤ ਦਰਿਆ ਦਾ ਦਿੱਤਾ ਜਾ ਸਕਦਾ ਹੈ। ਦਰਿਆ ਆਪਣੀ ਮੌਜ ਵਿੱਚ ਆਪਣੀ ਚਾਲ ਅਤੇ ਆਪਣੇ ਰਾਹ ਚੱਲ ਰਿਹਾ ਹੈ। ਜੇ ਕੋਈ ਦਰਿਆ ਵਿੱਚ ਵੜ ਕੇ ਉਸੇ ਅਨੁਸਾਰ ਚੱਲੇ, ਫਿਰ ਤਾਂ ਸੌਖਾ ਚੱਲਿਆ ਜਾਵੇਗਾ ਅਤੇ ਜੇ ਹੱਥ ਪੈਰ ਮਾਰ ਕੇ ਦਰਿਆ ਦੇ ਉਲਟ ਚੱਲਣਾ ਚਾਹੇ ਤਾਂ ਕੁਝ ਦੇਰ ਦੁੱਖੀ ਹੁੰਦਾ ਰਹੇਗਾ, ਫਿਰ ਹਫ ਕੇ ਥੱਕ ਜਾਵੇਗਾ ਅਤੇ ਡੁੱਬ ਕੇ ਆਪਣਾ ਆਪ ਗੁਆ ਲਵੇਗਾ। ਇਸ ਤਰ੍ਹਾਂ ਆਪਣਾ ਆਪ ਗਵਾ ਲਵੇਗਾ। ਇਸੇ ਤਰ੍ਹਾਂ ਜੇਕਰ ਮਨੁੱਖ ਪਰਮਾਤਮਾ ਦੇ ਭਾਣੇ ਵਿੱਚ ਚੱਲੇ ਤਾਂ ਸੁੱਖੀ ਰਹਿੰਦਾ ਹੈ। ਜੇ ਹੁਕਮ ਦੇ ਉਲਟ ਚੱਲਣਾ ਚਾਹੇ ਤਾਂ ਚੋਟਾਂ ਖਾ ਕੇ ਆਪਣਾ ਜੀਵਨ ਵਿਅਰਥ ਗਵਾ ਲਵੇਗਾ।

ਉੱਥੇ ਇਕ ਭਾਈ ਜਿਸ ਨੇ ਪਗੜੀ ਦਾ ਲੜ ਖੁੱਲ੍ਹਾ ਛੱਡਿਆ ਹੋਇਆ ਸੀ ਬੈਠਾ ਬਚਨ ਸੁਣਦਾ ਸੀ। ਸੰਤ ਜੀ ਨੇ ਕਿਹਾ ਭਾਈ! ਪਗੜੀ ਦਾ ਲੜ ਟੰਗ ਕੇ ਰੱਖਣਾ ਚਾਹੀਦਾ ਹੈ। ਖੁੱਲ੍ਹਾ ਲੜ ਰਜੋ-ਗੁਣੀ ਬਿਰਤੀ ਹੈ। ਟੰਗ ਕੇ ਰੱਖਣ ਨਾਲ ਸਤੋ-ਗੁਣੀ ਬਿਰਤੀ ਵੱਧਦੀ ਹੈ। ਇਹ ਗੱਲ ਸੁਣ ਕੇ ਉਸ ਪ੍ਰੇਮੀ ਨੇ ਕਿਹਾ "ਜੀ ਹੁਣੇ ਹੀ ਮੈਨੂੰ ਇਕ ਸਿੰਘ ਨੇ ਲੜ ਟੰਗਣ ਲਈ ਕਿਹਾ ਸੀ ਪਰ ਮੈਂ ਦਿਲ ਵਿੱਚ ਧਾਰਿਆ ਕਿ ਜੇ ਸੰਤ ਜੀ ਕਹਿਣਗੇ ਤਾਂ ਲੜ ਟੰਗ ਲਵਾਂਗਾ।" ਸੰਤ ਜੀ ਨੇ ਸਮਝਾਇਆ, "ਭਾਈ! ਕਿਸੇ ਨੂੰ ਇਸ ਤਰ੍ਹਾਂ ਅਜ਼ਮਾਉਣਾ ਠੀਕ ਨਹੀਂ ਹੁੰਦਾ।"

੬. ਜਦੋਂ ਸੰਤ ਜੀ ਮਹਾਰਾਜ ਸਿੰਘਾਪੁਰ ਤੋਂ ਵਾਪਸ ਆਏ ਤਾਂ ਦਾਸ ਵੀ ਦਰਸ਼ਨ ਕਰਨ ਲਈ ਪੁੱਜ ਗਿਆ। ਅਸੀਂ ਨਾਨਕਸਰ ਚੀਮੇਂ ਸਰੋਵਰ ਦੇ ਦੁਆਲੇ ਬਿਜ਼ਲੀ ਦੀ ਤਾਰ ਲਗਾ ਰਹੇ ਸੀ। ਸੰਤ ਜੀ ਨੂੰ ਮੱਥਾ ਟੇਕਣ ਗਏ ਤਾਂ ਨਾਲ ਆ ਰਹੇ ਭਾਈ ਸਰਦਾਰਾ ਸਿੰਘ ਨੇ ਕਿਹਾ, "ਆਉ ਪ੍ਰੋਫ਼ੈਸਰ ਸਾਹਿਬ।" ਸੰਤ ਜੀ ਮਹਾਰਾਜ ਨੇ ਬਚਨ ਕੀਤਾ, 'ਪ੍ਰੋਫ਼ੈਸਰ, ਪ੍ਰੋਫ਼ੁਸਰ ਕੋਈ ਨਹੀਂ, ਇਹ ਤਾਂ ਗੁਰੂ ਘਰ ਦਾ ਸੇਵਕ ਹੈ।"

੭. ਅਖੰਡ ਪਾਠ ਦੇ ਭੋਗ ਪਿੱਛੋਂ ਸੰਤ ਜੀ ਮਹਾਰਾਜ ਅਗਲੇ ਪਿੰਡ ਗਏ। ਉੱਥੋਂ ਦੀ ਸੰਗਤ ਨੇ ਪੇਂਡੂ ਢੋਲਕ, ਛੈਣਿਆਂ ਨਾਲ ਸਵਾਗਤ ਕੀਤਾ, ਨਾਲੇ ਕੁਝ ਸਿੰਘ ਗੱਤਕਾ ਖੇਡਦੇ ਜਾ ਰਹੇ ਸਨ। ਰਾਤ ਨੂੰ ਦੀਵਾਨ ਸਜਾਇਆ ਅਤੇ ਸਵੇਰੇ ਅੰਮ੍ਰਿਤ ਛਕਾ ਕੇ ਸੰਤ ਜੀ ਅਗਲੇ ਪਿੰਡ ਚਲੇ ਗਏ। ਦਾਸ ਨੂੰ ਸੰਤ ਜੀ ਨੇ ਕਿਹਾ, "ਫਿਕਰ ਨਾ ਕਰਿਆ ਕਰ।" **"ਦਰਸਨੁ ਛੋਡਿ ਭਏ ਸਮਦਰਸੀ"(੧੧●੩)** ਵਾਲੀ ਦ੍ਰਿਸ਼ਟੀ ਰੱਖਿਆ ਕਰ। ਕਿਤਾਬਾਂ ਤਾਂ ਲਿਖਣ ਵਾਲੇ ਲਿਖ ਦਿੰਦੇ ਹਨ ਪਰ ਉਹਨਾਂ ਇਸ ਦਾ ਕਦੀ ਅਨੁਭਵ ਨਹੀਂ ਕੀਤਾ ਤੇ ਕਦੇ ਅਨੰਦ ਨਹੀਂ ਮਾਣਿਆ ਅਤੇ ਨਾ ਹੀ ਬਹੁਤ ਲੋਕੀਂ ਇਸ ਨੂੰ ਸਮਝਣ ਦਾ ਯਤਨ ਕਰਦੇ ਹਨ। ਇਸ ਤਰ੍ਹਾਂ ਸੰਤ ਜੀ ਨੇ ਕਈ ਪਿੰਡਾਂ ਵਿੱਚ ਅੰਮ੍ਰਿਤ ਪ੍ਰਚਾਰ ਕੀਤਾ। ਅਨੰਦਪੁਰ ਸਾਹਿਬ ਕੇਸਗੜ੍ਹ ਵੀ ਅੰਮ੍ਰਿਤ ਛਕਾਇਆ, ਚਮਕੌਰ ਸਾਹਿਬ, ਰੋਪੜ, ਕੁਰਾਲੀ ਗੁਰਦੁਆਰਿਆਂ ਤੇ ਸਕੂਲਾਂ ਵਿੱਚ ਲੈਕਚਰ ਕੀਤੇ ਅਤੇ ਅੰਮ੍ਰਿਤਪਾਨ ਕਰਵਾ ਕੇ ਕਈ ਸਿੰਘਾਂ ਨੂੰ ਗੁਰੂ ਨਾਨਕ ਦੇ ਜ਼ਹਾਜ 'ਤੇ ਚੜ੍ਹਾਇਆ।

੮. ਦਾਸ ਨੇ ਕੁੱਲੂ ਤੋਂ ਇੱਕ ਬਹੁਤ ਕੀਮਤੀ ਪਸ਼ਮੀਨੇ ਦਾ ਦੁਸ਼ਾਲਾ ਖਾਸ ਉੱਚੇਚਾ ਕਰਕੇ ਮੰਗਵਾਇਆ। ਸਭ ਨੇ ਦੇਖ ਕੇ ਬਹੁਤ ਸਿਫਤ ਕੀਤੀ। ਨਾਨਕਸਰ ਚੀਮੇਂ ਦੇ ਪ੍ਰੇਮੀ ਦੇਖ ਕੇ ਵੀ ਬਹੁਤ ਖੁਸ਼ ਹੋਏ ਕਿ ਬਹੁਤ ਸੋਹਣਾ ਹੈ। ਦਾਸ ਦੇ ਮਨ ਵਿੱਚ ਫ਼ੁਰਨੇ ਆਉਣ ਲੱਗੇ ਕਿ ਸੰਤ ਜੀ ਦੇਖਦੇ ਸਾਰ ਪ੍ਰਸੰਨ ਹੋਣਗੇ ਅਤੇ ਆਪਣੀ ਪੁਰਾਣੀ ਕੰਬਲੀ ਲਾਹ ਕੇ ਇਹ ਦੁਸ਼ਾਲਾ ਲੈ ਲੈਣਗੇ ਅਤੇ ਮੈਨੂੰ ਬਹੁਤ ਸ਼ਾਬਾਸ਼ ਦੇਣਗੇ। ਜਿਸ ਵੇਲੇ ਭੇਟਾ ਕਰਕੇ ਉਹਨਾਂ ਵੱਲ ਤੱਕਣ ਲੱਗਾ ਕਿ ਕੁੱਝ ਕਹਿਣਗੇ, ਉਹਨਾਂ ਕੁਝ ਗੌਲਿਆਂ ਹੀ ਨਹੀਂ। ਹੱਥ ਨਾਲ ਇਕ ਪਾਸੇ ਕਰਕੇ ਉਂਝ ਹੀ ਬੈਠੇ ਰਹੇ, ਜਿਵੇਂ ਉਹ ਕੋਈ ਚੀਜ਼ ਹੈ ਹੀ ਨਹੀਂ। ਦਾਸ ਨੂੰ ਭਾਸਿਆ ਇਹ ਮੇਰੇ ਮਨ ਨੂੰ ਸਿੱਖਿਆ ਦੇਣ ਲਈ ਸੰਤ ਜੀ ਨੇ ਏਦਾਂ ਕੀਤਾ ਹੈ। ਇਸੇ ਤਰ੍ਹਾਂ ਮੇਰੇ ਪਿਤਾ ਜੀ ਨੇ ਮੈਨੂੰ ਬਹੁਤ ਸੋਹਣਾ ਦੁਸ਼ਾਲਾ ਲੈ ਕੇ ਦਿੱਤਾ। ਸੰਤ ਜੀ ਮਹਾਰਾਜ ਸਾਡੇ ਪਿੰਡ ਆਏ ਹੋਏ ਸਨ। ਜਦੋਂ ਗੱਡੀ ਚੜ੍ਹਾਉਣ ਆਇਆ, ਸਰਦੀ ਦਾ ਸਮਾਂ ਦੇਖ ਕੇ ਉਹ ਦੁਸ਼ਾਲਾ ਸੰਤਾਂ ਦੀ ਭੇਟਾ ਕਰ ਦਿੱਤਾ ਅਤੇ ਉੱਤੇ ਦੇ ਦਿੱਤਾ। ਸੰਤ ਜੀ ਸਮਾਧੀ ਅਸਥਿਤ ਹੋ ਕੇ ਬੈਠ ਗਏ। ਕਿਸੇ ਨੇ ਉਹ ਦੁਸ਼ਾਲਾ ਉਤਾਰ ਲਿਆ। ਸੇਵਕ ਨੇ ਆ ਕੇ ਦੱਸਿਆ ਤਾਂ ਕਿਹਾ, "ਭਾਈ! ਲੋੜਾਂ ਸਭ ਦੀਆਂ ਹਨ। ਸਾਡੇ ਨਾਲੋਂ ਵੱਧ ਲੋੜ ਵਾਲਾ ਲੈ ਗਿਆ। ਵਰਤ ਕੇ ਖੁਸ਼ ਹੋਵੇਗਾ।"

੯. ਦੂਸਰੇ ਦਿਨ ਸੰਤ ਜੀ ਮਹਾਰਾਜ ਨੇ ਸ਼ਬਦ ਦੀ ਵਿਚਾਰ ਕਰਕੇ ਇਹ ਉਪਦੇਸ਼ ਦਿੱਤਾ:

**ਨਾਨਕੁ ਤੇਰਾ ਬਾਣੀਆ ਤੂ ਸਾਹਿਬੁ ਮੈ ਰਾਸਿ ॥ (੫੫੭)**

ਉਹਨਾਂ ਕਿਹਾ ਅਸੀਂ ਬਾਣੀਏ ਚਮੜੀ ਦੇ ਹਾਂ। ਸਾਨੂੰ ਪ੍ਰਭੂ ਦੇ ਬਾਣੀਏ ਬਣਨਾ ਚਾਹੀਦਾ ਹੈ, ਸਮਝਾਉਂਦਿਆਂ ਕਿਹਾ ਕਿ ਪਠਾਨਾਂ ਇੱਕ ਵਾਰ ਕੋਹਾਟ ਵਿੱਚ ਲੁੱਟ ਮਾਰ ਕੀਤੀ ਤਾਂ ਉੱਥੇ ਇਕ ਮਾਇਆ ਦੇ ਪਿਆਰ ਵਾਲਾ (ਪੈਸਿਆਂ ਦਾ ਪੁੱਤ) ਰਹਿੰਦਾ ਸੀ, ਉਹ ਪਾਣੀ ਤੱਕ ਵੀ ਪੁਣ ਕੇ ਪੀਂਦਾ ਸੀ ਪਰੰਤੂ ਮਨੁੱਖਾਂ ਦਾ ਲਹੂ ਅਣਪੁਣਿਆ ਹੀ ਪੀ ਜਾਂਦਾ ਸੀ। ਦਿਨ ਰਾਤ ਗ਼ਰੀਬਾਂ ਨੂੰ ਲੁੱਟਦਾ ਸੀ। ਰੱਬ ਦੀ ਕੁਦਰਤ ਨਾਲ ਇਹ ਮਾਇਆ ਇੱਕਠੀ ਕਰਨ ਖਾਤਰ, ਦਿਨ ਰਾਤ ਭਟਕਣ ਵਾਲਾ ਬਾਣੀਆ, ਡਾਕੂਆਂ ਨੇ ਘੇਰ ਲਿਆ ਤਾਂ ਸੇਠ ਕਹਿਣ ਲੱਗਾ, ਮੇਰੀ ਜਵਾਨ ਧੀ ਨਾਲ ਜੋ ਮਰਜ਼ੀ ਕਰ ਲਵੋ ਪਰ ਮੇਰੇ ਧਨ ਨੂੰ ਨਾ ਲੁੱਟੋ। ਇਹ ਮਾਇਆ ਦਾ ਬਾਣੀਆ ਸੀ, ਭਾਈ! ਇਸ ਤਰ੍ਹਾਂ ਪ੍ਰਭੂ ਦੇ ਬਾਣੀਏ ਸਭ ਤੋਂ ਪਿਆਰੀ ਚੀਜ਼ ਨਾਮ ਧਨ ਹੀ ਸਮਝਦੇ ਹਨ।

**ਹਰਿ ਰਤਨੈ ਕਾ ਵਾਪਾਰੀਆ ਹਰਿ ਰਤਨ ਧਨੁ ਵਿਹਾਝੇ ॥ (੭੩੪)**

ਫਿਰ ਦੱਸਿਆ ਕਿ ਜਿਵੇਂ ਰਬੜ ਦੇ ਖਿਡੌਣੇ ਅੱਗ ਦੇ ਸੇਕ ਨਾਲ ਝੁਰੜ-ਮੁਰੜ ਹੋ ਜਾਂਦੇ ਹਨ। ਉਹਨਾਂ ਵਿੱਚੋਂ ਅਵਾਜ਼ ਨਿਕਲਣੀ ਬੰਦ ਹੋ ਜਾਂਦੀ ਹੈ। ਇਸੇ ਤਰ੍ਹਾਂ ਸਾਡਾ ਮਨ ਕਾਮ, ਕ੍ਰੋਧ ਦੇ ਸੇਕ ਨਾਲ ਵਿਗੜ ਜਾਂਦਾ ਹੈ। ਆਓ ਮਨ ਨੂੰ ਇਸ ਸੇਕ ਤੋਂ ਦੂਰ ਰੱਖਣ ਲਈ ਵਾਹਿਗੁਰੂ ਦਾ ਜਾਪ ਕਰੀਏ, ਫਿਰ ਖਿੜਿਆ ਹਰਿਆ ਬਾਗ਼ ਹੋ ਜਾਵੇਗਾ।

੧੦. ੧੯੫੦ ਈਸਵੀ ਵਿੱਚ ਇੱਕ ਵਾਰੀ ਮਨ ਵਿੱਚ ਸੰਤ ਜੀ ਦੇ ਦਰਸ਼ਨਾਂ ਦੀ ਉਮੰਗ ਹੋਈ। ਭਾਈ ਗਿਆਨ ਸਿੰਘ ਦੇ ਪਿੰਡ ਤੋਂ ਰਾੜਾ ਸਾਹਿਬ ਹੋ ਕੇ ਅਸੀਂ ਨਾਨਕਸਰ ਚੀਮੇਂ ਪਹੁੰਚੇ। ਅੰਮ੍ਰਿਤ ਵੇਲੇ ਆਸਾ ਦੀ ਵਾਰ ਵਿੱਚ ਸੰਤ ਜੀ ਨੇ ਹਰ ਇੱਕ ਨੂੰ ਵਾਰੀ-ਵਾਰੀ ਸ਼ਬਦ ਪੜ੍ਹਣ ਲਈ ਕਿਹਾ। ਦਾਸ ਨੂੰ ਕੋਈ ਸ਼ਬਦ ਨਹੀਂ ਸੀ ਆਉਂਦਾ। ਸੰਤ ਜੀ ਨੇ ਕਿਹਾ, "ਭਾਈ! **ਤੇਰਾ ਕੀਤਾ ਜਾਤੋ ਨਾਹੀ ਮੈਨੋ ਜੋਗੁ ਕੀਤੋਈ ॥** ਵਾਲਾ ਸ਼ਬਦ ਪੜ੍ਹ ਦੇਹ।" ਮਨ ਬਹੁਤ ਪ੍ਰਸੰਨ ਹੋਇਆ ਅਤੇ ਟਿਕਿਆ, ਸਾਰੀ ਆਸਾ ਦੀ ਵਾਰ ਦਾ ਅਨੰਦ ਹੁਣ ਵੀ ਮਨ ਨੂੰ ਖੇੜੇ ਤੇ ਸ਼ਾਂਤੀ ਵਿੱਚ ਲੈ ਆਉਂਦਾ ਹੈ।

੧੧. ੧੯੫੨ ਈਸਵੀ ਵਿੱਚ ਇੱਕ ਵਾਰੀ ਭਾਈ ਖੇਮ ਸਿੰਘ ਜੀ ਨੇ ਸੰਤ ਜੀ ਮਹਾਰਾਜ ਨੂੰ ਆਪਣੇ ਗ੍ਰਹਿ ਵਿਖੇ ਅਖੰਡ ਪਾਠ ਕਰਨ ਲਈ ਬੇਨਤੀ ਕੀਤੀ। ਸੰਤ ਜੀ ਨੂੰ ਲੈਣ ਲਈ ਕੁਰਾਲੀ ਗਿਆ। ਉੱਥੋਂ ਸੰਤ ਜੀ ਫ਼ਤਹਿਗੜ੍ਹ ਸਾਹਿਬ ਜਾ ਚੁੱਕੇ ਸਨ। ਉਹਨਾਂ ਨੂੰ ਉੱਥੇ ਜਾ ਮਿਲਿਆ ਅਤੇ ਪਿੰਡ ਕਾਲੇਕੇ ਨਜ਼ਦੀਕ ਬਾਘਾ ਪੁਰਾਣਾ ਲੈ ਆਇਆ। ਰਸਤੇ ਵਿੱਚ ਇੱਛਾ ਹੋਈ ਕਿ ਉਹਨਾਂ ਦੇ ਮਿੱਤਰ ਭਾਈ ਇਕਬਾਲ ਸਿੰਘ ਜੀ ਵੀ ਅਖੰਡ ਪਾਠ ਭਾਈ 'ਤੇ ਦਰਸ਼ਨ ਦੇਣ ਅਤੇ ਸੰਤ ਜੀ ਨੂੰ ਇਸ ਬਾਰੇ ਬੇਨਤੀ ਕੀਤੀ। ਉਹਨਾਂ ਕਿਹਾ ਭਾਈ! ਉਹ ਤਾਂ ਮਸਤਾਨਾ ਹੈ, ਚਿੱਠੀ ਪਾਉਣ ਦੀ ਲੋੜ ਨਹੀਂ, ਆਪੇ ਹੀ ਪਹੁੰਚ ਜਾਵੇਗਾ। ਦਾਸ ਸਹਿਜ-ਸੁਭਾਏ ਕਾਲੇਕੇ ਆ ਗਿਆ। ਦਾਸ ਨੂੰ ਵੇਖ ਕੇ ਭਾਈ ਖੇਮ ਸਿੰਘ ਜੀ ਬਹੁਤ ਪ੍ਰਸੰਨ ਹੋਏ। ਇਹ ਖੇਡ ਵੇਖ ਕੇ ਹੈਰਾਨ ਵੀ ਹੋਏ ਕਿ ਪਿਆਰ ਦੀ ਬੇਤਾਰ-ਤਾਰ ਨਾਲ ਕਿਵੇਂ ਦਾਸ ਉਹਨਾਂ ਤੋਂ ਪਹਿਲਾਂ ਪਹੁੰਚ ਗਿਆ।

ਪਿੰਡ ਜਾ ਕੇ ਪਾਠ ਅਰੰਭ ਕਰ ਦਿੱਤਾ। ਸ਼ਾਮ ਨੂੰ ਸੋਦਰੁ ਦਾ ਦੀਵਾਨ ਲੱਗਦਾ ਅਤੇ ਸਵੇਰੇ ਆਸਾ ਦੀ ਵਾਰ ਦਾ ਕੀਰਤਨ ਕਰਦੇ। ਸੰਤ ਜੀ ਨੇ ਭਾਈ ਖੇਮ ਸਿੰਘ ਜੀ ਨੂੰ ਕਿਹਾ ਕਿ ਪਾਠ ਦੇ ਭੋਗ ਪਿੱਛੋਂ ਅੰਮ੍ਰਿਤ ਦੀ ਤਿਆਰੀ ਕਰਨੀ ਹੈ, ਅਭਿਲਾਸ਼ੀਆਂ ਨੂੰ ਤਿਆਰ ਕਰਨਾ। ਅੰਮ੍ਰਿਤ ਛਕਾਉਣ ਦਾ ਪਹਿਰਾ ਸੰਤ ਜੀ ਬਹੁਤ ਜ਼ੋਰ ਨਾਲ ਦੇ ਰਹੇ ਸਨ। ਭਾਈ ਖੇਮ ਸਿੰਘ ਜੀ ਕੁਝ ਚਿੰਤਾ ਵਿੱਚ ਪੈ ਗਏ ਕਿ ਅੰਮ੍ਰਿਤ ਛਕਣ ਲਈ ਜੇ ਦੋ-ਚਾਰ ਸਿੰਘ ਹੀ ਹੋਏ ਤਾਂ ਸੰਤ ਜੀ ਕੀ ਕਹਿਣਗੇ। ਸੰਤ ਜੀ ਦੇ ਵਿਚਾਰਾਂ ਨੂੰ ਸੁਣ ਕੇ ਸੰਗਤ ਦੇ ਦਿਲਾਂ ਅੰਦਰ ਅਜਿਹੀ ਕਲਾ ਵਰਤੀ ਕਿ ਇੱਕ ਦਿਨ ਵਿੱਚ ਹੀ ਚਾਲੀ ਪ੍ਰੇਮੀ ਇਤਨੇ ਛੋਟੇ ਜਿਹੇ ਪਿੰਡ ਵਿੱਚ ਅੰਮ੍ਰਿਤ ਛਕਣ ਲਈ ਤਿਆਰ ਹੋ ਗਏ।

ਭਾਈ ਖੇਮ ਸਿੰਘ ਜੀ ਸੰਤ ਜੀ ਨੂੰ ਖ਼ਾਲਸਾ ਕਾਲਜ ਅੰਮ੍ਰਿਤਸਰ ੧੯੪੯ ਈਸਵੀ ਵਿੱਚ ਲੈਕਚਰ ਦੇਣ ਵੇਲੇ ਤੋਂ ਜਾਣਦੇ ਸਨ ਅਤੇ ਉਹਨਾਂ ਦਾ ਉਪਦੇਸ਼ ਸੁਣ ਕੇ ਬਹੁਤ ਪ੍ਰਭਾਵਿਤ ਹੋਏ ਸਨ। ਮੁੜ ਕੇ ਦਾਸ ਦੇ ਨਾਲ ਐਮ. ਐਸ. ਸੀ. ਕਰਨ ਲਈ ਜਲੰਧਰ ਇੱਕਠੇ ਹੋਏ। ਉੱਥੇ ਸੰਤ ਜੀ ਨਾਲ ਪ੍ਰੇਮ ਹੋਰ ਵੀ ਵੱਧ ਗਿਆ। ਇਸ ਨੇ ਛੇਵੀਂ ਜਮਾਤ ਵਿੱਚ ਗੁਰੂ ਤੇਗ ਬਹਾਦਰਗੜ੍ਹ, ਰੋਡੇ ਅੰਮ੍ਰਿਤ ਛਕਿਆ ਸੀ। ਉੱਥੋਂ ਦੇ ਹੈਡਮਾਸਟਰ ਭਾਈ ਕਰਤਾਰ ਸਿੰਘ ਬਰਾੜ ਗੁਰੂ ਨਾਨਕ ਦੇਵ ਜੀ ਦਾ ਪੁਰਬ ਮਨਾਉਂਦੇ ਅਤੇ ਭੋਗ ਪਿੱਛੋਂ ਅਭਿਲਾਸ਼ੀਆਂ ਨੂੰ ਅੰਮ੍ਰਿਤ ਛਕਾਉਂਦੇ ਸਨ। ਦਿਨ ਰਾਤ ਵਿਦਿਆਰਥੀ ਅਤੇ ਅਧਿਆਪਕ ਸਕੂਲ ਹੀ ਰਹਿੰਦੇ। ਲੰਗਰ ਦਾ ਪ੍ਰਬੰਧ ਵੀ ਕੀਤਾ ਜਾਂਦਾ। ਜਾਤ-ਪਾਤ ਤੇ ਛੂਤ-ਛਾਤ ਮਿਟਾਉਣ ਲਈ ਅਖੌਤੀ ਛੋਟੀਆਂ ਜਾਤਾਂ ਵਾਲਿਆਂ ਨੂੰ ਲੰਗਰ ਤਿਆਰ ਕਰਨ ਤੇ ਵਰਤਾਉਣ ਲਈ ਕਹਿੰਦੇ। ਇਹਨਾਂ ਵਿੱਚ ਮੁਸਲਮਾਨ ਲੜਕੇ ਵੀ ਸ਼ਾਮਲ ਹੁੰਦੇ ਸਨ।

ਪਾਠ ਦਾ ਭੋਗ ਪੈਣ 'ਤੇ ਸੰਤ ਜੀ ਨੇ ਪੁੱਛਿਆ, "ਹੋਰ ਛੁੱਟੀ ਕਿਤਨੀ ਹੈ?" ਤਾਂ ਭਾਈ ਖੇਮ ਸਿੰਘ ਜੀ ਨੇ ਕਿਹਾ, "ਮੇਰੀ ਛੁੱਟੀ ਅੱਜ ਦੀ ਹੈ ਪਰ ਇਸ ਦੀ ਕੋਈ ਗੱਲ ਨਹੀਂ, ਮੇਰੇ ਅਫ਼ਸਰ ਮੇਰੇ ਕੰਮ 'ਤੇ ਖੁਸ਼ ਹਨ। ਜੇਕਰ ਮੈਂ ਲੇਟ ਹੋ ਜਾਵਾਂਗਾ ਤਾਂ ਕੋਈ ਹਰਜ ਨਹੀਂ।" ਸੰਤ ਜੀ ਨੇ ਕਿਹਾ, "ਭਾਈ! ਜੇ ਕੋਈ ਸਹਾਰੇ ਲਈ ਬਾਂਹ ਦੇਵੇ, ਉਹ ਨਿਗਲ ਨਹੀਂ ਲੈਣੀ ਚਾਹੀਦੀ।" ਵਾਪਸ ਜਲੰਧਰ ਜਦੋਂ ਭਾਈ ਖੇਮ ਸਿੰਘ ਗਏ ਤਾਂ ਛੁੱਟੀ ਮਨਜ਼ੂਰ ਨਹੀਂ ਹੋਈ ਸੀ ਤਾਂ ਸੰਤ ਜੀ ਮਹਾਰਾਜ ਦੇ ਬਚਨ ਮਨ ਵਿੱਚ ਬੈਠ ਗਏ।

ਸੰਤ ਜੀ ਨਾਲ ਰਾਗ ਮਾਲਾ ਬਾਰੇ ਵਿਚਾਰ ਹੋਈ ਤਾਂ ਕਹਿਣ ਲੱਗੇ, "ਇਹ ਭਾਈ ਗੁਰਦਾਸ ਜੀ ਦੀ ਲਿਖੀ ਹੋਈ ਹੈ।" ਭਾਈ ਗੁਰਦਾਸ ਜੀ ਦੀਆਂ ਵਾਰਾਂ ਦਾ ਜ਼ਿਕਰ ਕਰਦੇ ਇਹ ਵੀ ਕਿਹਾ ਕਿ ਭਾਈ ਗੁਰਦਾਸ ਜੀ ਇੱਕੋ ਹੋਏ ਹਨ। ਜੇਕਰ ਇਕ ਤਪਾ ਬਾਲਮੀਕੀ ਰਮਾਇਣ ਰਾਮ ਚੰਦਰ ਦੇ ਹੋਣ ਤੋਂ ਪਹਿਲਾਂ ਲਿਖ ਸਕਦਾ ਹੈ ਤਾਂ ਕਿ ਗੁਰੂ ਘਰ ਦੇ ਗੁਣਵਾਨ ਭਾਈ ਗੁਰਦਾਸ ਜੀ ਦਸਵੇਂ ਪਾਤਸ਼ਾਹ ਬਾਰੇ ਨਹੀਂ ਲਿਖ ਸਕਦੇ ਸਨ।"

ਸੰਤ ਜੀ ਦੇ ਪ੍ਰਚਾਰ ਤੋਂ ਪ੍ਰਭਾਵਿਤ ਹੋ ਕੇ ਪਿੰਡ ਦੇ ਇਕ ਪ੍ਰੇਮੀ ਭਾਈ ਗੁਰਦਿੱਤ ਸਿੰਘ ਨੇ ਵੀ ਅੰਮ੍ਰਿਤ ਛਕਿਆ। ਇੱਕ ਰਾਤ ਸੰਤ ਜੀ ਨੂੰ ਘਰ ਬੁਲਾ ਕੇ ਪ੍ਰਸ਼ਾਦਾ ਛਕਾਇਆ। ਉਹਨਾਂ ਦੇ ਘਰ ਤਿੰਨ ਲੜਕੀਆਂ ਤੋਂ ਬਾਅਦ ਲੜਕਾ ਪੈਦਾ ਹੋਇਆ ਤਾਂ ਭਾਈ ਗੁਰਦਿੱਤ ਸਿੰਘ ਦੇ ਪਰਿਵਾਰ ਦਾ ਇਹ ਵਿਸ਼ਵਾਸ ਸੀ ਕਿ ਇਹ ਲੜਕਾ ਸੰਤ ਜੀ ਦੀ ਸੇਵਾ ਸਦਕਾ ਹੀ ਹੋਇਆ ਹੈ।

ਸੰਤ ਜੀ ਇੱਕ ਵਾਰੀ ਭਾਈ ਖੇਮ ਸਿੰਘ ਜੀ ਦੇ ਪਾਸ ਜਲੰਧਰ ਆਏ। ਉਹਨਾਂ ਦੀ ਘਰਵਾਲੀ ਦੀ ਸੇਵਾ ਤੋਂ ਪ੍ਰਸੰਨ ਹੋ ਕੇ ਆਪਣਾ ਚੋਲਾ ਬਖ਼ਸ਼ਿਆ ਅਤੇ ਕਿਹਾ ਭਾਈ ਕਾਕਾ ਹੋਵੇਗਾ। ਇਹਦਾ ਕੱਪੜਾ ਸੀ ਕੇ ਪਾ ਦੇਵੀਂ। ਇਸੇ ਤਰ੍ਹਾਂ ਹੀ ਹੋਇਆ। ਭਾਈ ਖੇਮ ਸਿੰਘ ਜੀ ਨੇ ਦੱਸਿਆ ਕਿ ਜਲੰਧਰ ਅਸੀਂ ਲਾਡੋ ਵਾਲੀ ਰਹਿੰਦੇ ਸਾਂ, ਨਾਲ ਹੀ ਗੁਰਦੁਆਰਾ ਹੈ। ਸੰਤ ਭਾਈ ਮੱਘਰ ਸਿੰਘ ਗੁਰਦੁਆਰੇ ਸੇਵਾ ਕਰਦੇ ਹੁੰਦੇ ਸਨ। ਇੱਕ ਵਾਰੀ ਸੰਤ ਜੀ ਨਾਲ ਗੁਰਦੁਆਰੇ ਗਏ। ਗੁਰ-ਪੁਰਬ ਕਰਕੇ ਬਹੁਤ ਸੁੰਦਰ ਤੰਬੂ ਕਨਾਤਾਂ ਨਾਲ ਠਾਠ-ਬਾਠ ਬਹੁਤ ਰਚਿਆ ਹੋਇਆ ਸੀ। ਇਹ ਵੇਖ ਕੇ ਸੰਤ ਜੀ ਨੇ ਕਿਹਾ, **"ਭਾਈ ਇਸ ਤਰ੍ਹਾਂ ਦੇ ਠਾਠ-ਬਾਠ ਤੇ ਵਿਖਾਵੇ ਦੀ ਲੋੜ ਨਹੀਂ, ਸਾਨੂੰ ਹਲੀਮੀ ਤੇ ਗ਼ਰੀਬੀ ਹੀ ਰੱਖਣੀ ਚਾਹੀਦੀ ਹੈ, ਜੋ ਗੁਰੂ ਸਾਹਿਬ ਨੂੰ ਭਾਉਂਦੀ ਹੈ। ਮਾਣ ਅਤੇ ਸ਼ੋਭਾ ਵਿਖਾਵੇ ਨਾਲ ਨਹੀਂ, ਸਗੋਂ ਚੰਗੇ ਪ੍ਰਚਾਰ ਨਾਲ ਹੀ ਹੁੰਦੀ ਹੈ।"** ਰਾਤ ਨੂੰ ਹਨ੍ਹੇਰੀ ਆਈ, ਸਭ ਕੁਝ ਢਹਿ ਪਿਆ। ਦੀਵਾਨ ਉਸੇ ਤਰ੍ਹਾਂ ਸਾਦਾ ਵਾਤਾਵਰਣ ਵਿੱਚ ਲੱਗਿਆ।

ਗੁਰ-ਪੁਰਬ 'ਤੇ ਵਖਿਆਣ ਦੇਣ ਲਈ ਸੰਤ ਜੀ ਨੇ ਆਪ ਮੰਗ ਕੇ ਕਈ ਗੁਰਦੁਆਰਿਆਂ ਤੋਂ ਸਮਾਂ ਲਿਆ। ਸੰਤ ਜੀ ਦੇ ਗੁਰਮਤਿ ਵਿਚਾਰਾਂ ਦਾ ਤੱਤ ਇਹ ਸੀ ਕਿ ਭਾਈ! ਇਸ ਵੇਲੇ ਸਾਡੇ ਮਨ ਅੰਦਰ ਝੂਠੇ ਦਿਖਾਵੇ ਦਾ ਮੋਹ ਬਹੁਤ ਵੱਧ ਗਿਆ ਹੈ। ਜਿੰਨੀ ਖਿੱਚ ਜੀਵ ਨੂੰ ਚੰਗੇ ਸੂਟ-ਬੂਟ ਦੀ ਅਤੇ ਸਰੀਰ ਨੂੰ ਸੋਹਣਾ ਰੱਖਣ ਦੀ ਹੈ ਜੇਕਰ ਓਨੀਂ ਖਿੱਚ ਵੀ ਰੱਬ ਨੂੰ ਮਿਲਣ ਦੀ ਹੋ ਜਾਵੇ ਤਾਂ ਦਾਸ ਉਹਨਾਂ ਨੂੰ ਮੱਥਾ ਟੇਕਦਾ ਹੈ।

ਭਾਈ ਕਰਮ ਸਿੰਘ ਬੈਂਸ ਦੇ ਘਰ ਪ੍ਰਸ਼ਾਦ ਛਕਣ ਜਾਣਾ ਸੀ। ਰਾਹ ਵਿੱਚ ਬਹੁਤ ਹਨ੍ਹੇਰੀ ਆਈ। ਨਾਤੇ-ਧੋਤੇ ਸਭ ਮਿੱਟੀ ਨਾਲ ਭਰ ਗਏ। ਹਨ੍ਹੇਰੀ ਹਟੀ ਤਾਂ ਸੰਤ ਜੀ ਨੇ ਮਸਤੀ ਵਿੱਚ ਖਿੜ-ਖਿੜਾ ਕੇ ਕਿਹਾ, "ਵੇਖੋ! ਅਕਾਲ ਪੁਰਖ ਦਾ ਕੀ ਰੰਗ ਹੈ।" ਮਈ ੧੯੬੨ ਵਿੱਚ ਸੰਤ ਜੀ ਭਾਈ ਖੇਮ ਸਿੰਘ ਜੀ ਪਾਸ ਕਾਂਗੜੇ ਗਏ। ਧਰਮਸਾਲਾ, ਨਗਰੋਟਾ, ਬੈਜਨਾਥ ਆਦਿ ਵੀ ਗਏ। ਉੱਥੋਂ ਫਿਰ ਰਵਾਲਸਰ ਜਾਣ ਦੀ ਖਿੱਚ ਸੀ। ਰਾਤ ਨੂੰ ਮੰਡੀ ਠਹਿਰੇ। ਭਾਈ ਖੇਮ ਸਿੰਘ ਪਾਸ ਹੀ ਸੁੱਤਾ ਪਿਆ ਸੀ। ਸੰਤ ਜੀ ਰਾਤ ਨੂੰ ਲੱਕੜ ਦੇ ਕਮੋਡ 'ਤੇ ਬੈਠੇ ਤਾਂ ਕੁਰਸੀ ਟੁੱਟ ਗਈ ਅਤੇ ਸੰਤ ਜੀ ਡਿੱਗ ਪਏ। ਉਹ ਖੜਾਕ ਸੁਣ ਕੇ ਉੱਠ ਖੜਿਆ। ਉਸ ਦੀ ਚਿੰਤਾ ਤੇ ਘਬਰਾਹਟ ਦੂਰ ਕਰਨ ਲਈ ਕਿਹਾ, "ਭਾਈ! ਕੁਝ ਨਹੀਂ ਸੂਲੀ ਦੀ ਸੂਲ ਹੋ ਗਈ ਹੈ।"

ਅਗਲੇ ਦਿਨ, ਜਿਸ ਬੱਸ ਵਿੱਚ ਜਾ ਰਹੇ ਸੀ, ਉਹ ਬੱਸ ਸਲਿੱਪ ਹੋ ਗਈ, ਬਹੁਤ ਮੁਸ਼ਕਲ ਨਾਲ ਬਚੇ। ਬੱਸ ਦਾ ਪਹੀਆ ਸੜਕ ਦੇ ਕਿਨਾਰੇ 'ਤੇ ਪਹੁੰਚ ਗਿਆ ਸੀ। ਬੱਸ ਦਾ ਅਜਿਹੇ ਐਨ ਡਿੱਗਣ ਵਾਲੀ ਥਾਂ ਤੋਂ ਬਚ ਜਾਣਾ ਵੇਖ ਕੇ ਸੰਤ ਜੀ ਦੇ ਕਹੇ ਸ਼ਬਦ ਸੂਲੀ ਤੋਂ ਸੂਲ ਹੋ ਗਈ, ਚੇਤੇ ਆ ਗਏ।

ਰਵਾਲਸਰ ਦੇ ਸਰੋਵਰ ਦੇ ਉੱਤਰੀ ਦਿਸ਼ਾ ਵੱਲ ਬੋਧੀਆਂ ਦੇ ਤਿੱਬਤੀ ਲਾਮਿਆਂ ਦਾ ਪਦਮਸੰਭਵਹ ਜੀ ਦਾ ਮੰਦਰ ਹੈ। ਸ਼ਰਧਾਲੂ ਲੋਕ ਸਰੋਵਰ ਦੀਆਂ ਪ੍ਰਕਰਮਾਂ ਕਰਕੇ ਕੀੜੀਆਂ ਨੂੰ ਫੁਲੀਆਂ ਪਾਉਂਦੇ ਹਨ। ਸੇਵਕ ਆਪਸ ਵਿੱਚ ਘੁੱਸਰ-ਮੁੱਸਰ ਕਰ ਰਹੇ ਸੀ ਕਿ ਗਲਤ ਕਰਮ-ਕਾਂਡਾਂ ਵਿੱਚ ਪਏ ਹੋਏ ਹਨ। ਸੰਤ ਜੀ ਅੱਗੇ-ਅੱਗੇ ਜਾ ਰਹੇ ਸਨ, ਜਦੋਂ ਉਹਨਾਂ ਦੇ ਕੰਨਾਂ ਵਿੱਚ ਅਵਾਜ਼ ਪਈ ਤਾਂ ਉਸੇ ਵੇਲੇ ਮੁੜ ਕੇ ਜ਼ੋਰਦਾਰ ਸ਼ਬਦਾਂ ਵਿੱਚ ਤਾੜਨਾ ਕੀਤੀ ਕਿ ਕਿਸੇ ਨੂੰ ਮੱਤ ਨਿੰਦੋ। ਜੇ ਇਨ੍ਹਾਂ ਵਿੱਚੋਂ ਵੀ ਕੋਈ ਸੱਚੇ ਹਿਰਦੇ ਨਾਲ ਪ੍ਰਭੂ ਦੀ ਭਗਤੀ ਵੱਲ ਇਸ ਤਰ੍ਹਾਂ ਲੱਗਾ ਹੈ ਤਾਂ ਉਸ ਨੂੰ ਆਤਮ-ਮਾਰਗ ਦਾ ਰਸਤਾ ਮਿਲ ਜਾਵੇਗਾ। ਜਿਸ ਤਰ੍ਹਾਂ ਭਗਤ ਰਾਮਾਨੰਦ ਜੀ, ਭਗਤ ਨਾਮਦੇਵ ਜੀ, ਭਗਤ ਧੰਨਾ ਜੀ ਤੇ ਭਗਤ ਤ੍ਰਿਲੋਚਨ ਜੀ ਆਦਿ ਸੱਚੇ ਦਿਲ ਨਾਲ ਠਾਕੁਰ ਪੂਜਦੇ-ਪੂਜਦੇ ਨਿਰਾਕਾਰ ਦੇਸ਼ ਪਹੁੰਚ ਗਏ।

**ਏਕ ਦਿਵਸ ਮਨ ਭਈ ਉਮੰਗ ॥ ਘਸਿ ਚੰਦਨ ਚੋਆ ਬਹੁ ਸੁਗੰਧ ॥**

**ਪੂਜਨ ਚਾਲੀ ਬ੍ਰਹਮ ਠਾਇ॥ ਸੋ ਬ੍ਰਹਮੁ ਬਤਾਇਓ ਗੁਰ ਮਨ ਹੀ ਮਾਹਿ॥ (੧੧੯੫)**

ਰਵਾਲਸਰ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਕੇ ਉਹ ਸਭ ਅਸਥਾਨ ਵੇਖੇ ਜਿੱਥੇ ਗੁਰੂ ਕਲਗੀਧਰ ਜੀ ਨੇ ਚਰਨ ਪਾਏ ਸਨ। ਵਾਪਸ ਆਉਂਦਿਆਂ ਹੋਇਆਂ ਜੋਗਿੰਦਰ ਨਗਰ ਗੁਰਦੁਆਰੇ ਦੇ ਦਰਸ਼ਨ ਕੀਤੇ ਤੇ ਬਿਜਲੀ ਘਰ ਵੇਖਿਆ। ਗੱਲਾਂ ਸੁਣਨ ਵਾਲੇ ਨੂੰ ਇਉਂ ਜਾਪਦਾ ਸੀ ਜਿਵੇਂ ਸੰਤ ਜੀ ਕੋਈ ਵੱਡੇ ਇੰਜੀਨੀਅਰ ਹੋਣ।

੧੨. ਭਾਈ ਈਸ਼ਰ ਸਿੰਘ ਨਾਰਾ ਨੇ 'ਬਾਬਾ ਸਾਹਿਬ ਸਿੰਘ ਬੇਦੀ' ਦੀ ਪੁਸਤਕ ਲਿਖੀ ਹੈ। ਉਹਨਾਂ ਨੇ ਇਹ ਪੁਸਤਕ ਸੰਤ ਜੀ ਮਹਾਰਾਜ ਨੂੰ ਦਿੱਲੀ ਭੇਟਾ ਕੀਤੀ ਤਾਂ ਸੰਤਾਂ ਨੇ ਇਲਾਹੀ ਰੰਗ ਵਿੱਚ ਆ ਕੇ ਕਿਹਾ, "ਭਾਈ! ਜੇ ਤੈਨੂੰ ਕਰਤਾਰ ਨੇ ਬੁੱਧੀ ਤੇ ਸਮਰੱਥਾ ਦਿੱਤੀ ਤਾਂ ਤੂੰ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਜੀਵਨੀ 'ਤੇ ਪੁਸਤਕ ਲਿਖ। ਤੇਰਾ ਭਲਾ ਹੋਵੇਗਾ ਤੇ ਪੜ੍ਹਨ ਵਾਲੇ ਵੀ ਲਾਭ ਉਠਾਉਣਗੇ।" ਸੰਤ ਜੀ ਮਹਾਰਾਜ ਨੂੰ ਗੁਰੂ ਕਲਗੀਆਂ ਵਾਲੇ ਨਾਲ ਇੰਨਾਂ ਪ੍ਰੇਮ ਤੇ ਸਤਿਕਾਰ ਸੀ ਜਿਸ ਦਾ ਦਾਸ ਬਿਆਨ ਨਹੀਂ ਕਰ ਸਕਦਾ।

## ਬਾਬਾ ਹਰਦੀਪ ਸਿੰਘ ਜੀ

ਜਦ ਮੈਂ ਗਿਆਰਾਂ ਸਾਲ ਦਾ ਸੀ, ਸੰਤ ਭਗਵਾਨ ਸਿੰਘ ਜੀ ਪਾਸੋਂ ਗੁਰਦੁਆਰਾ ਰੇਰੂ ਸਾਹਿਬ, ਪਿੰਡ ਰਾਮਪੁਰ, ਜ਼ਿਲ੍ਹਾ ਲੁਧਿਆਣਾ, ਜਿੱਥੇ ਮੇਰੇ ਨਾਨਕੇ ਸਨ, ਆਪਣੀ ਮਾਤਾ ਦੀ ਪ੍ਰੇਰਨਾ ਨਾਲ ਪਹਿਲੀ ਵਾਰ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਸੀ। ਫਿਰ ਸਾਡੇ ਪਿੰਡ ਗੁਰੂ ਨਾਨਕ ਖ਼ਾਲਸਾ ਹਾਈ ਸਕੂਲ ਗਿੱਲ ਜ਼ਿਲ੍ਹਾ ਲੁਧਿਆਣਾ ਸੱਤਵੀਂ ਜਮਾਤ ੧੯੫● ਈਸਵੀ ਵਿੱਚ ਸੰਤ ਬਾਬਾ ਤੇਜਾ ਸਿੰਘ ਜੀ ਅੰਮ੍ਰਿਤ ਪ੍ਰਚਾਰ ਦਾ ਦੌਰਾ ਕਰਦੇ ਹੋਏ ਪਹੁੰਚੇ ਤਾਂ ਸਾਨੂੰ ਕਾਫ਼ੀ ਸਾਰੇ ਵਿਦਿਆਰਥੀਆਂ ਨੂੰ ਉਹਨਾਂ ਬੜੇ ਪ੍ਰੇਮ ਨਾਲ ਅੰਮ੍ਰਿਤ ਛਕਾਇਆ ਤੇ ਰਹਿਤ ਰੱਖਣ ਦੀ ਸਿੱਖਿਆ ਦਿੱਤੀ। ਉਦੋਂ ਮੈਂ 'ਜਪੁ ਜੀ ਸਾਹਿਬ' ਦਾ ਪਾਠ ਕਰ ਲੈਂਦਾ ਸੀ ਪਰ ਇਹ ਸਭ ਕੁਝ ਕਾਲਜ ਦੇ ਚਾਰ ਸਾਲਾਂ ਵਿੱਚ ਕਿਨਾਰੇ ਰਹਿ ਗਿਆ। ਦੋ ਸਾਲ ਮਹਿੰਦਰਾ ਕਾਲਜ ਪਟਿਆਲੇ, ਤੀਜਾ ਸਾਲ ਡੀ. ਏ. ਵੀ. ਕਾਲਜ ਜਲੰਧਰ ਅਤੇ ਚੌਥਾ ਸਾਲ ਖ਼ਲਾਸਾ ਕਾਲਜ ਅੰਮ੍ਰਿਤਸਰ, "**ਭਰਿ ਜੋਬਨ ਭੋਜਨ**

**ਸੁਖ ਸੂਧ॥"** (੨੬੬) ਵਿੱਚ ਬੀਤ ਗਿਆ।

੧੯੫੮ ਈਸਵੀ ਦੇ ਗਰਮੀਆਂ ਦੇ ਦਿਨ ਸਨ, ਸਾਡੇ ਘਰ ਸੁਨੇਹਾ ਪਹੁੰਚਿਆ ਕਿ ਭਾਈ ਗਿਆਨ ਸਿੰਘ ਦੇ ਘਰ ਸੰਤ ਜੀ ਆਏ ਹਨ। ਮੈਂ ਆਪਣੀ ਮਾਤਾ ਦੇ ਨਾਲ ਦੁੱਧ ਲੈ ਕੇ ਹਾਜ਼ਰ ਹੋ ਗਿਆ। ਸੰਤਾਂ ਨੂੰ ਫ਼ਤਹਿ ਬੁਲਾ ਕੇ ਨਮਸਕਾਰ ਕੀਤੀ ਤੇ ਬੈਠ ਗਿਆ। ਕੁਝ ਚਿਰ ਪੱਖਾ ਝੱਲਣ ਦੀ ਸੇਵਾ ਮਿਲੀ। ਸੰਤ ਜੀ ਨਾਨਕਸਰ ਚੀਮੇਂ ਤੋਂ ਆਏ ਸਨ। ਸੰਗਤਾਂ ਨੂੰ ਦਰਸ਼ਨ ਦੇ ਕੇ, ਦੁਪਹਿਰਾ ਕੱਟ ਅੰਮ੍ਰਿਤਸਰ ਨੂੰ ਚਲੇ ਗਏ।

ਤੀਸਰੇ ਦਿਨ ਸੰਤ ਜੀ ਅੰਮ੍ਰਿਤਸਰ ਤੋਂ ਵਾਪਸੀ ਸਮੇਂ ਫਿਰ ਗਿੱਲ ਪਿੰਡ ਠਹਿਰੇ ਤਾਂ ਹੱਥ ਜੋੜ ਕੇ ਅਰਜ਼ ਕੀਤੀ, "ਮਹਾਰਾਜ' ਮੈਨੂੰ ਨਾਲ ਲੈ ਚੱਲੋ।" ਸੰਤਾਂ ਨੇ ਬਚਨ ਕੀਤਾ, "ਤੂੰ ਕੀ ਕਰੇਂਗਾ?" ਇਹ ਸੁਣ ਮੇਰਾ ਮਨ ਭਰ ਆਇਆ, ਮੈਂ ਕਿਹਾ "ਜੋ ਕੁਝ ਤੁਸੀਂ ਕਹੋਗੇ, ਮੈਂ ਕਰੀਂ ਚਲੂੰਗਾ।" ਸੰਤਾਂ ਨੇ ਆਪਣੇ ਨਾਲ ਚੱਲਣ ਦੀ ਆਗਿਆ ਦੇ ਦਿੱਤੀ। ਮੈਂ ਚੀਮਾਂ ਨਾਨਕਸਰ ਸੇਵਾ ਵਿੱਚ ਆ ਗਿਆ। ਇਸ ਦੌਰਾਨ ਬੀਤੀਆਂ ਕੁਝ ਸਾਖੀਆਂ ਸੰਗਤਾਂ ਦੀ ਸੇਵਾ ਵਿੱਚ ਹਾਜ਼ਰ ਕਰਦਾ ਹਾਂ।

੧. ਪਹਿਲੇ ਤਿੰਨ ਸਾਲ ਬੜੂ ਸਾਹਿਬ ਸੰਤ ਅਤਰ ਸਿੰਘ ਹਰੀ ਸਾਧੂ ਆਸ਼ਰਮ ਦੀ ਸੇਵਾ ਸੰਭਾਲ ਵਿੱਚ ਬੀਤੇ। ਹਰ ਸਾਲ ਸੰਤ ਜੀ ਗਰਮੀਆਂ ਦੇ ਮੌਸਮ ਵਿੱਚ ਇੱਥੇ ਆਇਆ ਕਰਦੇ ਸਨ ਅਤੇ ਆਪਣੇ ਸੇਵਕਾਂ ਨੂੰ ਬ੍ਰਹਮ ਗਿਆਨ ਦਾ ਉਪਦੇਸ਼ ਦਿਆ ਕਰਦੇ ਸਨ। ਇੱਕ ਵਾਰ ਅਸੀਂ ਗੁਫ਼ਾ ਅਤੇ ਤਪੱਸਿਆ ਦੀ ਗੱਲ ਸ਼ੁਰੂ ਕਰ ਦਿੱਤੀ ਤਾਂ ਸੰਤ ਜੀ ਨੇ ਉੱਤਰ ਦਿੱਤਾ, "ਸਾਧ-ਸੰਗਤ ਗੁਰਸਿੱਖਾਂ ਦੀ ਸੱਚੀ ਗੁਫ਼ਾ ਹੈ ਅਤੇ ਸੰਗਤਾਂ ਦਾ ਬਚਨ ਮੰਨ ਕੇ ਸੇਵਾ ਕਰਨੀ ਤਪਾਂ ਸਿਰ ਤਪ ਹੈ।" ਪਹਾੜੀ ਲੋਕ ਸੰਤਾਂ ਲਈ ਫਲ-ਫੁੱਲ ਦੀ ਦਰਸ਼ਨ ਭੇਟਾ ਲਿਆਉਂਦੇ, ਸੰਤ ਜੀ ਉਹਨਾਂ ਤੋਂ 'ਧੰਨ ਗੁਰੂ ਨਾਨਕ' ਦਾ ਜਾਪ ਕਰਵਾਉਂਦੇ।

੨. ਗਰਮੀਆਂ ਦੇ ਦਿਨ ਸਨ। ਗੁਰਦੁਆਰਾ ਨਾਨਕਸਰ ਚੀਮੇਂ ਵਿਖੇ ਸੰਤ ਜੀ ਦੀ ਸਿਹਤ ਕਾਫ਼ੀ ਢਿੱਲੀ ਹੋ ਗਈ। ਇਕ ਤਪੱਸਵੀ ਮਹਾਂਪੁਰਸ਼ ਇਸ ਘਟਨਾ ਨਾਲ ਸੰਬੰਧਿਤ ਸਨ। ਇਹ ਆਤਮਿਕ ਮੰਡਲ ਦੀ ਗੱਲ ਹੈ। ਇਸ ਤੋਂ ਪਹਿਲਾਂ ਦੋ ਘਟਨਾਵਾਂ ਵਾਪਰ ਚੁੱਕੀਆਂ ਸਨ, ਇਹ ਤੀਸਰੀ ਆਖਰੀ ਘਟਨਾ ਸੀ।

ਸੰਤ ਸਮਾਜ ਦੇ ਇਕ ਤਪੱਸਵੀ, ਜਿਨ੍ਹਾਂ ਦਾ ਡੇਰਾ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਸੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੰਗਲਾਂ ਦੀ ਵਿਚਾਰ ਸਮੇਂ, ਕਿਸੇ ਇੱਕ ਚੁਗਲ ਦਾ ਕਿਹਾ ਸੁਣ ਕੇ ਸੰਤ ਜੀ ਉੱਪਰ ਕਰੋਪ ਹੋ ਗਏ। ਉਸ ਚੁਗਲ ਨੇ ਤਪੱਸਵੀ ਜੀ ਨੂੰ ਕਿਹਾ ਕਿ ਫਲਾਣੀ ਮੀਟਿੰਗ ਵਿੱਚ ਸੰਤ ਤੇਜਾ ਸਿੰਘ ਜੀ ਨੇ ਤੁਹਾਡੀ ਗੱਲ ਨਹੀਂ ਮੰਨੀ ਜਿਸ ਵਿੱਚ ਆਪਣੀ ਭਾਰੀ ਹੱਤਕ ਹੋਈ ਹੈ। ਇਸ ਨਾਲ ਤਪੱਸਵੀ ਜੀ ਨੇ ਕ੍ਰੋਧਿਤ ਹੋ ਕੇ ਆਪਣੇ ਆਤਮਿਕ ਬਲ ਰਾਹੀਂ ਸੰਤ ਜੀ ਉੱਪਰ ਦੋ ਹਮਲੇ ਕੀਤੇ ਜਿੰਨਾਂ ਨਾਲ ਸੰਤ ਜੀ ਦੇ ਸਰੀਰ ਨੂੰ ਕੋਈ ਕਸ਼ਟ ਨਾ ਪਹੁੰਚ ਸਕਿਆ ਅਤੇ ਤਪੱਸਵੀ ਜੀ ਹੋਰ ਖਿੱਝ ਗਏ। ਤੀਸਰੀ ਵਾਰ ਤਪੱਸਵੀ ਜੀ ਅਰਦਾਸ ਕਰਕੇ ਆਪਣੇ ਆਸਣ 'ਤੇ ਬੈਠ ਗਏ ਕਿ ਜਾਂ ਮੈਂ ਰਹੂੰਗਾ ਜਾਂ ਤੇਜਾ ਸਿੰਘ ਰਹੇਗਾ। ਨਿਰਵੈਰ ਸੰਤ ਤੇਜਾ ਸਿੰਘ ਜੀ ਨੇ ਇਸ ਹਾਲਤ ਵਿੱਚ ਖਾਣਾ-ਪੀਣਾ ਤਿਆਗ ਦਿੱਤਾ। ਸਿਰਫ਼ ਮੁਨੱਕੇ ਦਾ ਉਬਲਿਆ ਪਾਣੀ ਇੱਕ ਅੱਧ ਘੁੱਟ ਪਿਆਸ ਲੱਗਣ 'ਤੇ ਪੀ ਲੈਂਦੇ ਅਤੇ ਸੰਗਤਾਂ ਨਾਲ ਬਚਨ-ਬਿਲਾਸ ਕਰਨੇ ਵੀ ਬੰਦ ਕਰ ਦਿੱਤੇ। ਇਸੇ ਹਾਲਤ ਵਿੱਚ ਮਹੀਨੇ ਤੋਂ ਉੱਪਰ ਬੀਤ ਗਿਆ। ਆਖਰੀ ਰਾਤ ਤਪੱਸਵੀ ਜੀ ਆਪਣੇ ਹੱਠ ਕਰਕੇ ਸਰੀਰ ਛੱਡ ਗਏ ਅਤੇ ਸੰਤ ਨਵੇਂ ਨਰੋਏ ਹੋ ਗਏ।

੩. ਸੰਤ ਜੀ ਨੇ ਇੱਕ ਵਾਰ ਦੱਸਿਆ ਕਿ ਜਦ ਅਸੀਂ ਬਾਹਰਲੇ ਮੁਲਕਾਂ ਵਿੱਚ ਵਿੱਦਿਆ ਪ੍ਰਾਪਤੀ ਕਰਕੇ ਅਤੇ ਸਿੱਖ ਮਿਸ਼ਨ ਦਾ ਪ੍ਰਚਾਰ ਕਰਕੇ ਸੰਤ ਅਤਰ ਸਿੰਘ ਜੀ ਮਹਾਰਾਜ ਕੋਲ ਵਾਪਸ ਮਸਤੂਆਣਾ ਸਾਹਿਬ ਪਹੁੰਚੇ ਤਾਂ ਉਹਨਾਂ ਸਾਨੂੰ ਪੁੱਛਿਆ, "ਭਾਈ ਤੇਜਾ ਸਿੰਘ! ਸਾਇੰਸ ਉੱਪਰਲੀ ਦੁਨੀਆਂ ਬਾਰੇ ਕੀ ਦੱਸਦੀ ਹੈ? ਕੀ ਆਪਣੀ ਧਰਤੀ ਤੋਂ ਪਰੇ ਕੋਈ ਹੋਰ ਧਰਤੀਆਂ 'ਤੇ ਵੀ ਲੋਕ ਵੱਸਦੇ ਹਨ?" ਤਾਂ ਸੰਤ ਜੀ ਨੇ ਉੱਤਰ ਵਿੱਚ ਆਖਿਆ ਕਿ ਮਹਾਰਾਜ ਸਾਇੰਸ ਵਾਲੇ ਤਿੰਨ-ਚਾਰ ਧਰਤੀਆਂ ਉੱਪਰ ਆਪਣੇ ਵਰਗੀ ਅਬਾਦੀ ਮੰਨਦੇ ਹਨ ਪਰ ਹਜ਼ੂਰ ਆਪ ਅੰਤਰਜ਼ਾਮੀ ਹੋ, ਆਪ ਕੁਝ ਕਿਰਪਾ ਕਰੋ।" ਇਹ ਸੁਣ ਕੇ ਸੰਤ ਬਾਬਾ ਅਤਰ ਸਿੰਘ ਜੀ ਨੇ ਫੁਰਮਾਇਆ, "ਇੱਕ ਧਰਤੀ ਐਸੀ ਵੀ ਹੈ, ਜਿਸ ਉੱਪਰ ਸਾਰੇ ਲੋਕ ਬ੍ਰਹਮ-ਗਿਆਨੀ ਹਨ। ਹੁਣ ਇਸ ਧਰਤੀ ਦੀ ਵਾਰੀ ਹੈ। ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਚਰਨ ਪਏ ਹਨ, ਇੱਕ ਦਿਨ ਇਹ ਸਾਰੀ ਹੀ ਤਰ ਜਾਏਗੀ।" ਜਦ ਮੈਂ ਸੰਤ ਬਾਬਾ ਤੇਜਾ ਸਿੰਘ ਜੀ ਮਹਾਰਾਜ ਤੋਂ ਇਹ ਗੱਲ ਜਬਾਨੀ ਸੁਣੀ, ਮੈਂ ਸੰਤ ਜੀ ਨੂੰ ਆਖਿਆ, "ਮਹਾਰਾਜ! ਉੱਥੇ ਐਨੇ ਬ੍ਰਹਮ-ਗਿਆਨੀ ਬੈਠੇ ਕੀ ਕਰਦੇ ਹਨ?" ਸੰਤ ਜੀ ਨੇ ਗੁਰਬਾਣੀ ਦੀ ਇੱਕ ਤੁਕ ਪੜ੍ਹੀ:

**ਕਈ ਕੋਟਿ ਆਤਮ ਧਿਆਨੁ ਧਾਰਹਿ ॥** (੨੭੫)

੪. ਸੰਤ ਜੀ ਹਰ ਸਾਲ ਵਿਸਾਖੀ ਨੂੰ ਦਮਦਮੇ ਸਾਹਿਬ ਜਾਇਆ ਕਰਦੇ ਸਨ। ਕਈ ਵਿਸਾਖੀਆਂ ਮੈਂ ਸੰਤ ਜੀ ਮਹਾਰਾਜ ਦੀ ਸੰਗਤ ਵਿੱਚ ਦੇਖੀਆਂ ਹਨ। ਇੱਕ ਵਾਰ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਠੀਕ ਦੋ ਵਜੇ ਸੰਤ ਜੀ ਦੀਵਾਨ ਵਿੱਚ ਪਹੁੰਚੇ। ਸੰਗਤਾਂ ਬਹੁਤ ਆਈਆਂ ਸਨ। ਨਮਸਕਾਰ ਕਰ ਸੰਤ ਜੀ ਸਟੇਜ 'ਤੇ ਪਹੁੰਚੇ ਤਾਂ ਸੈਕਟਰੀ ਨੇ ਸੰਤਾਂ ਨੂੰ ਹਾਜ਼ਰੀ ਭਰਨ ਲਈ ਬੇਨਤੀ ਕਰ ਦਿੱਤੀ। ਸੰਤ ਜੀ ਨੇ ਉੱਚੀ ਸੁਰ ਵਿੱਚ ਸ਼ਬਦ ਪੜ੍ਹਿਆ, ਪਿੱਛੇ ਸੰਗਤਾਂ ਬੋਲ ਰਹੀਆਂ ਸਨ।

**ਟੋਡੀ ਮਹਲਾ ੫ ॥**
**ਹਰਿ ਬਿਸਰਤ ਸਦਾ ਖੁਆਰੀ ॥**
**ਤਾ ਕਉ ਧੋਖਾ ਕਹਾ ਬਿਆਪੈ ਜਾ ਕਉ ਓਟ ਤੁਹਾਰੀ ॥ਰਹਾਉ॥**
**ਬਿਨੁ ਸਿਮਰਨ ਜੋ ਜੀਵਨੁ ਬਲਨਾ ਸਰਪ ਜੈਸੇ ਅਰਜਾਰੀ ॥**
**ਨਵ ਖੰਡਨ ਕੋ ਰਾਜੁ ਕਮਾਵੈ ਅੰਤਿ ਚਲੈਗੋ ਹਾਰੀ ॥੧॥**
**ਗੁਣ ਨਿਧਾਨ ਗੁਣ ਤਿਨ ਹੀ ਗਾਏ ਜਾ ਕਉ ਕਿਰਪਾ ਧਾਰੀ ॥**
**ਸੋ ਸੁਖੀਆ ਧੰਨੁ ਉਸੁ ਜਨਮਾ ਨਾਨਕ ਤਿਸੁ ਬਲਿਹਾਰੀ ॥੨॥੨॥ (੭੧੧)**

ਸੰਤਾਂ ਦੀ ਰਸਨਾ ਵਿੱਚ ਇਲਾਹੀ-ਰਸ ਸੀ। ਪੰਡਾਲ ਵਿੱਚ ਸੁੱਤੀਆਂ ਰੂਹਾਂ ਇਲਾਹੀ-ਰੰਗ ਦੀ ਲਹਿਰ ਵਿੱਚ ਆ ਗਈਆਂ। ਮਹੌਲ ਇਉਂ ਬਣ ਗਿਆ, ਜਿਵੇਂ ਸਾਰੇ ਬ੍ਰਹਿਮੰਡ ਵਿੱਚ ਕੀਰਤਨ ਹੋ ਰਿਹਾ ਹੈ।

੫. ਇੱਕ ਵਾਰੀ ਵਿਸਾਖੀ ਨੂੰ ਦੁਪਹਿਰ ਵੇਲੇ ਸੰਤ ਜੀ ਅਰਾਮ ਕਰ ਰਹੇ ਸਨ। ਚੀਫ਼ ਮਨਿਸਟਰ ਸਰਦਾਰ ਪ੍ਰਤਾਪ ਸਿੰਘ ਕੈਰੋਂ ਆਪਣੇ ਕੁਝ ਸਾਥੀਆਂ ਸਮੇਤ ਸੰਤ ਜੀ ਕੋਲ ਦਰਸ਼ਨ ਕਰਨ ਲਈ ਪਹੁੰਚ ਗਿਆ। ਕੈਰੋਂ ਸਾਹਿਬ ਨੇ ਸੰਤਾਂ ਦੇ ਚਰਨਾਂ 'ਤੇ ਨਮਸਕਾਰ ਕੀਤੀ ਤਾਂ ਬਾਕੀ ਸਾਥੀਆਂ ਤੇ ਕਰਮਚਾਰੀਆਂ ਨੇ ਵੀ ਉਸੇ ਤਰ੍ਹਾਂ ਬੜੇ ਪ੍ਰੇਮ ਨਾਲ ਨਮਸਕਾਰ ਕੀਤੀ। ਸਭ ਸੱਜਣ ਪਲੰਘ ਕੋਲ ਸੰਤ ਜੀ ਦੇ ਚਰਨਾਂ ਪਾਸ ਖੜ੍ਹੇ ਸਨ। ਸੰਤ ਜੀ ਨੇ ਨੇਤਰ ਖੋਲ੍ਹੇ, ਸੰਗਤਾਂ ਦੇ ਦਰਸ਼ਨ ਕਰਨ ਸਾਰ ਫ਼ਤਹਿ ਬੁਲਾਈ।

**ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫਤਹਿ।**

ਇੱਕ ਮਿੰਟ ਚੁੱਪ ਵਰਤ ਗਈ। ਫਿਰ ਕੈਰੋ ਸਾਹਿਬ ਬੋਲੇ, "ਮਹਾਰਾਜ! ਕੋਈ ਸੇਵਾ ਦੱਸੋ।" ਸੰਤ ਜੀ ਨੇ ਉੱਤਰ ਦਿੱਤਾ, "ਨਿੱਤਨੇਮ ਗੁਰਬਾਣੀ ਦਾ ਪਾਠ ਕਰਿਆ ਕਰੋ," ਕੈਰੋ ਸਾਹਿਬ ਦਾ ਮਨ ਸ਼ਰਧਾ ਨਾਲ ਭਰ ਆਇਆ। ਆਪਣੇ ਦੋਹਾਂ ਹੱਥਾਂ ਨਾਲ ਸੰਤ ਜੀ ਦੇ ਚਰਨ ਫੜ੍ਹੇ, ਨਮਸਕਾਰ ਕੀਤੀ ਤਾਂ ਨੇਤਰਾਂ ਵਿੱਚ ਜਲ ਸੀ। ਆਪ ਤੇ ਆਪਣੇ ਸਾਥੀਆਂ ਲਈ ਗੁਰਸਿੱਖੀ ਦਾ ਪ੍ਰਸ਼ਾਦ ਲੈ ਕੇ ਵਿਦਾ ਹੋਇਆ।

੬. ਇੱਕ ਵਾਰ ਵਿਸਾਖੀ ਦੀ ਸ਼ਾਮ ਨੂੰ ਅਸੀਂ ਗੁਰੂਸਰ ਸਰੋਵਰ ਵਿੱਚ ਇਸ਼ਨਾਨ ਕਰਦੇ ਸੀ। ਦਾਸ ਉਸ ਵੇਲੇ ਸੰਤ ਜੀ ਦੇ ਨੇੜੇ ਸੀ, ਉਹਨਾਂ ਨੂੰ ਸਰੋਵਰ ਦੀ ਮਹਿਮਾ ਦੱਸਣ ਲਈ ਬੇਨਤੀ ਕੀਤੀ। ਸੰਤ ਜੀ ਨੇ ਇੱਕੋ ਗੱਲ ਵਿੱਚ ਮੁਕਾਉਂਦਿਆਂ ਆਖਿਆ, "ਇਹ ਮਹਾਰਾਜ ਦੇ ਬ੍ਰਹਮ-ਗਿਆਨੀ ਦਾ ਸਰੋਵਰ ਹੈ।"

੭. ਕਈ ਬੱਚਿਆਂ ਨੂੰ ਆਪਣੇ ਪੂਰਬਲੇ ਕਰਮਾਂ ਅਨੁਸਾਰ ਸੰਤ ਜੀ ਦੀ ਸ਼ਰਨ ਪ੍ਰਾਪਤ ਹੋਈ। ਸੰਤ ਜੀ ਨੇ ਉਹਨਾਂ ਨੂੰ ਚਾਰ-ਚਾਰ ਜਮਾਤਾਂ ਪੜ੍ਹਾ ਕੇ ਅੱਗੋਂ ਸਕੂਲਾਂ ਦੀ ਪੜ੍ਹਾਈ ਬੰਦ ਕਰ ਦਿੱਤੀ। ਫਿਰ ਉਹਨਾਂ ਨੂੰ ਗੁਰਦੁਆਰਾ ਜਨਮ ਅਸਥਾਨ ਸੰਤ ਅਤਰ ਸਿੰਘ ਜੀ ਮਹਾਰਾਜ ਚੀਮੇਂ ਵਿਖੇ ੧੯੫੬ ਵਿੱਚ ਖੋਲ੍ਹੇ ਗਏ 'ਕਲਗੀਧਰ ਮਿਸ਼ਨਰੀ ਕਾਲਜ' ਵਿੱਚ ਗੁਰਮਤਿ ਸੰਗੀਤ ਤੇ ਗੁਰਮਤਿ ਵਿੱਦਿਆ ਪ੍ਰਾਪਤ ਕਰਨ ਲਈ ਦਾਖ਼ਲ ਕਰ ਲਿਆ। ਉਹਨਾਂ ਵਿੱਚ ਭਾਈ ਹਰਨਾਮ ਸਿੰਘ ਵੀ ਸੀ, ਜੋ ਅੱਜ-ਕੱਲ੍ਹ ਨਾਨਕਸਰ ਚੀਮੇਂ ਗ੍ਰੰਥੀ ਹੈ। ਇੱਕ ਵਾਰ ਕਿਸੇ ਪ੍ਰੇਮੀ ਨੇ ਸੰਤਾਂ ਨੂੰ ਹੋਰ ਸਕੂਲ ਦੀ ਪੜ੍ਹਾਈ ਲਈ ਆਖਿਆ ਤਾਂ ਸੰਤ ਜੀ ਨੇ ਇਉਂ ਉੱਤਰ ਦਿੱਤਾ, "ਅਸੀਂ ਤਾਂ ਬੱਚਿਆਂ ਨੂੰ ਗੁਰਮੁਖ ਬਣਾਉਣਾ ਹੈ, ਪੜ੍ਹਾ ਕੇ ਪਟਵਾਰੀ ਨਹੀਂ ਬਣਉਂਣੇ।"

ਇਸ ਕਾਲਜ ਵਿੱਚ ੬● ਦੇ ਕਰੀਬ ਵਿਦਿਆਰਥੀ ਹੁੰਦੇ ਸਨ। ਤਿੰਨ ਸਾਲਾ ਕੋਰਸ ਸੀ ਅਤੇ ਸਿੱਖਿਆਰਥੀਆਂ ਲਈ ਸਭ ਸਹੂਲਤਾਂ ਦਾ ਪ੍ਰਬੰਧ ਗੁਰਦੁਆਰਾ ਸਾਹਿਬ ਵੱਲੋਂ ਸੀ। ਆਪਣੇ-ਆਪਣੇ ਕਿੱਤੇ ਵਿੱਚ ਮਾਹਰ ਚਾਰ ਉਸਤਾਦ ਵਿਦਿਆਲਯ ਵਿੱਚ ਹਾਜ਼ਰ ਰਹਿੰਦੇ ਸਨ। ੧. ਕਥਾ ਵਾਚਕ ਗਿਆਨੀ ੨. ਇੱਕ ਰਾਗੀ ੩. ਇੱਕ ਤਬਲੇ ਵਾਲਾ ੪. ਇੱਕ ਗੱਤਕਾ ਮਾਸਟਰ ਤੇ ਇੱਕ ਪ੍ਰਿੰਸੀਪਲ ਭਾਈ ਸਾਹਿਬ ਚਰਨਜੀਤ ਸਿੰਘ ਜੀ, ਜੋ ਸਾਰੀਆਂ ਵਿੱਦਿਅਕ ਡਿਗਰੀਆਂ ਦੇ ਮਾਲਕ ਸਨ, ਬੜੇ ਗੁਰਮੁਖ ਸੱਜਣ ਵਿਦਿਆਲਯ ਦੇ ਇੰਚਾਰਜ ਸਨ ਅਤੇ ਬਗੈਰ ਭੇਟਾ ਤੋਂ ਸੇਵਾ ਕਰਦੇ ਸਨ।

ਵਿਦਿਆਲੇ ਵਿਚਲੇ ਕੁਝ ਉਸਤਾਦਾਂ ਦੇ ਨਾਉਂ ਜੋ ਹੁਣ ਯਾਦ ਹਨ:

੧. ਗਿਆਨੀ ਸੰਤੋਖ ਸਿੰਘ ਜੀ (ਪਿੰਡ ਸੁਧਾਰ) ਕਥਾ ਵਾਚਕ

੨. ਰਾਗੀ ਹਰਨਾਮ ਸਿੰਘ ਜੀ (ਠੱਠੇ ਟਿੱਬੇ ਵਾਲੇ) ਜੋ ਉਸ ਮੌਕੇ ਦੇ ਮਸ਼ਹੂਰ ਰਾਗੀ ਸਨ।

੩. ਰਾਗੀ ਦਰਸ਼ਨ ਸਿੰਘ 'ਕੋਮਲ'

੪. ਰਾਗੀ ਜਸਵੰਤ ਸਿੰਘ 'ਤੀਬਰ'

੫. ਗਿਆਨੀ ਨਿਰੰਜਣ ਸਿੰਘ ਤੇ ਭਾਈ ਗੁਰਦਿਆਲ ਸਿੰਘ (ਠੀਕਰੀਵਾਲਾ) ਸਕੇ ਭਰਾ ਦੋਵੇਂ ਗੱਤਕਾ ਮਾਸਟਰ ਸਨ।

੬. ਗਿਆਨੀ ਸਾਹਿਬ ਸਿੰਘ ਜੀ ਸ਼ਾਹਬਾਦ ਵਾਲੇ ਜੋ ਅੱਜ-ਕੱਲ੍ਹ ਸੰਗਤਾਂ ਨੂੰ ਕਥਾ ਨਾਲ ਬਹੁਤ ਨਿਹਾਲ ਕਰਦੇ ਹਨ।

੮. ਦੋ ਵਾਰ ਨਾਨਕਸਰ ਚੀਮੇਂ ਵਿਖੇ ਸੰਤ ਸਮਾਗਮ ਵੀ ਹੋਏ ਤਾਂ ਪੰਜਾਬ ਅਤੇ ਬਾਹਰੋਂ ਸਾਧੂਆਂ ਦੀ ਭੀੜ ਲੱਗ ਜਾਂਦੀ ਸੀ। ਉਹਨਾਂ ਸਭਨਾਂ ਦੀ ਰਿਹਾਇਸ਼ ਦਾ ਵਧੀਆ ਪ੍ਰਬੰਧ ਕੀਤਾ ਜਾਂਦਾ ਸੀ। ਸੰਤ ਜੀ ਉਹਨਾਂ ਨਾਲ ਪੰਗਤ ਵਿੱਚ ਬੈਠ ਕੇ ਪ੍ਰਸ਼ਾਦਾ ਛਕਦੇ ਸਨ ਉਪਰੰਤ ਵਿਦਾਇਗੀ ਵੇਲੇ ਡੇਰੇ ਤੋਂ ਬਾਹਰ ਤੱਕ ਸਾਧੂਆਂ ਦੇ ਸਤਿਕਾਰ ਲਈ ਜਾਂਦੇ ਸਨ। ਇੱਕ ਵਾਰ ਸੰਤ ਈਸ਼ਰ ਸਿੰਘ ਜੀ ਰਾੜੇਵਾਲੇ ਜਦ ਵਾਪਸ ਜਾਣ ਲੱਗੇ ਤਾਂ ਸੰਤ ਜੀ ਉਹਨਾਂ ਨੂੰ ਵਿਦਾ ਕਰਨ ਲਈ ਨਾਲ ਹੋ ਤੁਰੇ, ਹਾਲੇ ਕੁਝ ਕਦਮ ਹੀ ਗਏ ਸਨ ਕਿ ਸੰਤ ਈਸ਼ਰ ਸਿੰਘ ਜੀ ਨੇ ਅੱਗੇ ਹੋ ਕੇ ਡੰਡੌਤ ਕਰ ਦਿੱਤੀ। ਸੰਤ ਜੀ ਨੇ ਉਹਨਾਂ ਨੂੰ ਬਾਂਹੋ ਫੜ ਕੇ ਉਠਾ ਲਿਆ। ਉਸ ਵੇਲੇ ਸੰਤਾਂ ਦੇ ਨੇਤਰਾਂ ਵਿੱਚ ਸਿੱਖੀ-ਪਿਆਰ ਦਾ ਸਮੁੰਦਰ ਠਾਠਾਂ ਮਾਰਦਾ ਸੀ,

**ਹਉ ਤਿਸ ਘੋਲਿ ਘੁਮਾਇਆ, ਗੁਰਮਤਿ ਰਿਦੈ ਗਰੀਬੀ ਆਵੈ ॥ (ਭਾਈ ਗੁਰਦਾਸ ਜੀ, ਵਾਰ ੧੨, ਪਉੜੀ ੪)**

੯. ਲੁਧਿਆਣੇ ਵਾਲੇ ਪਾਸੇ ਜਾਂਦੇ ਤਾਂ ਸੰਤ ਜੀ ਮਹਾਰਾਜ ਕਦੇ-ਕਦੇ ਰਾੜਾ ਸਾਹਿਬ ਗੁਰਦੁਆਰਾ ਕਰਮਸਰ ਵਿਖੇ ਵੀ ਜਾਂਦੇ। ਆਪ ਜੀ ਦੇ ਸਤਿਕਾਰ ਲਈ ਸੰਤ ਈਸ਼ਰ ਸਿੰਘ ਜੀ ਵੀ ਅੱਗੋਂ ਆ ਜਾਂਦੇ ਅਤੇ ਚਰਨੀਂ ਪੈਂਦੇ। ਮੁੱਖੋਂ ਇਹ ਤੁਕ ਪੜ੍ਹਦੇ:

**ਮਸਤਕ ਲਗੇ ਸਾਧ ਰੇਣੁ ਵਡਭਾਗਿ ਜਿਨ੍ਹਾਂ ਦੇ ॥੧੮॥**

**(ਭਾਈ ਗੁਰਦਾਸ ਜੀ, ਵਾਰ ੯ ਪਉ.੧੮)**

ਤਾਂ ਸੰਤ ਜੀ ਮਹਾਰਾਜ ਆਪਣੇ ਮੁਖਾਰਬਿੰਦ ਤੋਂ ਉਹਨਾਂ ਦਾ ਆਦਰ ਕਰਦੇ ਹੋਏ ਕਹਿੰਦੇ:

**ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ ॥** (੫੨●)

ਰਾੜੇ ਵਾਲੇ ਮਹਾਂਪੁਰਸ਼ ਸੰਤ ਜੀ ਮਹਾਰਾਜ ਦਾ ਬੜਾ ਹੀ ਮਾਣ-ਸਤਿਕਾਰ ਕਰਦੇ, ਇੱਕ ਵਾਰ ਸੰਤ ਈਸ਼ਰ ਸਿੰਘ ਜੀ ਮਹਾਰਾਜ ਨੇ ਵਿਚਾਰਿਆ ਕਿ ਸੇਵਾ ਲਈ ਮਾਇਆ ਗੁਪਤ ਹੀ ਭੇਟਾ ਕਰ ਦੇਈਏ ਕਿਉਂ ਕਿ ਜ਼ਾਹਰਾ ਤੌਰ 'ਤੇ ਦਿੱਤੀ ਹੋਈ ਮਾਇਆ ਨੂੰ ਸ਼ਾਇਦ ਸੰਤ ਜੀ ਮਹਾਰਾਜ ਪ੍ਰਵਾਨ ਨਾ ਕਰਨ। ਜਦੋਂ ਸੰਤ ਜੀ ਕਰਮਸਰ ਰਾੜਾ ਸਾਹਿਬ ਤੋਂ ਪਾਉਂਟਾ ਸਾਹਿਬ ਨੂੰ ਤੁਰੇ ਤਾਂ ਕਾਰ 'ਤੇ ਚੜ੍ਹਣ ਲੱਗਿਆਂ ਨੂੰ ਵਿਦਾਇਗੀ ਦਿੰਦਿਆਂ ਹੋਇਆਂ ਮਹਾਂਪੁਰਸ਼ ਬਾਬਾ ਈਸ਼ਰ ਸਿੰਘ ਜੀ ਨੇ ਇੱਕ ਬੰਦ ਲਿਫ਼ਾਫ਼ਾ ਦਿੱਤਾ।

ਸੰਤ ਜੀ ਮਹਾਰਾਜ ਪਾਉਂਟਾ ਸਾਹਿਬ ਪਹੁੰਚ ਗਏ। ਕਾਰ ਤੋਂ ਉੱਤਰ ਕੇ ਜਦੋਂ ਬਿਸਤਰੇ 'ਤੇ ਬੈਠੇ ਤਾਂ ਲਿਫ਼ਾਫ਼ਾ ਖੋਲਿਆ, ਵਿੱਚ ਕਈ ਹਜ਼ਾਰ ਰੁਪਏ ਸਨ। ਇਹ ਮਾਇਆ ਵੇਖ ਕੇ ਸੰਤ ਜੀ ਮਹਾਰਾਜ ਦੀ ਰਸਨਾ ਤੋਂ ਇਹ ਬਚਨ ਨਿਕਲਿਆ:

**ਰਾਮਕਲੀ ਮਹਲਾ ੫**

**ਗਹੁ ਕਰਿ ਪਕਰੀ ਨ ਆਈ ਹਾਥਿ ॥**
**ਪ੍ਰੀਤਿ ਕਰੀ ਚਾਲੀ ਨਹੀ ਸਾਥਿ ॥**
**ਕਹੁ ਨਾਨਕ ਜਉ ਤਿਆਗਿ ਦਈ ॥**
**ਤਬ ਓਹ ਚਰਣੀ ਆਇ ਪਈ ॥ (੮੯੧)**

ਸੰਤ ਜੀ ਮਹਾਰਾਜ ਨੇ ਵਾਪਸ ਚਿੱਠੀ ਲਿਖੀ ਕਿ ਮਹਾਂਪੁਰਸ਼ੋ! ਜੇਕਰ ਸਾਨੂੰ ਪਤਾ ਹੁੰਦਾ ਕਿ ਲਿਫ਼ਾਫ਼ੇ ਵਿੱਚ ਤੁਸੀਂ ਮਾਇਆ ਬੰਦ ਕੀਤੀ ਹੈ ਤਾਂ ਇਹ ਤੁਹਾਡੇ ਕੋਲ ਹੀ ਛੱਡ ਜਾਣੀ ਸੀ। ਪਰਮੇਸ਼ਰ ਦੇ ਪਿਆਰਿਆਂ ਨੂੰ ਭਾਲਣ ਚੜ੍ਹਦੇ ਹਾਂ, ਮਾਇਆ ਇੱਕਤਰ ਕਰਨਾ ਸਾਡਾ ਮਨੋਰਥ ਨਹੀਂ।

ਸੰਤ ਈਸ਼ਰ ਸਿੰਘ ਜੀ ਨੇ ਅੱਗੋਂ ਲਿਖਿਆ, "ਕਿਰਪਾਲੂ ਜੀਉ! ਆਪ ਸਾਰੀ ਦੁਨੀਆਂ ਵਿੱਚ ਗੁਰਮਤਿ ਪ੍ਰਚਾਰ ਦੀ ਸੇਵਾ ਕਰਦੇ ਹੋ, ਇਹ ਮਾਇਆ ਆਪ ਜੀ ਦੇ ਦਰਬਾਰ ਵਿੱਚ ਸਫ਼ਲੀ ਹੋਣ ਲਈ ਭੇਟਾ ਕੀਤੀ ਹੈ, ਪ੍ਰਵਾਨ ਕਰਕੇ ਇਸ ਦਾ ਵੀ ਪਾਰ ਉਤਾਰਾ ਕਰ ਦਿਓ।"

੧੦. ਇੱਕ ਥਾਂ ਸ਼ਹਿਰ ਵਿੱਚ ਕਿਸੇ ਪ੍ਰੇਮੀ ਸੱਜਣ ਨੇ ਸੰਤ ਜੀ ਮਹਾਰਾਜ ਨੂੰ ਪ੍ਰਸ਼ਾਦਾ ਛਕਣ ਲਈ ਬੇਨਤੀ ਕੀਤੀ ਤਾਂ ਦਿਨ ਦੇ ਅਜੇ ਦਸ ਹੀ ਵੱਜੇ ਸਨ। ਸੰਤ ਜੀ ਮਹਾਰਾਜ ਪ੍ਰੇਮ ਦੇ ਬੱਧੇ ਤਿਆਰ ਹੋ ਗਏ। ਜਥੇ ਵਿੱਚੋਂ ਸੰਤ ਜੀ ਦੇ ਇੱਕ ਸੇਵਾਦਾਰ ਨੇ ਕਿਹਾ ਕਿ ਮਹਾਰਾਜ ਤੁਹਾਡਾ ਤਾਂ ਅਜੇ ਟਾਈਮ ਹੀ ਨਹੀਂ ਹੋਇਆ ਤਾਂ ਸੰਤ ਜੀ ਨੇ ਉੱਤਰ ਦਿੱਤਾ, "ਭਾਈ! ਜਦੋਂ ਫ਼ਕੀਰ ਨੂੰ ਪ੍ਰਸ਼ਾਦਾ ਮਿਲੇ, ਉਦੋਂ ਹੱਥ 'ਤੇ ਲੈ ਕੇ ਛਕ ਲਵੋ, ਅਮੀਰ ਭੁੱਖ ਲੱਗੀ 'ਤੇ ਖਾਂਦਾ ਹੈ ਅਤੇ ਗਰੀਬ ਜਦੋਂ ਉਸ ਨੂੰ ਪ੍ਰਸ਼ਾਦਾ ਮਿਲ ਜਾਵੇ ਉਦੋਂ ਛਕਦਾ ਹੈ।"

੧੧. ਸੰਤ ਜੀ ਆਪਣੇ ਕਮਰੇ ਵਿੱਚ ਮਿੱਟੀ ਦੇ ਤੇਲ ਵਾਲੀ ਲਾਲਟੈਨ ਵਗੈਰਾ ਨਹੀਂ ਸੀ ਜਗਾਉਣ ਦਿੰਦੇ, ਲੋੜ ਪੈਣ ਤੇ ਸਰੋਂ ਦੇ ਤੇਲ ਦਾ ਦੀਵਾ ਜਗਵਾ ਲੈਂਦੇ ਪਰ ਜੇ ਕਦੇ ਹਵਾ ਨਾਲ ਇਹ ਦੀਵਾ ਬੁਝ ਵੀ ਜਾਂਦਾ ਤਾਂ ਸੰਤ ਜੀ ਕਹਿੰਦੇ:

**ਨਮੋ ਅੰਧਕਾਰੇ, ਨਮੋ ਤੇਜ ਤੇਜੇ ॥**

ਹੇ ਪ੍ਰਭੂ! ਤੈਨੂੰ ਨਮਸਕਾਰ, ਘੁੱਪ ਹਨ੍ਹੇਰਾ ਵੀ ਤੂੰ ਹੀ ਹੈਂ ਅਤੇ ਮਹਾਨ ਚਮਕ ਵਾਲਾ ਪ੍ਰਕਾਸ਼ ਵੀ ਤੂੰ ਹੀ ਹੈ।

੧੨. ਗੁਰਦੁਆਰਾ ਨਾਨਕਸਰ ਸਾਹਿਬ ਚੀਮਾਂ ਵਿਖੇ ਸੰਤ ਜੀ ਮਹਾਰਾਜ ਪਾਸ ਸੰਗਤਾਂ ਆਉਂਦੀਆਂ ਹੀ ਰਹਿੰਦੀਆਂ। ਇੱਕ ਦਿਨ ਇੱਕ ਲੀਡਰ ਸਾਹਿਬ ਆ ਕੇ ਸੰਤ ਜੀ ਮਹਾਰਾਜ ਨੂੰ ਬੇਨਤੀ ਕਰਨ ਲੱਗਾ, "ਮਹਾਰਾਜ! ਤੁਸੀਂ ਲੋਕਾਂ ਨੂੰ ਚੰਗੀਆਂ ਚੰਗੀਆਂ ਅਸੀਸਾਂ ਦਿੰਦੇ ਹੋ, ਪੁੱਤ ਬਖਸ਼ਦੇ ਹੋ, ਮੇਰਾ ਸਿਰ ਦੁਖਦਾ ਰਹਿੰਦਾ ਹੈ, ਇਹ ਤਾਂ ਹਟਾ ਦਿਉ।" **ਸੰਤ ਜੀ ਮਹਾਰਾਜ ਨੇ ਫੁਰਮਾਇਆ, "ਲੀਡਰ ਸਾਹਿਬ! ਇਹ ਸਤਿਗੁਰੂ ਦੇ ਚਰਨਾਂ ਤੋਂ ਵਿੱਛੜਿਆ ਹੋਣ ਕਰਕੇ ਦੁਖਦਾ ਹੈ। ਦੁਨਿਆਵੀਂ ਪਦਾਰਥਾਂ ਦੀਆਂ ਪ੍ਰਾਪਤੀਆਂ ਤਾਂ ਨਿਰੀ ਸਿਰ ਪੀੜ ਹੈ। ਸਿਰ ਤਾਂ ਰੱਬ ਨੂੰ ਮੱਥਾ ਟੇਕਣ ਲਈ ਪੈਦਾ ਕੀਤਾ ਗਿਆ ਹੈ। ਇਹ ਹੀ ਸੰਸਾਰ ਦੀ ਹਰ ਸਿਰ ਦਰਦ ਦੀ ਦਵਾ ਹੈ।"** ਇਹ ਉਪਦੇਸ਼ ਸੁਣ ਕੇ ਲੀਡਰ ਸਾਹਿਬ ਦਾ ਆਕੜਿਆ ਹੋਇਆ ਸਿਰ ਸੰਤ ਜੀ ਮਹਾਰਾਜ ਦੇ ਚਰਨਾਂ ਨਾਲ ਜਾ ਲੱਗਾ ਅਤੇ ਹਮੇਸ਼ਾ ਵਾਸਤੇ ਸਿਰ ਪੀੜ ਦੀ ਖ਼ਲਾਸੀ ਹੋ ਗਈ।

**ਉਠੁ ਫਰੀਦਾ ਉਜੂ ਸਾਜਿ ਸੁਬਹ ਨਿਵਾਜ ਗੁਜਾਰਿ ॥**
**ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰੁ ਕਪਿ ਉਤਾਰਿ ॥ (੧੩੮੧)**


## ਸੰਤ ਜੀ ਮਹਾਰਾਜ ਨੇ ਆਪਣੇ ਸਰੀਰ ’ਤੇ ਕਸ਼ਟ ਲੈਣਾ

ਪਾਉਂਟੇ ਸਾਹਿਬ ੧੯੪੯ ਵਿੱਚ, ਇੱਕ ਵਾਰੀ ਸੰਤ ਜੀ ਸਾਰਾ ਦਿਨ ਚਾਰਪਾਈ ’ਤੇ ਲੇਟੇ ਰਹੇ, ਜਿਵੇਂ ਉਹਨਾਂ ਦੇ ਸਰੀਰ ਨੂੰ ਬੁਖ਼ਾਰ ਜਾਂ ਕੋਈ ਹੋਰ ਤਕਲੀਫ਼ ਹੋਵੇ। ਦਾਸ (ਇਕਬਾਲ ਸਿੰਘ) ਨੂੰ ਬਾਵਾ ਅਮਰਜੀਤ ਸਿੰਘ ਨੇ ਡਾ: ਦੁਰਗਾ ਰਾਮ ਇੰਨਚਾਰਜ ਸਿਵਲ ਹਸਪਤਾਲ ਪਾਸ ਭੇਜਿਆ, ਉਹ ਸੰਤ ਜੀ ਨੂੰ ਚੰਗੀ ਤਰ੍ਹਾਂ ਜਾਣਦਾ ਸੀ। ਜਿਸ ਵੇਲੇ ਦਾਸ ਨੇ ਜਾ ਕੇ ਸਾਰੀ ਗੱਲ ਦੱਸੀ ਤਾਂ ਡਾ: ਸਾਹਿਬ ਕਹਿਣ ਲੱਗੇ, ਭਾਈ ਸੰਤ ਜੀ ਦੀ ਖੇਡ ਹੁੰਦੀ ਹੈ, ਉਹ ਬਿਮਾਰ ਨਹੀਂ ਹੁੰਦੇ। ਤੁਸੀਂ ਕੋਈ ਚਿੰਤਾ ਨਾ ਕਰੋ। ਉਹ ਆਪਣੇ ਆਪ ਠੀਕ ਹੋ ਜਾਣਗੇ। ਮੈਂ ਉਂਝ ਸੰਤ ਜੀ ਦੇ ਦਰਸ਼ਨ ਕਰਨ ਆਵਾਂਗਾ। ਮੈਨੂੰ ਪਤਾ ਹੈ ਕਿ ਉਹਨਾਂ ਨੂੰ ਬਿਮਾਰੀ ਕੋਈ ਨਹੀਂ ਹੈ। ਕਈ ਵਾਰੀ ਸੰਗਤਾਂ ਦਾ ਕਸ਼ਟ ਆਪਣੇ ਸਰੀਰ ਤੇ ਲੈਣਾ ਪੈ ਜਾਂਦਾ ਹੈ।

ਨਾਨਕਸਰ ਚੀਮੇਂ ਇੱਕ ਵਾਰੀ ਸੰਤ ਜੀ ਬਿਮਾਰ ਹੋ ਗਏ। ਉਹਨਾਂ ਦੀ ਗੰਭੀਰ ਹਾਲਤ ਵੇਖ ਕੇ ਸਭ ਨੂੰ ਬੁਲਾ ਲਿਆ ਗਿਆ। ਸੰਤ ਜੀ ਮਹਾਰਾਜ ਦੀ ਲੜਕੀ ਬੀਬੀ ਜੀਤ ਕੌਰ ਵੀ ਆ ਗਈ। ਡਾਕਟਰ ਅਮਰਜੀਤ ਸਿੰਘ ਨੂੰ ਪਟਿਆਲੇ ਤੋਂ ਲਿਆਂਦਾ ਗਿਆ। ਉਸ ਨੂੰ ਬੀਬੀ ਨੇ ਅਲੱਗ ਕਰਕੇ ਕਿਹਾ ਕਿ ਪੈਸਿਆਂ ਦੀ ਪ੍ਰਵਾਹ ਨਹੀਂ ਕਰਨੀ, ਇਲਾਜ ਚੰਗਾ ਕਰੋ ਤਾਂ ਡਾਕਟਰ ਨੇ ਉੱਤਰ ਦਿੱਤਾ, “ਭਾਈ ਮੈਂ ਮੁਰਦੇ ਵਿੱਚ ਜਾਣ ਕਿਵੇਂ ਪਾ ਦਿਆਂ?” ਹਾਲਤ ਵੇਖ ਕੇ ਜਾਪਦਾ ਸੀ ਕਿ ਸੰਤ ਜੀ ਰਾਤ ਨਹੀਂ ਕੱਢਣਗੇ ਅਤੇ ਕਿਸੇ ਨੂੰ ਉਹਨਾਂ ਦੇ ਬਚਣ ਦੀ ਆਸ ਨਹੀਂ ਸੀ। ਕਦੇ-ਕਦੇ ਛੋਟਾ ਜਿਹਾ ਸਾਹ ਝਟਕੇ ਨਾਲ ਲੈਂਦੇ ਸਨ। ਸੰਤ ਜੀ ਨੇ ਸਵੇਰੇ ਭਾਈ ਗਿਆਨ ਸਿੰਘ ਜੀ ਨੂੰ ਸੱਦ ਕੇ ਕਿਹਾ, “ਤੂੰ ਖਾਨਪੁਰ ਜਾ, ਜਾਗੀਰ ਸਿੰਘ ਮਰਨ ਕਿਨਾਰੇ ਪਿਆ ਹੈ। ਉਹ ਸਾਡੇ ਚਰਨ ਫੜ੍ਹਦਾ ਹੈ, ਉਸ ਦੀ ਤਕਲੀਫ਼ ਸਾਨੂੰ ਪਹੁੰਚਦੀ ਹੈ। ਉਹਨੂੰ ਸਮਝਾ ਕਿ ਖਲੜੇ ਦਾ ਮੋਹ ਤਿਆਗ ਦੇਵੇ।” ਭਾਈ ਗਿਆਨ ਸਿੰਘ ਉਸੇ ਵੇਲੇ ਚਲਿਆ ਗਿਆ ਤੇ ਭਾਈ ਜਗੀਰ ਸਿੰਘ ਨੂੰ ਸਮਝਾ ਕੇ ਸ਼ਾਮ ਨੂੰ ਵਾਪਸ ਆ ਗਿਆ। ਤੀਸਰੇ ਦਿਨ ਸੰਤ ਜੀ ਠੀਕ-ਠਾਕ ਹੋ ਗਏ ਤੇ ਕਹਿਣ ਲੱਗੇ, “ਜਗੀਰ ਸਿੰਘ ਚਲਾਣਾ ਕਰ ਗਿਆ ਹੈ। ਵੇਖੋ ਅਰਾਮ ਤਾਂ ਰੱਬ ਬਖ਼ਸ਼ਦਾ ਹੈ ਤੇ ਫੀਸ ਡਾਕਟਰ ਨੂੰ ਮਿਲ ਜਾਂਦੀ ਹੈ।”

ਭਾਈ ਖੇਮ ਸਿੰਘ ਨੇ ਦੱਸਿਆ ਕਿ ਸੰਤ ਜੀ ਨਾਨਕਸਰ ਚੀਮੇਂ ਬਹੁਤ ਬਿਮਾਰ ਸਨ। ਸਾਰੀ ਸੰਗਤ ਕਹਿ ਰਹੀ ਸੀ ਕਿ ਬੇਹੋਸ਼ ਹੋ ਗਏ ਹਨ। ਹੁਣ ਬਚਣ ਦੀ ਕੋਈ ਆਸ ਨਹੀਂ। ਦਾਸ (ਖੇਮ ਸਿੰਘ) ਵੈਰਾਗ ਵਿੱਚ ਅੰਦਰ ਅਰਜ਼ੋਈ ਕਰ ਰਿਹਾ ਸੀ ਕਿ ਇਹ ਕੀ ਭਾਣਾ? ਆਪ ਜੀ ਦੇ ਤਾਂ ਬਚਨ ਸੀ ਕਿ ਚਲਾਣਾ ਅਜੇ ਨਹੀਂ ਕਰਨਾ। ਸੰਤ ਜੀ ਨੇ ਝੱਟ ਨੇਤਰ ਖੋਲ੍ਹੇ, ਮੇਰੇ ਵੱਲ ਵੇਖ ਕੇ ਉਹਨਾਂ ਕਿਹਾ, “ਅਸੀਂ ਠੀਕ ਹਾਂ ਅਤੇ ਚਲਾਣਾ ਨਹੀਂ ਕਰਨਾ।” ਦਾਸ ਨੂੰ ਖੁਸ਼ੀ ਹੋਈ ਤੇ ਭਰੋਸਾ ਹੋਇਆ ਕਿ ਉਹ ਆਪਣੀ ਖੇਡ ਵਰਤਾ ਰਹੇ ਹਨ।

ਸੰਤ ਜੀ ਇੱਕ ਵਾਰ ਕਛੂਏ ਸਰਦਾਰ ਸੋਹਣ ਸਿੰਘ ਰਈਸ ਦੇ ਘਰ ਠਹਿਰੇ। ਇੱਕ ਰਾਤ ਨੂੰ ਆਪ ਜੀ ਦੇ ਪੇਟ ਵਿੱਚ ਦਰਦ ਹੋਈ। ਗਰਮ ਪਾਣੀ ਦੀ ਬੋਤਲ ਫੇਰੀ ਪਰ ਅਰਾਮ ਨਹੀਂ ਆਇਆ। ਤੜਕੇ ਕਰਨਾਲ ਲੈ ਗਏ ਅਤੇ ਡਾਕਟਰਾਂ ਕਿਹਾ ਕਿ ਜਿਗਰ ਸੁੱਜ ਗਿਆ ਹੈ। ਕੋਈ ਇਲਾਜ਼ ਨਹੀਂ ਹੋ ਸਕਦਾ। ਚਾਰ ਦਿਨਾਂ ਵਿੱਚ ਹੀ ਸੰਤ ਜੀ ਰਾਜ਼ੀ ਹੋ ਗਏ ਤੇ ਕਹਿਣ ਲੱਗੇ, ਸੱਪ ਲੜਨ ਕਰਕੇ ਅਸੀਂ ਮਰ ਚੁੱਕੇ ਸੀ। ਇਹ ਸਰੀਰ ਸੰਤ ਜੀ (ਸੰਤ ਅਤਰ ਸਿੰਘ ਜੀ ਮਹਾਰਾਜ) ਨੂੰ ਅਰਦਾਸ ਕੀਤਾ ਹੋਇਆ ਹੈ। ਇਸ ਦੀ ਤਕਲੀਫ਼ ਉਹਨਾਂ ਨੂੰ ਪਹੁੰਚਦੀ ਹੈ। ਅੱਜ ਸੁਪਨੇ ਵਿੱਚ ਉਹਨਾਂ ਦੇ ਦਰਸ਼ਨ ਹੋਏ। ਉਹਨਾਂ ਨੇ ਪੇਟ ਤੇ ਫੱਟਾ ਬੰਨ੍ਹਿਆ ਹੋਇਆ ਸੀ। ਸਾਨੂੰ ਕੋਈ ਬੈਅ ਵਾਲੀ ਚੀਜ਼ ਨਾ ਦਿਆ ਕਰੋ, ਇਸ ਨਾਲ ਸਾਨੂੰ ਤਕਲੀਫ਼ ਹੁੰਦੀ ਹੈ।



ਸ੍ਰੀ ਮਾਨ ਸੰਤ ਤੇਜਾ ਸਿੰਘ ਜੀ

## ਕੋਈ ਚਿੰਤਾ ਨਹੀਂ

ਭਾਈ ਗੁਰਬਖਸ਼ ਸਿੰਘ ਜੀ ਦੱਸਦੇ ਹਨ ਕਿ ਸੰਤ ਜੀ ਮਹਾਰਾਜ ਨੇ ਮਨ ਦੀ ਅਵਸਥਾ ਨੂੰ ਸਮਝਾਉਣ ਲਈ ਅਤੇ ਕਾਬੂ ਕਰਨ ਲਈ ਜੀਵਨ ਦੀ ਵਾਪਰੀ ਇੱਕ ਘਟਨਾ ਤੋਂ ਇਸ ਤਰੀਕੇ ਨਾਲ ਉਪਦੇਸ਼ ਦਿੱਤਾ। ਇਕ ਦਿਨ ਦਫ਼ਤਰ ਜਾਣ ਸਮੇਂ ਦਾਸ ਤੇ ਸੰਤ ਜੀ ਪੈਦਲ ਕਿਸੇ ਦੇ ਘਰ ਜਾ ਰਹੇ ਸੀ। ਇੱਕ ਗਧੇ ਚੜ੍ਹਿਆ ਬੰਦਾ ਬੜਾ ਖੁਸ਼ ਤੇ ਹੱਸਦਾ ਜਾ ਰਿਹਾ ਸੀ। ਸੰਤ ਜੀ ਮਹਾਰਾਜ ਕਹਿਣ ਲੱਗੇ, "ਦੇਖੋ ਭਾਈ! ਆਹ ਕਿਤਨੇ ਲੋਕ ਸਾਈਕਲਾਂ, ਸਕੂਟਰਾਂ ਤੇ ਕਾਰਾਂ ਵਿੱਚ ਜਾ ਰਹੇ ਹਨ ਪਰ ਸਭ ਦੇ ਮਨ 'ਤੇ ਉਦਾਸੀ ਚਿੰਤਾ ਹੈ ਇਹ ਹਾਲਤ ਮਨ ਦੀ ਮਾਇਆ ਇਕੱਠੀ ਕਰਨ ਦੇ ਸੁਭਾਅ ਤੋਂ ਪੈਦਾ ਹੁੰਦੀ ਹੈ। ਇਹ ਖੋਤੇ 'ਤੇ ਚੜ੍ਹੇ ਨੂੰ ਇਸ ਦੀ ਕੋਈ ਚਿੰਤਾ ਨਹੀਂ ਅਤੇ ਅਨੰਦ ਵਿੱਚ ਹੈ। ਦੂਜੇ ਇਸ ਨਾਲੋਂ ਸੌਖਾ ਜੀਵਨ ਬਤੀਤ ਕਰਦੇ ਵੀ ਚਿੰਤਾ ਵਿੱਚ ਡੁੱਬੇ ਹੋਏ ਵਿਖਾਈ ਦੇ ਰਹੇ ਹਨ।"

## ਨਾਨਕਸਰ ਚੀਮੇਂ ਸਰੋਵਰ ਪਾਣੀ ਭਰਨ ਦੀ ਸ਼ਿਕਾਇਤ

ਇੱਕ ਵਾਰੀ ਇੱਕ ਨਹਿਰ ਦੇ ਕਰਮਚਾਰੀ ਨੇ ਸਰੋਵਰ ਵਿੱਚ ਪਾਣੀ ਪੈਂਦਾ ਵੇਖ ਕੇ ਸੰਤ ਜੀ ਮਹਾਰਾਜ ਪਾਸੋਂ ਰੁਪਏ ਝਾੜਣ ਦੀ ਨੀਯਤ ਨਾਲ ਸ਼ਿਕਾਇਤ ਕਰ ਦਿੱਤੀ। ਸੰਤ ਜੀ ਪਾਸ ਆ ਕੇ ਪੁੱਛਣ ਲੱਗਾ ਕਿ ਪਾਣੀ ਸਰੋਵਰ ਵਿੱਚ ਕਿਉਂ ਪਾਉਂਦੇ ਹੋ? ਸੰਤ ਜੀ ਆਪਣੇ ਰੰਗ ਵਿੱਚ ਅਨੰਦ ਸਨ, ਕਹਿਣ ਲੱਗੇ, "ਭਾਈ! ਅਸੀਂ ਤਾਂ ਹਰ ਵਾਰ ਪਾਣੀ ਪਾਉਂਦੇ ਹਾਂ ਤੂੰ ਕੀ ਚਾਹੁੰਦਾ ਹੈਂ।" ਉਹ ਕਹਿਣ ਲੱਗਾ, "ਜੀ ਮੈਨੂੰ ਇਹ ਗੱਲ ਲਿਖ ਕੇ ਦੇਵੋ।" ਸੰਤ ਜੀ ਨੇ ਇਹ ਲਿਖ ਕੇ ਦੇ ਦਿੱਤਾ ਕਿ ਹਰ ਸਾਲ ਨਹਿਰ ਤੋੜ ਕੇ ਪਾਣੀ ਸਰੋਵਰ ਵਿੱਚ ਪਾਉਂਦੇ ਹਾਂ। ਭਾਈ ਗਿਆਨ ਸਿੰਘ ਨੂੰ ਇਹ ਪਤਾ ਲੱਗਿਆ ਤਾਂ ਉਸ ਨੇ ਸਿਆਣਿਆਂ ਬੰਦਿਆਂ ਨੂੰ ਕਿਹਾ ਕਿ ਸਾਡੇ ਵਿਚੋਂ ਕੋਈ ਨਹਿਰ ਤੋੜਨਾ ਆਪਣੇ ਸਿਰ ਲੈ ਲਵੋ ਤਾਂ ਕਿ ਇਸ ਗੱਲ ਦਾ ਫੈਸਲਾ ਹੋ ਜਾਵੇ।

ਜਿਸ ਵੇਲੇ ਤਪਤੀਸ਼ ਲਈ ਉੱਤੋਂ ਅਫ਼ਸਰ ਆਏ, ਉਸ ਦਿਨ ਚੋਣਾਂ ਕਰਕੇ ਕਈ ਪਿੰਡਾਂ ਦਾ ਇੱਕਠ ਸੀ। ਉਹ ਸਾਰੇ ਹੀ ਇਕੱਠੇ ਹੋ ਕੇ ਕਾਰਵਾਈ ਸੁਣਨ ਲੱਗੇ। ਸ਼ਿਕਾਇਤ ਕਰਨ ਵਾਲੇ ਕਰਮਚਾਰੀ ਦੇ ਕੋਲ ਹੁੰਦਿਆਂ, ਉਹ ਸਭ ਉਸੇ ਨੂੰ ਪੁੱਛਣ ਲੱਗੇ ਕਿ ਤੂੰ ਫਲਾਣੇ-ਫਲਾਣੇ ਆਦਮੀਆਂ ਤੋਂ ਵੱਢੀ ਲਈ, ਦੱਸ ਤੈਨੂੰ ਕਿੰਨਾਂ ਜ਼ੁਰਮਾਨਾ ਹੋਵੇ। ਪਾਣੀ ਜ਼ਿਮੀਦਾਰਾਂ ਦਾ ਸੀ, ਅਸੀਂ ਆਪ ਹੀ ਆਪਣੀ ਲੋੜ ਲਈ ਸਰੋਵਰ ਵਿੱਚ ਪਾ ਲਿਆ ਕਿਸੇ ਤੋਂ ਵੱਢੀ ਨਹੀਂ ਲਈ। ਤੂੰ ਰਿਸ਼ਵਤਾਂ ਖਾਂਦਾਂ ਹੈਂ ਤੇ ਫਿਰ ਸਾਨੂੰ ਹੀ ਡਰਾਉਂਦਾ ਹੈਂ। ਉਹਦੇ ਰਿਸ਼ਵਤ ਖਾਣ ਦੇ ਇਤਨੇ ਪੱਕੇ ਸਬੂਤ ਪੈਰ 'ਤੇ ਹੀ ਮਿਲ ਗਏ ਕਿ ਉਸ ਕਰਮਚਾਰੀ ਨੂੰ ਸਿਵਾਏ ਆਪਣੇ ਆਪ ਨੂੰ ਕੁਰੱਪਟ ਦੋਸ਼ ਮੰਨਣ ਦੇ ਕੋਈ ਰਾਹ ਨਾ ਰਿਹਾ। ਲੈਣੇ ਦੇ ਉਲਟੇ ਦੇਣੇ ਪੈ ਗਏ। ਅਫ਼ਸਰ ਕਹਿਣ ਲੱਗੇ, "ਪਹਿਲਾਂ ਤਾਂ ਤੈਨੂੰ ਨੌਕਰੀ ਤੋਂ ਡਿਸ-ਮਿਸ ਕਰਦੇ ਹਾਂ ਕਿ ਤੂੰ ਇਤਨੇ ਜ਼ਿੰਮੀਦਾਰਾਂ ਤੋਂ ਰਿਸ਼ਵਤ ਲੈ ਕੇ ਪ੍ਰੇਸ਼ਾਨ ਕੀਤਾ ਹੈ।" ਝੂਠ ਕੋਈ ਅਜਿਹੀ ਪੁਸ਼ਾਕ ਨਹੀਂ ਜੋ ਗਲਤੀਆਂ ਛੁਪਾ ਸਕੇ। ਉਸ ਨੇ ਆਪਣੀਆਂ ਪਿੱਛਲੀਆਂ ਗਲਤੀਆਂ ਦੀ ਮੁਆਫ਼ੀ ਮੰਗੀ ਅਤੇ ਜੋ ਜ਼ੁਰਮਾਨਾ ਪਾਣੀ ਤੋੜਣ ਕਰਕੇ ਗੁਰਦੁਆਰੇ ਨੂੰ ਹੋਣਾ ਸੀ ਆਪਣੇ ਪੱਲਿਓਂ ਦੇ ਕੇ ਝਗੜਾ ਨਿਬੇੜਨਾ ਮੰਨ ਲਿਆ। ਅੱਗੇ ਤੋਂ ਨੇਕ ਕਰਮਚਾਰੀ ਹੋਣ ਦਾ ਭਰੋਸਾ ਦਿਵਾਇਆ।

ਪਾਕਿਸਤਾਨ ਬਣਨ ਪਿੱਛੋਂ ਸੰਤ ਤੇਜਾ ਸਿੰਘ ਜੀ ਮਹਾਰਾਜ ਦਾ ਸਤਿਕਾਰ ਹੁੰਦਾ ਵੇਖ ਕੇ, ਬਨਾਰਸ ਦੇ ਦੋ ਸੀ. ਆਈ. ਡੀ. ਆਦਮੀਆਂ ਦੀ ਡਿਊਟੀ ਇਹਨਾਂ 'ਤੇ ਲਾਈ ਗਈ। ਸੰਤ ਜੀ ਦੀ ਬੰਦਗੀ ਦਾ ਅਸਰ

ਸੂਹ ਰੱਖਣ ਆਏ ਬੰਦਿਆਂ ਤੇ ਐਨਾ ਪਿਆ ਕਿ ਇੱਕ ਦਿਨ ਦੋਵੇਂ ਸੰਤ ਜੀ ਪਾਸ ਗਏ ਅਤੇ ਆਪਣੇ ਪਾਉਂਟੇ ਸਾਹਿਬ ਆਉਣ ਦੀ ਸਾਰੀ ਗੱਲ ਦੱਸ ਦਿੱਤੀ। ਇਹ ਦੱਸ ਕੇ ਉਹਨਾਂ ਮੁਆਫ਼ੀ ਮੰਗੀ ਕਿ ਅਸੀਂ ਰੱਬ ਦੇ ਬੰਦਿਆਂ ਦੀ ਸੀ. ਆਈ. ਡੀ. ਕਰਦੇ ਰਹੇ ਹਾਂ। ਸੰਤ ਜੀ ਮਹਾਰਾਜ ਨੇ ਕਿਹਾ, "ਭਾਈ! ਜੇ ਸੱਚੇ ਦਿਲੋਂ ਮਹਿਸੂਸ ਕਰਦੇ ਹੋ ਤਾਂ ਕਰਤਾਰ ਬਖ਼ਸ਼ ਦੇਵੇਗਾ।" ਉਹਨਾਂ ਦੋਵਾਂ ਨੇ ਬੇਨਤੀ ਕਰਕੇ ਅੰਮ੍ਰਿਤ ਛਕਿਆ। ਇਹ ਦੋਵੇਂ ਸਕੇ ਭਰਾ ਸਨ।

ਕੁਝ ਚਿਰ ਪਿੱਛੋਂ ਸੰਤ ਜੀ ਨਾਲ ਦੋਨੋਂ ਹੀ ਨਾਨਕਸਰ ਚੀਮੇਂ ਆ ਗਏ। ਉੱਥੇ ਜਾ ਕੇ ਇਹਨਾਂ ਦੀ ਸੰਗਤ ਬਦਲ ਗਈ ਅਤੇ ਇਹਨਾਂ ਨੂੰ ਸੰਤ ਜੀ ਦੇ ਨਿੰਦਕਾਂ ਨੇ ਵਿਗਾੜ ਦਿੱਤਾ। ਕੁਝ ਲੋਕ ਆਪਣੀ ਚੌਧਰ ਚਮਕਾਉਣ ਲਈ, ਸੰਤ ਜੀ ਨੂੰ ਨਾਨਕਸਰ ਚੀਮੇਂ ਤੋਂ ਕੱਢਣ ਦਾ ਯਤਨ ਕਰਨ ਲੱਗ ਪਏ। ਇਹ ਦੋਨੋਂ ਸੀ. ਆਈ. ਡੀ. ਦੇ ਬੰਦੇ ਵੀ ਉਹਨਾਂ ਦੇ ਨਾਲ ਰਲ਼ ਗਏ। ਕਰਤਾਰ ਦੀ ਖੇਡ ਅਜਿਹੀ ਵਰਤੀ ਕਿ ਸੀ. ਆਈ. ਡੀ. ਦੇ ਰਾਮ ਪ੍ਰਸ਼ਾਦ ਦੀ ਘਰ ਵਾਲੀ ਨੇ ਆਪਣੇ ਪਤੀ ਦਾ ਸੁੱਤੇ ਪਏ ਦਾ ਗੰਡਾਸਾ ਲੈ ਕੇ ਗਲ ਵੱਢ ਦਿੱਤਾ। ਇਹ ਕੌਤਕ ਦੇਖ ਕੇ ਦੂਸਰਾ ਪ੍ਰੇਮੀ ਡਰ ਕੇ ਸੰਤ ਜੀ ਦੀ ਸ਼ਰਨੀ ਆ ਗਿਆ ਅਤੇ ਪਿੱਛਲੇ ਮਾੜੇ ਵਿਚਾਰਾਂ ਦੀ ਖਿਮਾਂ ਮੰਗੀ।

## ਭਾਈ ਅਜੈਬ ਸਿੰਘ

ਪਿੰਡ ਝਮੋਟ ਤੋਂ ਇੱਕ ਭਾਈ ਅਜੈਬ ਸਿੰਘ (ਗਿਆਨੀ) ਨੂੰ ਸੰਤ ਜੀ ਮਹਾਰਾਜ ਨੇ ਗੁਰੂ ਘਰ ਦੀ ਸੇਵਾ ਵਿੱਚ ਲਿਆ ਕੇ ਉਸ ਦਾ ਜੀਵਨ ਸਫ਼ਲ ਕਰਨ ਦਾ ਯਤਨ ਕੀਤਾ। ਇਹ ਪ੍ਰੇਮੀ ਪਾਉਂਟਾ ਸਾਹਿਬ ਚੱਕੀ ਦਾ ਕੰਮ ਕਰਦਾ ਸੀ। ਇਸ ਦੀ ਘਰਵਾਲੀ ਦੀ ਨੀਯਤ ਅਤੇ ਮਾੜੇ ਸੁਭਾਅ ਕਾਰਨ ਕੰਮ ਵਿੱਚ ਘਾਟਾ ਰਹਿੰਦਾ ਸੀ। ਸੰਤ ਜੀ ਦੇ ਕਹਿਣ 'ਤੇ ਚੱਕੀ ਛੱਡ ਕੇ ਚੀਮਾਂ ਆ ਗਿਆ ਅਤੇ ਉੱਥੇ ਭੱਠੇ ਦੀ ਸੇਵਾ ਅਰੰਭ ਦਿੱਤੀ। ਅਖੰਡ ਪਾਠਾਂ ਵਿੱਚ ਵੀ ਪ੍ਰੇਮੀ ਹਿੱਸਾ ਪਾਉਂਦਾ ਸੀ। ਇਸ ਦੀ ਮਿਹਨਤ ਨੂੰ ਫਲ ਲੱਗਿਆ ਅਤੇ ਇਸ ਦੀ ਸੇਵਾ ਮਨਜ਼ੂਰ ਹੋ ਗਈ। ਨਾਨਕਸਰ ਚੀਮੇਂ ਗੁਰਦੁਆਰੇ ਲਈ ਭੱਠੇ ਵਿੱਚ ਲੱਖਾਂ ਇੱਟਾਂ ਤਿਆਰ ਕਰਕੇ ਬਹੁਤ ਵੱਡੀ ਸੇਵਾ ਕੀਤੀ, ਇਹ ਸਭ ਸੰਤ ਜੀ ਦੇ ਬਚਨਾਂ ਦੀ ਬਰਕਤ ਸੀ।

ਉਸਦੀ ਸਿੰਘਣੀ ਉਸਦੇ ਜਾਗ ਰਹੇ ਭਾਗਾਂ ਵਿੱਚ ਰੋੜ ਬਣ ਗਈ। ਉਸ ਨੇ ਪ੍ਰਚਾਰਨਾ ਸ਼ੁਰੂ ਕਰ ਦਿੱਤਾ ਕਿ ਮੇਰਾ ਘਰਵਾਲਾ ਸਭ ਤੋਂ ਵੱਧ ਸੇਵਾ ਕਰਦਾ ਹੈ। ਸਾਨੂੰ ਗੁਰਦੁਆਰੇ ਵਿੱਚ ਖਾਸ ਅਧਿਕਾਰ ਮਿਲਣੇ ਚਾਹੀਦੇ ਹਨ। ਉਸ ਨੇ ਕਈ ਮੰਗਾਂ ਵੀ ਮੰਗਣੀਆਂ ਸ਼ੁਰੂ ਕਰ ਦਿੱਤੀਆਂ। ਦੁੱਧ ਦਾ ਕੋਟਾ ਵੱਧ ਅਤੇ ਘਰ ਦੇ ਖ਼ਰਚ ਲਈ ਪੈਸੇ ਵੀ ਵੱਧ ਮਿਲਣੇ ਚਾਹੀਦੇ ਹਨ।

ਸੰਤ ਜੀ ਨੇ ਸਮਝਾਇਆ ਵਿਤਕਰਾ ਚੰਗਾ ਨਹੀਂ ਹੁੰਦਾ। ਸਭ ਸੇਵਾਦਾਰ ਗੁਰੂ ਘਰ ਵਿੱਚ ਬਰਾਬਰ ਹੁੰਦੇ ਹਨ ਪਰ ਕਲਜੁਗ ਦੇ ਪ੍ਰਭਾਵ ਹੇਠ ਪ੍ਰੇਮਣ ਨੇ ਸੰਤ ਜੀ ਦੀ ਨਿੰਦਿਆ ਕਰਨੀ ਸ਼ੁਰੂ ਕਰ ਦਿੱਤੀ। ਸੰਤ ਜੀ ਸੇਵਾ ਨੂੰ ਮੁੱਖ ਰੱਖ ਕੇ ਚੁੱਪ ਕਰ ਰਹਿੰਦੇ। ਇਸ ਪ੍ਰੇਮਣ ਨੇ ਇਤਨੇ ਮਾੜੇ ਬਚਨ ਕਹਿਣੇ ਸ਼ੁਰੂ ਕਰ ਦਿੱਤੇ ਕਿ ਗਿਆਨੀ ਜੀ ਨੂੰ ਨਾਨਕਸਰ ਚੀਮਾਂ ਛੱਡਣਾ ਪਿਆ।

ਗਿਆਨੀ ਜੀ ਨੇ ਡਿਕਸ਼ਈ ਕਾਰੋਬਾਰ ਸ਼ੁਰੂ ਕੀਤਾ ਪਰ ਉਸ ਵਿੱਚ ਵੀ ਉਸ ਨੂੰ ਲਾਭ ਨਾ ਹੋਇਆ। ਕਰਮਾਂ ਵਿੱਚ ਤਾਂ ਗੁਰੂ ਘਰ ਦੀ ਸੇਵਾ ਲਿਖੀ ਸੀ, ਬੜੂ ਸਾਹਿਬ ਗੁਰਦੁਆਰੇ ਆ ਕੇ ਸੇਵਾ ਕਰਨ ਦੀ ਆਗਿਆ ਮੰਗੀ। ਦੁਬਾਰਾ ਫਿਰ ਭੁੱਲ ਬਖ਼ਸ਼ਾ ਕੇ ਸੇਵਾ 'ਚ ਲੱਗ ਗਏ। ਸੰਤ ਜੀ ਨੇ ਕਿਹਾ, ਸੇਵਾ ਕਰੋ,

ਵਾਹਿਗੁਰੂ ਸਭ ਕੁਝ ਦੇਵੇਗਾ। ਆਪਣੀ ਘਰਵਾਲੀ ਨੂੰ ਨਾਲ ਦੇ ਪਿੰਡ ਮਛੇਰ ਮਕਾਨ ਲੈ ਕੇ ਉੱਥੇ ਰੱਖਣਾ। ਬੜੂ ਪਿੰਡ ਦੀ ਸੰਗਤ ਵਿੱਚ ਨਾ ਲਿਆਉਣਾ। ਗਿਆਨੀ ਜੀ ਨੂੰ ਕੁਝ ਹਿਕਮਤ ਵੀ ਆਉਂਦੀ ਸੀ। ਸੇਵਾ ਕਰਨ ਤੋਂ ਜੋ ਸਮਾਂ ਮਿਲਦਾ, ਦੁਵਾਈ ਬੂਟੀ ਕਰਦੇ। ਇਸ ਤਰ੍ਹਾਂ ਗਿਆਨੀ ਜੀ ਦੀ ਫਿਰ ਮਾਇਕ ਔਕੜ ਦੂਰ ਹੋ ਗਈ ਤੇ ਘਰ ਵਿੱਚ ਅਨੰਦ ਬਣਿਆ ਰਹਿੰਦਾ। ਗਿਆਨੀ ਜੀ ਨੇ ਬੜੂ ਸਾਹਿਬ ਦੇ ਰਾਹ ਠੀਕ ਕਰਨ ਵਿੱਚ ਬਹੁਤ ਪ੍ਰੇਮ ਨਾਲ ਸੇਵਾ ਕੀਤੀ। ਹੁਣ ਇਹ ਚੜ੍ਹਾਈ ਕਰ ਗਏ ਹਨ।

## ਸੇਵਾ ਵਿੱਚ ਹਿੱਸਾ ਪਾਉਣਾ ਚਾਹੀਦਾ ਹੈ

ਅਮਰੀਕਾ ਤੋਂ ਸੰਤ ਜੀ ਮਹਾਰਾਜ ਦੇ ਦਰਸ਼ਨ ਕਰਨ ਆਈ ਇਕ ਲੜਕੀ ਨੇ ਦੱਸਿਆ ਕਿ ਸੰਤ ਜੀ ਨੇ ਅਮਰੀਕਾ ਵਿੱਚ ਦੀਵਾਨ ਲਾਇਆ ਸੀ, ਸੰਤਾਂ ਨੇ ਉੱਥੋਂ ਦੇ ਗੁਰਦੁਆਰੇ ਦੀ ਉਗਰਾਹੀ ਲਈ ਮਾਇਆ ਦੀ ਅਪੀਲ ਕੀਤੀ। ਆਪਣੀ-ਆਪਣੀ ਸ਼ਰਧਾ ਤੇ ਸਮਰਥਾ ਅਨੁਸਾਰ ਲੋਕ ਉਗਰਾਹੀ ਦੇਣ ਲੱਗ ਪਏ। ਇੱਕ ਭਾਈ ਉਗਰਾਹੀ ਤੋਂ ਬਚਣ ਲਈ ਅੰਗੂਰਾਂ ਦੀ ਵੇਲ ਹੇਠਾਂ ਜਾ ਬੈਠਾ। ਦੀਵਾਨ ਦੀ ਸਮਾਪਤੀ ਪਿੱਛੋਂ ਸੰਤ ਜੀ ਉੱਥੇ ਗਏ ਅਤੇ ਕਿਹਾ, "ਭਾਈ! ਤੂੰ ਤਾਂ ਭਾਗਵਾਨ ਸੀ, ਆਪਣੇ ਕਰਮ ਆਪੇ ਹੀ ਖ਼ਰਾਬ ਕਰ ਲਏ।" ਹੁਣ ਉਹ ਗ਼ਰੀਬ ਹੋ ਗਿਆ। ਲੜਕੀ ਦਾ ਵਿਸ਼ਵਾਸ ਸੀ ਕਿ ਸੇਵਾ ਦੇ ਸਮੇਂ ਹਿੰਮਤ ਹੁੰਦਿਆਂ ਹੋਇਆਂ ਪਿੱਛੇ ਹਟਣ ਕਰਕੇ ਉਸ ਨੂੰ ਸਜ਼ਾ ਮਿਲੀ ਹੈ। ਸੰਤ ਜੀ ਮਹਾਰਾਜ ਜੇ ਕਿਸੇ ਨੂੰ ਸੇਵਾ ਦੇ ਸਮਰੱਥ ਦੇਖ ਦੇ ਤਾਂ ਬਿਨਾਂ ਝਿਜਕ ਉਸ ਨੂੰ ਸੇਵਾ ਕਰਨ ਲਈ ਕਹਿੰਦੇ। ਕਰਨਲ ਮਿੱਤ ਸਿੰਘ ਨੇ ਸੇਵਾ ਨਾ ਦੇਣ ਦੀ ਮਨ ਵਿੱਚ ਧਾਰ ਲਈ ਸੀ ਪਰ ਸੰਤ ਜੀ ਨੂੰ ਜਦੋਂ ਮਿਲੇ, ਉਹਨਾਂ ਦੇ ਉਪਦੇਸ਼ ਸੁਣ ਕੇ ਮਨ ਪਿਘਲ ਗਿਆ ਅਤੇ ਆਪਣੇ ਵਿੱਤ ਅਨੁਸਾਰ ਸੇਵਾ ਵਿੱਚ ਹਿੱਸਾ ਪਾਇਆ।

## ਇੱਕ ਬੀਬੀ ਦਾ ਵਿਸ਼ਵਾਸ

ਇੱਕ ਆਦਮੀ ਅਫ਼ਰੀਕਾ ਰਹਿੰਦਾ ਸੀ। ਉਸ ਦੀ ਘਰਵਾਲੀ ਬੱਚਾ ਹੋਣ ਪਿੱਛੋਂ ਲੁਧਿਆਣੇ ਆ ਗਈ ਸੀ। ਉਸ ਦੇ ਬੱਚੇ ਨੂੰ ਦੁੱਧ ਨਹੀਂ ਸੀ ਪਚਦਾ। ਡਾਕਟਰਾਂ ਜਵਾਬ ਦੇ ਦਿੱਤਾ। ਉਸ ਆਦਮੀ ਨੇ ਆਪਣੀ ਘਰਵਾਲੀ ਨੂੰ ਕਿਹਾ ਕਿ ਬੱਚੇ ਨੂੰ ਸੰਤ ਜੀ ਪਾਸ ਚੀਮੇਂ ਲੈ ਜਾ। ਜਦ ਉਹ ਇੱਥੇ ਆਏ, ਸੰਤ ਜੀ ਨੇ ਹਾਲ-ਚਾਲ ਪੁੱਛਿਆ। ਬੀਬੀ ਕਹਿਣ ਲੱਗੀ, ਜੀ ਬੱਚਾ ਢਿੱਲਾ ਰਹਿੰਦਾ ਹੈ। ਸੰਤ ਜੀ ਨੇ ਹੱਸ ਕੇ ਕਿਹਾ, "ਭਾਈ! ਇਹ ਚੰਗਾ-ਭਲਾ ਹੈ।" ਬੀਬੀ ਨੇ ਝੱਟ ਕਿਹਾ, "ਹਾਂ ਜੀ ਤੁਸੀਂ ਕਹਿ ਦਿੱਤਾ, ਹੁਣ ਠੀਕ-ਠਾਕ ਹੈ।" ਸੰਤ ਜੀ ਨੇ ਫਿਰ ਪੁੱਛਿਆ ਕਿ ਕੀ ਤਕਲੀਫ਼ ਸੀ ਤਾਂ ਉੱਤਰ ਮਿਲਿਆ, "ਦੁੱਧ ਨਹੀਂ ਪਚਦਾ।" ਸੰਤ ਜੀ ਨੇ ਦੁੱਧ ਮੰਗਵਾਇਆ ਤੇ ਆਪਣੇ ਸਾਹਮਣੇ ਪਿਲਾ ਦਿੱਤਾ। ਬੱਚਾ ਬਿਲਕੁਲ ਤੰਦਰੁਸਤ ਰਿਹਾ। ਜਦ ਉਹ ਬੱਚਾ ੧੨ ਸਾਲ ਦਾ ਹੋਇਆ ਤਾਂ ਉਸ ਦੇ ਪਿਤਾ ਜੀ ਫੇਰ ਅਫ਼ਰੀਕਾ ਤੋਂ ਸੰਤ ਜੀ ਦੇ ਦਰਸ਼ਨ ਕਰਨ ਆਏ।

# ਕਾਂਡ ੩੫

ਬ੍ਰਹਮ ਗਿਆਨੀ ਸਭ ਸ੍ਰਿਸਟਿ ਕਾ ਕਰਤਾ ॥
ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ ॥
ਬ੍ਰਹਮ ਗਿਆਨੀ ਮੁਕਤਿ ਜੁਗਤਿ ਜੀਅ ਕਾ ਦਾਤਾ ॥
ਬ੍ਰਹਮ ਗਿਆਨੀ ਪੂਰਨ ਪੁਰਖੁ ਬਿਧਾਤਾ ॥
ਬ੍ਰਹਮ ਗਿਆਨੀ ਅਨਾਥ ਕਾ ਨਾਥੁ ॥
ਬ੍ਰਹਮ ਗਿਆਨੀ ਕਾ ਸਭ ਊਪਰਿ ਹਾਥੁ ॥
ਬ੍ਰਹਮ ਗਿਆਨੀ ਕਾ ਸਗਲ ਅਕਾਰੁ ॥
ਬ੍ਰਹਮ ਗਿਆਨੀ ਆਪਿ ਨਿਰੰਕਾਰੁ ॥
ਬ੍ਰਹਮ ਗਿਆਨੀ ਕੀ ਸੋਭਾ ਬ੍ਰਹਮ ਗਿਆਨੀ ਬਨੀ ॥
ਨਾਨਕ ਬ੍ਰਹਮ ਗਿਆਨੀ ਸਰਬ ਕਾ ਧਨੀ ॥੮॥੮॥ (੨੭੩)

## ਜੋਤੀ-ਜੋਤ ਸਮਾਉਣਾ

ਸੰਤ ਜੀ ਮਹਾਰਾਜ ਨੇ ਧਰਤੀ ਦਾ ਭਾਰ ਹੌਲਾ ਕਰਨ ਲਈ ਆਪਣੇ ਸਰੀਰ 'ਤੇ ਬਿਮਾਰੀ ਦੇ ਰੂਪ ਵਿੱਚ ਕਸ਼ਟ ਲਿਆ। ਡਾਕਟਰਾਂ ਨੂੰ ਅਤੇ ਸੰਸਾਰੀ ਪ੍ਰੇਮੀਆਂ ਨੂੰ ਬੜੇ ਬਿਮਾਰ ਦਿਖਾਈ ਦਿੰਦੇ ਸਨ ਪਰ ਉਹਨਾਂ ਦੀ ਸੁਰਤੀ ਹਰ ਵੇਲੇ ਅੰਤਰ-ਆਤਮੇ ਅਕਾਲ ਪੁਰਖ ਦੇ ਚਰਨਾਂ ਵਿੱਚ ਚੁਭੀ ਰਹਿੰਦੀ ਸੀ। ਸੰਤ ਜੀ ਇਲਾਹੀ-ਰੰਗ ਵਿੱਚ ਸਰੀਰ ਤੋਂ ਪਰੇ ਹੋ ਕੇ ਰਹਿੰਦੇ ਸਨ। ਇਕ ਦਫਾ ਡਾ: ਅਮਰਜੀਤ ਸਿੰਘ, ਪ੍ਰਿੰਸੀਪਲ ਮੈਡੀਕਲ ਕਾਲਜ ਪਟਿਆਲਾ ਵਾਲਿਆਂ ਨੇ ਨਾਨਕਸਰ ਚੀਮਾਂ ਆ ਕੇ ਸੰਤ ਜੀ ਮਹਾਰਾਜ ਨੂੰ ਦੇਖ ਕੇ ਕਿਹਾ ਕਿ ਇਹ ਮੁਸ਼ਕਲ ਹੀ ਰਾਤ ਕੱਟਣਗੇ ਅਤੇ ਮੈਂ ਇਹਨਾਂ ਦੇ ਸਰੀਰ ਵਿੱਚ ਜਾਨ ਕਿਸ ਤਰ੍ਹਾਂ ਪਾ ਸਕਦਾ ਹਾਂ। ਉਸ ਦੇ ਜਾਣ ਤੋਂ ਪਿੱਛੋਂ ਅਗਲੇ ਦਿਨ ਸੰਤ ਜੀ ਨੇ ਨੇਤਰ ਖੋਲ੍ਹੇ ਅਤੇ ਪ੍ਰੇਮੀਆਂ ਦੇ ਦੱਸਣ 'ਤੇ ਕਿਹਾ ਕਿ ਡਾਕਟਰਾਂ ਨੂੰ ਇਸ ਬਿਮਾਰੀ ਦਾ ਕੀ ਪਤਾ ਲੱਗ ਸਕਦਾ ਹੈ। ਇਸ ਪਿੱਛੋਂ ਸੰਤ ਜੀ ਡੇਢ ਸਾਲ ਰਹੇ ਅਤੇ ਸੰਤ ਅਤਰ ਸਿੰਘ ਜੀ ਮਹਾਰਾਜ ਦੇ ਜਨਮ ਅਸਥਾਨ ਦੀ ਸੇਵਾ ਕਰਵਾਉਂਦੇ ਰਹੇ। ਇਸ ਤੋਂ ਬਾਅਦ ਸੰਤ ਜੀ ਦੀ ਸਿਹਤ ਕਾਫ਼ੀ ਕਮਜ਼ੋਰ ਹੋ ਗਈ ਸੀ। ਸੰਤ ਜੀ ਨੂੰ ਪਟਿਆਲੇ ਹਸਪਤਾਲ ਦਾਖ਼ਲ ਕਰਵਾ ਦਿੱਤਾ ਗਿਆ। ਕੁਝ ਠੀਕ ਹੋਣ ਪਿੱਛੋਂ ਸੰਤਾਂ ਨੇ ਪ੍ਰੇਮੀਆਂ ਨੂੰ ਪਾਉਂਟਾ ਸਾਹਿਬ ਲੈ ਜਾਣ ਦਾ ਹੁਕਮ ਕੀਤਾ। ਇੱਥੇ ਆ ਕੇ ਸੰਤ ਜੀ ਫਿਰ ਢਿੱਲੇ ਹੋ ਗਏ। ਇਹ ਖ਼ਬਰ ਸਾਰੀਆਂ ਸੰਗਤਾਂ ਪਾਸ ਪਹੁੰਚ ਗਈ ਅਤੇ ਚਿੰਤਾ ਦਾ ਕਾਰਨ ਬਣ ਗਈ ਕਿ ਸੰਤ ਜੀ ਹੁਣ ਚੀਮੇਂ ਨਹੀਂ ਆਉਣਗੇ। ਇਸੇ ਸਿਲਸਿਲੇ ਵਿੱਚ ਭਾਈ ਜੰਗ ਸਿੰਘ, ਭਾਈ ਚੰਦ ਸਿੰਘ ਤੇ ਕਈ ਹੋਰ ਪ੍ਰੇਮੀ ਸੰਤਾਂ ਪਾਸ ਪਾਉਂਟੇ ਸਾਹਿਬ ਪਹੁੰਚੇ ਅਤੇ ਨਿਮਰਤਾ ਸਹਿਤ ਨਾਨਕਸਰ ਚੀਮੇਂ ਦੀ ਵਿੱਥਿਆ ਸੁਣਾਈ। ਅੰਤਰਜਾਮੀ ਸੰਤ ਜੀ ਨੇ ਸੰਗਤਾਂ ਦੇ ਮਨ ਦੀ ਗੱਲ ਸਮਝ ਕੇ ਉਸੇ ਹਾਲਤ ਵਿੱਚ ਹੀ

ਚੀਮੇਂ ਚੱਲਣ ਦੀ ਤਿਆਰੀ ਕਰ ਲਈ ਅਤੇ ਕਾਰ ਰਾਹੀਂ ਨਾਨਕਸਰ ਚੀਮੇਂ ਪਹੁੰਚ ਗਏ। ਹਾਲਾਂ ਕਿ ਚੱਲਣ ਤੋਂ ਪਹਿਲਾਂ ਡਾਕਟਰ ਨੇ ਰੋਕਿਆ ਵੀ ਸੀ ਕਿ ਦੋ ਸੌ ਮੀਲ ਦਾ ਸਫ਼ਰ ਕਰਨਾ ਤੁਹਾਡੇ ਲਈ ਠੀਕ ਨਹੀਂ ਹੈ। ਸੰਤ ਜੀ ਦਾ ਉੱਤਰ ਸੀ, "ਲੈ ਕੇ ਜਾਣ ਵਾਲੇ ਖਸਮ ਨੇ ਸਾਨੂੰ ਆਪੇ ਹੀ ਲੈ ਜਾਣਾ ਹੈ।"

ਹੌਲੀ-ਹੌਲੀ ਸੰਤ ਜੀ ਬਿਲਕੁਲ ਠੀਕ ਹੋ ਗਏ ਅਤੇ ਆਮ ਵਾਂਗੂ ਸੰਗਤਾਂ ਵਿੱਚ ਵਿਚਰਨ ਲੱਗੇ। ਲੋੜ ਅਨੁਸਾਰ ਦੂਰ ਨੇੜੇ ਦਾ ਸਫ਼ਰ ਆਪਣੀ ਮੋਟਰ-ਕਾਰ ਵਿੱਚ ਕਰਦੇ ਅਤੇ ਸਵੇਰ-ਸ਼ਾਮ ਦੀ ਸੈਰ ਵੇਲੇ ਆਪਣੇ ਆਸੇ-ਪਾਸੇ ਦੇ ਸੇਵਕਾਂ ਦੇ ਮੋਢਿਆਂ 'ਤੇ ਹੱਥ ਧਰ ਕੇ ਕਰੀਬ ਅੱਧਾ ਘੰਟਾ ਟਹਿਲਦੇ ਰਹਿੰਦੇ। ਪਹਿਲਾਂ ਵਾਂਗ ਹੀ ਦੀਵਾਨ ਵਿੱਚ ਹਾਜ਼ਰੀ ਭਰਦੇ। ਉਹਨਾਂ ਦੀ ਕਿਰਿਆ ਵਿੱਚ ਕੋਈ ਖਾਸ ਫ਼ਰਕ ਨਹੀਂ ਸੀ ਆਇਆ। ਸੰਤ ਜੀ ਦਾ ਇੱਕ ਗੋਡਾ ਉੱਠਣ-ਬੈਠਣ ਵਿੱਚ ਖੇਚਲ ਮੰਨਦਾ ਤਾਂ ਆਪ ਜੀ ਧੰਨ ਗੁਰੂ ਨਾਨਕ ਆਖ ਕੇ ਪ੍ਰਸੰਨ ਚਿੱਤ ਹੋ ਜਾਂਦੇ।

ਸੰਤ ਜੀ ਮਹਾਰਾਜ ਦੇ ਸੱਚਖੰਡ ਜਾਣ ਤੋਂ ਕੁੱਝ ਹਫ਼ਤੇ ਪਹਿਲਾਂ ਇੱਕ ਦਿਨ ਬਾਬਾ ਗਿਆਨ ਸਿੰਘ ਰਸੂਲਪੁਰ ਡਾ: ਭਾਈ ਪ੍ਰੀਤਮ ਸਿੰਘ ਜੀ ਪਾਸ ਗਏ ਤੇ ਦੱਸਿਆ ਕਿ ਸੰਤਾਂ ਦੀ ਸਿਹਤ ਹੁਣ ਕੁਝ ਫਿਰ ਵਧੇਰੇ ਖ਼ਰਾਬ ਹੋ ਗਈ ਹੈ। ਕੁਝ ਦਿਨਾਂ ਤੋਂ ਖ਼ੁਰਾਕ ਦਾ ਸੇਵਨ ਵੀ ਨਹੀਂ ਕਰ ਰਹੇ। ਭਾਈ ਪ੍ਰੀਤਮ ਸਿੰਘ ਦੇ ਬੇਨਤੀ ਕਰਨ 'ਤੇ ਪੰਜਾਂ ਸਿੰਘਾਂ (ਭਾਈ ਪ੍ਰੀਤਮ ਸਿੰਘ, ਭਾਈ ਚੰਨਣ ਸਿੰਘ, ਭਾਈ ਸੇਵਾ ਸਿੰਘ ਬਾਬਾ ਗਿਆਨ ਸਿੰਘ ਅਤੇ ਬੀਬੀ ਬਲਦੇਵ ਕੌਰ) ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਚਰਨਾਂ ਵਿੱਚ ਹਾਜ਼ਰ ਹੋ ਅਰਦਾਸ ਕੀਤੀ ਅਤੇ ਹੁਕਮਨਾਮਾ ਲਿਆ। ਇਹਨਾਂ ਦੇ ਮਨ ਵਿੱਚ ਸਮਝ ਲੱਗੀ ਕਿ ਸੰਤ ਜੀ ਮਹਾਰਾਜ ਸਰੀਰ ਛੱਡ ਜਾਣਗੇ। ਅਗਲੇ ਦਿਨ ਭਾਈ ਪ੍ਰੀਤਮ ਸਿੰਘ ਜੀ, ਭਾਈ ਗਿਆਨ ਸਿੰਘ ਜੀ ਨਾਨਕਸਰ ਸੰਤਾਂ ਦੀ ਸੇਵਾ ਵਿੱਚ ਪਹੁੰਚੇ। ਦੁਪਹਿਰ ਦਾ ਵੇਲਾ ਸੀ। ਸੰਤ ਜੀ ਮਹਾਰਾਜ ਵੱਡੇ ਕਮਰੇ ਵਿੱਚ ਮੰਜੇ 'ਤੇ ਅਡੋਲ ਸਿੱਧੇ ਲੇਟੇ ਹੋਏ ਸਨ। ਨਮਸਕਾਰ ਕਰ ਅਤੇ ਫ਼ਤਹਿ ਬੁਲਾ ਚਰਨਾਂ ਵਿੱਚ ਬੈਠ ਗਏ। ਭਾਈ ਪ੍ਰੀਤਮ ਸਿੰਘ ਜੀ ਨੇ ਥੋੜ੍ਹੀ ਦੇਰ ਬਾਅਦ ਸੰਤ ਜੀ ਤੋਂ ਆਗਿਆ ਲੈ ਕੇ ਮੈਡੀਕਲ ਚੈੱਕਅੱਪ ਕੀਤਾ। ਨਬਜ਼ ਠੀਕ ਸੀ। ਦਿਲ ਦੀ ਹਰਕਤ ਵੀ ਠੀਕ ਸੀ ਅਤੇ ਬਲੱਡ ਪ੍ਰੈਸ਼ਰ ਵੀ ਠੀਕ ਸੀ ਪਰ ਸਰੀਰ ਵਿੱਚ ਬਹੁਤ ਕਮਜ਼ੋਰੀ ਸੀ ਕਿਉਂਕਿ ਕੋਈ ਦੋ ਹਫ਼ਤੇ ਤੋਂ ਗੁਲੂਕੋਜ਼ ਦਾ ਪਾਣੀ ਅਤੇ ਮੁਸੰਮੀ ਦਾ ਰਸ ਥੋੜ੍ਹਾ ਬਹੁਤ ਲੈਂਦੇ ਸੀ, ਪਰ ਇਸ ਹਾਲਤ ਦੇ ਬਾਵਜੂਦ ਡਾਕਟਰ ਭਾਈ ਪ੍ਰੀਤਮ ਸਿੰਘ ਨੇ ਇੱਕ ਇਲਾਹੀ ਰੰਗ ਨੋਟ ਕੀਤਾ। ਉਹਨਾਂ ਦੇਖਿਆ ਕਿ ਸੰਤ ਜੀ ਮਹਾਰਾਜ ਅਤਿ ਧੀਮੀ ਅਵਾਜ਼ ਨਾਲ ਵਾਹਿਗੁਰੂ ਗੁਰੂ-ਮੰਤਰ ਦਾ ਸੁਵਾਸ-ਗਿਰਾਸ ਸਿਮਰਨ ਲਗਾਤਾਰ ਕਰ ਰਹੇ ਸਨ। ਭਾਈ ਪ੍ਰੀਤਮ ਸਿੰਘ ਜੀ ਨੇ ਸਿਵਲ ਹਸਪਤਾਲ ਸੁਨਾਮ ਦੇ ਡਾਕਟਰ ਜੋ ਸੰਤ ਜੀ ਮਹਾਰਾਜ ਦਾ ਇਲਾਜ਼ ਕਰ ਰਹੇ ਸਨ ਨਾਲ ਵਿਚਾਰ ਵਟਾਂਦਰਾ ਕੀਤਾ ਤੇ ਸਾਰੀ ਸਲਾਹ ਕਰਕੇ ਵਾਪਸ ਚਲੇ ਗਏ। ਕੋਈ ਹਫ਼ਤੇ ਪਿੱਛੋਂ ਭਾਈ ਇਕਬਾਲ ਸਿੰਘ ਜੀ ਫਿਰ ਡਾਕਟਰ ਪ੍ਰੀਤਮ ਸਿੰਘ ਨੂੰ ਉਹਨਾਂ ਦੇ ਹਸਪਤਾਲ ਦਸੂਹੇ ਹੁਸ਼ਿਆਰਪੁਰ ਵਿੱਚ ਮਿਲੇ। ਸੰਤ ਜੀ ਮਹਾਰਾਜ ਦੀ ਸਿਹਤ ਬਾਰੇ ਵਿਚਾਰ ਕੀਤੀ ਅਤੇ ਫੇਰ ਇਹ ਦੋਨੋਂ ਜੀਪ ਵਿੱਚ ਨਾਨਕਸਰ ਰਾਤ ਦੇ ਦਸ ਵਜੇ ਪੁੱਜੇ। ਸਵੇਰੇ ਸੰਤ ਜੀ ਮਹਾਰਾਜ ਦੇ ਦਰਸ਼ਨ ਕੀਤੇ। ਉਹਨਾਂ ਦੀ ਸਿਹਤ ਪਹਿਲਾਂ ਨਾਲੋਂ ਕਿਧਰੇ ਚੰਗੀ ਸੀ। ਪੁੱਛਣ 'ਤੇ ਸੰਤ ਜੀ ਮਹਾਰਾਜ ਨੇ ਪੇਟ 'ਤੇ ਹੱਥ ਰੱਖ ਕੇ ਦੱਸਿਆ ਕਿ ਪੇਟ ਵਿੱਚ ਤਕਲੀਫ਼ ਹੈ। ਇਸ ਪਿੱਛੋਂ ਭਾਈ ਇਕਬਾਲ ਸਿੰਘ ਜੀ ਅੰਬਾਲੇ ਰਸਤੇ ਨਾਹਨ ਚਲੇ ਗਏ ਤੇ ਭਾਈ ਪ੍ਰੀਤਮ ਸਿੰਘ ਜੀ ਰਸੂਲਪੁਰ ਆ ਗਏ। ਜੋਤੀ-ਜੋਤ ਸਮਾਉਣ ਤੋਂ ਇਕ ਹਫ਼ਤਾ ਪਹਿਲਾਂ ਭਾਈ ਹਰਦੀਪ ਸਿੰਘ ਨਾਨਕਸਰ ਚੀਮੇਂ ਸੰਤ ਜੀ ਦੇ ਦਰਸ਼ਨਾਂ ਨੂੰ ਗਿਆ। ਸੰਤ ਜੀ ਦੇ ਕਹਿਣ 'ਤੇ ਭਾਈ ਹਰਦੀਪ ਸਿੰਘ ਸੇਵਾ ਵਿੱਚ

ਹਾਜ਼ਰ ਰਿਹਾ। ਸ਼ਾਮ ਸੋਦਰੁ ਦੀ ਚੌਕੀ ਹੋਈ, ਰਹਿਰਾਸ ਸਾਹਿਬ ਦਾ ਪਾਠ ਕੀਤਾ ਗਿਆ ਤੇ ਆਰਤੀ ਦੇ ਸ਼ਬਦ ਪੜ੍ਹੇ ਗਏ। ਸੰਤ ਜੀ ਨੇ ਕੀਰਤਨ ਸੋਹਿਲੇ ਦਾ ਪਾਠ ਕੀਤਾ ਤੇ ਅਰਾਮ ਕਰਨ ਲਈ ਆਪਣੇ ਆਸਣ 'ਤੇ ਬਿਰਾਜ ਗਏ। ਦੂਸਰਾ ਦਿਨ ਆਇਆ ਅੰਮ੍ਰਿਤ ਵੇਲਾ ਹੋਇਆ ਸੰਤ ਜੀ ਮਹਾਰਾਜ ਨੇ ਇਸ਼ਨਾਨ ਕੀਤਾ, ਨਿੱਤਨੇਮ ਅਨੁਸਾਰ ਅਭਿਆਸ ਵਿੱਚ ਜੁੜ ਗਏ। ਦਿਨ ਚੜ੍ਹਿਆ, ਗੁਰੂ ਦਰਬਾਰ ਵਿੱਚ ਪਹੁੰਚੇ। ਸੰਤ ਜੀ ਮਹਾਰਾਜ ਨੇ ਕਲਗੀਧਰ ਪਿਤਾ ਦੇ ਬਚਨ, "ਕਲਜੁਗ ਮਹਿ ਸਤਿਜੁਗ ਵਰਤਾਓ" ਦੀ ਸੇਵਾ ਵਿੱਚ ਅਰਦਾਸ ਕੀਤੀ ਅਤੇ ਧਰਤੀ ਦੇ ਕਸ਼ਟ ਆਪਣੇ ਸਰੀਰ 'ਤੇ ਲੈ ਲਏ। ਖਾਣਾ-ਪੀਣਾ ਅਤੇ ਬਚਨ-ਬਿਲਾਸ ਨਾਮ-ਮਾਤਰ ਹੀ ਕਰ ਦਿੱਤੇ। ਸੰਤ ਜੀ ਅੰਤਰ-ਧਿਆਨ ਹੋ ਗਏ। ੩ ਜੁਲਾਈ ੧੯੬੫ ਵਾਲੇ ਦਿਨ ਸਵੇਰੇ ਦਸ ਵਜੇ ਇਹਨਾਂ ਦੀ ਜੋਤ, ਜੋਤੀ ਵਿੱਚ ਸਮਾਂ ਗਈ।

**ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ ॥**
**ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥ (੮੪੬)**

ਆਪ ਜੀ ਦੇ ਜੋਤੀ-ਜੋਤ ਸਮਾਉਣ ਦੀ ਖ਼ਬਰ ਸਭ ਥਾਂਵਾਂ 'ਤੇ ਪਹੁੰਚਾ ਦਿੱਤੀ ਗਈ। ਭਾਈ ਇਕਬਾਲ ਸਿੰਘ ਜੀ ਨੇ ਦੱਸਿਆ ਕਿ ਮੈਂ ਸਰਾਂਹ (ਹਿ. ਪ੍ਰ.) ਵਿੱਚ ਸੀ ਉਸ ਵੇਲੇ ਐਸੀ ਵੈਰਾਗ ਦਸ਼ਾ 'ਚੋਂ ਖਿੱਚ ਪਈ ਕਿ ਮੈਂ ਸੰਤਾਂ ਦੇ ਦਰਸ਼ਨ ਹੁਣੇ ਹੀ ਕਰਾਂ। ਮੈਨੂੰ ਟੈਲੀਫੋਨ ਮਿਲਿਆ ਕਿ ਨਾਹਨ ਤਾਰ ਆਈ ਹੈ, ਜਦੋਂ ਮੈਂ ਉਹ ਸੁਣੀ ਤਾਂ ਉਸ ਵੇਲੇ ਸਾਰੀ ਸ੍ਰਿਸ਼ਟੀ ਫ਼ਨਾਹ ਨਜ਼ਰ ਆਈ। ਰਾਤ ਨੂੰ ਹੀ ਕਿਸੇ ਟਰੱਕ ਰਾਹੀਂ ਚੀਮੇਂ ਪਹੁੰਚ ਗਿਆ। ਜਦ ਸੰਤ ਜੀ ਨੂੰ ਇਸ਼ਨਾਨ ਕਰਾ ਰਹੇ ਸਨ ਤਾਂ ਦਾਸ ਨੇ ਵੀ ਯਤਨ ਕੀਤਾ ਪਰ ਉਹਨਾਂ ਦੇ ਵਿਛੋੜੇ ਨੂੰ ਸਹਿ ਨਾ ਸਕਿਆ, ਉਹ ਮੇਰੇ ਲਈ ਸਭ ਤੋਂ ਉੱਤਮ ਸਨ। ਦਾਸ ਕੰਧ ਨਾਲ ਪਿੱਠ ਜੋੜ ਕੇ ਡੂੰਘੇ ਵੈਰਾਗ ਵਿੱਚ ਬੈਠ ਗਿਆ ਤਾਂ ਸੰਤ ਜੀ ਨੇ ਸਾਖਸ਼ਾਤ ਦਰਸ਼ਨ ਦਿੱਤੇ ਤੇ ਘੂਰ ਕੇ ਕਿਹਾ, "ਤੂੰ ਸਾਨੂੰ ਅਜੇ ਵੀ ਸਰੀਰ ਦਾ ਖਰੜਾ ਸਮਝਦਾ ਹੈਂ? ਅਸੀਂ ਤਾਂ ਸ਼ਬਦ ਰੂਪ ਹਾਂ।" ਫਿਰ ਮੇਰੇ ਮਨ ਨੂੰ ਪੂਰਨ ਵਿਸ਼ਵਾਸ ਹੋ ਗਿਆ ਕਿ ਉਹ ਸਰਬ-ਵਿਆਪੀ ਸ਼ਬਦ-ਰੂਪ ਹਨ। ਸੰਤ ਜੀ ਮਹਾਰਾਜ ਦੇ ਸਰੀਰ ਦੇ ਅੰਤਮ ਦਰਸ਼ਨਾਂ ਲਈ ਹਰ ਪਾਸੇ ਤੋਂ ਸ਼ਰਧਾਲੂਆਂ ਦੀ ਭੀੜ ਚੱਲੀ ਆਉਂਦੀ ਸੀ। ਸੰਗਤਾਂ ਬੜੇ ਕੀਮਤੀ ਦੁਸ਼ਾਲੇ ਸੰਤ ਜੀ 'ਤੇ ਪਾਉਣ ਲਈ ਲਿਆਈਆਂ। ਨਗਰ ਪੰਚਾਇਤ ਵੱਲੋਂ ਬਹੁਤ ਕੀਮਤੀ ਦੁਸ਼ਾਲਾ ਅਤੇ ਸੰਗਤਾਂ ਵੱਲੋਂ ਚੰਦਨ ਤੇ ਕੇਸਰ ਵਗੈਰਾ ਸਮੱਗਰੀ ਦਾ ਪ੍ਰਬੰਧ ਕੀਤਾ ਗਿਆ। ਸੰਤ ਦਾ ਇਸ਼ਨਾਨ ਕਰਵਾਉਣ ਪਿੱਛੋਂ ਸੰਗਤਾਂ ਨੇ ਬੜੇ ਪ੍ਰੇਮ-ਸਤਿਕਾਰ ਨਾਲ ਬਬਾਨ ਸਜਾਇਆ। ਉਹਨਾਂ ਦਾ ਪਲੰਘ ਬਹੁਤ ਸਾਰੇ ਦੁਸ਼ਾਲੇ, ਬੇਅੰਤ ਸੋਹਣੇ ਬਸਤਰ ਅਤੇ ਫੁੱਲਾਂ ਨਾਲ ਲੱਦਿਆ ਹੋਇਆ ਸੀ। ਬੈਲ ਗੱਡੀ ਉੱਪਰ ਰੱਖ ਕੇ ਸੰਗਤਾਂ ਨੇ ਆਪਣੇ ਹੱਥਾਂ ਨਾਲ ਗੱਡੀ ਨੂੰ ਖਿੱਚਣਾ ਸ਼ੁਰੂ ਕੀਤਾ ਤਾਂ ਅੱਗੇ-ਅੱਗੇ ਜਥਾ ਕੀਰਤਨ ਕਰਦਾ ਚੱਲ ਰਿਹਾ ਸੀ। ਜਨਮ ਅਸਥਾਨ 'ਤੇ ਪਹੁੰਚ ਕੇ ਸਾਰੀਆਂ ਸੰਗਤਾਂ ਨੇ ਮੱਥਾ ਟੇਕਿਆ ਫਿਰ ਵਾਪਸ ਨਾਨਕਸਰ ਚੀਮੇਂ ਪਹੁੰਚੇ। ਰਸਤੇ ਵਿੱਚ ਤਿਲ ਸੁੱਟਣ ਨੂੰ ਥਾਂ ਨਹੀਂ ਸੀ, ਸੰਗਤਾਂ ਨੇ ਬਹੁਤ ਸਤਿਕਾਰ ਕੀਤਾ ਫਿਰ ਕੋਠੀ ਦੇ ਸਾਹਮਣੇ ਜਿਥੇ ਉਹਨਾਂ ਦਾ ਪਲੰਘ ਨਿੰਮ ਹੇਠਾਂ ਹੁੰਦਾ ਸੀ, ਉਸੇ ਥਾਂ 'ਤੇ ਬਬਾਨ ਲਿਆਂਦਾ ਗਿਆ ਤੇ ਸਸਕਾਰ ਕਰ ਦਿੱਤਾ। ਸ਼ਬਦ-ਕੀਰਤਨ ਦੀ ਸਮਾਪਤੀ ਹੋਈ ਅਤੇ ਕੀਰਤਨ ਸੋਹਿਲੇ ਦਾ ਪਾਠ ਕਰਕੇ ਅਰਦਾਸ ਕੀਤੀ ਗਈ ਤੇ ਕੜਾਹ ਪ੍ਰਸ਼ਾਦ ਦੀ ਦੇਗ ਵਰਤਾਈ ਗਈ। ਤੀਸਰੇ ਦਿਨ ਵਿਭੂਤੀ ਇਕੱਠੀ ਕਰਕੇ ਚਾਰ ਮਿੱਟੀ ਦੇ ਘੜਿਆਂ ਵਿੱਚ ਪਾ ਕੇ ਅੰਗੀਠੇ ਵਾਲੀ ਥਾਂ 'ਤੇ ਟੋਆ ਪੁੱਟ ਕੇ ਦਬਾ ਦਿੱਤੀ। ਸੰਤ ਜੀ ਮਹਾਰਾਜ ਦੇ ਨਮਿਤ ਰੱਖੇ ਗਏ ਦੋ ਅਖੰਡ ਪਾਠਾਂ ਦਾ ਭੋਗ ਸ਼ੁੱਕਰਵਾਰ ੧੬ ਜੁਲਾਈ, ੧੯੬੫ ਈਸਵੀ ਨੂੰ ਦੋ ਵਜੇ ਪਾਇਆ ਗਿਆ। ਇਸ ਦਿਨ ਬੇਅੰਤ ਸੰਗਤਾਂ

ਇਕੱਤਰ ਹੋਈਆਂ, ਜਿੰਨਾਂ ਵਿੱਚ ਸੰਤ ਬਾਬਾ ਹਰਨਾਮ ਸਿੰਘ ਜੀ ਰਾਮਪੁਰ ਜ਼ਿਲ੍ਹਾ ਹੁਸ਼ਿਆਰਪੁਰ ਵਾਲੇ, ਸੰਤ ਗਿਆਨੀ ਨਿਰੰਜਨ ਸਿੰਘ ਪਟਿਆਲੇ ਵਾਲੇ, ਸੰਤ ਬਾਬਾ ਭਗਾਵਨ ਸਿੰਘ ਜੀ ਰੇਰੂ ਸਾਹਿਬ ਵਾਲੇ, ਬਾਬਾ ਫਤਹਿ ਸਿੰਘ ਜੀ ਪ੍ਰਧਾਨ, ਸ਼੍ਰੋਮਣੀ ਅਕਾਲੀ ਦਲ ਅਤੇ ਹੋਰ ਮਹਾਂਪੁਰਖ ਵੀ ਆਏ ਹੋਏ ਸਨ। ਅਖੰਡ ਪਾਠਾਂ ਦਾ ਭੋਗ ਪਾਇਆ, ਅਰਦਾਸ ਹੋਈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚੋਂ ਹੁਕਮਨਾਮੇ ਦੇ ਇਹ ਸ਼ਬਦ ਆਏ।

ਧਨਾਸਰੀ ਮਹਲਾ ੫ ॥


ਤੁਮ ਦਾਤੇ ਠਾਕੁਰ ਪ੍ਰਤਿਪਾਲਕ ਨਾਇਕ ਖਸਮ ਹਮਾਰੇ ॥
ਨਿਮਖ ਨਿਮਖ ਤੁਮ ਹੀ ਪ੍ਰਤਿਪਾਲਹੁ ਹਮ ਬਾਰਿਕ ਤੁਮਰੇ ਧਾਰੇ ॥੧॥
ਜਿਹਵਾ ਏਕ ਕਵਨ ਗੁਨ ਕਹੀਐ ॥
ਬੇਸੁਮਾਰ ਬੇਅੰਤ ਸੁਆਮੀ ਤੇਰੋ ਅੰਤੁ ਨ ਕਿਨ ਹੀ ਲਹੀਐ ॥੧॥ਰਹਾਉ॥
ਕੋਟਿ ਪਰਾਧ ਹਮਾਰੇ ਖੰਡਹੁ ਅਨਿਕ ਬਿਧੀ ਸਮਝਾਵਹੁ ॥
ਹਮ ਅਗਿਆਨ ਅਲਪ ਮਤਿ ਥੋਰੀ ਤੁਮ ਆਪਨ ਬਿਰਦੁ ਰਖਾਵਹੁ ॥੨॥
ਤੁਮਰੀ ਸਰਣਿ ਤੁਮਾਰੀ ਆਸਾ ਤੁਮ ਹੀ ਸਜਨ ਸੁਹੇਲੇ ॥
ਰਾਖਹੁ ਰਾਖਨਹਾਰ ਦਇਆਲਾ ਨਾਨਕ ਘਰ ਕੇ ਗੋਲੇ ॥੩॥੧੨॥ (੬੭੩)

ਬਿਲਾਵਲੁ ਮਹਲਾ ੫ ॥

ਪਾਣੀ ਪਖਾ ਪੀਸੁ ਦਾਸ ਕੈ ਤਬ ਹੋਹਿ ਨਿਹਾਲੁ ॥
ਰਾਜ ਮਿਲਖ ਸਿਕਦਾਰੀਆ ਅਗਨੀ ਮਹਿ ਜਾਲੁ ॥੧॥
ਸੰਤ ਜਨਾ ਕਾ ਛੋਹਰਾ ਤਿਸੁ ਚਰਣੀ ਲਾਗਿ ॥
ਮਾਇਆਧਾਰੀ ਛਤ੍ਰਪਤਿ ਤਿਨ੍ ਛੋਡਉ ਤਿਆਗਿ ॥੧॥ਰਹਾਉ॥
ਸੰਤਨ ਕਾ ਦਾਨਾ ਰੂਖਾ ਸੋ ਸਰਬ ਨਿਧਾਨ ॥
ਗ੍ਰਿਹਿ ਸਾਕਤ ਛਤੀਹ ਪ੍ਰਕਾਰ ਤੇ ਬਿਖੂ ਸਮਾਨ ॥੨॥
ਭਗਤ ਜਨਾ ਕਾ ਲੂਗਰਾ ਓਢਿ ਨਗਨ ਨ ਹੋਈ ॥
ਸਾਕਤ ਸਿਰਪਾਉ ਰੇਸਮੀ ਪਹਿਰਤ ਪਤਿ ਖੋਈ ॥੩॥
ਸਾਕਤ ਸਿਉ ਮੁਖਿ ਜੋਰਿਐ ਅਧ ਵੀਚਹੁ ਟੂਟੈ ॥
ਹਰਿ ਜਨ ਕੀ ਸੇਵਾ ਜੋ ਕਰੇ ਇਤ ਊਤਹਿ ਛੂਟੈ ॥੪॥
ਸਭ ਕਿਛੁ ਤੁਮ੍ ਹੀ ਤੇ ਹੋਆ ਆਪਿ ਬਣਤ ਬਣਾਈ ॥
ਦਰਸਨੁ ਭੇਟਤ ਸਾਧ ਕਾ ਨਾਨਕ ਗੁਣ ਗਾਈ ॥੫॥੧੪॥੪੪॥ (੮੧੧)

ਉਪਰੰਤ ਸਭ ਮਹਾਂਪੁਰਸ਼ਾਂ ਨੇ ਅਤੇ ਸੰਗਤਾਂ ਨੇ ਸੰਤ ਜੀ ਮਹਾਰਾਜ ਨੂੰ ਸ਼ਰਧਾਜਲੀਆਂ ਭੇਟ ਕੀਤੀਆਂ।

**ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ ॥**
**ਸਚੀ ਦਰਗਹ ਜਾਇ ਸਚਾ ਪਿੜੁ ਮਲਿਆ ॥**
**ਗੁਰਮੁਖਿ ਭੋਜਨੁ ਭਾਉ ਚਾਉ ਅਲਲਿਆ ॥**
**ਗੁਰਮੁਖਿ ਨਿਹਚਲੁ ਚਿਤੁ ਨ ਹਲੈ ਹਲਿਆ ॥**
**ਗੁਰਮੁਖਿ ਸਚੁ ਅਲਾਉ ਭਲੀ ਹੂੰ ਭਲਿਆ ॥**
**ਗੁਰਮੁਖਿ ਸਦੇ ਜਾਨਿ ਆਵਨਿ ਘਲਿਆ ॥੧੪॥ (ਭਾਈ ਗੁਰਦਾਸ ਜੀ, ਵਾਰ ੧੯, ਪਉੜੀ ੧੪)**



ਗੁਰਦੁਆਰਾ ਅੰਗੀਠਾ ਸਾਹਿਬ ਸੰਤ ਤੇਜਾ ਸਿੰਘ ਜੀ ਮਹਾਰਾਜ, ਨਾਨਕਸਰ ਚੀਮਾਂ

# ਕਾਂਡ ੩੯

**ਪਉੜੀ ॥**

**ਸੇਵ ਕੀਤੀ ਸੰਤੋਖੀਈ ਜਿਨ੍ਹੀ ਸਚੋ ਸਚੁ ਧਿਆਇਆ ॥**
**ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ॥**
**ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ ॥**
**ਤੂੰ ਬਖਸੀਸੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ ॥**
**ਵਡਿਆਈ ਵਡਾ ਪਾਇਆ ॥੭॥ (੪੬੬)**

## ਗੁਰਦੁਆਰਾ ਅੰਗੀਠਾ ਸਾਹਿਬ ਦੀ ਸੇਵਾ


ਸੰਤ ਜੀ ਮਹਾਰਾਜ ਦੇ ਅਕਾਲ ਚਲਾਣੇ ਪਿੱਛੋਂ, ੫੦੦ ਸਾਲਾ ਗੁਰੂ ਨਾਨਕ ਪ੍ਰਕਾਸ਼ ਉਤਸਵ ਸਮੇਂ ਉਹਨਾਂ ਦੇ ਅੰਗੀਠੇ ਵਾਲੀ ਥਾਂ ਸਬੰਧੀ ਕੁਝ ਜ਼ਰੂਰੀ ਵਿਚਾਰਾਂ ਕਰਨ ਲਈ ਗੁਰਦੁਆਰਾ ਨਾਨਕਸਰ ਚੀਮਾਂ ਵਿਖੇ ਸੰਗਤਾਂ ਦੀ ਭਾਰੀ ਇਕੱਤਰਤਾ ਹੋਈ। ਸੁਖਮਨੀ ਸਾਹਿਬ ਦਾ ਪਾਠ ਹੋਇਆ ਅਤੇ ਅਰਦਾਸ ਕੀਤੀ ਗਈ। ਸੰਤ ਜੀ ਮਹਾਰਾਜ ਦੇ ਪਿਆਰ ਸਤਿਕਾਰ ਨੂੰ ਮੁੱਖ ਰੱਖ ਕੇ ੪੨×੩੨ ਫੁਟ ਲੰਬਾਈ-ਚੌੜਾਈ ਨਾਲ ਚਾਰ ਦਰਵਾਜਿਆਂ ਵਾਲੇ ਗੁਰਦੁਆਰੇ ਦਾ ਨਕਸ਼ਾ ਸਾਧ-ਸੰਗਤ ਨੇ ਪਾਸ ਕੀਤਾ। ਸੰਗਤਾਂ ਨੇ ਸੇਵਾ ਲਈ ਮਾਇਆ ਦੇ ਗੱਫੇ ਅਰਦਾਸ ਕਰਾਏ। ਗੁਰਦੁਆਰਾ ਅੰਗੀਠਾ ਸਾਹਿਬ ਦੇ ਬਣਾਉਣ ਦੀ ਸੇਵਾ ਸਾਧ-ਸੰਗਤਾਂ ਵੱਲੋਂ ਭਾਈ ਹਰਦੀਪ ਸਿੰਘ ਜੀ ਨੂੰ ਸੌਂਪੀ ਗਈ। ਨਕਸ਼ੇ ਮੁਤਾਬਕ ਨਿਸ਼ਾਨ ਦੇਹੀ ਕੀਤੀ ਗਈ। ਸੰਗਤਾਂ ਨੇ ਨਵੇਂ ਮੰਦਰ ਦੀ ਬੁਨਿਆਦ ਰੱਖਣ ਵਾਲੀ ਥਾਂ ਨੂੰ ਪੂਰਾ ਚੌੜਾ ਤੇ ਪੂਰਾ ਡੂੰਘਾ ਕਰ ਦਿੱਤਾ। ਪੰਜ ਵਾਰ ਮੂਲ ਮੰਤਰ "**ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥ ॥ਜਪੁ॥ ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥**" ਦਾ ਜਾਪ ਕਰਕੇ ਅੰਗੀਠਾ ਸਾਹਿਬ ਦੀ ਬੁਨਿਆਦ ਰੱਖ ਦਿੱਤੀ ਗਈ। ਭਾਈ ਹਰਦੀਪ ਸਿੰਘ ਜੀ ਨੇ ਆਪਣੀ ਚਾਰ ਕਿੱਲੇ ਜ਼ਮੀਨ ਪਿੰਡ ਗਹਿਣੇ ਪਾ ਕੇ ਗਿਆਰਾਂ ਹਜ਼ਾਰ ਦਮੜੇ ਸੇਵਾ ਵਿੱਚ ਹਿੱਸਾ ਪਾਇਆ ਅਤੇ ਆ ਕੇ ਸੇਵਾ ਅਰੰਭ ਕਰਵਾ ਦਿੱਤੀ। ਚੌਗਿਰਦੇ ਅੱਠਮਾਸ ਥਮਲਿਆਂ ਸਮੇਤ ਸਾਰੀਆਂ ਕੰਧਾਂ ਦੀ ਪੂਰੀ ੧੮ ਫੁੱਟ ਉੱਚੀ ਚਿਣਵਾਈ ਮੁਕੰਮਲ ਹੋ ਗਈ। ਛੱਤ ਅਤੇ ਗੁੰਬਦਾਂ ਦਾ ਕੰਮ ਬਾਕੀ ਰਹਿ ਗਿਆ। ਕੁਝ ਕਾਰਨਾਂ ਕਰਕੇ ਭਾਈ ਹਰਦੀਪ ਸਿੰਘ ਜੀ ਨੂੰ ਆਪਣੇ ਪਿੰਡ ਜਾਣਾ ਪਿਆ ਅਤੇ ਸੇਵਾ ਰੁਕ ਗਈ। ਇੱਕ ਦਿਨ ਭਾਈ ਹਰਦੀਪ ਸਿੰਘ ਜੀ ਦੱਸਦੇ ਹਨ ਕਿ ਉਹਨਾਂ ਅੰਮ੍ਰਿਤ ਵੇਲੇ ਇੱਕ ਦ੍ਰਿਸ਼ਟਾਂਤ ਵੇਖਿਆ। ਉਹ ਸਾਥੀ ਤੁਰਿਆ ਜਾ ਰਿਹਾ ਸੀ। ਥੋੜ੍ਹੀ ਦੂਰ 'ਤੇ ਵੇਖਿਆ ਕਿ ਸੰਤ ਜੀ ਮਹਾਰਾਜ ਪਲੰਘ 'ਤੇ ਪਏ ਹਨ। ਉਹਨਾਂ ਜਾ ਕੇ ਮੱਥਾ ਟੇਕਿਆ ਤਾਂ ਵੇਖਿਆ ਕਿ ਸੰਤ ਜੀ ਉੱਪਰ ਧੁੱਪ ਪੈ ਰਹੀ ਸੀ। ਪਾਸ ਕਨਾਤਾਂ ਲੱਗੀਆਂ ਸਨ। ਇਸ ਦ੍ਰਿਸ਼ਟਾਂਤ ਨਾਲ ਭਾਈ ਹਰਦੀਪ ਸਿੰਘ ਜੀ ਨੂੰ ਫਿਰ ਸੇਵਾ ਪੂਰੀ ਕਰਨ ਦੀ ਪ੍ਰੇਰਨਾ ਹੋਈ। ਆਪਣੀ ਛੇ ਕਿੱਲੇ ਜ਼ਮੀਨ ੭੦ ਹਜ਼ਾਰ ਰੁਪਏ ਵਿੱਚ ਵੇਚ ਦਿੱਤੀ। ਘਰ ਦੇ ਸਾਰੇ ਪਸ਼ੂ ਵੀ ਵੇਚ ਦਿੱਤੇ ਅਤੇ ਨਾਨਕਸਰ ਚੀਮਾਂ ਹਾਜ਼ਰ ਹੋ ਕੇ ਸੇਵਾ ਚਲਾ ਦਿੱਤੀ। ਇਸ

ਸੇਵਾ ਵਿੱਚ ਕੁੱਝ ਹਿੱਸਾ ਭਾਈ ਗੁਰਬਖਸ਼ ਸਿੰਘ ਜੀ, ਬੀਬੀ ਇੰਦਰਜੀਤ ਕੌਰ ਜੀ, ਭਾਈ ਦਲੀਪ ਸਿੰਘ ਜੀ (ਪੋਤਾ ਸੰਤ ਜੀ ਮਹਾਰਾਜ) ਅਤੇ ਹੋਰ ਸੰਗਤ ਦੇ ਕੁੱਝ ਪ੍ਰੇਮੀਆਂ ਨੇ ਵੀ ਪਾਇਆ। ਦੋ ਸਾਲ ਦੇ ਅੰਦਰ ਅਕਾਲ ਪੁਰਖ ਦੀ ਮਿਹਰ ਸਦਕਾ ਅੰਗੀਠਾ ਸਾਹਿਬ ਗੁਰਦੁਆਰੇ ਦੀ ਬਿਲਡਿੰਗ ਪੂਰੀ ਤਿਆਰ ਹੋ ਗਈ। ਸੰਤ ਗਿਆਨੀ ਨਿਰੰਜਨ ਸਿੰਘ ਜੀ ਜਦੋਂ ਪਹਿਲੀ ਵਾਰ ਸੰਤ ਜੀ ਮਹਾਰਾਜ ਦੇ ਅੰਗੀਠੇ ਵਾਲੀ ਥਾਂ ਬਣੇ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਨ ਆਏ ਤਾਂ ਬਹੁਤ ਪ੍ਰਸੰਨ ਹੋਏ ਅਤੇ ਕਹਿਣ ਲੱਗੇ ਕਿ ਜਿਸ ਤਰ੍ਹਾਂ ਸੰਤ ਜੀ ਮਹਾਰਾਜ ਪੜ੍ਹੇ-ਲਿਖੇ ਮਹਾਂਪੁਰਸ਼ ਸਨ। ਉਹਨਾਂ ਦੀ ਯਾਦਗਾਰ ਵੀ ਉਸੇ ਤਰ੍ਹਾਂ ਹੀ ਸੁੰਦਰ ਬਣੀ ਹੈ। ਇਹੋ ਬਚਨ ਬਾਬਾ ਇਕਬਾਲ ਸਿੰਘ ਜੀ ਬੜੂ ਸਾਹਿਬ ਵਾਲਿਆਂ ਨੇ ਦਰਸ਼ਨ ਕਰਨ ਸਮੇਂ ਕੀਤੇ। ਸੰਤ ਬਾਬਾ ਮਿੱਠਾ ਸਿੰਘ ਜੀ ਗੁਰੂ ਕਾਂਸ਼ੀ ਦਮਦਮਾ ਸਾਹਿਬ ਬੁੰਗਾ ਮਸਤੂਆਣੇ ਵਾਲੇ ਦਰਸ਼ਨ ਕਰਨ ਆਏ ਤਾਂ ਉਹਨਾਂ ਕਿਹਾ ਕਿ ਜਿਵੇਂ ਸੰਤ ਜੀ ਮਹਾਰਾਜ ਦੀ ਤਾਕਤ ਤੇ ਲਿਆਕਤ ਰਾਜੇ-ਮਹਾਰਾਜੇ ਨਾਲੋਂ ਉੱਚੀ ਸੀ, ਉਹਨਾਂ ਦੀ ਯਾਦਗਾਰ ਵੀ ਪਾਤਸ਼ਾਹੀ ਬਣੀ ਹੈ।

**ਸਲੋਕੁ ਮ: ੩ ॥**

**ਭਗਤ ਜਨਾ ਕੰਉ ਆਪਿ ਤੁਠਾ ਮੇਰਾ ਪਿਆਰਾ ਆਪੇ ਲਇਅਨੁ ਜਨ ਲਾਇ ॥**
**ਪਾਤਿਸਾਹੀ ਭਗਤ ਜਨਾ ਕਉ ਦਿਤੀਅਨੁ ਸਿਰਿ ਛਤੁ ਸਚਾ ਹਰਿ ਬਣਾਇ ॥**
**ਸਦਾ ਸੁਖੀਏ ਨਿਰਮਲੇ ਸਤਿਗੁਰ ਕੀ ਕਾਰ ਕਮਾਇ ॥**
**ਰਾਜੇ ਓਇ ਨ ਆਖੀਅਹਿ ਭਿੜਿ ਮਰਹਿ ਫਿਰਿ ਜੂਨੀ ਪਾਹਿ ॥**
**ਨਾਨਕ ਵਿਣੁ ਨਾਵੈ ਨਕੰੀ ਵਢੰੀ ਫਿਰਹਿ ਸੋਭਾ ਮੂਲਿ ਨ ਪਾਹਿ ॥੧॥ (੫੯●)**

ਗੁਰਦੁਆਰਾ ਅੰਗੀਠਾ ਸਾਹਿਬ ਨਾਨਕਸਰ ਚੀਮਾਂ ਵਿਖੇ ਹਰ ਸਾਲ ਸੰਗਤਾਂ ੧, ੨, ੩ ਜੁਲਾਈ ਨੂੰ ਸੰਤ ਤੇਜਾ ਸਿੰਘ ਜੀ ਮਹਾਰਾਜ ਦੀ ਬਰਸੀ ਬੜੇ ਉਤਸ਼ਾਹ ਨਾਲ ਮਨਾਉਂਦੀਆਂ ਹਨ। ਬੇਅੰਤ ਸੰਗਤਾਂ ਦਰਸ਼ਨ ਅਤੇ ਸੇਵਾ ਕਰਕੇ ਖੁਸ਼ੀਆਂ ਪ੍ਰਾਪਤ ਕਰਦੀਆਂ ਹਨ। ਏਸੇ ਤਰ੍ਹਾਂ ਸੰਤ ਜੀ ਮਹਾਰਾਜ ਦੀ ਬਰਸੀ ੧, ੨, ੩ ਜੁਲਾਈ ਨੂੰ ਬੜੀ ਧੂਮਧਾਮ ਅਤੇ ਸ਼ਰਧਾ ਪ੍ਰੇਮ ਨਾਲ ਗੁਰਦੁਆਰਾ ਬੜੂ ਸਾਹਿਬ ਵੀ ਮਨਾਈ ਜਾਂਦੀ ਹੈ।



ਸੰਤ ਤੇਜਾ ਸਿੰਘ ਜੀ

# ਕਾਂਡ ੩੭

ਮ: ੪ ॥

ਸਾ ਧਰਤੀ ਭਈ ਹਰੀਆਵਲੀ ਜਿਥੈ ਮੇਰਾ ਸਤਿਗੁਰੁ ਬੈਠਾ ਆਇ ॥
ਸੇ ਜੰਤ ਭਏ ਹਰੀਆਵਲੇ ਜਿਨੀ ਮੇਰਾ ਸਤਿਗੁਰੁ ਦੇਖਿਆ ਜਾਇ ॥
ਧਨੁ ਧੰਨੁ ਪਿਤਾ ਧਨੁ ਧੰਨੁ ਕੁਲੁ ਧਨੁ ਧਨੁ ਸੁ ਜਨਨੀ ਜਿਨਿ ਗੁਰੂ ਜਣਿਆ ਮਾਇ ॥
ਧਨੁ ਧੰਨੁ ਗੁਰੂ ਜਿਨਿ ਨਾਮੁ ਅਰਾਧਿਆ ਆਪਿ ਤਰਿਆ ਜਿਨੀ ਡਿਠਾ ਤਿਨਾ ਲਏ ਛਡਾਇ ॥
ਹਰਿ ਸਤਿਗੁਰੁ ਮੇਲਹੁ ਦਇਆ ਕਰਿ ਜਨੁ ਨਾਨਕੁ ਧੋਵੈ ਪਾਇ ॥੨॥ (੩੧੦)

## ਸੰਤ ਅਤਰ ਸਿੰਘ ਹਰੀ ਸਾਧੂ ਆਸ਼ਰਮ

### ਗੁਰਦੁਆਰਾ ਬੜੂ ਸਾਹਿਬ ਹਿਮਾਚਲ ਪ੍ਰਦੇਸ਼

ਸੰਤ ਤੇਜਾ ਸਿੰਘ ਜੀ ਨੇ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਦੇ ਆਸ਼ੇ ਅਨੁਸਾਰ, ਜੋ ਉਹਨਾਂ ਨੂੰ ਸੰਤ ਅਤਰ ਸਿੰਘ ਜੀ ਮਹਾਰਾਜ ਤੋਂ ਪ੍ਰਾਪਤ ਹੋਇਆ, 'ਸੰਤ ਅਤਰ ਸਿੰਘ ਹਰੀ ਸਾਧੂ ਆਸ਼ਰਮ' ਦੀ ਨੀਂਹ ੧੯੫੬ ਈਸਵੀ ਵਿੱਚ ਰੱਖੀ। ਉਹਨਾਂ ਦੇ ਕਥਨ ਅਨੁਸਾਰ ਇਸ ਹਿਮਾਲਿਆ ਪਰਬਤ ਦੇ ਪਵਿੱਤਰ ਅਸਥਾਨ 'ਤੇ ਬਹੁਤ ਸਾਰੇ ਰਿਸ਼ੀਆਂ-ਮੁਨੀਆਂ ਨੇ ਭਜਨ-ਬੰਦਗੀ ਅਤੇ ਤਪ ਕੀਤੇ ਹਨ। ਜਿਸ ਤਰ੍ਹਾਂ ਵਸ਼ਿਸ਼ਟ ਮੁਨੀ ਜੀ, ਗੌਤਮ ਰਿਸ਼ੀ ਜੀ, ਪਾਂਡਵ ਅਤੇ ਸਿੱਧ ਆਦਿ। ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਵੀ ਜਦੋਂ ਨਾਹਨ ਵਿੱਚ ਚਰਨ ਪਾਏ ਤਾਂ ਇਸ ਤਪੋ-ਭੂਮੀ ਨੂੰ ਨਿਵਾਜਿਆ ਅਤੇ ਇਸ ਧਰਤੀ ਨੂੰ ਭਾਗ ਲਾਏ।

ਹਰ ਸਾਲ ਦੀ ਤਰ੍ਹਾਂ ਜਦੋਂ ੧੯੬੦ ਈਸਵੀ ਵਿੱਚ ਬੜੂ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਦਾ ਭੋਗ ਪਾਇਆ ਤਾਂ ਸੰਤ ਜੀ ਮਹਾਰਾਜ ਨੇ ਅਰਦਾਸ ਆਪ ਕੀਤੀ ਅਤੇ ਨੇਤਰਾਂ 'ਚੋਂ ਨੀਰ ਵਹਿੰਦੇ ਅਤਿ ਵੈਰਾਗ ਵਿੱਚ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਚਰਨਾਂ 'ਚ ਬੇਨਤੀ ਕੀਤੀ ਕਿ ਹੇ ਸੱਚੇ ਪਾਤਸ਼ਾਹ! ਆਪ ਜੀ ਨੇ ਨਾਮ-ਬਾਣੀ ਦਾ ਚੱਕਰ ਸਾਰੇ ਸੰਸਾਰ ਵਿੱਚ ਚਲਾਉਣਾ ਹੈ। ਇਸ ਲਈ ਆਪਣੇ ਬਾਲਕਾਂ 'ਤੇ ਆਪ ਹੀ ਮਿਹਰ ਕਰਕੇ ਹਿੰਮਤ ਬਖ਼ਸ਼ੋ ਅਤੇ ਆਪਣਾ ਕਾਰਜ ਆਪ ਹੀ ਪੂਰਾ ਕਰਾਉ। ਪਿੱਛੋਂ ਸੰਤ ਜੀ ਮਹਾਰਾਜ ਨੇ ਸੰਗਤਾਂ ਨੂੰ ਫੁਰਮਾਇਆ ਕਿ ਇਹ ਅਸਥਾਨ ਕਲਜੁਗ ਵਿੱਚ ਬ੍ਰਹਮ ਵਿੱਦਿਆ ਦਾ ਬੜਾ ਭਾਰੀ ਕੇਂਦਰ ਹੋਵੇਗਾ। ਜਿਸ ਤਰ੍ਹਾਂ ਇੱਕ ਛੋਟਾ ਜਿੰਨਾਂ ਬੀਜ ਬੋਹੜ ਦਾ ਵੱਡਾ ਦਰਖ਼ਤ ਬਣਾ ਦਿੰਦਾ ਹੈ, ਇਸੇ ਤਰ੍ਹਾਂ ਇਹ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਤਪੋ-ਭੂਮੀ ਸਾਰੇ ਸੰਸਾਰ ਵਿੱਚ ਨਾਮ-ਬਾਣੀ ਦਾ ਪ੍ਰਵਾਹ ਚਲਾਉਣ ਵਾਸਤੇ ਪੁੰਗਰੇਗੀ। ਇਸ ਅਸਥਾਨ ਤੋਂ ਬੱਚੇ-ਬੱਚੀਆਂ ਦੁਨਿਆਵੀ ਸਿੱਖਿਆ ਪ੍ਰਾਪਤ ਕਰਨ ਦੇ ਨਾਲ-ਨਾਲ ਨਾਮ-ਬਾਣੀ ਕੀਰਤਨ ਅਤੇ ਸੇਵਾ ਦੇ ਸਦਕੇ, ਆਪਣੇ ਜੀਵਨ ਨੂੰ ਗੁਰਬਾਣੀ ਵਿੱਚ ਢਾਲ ਕੇ, ਸਾਰੇ ਸੰਸਾਰ ਵਿੱਚ ਤਪਤ ਹਿਰਦਿਆਂ ਨੂੰ ਆਤਮਿਕ ਠੰਢਕ ਪਹੁੰਚਾਣਗੇ ਤੇ ਤ੍ਰਿਸ਼ਨਾ ਦੀ ਅਗਨ ਵਿੱਚ ਲੁੱਛ ਰਹੀ ਮਾਨਵਤਾ ਨੂੰ ਅਕਾਲ ਪੁਰਖ ਦੇ ਚਰਨਾਂ 'ਚ ਜੋੜ ਕੇ:

**ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ॥**
**ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ ॥ (੮੫੩)**

ਦੇ ਮਹਾਂਵਾਕ ਅਨੁਸਾਰ ਪ੍ਰਭੂ ਕਿਰਪਾ ਦੇ ਪਾਤਰ ਬਣਨ ਵਿੱਚ ਸਹਾਈ ਹੋਣਗੇ।

**ਸੁਣੀ ਅਰਦਾਸਿ ਸੁਆਮੀ ਮੇਰੈ ਸਰਬ ਕਲਾ ਬਣਿ ਆਈ ॥**

**ਪ੍ਰਗਟ ਭਈ ਸਗਲੇ ਜੁਗ ਅੰਤਰਿ ਗੁਰ ਨਾਨਕ ਕੀ ਵਡਿਆਈ ॥ (੬੧੧)**

ਤਪੋ ਅਸਥਾਨ ਬੜੂ ਸਾਹਿਬ ਸਮੁੰਦਰ ਤੱਟ ਤੋਂ ਲਗਭਗ ੧੩●● ਮੀਟਰ ਉਚਾਈ 'ਤੇ ਹੈ, ਇਸ ਧਰਤੀ ਦੇ ਟੁਕੜੇ ਦਾ ਵਾਯੂਮੰਡਲ ਬੜਾ ਹੀ ਸੁੰਦਰ ਅਤੇ ਅਨੁਕੂਲ ਹੈ। ਉੱਚੇ-ਉੱਚੇ ਪਹਾੜਾਂ ਵਿੱਚੋਂ ਠੰਢੇ-ਮਿੱਠੇ ਪਾਣੀ ਦੇ ਚਸ਼ਮੇਂ, ਜਿੰਨਾਂ ਦੇ ਪਾਣੀ ਵਿੱਚ ਕਈ ਸਿਹਤਮੰਦ ਧਾਤੂ ਮਿਲੇ ਹੋਏ ਹਨ, ਲਗਾਤਾਰ ਇੱਕ-ਰਸ ਵਹੀ ਜਾਂਦੇ ਹਨ। ਇਹ ਸੁੰਦਰ ਜਲ (Mineral water) ਨਾ ਕੇਵਲ ਹਾਜ਼ਮੇ ਲਈ ਬੇਹੱਦ ਅਨੁਕੂਲ ਹੈ ਬਲਕਿ ਕਈ ਤਰ੍ਹਾਂ ਦੇ ਰੋਗ ਵੀ ਦੂਰ ਕਰਦਾ ਹੈ।

ਇਹ ਪਵਿੱਤਰ ਅਸਥਾਨ ਸੱਤ ਉੱਚੀਆਂ ਪਹਾੜੀਆਂ ਨਾਲ ਘਿਰਿਆ ਹੋਇਆ ਹੈ। ਇਸ ਦੀਆਂ ਉੱਚੀਆਂ ਸੁੰਦਰ ਹਰੀਆਂ-ਭਰੀਆਂ ਪਹਾੜੀਆਂ, ਥਾਂ-ਥਾਂ ਤੇ ਠੰਢੇ-ਮਿੱਠੇ ਸੁਅਸਥ ਪਾਣੀ ਦੇ ਰਿਮ-ਝਿਮ ਕਰਦੇ ਝਰਨੇ ਵਹਿ ਰਹੇ ਹਨ। ਟੇਢੇ-ਮੇਢੇ ਸੁੰਦਰ ਵਲ ਖਾਂਦੇ ਰਸਤੇ, ਪ੍ਰਾਣੀ ਨੂੰ ਸਹਿਜ-ਸੁਭਾਏ ਹੀ ਇਸ ਦੁਨੀਆਂ ਦੀ ਤਪਤ ਤ੍ਰਿਸ਼ਨਾ ਭੱਠੀ ਤੋਂ ਬਾਹਰ ਕੱਢ, ਸੀਤਲ ਅਤੇ ਆਤਮਿਕ ਸੀਤਲਤਾ ਰਸ-ਭਿੰਨੇ ਠੰਢੇ ਹੁਲਾਰੇ ਦੇ ਜਾਂਦੇ ਹਨ। ਚੌਹੀਂ ਪਾਸੀਂ ਜਿੱਧਰ ਵੀ ਨਿਗਾਹ ਫੇਰੋ, ਕਾਦਰ ਦੀ ਕੁਦਰਤ ਦਾ ਜ਼ਹੂਰ ਨਜ਼ਰ ਆਉਂਦਾ ਹੈ। ਉੱਚੇ-ਉੱਚੇ ਬ੍ਰਿਛ ਇਉਂ ਪ੍ਰਤੀਤ ਹੁੰਦੇ ਹਨ, ਜਿਵੇਂ ਇਸ ਦੇਵ ਭੂਮੀਂ ਦੇ ਆਸੇ-ਪਾਸੇ ਦੇਵਤਿਆਂ ਦੇ ਰੂਪ ਵਿੱਚ ਅਰਸ਼ੀ ਪਹਿਰੇਦਾਰ ਖੜ੍ਹੇ ਹਨ।

ਅੰਮ੍ਰਿਤ ਵੇਲੇ ਦੀ ਚੱਲ ਰਹੀ ਮਧੁਰ-ਮਸਤ, ਸੁੰਦਰ ਪਵਨ ਸੁਤੇ-ਸਿੱਧ ਹੀ ਜਗਿਆਸੂ ਦੀ ਸੁਰਤੀ ਨੂੰ ਅਕਾਲ ਪੁਰਖ ਦੇ ਵਿੱਚ ਜੋੜ ਦਿੰਦੀ ਹੈ। ਸਵੇਰੇ-ਸਵੇਰੇ ਸੂਰਜ ਦੇ ਪਹਿਲੇ ਦਰਸ਼ਨ ਨੀਲੇ ਆਕਾਸ਼ ਵਿੱਚੋਂ ਮਿੱਠੇ-ਮਿੱਠੇ ਲਾਲ ਰੰਗ ਦੀ ਟਿੱਕੀ, ਉਸ ਵਿੱਚੋਂ ਨਿਕਲ ਰਹੀਆਂ ਰੇਸ਼ਮੀ ਤੇ ਸੁਨਹਿਰੀ ਕਿਰਨਾਂ ਦਰਖ਼ਤਾਂ ਦੀ ਛਾਂ ਵਿੱਚੋਂ ਛਿਣ-ਛਿਣ ਕੇ ਜਦੋਂ ਨਾਮ ਸਿਮਰਨ ਵਿੱਚ ਜੁੜੇ ਸਰੀਰ ਉੱਤੇ ਪੈਂਦੀਆਂ ਹਨ ਤਾਂ ਅੱਖਾਂ ਖੁਲਦਿਆਂ ਹੀ, "**ਬਲਿਹਾਰੀ ਕੁਦਰਤਿ ਵਸਿਆ ॥ ਤੇਰਾ ਅੰਤੁ ਨ ਜਾਈ ਲਖਿਆ ॥**" ਮੂੰਹੋਂ ਨਿਕਲਦਾ ਹੈ। ਹਰ ਜ਼ਰੇ-ਜ਼ਰੇ ਵਿੱਚ ਅਕਾਲ ਪੁਰਖ ਦਾ ਜ਼ਹੂਰ ਰਮਿਆ ਪ੍ਰਤੱਖ ਦਿਖਾਈ ਦਿੰਦਾ ਹੈ। ਸਹਿਜ-ਸੁਭਾਏ ਮਨ ਵਿਸਮਾਦ ਵਿੱਚ ਆ ਜਾਂਦਾ ਹੈ ਅਤੇ ਕਾਦਰ ਦੀ ਕੁਦਰਤ ਤੋਂ ਬਲਿਹਾਰ-ਬਲਿਹਾਰ ਹੋ ਜਾਂਦਾ ਹੈ। ਧਰਤ ਪ੍ਰਫੁੱਲਿਤ ਹੁੰਦੀ ਹੈ ਅਤੇ ਮਨ ਵੀ ਖਿੜਿਆ-ਹਰਿਆ ਬਾਗ਼ ਹੋ ਜਾਂਦਾ ਹੈ।

**ਮਉਲੀ ਧਰਤੀ ਮਉਲਿਆ ਅਕਾਸੁ ॥ ਘਟਿ ਘਟਿ ਮਉਲਿਆ ਆਤਮ ਪ੍ਰਗਾਸੁ ॥ (੧੧੯੩)**

ਸੰਤ ਤੇਜਾ ਸਿੰਘ ਜੀ ਦੇ ਤਪੋ-ਭੂਮੀਂ ਬੜੂ ਸਾਹਿਬ ਅਸਥਾਨ ਪ੍ਰਗਟ ਕਰਨ ਦੀ ਵਿਚਾਰ ਉੱਪਰ, ਡਾਕਟਰ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਵੀ ਫੁੱਲ ਚੜ੍ਹਾਏ। ਜਦੋਂ ਦੇਹਰਾਦੂਨ ਵਿੱਚ ਇਸ ਮਸਲੇ ਉੱਪਰ ਵਿਚਾਰ ਹੋਈ ਤਾਂ ਇਹਨਾਂ ਨੇ ਕਿਹਾ ਕਿ ਇਹ ਕਾਰਜ ਜਿਤਨੀ ਜਲਦੀ ਹੋ ਸਕੇ ਸ਼ੁਰੂ ਕਰਨਾ ਚਾਹੀਦਾ ਹੈ, ਤਾਂ ਜੋ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਆਸ਼ਾ ਸਾਰੇ ਸੰਸਾਰ ਵਿੱਚ ਜਲਦੀ ਤੋਂ ਜਲਦੀ ਪ੍ਰਗਟ ਹੋਵੇ। ਇਸ ਆਸ਼ੇ ਨੂੰ ਅੱਗੇ ਚਲਾਉਣ ਲਈ, ਸੰਤ ਤੇਜਾ ਸਿੰਘ ਜੀ ਨੇ 'ਕਲਗੀਧਰ ਟਰਸੱਟ' ਬਣਾਇਆ।

ਸੰਤ ਜੀ ਮਹਾਰਾਜ ਦੀ ਪਾਈ ਲੀਕ ਅਤੇ ਉਹਨਾਂ ਦੇ ਆਸ਼ੇ ਅਨੁਸਾਰ, 'ਸੰਤ ਅਤਰ ਸਿੰਘ ਹਰੀ ਸਾਧੂ ਆਸ਼ਰਮ' ਬੜੂ ਸਾਹਿਬ ਵਿਖੇ ਲੋਕ ਭਲਾਈ ਦੇ ਉਦੇਸ਼ ਨੂੰ ਮੁੱਖ ਰੱਖ ਕੇ ਕਲਗੀਧਰ ਟਰੱਸਟ ਅਧੀਨ ਗੁਰਮਤਿ ਵਿਦਿਆਲਾ, ਅਕਾਲ ਗੁਰਮਤਿ ਸੰਗੀਤ ਕਲਾ ਕੇਂਦਰ, ਯਤੀਮਖਾਨਾ, ਬਿਰਧ ਆਸ਼ਰਮ, ਵਿਧਵਾ ਆਸ਼ਰਮ, ਫ੍ਰੀ ਚੈਰੀਟੇਬਲ ਹਸਪਤਾਲ ਅਤੇ ਅਕਾਲ ਅਕਾਦਮੀ ਦੀਆਂ ਸੇਵਾਵਾਂ ਚੱਲ ਰਹੀਆਂ ਹਨ।

**੧. ਗੁਰਮਤਿ ਵਿਦਿਆਲਾ:** ਇਸ ਵਿਦਿਆਲਾ ਵਿੱਚ ਬੱਚੇ-ਬੱਚੀਆਂ ਗੁਰਮਤਿ-ਗਾਡੀ-ਰਾਹ 'ਤੇ ਚੱਲ ਗੁਰੂ ਸਾਹਿਬ ਦੀਆਂ ਬਖ਼ਸ਼ਿਸ਼ਾਂ ਦੇ ਪਾਤਰ ਬਣਨ ਲਈ ਅੰਮ੍ਰਿਤ ਵੇਲੇ ੧੨:੧੫ ਵਜੇ ਉੱਠ ਕੇ, ਇਸ਼ਨਾਨ-ਪਾਣੀ ਕਰਕੇ ੧੨:੩੦ ਵਜੇ ਦਰਬਾਰ ਸਾਹਿਬ ਪੁੱਜ ਜਾਂਦੇ ਹਨ। ਆਪਣੇ ਦਿਨ ਦੇ ਪ੍ਰੋਗਰਾਮ ਮੁਤਾਬਕ, ਦਰਬਾਰ ਸਾਹਿਬ ਜੋ ਕਿ ੧੨:੩੦ ਤੋਂ ੮:੩੦ ਵਜੇ ਤੱਕ ਸਜਦਾ ਹੈ, ਇਸ ਵਿੱਚ (ਵਾਹਿਗੁਰੂ ਮੰਤਰ ਦਾ ਜਾਪ, ਪੰਜਾਂ ਬਾਣੀਆਂ ਦਾ ਨਿੱਤਨੇਮ, ਸੁਖਮਨੀ ਸਾਹਿਬ, ਆਸਾ ਦੀ ਵਾਰ) ਹਾਜ਼ਰੀ ਭਰ ਕੇ ਦਿਨੇ ਨਾਮ-ਬਾਣੀ, ਸੇਵਾ-ਸਿਮਰਨ 'ਚ ਆਪਣਾ ਜੀਵਨ ਢਾਲ ਰਹੇ ਹਨ। ਇਸ ਦੇ ਨਾਲ ਹੀ ਸ਼ੁੱਧ ਬਾਣੀ ਪੜ੍ਹਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਥਿਆ ਲੈਂਦੇ ਹਨ।

**੨. ਅਕਾਲ ਗੁਰਮਤਿ ਸੰਗੀਤ ਕਲਾ ਕੇਂਦਰ:** ਇਸ ਵਿੱਚ ਗੁਰਮਤਿ ਵਿਦਿਆਲਾ ਦੇ ਬੱਚੇ-ਬੱਚੀਆਂ ਉੱਚ-ਕੋਟੀ ਦੀ ਦੁਨਿਆਵੀ ਵਿੱਦਿਆ ਦੇ ਨਾਲ-ਨਾਲ ਚੰਗੀ ਸੰਗੀਤ ਰਾਗ ਵਿੱਦਿਆ ਗ੍ਰਹਿਣ ਕਰਕੇ ਦੇਸ਼ਾਂ-ਪ੍ਰਦੇਸ਼ਾਂ 'ਚ ਗੁਰਸਿੱਖੀ ਦਾ ਪ੍ਰਚਾਰ ਕਰ ਰਹੇ ਹਨ। ਇਹਨਾਂ ਦੇ ਰਹਿਣ-ਸਹਿਣ, ਖਾਣ-ਪਾਣ ਦਾ ਪ੍ਰਬੰਧ ਆਸ਼ਰਮ ਮੁਫ਼ਤ ਪ੍ਰਦਾਨ ਕਰਦਾ ਹੈ।

**੩. ਯਤੀਮ ਖਾਨਾ:** ਅਨਾਥ ਬੱਚੇ-ਬੱਚੀਆਂ ਭਾਵੇਂ ਕਿਸੇ ਵੀ ਧਰਮ, ਕੌਮ ਜਾਂ ਮਜ਼ਹਬ ਦੇ ਹੋਣ, ਉਹਨਾਂ ਦੀ ਪੂਰੀ ਦੇਖ-ਭਾਲ ਸੁਚੱਜੇ ਢੰਗ ਨਾਲ ਕੀਤੀ ਜਾਂਦੀ ਹੈ।

**੪. ਬਿਰਧ ਆਸ਼ਰਮ:** ਇਸ ਆਸ਼ਰਮ ਵਿੱਚ ਬਜ਼ੁਰਗ, ਮਰਦ ਅਤੇ ਬਿਰਧ ਬੀਬੀਆਂ ਆਪਣਾ ਸਮਾਂ ਦੁਨੀਆਵੀ ਧੰਦਿਆਂ ਦੀ ਬਜਾਏ ਨਾਮ-ਬਾਣੀ ਸਿਮਰਨ ਦੇ ਸਦਕੇ ਗੁਰੂ ਅਮਰਦਾਸ ਜੀ ਮਹਾਰਾਜ ਦੇ **"ਗੁਰਮੁਖਿ ਬੁਢੇ ਕਦੇ ਨਾਹੀ ਜਿਨ੍ਾ ਅੰਤਰਿ ਸੁਰਤਿ ਗਿਆਨੁ ॥" (੧੪੧੮)** ਦੇ ਮਹਾਂਵਾਕ ਅਨੁਸਾਰ ਆਪਣਾ ਜੀਵਨ ਸਫਲ ਕਰ ਰਹੇ ਹਨ।

**੫ ਵਿਧਵਾ ਆਸ਼ਰਮ:** ਵਿਧਵਾ ਆਸ਼ਰਮ ਵਿੱਚ ਵਿਧਵਾ ਬੀਬੀਆਂ ਆ ਕੇ ਆਪਣੇ ਰੋਜ਼ਗਾਰ ਦੇ ਨਾਲ-ਨਾਲ ਨਾਮ-ਬਾਣੀ ਸਿਮਰਨ ਕਰ ਰਹੀਆਂ ਹਨ। ਇਸ ਦੇ ਨਾਲ ਹੀ ਉਹਨਾਂ ਦੇ ਬੱਚਿਆਂ ਨੂੰ ਵੀ ਮੁਫ਼ਤ ਅੰਗਰੇਜ਼ੀ ਮਾਧਿਅਮ (ਮੀਡੀਅਮ) ਵਿੱਚ ਅੱਛੀ ਵਿੱਦਿਆ ਦਿੱਤੀ ਜਾਂਦੀ ਹੈ।

**੬. ਫ੍ਰੀ ਚੈਰੀਟੇਬਲ ਹਸਪਤਾਲ:** ਇਸ ਤਪੋ-ਭੂਮੀ 'ਤੇ ਸੰਤ ਜੀ ਮਹਾਰਾਜ ਦੇ ਆਸ਼ੇ ਅਨੁਸਾਰ ਲੋਕ ਭਲਾਈ ਦਾ ਬਹੁਤ ਵੱਡਾ ਕਾਰਜ ਅਕਾਲ ਚੈਰੀਟੇਬਲ ਹਸਪਤਾਲ ਇਸ ਟਰੱਸਟ ਦੇ ਅਧੀਨ ਚੱਲ ਰਿਹਾ ਹੈ। ਜਿਸ ਵਿੱਚ ਚੰਗੇ ਮਾਹਿਰ ਡਾਕਟਰ ਨਿਸ਼ਕਾਮ ਸੇਵਾ ਕਰ ਰਹੇ ਹਨ। ਦੂਰ-ਦੂਰ ਤੋਂ ਹਰ ਬਿਮਾਰੀ ਦੇ ਮਰੀਜ਼ ਆ ਕੇ ਮੁਫ਼ਤ ਇਲਾਜ਼ ਕਰਵਾਉਣ ਦੇ ਨਾਲ-ਨਾਲ ਗੁਰੂ ਘਰ ਦਾ ਲੰਗਰ ਛਕ ਕੇ ਰੋਗ ਮੁਕਤ ਹੋ ਕੇ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਸ਼ੁਕਰਾਨਾ ਕਰਦੇ ਹਨ।

**੭. ਅਕਾਲ ਅਕਾਦਮੀ:** ਇਸ ਅਕਾਦਮੀ ਵਿੱਚ ਬੱਚੇ-ਬੱਚੀਆਂ ਸਾਰੇ ਭਾਰਤ ਅਤੇ ਹੋਰ ਦੇਸ਼ਾਂ-ਵਿਦੇਸ਼ਾਂ (ਯੂ. ਐਸ. ਏ., ਸਿੰਘਾਪੁਰ, ਹਾਂਗਕਾਂਗ, ਆਸਟਰੇਲੀਆ, ਜਰਮਨੀ, ਥਾਈਲੈਂਡ ਆਦਿ) ਤੋਂ ਨਰਸਰੀ ਤੋਂ ਬਾਹਰਵੀਂ ਇੰਗਲਿਸ਼ ਮੀਡੀਅਮ ਸਕੂਲ ਵਿੱਚ ਦੁਨੀਆਵੀ ਵਿੱਦਿਆ ਹਾਸਿਲ ਕਰਨ ਦੇ ਨਾਲ-ਨਾਲ ਅੰਮ੍ਰਿਤ ਵੇਲੇ ਚਾਰ ਵਜੇ ਉੱਠ ਕੇ ਇਸ਼ਨਾਨ ਪਾਣੀ ਕਰਕੇ, ੪:੩੦ ਤੋਂ ੬:੦੦ ਵਜੇ ਤੱਕ ਛੇਵੀਂ ਤੋਂ ਬਾਹਰਵੀਂ ਜਮਾਤ ਦੇ ਵਿਦਿਆਰਥੀ ਪੰਜ ਬਾਣੀਆਂ ਦਾ ਨਿੱਤਨੇਮ ਅਤੇ ਕੀਰਤਨ ਕਰਦੇ ਹਨ। ੬:੦੦ ਤੋਂ ੮:੩੦ ਵਜੇ ਤੱਕ ਨਰਸਰੀ ਤੋਂ ਪੰਜਵੀ ਜਮਾਤ ਦੇ ਵਿਦਿਆਰਥੀ ਵਾਰੋ-ਵਾਰੀ ਆ ਕ ਨਿੱਤਨੇਮ, ਅੰਮ੍ਰਿਤ ਵੇਲਾ ਸੰਭਾਲ, ਅਧਿਆਤਮਕ ਵਿੱਦਿਆ ਗ੍ਰਹਿਣ ਕਰ ਰਹੇ ਹਨ। ਤਾਂ ਕਿ ਆਪਣਾ ਜੀਵਨ ਨਾਮ-ਬਾਣੀ ਸਿਮਰਨ ਵਿੱਚ ਢਾਲ ਕੇ ਕਲਜੁਗ ਦੀ ਅੱਗ ਵਿੱਚ ਲੁੱਛ ਰਹੀ ਮਾਨਵਤਾ ਨੂੰ 'ਸੱਚ' ਦੇ ਉਪਦੇਸ਼ ਦਾ ਪਾਂਧੀ ਬਣਾਉਣ ਵਿੱਚ ਸਹਾਈ ਹੋ ਸਕਣ।

## ਕਲਗੀਧਰ ਟਰੱਸਟ ਦੀਆਂ ਪ੍ਰਕਾਸ਼ਨਾਵਾਂ

ਸੰਤ ਤੇਜਾ ਸਿੰਘ ਜੀ ਮਹਾਰਾਜ ਨੇ ਸੰਤ ਅਤਰ ਸਿੰਘ ਜੀ ਮਹਾਰਾਜ ਦੀ ਜੀਵਨ ਕਥਾ ਬੜੀ ਵਿਸਥਾਰ ਪੂਰਵਕ ਲਿਖੀ ਹੈ, ਇੱਕ ਪੂਰਨ ਬ੍ਰਹਮ ਗਿਆਨੀ ਦੀ ਜੀਵਨ ਕਥਾ ਇੱਕ ਬ੍ਰਹਮ ਗਿਆਨੀ ਹੀ ਲਿਖ ਸਕਦਾ ਹੈ। ਜਿਸ ਨੂੰ ਪ੍ਰੇਮ ਨਾਲ ਪੜ੍ਹ ਕੇ ਇਲਾਹੀ ਵੈਰਾਗ ਉਤਪੰਨ ਹੁੰਦਾ ਹੈ ਅਤੇ ਗੁਰਮਤਿ ਮਾਰਗ 'ਤੇ ਚੱਲਣ ਲਈ ਬਹੁਤ ਸਹਾਇਤਾ ਮਿਲਦੀ ਹੈ। ਇਸ ਤੋਂ ਇਲਾਵਾ ਸੰਤ ਤੇਜਾ ਸਿੰਘ ਜੀ ਮਹਾਰਾਜ ਨੇ ਜਪੁ ਜੀ ਸਾਹਿਬ ਦਾ ਅੰਗਰੇਜ਼ੀ ਵਿੱਚ ਟੀਕਾ ਕੀਤਾ ਹੈ ਅਤੇ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ 'ਅੰਗਰੇਜ਼ੀ' ਵਿੱਚ ਸੰਖੇਪ ਜੀਵਨ ਵੀ ਲਿਖਿਆ ਹੈ। ਹੁਣ ਕਲਗੀਧਰ ਟਰੱਸਟ ਨੇ ਸੰਤ ਅਤਰ ਸਿੰਘ ਜੀ ਮਹਾਰਾਜ ਅਤੇ ਸੰਤ ਤੇਜਾ ਸਿੰਘ ਜੀ ਮਹਾਰਾਜ ਦੀ ਜੀਵਨ ਕਥਾ ਚੋਣਵੇਂ ਢੰਗ ਵਿੱਚ ਦੋ ਭਾਗਾਂ ਵਿੱਚ ਛਪਾਈ ਹੈ, ਜਿਸ ਦੇ ਨਾਮ ਹਨ: ਭਾਗ ੧ "**ਨਿਰੰਕਾਰ ਕੈ ਦੇਸਿ ਜਾਹਿ ਤ ਸੁਖਿ ਲਹਹਿ ਮਹਲੁ ॥**" **(੫੯੫)** ਅਤੇ ਭਾਗ ੨ "**ਸੇਵਕੁ ਕਉ ਸੇਵਾ ਬਨਿ ਆਈ ॥ ਹੁਕਮ ਬੂਝਿ ਪਰਮ ਪਦ ਪਾਈ ॥**" **(੨੯੨)**

ਇਸ ਤੋਂ ਇਲਾਵਾ ਕਲਗੀਧਰ ਟਰੱਸਟ ਵੱਲੋਂ ਹੋਰ ਪੁਸਤਕਾਂ, ਵਿਸ਼ਵ ਸਦੀਵੀ ਸ਼ਾਂਤੀ ਦਾ ਮਾਰਗ (ਪੰਜਾਬੀ ਅਤੇ ਅੰਗਰੇਜ਼ੀ ਵਿੱਚ), ਸੰਤ ਸੇਵਕ ਜੰਤਰੀ, ਸਿੱਖ ਸਿਧਾਂਤ, ਅਕਾਲ ਅਕਾਦਮੀ ਨਿਊਜ਼ ਲੈਟਰ, ਅਕਾਲ ਅਕਾਦਮੀ ਕਲੈਂਡਰ ਅਤੇ ਗੁਰਬਾਣੀ ਦੇ ਗੁਟਕੇ ਵੀ ਛਾਪੇ ਗਏ ਹਨ।

## ਗੁਰਦੁਆਰਾ ਸਾਹਿਬ ਜਿੰਨਾਂ ਦੀ ਸੇਵਾ ਸੰਭਾਲ ਕਲਗੀਧਰ ਟਰੱਸਟ ਕਰ ਰਿਹਾ ਹੈ:

1. **ਗੁਰਦੁਆਰਾ ਜਨਮ ਅਸਥਾਨ ਸੰਤ ਅਤਰ ਸਿੰਘ ਜੀ ਪਿੰਡ ਚੀਮਾਂ, ਤਹਿਸੀਲ ਸੁਨਾਮ, ਜ਼ਿਲ੍ਹਾ-ਸੰਗਰੂਰ, ਪੰਜਾਬ, ਫੋਨ: 01676-284272, 9815015109, Fax: 2845072**
2. **ਗੁਰਦੁਆਰਾ ਬੜੂ ਸਾਹਿਬ, ਸੰਤ ਅਤਰ ਸਿੰਘ ਹਰੀ ਸਾਧੂ ਆਸ਼ਰਮ, ਵਾਇਆ ਰਾਜਗੜ੍ਹ, ਜ਼ਿਲ੍ਹਾ ਸਿਰਮੌਰ, (H.P), ਫੋਨ: 01799-275031, 91, 9816033303, Fax: 275041**
3. **ਗੁਰਦੁਆਰਾ ਸੰਤ ਕਲੋਨੀ, ਪਾਉਂਟਾ ਸਾਹਿਬ, ਜ਼ਿਲ੍ਹਾ ਸਿਰਮੌਰ, ਹਿਮਾਚਲ ਪ੍ਰਦੇਸ਼, ਫੋਨ: P.P.-951704-22239, 9418086239**
4. **ਗੁਰਦੁਆਰਾ ਰਾਜਗੜ੍ਹ, ਜ਼ਿਲ੍ਹਾ ਸਿਰਮੌਰ, ਹਿਮਾਚਲ ਪ੍ਰਦੇਸ਼, ਫੋਨ: 01799-221012**
5. **ਗੁਰਦੁਆਰਾ ਸੰਤ ਸ਼ਾਹਬੇਗ ਸਿੰਘ ਜੀ ਸੇਵਕ, ਸੰਤ ਅਤਰ ਸਿੰਘ ਜੀ, F-3 ਰਾਜੋਰੀ ਗਾਰਡਨ, ਨਵੀਂ ਦਿੱਲੀ-110027, ਫੋਨ: 011-25105459, 9871379737, 51005459, Fax: 25100982**
6. **ਗੁਰਦੁਆਰਾ ਗੋਮਤੀ, ਪੂਰਨਪੁਰ, ਜ਼ਿਲ੍ਹਾ ਪੀਲੀਭੀਤ, ਯੂ.ਪੀ., ਫੋਨ: 05880-267415, 263231, 09412188424, Fax: 263927**
7. **ਗੁਰਦੁਆਰਾ ਕਜਰੀ, ਤਹਿਸੀਲ ਪੂਰਨਪੁਰ, ਜ਼ਿਲ੍ਹਾ ਪੀਲੀਭੀਤ, ਯੂ.ਪੀ., ਫੋਨ: 05844-277851, Fax: 277847**
8. **ਗੁਰਦੁਆਰਾ ਅਕਾਲ ਅਕਾਦਮੀ ਬਿਲਗਾ, ਜ਼ਿਲ੍ਹਾ ਜਲੰਧਰ, ਪੰਜਾਬ, ਫੋਨ: 01826-245860**
9. **ਗੁਰਦੁਆਰਾ ਢੀਂਡਸਾ, ਤਹਿਸੀਲ ਸਮਰਾਲਾ, ਜ਼ਿਲ੍ਹਾ ਲੁਧਿਆਣਾ, ਪੰਜਾਬ, ਫੋਨ: 01628-215272**
10. **ਗੁਰਦੁਆਰਾ ਤਪੋ ਅਸਥਾਨ ਸੰਤ ਅਤਰ ਸਿੰਘ ਜੀ ਮੰਡੇਰ, ਵਾਇਆ ਬਰੇਟਾ ਮੰਡੀ, ਜ਼ਿਲ੍ਹਾ ਮਾਨਸਾ, ਪੰਜਾਬ, ਫੋਨ: 01652-247095**

# ਅਕਾਲ ਅਕੈਡਮੀਆਂ

| ਹਿਮਾਚਲ ਪ੍ਰਦੇਸ਼ | | ਫੋਨ |
|---|---|---|
| | ਅਕਾਲ ਅਕੈਡਮੀ ਬੜੂ ਸਾਹਿਬ (ਇੰਗਲਿਸ਼ ਮੀਡੀਅਮ) | 01799-275031, 91<br>9816033303<br>Fax. 275041 |
| | ਅਕਾਲ ਅਕੈਡਮੀ ਬੜੂ ਸਾਹਿਬ (ਹਿੰਦੀ ਮੀਡੀਅਮ) | |
| ਪੰਜਾਬ | | |
| | ਅਕਾਲ ਅਕੈਡਮੀ ਮੁਕਤਸਰ | 01633-263026, 263526, |
| | ਅਕਾਲ ਅਕੈਡਮੀ ਚੀਮਾਂ | 01676-284472 |
| | ਅਕਾਲ ਅਕੈਡਮੀ ਚੀਮਾਂ (ਪੰਜਾਬੀ ਮੀਡੀਅਮ) | 01676-284372 |
| | ਅਕਾਲ ਅਕੈਡਮੀ ਭਦੌੜ | 01679-275410, 275680 |
| | ਅਕਾਲ ਅਕੈਡਮੀ ਫਤਿਹਗੜ੍ਹ ਛੰਨਾ | 01764-261143 |
| | ਅਕਾਲ ਅਕੈਡਮੀ ਬਲਵੇੜ੍ਹਾ | 0175-2640204 |
| | ਅਕਾਲ ਅਕੈਡਮੀ ਮੰਡੇਰ | 01652-247096 |
| | ਅਕਾਲ ਅਕੈਡਮੀ ਭਰਿਆਲ ਲਾਹੜੀ | 0186-2264526 |
| | ਅਕਾਲ ਅਕੈਡਮੀ ਬਿਲਗਾ | 01826-245860 |
| | ਅਕਾਲ ਅਕੈਡਮੀ ਢੀਂਡਸਾ | 01628-215272 |
| | ਅਕਾਲ ਅਕੈਡਮੀ ਰੀਠ ਖੇੜੀ | 0175-2690255 |
| | ਅਕਾਲ ਅਕੈਡਮੀ ਕੌੜੀ ਵਾੜਾ | 01639-258250 |
| | ਅਕਾਲ ਅਕੈਡਮੀ ਫਤਿਹਗੜ੍ਹ ਗੰਢੂਆ | 01676-27989 |
| | ਅਕਾਲ ਅਕੈਡਮੀ ਭਾਈ ਦੇਸਾ | 01652-266-096 |
| | ਅਕਾਲ ਅਕੈਡਮੀ ਜੰਡ ਸਾਹਿਬ | 01639-221207, 221208 |
| ਹਰਿਆਣਾ | | |
| | ਰਤਿਆ | 01697-251605 |
| ਉੱਤਰ ਪ੍ਰਦੇਸ਼ | | |
| | ਅਕਾਲ ਅਕੈਡਮੀ ਗੋਮਤੀ ਨਵੋਦਿਆ ਸੁਲਤਾਨਪੁਰ | 05880-267415 |
| | ਅਕਾਲ ਅਕੈਡਮੀ ਕਜਰੀ ਨਿਰੰਜਨਪੁਰ | 05844-277851 |
| ਦਿੱਲੀ | | |
| | ਕੋਚਿੰਗ ਸੈਂਟਰ ਨਵੀਂ ਦਿੱਲੀ | 011-25192332, 25105459<br>Fax.2510-0982 |

# ਬੜੂ ਸਾਹਿਬ ਪਹੁੰਚਣ ਲਈ ਰਸਤੇ
## ਚੰਡੀਗੜ੍ਹ ਤੋਂ ਬੜੂ ਸਾਹਿਬ 135 ਕਿਲੋਮੀਟਰ
## (ਵਾਇਆ ਸੋਲਨ, ਰਾਜਗੜ੍ਹ, ਖੈਰੀ, ਮੜ੍ਹੇਰ)


- ਚੰਡੀਗੜ੍ਹ ਬੱਸ ਅੱਡੇ ਤੋਂ 12:30 ਵਜੇ ਦੁਪਹਿਰ ਪੈਪਸੂ ਰੋਡਵੇਜ਼ ਦੀ ਬੱਸ ਚੱਲ ਕੇ 3:30 ਸੋਲਨ ਅਤੇ ਸ਼ਾਮੀ 7:00 ਵਜੇ ਬੜੂ ਸਾਹਿਬ ਪਹੁੰਚਦੀ ਹੈ।
- ਚੰਡੀਗੜ੍ਹ ਤੋਂ ਸੋਲਨ ਜਾਣ ਲਈ ਆਮ ਬੱਸਾਂ ਮਿਲਦੀਆ ਹਨ।
- ਸੋਲਨ ਤੋਂ ਰਾਜਗੜ੍ਹ ਜਾਣ ਲਈ ਹਰ ਅੱਧੇ ਘੰਟੇ ਬਾਅਦ ਬੱਸ ਮਿਲਦੀ ਹੈ।
- ਸੋਲਨ ਤੋਂ ਆਖਰੀ ਬੱਸ ਰਾਜਗੜ੍ਹ ਵਾਸਤੇ ਸ਼ਾਮੀ 7:30 ਮਿਲਦੀ ਹੈ ਜੋ ਰਾਜਗੜ੍ਹ ਰਾਤ 9:00 ਪਹੁੰਚ ਜਾਂਦੀ ਹੈ।


### ਰਾਜਗੜ੍ਹ ਤੋਂ ਬੜੂ ਸਾਹਿਬ ਲਈ ਬੱਸਾਂ:

- ਸਵੇਰੇ 5:00 ਰਾਜਗੜ੍ਹ ਤੋਂ ਚੱਲ ਕੇ ਮੜ੍ਹੇਰ 7:00 ਵਜੇ ਪਹੁੰਚਦੀ ਹੈ।
- 11:00 ਵਜੇ ਦੁਪਹਿਰ ਚੱਲ ਕੇ 12:15 ਬੜੂ ਸਾਹਿਬ ਪਹੁੰਚਦੀ ਹੈ।
- 12:00 ਦੁਪਹਿਰ ਤੋਂ ਚੱਲ ਕੇ 1:45 ਤੇ ਮੜ੍ਹੇਰ ਪਹੁੰਚਦੀ ਹੈ।
- ਸ਼ਾਮੀ 4:00 ਵਜੇ ਚੱਲ ਕੇ 5:30 ਬੜੂ ਸਾਹਿਬ ਪਹੁੰਚਦੀ ਹੈ।
- ਸ਼ਾਮੀ 5:00 ਵਜੇ ਚੱਲ ਕੇ 6:30 ਖੈਰੀ ਪਹੁੰਚਦੀ ਹੈ।
- ਖੈਰੀ ਤੋਂ ਬੜੂ ਸਾਹਿਬ 5 ਕਿਲੋਮੀਟਰ ਹੈ।

### ਨਾਹਨ ਤੋਂ ਬੜੂ ਸਾਹਿਬ (80 km.):

- ਆਮ ਸ਼ਹਿਰਾਂ ਤੋਂ ਨਾਹਨ (ਜ਼ਿਲ੍ਹਾ ਸਿਰਮੌਰ) ਲਈ ਬੱਸਾਂ ਮਿਲਦੀਆਂ ਹਨ।
- ਨਾਹਨ ਤੋਂ ਸਵੇਰ 6:30 ਵਜੇ ਬੱਸ ਚੱਲ ਕੇ ਦੁਪਹਿਰ 11:00 ਮੜ੍ਹੇਰ ਪਹੁੰਚਦੀ ਹੈ।
- ਨਾਹਨ ਤੋਂ ਦੁਪਹਿਰ 2:00 ਚਜੇ ਬੱਸ ਚੱਲ ਕੇ ਸ਼ਾਮੀ 7:00 ਵਜੇ ਮੜ੍ਹੇਰ ਪਹੁੰਚਦੀ ਹੈ।




ਬਲਿਹਾਰੀ ਕੁਦਰਤਿ ਵਸਿਆ ॥
ਤੇਰਾ ਅੰਤੁ ਨਾ ਜਾਈ ਲਖਿਆ ॥
ਸੰਤ ਅਤਰ ਸਿੰਘ ਜੀ ਹਰੀ ਸਾਧੂ ਆਸ਼੍ਰਮ, ਅਕਾਲ ਅਕੈਡਮੀ, ਗੁਰਦੁਆਰਾ ਬੜੂ ਸਾਹਿਬ